# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਆਨ ਮਜੀਦ ਵਿਚ ਬੰਦਗੀ: ਸਰੂਪ ਅਤੇ ਸਾਧਨਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਫ਼ੈਕਲਟੀ ਆਫ਼

ਸੋਸ਼ਲ ਸਾਇੰਸਿਜ਼ ਅਧੀਨ ਪੀਐਚ.ਡੀ. ਦੀ ਡਿਗਰੀ

ਲਈ ਪ੍ਰਸਤੁਤ ਕੀਤਾ ਗਿਆ

ਖੋਜ-ਪ੍ਰਬੰਧ

2015


ਨਿਗਰਾਨ

ਪ੍ਰੋ. ਹਰਪਾਲ ਸਿੰਘ ਪੰਨੂ

ਡਾ. ਮੁਹੰਮਦ ਹਬੀਬ

ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥੀ

ਸਤਿੰਦਰ ਸਿੰਘ ਰੰਧਾਵਾ


ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ,ਪਟਿਆਲਾ

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸਤਿੰਦਰ ਸਿੰਘ ਰੰਧਾਵਾ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਆਨ ਮਜੀਦ ਵਿਚ ਬੰਦਗੀ: ਸਰੂਪ ਅਤੇ ਸਾਧਨਾ**ਵਿਸ਼ੇ ਉੱਤੇ ਪੀਐਚ.ਡੀ. ਦਾ ਖੋਜ ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਖੋਜਾਰਥੀ ਆਪਣੀ ਮਿਹਨਤ ਸਦਕਾ ਇਹ ਮੌਲਿਕ ਰਚਨਾ ਕੀਤੀ ਹੈ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਇਆ ਮੁਲੰਕਣ ਲਈ ਪੇਸ਼ ਕਰਨ ਦੀ ਸਿਫ਼ਾਰਸ ਕਰਦਾ ਹਾਂ।

ਸਤੰਬਰ 2015

ਪ੍ਰੋ. ਹਰਪਾਲ ਸਿੰਘ ਪੰਨੂ

ਡਾ. ਮੁਹੰਮਦ ਹਬੀਬ

ਧਰਮ ਅਧਿਐਨ ਵਿਭਾਗ

# ਅਧਿਆਇ ਪਹਿਲਾ- ਪਰਿਭਾਸ਼ਾ ਅਤੇ ਪਿੱਠ-ਭੂਮੀ
# (ਕੁਰਆਨ ਮਜੀਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇਸ਼ ਹਵਾਲੇ ਸਹਿਤ)

## ਜਾਣ ਪਛਾਣ

ਕੁਰਆਨ ਮਜੀਦ ਤੋਂ ਲਗਭਗ ਇੱਕ ਹਜ਼ਾਰ ਸਾਲ ਬਾਅਦ *ਧੁਰ ਕੀ ਬਾਣੀ* ਆਉਂਦੀ ਹੈ। ਦੋਹਾਂ ਧਰਮ ਗ੍ਰੰਥਾਂ ਵਿਚ ਸਮੇਂ ਅਤੇ ਸਥਾਨ ਦੇ ਅੰਤਰ ਦੇ ਬਾਵਜੂਦ ਬੰਦਗੀ ਕੇਂਦਰੀ ਵਿਸ਼ਾ ਹੈ। ਬੰਦਗੀ ਦੀ ਪਿੱਠ-ਭੂਮੀ ਦੇ ਵੱਖਰੇ-ਵੱਖਰੇ ਹਾਲਾਤ ਸਨ। ਇਸ ਅਧਿਆਇ ਵਿਚ ਬੰਦਗੀ ਦੀ ਪਰਿਭਾਸ਼ਾ ਅਤੇ ਪਿੱਠ-ਭੂਮੀ ਨੂੰ ਦੋਹਾਂ ਧਰਮ ਗ੍ਰੰਥਾਂ ਨੂੰ ਆਧਾਰ ਬਣਾ ਕੇ ਵੇਖਿਆ ਜਾ ਰਿਹਾ ਹੈ।

## ਬੰਦਗੀ ਦਾ ਸ਼ਾਬਦਿਕ ਅਰਥ ਅਤੇ ਉਦਾਹਰਣ

ਬੰਦਗੀ ਫ਼ਾਰਸੀ ਦਾ ਸ਼ਬਦ ਹੈ।[1] ਫ਼ਾਰਸੀ ਵਿਚ ਬੰਦਗੀ ਦਾ ਸਮਾਨਅਰਥਕ ਸ਼ਬਦ 'ਤਾਅਤ' ਹੈ ਜਿਸਦਾ ਅਰਥ- ਬੰਦਗੀ, ਭਜਨ, ਤਪ, ਇਬਾਦਤ, ਆਗਿਆਕਾਰਤਾ ਹੈ।[2] *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼* ਇਬਾਦਤ ਸ਼ਬਦ ਦੇ ਅਰਥਾਂ ਬਾਰੇ ਦੱਸਦਾ ਹੈ- ਭਜਨ, ਬੰਦਗੀ, ਪ੍ਰਭੂ ਦੇ ਨਾਮ ਦਾ ਜਾਪ- ਅਰਬੀ- ਇਬਾਦਤ, ਬੰਦਗੀ, ਪੂਜਾ। ਅਬਦ, ਪੂਜਾ ਕਰਨਾ, ਅਬਦ ਪੂਜਾ ਕਰਨ ਵਾਲਾ, ਬੰਦਗੀ ਕਰਨ ਵਾਲਾ, ਦਾਸ।[3] ਸ਼ਬਦ ਅਬਦ ਤੋਂ ਬੰਦਗੀ ਕਰਨ ਵਾਲਾ ਸ਼ਬਦ ਬਣਿਆ ਹੈ। ਆਬਿਦ ਦਾ ਅਰਥ ਹੈ- ਇਬਾਦਤ ਕਰਨ ਵਾਲਾ, ਭਜਨ ਬੰਦਗੀ ਕਰਨ ਵਾਲਾ, ਭਗਤ ਰੱਬ ਦਾ ਸੇਵਕ।[4] ਬੰਦਗੀ ਦਾ ਅਰਥ, ਗ਼ੁਲਾਮੀ, ਤਾਬੇਦਾਰੀ, ਇਬਾਦਤ, ਪ੍ਰਸਤਿਸ, ਤਪੱਸਿਆ, ਡੰਡੌਤ, ਸਲਾਮ, ਪ੍ਰਨਾਮ, ਨਿਮਰਤਾ, ਅਧੀਨਗੀ, ਟਹਿਲ, ਖਿਦਮਤ, ਨੌਕਰੀ ਹੈ। ਬੰਦਗੀ ਕਰਨ ਵਾਲੇ ਨੂੰ ਹੀ ਬੰਦਾ ਕਿਹਾ ਗਿਆ ਹੈ। ਬੰਦਾ ਦਾ ਅਰਥ- ਦਾਸ, ਗੁਲਾਮ ਹਨ। ਇਸ ਦਾ ਮੂਲ ਫ਼ਾਰਸੀ ਕਿਰਿਆ ਬਸਤਨ= ਬੰਨ੍ਹਣਾ ਹੈ। ਬਸਤਨ- ਬੰਦਰ- ਬੰਦ- ਬੰਦਾ। ਵਿਸ਼ੇਸ਼ਣ 'ਹੇ' ਹਟਾਕੇ 'ਗੀ' ਲਾਉਣ ਨਾਲ ਭਾਵਵਾਚਕ ਨਾਉ ਬਣ ਜਾਂਦਾ ਹੈ ਜਿਵੇਂ ਦੀਵਾਨਾ ਤੋਂ ਦੀਵਾਨਗੀ, ਹਮੇਸ਼ਗੀ, ਦਰਖੁਗੀ, ਬੇਹੁਦਗੀ, ਬਰਦਾਸ਼ਤਗੀ, ਸਪੁਰਦਗੀ, ਵਿਦਾਇਗੀ, ਸ਼ਾਇਸਤਗੀ ਤੇ ਸੰਜੀਦਗੀ ਆਦਿ। ਇਸੇ ਤਰ੍ਹਾਂ ਬੰਦਾ ਤੋਂ ਬੰਦਗੀ ਸ਼ਬਦ ਬਣਿਆ ਹੈ।[5] *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼* ਅਨੁਸਾਰ ਬੰਦਗੀ ਦਾ ਅਰਥ ਤਾਬੇਦਾਰੀ, ਦਾਸਾ ਭਾਵ, ਭਗਤੀ। ਬੰਦੇ ਬੰਦਗੀ ਇਕਤਿਆਰ (338) ਤਥਾ ਬੰਦਗੀ ਅਲਹ ਆਲਾ ਹੁਜਰਾ (1083)।[6] ਬੰਦੇ ਸ਼ਬਦ ਬਹੁਵਚਨ ਹੈ- ਭਾਵ ਹੇ ਜਗਿਆਸੂ- ਬੰਦੇ ਖੋਜ ਦਿਲੁ ਹਰਿ ਰੋਜ (727)[7] ਇਸਦੇ ਨਾਲ ਹੀ ਬੰਦਗੀ ਤੋਂ ਸ਼ਬਦ ਬਣਦਾ ਹੈ-ਬੰਦੀ। ਬੰਦੀ ਦੇ ਚਾਰ ਅਰਥ ਹਨ, 1. ਕੈਦ ਦੀ

---

1. ਗੁਲਵੰਤ ਸਿੰਘ, *ਪੰਜਾਬੀ ਫ਼ਾਰਸੀ ਕੋਸ਼,* ਪੰਨਾ-218.
2. ਜੀਤ ਸਿੰਘ ਸੀਤਲ, *ਫ਼ਾਰਸੀ ਪੰਜਾਬੀ ਕੋਸ਼,* ਪੰਨਾ-468.
3. ਜੀ. ਐਸ. ਰਿਆਲ, *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼,* ਪੰਨਾ-71.
4. *ਫ਼ਾਰਸੀ ਪੰਜਾਬੀ ਕੋਸ਼,* ਪੰਨਾ- 478.
5. ਅਮਰਵੰਤ ਸਿੰਘ (ਡਾ.), *ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ,* ਪੰਨੇ 525-26.
6. ਵੀਰ ਸਿੰਘ ਭਾਈ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ-469.
7. *ਉਹੀ,* ਪੰਨਾ-468.

ਦਸ਼ਾ 2. ਬੰਦਗੀ, ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ (359). ਬੰਦੇ ਸੇ ਜਿ ਪਵਹਿ ਵਿਚਿ ਬੰਦੀ (465) 3. ਕੈਦੀ, ਦਾਸੀ- ਹਉ ਬੰਦੀ ਖਿਜਮਤਗਾਰ (394) 4. ਜੋ ਮਾਇਆ ਵਿਚ ਰਹਿ ਕੇ ਸਿਫਤ ਕਰੇ ਉਸਨੂੰ ਬੰਦਾ ਕਹੀਦਾ ਹੈ। ਬੰਦਾ ਸੰਸਕ੍ਰਿਤ (ਬੰਦਿ-ਕੈਦੀ) ਫਾਰਸੀ ਬੰਦਹ/ ਮੈ ਬੰਦਾ ਬੈ ਖਰੀਦ।[8] *ਫ਼ਾਰਸੀ ਪੰਜਾਬੀ ਕੋਸ਼* ਅਨੁਸਾਰ ਬੰਦਗੀ ਦਾ ਅਰਥ ਗੁਲਾਮ, ਕੈਦ, ਇਬਾਦਤ, ਭਗਤੀ ਹੈ।[9] ਬੰਦਾ ਦੇ ਅਰਥ ਹਨ ਬੱਝਾ ਹੋਇਆ, ਕੈਦੀ, ਗੁਲਾਮ, ਨੌਕਰ, ਦਾਸ।ਅੰਗਰੇਜ਼ੀ ਦੇ ਸ਼ਬਦ *Devotion* ਦਾ ਅਰਥ ਹੈ, " 1. ਸ਼ਰਧਾ, ਭਗਤੀ, ਉਪਾਸਨਾ 2. ਅਰਦਾਸ, ਪੂਜਾ 3. ਅਰਪਣ, ਸਮਰਪਣ 4. ਲਿਵ, ਲਗਾਉ, ਅਨੁਰਕਤੀ 5. ਨਿਸ਼ਚਾ।"[10] ਉਪਰ ਦਿੱਤੇ ਅਰਥਾਂ ਤੋਂ ਪਤਾ ਲੱਗਦਾ ਹੈ ਕਿ 'ਬੰਦਾ' ਸ਼ਬਦ ਦਾ ਸਮਾਨਅਰਥੀ ਸ਼ਬਦ ਭਗਤ ਹੈ। ਭਾਈ ਵੀਰ ਸਿੰਘ ਅਨੁਸਾਰ ਭਗਤ ਦਾ ਅਰਥ- ਸੇਵਾ ਕਰਨੀ, ਸੇਵਕ, ਪ੍ਰੇਮੀ ਜੋ ਪ੍ਰੀਤਮ ਪ੍ਰਾਇਣ ਹੋਵੇ, ਜੋ ਆਪਣਾ ਸਭ ਕੁਝ ਪ੍ਰਮੇਸ਼ਵਰ ਨੂੰ ਅਰਪੇ।[11] ਸੰਸਕ੍ਰਿਤ ਵਿਚ ਬੰਦਗੀ ਦਾ ਸਮਾਨਅਰਥਕ ਸ਼ਬਦ ਭਗਤੀ ਹੈ। ਗੁਰਬਾਣੀ ਵਿਚ ਆਏ ਸ਼ਬਦ ਭਗਤਿ/ਭਗਤੀ ਦਾ ਅਰਥ- ਪਰਮੇਸ਼ਵਰ ਦੀ ਸੇਵਾ, ਪੂਜਾ, ਧਿਆਨ, ਨਾਮ ਸਿਮਰਨ, ਲਿਵ ਵਿਚ ਰਹਿਣ ਵਾਲੀ ਮਨ ਦੀ ਭਾਵਨਾ। ਉਹ ਮਾਰਗ ਜਿਸ ਤੇ ਟੁਰਨ ਵਾਲੇ ਇਹ ਮੰਨਦੇ ਹਨ ਕਿ ਪਰਮੇਸ਼ਵਰ ਨੂੰ ਪਿਆਰ ਕਰਨਾ, ਆਪਾ ਭਾਵ ਨ ਰੱਖਣਾ, ਸਭ ਕੁਝ ਪਰਮੇਸ਼ਵਰ ਪਰਾਇਣ ਜਾਣਨਾ ਸਤਿ ਮਾਰਗ ਹੈ। ਭਗਤੀ ਮਾਰਗ ਵਿਚ ਪਰਮੇਸ਼ਵਰ ਨੂੰ ਮਾਲਕ, ਪਿਤਾ, ਮਾਤਾ, ਪਤੀ ਆਦਿਕ ਪ੍ਰੇਮ ਦੇ ਭਾਵਾਂ ਨਾਲ ਸੇਵਦੇ ਹਨ ਯਥਾ (ਭਗਤਿ ਭਾਇ ਤਰੀਐ ਸੰਸਾਰ, 290) 2. ਭਗਤੀ ਪਦ ਦਾ ਅਰਥ ਭਗਤਾਂ ਨੂੰ ਬੀ ਕਈ ਥਾਂ ਹੁੰਦਾ ਹੈ। 'ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ,'(1083)[12] ਇਸਦਾ ਸਮਾਨਅਰਥਕ ਸ਼ਬਦ ਭਗਤੀ ਹੈ ਜੋ ਗੁਰਬਾਣੀ ਵਿਚ ਬੰਦਗੀ ਨਾਲੋਂ ਵਧੇਰੇ ਆਇਆ ਹੈ। ਭਗਤੀ ਰੱਬ ਨੂੰ ਆਤਮਸਮਰਪਣ ਦੀ ਭਾਵਨਾ ਹੈ। ਡਾ. ਮਨਮੋਹਨ ਸਿੰਘ ਅਨੁਸਾਰ:

> ਵਿਆਕਰਣ ਅਨੁਸਾਰ ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਜਸੇਵਾਯਾਮ' ਤੋਂ ਪਾਣਿਨੀ ਦੇ ਸੂਤਰ 'ਇਸਤ੍ਰੀਆਂ ਕਤਿਨ'(ਨੰਬਰ 3/3/94) ਦੇ ਅਨੁਸਾਰ 'ਕਤਿਨ' ਪ੍ਰਤਿਯੈ ਜੋੜਨ ਨਾਲ ਬਣਿਆ ਹੈ। ਪ੍ਰਤਿਯੈ ਦਾ ਅਰਥ 'ਪ੍ਰੇਮ' ਅਤੇ ਧਾਤੂ ਦਾ ਅਰਥ 'ਸੇਵਾ ਕਰਨਾ' ਹੈ। ਸਾਧਾਰਨ ਨਿਯਮ ਇਹ ਹੈ ਕਿ ਧਾਤੂ ਅਤੇ ਪ੍ਰਤਿਯੈ ਦੇ ਮੇਲ ਨਾਲ ਇਕ ਸੰਪੂਰਣ ਅਰਥ ਉਜਾਗਰ ਹੁੰਦਾ ਹੈ। ਇੰਜ ਭਗਤੀ ਦਾ ਅਰਥਹੋਇਆ 'ਪ੍ਰੇਮ ਭਾਵ ਨਾਲ ਸੇਵਾ ਕਰਨਾ'।[13]

ਰੂਪ ਸਿੰਘ ਲਿਖਦਾ ਹੈ, ਕਈ ਵਿਦਵਾਨਾਂ-ਵਿਚਾਰਵਾਨਾਂ ਨੇ 'ਭਗਤ' ਸ਼ਬਦ ਦੇ ਵੱਖ-ਵੱਖ ਅੱਖਰਾਂ ਤੋਂ ਵੱਖ-ਵੱਖ ਭਾਵ ਲਏ ਹਨ ਜਿਵੇਂ 'ਭਗਤ' ਸ਼ਬਦ ਦੇ ਪਹਿਲੇ ਅੱਖਰ 'ਭ'ਤੋਂ ਭਾਵ (ਪ੍ਰੇਮ), 'ਗ' ਤੋਂ 'ਗਿਆਨ' ਅਤੇ 'ਤ' ਤੋਂ 'ਤਿਆਗ'। ਇਸ ਤਰ੍ਹਾਂ 'ਭਗਤ' ਭਾਵ (ਪ੍ਰੇਮ), ਗਿਆਨ ਤੇ ਤਿਆਗ ਦੇ ਅਮੁੱਲ ਗੁਣਾਂ ਦਾ ਮੁਜੱਸਮਾ ਹੈ ਜਾਂ ਅਸੀਂ ਕਹਿ ਸਕਦੇ ਹਾਂ ਕਿ ਜਿਸ ਵਿਅਕਤੀ ਵਿੱਚ ਇਹ ਤਿੰਨ ਗੁਣ

---

8 *ਉਹੀ,* ਪੰਨਾ-468.

9 *ਫ਼ਾਰਸੀ ਪੰਜਾਬੀ ਕੋਸ਼,* ਪੰਨਾ-120.

10 *English Punjabi Dictionary,* Punjab State University Text Board Chandigarh, p-313.

11 *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ-498.

12 *ਉਹੀ,* ਪੰਨਾ-498.

13 ਮਨਮੋਹਨ ਸਿੰਘ (ਡਾ.), *ਗੁਰੂ ਨਾਨਕ ਅਤੇ ਭਗਤੀ ਅੰਦੋਲਨ,* ਪੰਨਾ-124.

ਹੋਣ, ਉਹ 'ਭਗਤ' ਹੈ।[14] ਭਗਤੀ ਨੂੰ ਅਲੱਗ-ਅਲੱਗ ਵਿਧੀਆਂ ਰਾਹੀ ਪਰਿਭਾਸ਼ਿਤ ਕੀਤਾ ਜਾਂਦਾ ਰਿਹਾ ਹੈ। ਨਾਰਦ ਨੇ ਗਿਆਰਾਂ, ਸ਼ਾਡਿਲਯ ਨੇ ਸੋਲਾਂ ਅਤੇ ਵਿਸ਼ਨੂੰ ਮਹਾਂ ਪੁਰਾਣ ਨੇ ਨੌ ਤਰ੍ਹਾਂ ਦੀ ਭਗਤੀ ਦੱਸੀ ਹੈ। ਭਾਈ ਗੁਰਦਾਸ ਜੀ ਨੇ ਭਗਤੀ ਨੂੰ ਪ੍ਰੇਮ ਦੱਸਿਆ ਹੈ। ਵੈਦਿਕ ਕਾਲ ਵਿੱਚ ਭਗਤੀ ਵੈਦਿਕ ਰਿਚਾਵਾਂ ਦਾ ਗਾਇਨ ਕਰਨ ਅਤੇ ਬਲੀ ਦੇਣ ਦੇ ਰੂਪ ਵਿੱਚ ਸੀ। ਭਗਤੀ ਸਾਕਾਰਤਮਿਕ ਊਰਜਾ, ਸ਼ੁਭ ਅਮਲ, ਚੰਗਿਆਈ ਵਜੋਂ ਪ੍ਰਵਾਨ ਹੋਈ। ਇਸ ਦੇ ਉਲਟ ਨਾਕਰਾਤਮਿਕ ਊਰਜਾ ਦਾ ਪ੍ਰਗਟ ਹੋਣਾ ਸੁਭਾਵਿਕ ਸੀ। ਦੇਵ ਅਤੇ ਦਾਨਵ, ਸੁਰ ਅਤੇ ਅਸੁਰ, ਪੁੰਨ ਅਤੇ ਪਾਪ, ਭਗਤ ਅਤੇ ਨਾਸਤਿਕ, ਭਗਵਾਨ ਅਤੇ ਸ਼ੈਤਾਨ, ਦੋ ਤਰ੍ਹਾਂ ਦੇ ਰਸਤੇ ਹੋਂਦ ਵਿਚ ਆਏ। ਇਨ੍ਹਾਂ ਵਿਚ ਆਪਸੀ ਖਿਚੋਤਾਣ ਹੈ। ਬੁਰਾਈ ਚੰਗਿਆਈ ਉਪਰ ਭਾਰੂ ਹੋ ਜਾਂਦੀ ਹੈ। ਸ੍ਰੀ ਕ੍ਰਿਸ਼ਨ ਨੇ ਗੀਤਾ ਵਿੱਚ ਕਿਹਾ ਕਿ ਮੇਰਾ ਧਰਤੀ ਤੇ ਆਉਣਾ ਧਰਮ ਦੀ ਸਥਾਪਤੀ ਲਈ ਹੈ:

> ਹੇ ਭਾਰਤ! ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦੀ ਬ੍ਰਿਧੀ ਹੁੰਦੀ ਹੈ, ਤਦੋਂ ਤਦੋਂ ਹੀ ਮੈਂ ਆਪਣੇ ਆਪ ਨੂੰ ਪ੍ਰਗਟ ਕਰਦਾ ਹਾਂ। ਸਾਧੂ ਜਨਾਂ ਦੀ ਰਖਸ਼ਾ ਲਈ ਅਤੇ ਦੁਸ਼ਟਾਂ ਦੇ ਨਾਸ ਲਈ ਅਤੇ ਧਰਮ ਨੂੰ ਭਲੀ-ਭਾਂਤ ਸਥਾਪਤ ਕਰਨ ਲਈ ਮੈਂ ਯੁਗ ਯੁਗ ਵਿਚ ਪ੍ਰਗਟ ਹੁੰਦਾ ਹਾਂ।[15]

ਨੇਕੀ ਅਤੇ ਬਦੀ ਦੀ ਟੱਕਰ ਨੂੰ ਸਾਮੀ ਪਰੰਪਰਾ ਨੇ ਵੀ ਪ੍ਰਵਾਨ ਕੀਤਾ। ਸ਼ੈਤਾਨ ਨੇ ਮਨੁੱਖ ਨੂੰ ਆਪਣੇ ਪਿੱਛੇ ਲਾਇਆ ਅਤੇ ਉਸਨੂੰ ਰੱਬ ਦੇ ਰਾਹ ਤੋਂ ਭਟਕਾ ਦਿੱਤਾ ਸੀ। ਸ਼ੈਤਾਨ ਦਾ ਇਹ ਕਾਰਾ ਹੁਣ ਵੀ ਜਾਰੀ ਹੈ। ਉਹ ਅੱਜ ਵੀ ਮਨੁੱਖਾਂ ਨੂੰ ਰੱਬ ਦੇ ਰਸਤੇ ਤੋਂ ਭਟਕਾ ਰਿਹਾ ਹੈ। ਬਾਬਾ ਫ਼ਰੀਦ ਜੀ ਆਪਣੇ ਇੱਕ ਸਲੋਕ ਵਿੱਚ ਇਸਦੀ ਪੁਸ਼ਟੀ ਕਰਦਿਆਂ ਫ਼ਰਮਾਉਂਦੇ ਹਨ ਕਿ ਧਰਮ ਗ੍ਰੰਥ ਕੂਕਾਂ ਮਾਰਦੇ ਹਨ, ਪੁਕਾਰਦੇ ਹਨ, ਮੱਤਾਂ ਦਿੰਦੇ ਹਨ ਪਰ ਜਿਨ੍ਹਾਂ ਦੀ ਮੱਤ ਸ਼ੈਤਾਨ ਨੇ ਮਾਰ ਦਿੱਤੀ ਹੈ ਉਨ੍ਹਾਂ ਦੇ ਚਿੱਤ ਚੰਗੇ ਪਾਸੇ ਵੱਲ ਆਉਂਦੇ ਨਹੀਂ ਹਨ:

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*[16]

ਭਾਈ ਗੁਰਦਾਸ ਜੀ ਨੇ ਭਗਤੀ ਦੀ ਮਹਾਨਤਾ ਬਿਆਨ ਕਰਦਿਆਂ ਅਨੇਕ ਭਗਤਾਂ ਦਾ ਜ਼ਿਕਰ ਕੀਤਾ ਹੈ

ਜਿਸ ਵਿਚ ਧ੍ਰੂ ਦਾ ਵਿਸ਼ੇਸ਼ ਸਥਾਨ ਹੈ।ਦਵਿੰਦਰ ਸਿੰਘ ਵਿਦਿਆਰਥੀ ਦਾ ਕਹਿਣਾ ਹੈ:

> ਪ੍ਰਾਚੀਨ ਭਾਰਤ ਦੇ ਪੁਰੋਹਿਤ-ਪ੍ਰਧਾਨ ਧਰਮ-ਖੇਤਰ ਦੇ ਸਭ ਤੋਂ ਮੁੱਢਲੇ ਸੰਤ ਅਤੇ ਭਗਤ ਦਾ ਨਾਮ ਕੇਵਲ ਨਾਰਦ ਦਾ ਮਿਲਿਆ ਹੈ। ਨਾਰਦ, ਭਗਤੀ ਚਿੰਤਨ ਦਾ ਪਹਿਲਾ ਆਗੂ ਹੈ। ਉਹ ਪਹਿਲਾ ਤਿਆਗੀ ਵੀ ਹੈ। ਤ੍ਰਿਕਾਲ- ਦਰਸ਼ੀ ਸਰਵੱਗ ਵੀ ਹੈ ਅਤੇ ਉਹ ਜਿੱਥੇ ਚਾਹੇ ਓਥੇ ਅਕਾਸ਼ ਮਾਰਗ ਥੀ ਪਹੁੰਚ ਜਾਣ ਦੀ ਸ਼ਕਤੀ ਪ੍ਰਾਪਤ ਹੈ। ਦੂਜਾ ਪ੍ਰਮੁੱਖ ਸੰਤ ਧਰੁਵ ਨੂੰ ਮੰਨਿਆ ਜਾਵੇਗਾ ਜਿਸਨੂੰ ਭਗਤੀ ਦਾ ਮਾਰਗ ਆਪ ਨਾਰਦ ਨੇ ਦੱਸਿਆ ਸੀ। ਅਗਲਾ ਪੂਰਨ ਸੰਤ-ਪਦ ਦਾ ਧਾਰਣੀ ਪ੍ਰਹਿਲਾਦ ਨੂੰ ਆਖਾਂਗੇ ਜਿਸ ਦੀ ਭਗਤੀ ਤੋਂ ਪ੍ਰਸੰਨ ਹੋ

---

[14] ਰੂਪ ਸਿੰਘ (ਸੰਪਾ.), *ਸੋ ਭਗਤ ਜਿ ਸਤਿਗੁਰ ਮਨਿ ਭਾਇ,* ਪੰਨਾ-13.

[15] ਤਾਰਨ ਸਿੰਘ, *ਭਗਤੀ ਅਤੇ ਸ਼ਕਤੀ,* ਪੰਨਾ-86.

[16] ਸਲੋਕ ਸੇਖ ਫਰੀਦ, 1378.

ਕੇ, ਕਿਹਾ ਜਾਂਦਾ ਹੈ ਕਿ, ਆਪ ਵਿਸ਼ਨੂੰ ਨੇ ਨਰਸਿੰਘ ਰੂਪ ਧਾਰਣ ਕਰਕੇ, ਪ੍ਰਹਿਲਾਦ ਦੇ ਅਤਿਆਚਾਰੀ ਪਿਤਾ ਹਰਨਾਕਸ਼ ਨੂੰ ਆਪਣੀਆਂ ਨਹੁੰਦਰਾਂ ਨਾਲ ਚੀਰਿਆ ਸੀ।[17]

ਇੱਕ ਦਿਨ ਧ੍ਰੂ ਹੱਸਦਾ ਹੋਇਆ ਘਰ ਆਇਆ। ਪਿਤਾ ਨੇ ਧ੍ਰੂ ਨੂੰ ਚਾਅ ਨਾਲ ਗੋਦ ਵਿੱਚ ਬਿਠਾ ਲਿਆ। ਮਤਰੇਈ ਮਾਂ ਨੇ ਦੇਖਿਆ ਅਤੇ ਬਾਂਹ ਤੋਂ ਫੜ ਕੇ ਗੋਦ ਵਿਚੋਂ ਉਠਾ ਦਿੱਤਾ। ਉਹ ਰੋਂਦਾ-ਰੋਂਦਾ ਮਾਂ ਕੋਲ ਆਇਆ। ਮਾਂ ਨੂੰ ਪੁੱਛਿਆ- ਕੀ ਤੂੰ ਦਾਸੀ ਹੈ ਕਿ ਰਾਣੀ ਹੈ? ਮਾਂ ਨੇ ਜੁਆਬ ਦਿੱਤਾ ਕਿ ਮੈਂ ਰੱਬ ਦੀ ਭਗਤੀ ਨਹੀਂ ਕੀਤੀ ਜਿਸ ਕਰਕੇ ਮੈਂ ਰਾਣੀ ਦੇ ਹੁੰਦਿਆਂ ਹੋਇਆਂ ਵੀ ਦਾਸੀਆਂ ਵਰਗੀ ਹਾਂ। ਧ੍ਰੂ ਦਾ ਅਗਲਾ ਸਵਾਲ- ਮਾਤਾ ਕਿਸ ਤਰ੍ਹਾਂ ਰਾਜ ਮਿਲੇ ਅਤੇ ਕਿਵੇਂ ਦੁਸ਼ਮਣ ਵੀ ਮਿੱਤਰ ਬਣ ਸਕਦੇ ਹਨ? ਮਾਂ ਦਾ ਜਵਾਬ- ਜੇਕਰ ਪ੍ਰਭੂ ਦੀ ਭਗਤੀ ਕਰੀਏ ਤਾਂ ਪਤਿਤ ਤੋਂ ਪਾਵਨ ਬਣ ਜਾਈਦਾ ਹੈ ਅਤੇ ਦੁਸ਼ਮਣ ਵੀ ਮਿੱਤਰ ਬਣ ਜਾਂਦੇ ਹਨ। ਇਸ ਤਰ੍ਹਾਂ ਧ੍ਰੂ ਮਨ ਵਿੱਚ ਭਗਤੀ ਦੀ ਚਾਹ ਲੈ ਕੇ ਜੰਗਲਾਂ ਵੱਲ ਤੁਰ ਪਿਆ। ਭਾਈ ਵੀਰ ਸਿੰਘ ਧ੍ਰੂ ਦੀ ਪ੍ਰਾਪਤੀ ਬਾਰੇ ਦੱਸਦੇ ਹਨ, "ਧ੍ਰੂ ਨਿਮਾਣੇ ਨੂੰ ਨਿਰਮਾਣਤਾ ਔਰ ਭਗਤੀ ਕਰਕੇ ਮੁਕਤੀ ਮਿਲੀ। ਪੌਰਾਣਕ ਕਥਾ ਅਨੁਸਾਰ ਉਸਦੀ ਵਡਿਆਈ ਇਹ ਵਧੀ ਕਿ ਅਕਾਸ਼ ਵਿਚ ਉਤਰੀ ਦਿਸ਼ਾ ਦੇ ਸਿਰ ਤੇ ਐਸਾ ਅਚੱਲ ਹੋਇਆ ਕਿ ਸਾਰੇ ਤਾਰੇ ਉਸਦੇ ਗਿਰਦ ਫਿਰਦੇ ਹਨ ਪਰ ਉਹ ਅਟੱਲ ਹੈ।"[18]
ਭਾਈ ਨੰਦ ਲਾਲ ਜੀ ਦੱਸਦੇ ਹਨ:

*ਹਵਾਇ ਬੰਦਗੀ ਆਵੁਰਦ ਦਰ ਵਜੂਦ ਮਰਾ, ਵਗਰਨਾ ਜ਼ੌਕਿ ਚੁਨੀਂ ਆਮਦਨ ਨ ਬੂਦ ਮਰਾ।*

(ਭਜਨ ਬੰਦਗੀ ਦੀ ਇੱਛਾ ਨੇ ਮੈਨੂੰ ਹੋਂਦ ਵਿਚ ਲਿਆਂਦਾ, ਨਹੀਂ ਤਾਂ ਮੈਨੂੰ ਇਸ ਤਰ੍ਹਾਂ ਆਉਣ ਦਾ ਕੋਈ ਸ਼ੌਕ ਨਹੀਂ ਸੀ।)[19]

*ਦੌਲਤਿ ਜਾਵੀਦ ਬਾਸ਼ਦ ਬੰਦਗੀ, ਬੰਦਗੀ ਕੁਨ ਬੰਦਗੀ ਕੁਨ ਬੰਦਗੀ।*

(ਭਜਨ ਬੰਦਗੀ ਹੀ ਅਮਰ ਖਜਾਨਾ ਹੈ, ਤਾਂ ਤੇ ਤੂੰ ਬੰਦਗੀ ਕਰ, ਭਜਨ ਕਰ, ਸਿਮਰਨ ਕਰ।)[20]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬੰਦਗੀ ਦਾ ਅਰਥ ਪ੍ਰਣਾਮ, ਸਲਾਮ, 'ਆਖੀ ਸੇਖਾ ਬੰਦਗੀ'(ਸ. ਫਰੀਦ), 2. ਸੇਵਾ 3. ਭਗਤੀ 'ਸੇਖ ਫਰੀਦੈ ਖੈਰ ਦੀਜੈ ਬੰਦਗੀ' (ਆਸਾ. 894)[21] ਬੰਦਾ ਸ਼ਬਦ ਦੇ ਅਰਥ ਹਨ ,"1. ਅਮਰਬੇਲਿ ਆਦਿਕ ਉਹ ਪੌਦਾ ਜੋ ਬ੍ਰਿਛਾਂ ਦੇ ਰਸ ਤੋਂ ਪੁਸ਼ਟ ਹੋਵੇ। ਇਹ ਬਿਰਛਾਂ ਨੂੰ ਰੋਗ ਰੂਪ ਹੈ। ਇਸ ਦੁਆਰਾ ਛਿਲਕਾ ਖੁਸ਼ਕ ਹੋ ਕੇ ਬੂਟੇ ਸੁੱਕ ਜਾਂਦੇ ਹਨ 'ਬੰਦਾ ਲਾਗਓ ਤੁਰਕਨ ਬੰਦਾ' (ਪੰ. ਪ੍ਰ) ਬੰਦਾ ਬਹਾਦਰ ਤੁਰਕਾਂ ਨੂੰ ਬੰਦਾ ਹੋ ਕੇ ਲੱਗਾ। 2. ਬਿਰਛ ਦੇ ਵਿਚ ਹੋਰ ਬਿਰਛ ਉਗਣਾ। 3. ਸੇਵਕ, ਦਾਸ, ਮੈ ਬੰਦਾ ਬੈ ਖਰੀਦਿ।"[22] ਉਪਰੋਕਤ ਕਥਨ ਨੂੰ ਜੇਕਰ ਇਤਿਹਾਸ ਦੇ ਧਰਾਤਲ

---

17 ਦਵਿੰਦਰ ਸਿੰਘ ਵਿਦਿਆਰਥੀ "ਗੁਰੂ ਨਾਨਕ ਚਿੰਤਨ ਕੀ ਭੂਮਿਕਾ," *ਗੁਰੂ ਨਾਨਕ ਚਿੰਤਨ ਦੀ ਭੂਮਿਕਾ,* ਬਲਕਾਰ ਸਿੰਘ (ਡਾ.), (ਸੰਪਾ.), ਪੰਨਾ-22.

18 ਵੀਰ ਸਿੰਘ ਭਾਈ, *ਵਾਰਾਂ ਭਾਈ ਗੁਰਦਾਸ ਸਟੀਕ,* ਪੰਨਾ-83.

19 ਗੰਡਾ ਸਿੰਘ (ਡਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨਾ-27.

20 *ਉਹੀ,* ਪੰਨਾ-78.

21 *ਮਹਾਨ ਕੋਸ਼,* ਪੰਨਾ- 894

22 *ਉਹੀ,* ਪੰਨਾ-894.

'ਤੇ ਦੇਖੀਏ ਤਾਂ ਇਕ ਘਟਨਾ ਅੱਖਾਂ ਸਾਹਮਣੇ ਘੁੰਮਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੀਵਨ ਦੇ ਆਖਰੀ ਵੇਲੇ ਦੱਖਣ ਪਹੁੰਚੇ। ਉਥੇ ਮਾਧੋ ਦਾਸ ਨੂੰ ਆਪਣਾ ਸਿੱਖ ਬਣਾਇਆ ਅਤੇ ਪੰਜਾਬ ਭੇਜਿਆ। ਉਨ੍ਹਾਂ ਬੰਦਾ ਸ਼ਬਦ ਨੂੰ ਇਤਿਹਾਸਿਕ ਜਾਮਾ ਪਹਿਨਾਇਆ ਅਤੇ ਮਾਲਾ ਨਾਲ ਤਲਵਾਰ ਦੀ ਸੁਮੇਲਤਾ ਕਰਵਾਈ। ਵਾਰਤਾਲਾਪ ਇਸ ਪ੍ਰਕਾਰ ਹੈ:

| | | |
|---|---|---|
| ਮਾਧੋ ਦਾਸ | - | ਆਪ ਕੌਣ ਹੋ? |
| ਗੁਰੂ ਸਾਹਿਬ | - | ਉਹ ਜਿਸਨੂੰ ਤੂੰ ਜਾਣਦਾ ਹੈ। |
| ਮਾਧੋ ਦਾਸ | - | ਮੈਂ ਕੀ ਜਾਣਦਾ ਹਾਂ? |
| ਗੁਰੂ ਸਾਹਿਬ | - | ਆਪਣੇ ਮਨ ਵਿਚ ਚੰਗੀ ਤਰ੍ਹਾਂ ਸੋਚ। |
| ਮਾਧੋ ਦਾਸ | - | (ਸੋਚ ਕੇ) ਆਪ ਗੁਰੂ ਗੋਬਿੰਦ ਸਿੰਘ ਹੋ। |
| ਗੁਰੂ ਸਾਹਿਬ | - | ਹਾਂ। |
| ਮਾਧੋ ਦਾਸ | - | ਆਪ ਇਥੇ ਕਿਸ ਤਰ੍ਹਾਂ ਪਧਾਰੇ ਹੋ? |
| ਗੁਰੂ ਸਾਹਿਬ | - | ਮੈਂ ਏਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ। |
| ਮਾਧੋ ਦਾਸ | - | ਮੈਂ ਹਾਜ਼ਰ ਹਾਂ, ਹਜ਼ੂਰ! ਮੈਂ ਆਪ ਦਾ ਬੰਦਾ (ਗੁਲਾਮ) ਹਾਂ।[23] |

ਬੰਦਗੀ ਸ਼ਬਦ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ ਬਾਰ੍ਹਾਂ ਵਾਰੀ ਹੋਈ ਹੈ। ਇਸਤੋਂ ਇਲਾਵਾ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਨੇ ਵੀ ਇਸ ਸ਼ਬਦ ਨੂੰ ਭਗਤੀ ਦੇ ਅਰਥਾਂ ਵਿਚ ਵਰਤਿਆ ਹੈ। ਕੁਰਆਨ ਵਿਚ ਬੰਦਗੀ ਸ਼ਬਦ ਨਹੀਂ ਆਉਂਦਾ। ਅਰਬੀ ਵਿਚ ਇਸਦਾ ਸਮਾਨਅਰਥਕ ਸ਼ਬਦ ਇਬਾਦਤ ਹੈ। ਇਬਾਦਤ ਦਾ ਅਰਥ ਹੈ:

> ਸੇਵਾ ਭਾਵ, ਨਿਮਰਤਾ, ਬੇਨਤੀ, ਕਿਸੇ ਅੱਗੇ ਵਿਛ ਜਾਣਾ, ਪੂਰਨ ਰੂਪ ਵਿੱਚ ਝੁਕ ਜਾਣਾ ਆਦਿ। ਇਬਾਦਤ ਵਿੱਚ ਪ੍ਰੇਮ ਤੇ ਲਗਾਉ ਦਾ ਅਰਥ ਵੀ ਸ਼ਾਮਿਲ ਹੈ। ਇਬਾਦਤ ਦਾ ਸਬੰਧ ਮਨੁੱਖ ਦੇ ਸੰਪੂਰਨ ਜੀਵਨ ਨਾਲ ਹੈ। ਇਸੇ ਕਾਰਨ ਜਿੱਥੇ ਇਬਾਦਤ ਦਾ ਅਰਥ ਪੂਜਾ ਤੇ ਉਪਾਸਨਾ ਹੁੰਦਾ ਹੈ ਉੱਥੇ ਇਹ ਸ਼ਬਦ ਅਧੀਨਗੀ, ਬੰਦਗੀ ਅਤੇ ਆਗਿਆਪਾਲਣ ਦੇ ਅਰਥਾਂ ਵਿੱਚ ਵੀ ਵਰਤਿਆ ਜਾਂਦਾ ਹੈ। ਇਸਲਾਮੀ ਸਿੱਖਿਆ ਅਨੁਸਾਰ ਅੱਲਾਹ ਤੋਂ ਛੁੱਟ ਹੋਰ ਕਿਸੇ ਦੀ ਇਬਾਦਤ ਕਰਨੀ ਘੋਰ ਪਾਪ ਹੈ ਤੇ ਘ੍ਰਿਣਾ ਯੋਗ ਕੰਮ ਹੈ। ਇਹ ਕੇਵਲ ਅੱਲਾਹ ਦਾ ਹੀ ਹੱਕ ਹੈ ਕਿ ਉਸਦੀ ਇਬਾਦਤ ਤੇ ਬੰਦਗੀ ਕੀਤੀ ਜਾਵੇ।[24]

ਇਬਾਦਤ ਸ਼ਬਦ ਨੂੰ ਅਰਬੀ ਭਾਸ਼ਾ ਵਿਚ ਤਿੰਨ ਅਰਥਾਂ ਵਿਚ ਵਰਤਿਆ ਜਾਂਦਾ ਹੈ। ਪੂਜਾ ਤੇ ਉਪਾਸਨਾ, ਤਾਬਿਆਦਾਰੀ ਕਰਨਾ ਤੇ ਹੁਕਮ ਮੰਨਣਾ ਅਤੇ ਬੰਦਗੀ ਤੇ ਗ਼ੁਲਾਮੀ।[25] ਮੁਸਲਿਮ ਕੋਈ ਜਾਤੀ ਨਹੀਂ ਸਗੋਂ ਅੱਲਾਹ ਨੂੰ ਮੰਨਣ ਵਾਲੇ ਅਤੇ ਉਸਦੇ ਰਸਤੇ 'ਤੇ ਚੱਲਣ ਵਾਲੇ ਹਨ। ਕੁਰਆਨ ਦੱਸਦਾ ਹੈ:

> ਅੱਲਾਹ ਨੇ ਪਹਿਲੋਂ ਵੀ ਤੁਹਾਡਾ ਨਾਂ 'ਮੁਸਲਿਮ' ਰੱਖਿਆ ਸੀ ਅਤੇ ਇਸ (ਕੁਰਆਨ) ਵਿੱਚ ਦੀ ਤੁਹਡਾ ਇਹੋ ਨਾਂ ਹੈ ਤਾਂ ਜੋ ਰਸੂਲ ਤੁਹਾਡੇ ਉਤੇ ਗਵਾਹ ਹੋਵੇ ਅਤੇ ਤੁਸੀਂ ਲੋਕਾਂ ਤੇ ਗਵਾਹ ਹੋਵੇ। ਸੋ ਨਮਾਜ਼

---

23 ਗੰਡਾ ਸਿੰਘ ਡਾ., *ਬਾਬਾ ਬੰਦਾ ਸਿੰਘ ਬਹਾਦੁਰ,* ਪੰਨਾ-7.

24 ਅਬੁਲ ਆਲਾ ਮੌਦੂਦੀ, ਰਮਜ਼ਾਨ ਸਈਦ (ਅਨੁ.)*ਕੁਰਆਨ ਮਜੀਦ (ਪੰਜਾਬੀ)*,ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼ ਮਲੇਰਕੋਟਲਾ 2010, ਪੰਨੇ- 1224-25.

**ਨੋਟ:** ਕੁਰਆਨ ਬਾਰੇ ਅਗਲੇ ਅਧਿਆਵਾਂ ਵਿਚ ਆਉਣ ਵਾਲੇ ਹਵਾਲੇ ਇਸ ਅਨੁਵਾਦ ਵਿੱਚੋਂ ਲਏ ਜਾਣਗੇ। ਸੂਰਤ ਅਤੇ ਆਇਤ ਨੂੰ ਸੂਰਤ ਨੰ. ਤੇ ਆਇਤ ਨੰ. ਪਾ ਕੇ ਅਤੇ ਕਿਸੇ ਕਥਨ ਨੂੰ ਪੰਨਿਆਂ ਅਧੀਨ ਦਿੱਤਾ ਗਿਆ ਹੈ।

25 *ਉਹੀ,* ਪੰਨਾ-13.

ਕਾਇਮ ਕਰੋ ਜ਼ਕਾਤ ਦਿਓ ਅਤੇ ਅੱਲਾਹ ਨਾਲ ਜੁੜ ਜਾਓ। ਉਹ ਹੈ ਤੁਹਾਡਾ ਸਾਈਂ। ਬਹੁਤ ਹੀ ਚੰਗਾ ਹੈ ਉਹ ਸਾਈਂ ਅਤੇ ਬਹੁਤਾ ਹੀ ਚੰਗਾ ਹੈ ਉਹ ਸਹਾਈ।[26]

ਇਸਲਾਮ ਦਾ ਅਰਥ ਹੈ:

ਇਸਲਾਮ ਦਾ ਅਰਥ- 1. ਤਰਕ, ਤਯਾਗ। 2. ਸਿਰ ਝੁਕਾਉਣਾ। 3. ਖ਼ੁਦਾ ਦੀ ਰਜ਼ਾ ਨੂੰ ਸਲਮ (ਅੰਗੀਕਾਰ) ਕਰਨਾ, ਅਰਥਾਤ ਭਾਣਾ ਮੰਨਣਾ। 4. ਪੈਗੰਬਰ ਮੁਹੰਮਦ ਨੇ ਆਪਣੇ ਦੀਨ ਦਾ ਨਾਉ "ਇਸਲਾਮ" ਰੱਖਿਆ ਹੈ, ਜਿਸਦੇ ਧਾਰਣ ਵਾਲਾ "ਮੁਸਲਿਮ" ਅਥਵਾ ਮੁਸਲਮਾਨ ਸੱਦੀਦਾ ਹੈ, ਇਸਲਾਮ ਦੇ ਪੰਜ ਨਿਯਮ ਹਨ:- (ੳ) ਇੱਕ ਖ਼ੁਦਾ ਦਾ ਮੰਨਣਾ (ਅ) ਪੰਜ ਵੇਲੇ ਨਮਾਜ਼ ਪੜ੍ਹਨੀ (ੲ) ਜ਼ਕਾਤ ਦੇਣੀ (ਸ) ਰਮਜ਼ਾਨ ਵਿਚ ਰੋਜ਼ੇ ਰਖਣੇ (ਹ) ਕਾਬੇ ਦਾ ਹੱਜ ਕਰਨਾ, ਅਖੀਰੀ ਫ਼ੈਸਲੇ ਦਾ ਦਿਨ ਅਤੇ ਖ਼ੁਦਾ ਦਾ ਵਿਸਵਾਸੀ ਹੈ, ਓਹ ਮੁਸਲਮਾਨ ਹੈ, ਅਤੇ ਉਸਨੂੰ "ਮੋਮਿਨ" ਆਖਦੇ ਹਨ, ਜਿਸਦਾ ਅਰਥ ਹੈ ਸ੍ਰਧਾਵਾਨ।[27]

ਗੁਲਵੰਤ ਸਿੰਘ ਇਸਲਾਮ ਦੇ ਨਾਮਕਰਣ ਬਾਰੇ ਲਿਖਦੇ ਹਨ:

ਇਸਲਾਮ ਰੱਬ ਦੀ ਮਰਜ਼ੀ ਦੇ ਸਨਮੁਖ ਸੰਪੂਰਣ ਸਪੁਰਦਗੀ ਦਾ ਮਜ਼ਹਬ ਹੈ। ਕੁਰਾਨ ਵਿਚ ਥਾਂ ਪਰ ਥਾਂ ਸਪਸ਼ਟ ਕੀਤਾ ਗਿਆ ਹੈ ਕਿ ਹਜ਼ਰਤ ਇਬਰਾਹੀਮ ਅਤੇ ਉਨ੍ਹਾਂ ਦੇ ਸਪੁੱਤਰ ਨੇ ਅਤਿਅੰਤ ਕਠੋਰ ਪਰੀਖਿਆ ਦੇ ਵੇਲੇ ਸਿਰ ਝੁਕਾ ਦਿੱਤਾ ਅਤੇ ਜਿਸ ਵਕਤ ਪਿਤਾ ਨੇ ਪੁੱਤਰ ਦੀ ਕੁਰਬਾਨੀ ਦੇਣੀ ਚਾਹੀ ਤਾਂ ਉਸ ਵਕਤ ਦੁਹਾਂ ਦੇ ਲਫ਼ਜ਼ "ਅਸਲਮ" ਕਹਿ ਕੇ ਪੂਰਣ ਅਧੀਨਗੀ ਦਾ ਪ੍ਰਗਟਾਵਾ ਕੀਤਾ।[28]

ਇਸਲਾਮ ਦੇ ਮੁੱਢਲੇ ਵਿਸ਼ਵਾਸ ਹਨ:

ਇਸਲਾਮ ਵਿੱਚ, ਇਸਲਾਮ ਦੇ ਉਦਯ ਤੋਂ ਪੂਰਬਲੇ, ਸਾਮੀ ਮਜ਼ਹਬਾਂ ਦੇ ਕਵੀਆਂ ਨੂੰ ਨਕਾਰਿਆ ਜਾਂ ਨਿੰਦਿਆ ਨਹੀਂ ਗਿਆ ਸਗੋ ਸਤਿਕਾਰ ਨਾਲ ਸਮੇਂ-ਸਮੇਂ ਉਹਨਾਂ ਦੀਆਂ ਕਰਨੀਆਂ ਦਾ ਆਦਰ ਕੀਤਾ ਗਿਆ ਹੈ, ਪਰ ਇਹ ਵੀ ਕਿਹਾ ਗਿਆ ਹੈ ਕਿ ਜੋ ਅੰਤਿਮ ਆਦੇਸ਼ ਖ਼ੁਦਾ ਨੇ ਕੁਰਆਨ ਹਦੀਸ ਵਿੱਚ ਆਪਣੇ ਪਿਆਰੇ ਅਤੇ ਅੰਤਿਮ ਨਬੀ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣੇ ਫਰਿਸ਼ਤਿਆਂ ਰਾਹੀਂ ਇਲਹਾਮ ਅਤੇ ਬਸ਼ਾਰਤ ਦੁਆਰਾ ਭੇਜੇ ਸਨ ਉਹ ਇਨਸਾਨ ਦੀ ਰਾਹਬਰੀ ਲਈ ਪੂਰਣ ਅਤੇ ਅੰਤਿਮ ਸਨ।[29]

ਮਾਨਵ ਜਨਮ ਦਾ ਉਦੇਸ਼ ਬੰਦਗੀ ਕਰਨਾ ਹੈ। ਇਸ ਤੋਂ ਹੀਣੇ ਨੂੰ ਪਸ਼ੂ ਸਮਾਨ ਹਨ ਅਤੇ ਉਨ੍ਹਾਂ ਲਈ ਰੱਬ ਦੂਰ ਹੈ:

*ਹਰ ਚੀਜ਼ ਮੇਂ ਖ਼ੁਦਾ ਕੀ ਜ਼ਯਾ ਕਾ ਜ਼ਹੂਰ ਹੈ,*
*ਪਰ ਫਿਰ ਭੀ ਗ਼ਾਫਿਲੋਂ ਸੇ ਵਹ ਦਿਲਦਾਰ ਦੂਰ ਹੈ।*

## ਕੁਰਆਨ ਮਜੀਦ ਵਿਚ ਬੰਦਗੀ ਦੀ ਪਿੱਠ-ਭੂਮੀ

ਕੁਰਆਨ ਰੱਬੀ ਪੈਗਾਮ ਹੈ ਜੋ ਮਨੁੱਖਾਂ ਸਮੇਤ ਸਾਰੇ ਜੀਵ ਜੰਤੂਆਂ ਲਈ ਹੈ ਤਾਂ ਕਿ ਅਸੀਂ ਜ਼ਿੰਦਗੀ ਨੂੰ ਸੁਖਦਾਈ ਬਣਾ ਸਕੀਏ। ਪਵਿੱਤਰ ਕੁਰਆਨ ਅਨੁਸਾਰ ਬੰਦਗੀ ਦੀ ਪਿੱਠ ਭੂਮੀ ਨੂੰ ਸਮਝਣ ਲਈ ਤਿੰਨ ਨੁਕਤਿਆਂ ਨੂੰ ਵਿਚਾਰਨਾ ਪਵੇਗਾ:

1. ਆਦਮ ਅਤੇ ਹਵਾ 2. ਪੈਗ਼ੰਬਰਾਂ ਦੀ ਆਮਦ 3. ਆਖ਼ਰੀ ਪੈਗ਼ੰਬਰ ਹਜ਼ਰਤ ਮੁਹੰਮਦ (ਸ.) 4. ਸਮਾਜਿਕ ਕੁਰੀਤੀਆਂ।

---

[26] 22:78.
[27] *ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ*, ਪੰਨਾ-52.
[28] ਗੁਰਮੁਖ ਸਿੰਘ (ਡਾ.), (ਸੰਪਾ.) *ਪ੍ਰੋਫ਼ੈਸਰ ਗੁਲਵੰਤ ਸਿੰਘ ਰਚਨਾਵਲੀ*, ਪੰਨਾ-24.
[29] ਦਵਿੰਦਰ ਸਿੰਘ ਵਿਦਿਆਰਥੀ, *(ਉ.ਰ.)*, ਪੰਨਾ-62.

## 1. ਆਦਮ (ਅ.), ਹਵਾ ਅਤੇ ਸ਼ੈਤਾਨ

ਕੁਰਆਨ ਅਨੁਸਾਰ ਆਦਮ ਦੀ ਹੋਂਦ ਤੋਂ ਪਹਿਲਾਂ ਫਰਿਸ਼ਤਿਆਂ ਅਤੇ ਇਬਲੀਸ (ਸ਼ੈਤਾਨ) ਦੀ ਹੋਂਦ ਸੀ। ਅੱਲਾਹ ਆਦਮ ਦੀ ਸਿਰਜਣਾ ਕਰਨ ਜਾ ਰਿਹਾ ਸੀ। ਇਕ ਦਿਨ ਅੱਲਾਹ ਨੇ ਫਰਿਸ਼ਤਿਆਂ ਨੂੰ ਕਿਹਾ ਕਿ ਮੈਂ ਦੁਨੀਆ ਤੇ ਇਕ ਖਲੀਫਾ ਬਣਾਉਣ ਵਾਲਾ ਹਾਂ। ਫਰਿਸ਼ਤਿਆਂ ਨੇ ਕਿਹਾ ਕਿ ਇਸਦੀ ਕੀ ਜ਼ਰੂਰਤ ਹੈ? ਅਸੀਂ ਆਪ ਦੀ ਉਸਤਤ ਕਰਦੇ ਤਾਂ ਹਾਂ। ਉਸ ਨਾਲ ਧਰਤੀ 'ਤੇ ਵਿਗਾੜ ਪੈਦਾ ਹੋਵੇਗਾ। ਅੱਲਾਹ ਨੇ ਫਰਿਸ਼ਤਿਆਂ ਨੂੰ ਕਿਹਾ ਕਿ ਉਹ ਤੁਹਾਡੇ ਤੋਂ ਵੱਧ ਕੇ ਹੋਵੇਗਾ। ਤੁਸੀਂ ਉਨ੍ਹਾਂ ਚੀਜ਼ਾਂ ਤੋਂ ਨਾਵਾਕਫ਼ ਹੋ ਜਿਨ੍ਹਾਂ ਨੂੰ ਉਹ ਜਾਣਦਾ ਹੈ। ਅੱਲਾਹ ਨੇ ਆਦਮ ਦੀ ਸਿਰਜਣਾ ਮਿੱਟੀ ਤੋਂ ਕੀਤੀ। ਰੱਬ ਨੇ ਆਦਮ ਨੂੰ ਸਾਰੀਆਂ ਚੀਜ਼ਾਂ ਦੇ ਨਾਮ ਦੱਸੇ ਅਤੇ ਫਰਿਸ਼ਤਿਆਂ ਦੇ ਸਨਮੁਖ ਖੜ੍ਹਾ ਕਰਕੇ ਕਿਹਾ ਕਿ ਫ਼ਰਿਸ਼ਤਿਓ! ਜੇਕਰ ਤੁਹਾਨੂੰ ਲਗਦਾ ਹੈ ਕਿ ਆਦਮ ਨਾਲ ਧਰਤੀ ਦਾ ਪ੍ਰਸ਼ਾਸ਼ਨ ਵਿਗੜ ਸਕਦਾ ਹੈ ਤਾਂ ਫਿਰ ਤੁਸੀਂ ਸਾਰੀਆਂ ਚੀਜ਼ਾਂ ਦੇ ਨਾਮ ਦੱਸੋ। ਕੋਈ ਵੀ ਫਰਿਸ਼ਤਾ ਕਿਸੇ ਵੀ ਚੀਜ਼ ਦਾ ਨਾਮ ਨਾ ਦੱਸ ਸਕਿਆ। ਅਖੀਰ ਸਾਰੇ ਫਰਿਸ਼ਤਿਆਂ ਨੇ ਆਦਮ ਨੂੰ ਸਿਜਦਾ ਕੀਤਾ ਪਰ ਇਬਲੀਸ (ਸ਼ੈਤਾਨ) ਨੇ ਆਦਮ ਨੂੰ ਸਿਜਦਾ ਨਾ ਕੀਤਾ। ਇਬਲੀਸ ਵੱਲੋਂ ਆਦਮ ਦੀ ਹੋਂਦ ਉਪਰ ਇਤਰਾਜ਼ ਕੀਤਾ ਗਿਆ। ਏਥੋਂ ਦੋਹਾਂ ਵਿਚਾਲੇ ਮਤਭੇਦ ਸ਼ੁਰੂ ਹੋਇਆ ਜੋ ਹਰ ਧਰਮ ਵਿਚ ਦੇਵ ਤੇ ਦਾਨਵ, ਭਗਵਾਨ ਤੇ ਸ਼ੈਤਾਨ, ਨੇਕੀ ਤੇ ਬਦੀ ਦੇ ਰੂਪ ਵਿਚ ਪਸਰਿਆ ਪਿਆ ਹੈ। ਕੁਰਆਨ ਦਾ ਕਥਨ ਹੈ:

> ਫਿਰ ਜਦ ਅਸੀਂ ਫਰਿਸ਼ਤਿਆਂ ਨੂੰ ਹੁਕਮ ਦਿੱਤਾ ਕਿ ਆਦਮ ਅੱਗੇ ਝੁੱਕ ਜਾਓ, ਤਾਂ ਸਾਰੇ ਝੁਕ ਗਏ ਪਰ ਇਬਲੀਸ ਨੇ ਇਨਕਾਰ ਕਰ ਦਿੱਤਾ। ਉਹ ਆਪਣੀ ਵਡਿਆਈ ਦੇ ਘੁਮੰਡ ਵਿਚ ਫਸ ਗਿਆ ਤੇ ਇਨਕਾਰੀਆਂ ਵਿਚ ਜਾ ਰਲਿਆ।[30]

ਰੱਬ ਨੇ ਸ਼ੈਤਾਨ ਦੀ ਸਿਰਜਣਾ ਅੱਗ ਤੋਂ, ਫਰਿਸ਼ਤਿਆਂ ਦੀ ਰਚਨਾ ਨੂਰ ਤੋਂ ਅਤੇ ਮਨੁੱਖ ਦੀ ਸਿਰਜਣਾ ਮਿੱਟੀ ਤੋਂ ਕੀਤੀ ਹੈ। ਸ਼ੈਤਾਨ ਸ਼ੁਰੂ ਤੋਂ ਹੀ ਆਦਮ ਦੀ ਸਿਰਜਣਾ ਤੋਂ ਰਾਜ਼ੀ ਨਹੀਂ ਸੀ। ਉਸਨੇ ਆਦਮ ਦੀ ਸਿਰਜਣਾ ਉਪਰ ਸਵਾਲ ਖੜ੍ਹੇ ਕੀਤੇ ਅਤੇ ਰੱਬ ਨੂੰ ਕਿਹਾ ਕਿ ਮੈਂ ਤੇਰੇ ਕੁਝ ਕੁ ਬੰਦਿਆਂ ਨੂੰ ਛੱਡ ਕੇ ਬਾਕੀ ਸਾਰੀ ਆਦਮ ਦੀ ਸੰਤਾਨ ਨੂੰ ਤੇਰੇ ਰਸਤੇ 'ਤੇ ਚਲਣ ਨਹੀਂ ਦਿਆਂਗਾ। ਉਸਨੇ ਕਿਹਾ:

> ਫਰਮਾਇਆ, ਤਾਂ ਸੱਚ ਇਹ ਹੈ ਅਤੇ ਮੈਂ ਸੱਚ ਹੀ ਆਖਿਆ ਕਰਦਾ ਹਾਂ ਕਿ ਮੈਂ ਨਰਕ ਨੂੰ ਤੇਰੇ ਨਾਲ ਅਤੇ ਉਹਨਾਂ ਸਾਰਿਆਂ ਲੋਕਾਂ ਨਾਲ ਭਰ ਦਿਆਂਗਾ ਜਿਹੜੇ ਇਹਨਾਂ ਮਨੁੱਖਾਂ ਵਿਚੋਂ ਤੇਰੀ ਪੈਰਵੀ ਕਰਨਗੇ।[31]

ਸ਼ੈਤਾਨ ਦਾ ਇਹ ਦਾਅਵਾ ਕੇਵਲ ਕਹਿਣ ਮਾਤਰ ਨਹੀਂ ਸੀ। ਉਸਨੇ ਸਮੇਂ-ਸਮੇਂ ਇਸਨੂੰ ਸੱਚ ਕਰ ਵਿਖਾਇਆ ਸੀ। ਰੱਬ ਨੇ ਆਦਮ ਦੀ ਸਿਰਜਣਾ ਕਰਕੇ ਉਸਨੂੰ ਸਵਰਗ ਵਿਚ ਰਹਿਣ ਲਈ ਥਾਂ ਦਿੱਤੀ ਅਤੇ ਹੁਕਮ ਦਿੱਤਾ ਕਿ ਜੋ ਜੀਅ ਆਵੇ ਖਾਓ ਪਰ ਇਕ ਦਰਖੱਤ ਦਾ ਫਲ ਨਾ ਖਾਣਾ। ਸ਼ੈਤਾਨ ਨੇ ਆਦਮ ਅਤੇ ਹਵਾ ਨੂੰ ਇਸ ਦਰਖਤ ਦਾ ਫਲ ਖਾਣ ਲਈ ਮਜਬੂਰ ਕਰ ਦਿੱਤਾ। ਆਦਮ ਨੇ ਸ਼ੈਤਾਨ ਦੀਆਂ ਗੱਲਾਂ ਵਿਚ

[30] 2:34.
[31] 30:85

ਆ ਕੇ ਰੱਬ ਦੀ ਹੁਕਮ ਅਦੂਲੀ ਕੀਤੀ। ਰੱਬ ਨੇ ਸ਼ੈਤਾਨ ਅਤੇ ਆਦਮ ਨੂੰ ਧਰਤੀ ਤੇ ਜਾਣ ਦਾ ਹੁਕਮ ਦਿੱਤਾ। ਆਦਮ ਨੇ ਰੱਬ ਤੋਂ ਮੁਆਫੀ ਮੰਗੀ। ਰੱਬ ਨੇ ਉਸਨੂੰ ਮੁਆਫ਼ ਤਾਂ ਕਰ ਦਿੱਤਾ ਪਰ ਧਰਤੀ 'ਤੇ ਭੇਜਣ ਦਾ ਫੈਸਲਾ ਨਾ ਬਦਲਿਆ। ਨਾਲ ਹੀ ਆਦਮ ਨੂੰ ਕਿਹਾ ਕਿ ਤੂੰ ਧਰਤੀ ਤੇ ਆਪ ਮੁਹਾਰਾ ਨਹੀਂ ਹੋਵੇਂਗਾ। ਮੈਂ ਧਰਤੀ ਉਪਰ ਤੇਰੀ ਪੈਰਵੀ ਕਰਦਾ ਰਹਾਂਗਾ। ਕੁਰਆਨ ਦਾ ਕਥਨ ਹੈ:

> ਅਸੀਂ ਆਖਿਆ ਕਿ ਤੁਸੀਂ ਸਾਰੇ ਇਥੋਂ ਉਤਰ ਜਾਓ। ਫਿਰ ਜੇ ਮੇਰੇ ਵਲੋਂ ਕੋਈ ਹਦਾਇਤ ਤੁਹਾਨੂੰ ਪਹੁੰਚੇ ਤਾਂ ਜਿਹੜੇ ਲੋਕ ਮੇਰੀ ਉਸ ਹਦਾਇਤ ਦੀ ਪਾਲਣਾ ਕਰਨਗੇ। ਉਨ੍ਹਾਂ ਨੂੰ ਕੋਈ ਡਰ ਤੇ ਚਿੰਤਾ ਨਹੀਂ ਹੋਵੇਗੀ ਅਤੇ ਜਿਹੜੇ ਇਸਨੂੰ ਕਬੂਲਣੋਂ ਇਨਕਾਰ ਕਰਨਗੇ ਅਤੇ ਸਾਡੀਆਂ ਆਇਤਾਂ ਨੂੰ ਝੁਠਲਾਉਣਗੇ ਉਹ ਅੱਗ (ਨਰਕ) ਵਿਚ ਜਾਣ ਵਾਲੇ ਹਨ ਜਿਥੇ ਉਹ ਸਦਾ ਰਹਿਣਗੇ।[32]

ਉਪਰੋਕਤ ਘਟਨਾਵਾਂ ਤੋਂ ਆਦਮ ਦੀ ਸਿਰਜਣਾ ਅਤੇ ਉਸਦਾ ਧਰਤੀ ਤੇ ਆਗਮਨ ਦਾ ਪਤਾ ਚੱਲਦਾ ਹੈ। ਨਾਲ ਹੀ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸ਼ੈਤਾਨ ਰੱਬ ਅਤੇ ਆਦਮ ਦੇ ਖਿਲਾਫ਼ ਖਲੋਤਾ ਹੈ। ਇਹ ਘਟਨਾਵਾਂ ਬੰਦਗੀ ਦਾ ਮੁੱਢ ਹਨ।

## 2. ਪੈਗ਼ੰਬਰਾਂ ਦੀ ਆਮਦ

ਰੱਬ ਦੀ ਬੰਦਗੀ ਰੱਬ ਦੀ ਆਗਿਆਕਾਰੀ ਹੈ। ਮਨੁੱਖ ਧਰਤੀ 'ਤੇ ਖਾਸ ਮਕਸਦ ਨਾਲ ਆਇਆ ਹੈ। ਰੱਬ ਚਾਹੁੰਦਾ ਹੈ ਕਿ ਮਨੁੱਖ ਮੇਰੇ ਆਗਿਆਕਾਰ ਬਣਨ ਪਰ ਸ਼ੈਤਾਨ ਚਾਹੁੰਦਾ ਹੈ ਕਿ ਮਨੁੱਖ ਰੱਬ ਦੀ ਮੁਖਾਲਫ਼ਤ ਕਰਨ। ਸ਼ੈਤਾਨ ਨੇ ਹਜ਼ਰਤ ਇਬਰਾਹੀਮ (ਅ.) ਨੂੰ ਪੁੱਤਰ ਦਾ ਮੋਹ ਜਤਾ ਕੇ ਅੱਲਾਹ ਦੇ ਰਸਤੇ ਤੋਂ ਰੋਕਿਆ ਸੀ। ਹਜ਼ਰਤ ਇਬਰਾਹੀਮ ਨੇ ਸ਼ੈਤਾਨ ਦੇ ਪੱਥਰ ਮਾਰੇ। ਅੱਜ ਵੀ ਹਾਜੀ ਮੱਕੇ ਦੀ ਜਿਆਰਤ ਕਰਦਿਆਂ ਸ਼ੈਤਾਨ ਦੇ ਬੁੱਤ ਨੂੰ ਪੱਥਰ ਮਾਰ ਕੇ ਸ਼ੈਤਾਨ ਦੇ ਰਸਤੇ 'ਤੇ ਨਾ ਚਲਣ ਦਾ ਅਮਲ ਦੁਹਰਾਉਂਦੇ ਹਨ। ਰੱਬ ਨੇ ਮਨੁੱਖ ਦੀ ਅਗਵਾਈ ਲਈ ਸਮੇਂ-ਸਮੇਂ ਆਪਣੇ ਪੈਗੰਬਰ ਅਤੇ ਕਿਤਾਬਾਂ ਭੇਜੀਆਂ। ਕੁਰਆਨ ਵਿਚ 28 ਪੈਗ਼ੰਬਰਾਂ ਦਾ ਜ਼ਿਕਰ ਹੈ। ਪੈਗੰਬਰਾਂ ਵਿਚ ਹਜ਼ਰਤ ਆਦਮ (ਅ.) ਤੋਂ ਬਾਅਦ ਹਜ਼ਰਤ ਇਦਰੀਸ (ਅ.), ਹਜ਼ਰਤ ਨੂਹ (ਅ.), ਹਜ਼ਰਤ ਹੂਦ (ਅ.), ਹਜ਼ਰਤ ਸਾਲੇਹ (ਅ.), ਹਜ਼ਰਤ ਇਬਰਾਹੀਮ (ਅ.), ਹਜ਼ਰਤ ਇਸਮਾਈਲ (ਅ.), ਹਜ਼ਰਤ ਇਸਹਾਕ (ਅ.), ਹਜ਼ਰਤ ਲੂਤ (ਅ.), ਹਜ਼ਰਤ ਯਾਕੂਬ (ਅ.), ਹਜ਼ਰਤ ਯੂਸਫ਼ (ਅ.), ਹਜ਼ਰਤ ਅਯੂਬ (ਅ.), ਹਜ਼ਰਤ ਸ਼ੁਐਬ (ਅ.), ਹਜ਼ਰਤ ਮੂਸਾ (ਅ.) ਹਜ਼ਰਤ ਹਾਰੂਨ (ਅ.), ਹਜ਼ਰਤ ਯੋਸ਼ੁਆ (ਅ.), ਹਜ਼ਰਤ ਸਮੂਏਲ (ਅ.), ਹਜ਼ਰਤ ਜ਼ੁਲਕਫ਼ਿਲ (ਅ.), ਹਜ਼ਰਤ ਇਜਕੀਏਲ (ਅ.), ਹਜ਼ਰਤ ਇਲੀਆਸ (ਅ.), ਹਜ਼ਰਤ ਅਲਯਸਾਯ (ਅ.), ਹਜ਼ਰਤ ਦਾਊਦ (ਅ.), ਹਜ਼ਰਤ ਸੁਲੇਮਾਨ (ਅ.), ਹਜ਼ਰਤ ਇਜਰਾ (ਅ.), ਹਜ਼ਰਤ ਯੂਨਸ (ਅ.), ਹਜ਼ਰਤ ਜਕਰੀਆ (ਅ.), ਹਜ਼ਰਤ ਯਾਹਯਾ (ਅ.), ਹਜ਼ਰਤ ਈਸਾ ਅਤੇ ਹਜ਼ਰਤ ਮੁਹੰਮਦ (ਸ.) ਭੇਜੇ। ਇਨ੍ਹਾਂ ਵਿਚੋਂ ਹਜ਼ਰਤ ਯੋਸ਼ੁਆ

---

[32] 2:38-39.

(ਅ.), ਹਜ਼ਰਤ ਸਮੂਏਲ (ਅ.) ਅਤੇ ਹਜ਼ਰਤ ਇਜਕੀਏਲ (ਅ.) ਬਾਰੇ ਜਾਣਕਾਰੀ ਘੱਟ ਹੈ। ਸ਼ੁਰੂ ਵਿਚ ਆਦਮ ਰੱਬ ਦਾ ਆਗਿਆਕਾਰ ਸੀ। ਉਹ ਭੋਲਾ, ਸ਼ਾਂਤ, ਸਿਆਣਾ ਸੀ ਪਰ ਉਸ ਨੂੰ ਸ਼ੈਤਾਨ ਨੇ ਆਪਣੇ ਪਿਛੇ ਲਾ ਲਿਆ ਅਤੇ ਰੱਬ ਦੇ ਰਸਤੇ ਤੋਂ ਮੁਨਕਰ ਕੀਤਾ। ਕੁਰਆਨ ਵਿਚ ਬੰਦਗੀ ਆਦਮ ਵਰਗੇ ਬਣਨ ਦਾ ਨਾਮ ਹੈ। ਇਸ ਨੂੰ ਕੁਰਆਨ ਨੇ ਰਾਹ-ਏ ਰਾਸਤ ਭਾਵ ਆਦਮ ਦਾ ਰਸਤਾ ਜਾਂ ਸਿੱਧਾ ਰਸਤਾ ਵੀ ਕਿਹਾ ਹੈ। ਮੁੱਢ ਵਿਚ ਸਾਰੇ ਲੋਕ ਸਿੱਧੇ ਰਸਤੇ ਉਪਰ ਸਨ। ਉਨ੍ਹਾਂ ਸ਼ੈਤਾਨ ਦੇ ਮਗਰ ਲੱਗ ਕੇ ਦੂਜਾ ਰਸਤਾ ਤਿਆਰ ਕਰ ਲਿਆ। ਰੱਬ ਨੇ ਲੋਕਾਂ ਨੂੰ ਸਿੱਧੇ ਰਸਤੇ ਉਪਰ ਲਿਆਉਣ ਲਈ ਪੈਗ਼ੰਬਰ ਅਤੇ ਕਿਤਾਬਾਂ ਭੇਜੀਆਂ:

> ਆਰੰਭ ਵਿਚ ਸਾਰੇ ਲੋਕ ਇਕੋ ਰਸਤੇ ਉਪਰ ਸਨ (ਫੇਰ ਇਹ ਹਾਲਤ ਬਾਕੀ ਨਾ ਰਹੀ ਤੇ ਮਤਭੇਦ ਪ੍ਰਗਟ ਹੋ ਗਏ) ਤਾਂ ਅੱਲਾਹ ਨੇ ਨਬੀ ਭੇਜੇ, ਜੋ ਸਿੱਧੇ ਰਾਹ ਟੁਰਨ ਵਾਲਿਆਂ ਨੂੰ ਖ਼ੁਸ਼ਖ਼ਬਰੀ ਦੇਣ ਅਤੇ ਪੁੱਠੇ ਰਾਹ ਚੱਲਣ ਵਾਲਿਆਂ ਨੂੰ ਖ਼ੁਸ਼ਖ਼ਬਰੀ ਦੇਣ ਅਤੇ ਪੁੱਠੇ ਰਾਹ ਚੱਲਣ ਦੇ ਸਿੱਟਿਆਂ ਤੋਂ ਡਰਾਉਣ ਵਾਲੇ ਸਨ ਅਤੇ ਉਨ੍ਹਾਂ ਨਾਲ ਸੱਚੀ ਕਿਤਾਬ ਵੀ ਉਤਾਰੀ ਤਾਂ ਜੋ ਸਚਾਈ ਬਾਰੇ ਲੋਕਾਂ ਵਿਚਕਾਰ ਜਿਹੜੇ ਮਤਭੇਦ ਪੈਦਾ ਹੋ ਗਏ ਸਨ, ਉਨ੍ਹਾਂ ਦਾ ਨਬੇੜਾ ਕਰ ਦੇਵੇ (ਅਤੇ ਇਨ੍ਹਾਂ ਮਤਭੇਦਾਂ ਦੇ ਪ੍ਰਗਟ ਹੋਣ ਦਾ ਕਾਰਨ ਇਹ ਨਹੀਂ ਸੀ ਕਿ ਆਰੰਭ ਵਿਚ ਲੋਕਾਂ ਨੂੰ ਸਚਾਈ ਦਾ ਗਿਆਨ ਦਿੱਤਾ ਨਹੀਂ ਗਿਆ ਸੀ) ਨਹੀਂ, ਮਤਭੇਦ ਉਨ੍ਹਾਂ ਲੋਕਾਂ ਨੇ ਕੀਤਾ, ਜਿੰਨ੍ਹਾਂ ਨੂੰ ਸਤਿ ਦਾ ਗਿਆਨ ਬਖਸ਼ਿਆ ਜਾ ਚੁੱਕਾ ਸੀ। ਉਨ੍ਹਾਂ ਨੇ ਸਾਫ਼ ਹਦਾਇਤਾਂ ਮਿਲ ਜਾਣ ਪਿਛੋਂ ਸਚਾਈ ਨੂੰ ਛੱਡ ਕੇ ਕੇਵਲ ਇਸ ਲਈ ਵੱਖੋ ਵੱਖ ਰਸਤੇ ਕੱਢੇ ਕਿ ਉਹ ਆਪੋ ਵਿਚ ਵਧੀਕੀ ਕਰਨਾ ਚਾਹੁੰਦੇ ਸਨ, ਸੋ ਜਿਹੜੇ ਲੋਕ ਪੈਗ਼ੰਬਰਾਂ ਉਤੇ ਈਮਾਨ ਲੈ ਆਏ, ਉਨ੍ਹਾਂ ਨੂੰ ਅੱਲਾਹ ਨੇ ਆਪਣੇ ਹੁਕਮ ਨਾਲ ਉਸ ਸਚਾਈ ਦਾ ਰਸਤਾ ਵਿਖਾ ਦਿੱਤਾ, ਜਿਸ ਵਿਚ ਲੋਕਾਂ ਨੇ ਮਤਭੇਦ ਕੀਤਾ ਸੀ। ਅੱਲਾਹ ਜਿਸਨੂੰ ਚਾਹੇ ਸਿੱਧਾ ਰਸਤਾ ਵਿਖਾ ਦਿੰਦਾ ਹੈ।[33]

ਅਸੀਂ ਪਿਛੇ ਦੱਸੇ ਗਏ ਪੈਗ਼ੰਬਰਾਂ ਵਿਚੋਂ ਹਜ਼ਰਤ ਆਦਮ (ਅ.) ਦਾ ਜ਼ਿਕਰ ਕਰ ਆਏ ਹਾਂ। ਹੁਣ ਅਗਲੇ ਪੰਨਿਆਂ 'ਤੇ ਹਜ਼ਰਤ ਨੂਹ (ਅ.), ਹਜ਼ਰਤ ਸਾਲੇਹ (ਅ.), ਹਜ਼ਰਤ ਇਬਰਾਹੀਮ (ਅ.), ਹਜ਼ਰਤ ਯਾਕੂਬ (ਅ.), ਹਜ਼ਰਤ ਯੂਸੁਫ਼ (ਅ.), ਹਜ਼ਰਤ ਸ਼ੁਐਬ (ਅ.), ਹਜ਼ਰਤ ਮੂਸਾ (ਅ.), ਹਜ਼ਰਤ ਇਲੀਆਸ (ਅ.), ਹਜ਼ਰਤ ਦਾਊਦ (ਅ.), ਹਜ਼ਰਤ ਸੁਲੇਮਾਨ (ਅ.), ਹਜ਼ਰਤ ਲੂਤ (ਅ.), ਹਜ਼ਰਤ ਯੂਨੁਸ (ਅ.), ਹਜ਼ਰਤ ਯਾਹਯਾ (ਅ.), ਹਜ਼ਰਤ ਈਸਾ (ਅ.) ਅਤੇ ਹਜ਼ਰਤ ਮੁਹੰਮਦ (ਸ.) ਦਾ ਜ਼ਿਕਰ ਕਰ ਰਹੇ ਹਾਂ।

ਆਦਮ ਦੇ ਦੋ ਪੁੱਤਰ ਹਾਬਿਲ ਅਤੇ ਕਾਬਿਲ ਸਨ। ਅੱਲਾਹ ਨੇ ਹਾਬਿਲ ਦੀ ਭੇਟ ਸਵੀਕਾਰ ਕਰ ਲਈ ਤਾਂ ਕਾਬਿਲ ਨੇ ਆਪਣੇ ਭਰਾ ਦਾ ਕਤਲ ਕਰ ਦਿੱਤਾ। ਅੱਲਾਹ ਨੇ ਇੱਕ ਕਾਂ ਨੂੰ ਭੇਜਿਆ ਜਿਸਨੇ ਧਰਤੀ ਪੁੱਟੀ ਤਾਂ ਭਰਾ ਦੀ ਲਾਸ਼ ਨੂੰ ਦਫ਼ਨਾਇਆ ਗਿਆ। ਇਸ ਕਤਲ ਬਾਰੇ ਕੁਰਆਨ ਦਾ ਕਹਿਣਾ ਹੈ:

> ਇਸੇ ਕਾਰਨ ਇਸਮਾਈਲ ਦੀ ਸੰਤਾਨ ਲਈ ਅਸਾਂ ਇਹ ਫ਼ਰਮਾਨ ਲਿਖ ਦਿੱਤਾ ਸੀ ਕਿ "ਜਿਸ ਨੇ ਕਿਸੇ ਮਨੁੱਖ ਨੂੰ ਖ਼ੂਨ ਦੇ ਬਦਲੇ ਜਾਂ ਧਰਤੀ ਉਤੇ ਵਿਗਾੜ ਫੈਲਾਉਣ ਤੋਂ ਛੁੱਟ ਕਿਸੇ ਹੋਰ ਕਾਰਨੋਂ ਕਤਲ ਕੀਤਾ

[33] 2: 213.

> ਉਸਨੇ ਤਾਂ ਜਿਵੇਂ ਸਾਰੇ ਲੋਕਾਂ ਨੂੰ ਕਤਲ ਕਰ ਦਿੱਤਾ ਅਤੇ ਜਿਸਨੇ ਕਿਸੇ ਦੀ ਜਾਨ ਬਚਾਈ ਉਸਨੇ ਜਿਵੇਂ 'ਲੋਕਾਂ' ਨੂੰ ਜੀਵਨ ਦਾਨ ਦਿੱਤਾ।[34]

ਪੈਗ਼ੰਬਰਾਂ ਦਾ ਪ੍ਰਚਾਰ ਹੀ ਇਸ ਦੁਆਲੇ ਘੁੰਮਦਾ ਹੈ ਕਿ ਉਹ ਸਿੱਧੇ ਰਾਹ ਦੀਆਂ ਖੁਸ਼ੀਆਂ ਅਤੇ ਪੁੱਠੇ ਰਾਹ ਦੀਆਂ ਤਕਲੀਫਾਂ ਬਾਰੇ ਦੱਸਦੇ ਹਨ। ਇਸਤੋਂ ਅੱਗੇ ਅੱਲਾਹ ਆਪ ਜਾਣਦਾ ਹੈ:

> ਹੁਣ ਜੇ ਹੇ ਨਬੀ! ਇਹ ਲੋਕ ਤੁਹਾਡੇ ਨਾਲ ਝਗੜਾ ਕਰਨ ਤਾਂ ਇਨ੍ਹਾਂ ਨੂੰ ਆਖੋ, 'ਮੈਂ ਤੇ ਮੇਰੇ ਮੰਨਣ ਵਾਲਿਆਂ ਨੇ ਅੱਲਾਹ ਦੇ ਅੱਗੇ ਸੀਸ ਨਿਵਾ ਦਿੱਤਾ ਹੈ। ਫੇਰ ਕਿਤਾਬ ਵਾਲਿਆਂ ਅਤੇ ਜਿਨ੍ਹਾਂ ਨੂੰ ਕਿਤਾਬ ਨਹੀਂ ਮਿਲੀ ਉਨ੍ਹਾਂ ਦੋਵਾਂ ਤੋਂ ਪੁੱਛੋਂ, "ਕੀ ਤੁਸਾਂ ਵੀ ਉਸਦੀ ਤਾਬੇਦਾਰੀ ਅਤੇ ਅਧੀਨਗੀ ਕਬੂਲ ਕਰ ਲਈ" ਜੇ ਕਰ ਲਈ ਤਾਂ ਉਹਨਾਂ ਨੇ ਸਿੱਧਾ ਰਸਤਾ ਲੱਭ ਲਿਆ ਤੇ ਜੇ ਇਸਤੋਂ ਮੁੱਖ ਫੇਰ ਲਿਆ ਤਾਂ ਤੁਹਾਡੇ ਉਤੇ ਕੇਵਲ ਸੁਨੇਹਾ ਪਹੁੰਚਾ ਦੇਣ ਦੀ ਜ਼ਿੰਮੇਵਾਰੀ ਸੀ। ਅੱਗੇ ਅੱਲਾਹ ਆਪ ਆਪਣੇ ਬੰਦਿਆਂ ਦੇ ਮਾਮਲਿਆਂ ਨੂੰ ਵੇਖਣ ਵਾਲਾ ਹੈ।[35]

ਅੱਲਾਹ ਨੇ ਲੋਕਾਂ ਨੂੰ ਸਿੱਧੇ ਰਸਤੇ ਉਪਰ ਤੋਰਨ ਲਈ ਸਮੇਂ-ਸਮੇਂ ਆਦਮ, ਨੂਹ, ਇਬਰਾਹੀਮ ਅਤੇ ਇਮਰਾਨ ਦੇ ਘਰਾਣੇ ਨੂੰ ਚੁਣਿਆ ਸੀ। ਇਮਰਾਨ ਦੇ ਘਰਾਣੇ ਚੋਂ ਮਰੀਅਮ ਸੀ ਜਿਸਤੋਂ 'ਈਸਾ' ਦਾ ਜਨਮ ਹੋਇਆ ਸੀ:

> ਅੱਲਾਹ ਨੇ ਆਦਮ, ਨੂਹ, ਇਬਰਾਹੀਮ ਦੇ ਘਰਾਣੇ ਅਤੇ ਇਮਰਾਨ ਦੇ ਘਰਾਣੇ ਨੂੰ ਸਾਰੇ ਸੰਸਾਰ ਵਾਲਿਆਂ ਵਿਚੋਂ ਪਹਿਲ ਦੇ ਕੇ (ਆਪਣੀ ਪੈਗ਼ੰਬਰੀ ਲਈ) ਚੁਣਿਆ ਸੀ। ਇਹ ਇੱਕ ਸਿਲਸਿਲੇ ਦੇ ਲੋਕ ਸਨ ਜਿਹੜੇ, ਇੱਕ ਦੂਜੇ ਦੀ ਨਸਲੋਂ ਜਨਮੇ ਸਨ। ਅੱਲਾਹ ਸਭ ਕੁਝ ਸੁਣਦਾ ਤੇ ਜਾਣਦਾ ਹੈ।[36]

## ਨੂਹ (ਅ.)

ਨੂਹ ਨੇ ਆਪਣੇ ਲੋਕਾਂ ਨੂੰ ਸਿੱਧੇ ਰਾਹ ਤੇ ਆਉਣ ਲਈ ਪ੍ਰੇਰਿਆ ਸੀ। ਪਰ ਲੋਕਾਂ ਨੇ ਉਹਦੀ ਗੱਲ ਤਾਂ ਕੀ ਸੁਣਨੀ ਸੀ, ਉਲਟਾ ਉਸਦਾ ਮਖ਼ੌਲ ਉਡਾਇਆ। ਅੱਲਾਹ ਦੇ ਹੁਕਮ ਨਾਲ ਨੂਹ ਕੇ ਇਕ ਬੇੜੀ ਤਿਆਰ ਕੀਤੀ। ਲੋਕ ਹੱਸਦੇ ਸਨ ਉਹ ਬੇੜੀ ਨੂੰ ਸੁੱਕੀ ਧਰਤੀ ਤੇ ਚਲਾਵੇਗਾ। ਨੂਹ ਦੇ ਪੁੱਤਰ ਨੇ ਨੂਹ ਤੋਂ ਮੁਖ ਫੇਰ ਲਿਆ ਅਤੇ ਇਨਕਾਰੀਆਂ ਵਿਚ ਜਾ ਰਲਿਆ। ਅੱਲਾਹ ਨੇ ਹੀ ਆਦ ਵੱਲ ਹੂਦ ਨੂੰ, ਸਮੂਦ ਵੱਲ ਸਾਲਿਹ ਨੂੰ ਭੇਜਿਆ ਤਾਂ ਕਿ ਲੋਕ ਸਿੱਧੇ ਰਾਹ ਤੇ ਆਉਣ। ਇਬਰਾਹੀਮ ਨੂੰ ਬੁਢਾਪੇ ਵਿੱਚ ਪੁੱਤਰ ਦਿੱਤਾ। ਅੱਲਾਹ ਨੇ ਲੂਤ ਅਤੇ ਉਸਦੇ ਪਰਿਵਾਰ ਨੂੰ ਬਚਾਇਆ। ਸੁਐਬ ਨੂੰ ਭੇਜਿਆ ਤਾਂ ਜੋ ਮਦਯਨ ਵਾਲਿਆਂ ਵਿਚ ਸਿੱਧੇ ਰਾਹ ਦਾ ਪ੍ਰਚਾਰ ਹੋਵੇ। ਈਮਾਨ ਦੇ ਰਸਤੇ ਵਿੱਚ ਨੂਹ ਅਤੇ ਲੂਤ ਦੀਆਂ ਪਤਨੀਆਂ ਨੇ ਉਨ੍ਹਾਂ ਦਾ ਸਾਥ ਨਹੀਂ ਦਿੱਤਾ ਸੀ:

> ਅੱਲਾਹ ਇਨਕਾਰੀਆਂ ਦੀ ਮਾਮਲੇ ਵਿਚ ਨੂਹ ਅਤੇ ਲੂਤ ਦੀਆਂ ਪਤਨੀਆਂ ਨੂੰ ਉਦਾਹਰਣ ਵਲੋਂ ਪੇਸ਼ ਕਰਦਾ ਹੈ। ਉਹ ਸਾਡੇ ਨੇਕ ਬੰਦਿਆਂ ਦੇ ਨਿਕਾਹ ਵਿਚ ਸਨ, ਪਰ ਉਹਨਾਂ ਨੇ ਆਪਣੇ ਉਨ੍ਹਾਂ ਪਤੀਆਂ ਨਾਲ ਵਿਸ਼ਵਾਸਘਾਤ ਕੀਤਾ ਅਤੇ ਉਹ ਅੱਲਾਹ ਦੇ ਟਾਕਰੇ ਤੇ ਉਹਨਾਂ ਦੇ ਕੁਝ ਵੀ ਕੰਮ ਨਾ ਆ ਸਕੇ। ਦੋਵਾਂ ਨੂੰ ਆਖ ਦਿੱਤਾ ਗਿਆ ਕਿ ਜਾਓ, ਅੱਗ ਵਿੱਚ ਜਾਣ ਵਾਲਿਆਂ ਨਾਲ ਤੁਸੀਂ ਵੀ ਚਲੀਆਂ ਜਾਓ। ਈਮਾਨ ਵਾਲਿਆਂ ਦੇ ਮਾਮਲੇ ਵਿਚ ਅੱਲਾਹ ਫਿਰਔਨ ਦੀ ਪਤਨੀ ਦੀ ਉਦਾਹਰਣ ਦਿੰਦਾ ਹੈ। ਜਦੋਂ ਕਿ ਉਸ ਨੇ

---

[34] 5:32.
[35] 2:19-20.
[36] 3:33.

> ਅਰਦਾਸ ਕੀਤੀ, "ਹੇ ਮੇਰਿਆ ਰੱਬਾ! ਮੇਰੇ ਲਈ ਆਪਣੇ ਕੋਲ ਸਵਰਗ ਵਿੱਚ ਇੱਕ ਘਰ ਬਣਾ ਦੇ ਅਤੇ ਮੈਨੂੰ ਫਿਰਔਨ ਤੇ ਉਸ ਦੇ ਅਮਲਾਂ ਤੋਂ ਬਚਾ ਲੈ ਅਤੇ ਮੈਨੂੰ ਜ਼ਾਲਮ ਲੋਕਾਂ ਤੋਂ ਛੁਟਕਾਰਾ ਦੁਆ ਦੇ।" ਇਮਰਾਨ ਦੀ ਸਪੁੱਤਰੀ ਮਰੀਅਮ ਦੀ ਉਦਾਹਰਣ ਦਿੰਦਾ ਹੈ ਜਿਸ ਨੇ ਆਪਣੇ ਜਤਿ-ਸਤਿ ਦੀ ਰਾਖੀ ਕੀਤੀ ਸੀ। ਫੇਰ ਅਸੀਂ ਉਸ ਅੰਦਰ ਦੇ ਆਪਣੇ ਵੱਲੋਂ ਰੂਹ ਫੂਕ ਦਿੱਤੀ ਅਤੇ ਉਸ ਨੇ ਆਪਣੇ ਰੱਬ ਦੇ ਬੋਲਾਂ ਤੇ ਉਸਦੀਆਂ ਕਿਤਾਬਾਂ ਦੀ ਪੁਸ਼ਟੀ ਕੀਤੀ ਅਤੇ ਉਹ ਆਗਿਆਕਾਰਾਂ ਵਿਚੋਂ ਸੀ।[37]

ਈਮਾਨ ਸਭ ਲਈ ਸਾਂਝਾ ਹੈ। ਕੁਰਆਨ ਨੇ ਨੂਹ ਦੀ ਪਤਨੀ ਅਤੇ ਲੂਤ ਦੀ ਪਤਨੀ, ਫਿਰਔਨ ਦੀ ਪਤਨੀ ਅਤੇ ਬੀਬੀ ਮਰੀਅਮ ਦਾ ਜ਼ਿਕਰ ਕੀਤਾ ਕਿ ਕਿਵੇਂ ਈਮਾਨ ਕਿਸੇ ਦੀ ਨਿੱਜੀ ਮਲਕੀਅਤ ਨਹੀਂ ਹੈ। ਇਸ ਮਾਮਲੇ ਚੋਂ ਵਿਸ਼ੇਸ਼ ਕਰਕੇ ਹਜ਼ੂਰ (ਸ.) ਦੀਆਂ ਸੁਪਤਨੀਆਂ ਸਾਹਮਣੇ ਤਿੰਨ ਪ੍ਰਕਾਰ ਦੀਆਂ ਇਸਤਰੀਆਂ ਨੂੰ ਮਿਸਾਲ ਵੱਲੋਂ ਪੇਸ਼ ਕੀਤਾ ਗਿਆ ਹੈ:

> ਇਕ ਉਦਾਹਰਣ ਹਜ਼ਰਤ ਨੂਹ ਅਤੇ ਹਜ਼ਰਤ ਲੂਤ (ਅ.) ਦੀਆਂ ਕਾਫ਼ਰ ਪਤਨੀਆਂ ਦੀ ਹੈ। ਜਿਨ੍ਹਾਂ ਲਈ ਨਬੀਆਂ ਦੀਆਂ ਪਤਨੀਆਂ ਹੋਣਾ ਵੀ ਕੁੱਝ ਲਾਹੇਵੰਦ ਸਿੱਧ ਨਾ ਹੋਇਆ। ਦੂਜੀ ਉਦਾਹਰਣ ਫਿਰਔਨ ਦੀ ਪਤਨੀ ਦੀ ਹੈ, ਕਿਉਂ ਜੋ ਉਹ ਈਮਾਨ ਲੈ ਆਈ ਸੀ ਇਸ ਲਈ ਫਿਰਔਨ ਵਰਗੇ ਕੱਟੜ ਕਾਫ਼ਰ ਦੀ ਪਤਨੀ ਹੋਣਾ ਵੀ ਉਸ ਬੀਬੀ ਲਈ ਕਿਸੇ ਨੁਕਸਾਨ ਦਾ ਮੂਜਬ ਨਾ ਹੋਇਆ। ਤੀਜੀ ਉਦਾਹਰਣ ਹਜ਼ਰਤ ਬੀਬੀ ਮਰੀਅਮ ਦੀ ਹੈ। ਜਿਸ ਨੂੰ ਇਹ ਉੱਚਾ ਮਰਾਤਬਾ ਇਸ ਲਈ ਮਿਲਿਆ ਕਿ ਅੱਲਾਹ ਨੇ ਜਿਸ ਕਰੜੀ ਅਜ਼ਮਾਇਸ਼ ਵਿੱਚ ਉਸਨੂੰ ਪਾਉਣ ਦਾ ਫੈਸਲਾ ਕੀਤਾ ਸੀ: ਉਹਨੇ ਉਸਨੂੰ ਖਿੜੇ ਮੱਥੇ ਪਰਵਾਨ ਕਰ ਲਿਆ।[38]

ਨੂਹ ਨੇ ਆਪਣੀ ਕੌਮ ਵਾਲਿਆਂ ਨੂੰ ਸੂਚੇਤ ਕੀਤਾ ਕਿ ਅੱਲਾਹ ਦੀ ਬੰਦਗੀ ਕਰੋ, ਉਸ ਤੋਂ ਡਰੋ। ਜਦ ਨੂਹ ਨੇ ਇਨਕਾਰੀਆਂ ਨੂੰ ਤੱਕਿਆ ਕਿ ਉਹ ਸਿੱਧੇ ਰਾਹ ਉਪਰ ਨਹੀਂ ਆ ਰਹੇ ਤਾਂ ਉਸਨੇ ਅੱਲਾਹ ਅੱਗੇ ਦੁਆ ਕੀਤੀ:

> ਨੂਹ ਨੇ ਆਖਿਆ, "ਹੇ ਮੇਰਿਆ ਰੱਬਾ! ਇਹਨਾਂ ਇਨਕਾਰੀਆਂ ਵਿਚੋਂ ਕੋਈ ਧਰਤੀ ਉੱਤੇ ਵੱਸਣ ਵਾਲਾ ਨਾ ਛੱਡੀ। ਜੇ ਤੂੰ ਇਹਨਾਂ ਨੂੰ ਛੱਡ ਦਿੱਤਾ ਤਾਂ ਇਹ ਤੇਰੇ ਬੰਦਿਆਂ ਨੂੰ ਕੁਰਾਹੇ ਪਾਉਣਗੇ ਅਤੇ ਇਹਨਾਂ ਦੀ ਨਸਲੋਂ ਜਿਹੜਾ ਵੀ ਪੈਦਾ ਹੋਵੇਗਾ ਦੁਰਾਚਾਰੀ ਤੇ ਵੱਡਾ ਇਨਕਾਰੀ ਹੀ ਹੋਵੇਗਾ। ਹੇ ਮੇਰਿਆ ਰੱਬਾ! ਮੈਨੂੰ, ਮੇਰੇ ਮਾਪਿਆਂ ਨੂੰ ਤੇ ਹਰੇਕ ਉਸ ਵਿਅਕਤੀ ਨੂੰ ਜਿਸਨੇ ਮੇਰੇ ਘਰ ਵਿਚ ਇੱਕ ਈਮਾਨ ਵਾਲੇ ਵਜੋਂ ਪ੍ਰਵੇਸ਼ ਕੀਤਾ ਹੈ ਅਤੇ ਸਮੂਹ ਮੋਮਨ ਪੁਰਸ਼ਾਂ ਤੇ ਬੀਬੀਆਂ ਨੂੰ ਬਖਸ਼ ਦੇ ਅਤੇ ਜ਼ਾਲਮਾਂ ਲਈ ਬਰਬਾਦੀ ਤੋਂ ਛੁੱਟ ਕਿਸੇ ਚੀਜ਼ ਵਿਚ ਵਾਧਾ ਨਾ ਕਰੀ।[39]

ਨੂਹ ਆਪਣੀ ਕੌਮ ਕੋਲ 950 ਸਾਲ ਰਿਹਾ:

> ਅਸਾਂ ਨੂਹ ਨੂੰ ਉਸਦੀ ਕੌਮ ਵੱਲ ਭੇਜਿਆ ਅਤੇ ਉਹ ਨੌ ਸੌ ਪੰਜਾਹ ਵਰ੍ਹੇ ਉਹਨਾਂ ਵਿਚਾਲੇ ਰਿਹਾ।[40]

**ਸਾਲੇਹ (ਅ.)**

ਸਾਲੇਹ ਵੀ ਰੱਬ ਦਾ ਪੈਗੰਬਰ ਸੀ। ਉਸਨੇ ਵੀ ਲੋਕਾਈ ਨੂੰ ਸਿੱਧੇ ਰਾਹ ਤੇ ਆਉਣ ਲਈ ਪ੍ਰੇਰਿਆ। ਉਸਦੇ ਨਾਲ ਦੇ ਨੌ ਜਥੇਦਾਰ ਉਸ ਨਾਲ ਗੁੱਸੇ ਹੋਏ। ਉਨ੍ਹਾਂ ਸਾਲੇਹ ਨੂੰ ਮਾਰਨ ਦਾ ਮਨ

---

37 66:10-12.
38 *ਕੁਰਆਨ ਮਜੀਦ*, ਪੰਨਾ-1020.
39 71:26-28.
40 29:14.

ਬਣਾਇਆ। ਪਰ ਅੱਲਾਹ ਨੇ ਸਾਲੇਹ ਦੀ ਰਾਖੀ ਕੀਤੀ ਅਤੇ ਵਿਰੋਧੀਆਂ ਨੂੰ ਸਬਕ ਸਿਖਾਇਆ। ਇਸ ਤਰ੍ਹਾਂ ਹੀ ਇਬਰਾਹੀਮ, ਲੂਤ, ਮੂਸਾ ਦੀ ਰਾਖੀ ਕੀਤੀ। ਕੁਰਆਨ ਇਹ ਵੀ ਤਾਕੀਦ ਕਰਦਾ ਹੈ ਕਿ ਸਿੱਧੇ ਰਸਤੇ 'ਤੇ ਨਾ ਤੁਰਨ ਵਾਲੇ ਮੁਰਦਾ, ਬੋਲੇ ਅਤੇ ਅੰਨ੍ਹੇ ਹਨ:

> ਤੁਸੀਂ ਮੋਇਆ ਨੂੰ ਨਹੀਂ ਸੁਣਾ ਸਕਦੇ, ਨਾ ਉਹਨਾਂ ਬੋਲਿਆਂ ਤੱਕ ਆਪਣੀ ਆਵਾਜ਼ ਪੁਚਾ ਸਕਦੇ ਹੋ ਜਿਹੜੇ ਪਿੱਠ ਫੇਰੀ ਨੱਸੀ ਜਾ ਰਹੇ ਹੋਣ ਅਤੇ ਨਾ ਹੀ ਅੰਨ੍ਹਿਆਂ ਨੂੰ ਰਾਹ ਦੱਸ ਕੇ ਕੁਰਾਹੇ ਪੈਣੋਂ ਬਚਾ ਸਕਦੇ ਹੋ। ਤੁਸੀਂ ਤਾਂ ਆਪਣੀ ਗੱਲ ਉਹਨਾਂ ਲੋਕਾਂ ਨੂੰ ਹੀ ਸੁਣਾ ਸਕਦੇ ਹੋ ਜਿਹੜੇ ਸਾਡੀਆਂ ਆਇਤਾਂ ਤੋਂ ਈਮਾਨ ਲਿਆਉਂਦੇ ਹਨ ਤੇ ਫਿਰ ਆਗਿਆਕਾਰ ਬਣ ਜਾਂਦੇ ਹਨ।[41]

### ਇਬਰਾਹੀਮ (ਅ.)

ਉਸ ਵੇਲੇ ਲੋਕਾਂ ਵਿੱਚ ਇਹ ਝਗੜਾ ਵੱਡੇ ਪੱਧਰ ਉਪਰ ਸੀ ਕਿ ਇਬਰਾਹੀਮ ਯਹੂਦੀ ਸੀ ਜਾਂ ਇਸਾਈ। ਇਸ ਝਗੜੇ ਨੇ ਧਰਮ ਦੀ ਮੂਲ ਸਿਖਿਆ ਨੂੰ ਵਿਸਾਰ ਦਿੱਤਾ ਸੀ। ਕੁਰਆਨ ਕਹਿੰਦਾ ਹੈ ਕਿ ਇਬਰਾਹੀਮ ਤਾਂ ਸਿੱਧੇ ਰਾਹ ਦਾ ਪਾਂਧੀ ਸੀ।

> ਇਬਰਾਹੀਮ ਨਾ ਯਹੂਦੀ ਸੀ ਤੇ ਨਾ ਈਸਾਈ, ਸਗੋਂ ਉਹ ਤਾਂ ਇਕਾਗਰ ਚਿੱਤ ਮੁਸਲਿਮ ਸੀ ਅਤੇ ਉਹ ਬਿਲਕੁਲ ਸ਼ਿਰਕ ਕਰਨ ਵਾਲਿਆਂ ਵਿਚੋਂ ਨਹੀਂ ਸੀ।[42]

ਪਵਿੱਤਰ ਕੁਰਆਨ ਸਿੱਧੇ ਰਾਹ ਦੀ ਗੱਲ ਕਰਦਿਆਂ ਇਹ ਦੱਸਦਾ ਹੈ ਕਿ ਈਸਾ ਦਾ ਨਾ ਕਤਲ ਹੋਇਆ, ਨਾ ਸੂਲੀ ਚੜ੍ਹਾਇਆ ਗਿਆ ਸੀ। ਉਹ ਅੱਲਾਹ ਵੱਲੋਂ ਉਠਾ ਲਏ ਗਏ ਸਨ। ਰੱਬ ਕੇ ਅਨੇਕ ਪੈਗ਼ੰਬਰ ਰਾਹੀਂ ਆਪਣਾ ਸੁਨੇਹਾ ਦਿੱਤਾ:

> ਹੇ ਨਬੀ! ਅਸੀਂ ਤੁਹਾਡੇ ਵੱਲ ਉਸੇ ਤਰ੍ਹਾਂ 'ਵਹੀਂ ਘੱਲੀ ਹੈ ਜਿਵੇਂ ਨੂਹ ਅਤੇ ਉਸਤੋਂ ਮਗਰੋਂ ਆਉਣ ਵਾਲੇ ਪੈਗ਼ੰਬਰਾਂ ਵਲੋਂ ਘੱਲੀ ਸੀ। ਅਸਾਂ ਇਬਰਾਹੀਮ, ਇਸਮਾਈਲ, ਇਸਹਾਕ, ਯਾਕੂਬ ਅਤੇ ਯਾਕੂਬ ਦੀ ਸੰਤਾਨ ਈਸਾ, ਅੱਯੂਬ, ਯੂਨੁਸ, ਹਾਰੂਨ ਅਤੇ ਸੁਲੇਮਾਨ ਵੱਲ ਵਹੀ ਭੇਜੀ। ਅਸਾਂ ਦਾਊਦ ਨੂੰ ਜਬੂਰ ਦਿੱਤੀ। ਅਸੀਂ ਉਹਨਾਂ ਰਸੂਲਾਂ ਉਤੇ ਵੀ ਨਹੀਂ ਨਾਜ਼ਲ ਕੀਤੀ ਜਿਹਨਾਂ ਦਾ ਹਾਲ ਅਸੀਂ ਇਸ ਤੋਂ ਪਹਿਲਾਂ ਤੁਹਾਨੂੰ ਸੁਣਾ ਚੁੱਕੇ ਹਾਂ ਅਤੇ ਉਹਨਾਂ ਰਸੂਲਾਂ ਉਤੇ ਵੀ ਜਿਹਨਾਂ ਦਾ ਜ਼ਿਕਰ ਤੁਹਾਡੇ ਕੋਲ ਨਹੀਂ ਕੀਤਾ। ਅਸਾਂ ਮੂਸਾ ਨਾਲ ਇਸ ਤਰ੍ਹਾਂ ਗੱਲਬਾਤ ਕੀਤੀ ਜਿਵੇਂ ਗੱਲਬਾਤ ਕੀਤੀ ਜਾਂਦੀ ਹੈ।[43]

ਇਸ ਸਿੱਧੇ ਰਸਤੇ ਵਿਚ ਯਹੂਦੀ ਅਤੇ ਇਸਾਈਆਂ ਦੇ ਝਗੜੇ ਵੀ ਸਨ। ਉਹ ਆਪਣੇ ਆਪ ਨੂੰ ਉੱਚੀ ਸ਼੍ਰੇਣੀ ਆਖਦੇ ਹਨ ਅਤੇ ਅੱਲਾਹ ਦੇ ਪੁੱਤਰ ਸਮਝਦੇ ਸਨ। ਕੁਰਆਨ ਇਸ ਤੱਥ ਦਾ ਖੰਡਨ ਹੈ:

> ਯਹੂਦੀ ਤੇ ਈਸਾਈ ਆਖਦੇ ਹਨ ਕਿ ਅਸੀਂ ਅੱਲਾਹ ਦੇ ਪੁੱਤਰ ਅਤੇ ਉਹਦੇ ਲਾਡਲੇ ਹਾਂ। ਉਹਨਾਂ ਤੋਂ ਪੁੱਛੋਂ, ਫੇਰ ਉਹ ਤੁਹਾਡੇ ਗੁਨਾਹਾਂ ਉਤੇ ਤੁਹਾਨੂੰ ਸਜ਼ਾ ਕਿਉਂ ਦਿੰਦਾ ਹੈ? ਅਸਲ ਵਿਚ ਤੁਸੀਂ ਵੀ ਉਸੇ ਤਰ੍ਹਾਂ ਦੇ ਮਨੁੱਖ ਹੋ ਜਿਹੋ ਜਿਹੇ ਦੂਜੇ ਮਨੁੱਖ ਰੱਬ ਨੇ ਪੈਦਾ ਕੀਤੇ ਹਨ।[44]

---

[41] 27:80 ਤੇ 81.
[42] 3:67.
[43] 4:63-64.
[44] 5:18.

ਇਬਰਾਹੀਮ ਨਾਲ ਇਕ ਘਟਨਾ ਵਾਪਰੀ, ਉਸਨੇ ਰਾਤ ਨੂੰ ਇਕ ਤਾਰਾ ਵੇਖਿਆ, ਫੇਰ ਚੰਨ ਵੇਖਿਆ, ਦਿਨ ਚੜ੍ਹਿਆ ਤਾਂ ਸੂਰਜ ਦੇਖਿਆ ਅਤੇ ਆਖਿਆ ਇਹ ਹੈ ਮੇਰਾ ਰੱਬ! ਤਾਰਾ, ਚੰਨ ਅਤੇ ਸੂਰਜ ਡੁੱਬ ਗਏ। ਇਬਰਾਹੀਮ ਨੇ ਕਿਹਾ, ਮੇਰਾ ਰੱਬ ਇਨ੍ਹਾਂ ਤੋਂ ਵੱਡਾ ਹੈ। ਇਬਰਾਹੀਮ ਰੱਬ ਦਾ ਬੰਦਾ ਸੀ। ਉਸਨੂੰ ਰੱਬ ਨੇ ਕਈ ਵਾਰ ਪਰਖਿਆ ਉਹ ਪਰਖ ਵਿੱਚ ਪੂਰਾ ਰਿਹਾ। ਇਬਰਾਹੀਮ ਦਾ ਪਿਤਾ ਆਜਰ ਮੂਰਤੀ ਪੂਜਕ ਸੀ। ਇਬਰਾਹੀਮ ਨੇ ਆਪਣੇ ਪਿਤਾ ਨੂੰ ਕਿਹਾ ਸੀ ਕਿ ਪਿਤਾ ਜੀ ਤੁਸੀਂ ਸਿੱਧਾ ਰਾਹ ਛੱਡ ਦਿੱਤਾ ਹੈ। ਇੱਕ ਵਾਰ ਇਬਰਾਹੀਮ ਨੇ ਅੱਲਾਹ ਨੂੰ ਪੁੱਛਿਆ ਕਿ ਕੀ ਤੇਰੀ ਇਹ ਕਿਰਪਾ ਮੇਰੀ ਔਲਾਦ ਉਪਰ ਵੀ ਰਹੇਗੀ ਤਾਂ ਅੱਲਾਹ ਨੇ ਕਿਹਾ ਮੇਰਾ ਬਚਨ ਜ਼ਾਲਮਾਂ ਬਾਰੇ ਨਹੀਂ ਹੈ:

> ਅਰਥਾਤ ਇਹ ਵਾਅਦਾ ਤੁਹਾਡੀ ਸੰਤਾਨ ਦੇ ਕੇਵਲ ਉਸ ਹਿੱਸੇ ਨਾਲ ਸਬੰਧ ਰੱਖਦਾ ਹੈ ਜਿਹੜਾ ਨੇਕ ਹੋਵੇ। ਉਨ੍ਹਾਂ ਵਿਚ ਜਿਹੜੇ ਜ਼ਾਲਮ ਹੋਣਗੇ ਉਨ੍ਹਾਂ ਲਈ ਇਹ ਵਾਅਦਾ ਨਹੀਂ ਹੈ। ਇਥੇ ਜ਼ਾਲਮ ਤੋਂ ਭਾਵ ਸਿਰਫ਼ ਮਨੁੱਖਾਂ 'ਤੇ ਜ਼ੁਲਮ ਕਰਨ ਵਾਲਾ ਹੀ ਨਹੀਂ ਸਗੋਂ ਸਚਾਈ ਨਾਲ ਜ਼ੁਲਮ ਕਮਾਉਣ ਵਾਲਾ ਵੀ ਹੈ।[45]

ਕਾਅਬੇ ਭਾਵ ਰੱਬ ਦੇ ਘਰ ਦਾ ਨਿਰਮਾਣ ਕਰਨ ਵਾਲਾ ਇਬਰਾਹੀਮ ਸੀ। ਇਬਰਾਹੀਮ ਅਤੇ ਇਸਮਾਈਲ ਨੇ ਬੜੀ ਤਨਦੇਹੀ ਨਾਲ ਕਾਅਬੇ ਦਾ ਨਿਰਮਾਣ ਕੀਤਾ। ਉਹ ਕੰਧਾਂ ਉਸਾਰਦੇ ਅਤੇ ਰੱਬ ਅੱਗੇ ਪ੍ਰਾਰਥਨਾਵਾਂ ਕਰਦੇ ਸਨ ਕਿ ਸਾਡੀ ਕੌਮ ਅਗਿਆਕਾਰ ਹੋਵੇ:

> ਹੇ ਰੱਬਾ! ਸਾਨੂੰ ਦੋਵਾਂ ਨੂੰ ਆਪਣਾ ਮੁਸਲਿਮ (ਆਗਿਆਕਾਰ) ਬਣਾ, ਸਾਡੀ ਸੰਤਾਨ ਚੋਂ ਇਕ ਅਜਿਹੀ ਕੌਮ ਉਠਾ ਜੋ ਤੇਰੀ ਆਗਿਆਕਾਰ ਹੋਵੇ, ਸਾਨੂੰ ਆਪਣੀ ਬੰਦਗੀ ਦੇ ਢੰਗ-ਤਰੀਕੇ ਦੱਸ ਦੇਵੀਂ ਅਤੇ ਸਾਡੀਆਂ ਭੁੱਲਾਂ ਨੂੰ ਖਿਮਾ ਕਰ ਦੇਵੀਂ ਤੂੰ ਵੱਡਾ ਖਿਮਾ ਕਰਨ ਵਾਲਾ ਅਤੇ ਰਹਿਮ ਫ਼ਰਮਾਉਣ ਵਾਲਾ ਹੈ।[46]

ਇਸ ਤਰ੍ਹਾਂ ਇਹ ਸਿੱਧਾ ਰਾਹ ਤੁਰਿਆ ਆਉਂਦਾ ਹੈ। ਬੰਦਗੀ ਦਾ ਰਾਹ ਦਸੇਰਾ ਅੱਲਾਹ ਹੈ ਅਤੇ ਕੁਮਾਰਗ ਪਾਉਣ ਵਾਲਾ ਸ਼ੈਤਾਨ ਹੈ। ਲੋਕ ਆਪਣੇ ਪਿਤਰੀ ਧਰਮ ਨੂੰ ਤਿਆਗਣ ਲਈ ਤਿਆਰ ਨਹੀਂ ਸਨ। ਉਹ ਸਿੱਧੇ ਰਾਹ ਦੀ ਆਵਾਜ਼ ਸੁਣ ਕੇ ਅਣਸੁਣੀ ਕਰ ਦਿੰਦੇ ਸਨ। ਇੱਕ ਵਿਅਕਤੀ ਨੇ ਇਬਰਾਹੀਮ ਨਾਲ ਰੱਬ ਲਈ ਝਗੜਾ ਕੀਤਾ ਤਾਂ ਇਬਰਾਹੀਮ ਨੇ ਹੇਠ ਲਿਖਿਆ ਵਾਕ ਕਿਹਾ ਤਾਂ ਉਸ ਵਿਅਕਤੀ ਨੂੰ ਕੋਈ ਜੁਆਬ ਨਾ ਸੁੱਝਿਆ:

> ਇਬਰਾਹੀਮ ਨੇ ਆਖਿਆ, "ਚੰਗਾ, ਅੱਲਾਹ ਸੂਰਜ ਨੂੰ ਪੂਰਬ ਵਲੋਂ ਲਿਆਉਂਦਾ ਹੈ, ਤੂੰ ਰਤਾ ਉਸਨੂੰ ਪੱਛਮ ਵਲੋਂ ਲੈ ਆ।" ਇਹ ਸੁਣਕੇ ਹੱਕ ਦਾ ਉਹ ਮੁਨਕਰ ਹੈਰਾਨ ਰਹਿ ਗਿਆ, ਪਰ ਅੱਲਾਹ ਜ਼ਾਲਮਾਂ ਨੂੰ ਸਿੱਧਾ ਰਾਹ ਨਹੀਂ ਵਿਖਾਇਆ ਕਰਦਾ।[47]

ਉਸ ਵਕਤ ਇਹ ਝਗੜਾ ਆਮ ਸੀ ਕਿ ਇਬਰਾਹੀਮ ਯਹੂਦੀ ਸੀ ਕਿ ਈਸਾਈ। ਇਸ ਝਗੜੇ ਨਾਲ ਧਰਮ ਦੀ ਮੂਲ ਸਿੱਖਿਆ ਅਲੋਪ ਹੋ ਰਹੀ ਸੀ। ਪਵਿੱਤਰ ਕੁਰਆਨ ਇਬਰਾਹੀਮ ਨੂੰ ਸਿੱਧੇ ਰਾਹ ਦਾ ਪਾਂਧੀ ਆਖਦਾ ਹੈ:

---

45 *ਕੁਰਆਨ ਮਜੀਦ,* ਪੰਨੇ-42-3.
46 2:128.
47 2:258.

> ਇਬਰਾਹੀਮ ਨਾ ਯਹੂਦੀ ਸੀ ਤੇ ਨਾ ਈਸਾਈ, ਸਗੋਂ ਉਹ ਤਾਂ ਇਕਾਗਰ ਚਿੱਤ ਮੁਸਲਿਮ ਸੀ ਅਤੇ ਉਹ ਬਿਲਕੁਲ ਸ਼ਿਰਕ ਕਰਨ ਵਾਲਿਆਂ ਵਿਚੋਂ ਨਹੀਂ ਸੀ।[48]

ਸਾਰੇ ਪੈਗ਼ੰਬਰਾਂ ਨੇ ਸਿੱਧੇ ਰਾਹ ਦਾ ਪ੍ਰਚਾਰ ਕੀਤਾ:

> ਹੇ ਨਬੀ! ਆਖੋ ਕਿ ਬੇਸ਼ੱਕ ਮੇਰੇ ਰੱਬ ਨੇ ਮੈਨੂੰ ਸਿੱਧੇ ਰਾਹ ਪਾ ਦਿੱਤਾ ਹੈ, ਬਿਲਕੁਲ ਠੀਕ ਧਰਮ ਜਿਸ ਵਿੱਚ ਕੋਈ ਵਿੰਗ-ਵਲ ਨਹੀਂ; ਇਬਰਾਹੀਮ ਦਾ ਤਰੀਕਾ ਜਿਹੜਾ ਇਕਾਗਰ ਹੋ ਕੇ ਉਹਨੇ ਧਾਰਨ ਕੀਤਾ ਸੀ ਅਤੇ ਉਹ ਮੁਸ਼ਰਿਕਾਂ ਵਿੱਚੋਂ ਨਹੀਂ ਸੀ। ਆਖੋ ਕਿ ਮੇਰੀ ਨਮਾਜ਼, ਮੇਰੀ ਇਬਾਦਤ ਦੇ ਸਾਰੇ ਤਰੀਕੇ, ਮੇਰਾ ਜਿਉਣਾ ਤੇ ਮੇਰਾ ਮਰਨਾ, ਸਭੇ ਕੁਝ ਅੱਲਾਹ ਵਾਸਤੇ ਹੈ ਜਿਹੜਾ ਪਾਲਣਹਾਰ ਹੈ ਸਾਰਿਆਂ ਜਹਾਨਾਂ ਦਾ ਤੇ ਜਿਸਦਾ ਕੋਈ ਸ਼ਰੀਕ ਨਹੀਂ। ਇਸੇ ਦਾ ਮੈਨੂੰ ਆਦੇਸ਼ ਮਿਲਿਆ ਹੈ ਅਤੇ ਸਭਨਾਂ ਤੋਂ ਪਹਿਲਾਂ ਆਗਿਆਕਾਰ ਬਣਨ ਵਾਲਾ ਮੈਂ ਹਾਂ। ਆਖੋ ਕੀ ਮੈਂ ਅੱਲਾਹ ਤੋਂ ਛੁੱਟ ਕਿਸੇ ਹੋਰ ਰੱਬ ਦੀ ਭਾਲ ਕਰਾਂ ਜਦੋਂ ਕਿ ਉਹੀ ਹਰੇਕ ਸ਼ੈਅ ਦਾ ਸਾਜਨਹਾਰ ਤੇ ਪਾਲਣਹਾਰ ਹੈ? ਹਰੇਕ ਵਿਅਕਤੀ ਜੋ ਕੁਝ ਕਮਾਉਂਦਾ-ਖੱਟਦਾ ਹੈ ਉਹਦਾ ਜ਼ਿੰਮੇਵਾਰ ਉਹ ਆਪ ਹੈ, ਕੋਈ ਭਾਰ ਚੁੱਕਣ ਵਾਲਾ ਦੂਜੇ ਦਾ ਭਾਰ ਨਹੀਂ ਚੁੱਕਦਾ, ਫੇਰ ਤੁਸਾਂ ਸਾਰਿਆਂ ਆਪਣੇ ਰੱਬ ਵੱਲ ਪਰਤਣਾ ਹੈ, ਉਸ ਵੇਲੇ ਉਹ ਤੁਹਾਡੇ ਮਤਭੇਦਾਂ ਦੀ ਹਕੀਕਤ ਤੁਹਾਡੇ ਉਤੇ ਖੋਲ ਦੇਵੇਗਾ। ਉਹੀਓ ਹੈ ਜਿਸਨੇ ਤੁਹਾਨੂੰ ਧਰਤੀ ਉਤੇ ਖਲੀਫ਼ਾ (ਨਾਇਬ) ਬਣਾਇਆ ਅਤੇ ਤੁਹਾਡੇ ਵਿੱਚੋਂ ਕਈਆਂ ਨੂੰ ਕਈਆਂ ਨਾਲੋਂ ਵਧੇਰੇ ਉੱਚੇ ਦਰਜ਼ੇ ਦਿੱਤੇ ਤਾਂ ਕਿ ਜੋ ਕੁਝ ਤੁਹਾਨੂੰ ਦਿੱਤਾ ਹੈ ਉਸ ਵਿੱਚ ਤੁਹਾਡੀ ਪਰਖ ਕਰੇ। ਬੇਸ਼ੱਕ ਤੁਹਾਡਾ ਰੱਬ ਸਜ਼ਾ ਦੇਣ ਵਿੱਚ ਵੀ ਬਹੁਤ ਤੇਜ਼ ਹੈ ਅਤੇ ਵੱਡਾ ਬਖਸ਼ਣਹਾਰ ਤੇ ਮਿਹਰਬਾਨ ਵੀ ਹੈ।[49]

## ਮੱਕੇ ਬਾਰੇ ਇਬਰਾਹੀਮ ਦੀ ਦੁਆ

> ਯਾਦ ਕਰੋ ਉਹ ਵੇਲਾ ਜਦੋਂ ਇਬਰਾਹੀਮ ਨੇ ਅਰਦਾਸ ਕੀਤੀ ਸੀ ਕਿ, "ਹੇ ਮੇਰਿਆ ਰੱਬਾ! ਇਸ ਸ਼ਹਿਰ (ਭਾਵ ਮੱਕੇ) ਨੂੰ ਅਮਨ ਦਾ ਸ਼ਹਿਰ ਬਣਾ ਦੇ ਅਤੇ ਮੈਨੂੰ ਤੇ ਮੇਰੀ ਸੰਤਾਨ ਨੂੰ ਮੂਰਤੀ ਪੂਜਾ ਤੋਂ ਬਚਾ। ਰੱਬਾ! ਇਹਨਾਂ ਮੂਰਤੀਆਂ ਨੇ ਬਹੁਤ ਸਾਰੇ ਲੋਕਾਂ ਨੂੰ ਕੁਰਾਹੇ ਪਾਇਆ ਹੈ (ਸੰਭਵ ਹੈ ਕਿ ਮੇਰੀ ਸੰਤਾਨ ਨੂੰ ਵੀ ਇਹ ਕੁਰਾਹੇ ਪਾ ਦੇਣ, ਮੈਂ ਉਹਨਾਂ ਵਿਚੋਂ) ਜਿਸਨੇ ਮੇਰੀ ਪੈਰਵੀ ਕੀਤੀ ਉਹ ਮੇਰਾ ਹੈ ਤੇ ਜਿਸਨੇ ਮੇਰੇ ਵਿਰੁੱਧ ਨੀਤੀ ਅਪਣਾਈ ਤਾਂ ਬੇਸ਼ੱਕ ਤੂੰ ਬਖ਼ਸ਼ਣਹਾਰ ਤੇ ਮਿਹਰਬਾਨ ਹੈ। ਰੱਬਾ ਮੇਰਿਆ! ਮੈਂ ਇੱਕ ਰੋਹੀ ਬੀਆਬਾਨ ਘਾਟੀ ਵਿਚ ਆਪਣੇ ਪਰਿਵਾਰ ਦਾ ਇਕ ਭਾਗ ਤੇਰੇ ਪਵਿੱਤਰ ਘਰ ਦੇ ਲਾਗੇ ਲਿਆ ਵਸਾਇਆ ਹੈ। ਰੱਬਾ! ਇਹ ਮੈਂ ਇਸ ਲਈ ਕੀਤਾ ਹੈ ਕਿ ਇਹ ਲੋਕ ਇਥੇ ਨਮਾਜ਼ ਕਾਇਮ ਕਰਨ, ਤੂੰ ਲੋਕਾਂ ਦੇ ਹਿਰਦਿਆਂ ਨੂੰ ਇਹਨਾਂ ਦਾ ਇੱਛੁਕ ਬਣਾ ਦੇ ਅਤੇ ਇਹਨਾਂ ਨੂੰ ਖਾਣ ਲਈ ਫਲ ਦੇ, ਸ਼ਾਇਦ ਕਿ ਇਹ ਧੰਨਵਾਦੀ ਹੋਣ। ਹੇ ਮੇਰਿਆ ਰੱਬਾ! ਤੂੰ ਜਾਣਦਾ ਹੈ ਜੋ ਕੁਝ ਅਸੀਂ ਲੁਕਾਉਂਦੇ ਹਾਂ ਤੇ ਜੋ ਕੁਝ ਜ਼ਾਹਰ ਕਰਦੇ ਹਾਂ। ਬੇਸ਼ੱਕ ਅੱਲਾਹ ਤੋਂ ਕੋਈ ਚੀਜ਼ ਵੀ ਲੁਕੀ ਹੋਈ ਨਹੀਂ ਹੈ, ਨਾ ਧਰਤੀ ਵਿਚ ਤੇ ਨਾ ਹੀ ਅਕਾਸ਼ਾਂ ਵਿੱਚ, ਸ਼ੁਕਰ ਹੈ ਉਸ ਮਾਲ ਦਾ ਜਿਸਨੇ ਮੈਨੂੰ ਇਸ ਬੁੱਢੇ ਵਾਰੇ ਇਸਮਾਈਲ ਤੇ ਇਸਹਾਕ ਵਰਗੇ ਸਪੁੱਤਰ ਬਖਸ਼ੇ। ਸੱਚੀ ਗੱਲ ਇਹ ਹੈ ਕਿ ਮੇਰਾ ਰੱਬ ਜ਼ਰੂਰ ਹੀ ਅਰਜ਼ੋਈ ਸੁਣਦਾ ਹੈ। ਹੇ ਮੇਰਿਆ ਰੱਬਾ! ਮੈਨੂੰ ਨਮਾਜ਼ ਕਾਇਮ ਕਰਨ ਵਾਲਾ ਬਣਾ ਦੇ ਅਤੇ ਮੇਰੀ ਅਰਦਾਸ ਪਰਵਾਨ ਕਰ ਲੈ। ਰੱਬਾ! ਮੈਨੂੰ ਤੇ ਮੇਰੇ ਮਾਪਿਆਂ ਨੂੰ ਅਤੇ ਸਾਰੇ ਈਮਾਨ ਲਿਆਉਣ ਵਾਲਿਆਂ ਨੂੰ ਉਸ ਦਿਹਾੜੇ ਬਖ਼ਸ਼ ਦੇਵੀਂ ਜਦੋਂ ਲੇਖ-ਜੋਖਾ ਹੋਵੇਗਾ।[50]

ਇਬਰਾਹੀਮ ਨੇ ਕਿਹਾ:

> ਅੱਲਾਹ ਦੀ ਬੰਦਗੀ ਕਰੋ ਤੇ ਉਸ ਤੋਂ ਡਰੋ। ਇਹ ਤੁਹਾਡੇ ਲਈ ਚੰਗੇਰਾ ਹੈ ਜੇ ਤੁਸੀਂ ਅਕਲ ਤੋਂ ਕੰਮ ਲਓ। ਤੁਸੀਂ ਅੱਲਾਹ ਨੂੰ ਛੱਡ ਕੇ ਜਿਹਨਾਂ ਨੂੰ ਪੂਜ ਰਹੇ ਹੋ ਉਹ ਤਾਂ ਕੇਵਲ ਮੂਰਤੀਆਂ ਹਨ ਅਤੇ ਤੁਸੀਂ ਇੱਕ ਝੂਠ ਘੜਦੇ ਪਏ ਹੋ।[51]

---

[48] 3:67.
[49] 6: 161-165.
[50] 14 : 35 ਤੋਂ 41.
[51] 29:16.

ਨੂਹ ਦੇ ਰਸਤੇ ਉਪਰ ਇਬਰਾਹੀਮ ਸੀ। ਉਸਨੇ ਸੁਪਨਾ ਦੇਖਿਆ ਕਿ ਪੁੱਤਰ ਨੂੰ ਹਲਾਲ ਕਰ ਰਿਹਾ ਹੈ। ਉਹ ਪੁੱਤਰ ਨੂੰ ਹਲਾਲ ਕਰਨ ਤੁਰ ਪਿਆ। ਰੱਬ ਦੀ ਪ੍ਰੀਖਿਆ ਵਿੱਚ ਪਾਸ ਹੋਇਆ:

> ਜ਼ਰੂਰ ਹੀ ਉਹ ਸਾਡੇ ਈਮਾਨ ਵਾਲੇ ਬੰਦਿਆਂ ਵਿੱਚੋਂ ਸੀ। ਅਸਾਂ ਉਸਨੂੰ ਇਸਹਾਕ ਦੀ ਖੁਸ਼ਖਬਰੀ ਦਿੱਤੀ।[52]

ਕੁਰਆਨ ਨੇ ਮੂਸਾ ਤੇ ਹਾਰੂਨ ਬਾਰੇ ਕਿਹਾ ਹੈ:

> ਅਸਲ ਵਿੱਚ ਉਹ ਸਾਡੇ ਈਮਾਨ ਵਾਲੇ ਬੰਦਿਆਂ ਵਿੱਚੋਂ ਹਨ।[53]
>
> ਤੁਹਾਡੇ ਲਈ ਇਬਰਾਹੀਮ ਤੇ ਉਸਦੇ ਸਾਥੀਆਂ (ਦੀ ਸ਼ਕਲ) ਵਿੱਚੋਂ ਇੱਕ ਸੋਹਣਾ ਆਦਰਸ਼ ਮੌਜੂਦ ਹੈ।[54]

## ਯਾਕੂਬ (ਅ.)

ਇਬਰਾਹੀਮ ਦੀ ਪੀੜ੍ਹੀ ਚੋਂ ਯਾਕੂਬ ਸੀ। ਉਸਨੇ ਵੀ ਇਕੋ ਅੱਲਾਹ ਦੀ ਬੰਦਗੀ ਕਰਨ ਦੀ ਪ੍ਰੇਰਨਾ ਦਿੱਤੀ ਸੀ:

> ਫੇਰ ਕੀ ਤੁਸੀਂ ਉਸ ਵੇਲੇ ਮੌਜੂਦ ਸੀ ਜਦ ਯਾਕੂਬ ਇਸ ਸੰਸਾਰ ਤੋਂ ਚਲਾਣਾ ਕਰ ਰਿਹਾ ਸੀ। ਉਸਨੇ ਮਰਨ ਵੇਲੇ ਆਪਣੇ ਪੁੱਤਰਾਂ ਤੋਂ ਪੁੱਛਿਆ, 'ਪੁੱਤਰੋ! ਮੇਰੇ ਪਿਛੋਂ ਤੁਸੀਂ ਕਿਸ ਦੀ ਬੰਦਗੀ ਕਰੋਗੇ? ਉਨ੍ਹਾਂ ਸਭਨਾਂ ਨੇ ਉੱਤਰ ਦਿੱਤਾ, 'ਅਸੀਂ ਉਸੇ ਇਕ ਰੱਬ ਦੀ ਬੰਦਗੀ ਕਰਾਂਗੇ ਜਿਸਨੂੰ ਤੁਸੀਂ ਅਤੇ ਤੁਹਾਡੇ ਵਡੇਰਿਆਂ, ਇਸਮਾਈਲ ਅਤੇ ਇਸਹਾਕ ਨੇ ਰੱਬ ਮੰਨਿਆ ਹੈ ਅਤੇ ਅਸੀਂ ਉਸੇ ਦੇ ਆਗਿਆਕਾਰ ਹਾਂ।[55]

## ਯੂਸੁਫ (ਅ.)[56]

ਯੂਸੁਫ਼ (ਅ.) ਨੇ ਆਪਣੇ ਪਿਤਾ ਯਾਕੂਬ (ਅ.) ਨੂੰ ਕਿਹਾ ਕਿ ਪਿਤਾ ਜੀ ਮੈਂ ਸੁਪਨੇ ਵਿਚ ਸੂਰਜ, ਚੰਨ ਅਤੇ ਗਿਆਰਾਂ ਤਾਰਿਆਂ ਨੇ ਮੈਨੂੰ ਝੁਕਕੇ ਸਲਾਮ ਕੀਤਾ ਹੈ। ਯਾਕੂਬ (ਅ.) ਨੇ ਉਸਨੂੰ ਕਿਹਾ ਕਿ ਤੂੰ ਇਸ ਬਾਰੇ ਆਪਣੇ ਭਰਾਵਾਂ ਨੂੰ ਨਾ ਦੱਸੀ ਕਿਉਂਕਿ ਭਰਾ ਯੂਸੁਫ਼ (ਅ.) ਨਾਲ ਪੱਖਪਾਤ ਕਰਦੇ ਸਨ। ਭਰਾਵਾਂ ਨੇ ਯੂਸੁਫ਼ (ਅ.) ਨੂੰ ਮਾਰਨ ਦੀ ਸੋਚੀ। ਉਨ੍ਹਾਂ ਪਿਤਾ ਨੂੰ ਕਿਹਾਕਿ ਅਸੀਂ ਇੱਜੜ ਚਾਰਨ ਜਾ ਰਹੇ ਹਾਂ। ਕਿੰਨਾ ਚੰਗਾ ਹੋਵੇ ਜੇ ਯੂਸੁਫ਼ (ਅ.) ਵੀ ਸਾਡੇ ਨਾਲ ਜਾਵੇ। ਪਿਤਾ ਨੇ ਆਗਿਆ ਨਾ ਦਿੱਤੀ ਅਤੇ ਕਿਹਾ ਉਸੀਂ ਇਸਦਾ ਖਿਆਲ ਨਹੀਂ ਰੱਖ ਸਕੋਗੇ। ਪੁੱਤਰਾਂ ਦੀ ਵਾਰ-ਵਾਰ ਜ਼ਿੱਦ ਕਰਕੇ ਪਿਤਾ ਨੇ ਯੂਸੁਫ਼ (ਅ.) ਨੂੰ ਬਾਕੀ ਭਰਾਵਾਂ ਨਾਲ ਤੋਰ ਦਿੱਤਾ। ਉਨ੍ਹਾਂ ਮਿੱਥੀ ਯੋਜਨਾ ਤਹਿਤ ਯੂਸੁਫ਼ (ਅ.) ਨੂੰ ਇੱਕ ਖੂਹ ਵਿਚ ਸੁੱਟ ਦਿੱਤਾ। ਉਸਦੇ ਕੁੜਤੇ ਨੂੰ ਖੂਨ ਲਾ ਕੇ ਪਿਤਾ ਕੋਲ ਲੈ ਗਏ ਕਿ ਦੇਖੋ ਅਸੀਂ ਕੰਮ ਵਿਚ ਰੁੱਝੇ ਸਾਂ ਅਤੇ ਬਘਿਆੜ ਯੂਸੁਫ਼ (ਅ.) ਨੂੰ ਖਾ ਗਿਆ ਹੈ। ਯਾਕੂਬ (ਅ.) ਨੇ ਬੜਾ ਅਫ਼ਸੋਸ ਕੀਤਾ। ਉਸ ਦੀਆਂ ਅੱਖਾਂ ਦੀ ਰੌਸਨੀ ਵੀ ਚਲੀ ਗਈ। ਉਧਰ ਇਕ ਕਾਫ਼ਲਾ ਕੂਹ ਵਿਚੋਂ ਪਾਣੀ ਲੈਣ ਆਇਆ ਅਤੇ ਯੂਸੁਫ਼ (ਅ.)

---

[52] 37:99 ਤੋਂ 113.

[53] 37:122.

[54] 60:4.

[55] 2: 133.

[56] ਵਿਸਥਾਰ ਲਈ ਕੁਰਆਨ ਦੀ ਸੂਰਤ ਨੰ. 12 *ਯੂਸੁਫ਼* ਵੇਖੋ

ਨੂੰ ਬਾਹਰ ਕੱਢਕੇ ਮਿਸਰ ਦੇ ਇਕ ਵਿਅਕਤੀ ਨੂੰ ਵੇਚ ਦਿੱਤਾ। ਉਸ ਵਿਅਕਤੀ ਦੀ ਪਤਨੀ ਨੇ ਯੂਸੁਫ਼ (ਅ.) ਨਾਲ ਜਿਸਮਾਨੀ ਰਿਸ਼ਤਾ ਬਣਾਉਣਾ ਚਾਹਿਆ ਪਰ ਯੂਸੁਫ਼ (ਅ.) ਨਾ ਮੰਨਿਆ। ਉਹ ਭੱਜਿਆ ਅਤੇ ਉਸਦਾ ਕੁੜਤਾ ਫਟ ਗਿਆ। ਕੁੜਤੇ ਦਾ ਕੁਝ ਹਿੱਸਾ ਔਰਤ ਦੇ ਹੱਥ ਵਿਚ ਰਹਿ ਗਿਆ। ਏਨੇ ਨੂੰ ਉਸਦਾ ਪਤੀ ਵੀ ਆ ਗਿਆ। ਔਰਤ ਨੇ ਯੂਸੁਫ਼ (ਅ.) ਉਪਰ ਇਲਜ਼ਾਮ ਲਾਇਆ। ਇਕ ਸਿਆਣੇ ਵਿਅਕਤੀ ਨੇ ਦੱਸਿਆ ਕਿ ਜੇਕਰ ਯੂਸੁਫ਼ (ਅ.) ਦਾ ਕੁੜਤਾ ਅੱਗੇ ਤੋਂ ਫਟਿਆ ਹੈ ਤਾਂ ਉਹ ਕਸੂਰਵਾਰ ਹੈ। ਜੇਕਰ ਕੁੜਤਾ ਪਿੱਛੇ ਤੋਂ ਫਟਿਆ ਹੈ ਤਾਂ ਉਹ ਬੇਗੁਨਾਹ ਹੈ। ਗੱਲ ਸਾਫ਼ ਹੋ ਗਈ ਕਿ ਯੂਸੁਫ਼ (ਅ.) ਬੇਗੁਨਾਹ ਹੈ ਅਤੇ ਔਰਤ ਕਸੂਰਵਾਰ ਹੈ। ਇਸ ਗੱਲ ਦੀ ਚਰਚਾ ਸਾਰੇ ਸ਼ਹਿਰ ਵਿਚ ਸੀ। ਪਰ ਫਿਰ ਵੀ ਯੂਸੁਫ਼ (ਅ.) ਨੂੰ ਬੰਦੀਖ਼ਾਨੇ ਵਿਚ ਡੱਕ ਦਿੱਤਾ ਗਿਆ। ਉਥੇ ਉਸ ਨਾਲ ਦੋ ਕੈਦੀ ਹੋਰ ਵੀ ਸਨ। ਉਨ੍ਹਾਂ ਦੇ ਸੁਪਨਿਆਂ ਦੇ ਯੂਸੁਫ਼ (ਅ.) ਨੇ ਭਾਵਅਰਥ ਦੱਸੇ। ਇੱਕ ਵਿਅਕਤੀ ਨੇ ਆਜ਼ਾਦ ਹੋਣਾ ਸੀ ਅਤੇ ਦੂਜੇ ਨੇ ਫਾਹੇ ਲੱਗਣਾ ਸੀ। ਯੂਸੁਫ਼ (ਅ.) ਨੇ ਆਜ਼ਾਦ ਹੋਣ ਵਾਲੇ ਨੂੰ ਕਿਹਾ ਕਿ ਤੂੰ ਬਾਦਸ਼ਾਹ ਨੂੰ ਮੇਰੀ ਬੇਗੁਨਾਹੀ ਬਾਰੇ ਜ਼ਰੂਰ ਦੱਸੀ ਪਰ ਉਹ ਵਿਅਕਤੀ ਭੁੱਲ ਗਿਆ। ਇਕ ਦਿਨ ਬਾਦਸ਼ਾਹ ਨੂੰ ਵੀ ਅਜੀਬੋ-ਗਰੀਬ ਸੁਪਨਾ ਆਇਆ ਪਰ ਕੋਈ ਵੀ ਉਸਦੇ ਭਾਵ ਅਰਥ ਨੂੰ ਦੱਸ ਨਾ ਸਕਿਆ। ਅਖੀਰ ਵਿਚ ਉਸ ਵਿਅਕਤੀ ਨੂੰ ਯੂਸੁਫ਼ (ਅ.) ਦਾ ਖਿਆਲ ਆਇਆ। ਬਾਦਸ਼ਾਹ ਨੇ ਉਸਨੂੰ ਬੰਦੀਖਾਨੇ ਚੋਂ ਮੰਗਵਾਇਆ। ਉਸਦਾ ਸਤਿਕਾਰ ਕੀਤਾ ਗਿਆ। ਯੂਸੁਫ਼ (ਅ.) ਨੇ ਬਾਦਸ਼ਾਹ ਦੇ ਸੁਪਨੇ ਨੂੰ ਹੱਲ ਕੀਤਾ। ਬਾਦਸ਼ਾਹ ਨੇ ਉਸਨੂੰ ਸ਼ਾਹੀ ਅਧਿਕਾਰੀ ਬਣਾਇਆ ਅਤੇ ਰਾਜ ਦਾ ਸਾਰਾ ਕੰਮ-ਕਾਜ ਉਸਦੇ ਹਵਾਲੇ ਕਰ ਦਿੱਤਾ। ਅੱਲਾਹ ਜਿਸਨੂੰ ਚਾਹੁੰਦਾ ਹੈ, ਵਡਿਆਈ ਦਿੰਦਾ ਹੈ। ਜੋ ਝੂਠੇ ਇਲਜ਼ਾਮ ਉਸ ਉਪਰ ਲੱਗੇ ਸਨ, ਉਸਦਾ ਇਨਸਾਫ਼ ਕੀਤਾ ਗਿਆ। ਕਾਲ ਪੈਣ ਕਰਕੇ ਯੂਸੁਫ਼ (ਅ.) ਦੇ ਭਰਾ ਮਿਸਰ ਵਿਚ ਅਨਾਜ ਲੈਣ ਆਏ। ਯੂਸੁਫ਼ (ਅ.) ਨੇ ਉਨ੍ਹਾਂ ਨੂੰ ਖੁਲਾਸਾ ਕੀਤਾ ਕਿ ਮੈਂ ਤੁਹਾਡਾ ਉਹੀ ਭਰਾ ਹਾਂ ਜਿਸਨੂੰ ਤੁਸੀਂ ਖੂਹ ਵਿਚ ਸੁੱਟ ਦਿੱਤਾ ਸੀ। ਭਰਾਵਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਯੂਸੁਫ਼ (ਅ.) ਨੇ ਉਨ੍ਹਾਂ ਨੂੰ ਦਿਲ ਤੋਂ ਮੁਆਫ਼ ਕਰ ਦਿੱਤਾ। ਆਪਣਾ ਕੁੜਤਾ ਭਰਾਵਾਂ ਨੂੰ ਦਿੱਤਾ ਅਤੇ ਆਖਿਆ ਕਿ ਤੁਸੀਂ ਇਸਨੂੰ ਪਿਤਾ ਦੇ ਚਿਹਰੇ 'ਤੇ ਪਾ ਦੇਣਾ। ਉਨ੍ਹਾਂ ਦੀ ਅੱਖਾਂ ਦੀ ਲੋਅ ਵਾਪਸ ਪਰਤ ਆਵੇਗੀ। ਪਿਤਾ ਦੀਆਂ ਅੱਖਾਂ ਦੀ ਰੌਸ਼ਨੀ ਵਾਪਸ ਆ ਗਈ। ਉਹ ਸਾਰੇ ਮਿਸਰ ਵਿਚ ਰਹਿਣ ਲੱਗ ਪਏ। ਇਸ ਤਰ੍ਹਾਂ ਇਸਰਾਈਲੀਆਂ ਦਾ ਮਿਸਰ ਵਿਚ ਪ੍ਰਵੇਸ਼ ਹੋਇਆ ਜੋ ਸਮਾਂ ਪਾ ਕੇ ਗ਼ੁਲਾਮੀ ਅਤੇ ਤਸ਼ੱਦਦ ਦਾ ਰੂ ਧਾਰਮ ਕਰ ਜਾਂਦਾ ਹੈ। ਇਸ ਕਿੱਸੇ ਰਾਹੀਂ ਦੱਸਿਆ ਗਿਆ ਹੈ ਕਿ ਕਿਵੇਂ ਯੂਸੁਫ਼ (ਅ.) ਦੇ ਭਰਾਵਾਂ ਨੇ ਅਤੇ ਉਸਦੇ ਮਾਲਕ ਨੇ ਉਸ ਨਾਲ ਵਧੀਕੀ ਕੀਤੀ ਪਰ ਉਸਨੇ ਸਿੱਧਾ ਰਾਹ ਨਾ ਤਿਆਗਿਆ। ਉਸਨੇ ਦੁਆ ਕੀਤੀ:

> ਹੇ ਮੇਰਿਆ ਰੱਬਾ! ਤੂੰ ਮੈਨੂੰ ਬਾਦਸ਼ਾਹੀ ਦਿੱਤੀ ਤੇ ਮੈਨੂੰ ਗੱਲਾਂ ਦੀ ਡੂੰਘਿਆਈ ਤੀਕ ਪੁੱਜਣਾ ਸਿਖਾਇਆ। ਧਰਤੀ ਤੇ ਆਕਾਸ਼ਾਂ ਦੇ ਸਾਜਨਹਾਰਾ! ਤੂੰ ਹੀ ਲੋਕ ਤੇ ਪਰਲੋਕ ਵਿਚ ਮੇਰਾ ਸਰਪ੍ਰਸਤ ਹੈ, ਮੇਰਾ ਅੰਤ ਇਸਲਾਮ ਉਤੇ ਕਰੀਂ ਤੇ ਅਖ਼ੀਰ ਨੂੰ ਮੈਨੂੰ ਭਲੇ ਪੁਰਖਾਂ ਵਿਚ ਮਿਲਾ ਦੇਵੀਂ।[57]

[57] 12: 101.

## ਸ਼ੁਐਬ (ਅ.)

ਮਦਯਨ ਸ਼ਹਿਰ ਵੱਲ ਸ਼ੁਐਬ ਨੇ ਜਾ ਕੇ ਪ੍ਰਚਾਰ ਕੀਤਾ ਕਿ ਅੱਲਾਹ ਇੱਕ ਹੈ ਅਤੇ ਆਖ਼ਰਤ ਤੋਂ ਡਰੋ।[58]

ਕਾਰੂਨ, ਫਿਰਔਨ ਅਤੇ ਹਾਮਾਨ ਦਾ ਨਾਸ ਹੋਇਆ ਕਿਉਂਕਿ ਉਹ ਹੋਰ ਇਸ਼ਟਾਂ ਦੀ ਬੰਦਗੀ ਕਰਦੇ ਸਨ।

## ਮੂਸਾ (ਅ.)

ਮਿਸਰ ਵਿਚ ਇਸਰਾਈਲੀ ਕੈਦ ਸਨ। ਮਿਸਰ ਦਾ ਬਾਦਸ਼ਾਹ ਲੜਕਿਆਂ ਨੂੰ ਮਾਰ ਦਿੰਦਾ ਸੀ ਅਤੇ ਲੜਕੀਆਂ ਨੂੰ ਜਿਉਂਦਾ ਰੱਖਦਾ ਸੀ ਅੱਲਾਹ ਨੇ ਸਮੁੰਦਰ ਵਿਚੋਂ ਇਸਰਾਇਲੀਆਂ ਨੂੰ ਬਚਾਇਆ। ਫਿਰਔਨ ਦੇ ਸਿਪਾਹੀ ਡੁੱਬ ਮਰੇ। ਕੁਰਆਨ ਦੱਸਦਾ ਹੈ ਕਿ ਇਹ ਇਨਕਾਰੀ ਲੋਕ ਸਮਝਦੇ ਹੀ ਨਹੀਂ ਹਨ। ਰੱਬ ਦੇ ਕੰਮ ਦੇਖ ਕੇ ਵੀ ਉਸ ਉਪਰ ਯਕੀਨ ਨਹੀਂ ਕਰਦੇ। ਪਵਿੱਤਰ ਕੁਰਆਨ ਸਿੱਧੇ ਰਾਹ ਦੀ ਗੱਲ ਕਰਦਾ ਹੈ, ਨਾ ਇਸਾਈਆਂ ਪਿੱਛੇ ਲੱਗੋ ਨਾ ਯਹੂਦੀਆਂ ਪਿੱਛੇ। ਸਗੋਂ ਇਬਰਾਹੀਮ ਦਾ ਰਸਤਾ ਫੜੋ ਜੋ ਸਿੱਧਾ ਰਾਹ ਹੈ। ਪੈਗ਼ੰਬਰਾਂ ਦੀਆਂ ਸਾਖੀਆਂ ਬਾਰੇ ਕੁਰਆਨ ਦੱਸਦਾ ਹੈ:

> ਹੇ ਨਬੀ! ਇਹ ਪੈਗ਼ੰਬਰਾਂ ਦੇ ਕਿੱਸੇ ਜੋ ਅਸੀਂ ਤੁਹਾਨੂੰ ਸੁਣਾਉਂਦੇ ਪਏ ਹਾਂ, ਉਹ ਚੀਜ਼ਾਂ ਹਨ ਜਿਹਨਾਂ ਦੁਆਰਾ ਅਸੀਂ ਤੁਹਾਡੇ ਦਿਲ ਨੂੰ ਪੱਕਿਆਂ ਕਰਦੇ ਹਾਂ। ਇਹਨਾਂ ਵਿਚੋਂ ਤੁਹਾਨੂੰ ਹਕੀਕਤ ਦਾ ਗਿਆਨ ਪ੍ਰਾਪਤ ਹੋਇਆ ਅਤੇ ਈਮਾਨ ਵਾਲਿਆਂ ਨੂੰ ਨਸੀਹਤ ਤੇ ਜਾਗ੍ਰਤੀ ਪ੍ਰਾਪਤ ਹੋਈ।[59]

ਰੱਬ ਨੇ ਆਪਣੇ ਨਬੀਆਂ ਨੂੰ ਵਾਰ-ਵਾਰ ਆਪਣਾ ਪੈਗਾਮ ਦਿੱਤਾ। ਕਾਫ਼ਿਰਾਂ ਵਿੱਚ ਮਿਸਰ ਦਾ ਬਾਦਸ਼ਾਹ ਫਿਰਔਨ ਵੀ ਸੀ :

> ਸ਼ਬਦ 'ਫਿਰਔਨ' ਦਾ ਅਰਥ ਹੈ 'ਸੂਰਜ ਦੇਵਤਾ ਦੀ ਸੰਤਾਨ'। ਪ੍ਰਾਚੀਨ ਮਿਸਰੀ ਸੂਰਜ ਨੂੰ ਜਿਹੜਾ ਉਨ੍ਹਾਂ ਦਾ ਮਹਾਂਦੇਵ ਜਾਂ 'ਰੱਬਾ-ਆਲਾ' ਸੀ, 'ਰਾਮਾ ਆਖਦੇ ਸਨ ਅਤੇ ਫਿਰਔਨ ਦਾ ਸੰਬੰਧ ਉਸ ਨਾਲ ਜੋੜਿਆ ਜਾਂਦਾ ਸੀ। ਇਹ ਕਿਸੇ ਇੱਕ ਵਿਅਕਤੀ ਦਾ ਨਾਂ ਨਹੀਂ ਸੀ ਸਗੋਂ ਮਿਸਰ ਦੇ ਬਾਦਸ਼ਾਹਾਂ ਦੀ ਉਪਾਧੀ ਸੀ ਜਿਵੇਂ ਕਿ ਰੂਸ ਦੇ ਬਾਦਸ਼ਾਹਾਂ ਦੀ ਉਪਾਧੀ 'ਜ਼ਾਰ' ਅਤੇ ਈਰਾਨ ਦੇ ਬਾਦਸ਼ਾਹਾਂ ਦੀ ਉਪਾਧੀ 'ਕਿਸਰਾ' ਸੀ।[60]

ਅੱਲਾਹ ਨੇ ਮੂਸਾ ਨੂੰ ਫਿਰਔਨ ਕੋਲ ਭੇਜਿਆ ਪਰ ਫਿਰਔਨ ਦੀ ਸਿਹਤ ਉਪਰ ਕੋਈ ਅਸਰ ਨਹੀਂ ਹੋਇਆ। ਉਹ ਮੂਸਾ ਦੀ ਕੌਮ ਨੂੰ ਆਜ਼ਾਦ ਕਰਨ ਲਈ ਤਿਆਰ ਨਹੀਂ ਸੀ। ਮੂਸਾ ਨੇ ਫਿਰਔਨ ਨੂੰ ਕਿਹਾ ਕਿ ਮੈਨੂੰ ਅੱਲਾਹ ਨੇ ਭੇਜਿਆ ਹੈ ਅਤੇ ਤੂੰ ਇਸਰਾਈਲ ਦੀ ਸੰਤਾਨ ਨੂੰ ਛੱਡ ਦੇ। ਫਿਰਔਨ ਮੂਸਾ ਨੂੰ ਆਪਣਾ ਦਾਅਵਾ ਸੱਚ ਸਾਬਤ ਕਰਨ ਲਈ ਕੋਈ ਨਿਸ਼ਾਨੀ ਦਿਖਾਉਣ ਨੂੰ ਕਹਿੰਦਾ ਹੈ। ਮੂਸਾ ਨੇ ਲਾਠੀ ਸੁੱਟੀ, ਉਹ ਅਜਗਰ ਬਣ ਗਈ। ਫੇਰ ਉਸ ਨੇ ਆਪਣੀ ਜੇਬ ਚੋਂ ਹੱਥ ਕੱਢਿਆ ਤਾਂ ਉਹ ਚਮਕ ਰਿਹਾ

---

58 ਦੇਖੋ 29:36.

59 11:120.

60 *ਕੁਰਆਨ ਮਜੀਦ*, ਫੁਟ ਨੋਟ ਨੰ. 32, ਪੰਨਾ-277.

ਸੀ। ਫਿਰਔਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਹ ਕੋਈ ਜਾਦੂ ਹੈ। ਉਸਦੇ ਅਹੁਦੇਦਾਰਾਂ ਨੇ ਮਿਸਰ ਦੇ ਵੱਡੇ-ਵੱਡੇ ਜਾਦੂਗਰ ਮੰਗਵਾ ਲਏ। ਫਿਰਔਨ ਨੇ ਉਨ੍ਹਾਂ ਜਾਦੂਗਰਾਂ ਨੂੰ ਵੱਡੇ-ਵੱਡੇ ਲਾਲਚ ਦਿੱਤੇ ਕਿ ਤੁਸੀਂ ਮੂਸਾ ਨੂੰ ਹਰਾ ਦਿਓ ਪਰ ਮੂਸਾ ਅੱਗੇ ਜਾਦੂਗਰਾਂ ਦੀ ਵੀ ਪੇਸ਼ ਨਾ ਗਈ। ਅਖੀਰ ਜਾਦੂਗਰਾਂ ਨੇ ਸਿਜਦਾ ਕੀਤਾ ਅਤੇ ਸੱਚੇ ਰੱਬ ਦੀ ਅਧੀਨਗੀ ਪ੍ਰਵਾਨ ਕਰ ਲਈ। ਜਾਦੂਗਰਾਂ ਦੇ ਇਸ ਵਤੀਰੇ ਨੂੰ ਫਿਰਔਨ ਨੇ ਸਾਜ਼ਿਸ਼ ਦੱਸਿਆ ਅਤੇ ਜਾਦੂਗਰਾਂ ਨੂੰ ਕਰੜੇ ਦੰਡ ਦੇਣ ਦਾ ਦਬਕਾ ਮਾਰਿਆ। ਪਰੰਤੂ ਜਾਦੂਗਰ ਸੱਚ ਤੇ ਖੜ੍ਹੇ ਰਹੇ। ਫਿਰਔਨ ਦੇ ਸਲਾਹਕਾਰਾਂ ਨੇ ਕਿਹਾ ਕਿ ਮੂਸਾ ਸਾਡੇ ਲਈ ਖਤਰਾ ਹਨ। ਇਨ੍ਹਾਂ ਨੂੰ ਇਉਂ ਆਜ਼ਾਦ ਨਾ ਘੁੰਮਣ ਦਿਓ। ਫਿਰਔਨ ਨੇ ਕਿਹਾ ਕਿ ਮੈਂ ਇਸਰਾਇਲੀਆਂ ਦੇ ਪੁੱਤਰ ਕਤਲ ਕਰਾ ਛੱਡਾਗਾਂ ਅਤੇ ਔਰਤਾਂ ਨੂੰ ਸਲਾਮਤ ਰੱਖਾਂਗਾ। ਇਸ ਤਰ੍ਹਾਂ ਮੇਰੀ ਰਾਜ ਸੱਤਾ ਬਣੀ ਰਹੇਗੀ। ਮੂਸਾ ਨੇ ਆਪਣੀ ਕੌਮ ਨੂੰ ਦਿਲਾਸਾ ਦਿੱਤਾ ਕਿ ਅੱਲਾਹ ਹੀ ਧਰਤੀ ਦਾ ਮਾਲਕ ਹੈ। ਲੋਕ ਮੂਸਾ ਨੂੰ ਕਹਿ ਰਹੇ ਸੀ ਜਦੋਂ ਤੂੰ ਨਹੀਂ ਸੀ ਆਇਆ, ਉਦੋਂ ਵੀ ਅਸੀਂ ਦੁੱਖ ਝੱਲ ਰਹੇ ਸਾਂ ਜੇ ਹੁਣ ਤੂੰ ਆ ਗਿਆ ਹੈ ਤਾਂ ਫੇਰ ਵੀ ਦੁੱਖਾਂ ਵਿੱਚ ਕੋਈ ਕਮੀ ਨਹੀਂ ਆਈ। ਮੂਸਾ ਨੇ ਕਿਹਾ-ਸਬਰ ਤੋਂ ਕੰਮ ਲਓ। ਅੱਲਾਹ ਦੇ ਹੁਕਮ ਨਾਲ ਫਿਰਔਨ ਦਾ ਦੇਸ ਕਈ ਸਾਲ ਤੰਗ ਰਿਹਾ ਪਰ ਉਨ੍ਹਾਂ ਉਪਰ ਕੋਈ ਅਸਰ ਨਹੀਂ ਸੀ ਪਿਆ। ਉਹ ਮੂਸਾ ਨੂੰ ਵਾਰ-ਵਾਰ ਆਖਦੇ ਤੇਰੀਆਂ ਸ਼ਕਤੀਆਂ ਦਾ ਸਾਡੇ ਉਪਰ ਕੋਈ ਅਸਰ ਨਹੀਂ ਹੈ। ਅੱਲਾਹ ਵੱਲੋਂ ਉਨ੍ਹਾਂ ਉਪਰ ਤੂਫ਼ਾਨ, ਟਿੱਡੀ-ਦਲ, ਸੁਸਰੀਆਂ, ਡੱਡੂ, ਅਤੇ ਖ਼ੂਨ ਦੀ ਬਰਸਾਤ ਕੀਤੀ ਗਈ। ਮੁਨਾਫਿਕ ਹਰ ਆਫ਼ਤ ਤੇ ਮੂਸਾ ਕੋਲੋਂ ਦੁਆ ਕਰਵਾਉਂਦੇ ਕਿ ਇਸ ਵਾਰ ਸਾਨੂੰ ਛੱਡ ਦੇ ਅਸੀਂ ਤੇਰੀ ਗੱਲ ਮੰਨ ਲਵਾਂਗੇ। ਅਖੀਰ ਅੱਲਾਹ ਨੇ ਇਸਰਾਈਲ ਦੀ ਸੰਤਾਨ ਨੂੰ ਸਮੁੰਦਰ ਚੋਂ ਬਚਾ ਲਿਆ ਅਤੇ ਮੁਨਾਫਿਕਾਂ ਨੂੰ ਡਬੋ ਦਿੱਤਾ। ਉਹ ਜਦੋਂ ਸਮੁੰਦਰ ਪਾਰ ਕਰਕੇ ਲੰਘੇ ਤਾਂ ਇੱਕ ਅਜਿਹੇ ਨਗਰ ਕੋਲੋਂ ਲੰਘੇ ਜੋ ਮੂਰਤੀਪੂਜਕ ਸਨ। ਉਨ੍ਹਾਂ ਮੂਸਾ ਨੂੰ ਵੀ ਮੂਰਤੀ ਬਣਾਉਣ ਲਈ ਕਿਹਾ। ਮੂਸਾ ਨੇ ਕਿਹਾ ਇਹ ਬੁੱਤ ਅਤੇ ਬੁੱਤਪ੍ਰਸਤ ਇਕ ਦਿਨ ਨਸ਼ਟ ਹੋਣਗੇ। ਤੁਸੀਂ ਅੱਲਾਹ ਦੀਆਂ ਬਖਸ਼ਿਸ਼ਾਂ ਨੂੰ ਕਿੰਨੀ ਛੇਤੀ ਭੁੱਲ ਜਾਂਦੇ ਹੋ। ਯਾਦ ਕਰੋ ਉਹ ਜ਼ਮਾਨਾ ਜਦੋਂ ਤੁਹਾਡੇ ਪੁੱਤਰ ਮਾਰ ਦਿੱਤੇ ਜਾਂਦੇ ਸਨ ਅਤੇ ਇਸਤਰੀਆਂ ਖੋਹ ਲਈਆਂ ਜਾਂਦੀਆਂ ਸਨ। ਇੱਕ ਦਿਨ ਸੀਨਾ ਪਹਾੜ ਉਪਰ ਅੱਲਾਹ ਨੇ ਮੂਸਾ ਨੂੰ ਤੀਹ ਦਿਨ ਲਈ ਬੁਲਾਇਆ। ਫੇਰ ਇਹ ਗਿਣਤੀ ਚਾਲੀ ਦਿਨ ਕਰ ਦਿੱਤੀ। ਮੂਸਾ ਨੇ ਆਪਣੀ ਗੈਰ ਹਾਜ਼ਰੀ ਵਿੱਚ ਆਪਣੇ ਭਰਾ ਹਾਰੂਨ ਨੂੰ ਇਹ ਜ਼ਿੰਮੇਵਾਰੀ ਸੌਂਪੀ ਕਿ ਮੇਰੇ ਪਿੱਛੋਂ ਤੂੰ ਲੋਕਾਂ ਨੂੰ ਅੱਲਾਹ ਦੀ ਬੰਦਗੀ ਵੱਲ ਲਾ ਕੇ ਰੱਖਣਾ ਹੈ। ਰੱਬ ਨੇ ਮੂਸਾ ਨਾਲ ਵਾਰਤਾਲਾਪ ਕੀਤੀ। ਮੂਸਾ ਰੱਬ ਦੇ ਦਰਸ਼ਨ ਨੂੰ ਨਹੀਂ ਝੱਲ ਸਕਿਆਂ। ਅੱਲਾਹ ਨੇ ਕਿਹਾ ਮੂਸਾ ਤੂੰ ਮੇਰੀ ਗੱਲ ਸੁਣ ਅਤੇ ਸ਼ੁਕਰ ਅਦਾ ਕਰ। ਅੱਲਾਹ ਨੇ ਮੂਸਾ ਨੂੰ ਜੀਵਨ ਦੇ ਹਰ ਖੇਤਰ ਦੀ ਨਸੀਹਤ ਦਿੱਤੀ। ਤਖਤੀਆਂ ਦਿੱਤੀਆਂ ਜਿਨ੍ਹਾਂ ਉਪਰ ਨਸੀਹਤਾਂ ਲਿਖੀਆਂ ਸਨ। ਅੱਲਾਹ ਨੇ ਕਿਹਾ-ਸਿੱਧਾ ਰਾਹ ਅਖਤਿਆਰ ਕਰੋ। ਇਹ ਰਾਹ ਵਿੰਗ-ਵਲ ਵਾਲਾ ਨਹੀਂ ਹੈ। ਉਧਰ ਮੂਸਾ ਦੀ ਗੈਰ ਹਾਜ਼ਰੀ ਵਿੱਚ ਲੋਕਾਂ ਨੇ ਗਹਿਣਿਆਂ ਨਾਲ ਇੱਕ ਵੱਛੇ ਦਾ ਬੁੱਤ ਬਣਾ ਲਿਆ ਅਤੇ ਉਸਦੀ ਇਬਾਦਤ ਸ਼ੁਰੂ ਕਰ ਦਿੱਤੀ:

ਇਹ ਉਸ ਮਿਸਰੀ ਪ੍ਰਭਾਵ ਦਾ ਦੂਜਾ ਪ੍ਰਦਰਸ਼ਨ ਸੀ ਜਿਸ ਨੂੰ ਬਨੀ-ਇਸਰਾਈਲ ਮਿਸਰ ਤੋਂ ਲੈ ਕੇ ਨਿਕਲੇ ਸਨ। ਮਿਸਰ ਵਿੱਚ ਗਊ ਦੀ ਪੂਜਾ ਅਤੇ ਉਸਨੂੰ ਪਵਿੱਤਰ ਮੰਨਣ ਦਾ ਜੋ ਰਿਵਾਜ ਸੀ, ਇਹ ਕੌਮ ਉਸ ਤੋਂ ਇੰਨੀ ਪ੍ਰਭਾਵਿਤ ਹੋ ਚੁੱਕੀ ਸੀ ਕਿ ਪੈਗ਼ੰਬਰ ਦੇ ਪਿੱਠ ਮੋੜਦਿਆਂ ਹੀ ਉਨ੍ਹਾਂ ਨੇ ਪੂਜਾ ਲਈ ਇੱਕ ਨਕਲੀ ਵੱਛਾ ਘੜ ਸੁੱਟਿਆ।[61]

ਮੂਸਾ ਨੇ ਜਦੋਂ ਆਪਣੀ ਕੌਮ ਦਾ ਇਹ ਕਾਰਾ ਤੱਕਿਆ ਤਾਂ ਗੁੱਸੇ ਨਾਲ ਭਰ ਗਿਆ। ਉਸਨੇ ਹਾਰੂਨ ਨੂੰ ਸਿਰ ਦੇ ਵਾਲਾਂ ਤੋਂ ਫੜ੍ਹਕੇ ਧੂਹਿਆ ਕਿ ਇਹ ਤੁਸੀਂ ਕੀ ਕੀਤਾ? ਮੇਰੇ ਪਿੱਛੋਂ ਤੁਸੀਂ ਏਨੇ ਕਾਹਲੇ ਕਿਵੇਂ ਹੋ ਗਏ? ਹਾਰੂਨ ਨੇ ਦੱਸਿਆ-ਇਨ੍ਹਾਂ ਨੇ ਮੈਨੂੰ ਵੀ ਦਬਾ ਲਿਆ ਸੀ। ਮੂਸਾ ਨੇ ਤਖਤੀਆਂ ਸੁੱਟ ਦਿੱਤੀਆਂ ਸਨ। ਮੂਸਾ ਨੇ ਕਿਹਾ-ਜੋ ਲੋਕ ਵੱਛੇ ਨੂੰ ਰੱਬ ਮੰਨ ਬੈਠੇ ਹਨ ਉਹ ਜ਼ਰੂਰ ਸਜ਼ਾ ਦੇ ਹੱਕਦਾਰ ਹੋਣਗੇ। ਮੂਸ਼ਾ ਦਾ ਗੁੱਸਾ ਸ਼ਾਂਤ ਹੋਇਆ ਤਾਂ ਤਖਤੀਆਂ ਚੁੱਕੀਆਂ ਜਿਨ੍ਹਾਂ ਵਿੱਚ ਰੱਬ ਦੇ ਪਿਆਰਿਆਂ ਲਈ ਹੁਕਮ ਸਨ। ਮੂਸਾ ਨੇ ਉਨ੍ਹਾਂ ਚੋਂ ਸੱਤਰ ਆਦਮੀਆਂ ਨੂੰ ਚੁਣਿਆ। ਅਖੀਰ ਰੱਬ ਨੇ ਲੋਕਾਂ ਦਾ ਕਸੂਰ ਮੁਆਫ਼ ਕਰ ਦਿੱਤਾ:

ਸਜ਼ਾ ਤਾਂ ਮੈਂ ਜਿਸ ਨੂੰ ਚਾਹੁੰਦਾ ਹਾਂ, ਦਿੰਦਾ ਹਾਂ, ਪਰ ਮੇਰੀ ਰਹਿਮਤ ਹਰੇਕ ਚੀਜ਼ ਤੇ ਫੈਲੀ ਹੋਈ ਹੈ ਅਤੇ ਉਸਨੂੰ ਮੈਂ ਉਹਨਾਂ ਲੋਕਾਂ ਦੇ ਹੱਕ ਵਿਚ ਲਿਖਾਂਗਾ ਜੋ ਅਵੱਗਿਆ ਤੋਂ ਬਚਣਗੇ। ਜ਼ਕਾਤ ਦੇਣਗੇ ਅਤੇ ਮੇਰੀਆਂ ਆਇਤਾਂ ਉਤੇ ਈਮਾਨ ਲਿਆਉਣਗੇ।[62]

ਅੱਲਾਹ ਨੇ ਹੀ ਇਸਰਾਈਲ ਦੇ ਬਾਰਾਂ ਘਰਾਣੇ ਬਣਾਏ। ਮੂਸਾ ਨੇ ਲਾਠੀ ਮਾਰੀ ਅਤੇ ਬਾਰਾਂ ਸੋਮੇ ਵਗ ਟੁਰੇ। ਹਰ ਸੋਮਾ ਇਕ ਘਰਾਣੇ ਲਈ ਕਾਫ਼ੀ ਸੀ। ਰੱਬ ਨੇ ਬੱਦਲਾਂ ਦੀ ਛਾਂ ਕੀਤੀ। ਅੱਲਾਹ ਨੇ ਪਹਾੜ ਉਠਾ ਕੇ ਛਤਰੀ ਬਣਾਈ। ਕੁਰਆਨ ਦੱਸਦਾ ਹੈ ਕਿ ਆਦਮ ਦੇ ਪੁੱਤਰਾਂ ਨੇ ਵੀ ਇਹ ਪ੍ਰਣ ਕੀਤਾ ਸੀ ਕਿ ਅੱਲਾਹ ਹੀ ਸਾਡਾ ਰੱਬ ਹੈ। ਫੇਰ ਲੋਕਾਈ ਕਿਧਰ ਜਾ ਰਹੀ ਹੈ। ਇਨ੍ਹਾਂ ਦੇ ਪਿਓ-ਦਾਦੇ ਅਜਿਹੇ ਨਹੀਂ ਸਨ। ਅਜਿਹੇ ਲੋਕ ਕੁੱਤੇ ਵਰਗੇ ਹਨ:

ਸੋ ਉਹਦੀ ਹਾਲਤ ਕੁੱਤੇ ਵਰਗੀ ਹੋ ਗਈ ਕਿ ਤੁਸੀਂ ਉਸ ਤੇ ਹਮਲਾ ਕਰੋ ਤਾਂ ਵੀ ਜੀਭ ਲਮਕਾਈ ਰੱਖਦਾ ਹੈ ਅਤੇ ਉਸਨੂੰ ਛੱਡ ਦਿਓ ਤਾਂ ਵੀ ਜੀਭ ਲਮਕਾਈ ਰੱਖਦਾ ਹੈ। ਇਹੋ ਮਿਸਾਲ ਹੈ ਉਹਨਾਂ ਲੋਕਾਂ ਦੀ ਜਿਹੜੇ ਸਾਡੀਆਂ ਆਇਤਾਂ ਨੂੰ ਝੁਠਲਾਉਂਦੇ ਹਨ।[63]

ਅਤੇ

ਉਹਨਾਂ ਕੋਲ ਦਿਲ ਹਨ ਪਰ ਉਹ ਉਹਨਾਂ ਨਾਲ ਸੋਚਦੇ ਨਹੀਂ। ਉਹਨਾਂ ਕੋਲ ਅੱਖਾਂ ਹਨ ਪਰ ਉਹ ਉਹਨਾਂ ਨਾਲ ਵੇਖਦੇ ਨਹੀਂ। ਉਹਨਾਂ ਕੋਲ ਕੰਨ ਹਨ ਪਰ ਉਹ ਉਹਨਾਂ ਨਾਲ ਸੁਣਦੇ ਨਹੀਂ। ਉਹ ਪਸ਼ੂਆਂ ਸਮਾਨ ਹਨ ਸਗੋਂ ਉਹਨਾਂ ਨਾਲੋਂ ਵੀ ਵਧੇਰੇ ਹੀਣੇ, ਇਹ ਉਹ ਲੋਕ ਹਨ ਜਿਹੜੇ ਬੇਸੁਰਤ ਹੋ ਗਏ ਹਨ।[64]

ਮੁਨਾਫ਼ਿਕ ਸ਼ੰਕੇ ਖੜ੍ਹੇ ਕਰਦੇ ਹਨ ਕਿ ਅੱਲਾਹ ਦੀ ਕੋਈ ਨਿਸ਼ਾਨੀ ਦਿਖਾਓ ਤਾਂ ਕੁਰਆਨ ਉਨ੍ਹਾਂ ਨੂੰ ਇਹ ਨਿਸ਼ਾਨੀ ਦੱਸਦਾ ਹੈ ਕਿ ਅੱਲਾਹ ਹੀ ਖੁਆਉਂਦਾ, ਪਿਆਉਂਦਾ ਅਤੇ ਅਰੋਗਤਾ ਬਖਸ਼ਦਾ ਹੈ। ਕਿੰਨੀਆਂ ਨਿਸ਼ਾਨੀਆਂ ਹਨ ਬਨਸਪਤੀ, ਆਕਾਸ਼, ਪਹਾੜ। ਮੂਸਾ ਨੂੰ ਫਿਰਔਨ ਨੇ ਕਿਹਾ ਸੀ ਕਿ ਤੂੰ ਮੇਰੇ

---

[61] *ਕੁਰਆਨ ਮਜੀਦ,* ਫੁਟ ਨੋਟ ਨੰ. 40, ਪੰਨਾ-284.

[62] 7: 156.

[63] 7:176.

[64] 7:179.

ਨਾਲ ਧੋਖਾ ਕੀਤਾ। ਤੂੰ ਰਾਜ ਮਹਿਲਾਂ ਵਿੱਚ ਪਲਿਆ ਤੇ ਹੁਣ ਸਾਡੇ ਉਲਟ ਹੋ ਗਿਆ ਹੈ। ਤੂੰ ਨਾਸ਼ੁਕਰਾ ਹੈ। ਮੂਸਾ ਨੇ ਕਿਹਾ ਕਿ ਤੂੰ ਇਸਰਾਇਲੀਆਂ ਨੂੰ ਗੁਲਾਮ ਬਣਾਇਆ ਸੀ। ਮੇਰਾ ਰਾਜ ਮਹਿਲ ਵਿੱਚ ਆਉਣਾ, ਮੇਰੇ ਸਿਰ ਤੇਰਾ ਕੋਈ ਅਹਿਸਾਨ ਨਹੀਂ ਹੈ। ਮੂਸਾ ਦਾ ਇਸਰਾਇਲੀਆਂ ਨੂੰ ਮਿਸਰ ਤੋਂ ਛੁਡਾਉਣਾ, ਸਮੁੰਦਰ ਦਾ ਰਾਹ ਦੇਣਾ, ਕੀ ਕਿਸੇ ਨਿਸ਼ਾਨੀ ਤੋਂ ਘੱਟ ਹੈ। ਮੂਸਾ ਸਮੇਤ ਨੂਹ, ਆਦਿ ਅਤੇ ਸਮੂਦ ਵੀ ਤਾਂ ਹਨ:

> ਇਸ ਘਟਨਾ ਵਿੱਚ ਇੱਕ ਨਿਸ਼ਾਨੀ ਹੈ, ਪਰ ਇਹਨਾਂ ਲੋਕਾਂ ਵਿੱਚੋਂ ਵਧੇਰੇ ਮੰਨਣ ਨਹੀਂ ਹਨ ਅਤੇ ਅਸਲੀਅਤ ਇਹ ਹੈ ਕਿ ਤੇਰਾ ਰੱਬ ਡਾਢਾ ਜ਼ੋਰਾਵਰ ਵੀ ਹੈ ਤੇ ਮਿਹਰਬਾਨ ਵੀ।[65]

ਫਿਰਔਨ ਦੇ ਦਰਬਾਰ ਵਿੱਚ ਦੀ ਇੱਕ ਵਿਅਕਤੀ ਈਮਾਨ ਵਾਲਾ ਸੀ। ਉਸਨੇ ਫਿਰਔਨ ਦਾ ਵਿਰੋਧ ਕੀਤਾ ਕਿ ਤੁਸੀਂ ਮੂਸਾ ਨੂੰ ਨਹੀਂ ਮਾਰ ਸਕਦੇ:

> ਇਸ ਮੌਕੇ 'ਤੇ ਫਿਰਔਨ ਦੇ ਲੋਕਾਂ ਵਿੱਚੋਂ ਇੱਕ ਈਮਾਨ ਵਾਲਾ ਵਿਅਕਤੀ ਜਿਸਨੇ ਆਪਣਾ ਈਮਾਨ ਲੁਕਾਇਆ ਹੋਇਆ ਸੀ, ਬੋਲ ਪਿਆ,"ਕੀ ਤੁਸੀਂ ਇੱਕ ਬੰਦੇ ਨੂੰ ਕੇਵਲ ਇਸ ਗੱਲੋਂ ਮਾਰ ਸੁੱਟੋਗੇ ਕਿ ਉਹ ਆਖਦਾ ਹੈ ਕਿ ਮੇਰਾ ਰੱਬ ਅੱਲਾਹ ਹੈ।[66]

ਪੈਗੰਬਰਾਂ ਦਾ ਨਿੱਜੀ ਝਗੜਾ ਨਹੀਂ ਹੁੰਦਾ। ਬੇਅੰਤ ਤਸ਼ੱਦਦ ਅਤੇ ਸ਼ਹੀਦੀਆਂ ਕੇਵਲ ਸੱਚਾਈ ਦੇ ਰਾਹ ਤੇ ਚੱਲਣ ਕਰਕੇ ਹੋਈਆਂ। ਅਨੇਕ ਰਸੂਲਾਂ ਨੇ ਅੱਲਾਹ ਦੀ ਬੰਦਗੀ ਬਾਰੇ ਜਾਣਕਾਰੀ ਦਿੱਤੀ ਹੈ ਪਰ ਬਹੁਤੇ ਲੋਕਾਂ ਨੇ ਅੰਨ੍ਹੇ ਬਣੇ ਰਹਿਣਾ ਪ੍ਰਵਾਨ ਕੀਤਾ ਹੈ:

> ਰਹਿ ਗਏ ਸਮੂਦ, ਤਾਂ ਉਹਨਾਂ ਦੇ ਸਾਹਮਣੇ ਅਸਾਂ ਸਿੱਧਾ ਰਾਹ ਪੇਸ਼ ਕੀਤਾ ਪਰ ਉਹਨਾਂ ਰਾਹ ਵੇਖਣ ਨਾਲੋਂ ਅੰਨ੍ਹੇ ਬਣੇ ਰਹਿਣਾ ਹੀ ਪਸੰਦ ਕੀਤਾ।[67]

### ਇਲੀਆਸ (ਅ.)

ਇਲੀਅਸ ਪੈਗੰਬਰ ਸਿੱਧੇ ਰਾਹ 'ਤੇ ਸੀ। ਉਸਨੇ ਲੋਕਾਂ ਨੂੰ ਝੂਠੇ ਦੇਵਤੇ 'ਬਅਲ' ਦੀ ਪੂਜਾ ਕਰਨ ਤੋਂ ਲੋਕਾਂ ਨੂੰ ਹਟਾਇਆ:

> ਬੇਸ਼ੱਕ ਇਲੀਆਸ ਵੀ ਰਸੂਲਾਂ ਵਿੱਚੋਂ ਸੀ। ਚੇਤੇ ਕਰੋ ਜਦੋਂ ਉਸਨੇ ਆਪਣੀ ਕੌਮ ਨੂੰ ਆਖਿਆ ਸੀ ਕਿ "ਤੁਸੀਂ ਲੋਕ ਡਰਦੇ ਨਹੀਂ? ਕੀ ਤੁਸੀਂ 'ਬਅਲ' ਨੂੰ ਪੂਜਦੇ ਹੋ ਅਤੇ ਸਭਨਾਂ ਤੋਂ ਸੁਹਣੇ ਸਿਰਜਣਹਾਰ ਨੂੰ ਛੱਡ ਦਿੰਦੇ ਹੋ, ਉਸ ਅੱਲਾਹ ਨੂੰ ਜਿਹੜਾ ਤੁਹਾਡਾ ਤੇ ਤੁਹਾਡੇ ਅਗਲੇ ਪਿਛਲੇ ਪਿਓ-ਦਾਦਿਆਂ ਦਾ ਰੱਬ ਹੈ।" ਪਰ ਉਹਨਾਂ ਨੇ ਉਸਨੂੰ ਝੁਠਲਾ ਦਿੱਤਾ।[68]
>
> ਅਤੇ
>
> ਸਲਾਮ ਹੈ ਇਲੀਆਸ ਉਤੇ! ਅਸੀਂ ਨੇਕੀ ਕਰਨ ਵਾਲਿਆਂ ਨੂੰ ਅਜਿਹਾ ਹੀ ਬਦਲਾ ਦਿੰਦੇ ਹਾਂ। ਅਸਲੋਂ ਹੀ ਉਹ ਸਾਡੇ ਈਮਾਨ ਵਾਲੇ ਬੰਦਿਆਂ ਵਿੱਚੋਂ ਸੀ।[69]

---

[65] 26:67-68.
[66] 40:28.
[67] 41:17.
[68] 37:123-126.
[69] 37:132.

## ਦਾਊਦ (ਅ.)

ਪੈਗੰਬਰਾਂ ਦੀਆਂ ਸਾਖੀਆਂ ਦੱਸਦੀਆਂ ਹਨ ਕਿ ਜਿਵੇਂ ਪਹਿਲਾਂ ਲੋਕਾਂ ਨੇ ਪੈਗੰਬਰਾਂ ਦਾ ਵਿਰੋਧ ਕੀਤਾ ਤੁਸੀਂ ਨਾ ਕਰਿਓ। ਅੱਲਾਹ ਸਾਰੀਆਂ ਗੱਲਾਂ ਤੋਂ ਜਾਣੂ ਹੈ। ਪੈਗੰਬਰ ਦਾਊਦ ਦੇ ਅਧੀਨ ਪੰਛੀ ਸਨ। ਸੁਲੇਮਾਨ ਦੇ ਅਧੀਨ ਹਵਾ ਸੀ। ਇਹ ਪੈਗੰਬਰ ਸਿੱਧੇ ਰਾਹ ਦਾ ਪ੍ਰਚਾਰ ਕਰਦੇ ਰਹੇ ਹਨ:

> (ਹੇ ਨਬੀ!) ਇਹਨਾਂ ਤੋਂ ਪੁੱਛੋ, "ਕੌਣ ਤੁਹਾਨੂੰ ਅਕਾਸ਼ੋ ਤੇ ਧਰਤੀਓ ਰੋਜ਼ੀ ਦਿੰਦਾ ਹੈ" ਆਖੋ, "ਅੱਲਾਹ! ਹੁਣ ਜ਼ਰੂਰ ਹੀ ਸਾਡੇ ਜਾਂ ਤੁਹਾਡੇ ਵਿੱਚੋਂ ਕੋਈ ਇੱਕ ਸਿੱਧੇ ਰਾਹ ਉੱਤੇ ਹੈ ਜਾਂ ਸਪੱਸ਼ਟ ਕੁਰਾਹੇ ਪਿਆ ਹੋਇਆ ਹੈ।[70]

## ਸੁਲੇਮਾਨ (ਅ.)

ਸੁਲੇਮਾਨ ਪੰਛੀਆਂ ਦੀਆਂ ਗੱਲਾਂ ਸਮਝਣ ਦੇ ਸਮਰੱਥ ਸੀ। ਉਹ ਇਕ ਵਾਰ ਕਿਤੇ ਜਾ ਰਿਹਾ ਸੀ। ਇਕ ਕੀੜੀ ਨੇ ਦੂਜੀ ਕੀੜੀ ਨੂੰ ਕਿਹਾ-ਧਿਆਨ ਨਾਲ, ਖੁੱਡਾਂ ਵਿੱਚ ਨਾ ਵੜਿਓ, ਕਿਤੇ ਸੁਲੇਮਾਨ ਦੀਆਂ ਫੌਜਾਂ ਸਾਨੂੰ ਲਤਾੜ ਨਾ ਦੇਣ। ਸੁਲੇਮਾਨ ਨੇ ਅੱਲਾਹ ਦਾ ਸ਼ੁਕਰ ਕੀਤਾ। ਪਸ਼ੂ-ਪੰਛੀਆਂ ਰਾਹੀਂ ਵੀ ਸਿੱਧੇ ਰਾਹ ਚੱਲਣ ਦੀ ਗੱਲ ਕਹੀ ਗਈ ਹੈ। ਇੱਕ ਚੱਕੀਰਾਹੇ ਨੇ ਸੁਲੇਮਾਨ ਨੂੰ ਦੱਸਿਆ ਕਿ ਮੈਂ ਇਕ ਨਵੀਂ ਜਾਣਕਾਰੀ ਲੈ ਕੇ ਆਇਆ ਹਾਂ। 'ਸਬਾ' ਜੋ ਦੱਖਣੀ ਅਰਬ ਦੀ ਪ੍ਰਸਿੱਧ ਕੌਮ ਹੈ। ਉਥੇ ਦੀ ਰਾਣੀ ਸੂਰਜ ਦੀ ਪੂਜਾ ਕਰਦੀ ਹੈ। ਸੁਲੇਮਾਨ ਨੇ ਚੱਕੀਰਾਹੇ ਰਾਹੀਂ ਉਸ ਰਾਣੀ ਨੂੰ ਸਿੱਧੇ ਰਾਹ 'ਤੇ ਆਉਣ ਲਈ ਕਿਹਾ ਪਰੰਤੂ ਉਸ ਰਾਣੀ ਨੇ ਸੁਗਾਤਾਂ ਭੇਜੀਆਂ। ਸੁਲੇਮਾਨ ਨੇ ਸੁਗਾਤਾਂ ਸਵੀਕਾਰ ਨਾ ਕੀਤੀਆਂ ਅਤੇ ਉਸ ਰਾਣੀ ਨਾਲ ਲੜਨ ਦਾ ਐਲਾਨ ਕੀਤਾ। ਰੱਬੀ ਤਾਕਤ ਨਾਲ ਉਸ ਰਾਣੀ ਦਾ ਸਿੰਘਾਸਨ ਸੁਲੇਮਾਨ ਦੇ ਦਰਬਾਰ ਵਿੱਚ ਆ ਗਿਆ। ਰਾਣੀ ਨੇ ਕਿਹਾ:

> ਉਸ ਨੂੰ (ਈਮਾਨ ਲਿਆਉਣ ਤੋਂ) ਜਿਸ ਚੀਜ਼ ਨੇ ਰੋਕ ਛੱਡਿਆ ਸੀ ਉਹ ਉਹਨਾਂ ਇਸ਼ਟਾਂ ਦੀ ਬੰਦਗੀ ਸੀ ਜਿਹਨਾਂ ਨੂੰ ਉਹ ਅੱਲਾਹ ਤੋਂ ਛੁੱਟ ਪੂਜਦੀ ਸੀ, ਕਿਉਂਕਿ ਉਹ ਇਕ ਕਾਫ਼ਿਰ (ਅਧਰਮੀ) ਕੌਮ ਵਿੱਚੋਂ ਸੀ।[71]

## ਲੂਤ (ਅ.) ਅਤੇ ਯੂਨਸ (ਅ.)

ਲੂਤ ਦੀ ਅੱਲਾਹ ਨੇ ਰਾਖੀ ਕੀਤੀ ਪਰ ਉਸਦੀ ਪਤਨੀ ਹੁਕਮ ਅਦੂਲੀ ਕਰਕੇ ਨਾ ਬਚ ਸਕੀ। ਯੂਨਸ (ਅ.) ਦੀ ਰਾਖੀ ਮੱਛੀ ਦੇ ਪੇਟ ਵਿਚ ਕੀਤੀ। ਕੁਰਆਨ ਵਿਚ ਹਜ਼ਰਤ ਯੂਨਸ (ਅ.) ਨੂੰ ਮੱਛੀ ਵਾਲਾ ਕਹਿ ਕੇ ਸੰਬੋਧਨ ਕੀਤਾ ਹੈ। ਇਹ ਨਾਮ ਉਨ੍ਹਾਂ ਦਾ ਇਸ ਕਰਕੇ ਪਿਆ ਸੀ ਕਿਉਂਕਿ ਉਨ੍ਹਾਂ ਨੂੰ ਮੱਛੀ ਨੇ ਨਿਗਲ ਲਿਆ ਸੀ। ਖ਼ੁਦਾ ਪਾਕ ਨੇ ਉਸਦੀ ਮੱਛੀ ਦੇ ਢਿੱਡ ਵਿਚ ਰਾਖੀ ਕੀਤੀ ਸੀ:

---

[70] 34: 24.
[71] 27:43.

ਮੱਛੀ ਵਾਲੇ ਨੂੰ ਵੀ ਅਸਾਂ ਸਾਜਿਆ-ਨਿਵਾਜਿਆ।[72]

ਇਨਕਾਰੀ ਮੁਹੰਮਦ (ਸ.) ਤੋਂ ਪਹਿਲਾਂ ਆਖਦੇ ਸਨ ਜੇਕਰ ਸਾਡੇ ਕੋਲ ਵੀ ਪਿਛਲੀਆਂ ਕੌਮਾਂ ਵਾਂਗ ਕੋਈ ਹਿਦਾਇਤ ਲਈ ਪੁਸਤਕ ਹੁੰਦੀ ਪਰ ਜਦੋਂ ਉਹ ਪੁਸਤਕ ਆ ਗਈ ਤਾਂ ਉਸਨੂੰ ਮੰਨਿਆ ਨਹੀਂ।

## ਮਾਲਦਾਰ ਕਾਰੂਨ

*ਕੁਰਆਨ* ਵਿਚ ਅਜਿਹੇ ਲੋਕਾਂ ਦਾ ਜ਼ਿਕਰ ਵੀ ਆਇਆ ਹੈ ਜੋ ਮਾਇਆ ਦੇ ਘਮੰਡ ਵਿਚ ਅੱਲਾਹ ਦੇ ਸਿੱਧੇ ਰਾਹ ਤੋਂ ਆਕੀ ਸਨ। ਜਿਸ ਤਰ੍ਹਾਂ ਫਿਰਔਨ ਆਪਣੇ ਆਪ ਨੂੰ ਸਮਰੱਥ ਸਮਝਦਾ ਸੀ। ਇਸ ਤਰ੍ਹਾਂ ਦਾ ਹੀ ਇੱਕ ਮਾਲਦਾਰ ਕਾਰੂਨ ਵੀ ਸੀ ਜੋ ਅਮੀਰ ਤਾਂ ਸੀ ਪਰ ਈਮਾਨ ਤੋਂ ਸੱਖਣਾ ਸੀ। ਉਹ ਏਨਾ ਧਨਵਾਨ ਸੀ ਕਿ ਉਸਦੇ ਖਜ਼ਾਨੇ ਦੀਆਂ ਚਾਬੀਆਂ ਚੁੱਕਣ ਵਾਲੇ ਥੱਕ ਜਾਂਦੇ ਸਨ। ਕੁਰਆਨ ਦੱਸਦਾ ਹੈ ਕਿ ਲੋਕ ਉਸ ਵਰਗਾ ਬਣਨਾ ਲੋਚਦੇ ਸਨ ਪਰੰਤੂ ਅਜਿਹੇ ਰਾਜੇ ਦੋਲਤ ਮੰਦ ਨਹੀਂ ਹੁੰਦੇ:

> ਕਾਸ਼! ਸਾਨੂੰ ਵੀ ਉਹੀ ਕੁਝ ਮਿਲਦਾ ਜੋ ਕਾਰੂਨ ਨੂੰ ਦਿੱਤਾ ਗਿਆ ਹੈ। ਇਹ ਤਾਂ ਬਹੁਤ ਭਾਗਾਂ ਵਾਲਾ ਹੈ। ਪਰ ਜਿਹਨਾਂ ਲੋਕਾਂ ਨੂੰ ਗਿਆਨ ਪ੍ਰਾਪਤ ਸੀ ਉਹ ਆਖਣ ਲੱਗੇ, "ਅਫਸੋਸ ਹੈ ਤੁਹਾਡੇ ਹਾਲ 'ਤੇ। ਅੱਲਾਹ ਦਾ ਦਿੱਤਾ ਚੰਗੇਰਾ ਹੈ ਉਸ ਵਿਅਕਤੀ ਲਈ ਜਿਹੜਾ ਈਮਾਨ ਲਿਆਵੇ, ਭਲੇ ਕੰਮ ਕਰੇ ਅਤੇ ਇਹ ਦੌਲਤ ਛੁੱਟ ਸੰਤੋਖੀਆਂ ਤੋਂ ਹੋਰ ਕਿਸੇ ਨੂੰ ਨਹੀਂ ਮਿਲਦੀ।"[73]

## ਈਸਾ (ਅ.) ਅਤੇ ਯਾਹਯਾ (ਅ.)

ਇਮਰਾਨ ਦੇ ਘਰ ਮਰੀਅਮ ਦਾ ਜਨਮ ਹੋਇਆ। ਮਰੀਅਮ ਬੜੀ ਸਾਊ ਬੀਬੀ ਸੀ। ਅੱਲਾਹ ਨੇ ਉਸਦੀ ਨਿਗਰਾਨੀ ਜ਼ਕਰੀਆ ਨੂੰ ਸੌਂਪੀ। ਜਦੋਂ ਵੀ ਜ਼ਕਰੀਆ ਮਰੀਅਮ ਦੇ ਕਮਰੇ ਵਿਚ ਜਾਂਦਾ ਤਾਂ ਖਾਣ-ਪੀਣ ਦਾ ਸਾਮਾਨ ਤੱਕਦਾ ਅਤੇ ਮਰੀਅਮ ਨੂੰ ਪੁੱਛਦਾ ਕਿ ਇਹ ਕਿਥੋਂ ਆਉਂਦਾ ਹੈ ਤਾਂ ਮਰੀਅਮ ਜੁਆਬ ਦਿੰਦੀ, ਅੱਲਾਹ ਵਲੋਂ। ਇਸ ਤੋਂ ਪ੍ਰਭਾਵਿਤ ਹੋ ਕੇ ਜ਼ਕਰੀਆ ਨੇ ਰੱਬ ਅੱਗੇ ਅਰਦਾਸ ਕੀਤੀ ਕਿ ਤੂੰ ਮੈਨੂੰ ਵੀ ਨੇਕ ਔਲਾਦ ਬਖ਼ਸ। ਜਦੋਂ ਜ਼ਕਰੀਆ ਨਮਾਜ਼ ਪੜ੍ਹ ਰਿਹਾ ਸੀ ਤਾਂ ਫ਼ਰਿਸ਼ਤਿਆਂ ਨੇ ਉਸ ਨੂੰ 'ਯਾਹਯਾ' ਦੀ ਖੁਸ਼ਖਬਰੀ ਦਿੱਤੀ ਅਤੇ ਕਿਹਾ ਉਹ ਬਹੁਤ ਵਡਿਆਈ ਵਾਲਾ ਹੋਵੇਗਾ ਅਤੇ ਪੈਗ਼ੰਬਰੀ ਲਈ ਨਿਵਾਜਿਆ ਜਾਵੇਗਾ। ਜ਼ਕਰੀਆ ਨੇ ਕਿਹਾ ਮੈਂ ਬਜ਼ੁਰਗ ਹਾਂ, ਮੇਰੀ ਪਤਨੀ ਬਾਂਝ ਹੈ। ਜਵਾਬ ਆਇਆ-ਅਜਿਹਾ ਹੀ ਹੋਵੇਗਾ। ਮਰੀਅਮ ਦਾ ਰੱਬ ਵਲੋਂ ਚੁਣਿਆ ਜਾਣਾ ਇਸਤਰੀ ਜਾਤੀ ਲਈ ਮਾਣ ਵਾਲੀ ਗੱਲ ਸੀ ਇਸ ਬਾਰੇ ਕੁਰਆਨ ਦਾ ਕਥਨ ਹੈ:

> ਫੇਰ ਉਹ ਵੇਲਾ ਆਇਆ ਜਦੋਂ ਫ਼ਰਿਸ਼ਤਿਆਂ ਨੇ ਆ ਕੇ ਮਰੀਅਮ ਨੂੰ ਆਖਿਆ, 'ਹੇ ਮਰੀਅਮ। ਅੱਲਾਹ ਨੇ ਤੈਨੂੰ ਵਡਿਆਈ ਦਿੱਤੀ, ਪਵਿੱਤਰਤਾ ਬਖ਼ਸ਼ਿਸ਼ ਕੀਤੀ ਅਤੇ ਸਾਰੇ ਸੰਸਾਰ ਦੀਆਂ ਇਸਤਰੀਆਂ ਵਿਚੋਂ ਤੈਨੂੰ ਪਹਿਲ ਦੇ ਕੇ ਆਪਣੀ ਸੇਵਾ ਲਈ ਚੁਣ ਲਿਆ।[74]

---

72 21:85-86
73 28:79 ਤੇ 80.
74 3:42.

ਇਹ ਗੱਲਾਂ ਦਾ ਇਲਮ ਅੱਲਾਹ ਨੂੰ ਹੈ। ਹਜ਼ਰਤ ਮੁਹੰਮਦ (ਸ.) ਤਾਂ ਉਸ ਵੇਲੇ ਨਹੀਂ ਸਨ। ਇਸ ਤਰ੍ਹਾਂ ਮਰੀਅਮ ਦੀ ਕੁੱਖ ਤੋਂ ਈਸਾ ਮਸੀਹ ਦਾ ਜਨਮ ਹੋਇਆ ਜਿਸ ਬਾਰੇ ਕੁਰਆਨ ਦਾ ਕਥਨ ਹੈ:

> ਜਦੋਂ ਫ਼ਰਿਸ਼ਤਿਆਂ ਨੇ ਆਖਿਆ, 'ਹੇ ਮਰੀਅਮ! ਅੱਲਾਹ ਤੈਨੂੰ ਆਪਣੇ ਇੱਕ ਫ਼ਰਮਾਨ ਦੀ ਖੁਸ਼ਖਬਰੀ ਦਿੰਦਾ ਹੈ। ਉਸਦਾ ਨਾਓਂ ਈਸਾ ਮਸੀਹ ਪੁੱਤਰ ਮਰੀਅਮ ਹੋਵੇਗਾ, ਦੁਨੀਆ ਤੇ ਆਖ਼ਰਤ ਵਿੱਚ ਪਤਵੰਤਾ ਹੋਵੇਗਾ, ਅੱਲਾਹ ਦੇ ਨਿਕਟਵਰਤੀ ਬੰਦਿਆਂ ਵਿੱਚ ਗਿਣਿਆ ਜਾਵੇਗਾ, ਲੋਕਾਂ ਨਾਲ ਪੰਘੂੜੇ ਵਿਚ ਵੀ ਗੱਲਾਂ ਕਰੇਗਾ ਅਤੇ ਵੱਡੀ ਉਮਰੇ ਪੁੱਜ ਕੇ ਵੀ ਅਤੇ ਉਹ ਇੱਕ ਭਲਾ ਪੁਰਸ਼ ਹੋਵੇਗਾ।[75]

ਈਸਾ ਮਸੀਹ ਬਿਨਾਂ ਮਾਂ-ਬਾਪ ਦੇ ਸੰਜੋਗ ਤੋਂ ਪੈਦਾ ਹੋਇਆ। ਉਸਨੇ ਲੋਕਾਂ ਵਿੱਚ ਇਕ ਰੱਬ ਦੀ ਬੰਦਗੀ ਦਾ ਪ੍ਰਚਾਰ ਕੀਤਾ। ਉਸਨੇ ਦੱਸਿਆ ਕਿ ਮੈਂ ਅੱਲਾਹ ਵੱਲੋਂ ਆਇਆ ਹਾਂ। ਜਮਾਂਦਰੂ ਅੰਨ੍ਹਿਆਂ ਅਤੇ ਕੋੜ੍ਹੀਆਂ ਨੂੰ ਰਾਜ਼ੀ ਕਰ ਦਿੰਦਾ ਹਾਂ, ਮੁਰਦਿਆਂ ਨੂੰ ਜਿਊਂਦਾ ਕਰ ਦਿੰਦਾ ਹਾਂ। ਇਸਰਾਈਲੀਆਂ ਨੇ ਈਸਾ ਮਸੀਹ ਵਿਰੁੱਧ ਕਈਂ ਚਾਲਾਂ ਚੱਲੀਆਂ ਅਖੀਰ ਅੱਲਾਹ ਕੇ ਈਸਾ ਨੂੰ ਆਪਣੇ ਕੋਲ ਬੁਲਾ ਲਿਆ ਸੀ। ਈਸਾ ਮਸੀਹ ਵੀ ਆਦਮ ਵਾਂਗ ਹੀ ਸੀ। ਅੱਲਾਹ ਦੀ ਨਜ਼ਰ ਵਿਚ ਈਸਾ ਦੀ ਮਿਸਾਲ ਆਦਮ ਵਾਂਗ ਹੈ ਕਿ ਅੱਲਾਹ ਨੇ ਉਸਨੂੰ ਮਿੱਟੀ ਤੋਂ ਸਾਜਿਆ ਅਤੇ ਹੁਕਮ ਦਿੱਤਾ ਕਿ 'ਹੋ ਜਾ' ਅਤੇ ਉਹ ਹੋ ਗਿਆ। ਅੱਲਾਹ ਇਕ ਹੈ। ਪਰੰਤੂ ਲੋਕਾਂ ਨੇ ਰੱਬ ਦੇ ਟੁਕੜੇ ਕਰ ਦਿੱਤੇ। ਈਸਾ ਨੂੰ ਅਤੇ ਮਰੀਅਮ ਨੂੰ ਵੀ ਰੱਬ ਦੇ ਭਾਈਵਾਲ ਬਣਾ ਲਿਆ। ਈਸਾਈ ਪ੍ਰਚਾਰਕਾਂ ਨੇ ਉਸਨੂੰ ਪ੍ਰਮੇਸ਼ਵਰ, ਪਿਤਾ ਅਤੇ ਪਵਿੱਤਰ ਆਤਮਾ ਕਿਹਾ ਸੀ ਅਤੇ ਤ੍ਰੀਏਕਤਾ ਦਾ ਸਿਧਾਂਤ ਦਿੱਤਾ ਸੀ ਜੋ ਬਹੁਤ ਵੱਡਾ ਕੁਫ਼ਰ ਸੀ:

> ਬੇਸ਼ੱਕ ਕੁਫ਼ਰ ਕੀਤਾ ਉਹਨਾਂ ਲੋਕਾਂ ਨੇ ਜਿਹਨਾਂ ਆਖਿਆ ਕਿ ਅੱਲਾਹ ਤਿੰਨਾਂ ਵਿਚੋਂ ਇਕ ਹੈ, ਜਦੋਂ ਕਿ ਇਕ ਅੱਲਾਹ ਤੋਂ ਛੁੱਟ ਕੋਈ ਇਸ਼ਟ ਨਹੀਂ ਹੈ।[76]

ਈਸਾ ਦਾ ਜਨਮ ਬਿਨਾਂ ਬਾਪ ਤੋਂ ਹੋਇਆਂ। ਉਸਨੂੰ ਰੱਬ ਦਾ ਪੁੱਤਰ ਮੰਨ ਲੈਣਾ ਮੁਨਾਸਿਬ ਨਹੀਂ:

> ਜੇ ਸਿਰਫ਼ ਬਿਨਾਂ ਬਾਪ ਤੋਂ ਪੈਦਾ ਹੋਣਾ ਹੀ ਕਿਸੇ ਨੂੰ ਰੱਬ ਜਾਂ ਰੱਬ ਦਾ ਪੁੱਤਰ ਬਣਾਉਣ ਲਈ ਕਾਫੀ ਦਲੀਲ ਹੋਵੇ ਤਾਂ ਫਿਰ ਈਸਾਈਆਂ ਨੂੰ ਹਜ਼ਰਤ ਆਦਮ ਬਾਰੇ ਹੋਰ ਅੱਗੇ ਵਧਕੇ ਅਜਿਹਾ ਅਕੀਦਾ ਰੱਖਣਾ ਚਾਹੀਦਾ ਸੀ, ਕਿਉਂ ਜੋ ਹਜ਼ਰਤ ਈਸਾ ਅ, ਤਾਂ ਸਿਰਫ਼ ਬਿਨਾਂ ਪਿਓ ਤੋਂ ਹੀ ਪੈਦਾ ਹੋਏ ਸਨ ਪਰ ਹਜ਼ਰਤ ਆਦਮ ਤਾਂ ਮਾਂ ਪਿਓ ਦੋਹਾਂ ਤੋਂ ਬਿਨਾਂ ਪੈਦਾ ਹੋਏ।[77]

ਲੋਕਾਂ ਨੇ ਕੁਰਆਨ ਉਪਰ ਉਸ ਤਰ੍ਹਾਂ ਹੀ ਸ਼ੱਕ ਕੀਤਾ ਜਿਵੇਂ ਪਿਛਲੀਆਂ ਕਿਤਾਬਾਂ ਉਪਰ ਕੀਤਾ ਸੀ ਅਤੇ ਪੈਗੰਬਰਾਂ ਉਪਰ ਵੀ ਨੂਹ ਦੀ ਕੌਮ ਨੇ, ਆਦ ਨੇ, ਫਿਰਔਨ ਨੇ, ਸਮੂਦ ਨੇ, ਲੂਤ ਦੀ ਕੌਮ ਨੇ ਐਕਾ ਵਾਲਿਆਂ ਨੇ ਇਹ ਉਹ ਲੋਕ ਜਾਂ ਕੌਮਾਂ ਸਨ ਜਿਨ੍ਹਾਂ ਨੇ ਸਿੱਧਾ ਰਾਹ ਨਾ ਚੁਣਿਆ ਅਤੇ ਨਾ ਹੋਰਾਂ ਨੂੰ ਚੁਣਨ ਦਿੱਤਾ। ਪਰ ਅੱਲਾਹ ਵੱਲੋਂ ਵਾਰ-ਵਾਰ ਪੈਗੰਬਰਾਂ ਦਾ ਸਿਲਸਿਲਾ ਜਾਰੀ ਰਿਹਾ। ਉਸਨੇ ਦਾਊਦ ਨੂੰ ਸੁਲੇਮਾਨ ਵਰਗਾ ਪੁੱਤਰ ਦਿੱਤਾ:

---

75 3: 45-46.
76 5: 73.
77 *ਕੁਰਆਨ ਮਜੀਦ*, ਫੁਟ ਨੋਟ ਨੰ. 17, ਪੰਨਾ-102.

ਸਾਡੇ ਬੰਦਿਆਂ ਇਬਰਾਹੀਮ, ਇਸਹਾਕ ਅਤੇ ਯਾਕੂਬ ਦਾ ਚੇਤਾ ਕਰੋ।[78]

ਅਤੇ

ਇਸਮਾਈਲ, ਅਲਯਸਾਅ ਤੇ ਜ਼ੁਲਕਿਫਲ ਨੂੰ ਯਾਦ ਕਰੋ। ਇਹ ਸਾਰੇ ਭਲੇ ਪੁਰਖਾਂ ਵਿੱਚੋਂ ਸਨ।[79]

ਉਪਰ ਦਿੱਤੇ ਪੈਗ਼ੰਬਰਾਂ ਰਾਹੀਂ ਅੱਲਾਹ ਨੇ ਸਮੇਂ-ਸਮੇਨ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਸੀ। ਪਹਿਲੇ ਪੈਗ਼ੰਬਰ ਬਾਬਾ ਆਦਮ ਸਨ ਅਤੇ ਅਖੀਰਲੇ ਪੈਗ਼ੰਬਰ ਹਜ਼ਰਤ ਮੁਹੰਮਦ ਹਨ। ਪੈਗ਼ੰਬਰਾਂ ਨੇ ਅੱਲਾਹ ਦੇ ਹੁਕਮ ਅਨੁਸਾਰ ਪੈਗ਼ਾਮ ਪਹੰਚਾ ਦਿੱਤਾ ਹੈ। ਅੱਗੇ ਅੱਲਾਹ ਮਾਲਿਕ ਹੈ:

> ਅੱਲਾਹ ਸਮਰੱਥ ਹੈ ਸਿੱਧ ਰਾਹ ਤੇ ਤੋਰਨ ਲਈ ਵੀ ਅਤੇ ਮੋੜਨ ਲਈ ਵੀ। (ਇਹ ਹਕੀਕਤ ਹੈ ਕਿ) ਜਿਸ ਨੂੰ ਅੱਲਾਹ ਸਿੱਧੇ ਰਾਹ ਪਾਉਣਾ ਚਾਹੁੰਦਾ ਹੈ ਉਹਦਾ ਸੀਨਾ ਇਸਲਾਮ ਵਾਸਤੇ ਖੋਲ੍ਹ ਦਿੰਦਾ ਹੈ ਅਤੇ ਜਿਸਨੂੰ ਕੁਰਾਹੇ ਪਾਉਣ ਦਾ ਇਰਾਦਾ ਕਰਦਾ ਹੈ, ਉਹਦਾ ਸੀਨਾ ਸੌੜਾ ਕਰ ਦਿੰਦਾ ਹੈ।[80]

ਅੱਲਾਹ ਆਪਣੇ ਬੰਦਿਆਂ ਦੀ ਰਾਖੀ ਮੁੱਢ ਤੋਂ ਕਰਦਾ ਆਇਆ ਹੈ। ਕੁਰਆਨ ਵਿੱਚ ਇੱਕ ਲੜਾਈ ਦਾ ਜ਼ਿਕਰ ਹੈ ਜੋ ਹਜ਼ਰਤ ਮੁਹੰਮਦ ਤੋਂ ਪਹਿਲਾਂ ਹੋਈ ਸੀ। ਹਾਥੀਆਂ ਦੇ ਦਲ ਉੱਪਰ ਅੱਲਾਹ ਨੇ ਪੰਛੀਆਂ ਤੋਂ ਪੱਥਰ ਮਰਵਾ ਕੇ ਹਾਥੀ ਵਾਲਿਆਂ ਨੂੰ ਹਰਾਇਆ ਸੀ:

> ਤੁਸਾਂ ਵੇਖਿਆ ਨਹੀਂ ਕਿ ਤੁਹਾਡੇ ਰੱਬ ਨੇ ਹਾਥੀਆਂ ਵਾਲਿਆਂ ਨਾਲ ਕਿਹੋ ਜਿਹੀ ਕੀਤੀ? ਭਲਾ ਉਸਨੇ ਉਹਨਾਂ ਦੀ ਵਿਉਂਤ ਨੂੰ ਬੇਕਾਰ ਨਹੀਂ ਕਰ ਦਿੱਤਾ? ਉਹਨਾਂ ਉੱਤੇ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਭੇਜ ਦਿੱਤੀਆਂ। ਜਿਹੜੇ ਉਹਨਾਂ ਤੇ ਪੱਕੀ ਹੋਈ ਮਿੱਟੀ ਦੀਆਂ ਗੀਟੀਆਂ ਸੁੱਟ ਰਹੇ ਸਨ, ਫੇਰ ਉਹਨਾਂ ਦਾ ਇਹ ਹਾਲ ਕਰ ਛੱਡਿਆ ਜਿਵੇਂ (ਪਸ਼ੂਆਂ ਦੇ) ਖਾਣ ਵਾਲੀ ਤੂੜੀ ਹੋਵੇ।[81]

## 3. ਆਖ਼ਰੀ ਪੈਗ਼ੰਬਰ ਹਜ਼ਰਤ ਮੁਹੰਮਦ (ਸ.)

ਹਜ਼ਰਤ ਮੁਹੰਮਦ (ਸ.) ਦੇ ਜਨਮ ਸਮੇਂ ਅਤੇ ਨਬੱਵੁਤ ਵੇਲੇ ਅਰਬ ਦੇ ਲੋਕਾਂ ਦੇ ਹਾਲਾਤ ਬਹੁਤ ਮਾੜੇ ਸਨ। ਉਨ੍ਹਾਂ ਵਿਚ ਇਨਸਾਨੀਅਤ ਨਹੀਂ ਰਹੀਂ ਸੀ। ਉਹ ਨਿੱਤ ਦਿਹਾੜੇ ਘਰੇਲੂ ਲੜਾਈਆਂ ਦੇ ਸ਼ਿਕਾਰ ਸਨ। ਉਹ ਤੌਰੇਤ ਅਤੇ ਇੰਜੀਲ ਦੀ ਸਿੱਖਿਆ ਨੂੰ ਬਿਲਕੁੱਲ ਭੁੱਲ ਚੁੱਕੇ ਸਨ। ਚੋਰੀ ਦੀਆਂ ਘਟਨਾਵਾਂ ਆਮ ਸਨ। ਅੱਲਾਹ ਨੇ ਮੂਸਾ, ਈਸਾ ਉਪਰ ਕਿਤਾਬ ਭੇਜੀ ਅਤੇ ਇਸ ਤਰ੍ਹਾਂ ਹੀ ਮੁਹੰਮਦ (ਸ.) ਉਪਰ ਵੀ ਕਿਤਾਬ ਭੇਜੀ:

> ਫੇਰ ਹੇ ਨਬੀ! ਅਸਾਂ ਤੁਹਾਡੇ ਵੱਲ ਇਹ ਕਿਤਾਬ ਘੱਲੀ ਜਿਹੜੀ ਸਚਾਈ ਲੈ ਕੇ ਆਈ ਹੈ ਅਤੇ ਮੂਲ ਕਿਤਾਬ ਵਿੱਚੋਂ ਜੋ ਕੁਝ ਉਸਦੇ ਅੱਗੇ ਮੌਜੂਦ ਹੈ ਉਸਦੀ ਪੁਸ਼ਟੀ ਕਰਨ ਵਾਲੀ ਤੇ ਉਹਦੀ ਨਿਗਰਾਨ ਹੈ।[82]

---

78 38:45.
79 38:48.
80 6: 125.
81 105:1 ਤੋਂ 5.
82 5: 48.

ਮੁਹੰਮਦ ਦਾ ਵਿਰੋਧ ਹੋਇਆ। ਮੱਕੇ ਛੱਡਕੇ ਮਦੀਨੇ ਵੀ ਰਹਿਣਾ ਪਿਆ। ਸ਼ਾਂਤਮਈ ਜੀਵਨ ਤੋਂ ਬਾਅਦ ਤਲਵਾਰ ‘ਤੇ ਹੱਥ ਵੀ ਗਿਆ। ਆਪ ਜੀ (ਸ.) ਨੇ ਇੱਕ ਅੱਲਾਹ ਦੀ ਬੰਦਗੀ ਕਰਨ ਦਾ ਸੁਨੇਹਾ ਦਿੱਤਾ ਸੀ। ਇਨਕਾਰ ਕਰਨ ਵਾਲੇ ਆਪ (ਸ.) ਨੂੰ ਝੂਠਾ, ਸ਼ੁਦਾਈ ਅਤੇ ਕਵੀ ਵੀ ਕਹਿੰਦੇ ਸਨ। ਪਵਿੱਤਰ ਕੁਰਆਨ ਦੱਸਦਾ ਹੈ ਕਿ ਮੁਹੰਮਦ (ਸ.) ਕਵੀ ਨਹੀਂ ਕਿਉਂਕਿ ਕਵੀ ਜੋ ਕਹਿੰਦਾ ਹੈ, ਉਹ ਕਰਦਾ ਨਹੀਂ ਪਰ ਮੁਹੰਮਦ (ਸ.) ਲੋਕਾਂ ਲਈ ਆਦਰਸ਼ ਹਨ ਜੋ ਕਹਿੰਦੇ ਹਨ ਉਹ ਕਰਦੇ ਹਨ:

> ਰਹਿ ਗਏ ਕਵੀ ਤਾਂ ਉਹਨਾਂ ਦੇ ਪਿੱਛੇ ਕੁਰਾਹੀਏ ਹੀ ਤੁਰਿਆ ਕਰਦੇ ਹਨ।[83]

ਮੁਹੰਮਦ (ਸ.) ਨੇਕ ਲੋਕਾਂ ਨੂੰ ਖੁਸ਼ਖਬਰੀ ਦੇਣ ਵਾਲਾ ਹੈ ਅਤੇ ਬੁਰੇ ਲੋਕਾਂ ਨੂੰ ਅਜ਼ਾਬ ਤੋਂ ਬਚਾਉਣ ਵਾਲਾ ਹੈ। ਇਨਕਾਰੀ ਲੋਕ ਫ਼ਰਿਸ਼ਤਿਆਂ ਨੂੰ ਰੱਬ ਮੰਨੀ ਬੈਠੇ ਸਨ। ਉਹ ਮੁਹੰਮਦ (ਸ.) ਉਪਰ ਇਲਜ਼ਾਮ ਲਾਉਂਦੇ ਹਨ ਕਿ ਉਸਨੇ ਸਾਨੂੰ ਪਿਤਰੀ ਧਰਮ ਨਾਲੋਂ ਤੋੜ ਦਿੱਤਾ ਹੈ। ਮੁਹੰਮਦ ਨੂੰ ਕੁਰਾਹੀਆ ਕਹਿੰਦੇ ਸਨ:

> ਆਖੋ, ਜੇ ਮੈਂ ਕੁਰਾਹੀਆ ਹੋ ਗਿਆ ਹਾਂ ਤਾਂ ਮੇਰੇ ਕੁਰਾਹੇ ਜਾ ਪੈਣ ਦਾ ਦੋਸ਼ ਮੇਰੇ ਸਿਰ ਹੈ ਅਤੇ ਜੇ ਮੈਂ ਸਿੱਧੇ ਰਾਹ ਉੱਤੇ ਹਾਂ ਤਾਂ ਉਸ ‘ਵਹੀ' ਕਾਰਨ ਹਾਂ ਜਿਹੜੀ ਮੇਰਾ ਰੱਬ ਮੇਰੇ ਵੱਲ ਉਤਾਰਦਾ ਹੈ। ਉਹ ਸਭ ਕੁਝ ਸੁਣਦਾ ਹੈ ਤੇ ਨੇੜੇ ਹੀ ਹੈ।[84]

ਮੁਹੰਮਦ ਸ਼ਾਇਰ ਨਹੀਂ ਹਨ:

> ਅਸਾਂ ਇਸ (ਨਬੀ) ਨੂੰ ਸ਼ਾਇਰੀ ਨਹੀਂ ਸਿਖਾਈ ਅਤੇ ਨਾ ਹੀ ਸ਼ਾਇਰੀ ਇਸਨੂੰ ਸੋਭਾ ਦਿੰਦੀ ਹੈ। ਇਹ ਤਾਂ ਇੱਕ ਨਸੀਹਤ ਅਤੇ ਸਾਫ ਪੜ੍ਹੀ ਜਾਣ ਵਾਲੀ ਕਿਤਾਬ ਹੈ।[85]

ਅੱਲਾਹ ਹਵਾਵਾਂ ਭੇਜਦਾ ਹੈ, ਜੋ ਬੱਦਲ ਲਿਆਉਂਦੀਆਂ ਹਨ ਅਤੇ ਫੇਰ ਉਜਾੜ ਵਿੱਚ ਬਾਰਿਸ਼ ਹੁੰਦੀ ਹੈ। ਅੱਲਾਹ ਨੇ ਆਕਾਸ਼ ਨੂੰ ਤਾਰਿਆਂ ਨਾਲ ਸਜਾਇਆ ਹੈ। ਹਰ ਸ਼ੈ ਉਸਦੇ ਵੱਸ ਵਿੱਚ ਹੈ:

> ਨਾ ਸੂਰਜ ਦੇ ਵੱਸ ਵਿੱਚ ਇਹ ਹੈ ਕਿ ਉਹ ਚੰਨ ਨੂੰ ਜਾ ਫੜੇ ਅਤੇ ਨਾ ਹੀ ਰਾਤ ਦਿਨ ਨਾਲੋਂ ਅੱਗੇ ਵੱਧ ਸਕਦੀ ਹੈ। ਸਾਰੇ ਇਕ-ਇਕ ਘੇਰੇ ਵਿੱਚ ਤੁਰਦੇ ਪਏ ਹਨ।[86]

ਇਨਕਾਰੀ ਮੁਹੰਮਦ (ਸ.) ਦਾ ਵਿਰੋਧ ਕਰਦੇ ਸਨ:

> ਕੀ ਅਸੀਂ ਇੱਕ ਸ਼ੁਦਾਈ ਸ਼ਾਇਰ ਲਈ ਆਪਣੇ ਇਸ਼ਟਾਂ ਨੂੰ ਛੱਡ ਦੇਈਏ?[87]

ਸ਼ੈਤਾਨ ਮਨੁੱਖ ਦਾ ਵੈਰੀ ਹੈ। ਉਹ ਲੋਕਾਂ ਨੂੰ ਸਿੱਧੇ ਰਾਹ ਤੋਂ ਭਟਕਾ ਦਿੰਦਾ ਹੈ। ਮੁਹੰਮਦ (ਸ.) ਨੇ ਲੋਕਾਂ ਨੂੰ ਸਿੱਧੇ ਰਾਹ ’ਤੇ ਚੱਲਣ ਦਾ ਉਪੇਦਸ਼ ਦਿੱਤਾ ਹੈ:

---

83 26:224.
84 34:50.
85 36:69.
86 36:40.
87 37:33 ਤੋਂ 35.

> ਸੋ ਅੱਜ ਇਹ ਮਿਹਰ ਉਹਨਾਂ ਲੋਕਾਂ ਦਾ ਹਿੱਸਾ ਹੈ। ਜਿਹੜੇ ਇਸ ਪੈਗ਼ੰਬਰ, ਉਸ ਨਬੀ (ਸ.) ਦੀ ਤਾਬਿਆਦਾਰੀ ਕਰਨ ਜਿਸਦਾ ਜ਼ਿਕਰ ਉਹਨਾਂ ਨੂੰ ਆਪਣੇ ਕੋਲ ਤੌਰੇਤ ਤੇ ਅੰਜੀਲ ਵਿਚ ਲਿਖਿਆ ਹੋਇਆ ਮਿਲਦਾ ਹੈ।[88]
>
> ਅਤੇ
>
> ਹੇ ਮੁਹੱਮਦ (ਸ.)! ਆਖੋ ਕਿ "ਹੇ ਲੋਕੋ! ਮੈਂ ਤੁਸਾਂ ਸਭਨਾਂ ਵੱਲ ਉਸ ਅੱਲਾਹ ਦਾ ਪੈਗ਼ੰਬਰ ਹਾਂ ਜਿਹੜਾ ਧਰਤੀ ਤੇ ਅਕਾਸ਼ਾਂ ਦੀ ਹਕੂਮਤ ਦਾ ਮਾਲਕ ਹੈ, ਉਸ ਤੋਂ ਛੁੱਟ ਕੋਈ ਇਸ਼ਟ ਨਹੀਂ ਹੈ, ਉਹੀ ਜੀਵਨ ਬਖਸ਼ਿਸ਼ ਕਰਦਾ ਹੈ ਅਤੇ ਉਹੀ ਮੌਤ ਦਿੰਦਾ ਹੈ। ਸੋ ਈਮਾਨ ਲਿਆਓ ਅੱਲਾਹ ਤੇ ਅਤੇ ਉਸਦੇ ਭੇਜੇ ਹੋਏ ਉਸੀ ਨਬੀ 'ਤੇ ਜਿਹੜਾ ਅੱਲਾਹ ਤੇ ਉਸਦੇ ਫ਼ਰਮਾਨਾਂ ਨੂੰ ਮੰਨਦਾ ਹੈ ਅਤੇ ਉਸਦੀ ਤਾਬਿਆਦਾਰੀ ਕਰੋ। ਆਸ ਹੈ ਕਿ ਤੁਸੀਂ ਸਿੱਧਾ ਰਾਹ ਲੱਭ ਲਓਗੇ।[89]

ਅੱਲਾਹ ਦੀ ਨਜ਼ਰ ਵਿੱਚ ਉਹ ਪਰਵਾਨ ਹੈ ਜੋ ਰੋਜ਼ੇ ਰੱਖਦਾ ਹੈ, ਜ਼ਕਾਤ ਦਿੰਦਾ ਹੈ, ਸਾਰਿਆਂ ਨਾਲ ਭਲੀ ਗੱਲ ਕਰਦਾ ਹੈ। ਕੁਰਆਨ ਵਿੱਚ ਪੈਗੰਬਰ ਮੁਹੰਮਦ (ਸ.) ਦਾ ਜੀਵਨ ਖਾਸ ਹੈ। ਉਹ ਆਖਰੀ ਪੈਗੰਬਰ ਹਨ। ਉਨ੍ਹਾਂ ਦਾ ਕਹਿਆ ਸਿਰ ਮੱਥੇ ਮੰਨੋ :

> (ਹੇ ਲੋਕੋ!) ਮੁਹੱਮਦ (ਸੱਲੱਲਾਹ ਅਲੱਹਿਵਸੱਲਮ) ਤੁਹਾਡੇ ਪੁਰਸ਼ਾਂ ਵਿੱਚੋਂ ਕਿਸੇ ਦੇ ਪਿਓ ਨਹੀਂ ਹਨ, ਪਰ ਉਹ ਅੱਲਾਹ ਦੇ ਰਸੂਲ ਅਤੇ ਨਬੀਆਂ ਦੇ ਸਮਾਪਕ ਹਨ ਅਤੇ ਅੱਲਾਹ ਹਰੇਕ ਚੀਜ਼ ਦਾ ਜਾਣਨਹਾਰ ਹੈ।[90]
>
> ਹੇ ਨਬੀ! ਅਸਾਂ ਤੁਹਾਨੂੰ ਗਵਾਹੀ ਦੇਣ ਵਾਲਾ, ਖੁਸ਼ਖਬਰੀ ਸੁਣਾਉਣ ਵਾਲ, ਡਰਾਉਣ ਵਾਲਾ, ਅੱਲਾਹ ਦੀ ਆਗਿਆ ਨਾਲ ਉਸ ਵੱਲ ਸੱਦਾ ਦੇਣ ਵਾਲਾ ਅਤੇ ਇਕ ਲਿਸ਼ਕਦਾ ਹੋਇਆ ਦੀਵਾ ਬਣਾ ਕੇ ਭੇਜਿਆ ਹੈ।[91]

ਹਜ਼ਰਤ ਮੁਹੰਮਦ (ਸ.) ਨੂੰ ਵਿਰੋਧੀਆਂ ਦੇ ਕਰੜੇ ਬੋਲਾਂ ਦਾ ਸਾਹਮਣਾ ਕਰਨਾ ਪਿਆ ਸੀ। ਚਾਹੀਦਾ ਤਾਂ ਇਹ ਸੀ ਕਿ ਲੋਕ ਮੁਹੰਮਦ ਉਪਰ ਇਤਬਾਰ ਕਰਦੇ ਕਿ ਉਸਨੇ ਇਕ ਰੱਬ ਦੀ ਬੰਦਗੀ ਕਰਨ ਦਾ ਸੁਨੇਹਾ ਦਿੱਤਾ ਹੈ। ਉਲਟਾ ਉਨ੍ਹਾਂ ਇਸ ਕਰਕੇ ਹੀ ਵਿਰੋਧ ਕੀਤਾ:

> "ਇਹ ਜਾਦੂਗਰ ਹੈ ਤੇ ਵੱਡਾ ਝੂਠਾ ਹੈ। ਕੀ ਇਸ ਨੇ ਸਾਰੇ ਇਸ਼ਟਾਂ ਦੀ ਥਾਂ ਕੇਵਲ ਇੱਕੋ-ਇੱਕ ਇਸ਼ਟ ਬਣਾ ਸੁੱਟਿਆ? ਇਹ ਤਾਂ ਵੱਡੀ ਅਜੀਬ ਗੱਲ ਹੈ।"[92]

ਰਾਹ-ਏ-ਰਾਸਤ 'ਤੇ ਤੁਰਨ ਵਾਲੇ ਰੌਲਾ ਨਹੀਂ ਪਾਉਂਦੇ ਕਿ ਅਸੀਂ ਸਿੱਧੇ ਰਾਹ ਤੁਰਨ ਵਾਲੇ ਹਾਂ। ਵਿਰੋਧੀ ਕੇਵਲ ਮੂੰਹ ਤੋਂ ਐਲਾਨ ਕਰਦੇ ਹਨ ਕਿ ਅਸੀਂ ਅੱਲਾਹ ਦੇ ਰਾਹ 'ਤੇ ਹਾਂ ਪਰ ਅੱਲਾਹ ਵਧੇਰੇ ਜਾਣਦਾ ਹੈ:

> ਇਹ (ਮੁਨਾਫ਼ਕ) ਅੱਲਾਹ ਦੇ ਨਾਂ ਨਾਲ ਪੱਕੀਆਂ ਸਹੁੰਆਂ ਚੁੱਕ-ਚੁੱਕ ਕੇ ਆਖਦੇ ਹਨ ਕਿ,"ਤੁਸੀਂ ਹੁਕਮ ਦਿਓ ਤਾਂ ਅਸੀਂ ਘਰ-ਬਾਰ ਛੱਡ ਤੁਰੀਏ।" ਇਹਨਾਂ ਨੂੰ ਆਖੋ, "ਸਹੁੰਆਂ ਨਾ ਖਾਓ, ਤੁਹਾਡੀ ਆਗਿਆਕਾਰੀ ਦਾ ਹਾਲ ਮਾਲੂਮ ਹੈ ਤੇ ਤੁਹਾਡੀਆਂ ਕਰਤੂਤਾਂ ਤੋਂ ਅੱਲਾਹ ਬੇਖ਼ਬਰ ਨਹੀਂ ਹੈ।"[93]

---

[88] 7: 157.
[89] 7: 158.
[90] 33:40.
[91] 33:45.
[92] 38:4 ਤੇ 5.

ਸਿੱਧੇ ਰਾਹ ਦੀ ਅਧੀਨਗੀ ਜਿੰਨਾਂ ਨੇ ਵੀ ਕੀਤੀ। ਤਾਇਫ਼ ਤੋਂ ਮੱਕੇ ਪਰਤਦਿਆਂ ਰਸਤੇ ਵਿਚ ਹਜ਼ਰਤ ਮੁਹੰਮਦ (ਸ.) ਨੇ ਕੁਰਆਨ ਪੜ੍ਹੀ ਤਾਂ ਜਿੰਨਾਂ ਦੇ ਇੱਕ ਟੋਲੇ ਨੇ ਨਮਾਜ਼ ਸੁਣੀ ਅਤੇ ਈਮਾਨ ਲੈ ਆਏ। ਇਸ ਗੱਲ ਦਾ ਮੁਹੰਮਦ (ਸ.) ਨੂੰ ਵੀ ਪਤਾ ਨਾ ਲੱਗਾ ਪਰ ਬਾਅਦ ਵਿਚ ਕੁਰਆਨ ਰਾਹੀਂ ਇਹ ਖ਼ਬਰ ਮਿਲੀ:

> ਉਹਨਾਂ ਜਾ ਕੇ ਆਖਿਆ ਭਾਵ ਜਿੰਨਾਂ ਨੇ ਆਪਣੇ ਭਾਈਚਾਰੇ ਵਿਚ ਜਾ ਕੇ ਕਿਹਾ ਹੇ ਸਾਡੀ ਕੌਮ ਵਾਲਿਓ! ਅਸੀਂ ਇਕ ਕਿਤਾਬ ਸੁਣੀ ਹੈ ਜਿਹੜੀ ਮੂਸਾ ਦੇ ਪਿੱਛੋਂ ਉਤਾਰੀ ਗਈ ਹੈ, ਆਪਣੇ ਤੋਂ ਪਹਿਲਾਂ ਆਈਆਂ ਹੋਈਆਂ ਕਿਤਾਬਾਂ ਦੀ ਪੁਸ਼ਟੀ ਕਰਦੀ ਹੈ ਅਤੇ ਸਚਾਈ ਤੇ ਸਿੱਧੇ ਰਾਹ ਵੱਲ ਅਗਵਾਈ ਕਰਦੀ ਹੈ।[94]

ਪਵਿੱਤਰ ਕੁਰਆਨ ਸਿੱਧੇ ਰਾਹ ਵਿੱਚ ਪੈਗੰਬਰਾਂ ਦੀ ਗੱਲ ਕਰਦਿਆਂ ਮੁਹੰਮਦ (ਸ.) ਨੂੰ ਆਖਦਾ ਹੈ ਕਿ ਇਹ ਲੋਕ ਕੇਵਲ ਤੈਨੂੰ ਨਹੀਂ ਪਿਛਲੇਰੇ ਪੈਗੰਬਰਾਂ ਨੂੰ ਵੀ ਜਾਦੂਗਰ ਅਤੇ ਝੂਠੇ ਆਖਦੇ ਰਹੇ ਹਨ:

> ਅਸੀਂ ਮੂਸਾ ਨੂੰ ਫਿਰਔਨ, ਹਾਮਾਨ ਤੇ ਕਾਰੂਨ ਵੱਲ ਆਪਣੀਆਂ ਨਿਸ਼ਾਨੀਆਂ ਅਤੇ ਨਿਯੁਕਤੀ ਦੇ ਸਪੱਸ਼ਟ ਪ੍ਰਮਾਣ ਦੇ ਕੇ ਭੇਜਿਆ ਪਰ ਉਹਨਾਂ ਨੇ ਆਖਿਆ, "ਜਾਦੂਗਰ ਹੈ, ਵੱਡਾ ਝੂਠ ਹੈ।"[95]

ਇਨਕਾਰੀਆਂ ਨੇ ਸ਼ੈਤਾਨ ਦਾ ਰਾਹ ਫੜਿਆ ਹੋਇਆ ਹੈ। ਇਨ੍ਹਾਂ ਮੂਸਾ ਦੀ ਵੀ ਖਿੱਲੀ ਉਡਾਈ, ਉਸਨੂੰ ਜਾਦੂਗਰ ਕਿਹਾ। ਮਿਸਰ ਦਾ ਬਾਦਸ਼ਾਹ ਫਿਰਔਨ ਕਹਿੰਦਾ ਸੀ- ਮੈਂ ਹੀ ਰੱਬ ਹਾਂ, ਨਹਿਰਾਂ ਮੇਰੇ ਹੇਠ ਵਗਦੀਆਂ ਹਨ ਪਰ ਅੱਲਾਹ ਨੇ ਉਸਦੇ ਗੁਮਾਨ ਨੂੰ ਚਕਨਾਚੂਰ ਕਰ ਦਿੱਤਾ ਸੀ। ਇਨਕਾਰੀਆਂ ਨੇ ਈਸਾ ਨੂੰ ਰੱਬ ਦਾ ਪੁੱਤਰ ਮੰਨ ਲਿਆ ਸੀ ਜਦਕਿ ਉਹ ਆਪ ਇਨਸਾਨ ਅਤੇ ਮਰੀਅਮ ਦਾ ਪੁੱਤਰ ਸੀ। ਇਹ ਲੋਕ ਕਹਿੰਦੇ ਹਨ ਕਿ ਕੁਰਆਨ ਉਤਾਰਨ ਵੇਲੇ ਦੋਵਾਂ ਸ਼ਹਿਰਾਂ ਦਾ ਖਿਆਲ ਰੱਖਣਾ ਚਾਹੀਦਾ ਸੀ। ਕੁਰਆਨ ਦੋਵਾਂ ਸ਼ਹਿਰਾਂ ਦੇ ਵੱਡੇ ਆਦਮੀਆਂ ਵਿੱਚੋਂ ਕਿਸੇ 'ਤੇ ਕਿਉਂ ਨਹੀਂ ਉਤਾਰਿਆ ਗਿਆ? ਇਸ ਲਈ ਨਬੀ ਨੂੰ ਹੀ ਕਿਉਂ ਚੁਣਿਆ ਗਿਆ:

> ਹੁਣ ਕੀ ਹੇ ਨਬੀ! ਤੁਸੀਂ ਬੋਲਿਆਂ ਨੂੰ ਸੁਣਾਓਗੇ? ਜਾਂ ਅੰਨ੍ਹਿਆਂ ਤੇ ਸਪੱਸ਼ਟ ਕੁਰਾਹੇ ਪਏ ਲੋਕਾਂ ਨੂੰ ਰਾਹ ਦਰਸਾਓਗੇ?[96]

ਇਨਕਾਰੀਆਂ ਨੂੰ ਸਲਾਮ ਕਰ ਦੇਣੀ ਹੀ ਭਲੀ ਹੈ:

> ਚੰਗਾ, ਹੇ ਨਬੀ! ਇਹਨਾਂ ਦਾ ਖਹਿੜਾ ਛੱਡੋ ਤੇ ਆਖ ਦਿਓ ਕਿ ਤੁਹਾਨੂੰ ਸਲਾਮ ਹੈ। ਛੇਤੀ ਹੀ ਇਹਨਾਂ ਨੂੰ ਪਤਾ ਲੱਗ ਜਾਵੇਗਾ।[97]

ਮੁਹੰਮਦ ਨੇ ਇਨਕਾਰੀਆਂ ਨੂੰ ਕਿਹਾ:

---

93 24:53.
94 46:30.
95 40:23.
96 43:40.
97 43:89.

ਤੁਸੀਂ ਕਿਉਂ ਮੈਨੂੰ ਸਤਾਉਂਦੇ ਹੋ ਨਾਲੇ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੈਂ ਤੁਹਾਡੇ ਵੱਲ ਅੱਲਾਹ ਦਾ ਭੇਜਿਆ ਹੋਇਆ ਰਸੂਲ ਹਾਂ? ਫਿਰ ਜਦੋਂ ਉਹਨਾਂ ਨੇ ਟੇਢਪੁਣਾ ਆਪਣਾ ਲਿਆ ਤਾਂ ਅੱਲਾਹ ਨੇ ਵੀ ਉਹਨਾਂ ਦੇ ਦਿਲ ਟੇਢੇ ਕਰ ਦਿੱਤੇ। ਅੱਲਾਹ ਉਲੰਘਣਾਕਾਰ ਲੋਕਾਂ ਨੂੰ ਸਿੱਧੇ ਰਾਹ ਨਹੀਂ ਪਾਇਆ ਕਰਦਾ।[98]

ਮੁਹੰਮਦ ਬਾਰੇ ਤਾਂ ਈਸਾ ਭਵਿੱਖਬਾਣੀ ਕਰ ਗਿਆ ਸੀ:

(ਮੈਂ) ਉਸ ਤੌਰੇਤ ਦੀ ਪੁਸ਼ਟੀ ਕਰਦਾ ਹਾਂ। ਜੋ ਮੈਥੋਂ ਪਹਿਲਾਂ ਆਈ ਹੋਈ ਮੌਜੂਦ ਹੈ ਅਤੇ ਇੱਕ ਰਸੂਲ ਦੀ ਖੁਸ਼ਖਬਰੀ ਦਿੰਦਾ ਹਾਂ ਜਿਹੜਾ ਮੈਥੋਂ ਪਿੱਛੋਂ ਆਵੇਗਾ ਤੇ ਜਿਸ ਦਾ ਨਾਂ 'ਅਹਿਮਦ' ਹੋਵੇਗਾ।[99]

ਲੋਕਾਂ ਨੂੰ ਪੈਗੰਬਰ ਦਾ ਸਤਿਕਾਰ ਕਰਨਾ ਚਾਹੀਦਾ ਹੈ, ਉਨ੍ਹਾਂ ਤੋਂ ਅੱਗੇ ਨਾ ਚੱਲੋ, ਉਨ੍ਹਾਂ ਤੋਂ ਉੱਚੀ ਆਵਾਜ਼ ਨਾ ਕੱਢੋ, ਉਨ੍ਹਾਂ ਦੇ ਘਰ ਦੇ ਬਾਹਰੋਂ ਆਵਾਜ਼ ਨਾ ਮਾਰੋ। ਪਵਿੱਤਰ ਕੁਰਆਨ ਵਿਚ ਸਿੱਧੇ ਰਸਤੇ ਵਾਲੇ ਲੋਕਾਂ ਦੇ ਨਾਮ ਹਨ- ਹਵਾ, ਹਾਬਿਲ, ਖਿਜੀਰ, ਸਾਊਲ, ਲੁਕਮਾਨ, ਮਰੀਅਮ, ਫਿਰਔਨ ਦੀ ਪਤਨੀ ਅਤੇ ਸਹਾਬੀ। ਦੂਜੇ ਪਾਸੇ ਰਾਹੋਂ ਭਟਕੇ ਹੋਏ ਲੋਕਾਂ ਦੇ ਨਾਮ ਹਨ- ਕਾਬਿਲ, ਨੂਹ ਦੇ ਲੋਕ, ਨੂਹ ਦਾ ਪੁੱਤਰ, ਆਦ ਦੇ ਲੋਕ, ਸਮੂਦ ਦੇ ਲੋਕ, ਲੂਤ ਦੇ ਲੋਕ, ਲੂਤ ਦੀ ਘਰਵਾਲੀ, ਮਿਦਿਆਨ ਵਾਲੇ, ਇਸਰਾਇਲੀ, ਫਿਰਔਨ, ਹਾਮਾਨ, ਕਾਰੂਨ, ਸਾਮਰੀ, ਜਲੂਤ, ਤੁਬਾ ਵਾਲੇ, ਸੈਬਾ ਵਾਲੇ ਅਤੇ ਅਬੂ ਲਾਹਬ। ਇਸ ਕਰਕੇ ਹੀ ਪਵਿੱਤਰ ਕੁਰਆਨ ਦੀ ਪਹਿਲੀ ਸੂਰਤ-ਅਲ-ਫ਼ਾਤਿਹਾ ਦੀ ਛੇਵੀਂ ਅਤੇ ਸੱਤਵੀਂ ਆਇਤ ਵਿਚ ਰੱਬ ਕੋਲੋਂ ਸਿੱਧੇ ਰਾਹ ਵਾਲਿਆਂ ਦੇ ਰਾਹ ਤੁਰਨ ਦੀ ਮਦਦ ਮੰਗੀ ਗਈ ਹੈ ਅਤੇ ਬੁਰੇ ਰਾਹ ਵਾਲਿਆਂ ਤੋਂ ਵਰਜਣ ਨੂੰ ਕਿਹਾ ਗਿਆ ਹੈ:

ਇਹ ਦੀਨੱਸੀਰਾਤਲ ਮੁਸਤਕੀਮ, ਸੀਰਾਤ ਅਲਜੀਨਾ ਅਨਅਮਤਾ ਅਲਿਹੀਮ,
ਗ਼ੈਰਿਲ ਮਗਜੂਬੀ ਅਲਹਿਹਿਮ ਵੱਲਾ ਯੁਆਲੀਨ।
ਅਰਥ- ਸਾਨੂੰ ਸਿੱਧੇ ਤੇ ਸਰਲ ਰਾਹ ਪਾ, ਉਹਨਾਂ ਲੋਕਾਂ ਦਾ ਰਸਤਾ ਦੱਸ ਜਿੰਨ੍ਹਾਂ ਤੇ ਤੂੰ ਕਿਰਪਾ ਕੀਤੀ ਨਾ ਕਿ ਉਨ੍ਹਾਂ ਦਾ ਜਿਨ੍ਹਾਂ ਤੇ ਤੇਰੀ ਕਰੋਪੀ ਹੋਈ ਅਤੇ ਜਿਹੜੇ ਭਟਕ ਗਏ।[100]

**ਸਮਾਜਿਕ ਹਾਲਾਤ**

ਇਨਕਾਰੀ ਲੋਕ ਮੁਸਲਮਾਨਾਂ ਨੂੰ ਸਿੱਧੇ ਰਾਹ ਤੋਂ ਭਟਕਾਉਣ ਲਈ ਹਰ ਵਾਹ ਲਾਉਂਦੇ ਸਨ। ਉਹ ਕੁਰਆਨ ਦੀਆਂ ਆਇਤਾਂ ਨੂੰ ਝੂਠ ਵੀ ਕਹਿ ਦਿੰਦੇ ਸਨ। ਅਜਿਹੇ ਇਨਕਾਰੀਆਂ ਨੂੰ ਆਖ਼ਰਤ ਵੇਲੇ ਪੁੱਛਿਆ ਜਾਵੇਗਾ ਕਿ ਉਹ ਕੁਰਆਨ ਦੀਆਂ ਆਇਤਾਂ ਨੂੰ ਕਿਉਂ ਵਿਗਾੜ ਕੇ ਪੜ੍ਹਦੇ ਸਨ

ਉਨ੍ਹਾਂ ਵਿਚ ਕੁਝ ਲੋਕ ਅਜਿਹੇ ਹਨ ਜਿਹੜੇ ਕਿਤਾਬ ਪੜ੍ਹਦੇ ਹੋਏ ਇਸ ਤਰ੍ਹਾਂ ਜ਼ਬਾਨ ਨੂੰ ਵਲ ਪਾਉਂਦੇ ਹਨ ਕਿ ਤੁਸੀਂ ਸਮਝੋ ਜੋ ਕੁਝ ਉਹ ਪੜ੍ਹ ਰਹੇ ਹਨ, ਉਹ ਕਿਤਾਬ ਵਿਚੋਂ ਹੀ ਹੈ, ਜਦੋਂ ਕਿ ਉਹ ਕਿਤਾਬ ਦਾ ਅੰਸ਼ ਨਹੀਂ ਹੁੰਦਾ।[101]

ਬੁਰੇ ਰਾਹ ਤੁਰਨ ਵਾਲੇ ਸ਼ੈਤਾਨ ਦੇ ਉਪਾਸ਼ਕ ਹਨ ਅਤੇ ਸ਼ੈਤਾਨ ਚਾਹੁੰਦਾ ਹੈ ਕਿ ਉਹ ਲੋਕਾਂ ਨੂੰ ਭਟਕਾ ਕੇ ਰੱਖੇ:

---

98 61:5.
99 61:6.
100 ਜਗਜੀਤ ਸਿੰਘ ਸਲੂਜਾ, (ਡਾ.), *ਮੂਲਮੰਤਰ ਸੰਕਲਪ ਅਤੇ ਵਿਵੇਚਨ,* ਪੰਨਾ-19.
101 3:78.

ਸ਼ੈਤਾਨ ਉਹਨਾਂ ਨੂੰ ਭਟਕਾ ਕੇ ਸਿੱਧੇ ਰਾਹ ਤੋਂ ਬਹੁਤ ਦੂਰ ਲੈ ਜਾਣਾ ਚਾਹੁੰਦਾ ਹੈ।[102]

ਕੁਰਆਨ ਨੇ ਪੁੱਠੇ ਰਾਹ ਵਾਲਿਆਂ ਨਾਲ ਸਾਂਝ ਨਾ ਕਰਨ ਦਾ ਉਪਦੇਸ਼ ਦਿੱਤਾ ਹੈ। ਇਹ ਵੀ ਦੱਸਿਆ ਕਿ ਤੁਹਾਡੇ ਅਸਲ ਮਿੱਤਰ ਅੱਲਾਹ, ਮੁਹੰਮਦ ਅਤੇ ਈਮਾਨ ਵਾਲੇ ਹਨ:

ਤੁਹਾਡੇ ਮਿੱਤਰ ਬੇਲੀ ਤਾਂ ਅਸਲ ਵਿੱਚ ਅੱਲਾਹ, ਅੱਲਾਹ ਦਾ ਰਸੂਲ ਅਤੇ ਉਹ ਈਮਾਨ ਵਾਲੇ ਹਨ ਜਿਹੜੇ ਨਮਾਜ਼ ਕਾਇਮ ਕਰਦੇ ਹਨ, ਜ਼ਕਾਤ ਦਿੰਦੇ ਹਨ ਅਤੇ ਅੱਲਾਹ ਦੇ ਅੱਗੇ ਨਿੰਵ ਜਾਣ ਵਾਲੇ ਹਨ।[103]

ਇਹ ਸੀ ਸਾਡੀ ਉਹ ਦਲੀਲ ਜਿਹੜੀ ਅਸਾਂ ਇਬਰਾਹੀਮ ਨੂੰ ਉਹਦੀ ਕੌਮ ਦੇ ਟਾਕਰੇ ਤੇ ਬਖਸ਼ਿਸ਼ ਕੀਤੀ। ਅਸੀਂ ਜਿਸਨੂੰ ਚਾਹੁੰਦੇ ਹਾਂ ਉੱਚੇ ਮਰਤਬੇ ਬਖਸ਼ਿਸ਼ ਕਰਦੇ ਹਾਂ। ਸੱਚੀ ਗੱਲ ਇਹ ਹੈ ਕਿ ਤੁਹਾਡਾ ਰੱਬ ਵੱਡਾ ਸਿਆਣਾ ਤੇ ਜਾਣਨਹਾਰ ਹੈ।[104]

ਇਨਕਾਰੀ ਲੋਕ ਬੰਦਗੀ ਕਰਨ ਵਾਲਿਆਂ ਨੂੰ ਸਿੱਧੇ ਰਾਹ ਤੋਂ ਭਟਕਾਉਣ ਲਈ ਹਰ ਵਾਹ ਲਾਉਂਦੇ ਸਨ। ਉਹ ਕੁਰਆਨ ਦੀਆਂ ਆਇਤਾਂ ਨੂੰ ਝੂਠ ਵੀ ਕਹਿ ਦਿੰਦੇ ਹਨ। ਅਜਿਹੇ ਇਨਕਾਰੀਆਂ ਨੂੰ ਆਖ਼ਰਤ ਵੇਲੇ ਪੁੱਛਿਆ ਜਾਵੇਗਾ ਕਿ ਉਹ ਕੁਰਆਨ ਦੀਆਂ ਆਇਤਾਂ ਨੂੰ ਕਿਉਂ ਵਿਗਾੜ ਕੇ ਪੜ੍ਹਦੇ ਸਨ:

ਉਨ੍ਹਾਂ ਵਿਚ ਕੁਝ ਲੋਕ ਅਜਿਹੇ ਹਨ ਜਿਹੜੇ ਕਿਤਾਬ ਪੜ੍ਹਦੇ ਹੋਏ ਇਸ ਤਰ੍ਹਾਂ ਜ਼ਬਾਨ ਨੂੰ ਵਲ ਪਾਉਂਦੇ ਹਨ ਕਿ ਤੁਸੀਂ ਸਮਝੋ ਜੋ ਕੁਝ ਉਹ ਪੜ੍ਹ ਰਹੇ ਹਨ, ਉਹ ਕਿਤਾਬ ਵਿਚੋਂ ਹੀ ਹੈ, ਜਦੋਂ ਕਿ ਉਹ ਕਿਤਾਬ ਦਾ ਅੰਸ਼ ਨਹੀਂ ਹੁੰਦਾ।[105]

ਬੁਰੇ ਰਾਹ ਤੁਰਨ ਵਾਲੇ ਸ਼ੈਤਾਨ ਦੇ ਉਪਾਸ਼ਕ ਹਨ ਅਤੇ ਸ਼ੈਤਾਨ ਚਾਹੁੰਦਾ ਹੈ ਕਿ ਉਹ ਲੋਕਾਂ ਨੂੰ ਭਟਕਾ ਕੇ ਰੱਖੇ।

ਸ਼ੈਤਾਨ ਉਹਨਾਂ ਨੂੰ ਭਟਕਾ ਕੇ ਸਿੱਧੇ ਰਾਹ ਤੋਂ ਬਹੁਤ ਦੂਰ ਲੈ ਜਾਣਾ ਚਾਹੁੰਦਾ ਹੈ।[106]

ਮੁਸਲਮਾਨਾਂ ਨੂੰ ਪੁੱਠੇ ਰਾਹ ਵਾਲਿਆਂ ਨਾਲ ਸਾਂਝ ਨਾ ਕਰਨ ਦਾ ਉਪਦੇਸ਼ ਦਿੱਤਾ ਗਿਆ ਸੀ। ਇਹ ਵੀ ਦੱਸਿਆ ਗਿਆ ਕਿ ਤੁਹਾਡੇ ਅਸਲ ਮਿੱਤਰ ਅੱਲਾਹ, ਮੁਹੰਮਦ ਅਤੇ ਈਮਾਨ ਵਾਲੇ ਹਨ:

ਤੁਹਾਡੇ ਮਿੱਤਰ ਬੇਲੀ ਤਾਂ ਅਸਲ ਵਿੱਚ ਅੱਲਾਹ, ਅੱਲਾਹ ਦਾ ਰਸੂਲ ਅਤੇ ਉਹ ਈਮਾਨ ਵਾਲੇ ਹਨ ਜਿਹੜੇ ਨਮਾਜ਼ ਕਾਇਮ ਕਰਦੇ ਹਨ, ਜ਼ਕਾਤ ਦਿੰਦੇ ਹਨ ਅਤੇ ਅੱਲਾਹ ਦੇ ਅੱਗੇ ਨਿੰਵ ਜਾਣ ਵਾਲੇ ਹਨ।[107]

ਇਹ ਸੀ ਸਾਡੀ ਉਹ ਦਲੀਲ ਜਿਹੜੀ ਅਸਾਂ ਇਬਰਾਹੀਮ ਨੂੰ ਉਹਦੀ ਕੌਮ ਦੇ ਟਾਕਰੇ ਤੇ ਬਖਸ਼ਿਸ਼ ਕੀਤੀ। ਅਸੀਂ ਜਿਸਨੂੰ ਚਾਹੁੰਦੇ ਹਾਂ ਉੱਚੇ ਮਰਤਬੇ ਬਖਸ਼ਿਸ਼ ਕਰਦੇ ਹਾਂ। ਸੱਚੀ ਗੱਲ ਇਹ ਹੈ ਕਿ ਤੁਹਾਡਾ ਰੱਬ ਵੱਡਾ ਸਿਆਣਾ ਤੇ ਜਾਣਨਹਾਰ ਹੈ।[108]

---

[102] 4:60.
[103] 5:55.
[104] 6:83.
[105] 3:78.
[106] 4: 60.
[107] 5:55.
[108] 6:83.

**ਮੁਨਾਫ਼ਿਕਾਂ ਦੀ ਮਸਜਿਦ ਪ੍ਰਤੀ ਰੱਬੀ ਹੁਕਮ (ਮਸਜਿਦ-ਏ-ਜਹਾਰ)**

ਮੁਨਾਫ਼ਿਕਾਂ ਨੇ ਇੱਕ ਮਸੀਤ ਉਸਾਰ ਲਈ ਤਾਂ ਕਿ ਮੁਸਲਮਾਨਾਂ ਦੀ ਇਬਾਦਤ ਵਿਚ ਵਿਘਨ ਪਵੇ। ਅੱਲਾਹ ਵੱਲੋਂ ਹੁਕਮ ਆਇਆ। ਇਸ ਮਸੀਤ ਨੂੰ ਢਾਹ ਦਿੱਤਾ ਜਾਵੇ:

> ਕੁਝ ਹੋਰ ਲੋਕ ਜਿਹਨਾਂ ਨੇ ਇਕ ਮਸੀਤ ਬਣਾਈ ਇਸ ਮੰਤਵ ਲਈ ਕਿ (ਸਚਾਈ ਦੇ ਸੱਦੇ ਨੂੰ) (ਹਾਣ ਪੁਚਾਉਣ ਰੱਬ ਦੀ ਬੰਦਗੀ ਕਰਨ ਦੀ ਬਜਾਏ) ਇਨਕਾਰ ਕਰਨ, ਈਮਾਨ ਵਾਲਿਆਂ ਵਿਚੋਂ ਫੁੱਟ ਪਾਉਣ ਅਤੇ ਇਸ ਜ਼ਾਹਰੀ ਪੂਜਾ ਸਥਾਨ ਨੂੰ) ਉਸ ਵਿਅਕਤੀ ਲਈ ਅਤ ਲਾਉਣ ਦਾ ਅੱਡਾ ਬਣਾਉਣ ਜਿਹੜਾ ਇਸ ਤੋਂ ਪਹਿਲੋਂ ਅੱਲਾਹ ਤੇ ਉਹਦੇ ਰਸੂਲ ਵਿਰੁੱਧ ਲੜਾਈ ਕਰ ਚੁੱਕਾ ਹੈ।[109]

ਇਸ ਬਾਰੇ ਅਬੁਲ ਆਲਾ ਮੌਦੂਦੀ ਦੱਸਦੇ ਹਨ:

> ਮਦੀਨੇ ਵਿਖੇ ਦੋ ਮਸੀਤਾਂ ਸਨ। ਇਕ ਕੁਬਾ ਦੀ ਮਸੀਤ ਜਿਹੜੀ ਸ਼ਹਿਰ ਦੇ ਬਾਹਰਲੇ ਪਾਸੇ ਸੀ, ਦੂਜੀ ਮਸਜਿਦ ਨਬਵੀ, ਜਿਹੜੀ ਸ਼ਹਿਰ ਦੇ ਅੰਦਰ ਸੀ। ਇਨ੍ਹਾਂ ਦੋ ਮਸੀਤਾਂ ਦੇ ਹੁੰਦਿਆਂ ਤੀਜੀ ਮਸੀਤ ਉਸਾਰਨ ਦੀ ਕੋਈ ਲੋੜ ਨਹੀਂ ਸੀ, ਪਰ ਮੁਨਾਫ਼ਿਕਾਂ ਨੇ ਇਹ ਬਹਾਨਾ ਘੜਿਆ ਕਿ ਮੀਂਹ ਕਣੀ ਅਤੇ ਸਿਆਲ ਦੀਆਂ ਰਾਤਾਂ ਵਿੱਚ ਆਮ ਲੋਕ ਵਿਸ਼ੇਸ਼ ਕਰਕੇ ਬੁੱਢੇ ਠੇਰਿਆਂ ਅਤੇ ਲਾਚਾਰਾਂ ਨੂੰ ਜਿਹੜੇ ਇਨ੍ਹਾਂ ਦੋਹਾਂ ਮਸੀਤਾਂ ਤੋਂ ਦੂਰ ਰਹਿੰਦੇ ਹਨ ਪੰਜੇ ਵਕਤ ਹਾਜ਼ਰੀ ਦੇਣੀ ਔਖੀ ਹੈ। ਇਸ ਕਰਕੇ ਅਸੀਂ ਸਿਰਫ਼ ਨਮਾਜ਼ੀਆਂ ਦੀ ਸਹੂਲਤ ਲਈ, ਨਵੀਂ ਮਸਜਿਦ ਉਸਾਰਨਾ ਚਾਹੁੰਦੇ ਹਾਂ। ਇਸ ਤਰ੍ਹਾਂ ਉਨ੍ਹਾਂ ਨੇ ਇਸ ਨੂੰ ਬਣਾਉਣ ਦੀ ਆਗਿਆ ਪ੍ਰਾਪਤ ਕਰ ਲਈ ਅਤੇ ਉਸਨੂੰ ਆਪਣੀਆਂ ਸਾਜ਼ਿਸਾਂ ਦਾ ਅੱਡਾ ਬਣਾ ਲਿਆ। ਉਹ ਚਾਹੁੰਦੇ ਸਨ ਕਿ ਹਜ਼ੂਰ (ਸ) ਨੂੰ ਧੋਖਾ ਦੇ ਕੇ ਆਪ ਤੋਂ ਉਸਦਾ ਉਦਘਾਟਨ ਕਰਾਉਣ ਪਰ ਅੱਲਾਹ ਤਆਲਾ ਨੇ ਹਜ਼ੂਰ ਸ. ਨੂੰ ਉਨ੍ਹਾਂ ਦੇ ਇਰਾਦਿਆਂ ਤੋਂ ਪਹਿਲਾਂ ਹੀ ਖਬਰਦਾਰ ਕਰ ਦਿੱਤਾ ਅਤੇ ਤਬੂਕ ਤੋਂ ਪਰਤ ਕੇ ਆਪ ਨੇ ਇਸ 'ਮਸਜਿਦ ਜ਼ਰਾਰ' (ਨੁਕਸਾਨ ਪਹੁੰਚਾਉਣ ਵਾਲੀ ਮਸੀਤ) ਨੂੰ ਢਾਹ ਦਿੱਤਾ।[110]

**ਜਿਹਾਰ**

ਜਿਹਾਰ ਬੜੀ ਭੈੜੀ ਗੱਲ ਉਨ੍ਹਾਂ ਮਰਦਾਂ ਵਾਸਤੇ ਸੀ ਜਿਨ੍ਹਾਂ ਨੇ ਆਪਣੀਆਂ ਪਤਨੀਆਂ ਨੂੰ ਮਾਂ ਆਖ ਦਿੱਤਾ। ਜੇਕਰ ਅਣਜਾਣਪੁਣੇ ਵਿੱਚ ਉਨ੍ਹਾਂ ਅਜਿਹਾ ਕੀਤਾ ਤਾਂ ਉਨ੍ਹਾਂ ਲਈ ਮੁਆਫ਼ੀ ਹੈ:

> ਜਿਹੜੇ ਲੋਕ ਆਪਣੀਆਂ ਪਤਨੀਆਂ ਨਾਲ 'ਜ਼ਿਹਾਰ' ਕਰਨ ਫੇਰ ਆਪਣੀ ਉਸ ਗੱਲ ਮੁੜ ਪੈਣ ਜਿਹੜੀ ਉਹਨਾਂ ਆਖੀ ਸੀ, ਤਾਂ ਇੱਕ ਦੂਜੇ ਨੂੰ ਹੱਥ ਲਾਉਣ ਤੋਂ ਪਹਿਲਾਂ ਦੋਵਾਂ ਨੂੰ ਇੱਕ ਗੁਲਾਮ ਅਜ਼ਾਦ ਕਰਨਾ ਪਏਗਾ। ਇਸ ਨਾਲ ਤੁਹਾਨੂੰ ਨਸੀਹਤ ਕੀਤੀ ਜਾਂਦੀ ਹੈ ਅਤੇ ਜੋ ਕੁਝ ਤੁਸੀਂ ਕਰਦੇ ਹੋ ਅੱਲਾਹ ਨੂੰ ਉਸ ਦੀ ਖਬਰ ਹੈ। ਜਿਸ ਵਿਅਕਤੀ ਨੂੰ ਗੁਲਾਮ ਨਾ ਜੁੜੇ, ਉਹ ਦੋ ਮਹੀਨਿਆਂ ਦੇ ਉਪਰੋਥਲੀ ਰੋਜ਼ੇ ਰੱਖੇ ਇਸਤੋਂ ਪਹਿਲਾਂ ਕਿ ਉਹ ਦੋਵੇਂ ਇੱਕ-ਦੂਜੇ ਨੂੰ ਹੱਥ ਲਾਉਣ। ਜੋ ਇਸ ਦੀ ਵੀ ਸਮਰੱਥਾ ਨਾ ਰਖਦਾ ਹੋਵੇ ਉਹ ਸੱਠ ਮੁਥਾਜਾਂ ਨੂੰ ਭੋਜਨ ਕਰਾਵੇ।[111]

ਕੁਰਆਨ ਸਮਾਜ ਨੂੰ ਦੋ ਧੜਿਆਂ ਵਿਚ ਬਿਆਨ ਕਰਦਾ ਹੈ- ਇੱਕ ਸਿੱਧੇ ਰਾਹ ਵਾਲੇ ਅਤੇ ਦੂਜੇ ਪੁੱਠੇ ਰਾਹ ਵਾਲੇ ਹਨ:

> ਇੱਕ ਧੜੇ ਨੂੰ ਤਾਂ ਉਹਨੇ ਸਿੱਧੇ ਰਾਹ ਪਾ ਦਿੱਤਾ ਹੈ ਪਰ ਦੂਜੇ ਧੜੇ ਨੂੰ ਗੁੰਮਰਾਹੀ ਚਿੰਬੜ ਗਈ ਹੈ ਕਿਉਂ ਜੋ ਉਹਨਾਂ ਨੇ ਅੱਲਾਹ ਦੀ ਥਾਂ 'ਤੇ ਸ਼ੈਤਾਨਾਂ ਨੂੰ ਆਪਣਾ ਸਰਪ੍ਰਸਤ ਬਣਾ ਲਿਆ ਹੈ ਅਤੇ ਉਹ ਸਮਝ ਰਹੇ ਹਨ ਕਿ ਅਸੀਂ ਸਿੱਧੇ ਰਾਹ ਪਏ ਹੋਏ ਹਾਂ।[112]

---

109 9:107.

110 *ਕੁਰਆਨ ਮਜੀਦ,* ਫੁਟ ਨੋਟ ਨੰ. 37, ਪੰਨਾ-346.

111 58-3-4.

112 7: 30.

ਉਪਰ ਦਿੱਤੀਆਂ ਸਮਾਜਿਕ ਮੁਸ਼ਕਿਲਾਂ ਤੋਂ ਇਲਾਵਾ ਵੀ ਹੇਠ ਦਿੱਤੀਆਂ ਅਨੇਕ ਕੁਰੀਤੀਆਂ ਲੋਕਾਂ ਦਾ ਜੀਵਨ ਬਣ ਚੁੱਕੀਆਂ ਸਨੈ :

4.1 ਬੁੱਤਪ੍ਰਸਤੀ।
4.2 ਸ਼ਰਾਬ, ਜੂਆ ਅਤੇ ਵਿਆਜ਼।
43. ਮੱਕੇ ਦੀ ਪ੍ਰਕਰਮਾ ਨੰਗੇ ਹੋ ਕੇ ਕਰਨਾ।
4.4 ਬਦਕਾਰੀ।
4.5 ਬੱਚਿਆਂ ਦੇ ਕਤਲ।
4.6 ਅੰਧਵਿਸ਼ਵਾਸ।

ਅੱਗੇ ਉਨ੍ਹਾਂ ਬਾਰੇ ਸੰਖੇਪ ਵਿਚਾਰ ਕੀਤੀ ਜਾ ਰਹੀ ਹੈ:

## 4.1 ਬੁੱਤਪ੍ਰਸਤੀ

ਬੁੱਤਪ੍ਰਸਤੀ ਲੋਕਾਂ ਵਿੱਚ ਇਸ ਕਦਰ ਹਾਵੀ ਹੋ ਚੁੱਕੀ ਸੀ ਕਿ ਧਰਮ ਸਥਾਨ ਮੱਕਾ ਵੀ ਇਸਤੋਂ ਨਾ ਬਚ ਸਕਿਆ। ਮੱਕੇ ਵਿਚ ਸੈਂਕੜੇ ਹੀ ਦੇਵੀਆਂ ਅਤੇ ਦੇਵਤਿਆਂ ਦੀਆਂ ਮੂਰਤੀਆਂ ਆ ਚੁੱਕੀਆਂ ਸਨ:

> ਤੁਸੀਂ ਕਿਸੇ ਨੂੰ ਵਰਖਾ ਦਾ, ਕਿਸੇ ਨੂੰ ਹਵਾ ਦਾ, ਕਿਸੇ ਨੂੰ ਧਨ ਦਾ ਅਤੇ ਕਿਸੇ ਨੂੰ ਬਿਮਾਰੀ ਦਾ ਰੱਬ ਆਖਦੇ ਹੋ ਜਦ ਕਿ ਇਨ੍ਹਾਂ ਵਿਚੋਂ ਕੋਈ ਵੀ ਇਨ੍ਹਾਂ ਲਈ ਝਗੜਾ ਕਰਦਾ ਹੈ ਉਹ ਅਸਲ ਵਿੱਚ ਕੁਝ ਨਾਵਾਂ ਲਈ ਝਗੜਦਾ ਹੈ ਨਾ ਕਿ ਕਿਸੇ ਹਕੀਕਤ ਲਈ।[113]

ਕੁਰਆਨ ਝੂਠੇ ਦੇਵਤੇ ਅਤੇ ਦੇਵੀਆਂ ਦਾ ਖੰਡਨ ਕਰਦਾ ਹੈ ਕਿ ਇਹ ਕੋਈ ਤਾਕਤ ਨਹੀਂ ਰੱਖਦੀਆਂ ਇਹ ਤਾਂ ਸਿਰਫ਼ ਨਾਮ ਹੀ ਹਨ:

> ਹੁਣ ਰਤਾ ਦੱਸੋ, ਤੁਸਾਂ ਕਦੇ ਇਸ 'ਲਾਤ', ਇਸ 'ਉਜ਼ਾ' ਅਤੇ ਤੀਜੀ ਇੱਕ ਦੇਵੀ 'ਮਨਾਤ' ਦੀ ਅਸਲੀਅਤ ਤੇ ਕੁਝ ਵਿਚਾਰ ਵੀ ਕੀਤਾ ਹੈ। ਭਲਾ ਪੁੱਤਰ ਤੁਹਾਡੇ ਲਈ ਹਨ ਤੇ ਧੀਆਂ ਰੱਬ ਲਈ?ਫਿਰ ਤਾਂ ਇਹ ਵੱਡੀ ਕਾਣੀ ਵੰਡ ਹੋਈ। ਅਸਲ ਵਿੱਚ ਇਹ ਨਿਰੇ ਕੁਝ ਨਾਂ ਹਨ ਹੋਰ ਕੁਝ ਨਹੀਂ ਜੋ ਤੁਸਾਂ ਤੇ ਤੁਹਾਡੇ ਪਿਓ-ਦਾਦਿਆਂ ਨੇ ਰੱਖ ਛੱਡੇ ਹਨ।[114]

ਇਨਕਾਰੀ ਫਰਿਸ਼ਤਿਆਂ ਨੂੰ ਦੇਵੀਆਂ ਦੇ ਨਾਮ ਨਾਲ ਯਾਦ ਕਰਨ ਲੱਗ ਪਏ ਸਨ। ਅੱਲਾਹ ਨੇ ਚੰਨ ਤੇ ਸੂਰਜ ਨੂੰ ਦੀਵਾ ਬਣਾਇਆ ਹੈ। ਨੂਹ ਦਾ ਇਨਕਾਰੀਆਂ ਨੇ ਵਿਰੋਧ ਕੀਤਾ ਤਾਂ ਨੂਹ ਨੇ ਕਿਹਾ ਕਿ ਇਹ ਲੋਕ ਝੂਠੇ ਦੇਵਤਿਆਂ ਦੇ ਉਪਾਸ਼ਕ ਹਨ, ਉਹਨਾਂ ਨੂੰ ਨਹੀਂ ਛੱਡ ਸਕਦੇ:

> ਇਹਨਾਂ ਨੇ ਆਖਿਆ, ਆਪਣੇ ਇਸ਼ਟਾਂ ਨੂੰ ਉੱਕਾ ਨਾ ਛੱਡਣਾ, ਨਾ 'ਵੱਦ' ਤੇ 'ਸਵਾਅ' ਨੂੰ ਅਤੇ ਨਾ 'ਯਗੂਸ', 'ਯਊਕ' ਅਤੇ ਨਸਰ ਨੂੰ ਛੱਡਣਾ।[115]

---

113 *ਕੁਰਆਨ ਮਜੀਦ,* ਫੁਟ ਨੋਟ ਨੰ. 21, ਪੰਨਾ-271.
114 53:19 ਤੋਂ 23.
115 71:23.

ਇਸ ਆਇਤ ਵਿਚ ਆਏ ਨਾਂ ਵੱਖੋ-ਵੱਖ ਸ਼ਕਤੀਆਂ ਦੇ ਨਾਮ ਹਨ। ਜਿੰਨ੍ਹਾਂ ਦੀ ਅਰਬ ਵਾਸੀ ਪੂਜਾ ਕਰਦੇ ਸਨ। ਕੁਰਆਨ ਵਿੱਚ 'ਸ਼ਿਅਰਾ' ਸ਼ਬਦ ਆਇਆ ਹੈ। ਇਸ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ:

> 'ਸ਼ਿਅਰਾ' ਅਕਾਸ਼ ਦਾ ਸਭ ਤੋਂ ਚਮਕੀਲਾ ਤਾਰਾ ਹੈ। ਮਿਸਰ ਤੇ ਅਰਬ ਦੇ ਵਸਨੀਕ ਇਹ ਧਾਰਨਾ ਰੱਖਦੇ ਹਨ ਕਿ ਇਹ ਤਾਰਾ ਮਨੁੱਖ ਦੇ ਭਾਗਾਂ ਉੱਤੇ ਪ੍ਰਭਾਵ ਪਾਉਂਦਾ ਹੈ। ਇਸ ਕਰਕੇ ਇਹ ਉਨ੍ਹਾਂ ਦੇ ਇਸ਼ਟਾਂ ਵਿੱਚ ਸ਼ਾਮਲ ਸੀ।[116]

ਕੁਰਆਨ ਦਾ ਕਥਨ ਹੈ:

> ਉਹੀਓ 'ਸ਼ਿਅਰਾ' ਦਾ ਰੱਬ ਹੈ।[117]
>
> ਅਤੇ
>
> ਝੁਕ ਜਾਓ ਅੱਲਾਹ ਅੱਗੇ ਤੇ ਉਸਦੀ ਬੰਦਗੀ ਕਰੋ।[118]
>
> ਅਸੀਂ ਇਸ ਕੁਰਆਨ ਨੂੰ ਨਸੀਹਤ ਲਈ ਸੁਖਾਲਾ ਸਾਧਨ ਬਣਾ ਦਿੱਤਾ ਹੈ। ਹੁਣ ਹੈ ਕੋਈ ਨਸੀਹਤ ਕਬੂਲਣ ਵਾਲਾ?[119]

## 4.2 ਸ਼ਰਾਬ, ਜੂਆ ਅਤੇ ਵਿਆਜ਼

ਸ਼ਰਾਬ ਅਤੇ ਜੂਏ ਸਮੇਤ ਵਿਆਜ਼ ਵੀ ਇੱਕ ਸਮਾਜਿਕ ਕੁਰੀਤੀ ਬਣ ਗਿਆ ਸੀ। ਇਸ ਨਾਲ ਸਮਾਜ ਵਿੱਚ ਅਮੀਰ ਤੇ ਗਰੀਬ ਦਾ ਪਾੜਾ ਵੱਧਦਾ ਜਾ ਰਿਹਾ ਸੀ। ਕੁਰਆਨ ਨੇ ਵਪਾਰ ਨੂੰ ਵਿਆਜ਼ ਤੋਂ ਅਲਹਿਦਾ ਕੀਤਾ ਅਤੇ ਵਿਆਜ ਬਾਰੇ ਕਿਹਾ ਨਾ ਵਿਆਜ ਲਓ ਅਤੇ ਨਾ ਵਿਆਜ ਦਿਓ। ਵਿਆਜ ਲੈਣ ਵਾਲਾ ਝੱਲਾ ਹੈ:

> ਅੱਲਾਹ ਵਿਆਜ ਤੂੰ ਮਿਟਾਉਂਦਾ ਹੈ ਤੇ ਖਰਾਇਤ (ਦਾਨ) ਨੂੰ ਵਧਾਉਂਦਾ ਹੈ ਅਤੇ ਅੱਲਾਹ ਕਿਸੇ ਨਾਸ਼ੁਕਰੇ ਭੈੜੇ ਅਮਲਾਂ ਵਾਲੇ ਨੂੰ ਪਸੰਦ ਨਹੀਂ ਕਰਦਾ। ਹਾਂ ਜੋ ਲੋਕ ਈਮਾਨ ਲੈ ਆਉਣ, ਭਲੇ ਕਰਮ ਕਮਾਉਣ, ਨਮਾਜ਼ ਕਾਇਮ ਕਰਨ ਅਤੇ ਜ਼ਕਾਤ ਦੇਣ, ਉਨ੍ਹਾਂ ਦਾ ਬਦਲਾ ਬੇਸ਼ੱਕ ਉਨ੍ਹਾਂ ਦੇ ਰੱਬ ਕੋਲ ਹੈ ਅਤੇ ਉਨ੍ਹਾਂ ਨੂੰ ਕੋਈ ਡਰ ਤੇ ਚਿੰਤਾ ਨਹੀਂ ਹੋਵੇਗੀ।[120]

## 4.3 ਨੰਗੇ ਹੋ ਕੇ ਪ੍ਰਕਰਮਾ ਕਰਨਾ

ਪਵਿੱਤਰ ਕੁਰਆਨ ਦੱਸਦਾ ਹੈ ਕਿ ਆਦਮ ਦੀ ਨਾਫ਼ਰਮਾਨੀ ਨੂੰ ਮੁਨਾਫਿਕਾਂ ਨੇ ਬਹੁਤ ਉੱਚਾ ਕਰਮ ਬਣਾ ਲਿਆ ਸੀ। ਉਹ ਆਦਮ ਦੇ ਨੰਗੇਜ਼ ਦੀ ਨਕਲ ਵਿੱਚ ਕਾਅਬੇ ਦੀ ਪਰਕਰਮਾ ਕਰਦੇ ਸਨ ਅਤੇ ਕਹਿੰਦੇ ਸਨ, ਸਾਡੇ ਵਡੇਰੇ ਇਹੋ ਕਰਦੇ ਰਹੇ ਹਨ:

---

116 *ਕੁਰਆਨ ਮਜੀਦ*, ਫੁਟ ਨੋਟ ਨੰ. 19, ਪੰਨਾ 933.
117 53:34.
118 53:62.
119 54:32.
120 2: 277.

> ਇਹ ਲੋਕ ਜਦੋਂ ਕੋਈ ਅਸ਼ਲੀਲ ਕੰਮ ਕਰਦੇ ਹਨ ਤਾਂ ਆਖਦੇ ਹਨ ਕਿ ਅਸੀਂ ਆਪਣੇ ਪਿਓ ਦਾਦਿਆਂ ਨੂੰ ਇਸ ਤਰੀਕੇ ਤੇ ਵੇਖਿਆ ਹੈ ਅਤੇ ਅੱਲਾਹ ਨੇ ਹੀ ਸਾਨੂੰ ਅਜਿਹਾ ਕਰਨ ਦਾ ਆਦੇਸ਼ ਦਿੱਤਾ ਹੈ। ਇਹਨਾਂ ਨੂੰ ਆਖੋ ਕਿ ਅੱਲਾਹ ਅਸ਼ਲੀਲਤਾ ਦਾ ਹੁਕਮ ਕਦੇ ਨਹੀਂ ਦਿੰਦਾ।[121]

ਉਪਰੋਕਤ ਆਇਤ ਬਾਰੇ ਅਬੁਲ ਆਲਾ ਮੌਦੂਦੀ ਦੀ ਟਿੱਪਣੀ ਹੈ:

> ਇਸ਼ਾਰਾ ਹੈ ਅਰਬ ਵਾਲਿਆਂ ਦੇ ਨੰਗੇ ਹੋ ਕੇ ਤਵਾਫ (ਕਾਅਬੇ ਦੀ ਪਰਕਰਮਾ ਕਰਨ) ਵੱਲ! ਉਨ੍ਹਾਂ ਵਿੱਚ ਬਹੁਤੇ ਲੋਕ ਹੱਜ ਦੇ ਮੌਕੇ 'ਤੇ ਕਾਅਬੇ ਦਾ ਤਵਾਫ਼ ਨੰਗੇ ਹੋ ਕੇ ਕਰਦੇ ਸਨ ਅਤੇ ਉਨ੍ਹਾਂ ਦੀਆਂ ਤੀਵੀਆਂ ਇਸ ਮਾਮਲੇ ਵਿੱਚ ਉਹਨਾਂ ਦੇ ਆਦਮੀਆਂ ਤੋਂ ਵੀ ਵਧੇਰੇ ਨਿਰਲੱਜ ਸਨ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਇਹ ਇਕ ਧਾਰਮਿਕ ਕੰਮ ਸੀ ਅਤੇ ਨੇਕ ਕੰਮ ਸਮਝਕੇ ਕੀਤਾ ਜਾਂਦਾ ਸੀ।[122]

### 4.4 ਬਦਕਾਰੀ

ਪੈਗ਼ੰਬਰ ਲੂਤ ਦੇ ਸਮੇਂ ਵੀ ਲੋਕਾਂ ਦਾ ਆਚਰਣ ਗਿਰ ਚੁੱਕਾ ਸੀ। ਕੁਰਆਨ ਦੱਸਦਾ ਹੈ:

> 'ਲੂਤ' ਨੂੰ ਅਸੀਂ ਪੈਗ਼ੰਬਰ ਬਣਾ ਕੇ ਭੇਜਿਆ ਸੀ, ਫੇਰ ਚੇਤੇ ਕਰੋ ਜਦੋਂ ਉਸਨੇ ਆਪਣੀ ਕੌਮ ਨੂੰ ਆਖਿਆ 'ਕੀ ਤੁਸੀਂ ਅਜਿਹੇ ਨਿਰਲੱਜ ਹੋ ਗਏ ਹੋ ਕਿ ਉਹ ਅਸ਼ਲੀਲ ਕੰਮ ਕਰਦੇ ਹੋ ਜਿਹੜਾ ਤੁਹਾਨੂੰ ਪਹਿਲਾਂ ਸੰਸਾਰ ਵਿੱਚ ਕਿਸੇ ਨੇ ਨਹੀਂ ਕੀਤਾ। ਤੁਸੀਂ ਇਸਤਰੀਆਂ ਨੂੰ ਛੱਡ ਕੇ ਮਰਦਾਂ ਤੋਂ ਆਪਣੀ ਕਾਮ ਵਾਸ਼ਨਾ ਦੀ ਪੂਰਤੀ ਕਰਦੇ ਹੋ।[123]

### 4.1 ਬੱਚਿਆਂ ਦੇ ਕਤਲ

ਕੁਰਆਨ ਵਿੱਚ ਇਸ ਕੁਰੀਤੀ ਦਾ ਜ਼ਿਕਰ ਹੈ:

> ਜ਼ਰੂਰ ਹੀ ਘਾਟੇ ਵਿਚ ਪੈ ਗਏ ਉਹ ਲੋਕ ਜਿਹਨਾਂ ਨੇ ਆਪਣੀ ਸੰਤਾਨ ਨੂੰ ਮੂਰਖਤਾ ਤੇ ਅਗਿਆਨਤਾ ਕਾਰਨ ਮਾਰ ਮੁਕਾਇਆ ਅਤੇ ਅੱਲਾਹ ਦੇ ਦਿੱਤੇ ਹੋਏ ਰਿਜ਼ਕ ਨੂੰ ਅੱਲਾਹ ਉਤੇ ਕੂੜ ਮਾਰ ਕੇ ਹਰਾਮ ਬਣਾ ਲਿਆ।[124]

ਅੰਧਵਿਸ਼ਵਾਸ਼ੀ ਲੋਕ ਆਪਣੀ ਸੰਤਾਨ ਦਾ ਕਤਲ ਕਰ ਰਹੇ ਸਨ:

> ਔਲਾਦ ਦੇ ਕਤਲ ਦੀਆਂ ਤਿੰਨ ਸ਼ਕਲਾਂ, ਅਰਬ ਦੇ ਲੋਕਾਂ ਵਿਚ ਪ੍ਰਚੱਲਤ ਸਨ ਅਤੇ ਕੁਰਆਨ ਵਿੱਚ ਇਨ੍ਹਾਂ ਤਿੰਨਾਂ ਵੱਲ ਇਸ਼ਾਰਾ ਕੀਤਾ ਗਿਆ ਹੈ। (1) ਧੀਆਂ ਦਾ ਕਤਲ, ਇਸ ਵਿਚਾਰ ਨਾਲ ਕਿ ਕੋਈ ਉਨ੍ਹਾਂ ਦਾ ਜੁਆਈ ਨਾ ਬਣੇ, ਜਾਂ ਕਬਾਇਲੀ ਲੜਾਈਆਂ ਵਿੱਚ ਉਹ ਵੈਰੀਆਂ ਦੇ ਹੱਥ ਨਾ ਲੱਗ ਜਾਣ ਜਾਂ ਕਿਸੇ ਦੂਜੇ ਕਾਰਨੋਂ ਉਨ੍ਹਾਂ ਲਈ ਉਹ ਸ਼ਰਮਿੰਦਗੀ ਦਾ ਕਾਰਨ ਨਾ ਬਣਨ। (2) ਬੱਚਿਆਂ ਦਾ ਕਤਲ, ਇਸ ਖਿਆਲ ਨਾਲ ਕਿ ਉਨ੍ਹਾਂ ਦੇ ਪਾਲਣ-ਪੋਸ਼ਣ ਦਾ ਬੋਝ ਨਹੀਂ ਚੁੱਕਿਆ ਜਾਣਾ ਅਤੇ ਆਰਥਕ ਵਸੀਲਿਆਂ ਦੀ ਘਾਟ ਕਾਰਨ ਉਹ ਅਸਹਿ ਬੋਝ ਬਣ ਜਾਣਗੇ। (3) ਬੱਚਿਆਂ ਨੂੰ ਆਪਣੇ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਬਲੀ ਦੇਣਾ।[125]

### 4.2 ਅੰਧ ਵਿਸ਼ਵਾਸ

ਕੁਰਆਨ ਉਸ ਵੇਲੇ ਦੇ ਲੋਕਾਂ ਦੇ ਅੰਧ ਵਿਸ਼ਵਾਸ਼ਾਂ ਦਾ ਖੰਡਨ ਕਰਦਾ ਹੈ। ਲੋਕਾਂ ਨੇ ਪਸ਼ੂਆਂ ਵਿੱਚ 'ਬਹੀਰਾ', 'ਸਾਇਬਾ', 'ਵਸੀਲਾ' ਅਤੇ 'ਹਾਮ' ਵਰਗੇ ਅੰਧ ਵਿਸ਼ਵਾਸ਼ ਪਾਲੇ ਹੋਏ ਸਨ। ਪਵਿੱਤਰ

---

121 7: 28.
122 *ਕੁਰਆਨ ਮਜੀਦ*, ਫੁਟ ਨੋਟ ਨੰ 6, ਪੰਨਾ-263.
123 7: 80-81.
124 6: 140.
125 *ਕੁਰਆਨ ਮਜੀਦ*, ਫੁਟ ਨੋਟ ਨੰ. 34, ਪੰਨਾ-248.

ਕੁਰਆਨ ਦਾ ਕਥਨ ਹੈ:

> ਅੱਲਾਹ ਨੇ ਨਾ ਕੋਈ 'ਬਹੀਰਾ' ਨਿਯਤ ਕੀਤਾ ਹੈ, ਨਾ 'ਸਾਇਬਾ', ਨਾ 'ਵਸੀਲਾ' ਅਤੇ ਨਾ 'ਹਾਮ' ਪਰ ਇਹ ਕਾਫਿਰ ਅੱਲਾਹ ਉੱਤੇ ਝੂਠਾ ਆਰੋਪ ਲਾਉਂਦੇ ਹਨ ਅਤੇ ਉਹਨਾਂ ਵਿਚੋਂ ਬਹੁਤੇ ਮੂਰਖ ਹਨ (ਕਿ ਅਜਿਹੇ ਵਹਿਮਾਂ ਭਰਮਾਂ ਵਿਚ ਫਸੇ ਹੋਏ ਹਨ)।[126]

ਉਪਰ ਆਇਤ ਵਿਚ ਆਏ ਸ਼ਬਦਾਂ ਦੇ ਪਿਛੋਕੜ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਇਹ ਅਰਬ ਵਾਲਿਆਂ ਦੇ ਅੰਧ ਵਿਸ਼ਵਾਸ਼ ਦਾ ਜ਼ਿਕਰ ਹੈ। 'ਬਹੀਰਾ' ਉਸ ਊਠਣੀ ਨੂੰ ਆਖਦੇ ਸਨ ਜਿਹੜੀ ਪੰਜ ਸੂਏ ਦੇ ਚੁੱਕੀ ਹੋਵੇ ਅਤੇ ਅਖੀਰਲੇ ਸੂਏ ਉਸਦਾ ਬਤਾਰੂ ਨਰ ਹੋਵੇ। ਅਗਿਆਨ ਕਾਲ ਵਿੱਚ ਅਰਬ ਦੇ ਲੋਕ ਉਸ ਦਾ ਕੰਨ ਚੀਰ ਕੇ ਉਸਨੂੰ ਖੁੱਲ੍ਹ ਛੱਡ ਦਿੰਦੇ ਸਨ। ਫਿਰ ਨਾ ਕੋਈ ਉਸ ਤੇ ਸਵਾਰੀ ਕਰਦਾ ਸੀ, ਨਾ ਉਸ ਦਾ ਦੁੱਧ ਚੋਇਆ ਜਾਂਦਾ ਸੀ ਅਤੇ ਨਾ ਹੀ ਉਸ ਦੀ ਉੱਨ ਲਾਹੀ ਜਾਂਦੀ ਸੀ। ਉਸ ਨੂੰ ਹੱਕ ਸੀ ਕਿ ਜਿਸ ਖੇਤ ਜਾਂ ਜਿਹੜੀ ਜੂਹੋਂ ਚਾਹੇ ਚਰ ਲਵੇ ਤੇ ਜਿਸ ਘਾਟੋਂ ਚਾਹੇ ਪਾਣੀ ਪੀ ਲਵੇ। 'ਸਾਇਬਾ' ਉਸ ਊਠ ਜਾਂ ਊਠਣੀ ਨੂੰ ਆਖਦੇ ਸਨ ਜਿਸ ਨੂੰ ਕਿਸੇ ਸੁੱਖਣਾ ਦੇ ਪੂਰਾ ਹੋਣ ਜਾਂ ਕਿਸੇ ਬਿਮਾਰੀ ਤੋਂ ਠੀਕ ਹੋਣ ਤੇ ਜਾਂ ਕਿਸੇ ਖਤਰੇ ਤੋਂ ਬਚ ਜਾਣ ਦੀ ਖੁਸ਼ੀ ਵਿੱਚ ਪੁੰਨ ਕੀਤਾ ਹੋਵੇ। ਨਾਲ ਹੀ ਜਿਸ ਊਠਣੀ ਨੇ ਦਸ ਸੂਏ ਦਿੱਤੇ ਹੋਣ ਅਤੇ ਹਰ ਸੂਏ ਦਾ ਬਤਾਰੂ ਮਦੀਨ ਹੋਵੇ, ਉਸ ਨੂੰ ਵੀ ਆਜ਼ਾਦ ਛੱਡ ਦਿੱਤਾ ਜਾਂਦਾ ਸੀ। 'ਵਸੀਲਾ' ਜੋ ਬੱਕਰੀ ਪਹਿਲੇ ਸੂਏ ਮੇਮਨਾ ਦੇਵੇ ਤਾਂ ਉਹ ਦੇਵਤਿਆਂ ਦੇ ਨਾਂ ਤੇ ਹਲਾਲ ਕਰ ਦਿੱਤਾ ਜਾਂਦਾ ਸੀ ਤੇ ਉਹ ਪਹਿਲੇ ਸੂਏ ਮੇਮਣੀ ਦਿੱਤੀ ਤਾਂ ਉਸ ਨੂੰ ਰੱਖ ਲਿਆ ਜਾਂਦਾ ਸੀ। ਪਰ ਜੇ ਮੇਮਣਾ ਤੇ ਮੇਮਣੀ ਇੱਕਠੇ ਦੇਂਦੀ ਤਾਂ ਮੇਮਣੇ ਨੂੰ ਹਲਾਲ ਕਰਨ ਦੀ ਥਾਂ ਦੇਵਤਿਆਂ ਦੇ ਨਾਂ ਤੇ ਉਂਜ ਹੀ ਖੁੱਲ੍ਹਾ ਛੱਡ ਦਿੱਤਾ ਜਾਂਦਾ ਸੀ ਅਤੇ ਉਸ ਦਾ ਨਾਂ 'ਵਸੀਲਾ' ਸੀ। 'ਹਾਮ' ਜੇ ਕਿਸੇ ਊਠ ਦਾ ਪੋਤਰਾ ਸਵਾਰੀ ਦੇ ਲਾਇਕ ਹੋ ਜਾਂਦਾ ਤਾਂ ਉਸ ਬੁੱਢੇ ਊਠ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਸੀ। ਜੇ ਕਿਸੇ ਊਠ ਦੇ ਵੀਰਜ ਤੋਂ ਦਸ ਬੱਚੇ ਪੈਦਾ ਹੋ ਜਾਂਦੇ ਤਾਂ ਉਸ ਨੂੰ ਵੀ ਆਜ਼ਾਦੀ ਮਿਲ ਜਾਂਦੀ ਸੀ।[127]

ਕੁਰਆਨ ਵਿੱਚ 'ਫ਼ਵਾਹਿਸ' ਸ਼ਬਦ ਵਰਤਿਆ ਗਿਆ ਹੈ। ਜਿਸ ਦਾ ਅਰਥ ਹੈ:

> ਇਸ ਨੂੰ ਉਨ੍ਹਾਂ ਸਾਰੇ ਕੰਮਾਂ ਲਈ ਬੋਲਿਆ ਜਾਂਦਾ ਹੈ ਜਿਨ੍ਹਾਂ ਦੀ ਬੁਰਾਈ ਬਿਲਕੁਲ ਸਪਸ਼ਟ ਹੈ। ਕੁਰਆਨ ਵਿੱਚ ਵਿਭਚਾਰ, ਮੁੰਡੇਬਾਜੀ, ਨੰਗੇਜਪੁਣਾ, ਝੂਠਾ ਦੋਸ਼ ਥੱਪਣ ਅਤੇ ਪਿਓ ਦੀ ਵਿਆਹੁਤਾ ਨਾਲ ਨਿਕਾਹ ਕਰਾਉਣ ਨੂੰ 'ਫ਼ਵਾਹਿਸ' (ਅਸ਼ਲੀਲ) ਕੰਮਾਂ ਵਿੱਚ ਗਿਣਿਆ ਗਿਆ ਹੈ। ਹਦੀਸ ਵਿੱਚ ਚੋਰੀ ਕਰਨ, ਸ਼ਰਾਬ ਪੀਣ ਅਤੇ ਭੀਖ ਮੰਗਣ ਨੂੰ 'ਅਸ਼ਲੀਲ ਕੰਮਾਂ' ਵਿੱਚ ਸ਼ਾਮਲ ਆਖਿਆ ਗਿਆ ਹੈ। ਇਸੇ ਤਰ੍ਹਾਂ ਦੂਜੇ ਸਾਰੇ ਸ਼ਰਮਨਾਕ ਕੰਮ ਵੀ 'ਫ਼ਵਾਹਿਸ' ਵਿੱਚ ਦਾਖਲ ਹਨ ਅਤੇ ਇਲਾਹੀ ਫ਼ਰਮਾਨ ਇਹ ਹੈ ਕਿ ਅਜਿਹੇ ਕੰਮ ਨਾ ਐਲਾਨੀਆ ਕੀਤੇ ਜਾਣ ਤੇ ਨਾ ਹੀ ਲੁਕ-ਛਿਪ ਕੇ।[128]

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੰਦਗੀ ਦੀ ਪਿੱਠ-ਭੂਮੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦਗੀ ਦੀ ਪਿੱਠ-ਭੂਮੀ ਨੂੰ ਸਮਝਣ ਲਈ ਇਸ ਵਿਚਲੇ ਸੰਦੇਸ਼ ਨੂੰ ਸਮਝਣਾ ਜ਼ਰੂਰੀ ਹੈ। ਗੁਰੂ ਸਾਹਿਬ ਨੇ ਬੰਦਗੀ ਦੀ ਗੱਲ ਕਰਦਿਆਂ ਹੇਠ ਲਿਖੇ ਤਿੰਨ ਨੁਕਤਿਆਂ ਨੂੰ ਆਧਾਰ ਬਣਾਇਆ ਹੈ:

1. ਪੁਰਾਤਨ ਵਿਰਸਾ 2. ਸਮਕਾਲੀ ਹਾਲਾਤ 3. ਭਗਤੀ ਦੀ ਜਾਗ।

---

126 5:103.

127 *ਕੁਰਆਨ ਮਜੀਦ,* ਫੁਟ ਨੋਟ ਨੰ. 51, ਪੰਨੇ- 212-213

128 *ਉਹੀ* , ਫੁਟ ਨੋਟ ਨੰ. 43, ਪੰਨਾ-253

ਬੰਦਗੀ ਇਨ੍ਹਾਂ ਦੋਹਾਂ ਨੂੰ ਨਾਲ ਲੈ ਕੇ ਚੱਲਦੀ ਹੈ। ਭਗਤੀ ਦੇ ਆਰੰਭ ਅਤੇ ਵਿਕਾਸ ਬਾਰੇ ਭਗਤ ਸਿੰਘ ਬੇਦੀ ਲਿਖਦੇ ਹਨ, "ਭਗਤੀ ਦੇ ਆਰੰਭ ਅਤੇ ਵਿਕਾਸ ਦਾ ਵਿਸ਼ਾ ਰੁੱਖਾ ਨਹੀਂ ਹੈ। ਇਹ ਅਤਿਅੰਤ ਰੌਚਕ, ਗਿਆਨਾਤਮਿਕ ਅਤੇ ਮਹੱਤਵਪੂਰਨ ਵਿਸ਼ਾ ਹੈ। ਯੱਗ ਵਿਧਾਨ ਤੋਂ ਆਰੰਭ ਹੋ ਕੇ ਨਿਰ ਵਿਕਲਪ ਸਮਾਧੀ ਤੱਕ ਭਗਤੀ ਨੇ ਵਿਕਾਸ ਦੇ ਕਿਹੜੇ ਪੜਾਅ ਅਤੇ ਯੁਗ ਪਾਰ ਕੀਤੇ ਹਨ, ਇਹ ਇਕ ਰੌਚਕ ਤੇ ਗਿਆਨ ਭਰਪੂਰ ਪ੍ਰਸ਼ਨ ਹੈ। ਜਿਸਦਾ ਵਿਵੇਕਪੂਰਣ ਅਤੇ ਤਰਕਯੁਕਤ ਉੱਤਰ ਪੰਜਾਬੀ ਪਾਠਕਾਂ ਨੂੰ ਮਿਲਣਾ ਹੀ ਚਾਹੀਦਾ ਹੈ।"[129] ਸਾਡੀ ਵਿਚਾਰ ਦਾ ਭਗਤੀ ਲਹਿਰ ਨਾਲ ਸਿੱਧੇ ਤੌਰ 'ਤੇ ਕੋਈ ਸਬੰਧ ਨਹੀਂ ਹੈ ਪਰ ਹਾਂ ਜਿੱਥੇ ਸਿਧਾਂਤਕ ਸਾਂਝ ਦੀ ਗੱਲ ਹੈ, ਉਹ ਵਿਚਾਰੀ ਗਈ ਹੈ। ਹੁਣ ਅਸੀਂ ਇਨ੍ਹਾਂ ਨੁਕਤਿਆਂ ਤੇ ਵਿਚਾਰ ਕਰਾਂਗੇ।

### 1. ਪੁਰਾਤਨ ਵਿਰਸਾ

ਮਨੁੱਖ ਵਿੱਚ ਪੁਰਾਤਨਤਾ ਨੂੰ ਜਾਣਨ ਦੀ ਜਿਗਿਆਸਾ ਕੁਦਰਤੀ ਪ੍ਰਵਿਰਤੀ ਹੈ। ਮਨੁੱਖ ਨੇ ਆਪਣੀ ਪੁਰਾਤਨਤਾ ਜਾਣਨ ਲਈ ਖੁਦਾਈਆਂ ਕੀਤੀਆਂ। ਉਸਦੀ ਇੱਕ ਉਦਾਹਰਣ ਸਿੰਧੂ ਘਾਟੀ ਦੀ ਸਭਿਅਤਾ ਹੈ। ਸਾਹਿਤ, ਧਰਮ ਗ੍ਰੰਥ, ਭਾਸ਼ਾ, ਸਭਿਆਚਾਰ, ਵਿਸ਼ਵਾਸ, ਪਸ਼ੂਆਂ, ਉਪਗ੍ਰਹਿ, ਡੀ.ਐੱਨ.ਏ ਸਮੇਤ ਅਨੇਕ ਹੀ ਵਿਸ਼ਿਆਂ ਨੂੰ ਆਧਾਰ ਬਣਾ ਕੇ ਮਨੁੱਖ ਨੇ ਆਪਣੀ ਪੁਰਾਤਨਤਾ ਜਾਣਨ ਦੇ ਯਤਨ ਕੀਤੇ ਹਨ। ਸਿੱਖ ਗੁਰੂ ਸਾਹਿਬਾਨ ਇਸ ਗੱਲ ਤੋਂ ਫਿਕਰਮੰਦ ਸਨ ਕਿ ਜਾਣਨ ਦੀ ਇੱਛਾ ਨਾਲ ਜੇਕਰ ਮੇਰੇ ਸਿੱਖਾਂ ਦੇ ਮਨਾਂ ਵਿੱਚ ਇਹ ਪ੍ਰਸ਼ਨ ਆਵੇ ਕਿ ਗੁਰੂ ਕਾਲ ਤੋਂ ਪਹਿਲਾਂ ਵੀ ਕੋਈ ਬੰਦਗੀ ਜਾਂ ਭਗਤੀ ਦੀ ਗੱਲ ਹੋਈ ਹੈ? ਕੀ ਪਹਿਲਾਂ ਵੀ ਭਗਤ ਹੋਏ ਹਨ? ਸੁਭਾਵਿਕ ਹੀ ਅਜਿਹੇ ਪ੍ਰਸ਼ਨਾਂ ਦੇ ਉੱਤਰ ਜੇਕਰ ਸਿੱਖਾਂ ਨੂੰ ਨਾ ਮਿਲੇ ਤਾਂ ਉਹ ਕੁਰਾਹੇ ਪੈਣਗੇ ਜਾਂ ਕਿਸੇ ਭੁੱਲੜ ਕੋਲ ਜਾ ਫਸਣਗੇ। ਇਨ੍ਹਾਂ ਦੀ ਜਿਗਿਆਸਾ ਵੀ ਤ੍ਰਿਪਤ ਨਹੀਂ ਹੋਵੇਗੀ। ਇਸ ਲਈ ਸਿੱਖ ਗੁਰੂ ਸਾਹਿਬਾਨ ਨੇ ਪੁਰਾਤਨ ਪਾਤਰਾਂ ਦੀਆਂ ਸਾਖੀਆਂ ਨਾਲ ਸਿੱਖਾਂ ਨੂੰ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਰੂ-ਬ-ਰੂ ਕਰਵਾਇਆ ਹੈ। ਪੁਰਾਤਨ ਵਿਰਸੇ ਨੂੰ ਸਮਝਾਉਣ ਲਈ ਗੁਰੂ ਜੀ ਨੇ ਯੁੱਗਾਂ ਦੀ ਗੱਲ ਕੀਤੀ ਹੈ। ਇਹ ਯੁੱਗ ਚਾਰ ਹਨ-ਸਤਯੁਗ, ਤ੍ਰੇਤਾ ਯੁਗ, ਦੁਆਪਰ ਯੁੱਗ ਅਤੇ ਕਲਯੁੱਗ। ਧਰਮ ਦੇ ਚਾਰ ਪੈਰ ਹਨ, ਇਹ ਸਤਯੁਗ ਵਿੱਚ ਪੂਰੇ ਸਨ। ਤ੍ਰੇਤੇ ਵਿੱਚ 'ਤ' ਤੋਂ ਤਿੰਨ ਪੈਰ ਰਹਿ ਗਏ, ਦੁਆਪਰ ਵਿੱਚ 'ਦ' ਤੋਂ ਦੋ ਪੈਰ ਅਤੇ ਕਲਯੁੱਗ ਵਿੱਚ 'ਕ' ਤੋਂ ਕੱਲਾ ਭਾਵ ਇੱਕ ਪੈਰ ਰਹਿ ਗਿਆ। ਉਹ ਧਰਮ ਜੋ ਕਦੇ ਚਾਰ ਪੈਰਾਂ 'ਤੇ ਸੀ ਫੇਰ ਉਹ ਤਿੰਨ ਪੈਰਾਂ ਤੇ ਹੋ ਗਿਆ, ਫੇਰ ਦੋ ਪੈਰਾਂ ਤੇ ਹੋ ਗਿਆ ਅਤੇ ਕਲਯੁਗ

---

[129] ਭਗਤ ਸਿੰਘ ਬੇਦੀ, *ਮੱਧ ਕਾਲੀਨ ਭਗਤੀ ਕਾਵਿ ਦੀ ਭੂਮਿਕਾ*, ਭੂਮਿਕਾ- v.

ਵਿੱਚ ਧਰਮ ਦਾ ਕੇਵਲ ਇਕ ਪੈਰ ਬਚਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਅਜਿਹੀ ਹੀ ਸਥਾਪਨਾ 'ਚੰਡੀ ਦੀ ਵਾਰ' ਵਿੱਚ ਦਿੰਦੇ ਹਨ:

> *ਸਾਧੂ ਸਤਿਜੁਗ ਬੀਤਿਆ ਅਧਸੀਲੀ ਤ੍ਰੇਤਾ ਆਇਆ। ਨਚੀ ਕਲ ਸਰੋਸਰੀ ਕਲਿ ਨਾਰਦ ਡਉਰੂ ਵਾਇਆ।*[130]

ਗੁਰੂ ਸਾਹਿਬ ਗੁਰਬਾਣੀ ਦੀ ਵਡਿਆਈ ਕਰਦਿਆਂ ਇਸਨੂੰ ਚਾਰਾਂ ਜੁਗਾਂ ਵਿੱਚ ਸੱਚੀ ਆਖਦੇ ਹਨ।[131] ਅਕਾਲਪੁਰਖ ਨੇ ਭਗਤਾਂ ਦੇ ਪੈਜ ਹਰ ਯੁਗ ਵਿੱਚ ਰੱਖੀ ਹੈ। ਪ੍ਰਹਿਲਾਦ ਭਗਤ ਨੂੰ ਬਚਾਇਆ ਅਤੇ ਦੁਸ਼ਟ ਹਰਨਾਖਸ ਨੂੰ ਮਾਰਿਆ।[132] ਗੁਰੂ ਅਮਰਦਾਸ ਜੀ ਤਾਂ ਇੱਥੇ ਤੱਕ ਆਖਦੇ ਹਨ ਕਿ ਅਕਾਲਪੁਰਖ ਭਗਤਾਂ ਦੇ ਪੈਜ ਧੁਰ ਤੋਂ ਭਾਵ ਸ੍ਰਿਸ਼ਟੀ ਦੇ ਮੁੱਢ ਵੇਲੇ ਤੋਂ ਹੀ ਰੱਖਦਾ ਆਇਆ ਹੈ।[133] ਸਤਯੁਗ ਵਿਚ ਵਿਸ਼ਨੂੰ ਦੇ ਅਵਤਾਰ ਵਾਸਦੇਵ ਰਾਹੀਂ ਲੋਕਾਈ ਦੀ ਮੁਕਤੀ ਹੋਈ। ਦੁਆਪਰ ਵਿਚ ਹਰੀਕ੍ਰਿਸ਼ਨ, ਤ੍ਰੇਤੇ ਵਿੱਚ ਰਾਮ ਅਤੇ ਕਲਯੁਗ ਵਿੱਚ ਗੋਬਿੰਦ ਦਾ ਨਾਮ ਜਪਣ ਵਾਲੇ ਅਕਾਲਪੁਰਖ ਵਿੱਚ ਅਭੇਦਤਾ ਪ੍ਰਾਪਤ ਕਰਨਗੇ। ਇਸ ਲਈ ਚਾਰੇ ਜੁਗਾਂ ਦਾ ਜਾਪ ਹੈ, ਵਾਹਿਗੁਰੂ ਦਾ ਨਾਮ:

> *ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।*
> *ਦੁਆਪਰਿ ਸਤਿਗੁਰ ਹਰਿਕ੍ਰਿਸ਼ਨ ਹਾਹਾ ਹਰਿ ਨਾਮੁ ਜਪਾਵੈ।*
> *ਤੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।*
> *ਕਲਿਜੁਗਿ ਨਾਨਕ ਗੁਰ ਗੋਬਿੰਦ ਸਗ ਗੋਬਿੰਦ ਨਾਮੁ ਅਲਾਵੈ।*
> *ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।*
> *ਚਾਰੇ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ।*
> *ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ।*[134]

ਭਾਈ ਗੁਰਦਾਸ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਧਰਮ ਰੂਪੀ ਬੈਲ ਇੱਕ ਪੈਰ ਤੇ ਖੜਾ ਸੀ। ਦਇਆ ਖਤਮ ਹੋ ਚੁੱਕੀ ਸੀ ਅਤੇ ਕੋਈ ਰੱਬ ਦਾ ਨਾਮ ਜਪਣ ਵਾਲਾ ਨਹੀਂ ਰਿਹਾ ਸੀ।

> *ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੋ ਰਸਾਤਲਿ ਟੋਆ।*
> *ਖੜਾ ਇਕ ਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।*
> *ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।*
> *ਧਰਮ ਧਉਲੁ ਪੁਕਾਰੈ ਤਲੈ ਖੜੋਆ।*[135]

---

130 ਰਤਨ ਸਿੰਘ ਜੱਗੀ, *ਸ੍ਰੀ ਦਸਮ ਗ੍ਰੰਥ ਪਾਠ ਸੰਪਾਦਨ ਅਤੇ ਵਿਆਖਿਆ*, ਭਾਗ ਪਹਿਲਾ, ਪੰਨਾ 314.

131 *ਚਹੁ ਜੁਗ ਮਹਿ ਅੰਮ੍ਰਿਤ ਸਾਚੀ ਬਾਣੀ॥ ਪੂਰੈ ਭਾਗਿ ਹਰਿ ਨਾਮਿ ਸਮਾਣੀ॥* ਰਾਗ ਧਨਾਸਰੀ ਮ:੩, 665.

132 *ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥* ਰਾਗ ਆਸਾ ਮ: ੪, 451.

133 *ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥ ਪ੍ਰਹਿਲਾਦੁ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥* ਰਾਗ ਸੋਰਠਿ ਮ: ੩, 637.

134 ਵਾਰ/ਪਉੜੀ 1/49.

135 ਵਾਰ/ਪਉੜੀ 1/22.

ਧਰਮ ਦੇ ਚਾਰਾਂ ਪੈਰਾਂ ਬਾਰੇ ਵੀ ਭਿੰਨ ਭਿੰਨ ਰਾਵਾਂ ਹਨ:

> ਗੁਰੂ ਰਾਮਦਾਸ ਨੇ ਕਿਹਾ ਹੈ- *ਸਤਜੁਗ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮ ਧਿਆਨ ਜੀਉ (ਗੁ ਗ੍ਰੰ.੪੪੫)* ਵਿਦਵਾਨਾਂ ਨੇ ਇਨ੍ਹਾਂ ਪੈਰਾਂ ਦੇ ਵੱਖ-ਵੱਖ ਨਾਂ ਦੱਸੇ ਹਨ। ਇਕ ਮਤ ਅਨੁਸਾਰ ਸੰਤੋਖ, ਜਤ, ਤਪ ਅਤੇ ਨਾਮ ਕੀਰਤਨ ਹੀ ਧਰਮ ਦੇ ਚਾਰ ਪੈਰ ਹਨ। ਦੂਜੇ ਮਤ ਅਨੁਸਾਰ ਸਤਿ, ਤਪ, ਦਇਆ ਅਤੇ ਦਾਨ ਨੂੰ ਧਰਮ ਦੇ ਚਾਰ ਪੈਰਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਤੀਜੇ ਮਤ ਅਨੁਸਾਰ ਸਤਿ, ਯੱਗ, ਪੂਜਾ ਅਤੇ ਨਾਮ ਸਿਮਰਣ ਨੂੰ ਧਰਮ ਦੇ ਚਾਰ ਪਗ ਵਜੋਂ ਪ੍ਰਤਿਸ਼ਠਾ ਹੋਈ ਹੈ।[136]

ਮੂਲ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਗੁਣਾਂ ਦਾ ਇਕੱਠ ਹੈ। ਹੌਲੀ-ਹੌਲੀ ਅਗਿਆਨਤਾ ਕਰਕੇ ਉਸ ਵਿਚੋਂ ਸਾਰੇ ਦੈਵੀ ਗੁਣ ਅਲੋਪ ਹੋ ਰਹੇ ਸਨ। ਇਹ ਚਿੰਤਾ ਗੁਰੂ ਸਾਹਿਬ ਨੇ ਕੀਤੀ। ਇਕ ਹੋਰ ਗੱਲ ਇਨ੍ਹਾਂ ਯੁੱਗਾਂ ਬਾਰੇ ਸਮਝਣ ਵਾਲੀ ਇਹ ਹੈ ਕਿ ਅਕਸਰ ਇਹ ਕਿਹਾ ਜਾਂਦਾ ਹੈ ਕਿ ਇਨ੍ਹਾਂ ਦਾ ਸਮਾਂ ਲੱਖਾਂ ਸਾਲਾਂ ਦਾ ਹੈ ਪਰ ਇਹ ਸਾਰੇ ਯੁੱਗ ਪੰਜ ਹਜ਼ਾਰ ਸਾਲ ਵਿਚ ਹੀ ਖਤਮ ਹੋ ਜਾਂਦੇ ਹਨ। ਸੰਤ ਸਿੰਘ ਮਸਕੀਨ ਅਨੁਸਾਰ:

> ਸ੍ਰੀ ਰਾਮ ਨੂੰ ਤ੍ਰੇਤੇ ਦਾ ਅਵਤਾਰ ਮੰਨਦੇ ਨੇ ਤੇ ਪੰਦਰਾਂ ਸੌ ਸਾਲ ਬਾਅਦ ਸ੍ਰੀ ਕ੍ਰਿਸ਼ਨ ਮੌਜੂਦ ਸਨ। ਸ੍ਰੀ ਕ੍ਰਿਸ਼ਨ ਨੂੰ ਦੁਆਪਰ ਯੁੱਗ ਦਾ ਅਵਤਾਰ ਮੰਨਦੇ ਨੇ ਔਰ ਤਿੰਨ ਹਜ਼ਾਰ ਸਾਲ ਬਾਅਦ ਗੁਰੂ ਨਾਨਕ ਸਾਹਿਬ ਪ੍ਰਗਟ ਹੋ ਗਏ ਔਰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਲਿਯੁਗ ਦਾ ਅਵਤਾਰ ਮੰਨੇ ਜਾਂਦੇ ਨੇ ਇਹ ਤਾਂ ਸਾਰੇ ਪੰਜ ਹਜ਼ਾਰ ਸਾਲ ਵਿੱਚ ਹੋ ਗਏ।[137]

ਯੁੱਗਾਂ ਦੀ ਪੁਰਾਤਨਤਾ ਦੇ ਨਾਲ-ਨਾਲ ਗੁਰਬਾਣੀ ਵਿਚ ਅਨੇਕ ਭਗਤਾਂ ਦਾ ਜ਼ਿਕਰ ਹੈ। ਇਹ ਭਗਤ ਬਾਣੀਕਾਰ ਵੀ ਸਨ ਅਤੇ ਬਾਣੀਕਾਰਾਂ ਤੋਂ ਬਿਨਾਂ ਵੀ ਸਨ। ਜੋ ਭਗਤ ਬਾਣੀਕਾਰ ਨਹੀਂ ਹਨ, ਉਨ੍ਹਾਂ ਦੇ ਨਾਮ ਵੀ ਗੁਰੂ ਸਾਹਿਬ ਨੇ ਸਤਿਕਾਰ ਨਾਲ ਦਰਜ਼ ਕੀਤੇ ਹਨ ਅਤੇ ਇਨ੍ਹਾਂ ਵਿੱਚੋਂ ਕੁਝ ਨੂੰ ਛੱਡਕੇ ਬਾਕੀ ਸਾਰਿਆਂ ਨੂੰ ਬੰਦਗੀ ਦੇ ਪ੍ਰੇਰਕ ਪਾਤਰਾਂ ਵਜੋਂ ਪੇਸ਼ ਕੀਤਾ ਗਿਆ ਹੈ। ਊਧੋ, ਅਹਿੱਲਿਆ, ਅਕਰੂਰ, ਅਜਾਮਲ, ਅੰਬਰੀਕ, ਸੁਕ (ਸੁਖਦੇਵ), ਨਾਰਦ, ਸੁਦਾਮਾ, ਕੁਬਿਜਾ, ਗਨਿਕਾ, ਜਨਕ, ਦ੍ਰੋਪਤੀ, ਦੁਰਬਾਸਾ, ਪਿੰਗਲਾ (ਵੇਸਵਾ), ਬਿਦਰ, ਬਲਿ, ਧ੍ਰੂ, ਪ੍ਰਹਿਲਾਦ, ਗਨਿਕਾ, ਬਲਿ, ਅੰਬਰੀਕ, ਜਨਕ, ਹਰੀਚੰਦ ਅਤੇ ਤਾਰਾ ਰਾਣੀ, ਬਿਦਰ, ਦਰੋਪਤੀ, ਸੁਦਾਮਾ, ਜੈਦੇਉ, ਨਾਮਦੇਵ, ਤ੍ਰਿਲੋਚਨ, ਧੰਨਾ, ਬੇਣੀ, ਕਬੀਰ ਅਤੇ ਰਾਮਾਨੰਦ, ਸੈਣ, ਰਵਿਦਾਸ, ਅਹੱਲਿਆ, ਬਾਲਮੀਕ, ਅਜਾਮਲ, ਪੂਤਨਾ, ਬਧਿਕ, ਦਾ ਜ਼ਿਕਰ ਕੀਤਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਵਿੱਚ ਅਨੇਕ ਭਗਤਾਂ ਦਾ ਜ਼ਿਕਰ ਕੀਤਾ ਹੈ।

ਇਹ ਵਾਰ ਭਗਤੀ ਕਰਨ ਵਾਲਿਆਂ ਲਈ ਪ੍ਰੇਰਨਾਸਰੋਤ ਹੈ। ਇਸ ਵਾਰ ਦੀਆਂ ਤੇਈ ਪੌੜੀਆਂ ਵਿੱਚ ਚੌਵੀ ਭਗਤਾਂ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਵਿਚੋਂ ਨੌਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ। ਬਾਕੀ ਦੇ ਪੰਦਰਾਂ ਭਗਤ, ਬਾਣੀਕਾਰ ਭਗਤਾਂ ਤੋਂ ਪਹਿਲਾਂ ਹੋਏ ਹਨ। ਬਾਣੀਕਾਰ ਭਗਤਾਂ ਵਿਚ ਜੈਦੇਉ, ਨਾਮਦੇਵ, ਤ੍ਰਿਲੋਚਨ, ਧੰਨਾ, ਬੇਣੀ, ਕਬੀਰ, ਰਾਮਾਨੰਦ, ਸੈਣ ਅਤੇ ਰਵਿਦਾਸ ਜੀ ਦਾ ਜ਼ਿਕਰ ਹੈ।

---

136 ਰਤਨ ਸਿੰਘ ਜੱਗੀ, (ਡਾ.) *ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ ਪਹਿਲਾ, ਪੰਨਾ-476.

137 ਗਿਆਨੀ ਸੰਤ ਸਿੰਘ ਮਸਕੀਨ, *ਪੰਜ ਵਿਕਾਰ ਤੇ ਚਾਰ ਯੁੱਗ,* ਪੰਨਾ-88.

ਪਹਿਲਾਂ ਹੋਏ ਭਗਤਾਂ ਵਿੱਚ ਧ੍ਰੂ, ਪ੍ਰਹਿਲਾਦ, ਰਾਜਾ ਬਲਿ, ਅੰਬਰੀਕ, ਜਨਕ, ਹਰੀਚੰਦ ਤੇ ਤਾਰਾ ਰਾਣੀ, ਬਿਦਰ ਅਤੇ ਦੁਰਯੋਧਨ, ਦਰੋਪਤੀ, ਸੁਦਾਮਾ, ਅਹਿਲਿਆ, ਬਾਲਮੀਕ, ਅਜਾਮਲ, ਗਨਿਕਾ, ਪੂਤਨਾ ਅਤੇ ਸ਼ਿਕਾਰੀ ਜਿਸਦੇ ਤੀਰ ਨਾਲ ਕ੍ਰਿਸ਼ਨ ਦੀ ਮੌਤ ਹੋਈ ਸੀ, ਦਾ ਜ਼ਿਕਰ ਕੀਤਾ ਹੈ। ਉਪਰੋਕਤ ਪਾਤਰਾਂ ਦਾ ਜ਼ਿਕਰ ਗੁਰਬਾਣੀ ਵਿੱਚ ਵੀ ਥਾਂ-ਥਾਂ ਹੈ। ਇਸ ਬਾਰੇ ਸਾਹਿਬ ਸਿੰਘ ਲਿਖਦੇ ਹਨ:

> ਅੰਬਰੀਕ, ਸੁਦਾਮਾ, ਪ੍ਰਹਿਲਾਦ, ਦਰੋਪਤੀ, ਅਹੱਲਿਆ, ਭਭੀਖਣ, ਬਲਿ, ਧ੍ਰੂ, ਆਮ ਤੌਰ ਤੇ ਇਹਨਾਂ ਬਾਰੇ ਹੀ ਸਾਖੀਆਂ ਪ੍ਰਸਿੱਧ ਸਨ ਤੇ ਹਨ। ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੇਸ਼ ਵਿੱਚ ਜਾ ਕੇ ਹਿੰਦੂ ਜਨਤਾ ਨੂੰ ਮੁਗਲ ਰਾਜ ਦੇ ਜ਼ੁਲਮਾਂ ਦੇ ਸਹਿਮ ਤੋਂ ਢਾਰਸ ਦੇਣ ਵੇਲੇ ਵੀ ਇਹਨਾਂ ਸਾਖੀਆਂ ਦਾ ਹੀ ਹਵਾਲਾ ਦੇਂਦੇ ਰਹੇ। ਵੇਰਵੇ ਵਿਚ ਗਿਆਂ ਇਹ ਸਾਖੀਆਂ ਸਿੱਖ ਧਰਮ ਦੇ ਅਨੁਸਾਰ ਹਨ ਜਾਂ ਨਹੀਂ ਇਸ ਗੱਲ ਦੇ ਛੇੜਨ ਦੀ ਲੋੜ ਨਹੀਂ ਸੀ। ਮੁਗਲ ਰਾਜ ਦੇ ਜ਼ੁਲਮਾਂ ਤੋਂ ਸਹਿਮੇ ਹੋਏ ਬੰਦਿਆਂ ਨੂੰ ਉਹਨਾਂ ਦੇ ਆਪਣੇ ਘਰ ਵਿਚੋਂ ਪ੍ਰਸਿੱਧ ਭਗਤਾਂ ਦੇ ਨਾਮ ਸੁਣਾ ਕੇ ਹੀ ਮਨੁੱਖਤਾ ਦੀ ਪ੍ਰੇਰਨਾ ਕੀਤੀ ਜਾ ਸਕਦੀ ਸੀ।[138]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਆਨੰਦਪੁਰ ਸਾਹਿਬ ਸੁਸ਼ੋਬਿਤ ਸਨ। ਗੁਰੂ ਜੀ ਨੇ ਸਮੂਹ ਸੰਗਤ ਨੂੰ ਇੱਕ ਪ੍ਰਸ਼ਨ ਕੀਤਾ ਕਿ ਭਗਤ ਕਬੀਰ ਕੌਣ ਸਨ? ਸਾਰਿਆਂ ਨੇ ਸਹੀ ਜੁਆਬ ਦਿੱਤਾ। ਫ਼ੇਰ ਗੁਰੂ ਜੀ ਨੇ ਅਗਲਾ ਪ੍ਰਸ਼ਨ ਕੀਤਾ ਕਿ ਜਦੋਂ ਭਗਤ ਕਬੀਰ ਜੀ ਹੋਏ ਹਨ, ਉਦੋਂ ਕਿਸ ਬਾਦਸ਼ਾਹ ਦੀ ਹਕੂਮਤ ਸੀ? ਕੋਈ ਸਿੱਖ ਕਿਸੇ ਬਾਦਸ਼ਾਹ ਦਾ ਨਾਮ ਲੈਂਦਾ ਹੈ ਕੋਈ ਕਿਸੇ ਦਾ। ਇਸ ਵਾਰ ਕਿਸੇ ਵੀ ਸਿੱਖ ਨੇ ਦ੍ਰਿੜਤਾ ਨਾਲ ਜੁਆਬ ਨਾ ਦਿੱਤਾ। ਗੁਰੂ ਜੀ ਨੇ ਕਿਹਾ- ਸਿੱਖੋ ਤੁਸੀਂ ਕਬੀਰ ਜੀ ਨੂੰ ਜਾਣਦੇ ਹੋ। ਉਹ ਗ਼ਰੀਬ ਸਨ, ਉਨ੍ਹਾਂ ਕੋਲ ਕੋਈ ਸਰਕਾਰੀ ਰੁਤਬਾ ਵੀ ਨਹੀਂ ਸੀ ਪਰ ਦੂਜੇ ਪਾਸੇ ਬਾਦਸ਼ਾਹ ਜੋ ਫੌਜਾਂ ਦਾ ਅਤੇ ਵੱਡੇ ਇਲਾਕੇ ਦਾ ਮਾਲਕ ਹੁੰਦਾ ਹੈ। ਤੁਹਾਨੂੰ ਉਸ ਬਾਦਸ਼ਾਹ ਦੇ ਨਾਮ ਬਾਰੇ ਸੰਦੇਹ ਹੈ ਪਰ ਕਬੀਰ ਬਾਰੇ ਸੰਦੇਹ ਇਸ ਕਰਕੇ ਨਹੀਂ ਕਿਉਂਕਿ ਕਬੀਰ ਜੀ ਨੇ ਭਗਤੀ ਕੀਤੀ। ਭਗਤੀ ਕਰਨ ਵਾਲਾ ਸਾਰੇ ਸੰਸਾਰ ਵਿੱਚ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਤ ਕਬੀਰ ਜੀ ਦੀ ਸਾਖੀ ਰਾਹੀਂ ਸਿੱਖਾਂ ਨੂੰ ਭਗਤੀ ਕਰਨ ਦੀ ਪ੍ਰੇਰਨਾ ਦਿੱਤੀ।[139] ਡਾ. ਗੁਰਸ਼ਰਨ ਕੌਰ ਜੱਗੀ ਦਸਵੀ ਵਾਰ ਨੂੰ 'ਭਗਤਾਂ ਦੀ ਵਾਰ' ਦੱਸਦੇ ਹੋਏ ਵਾਰ ਵਿਚ ਆਏ ਭਗਤਾਂ ਬਾਰੇ ਲਿਖਦੇ ਹਨ:

> ਇਨ੍ਹਾਂ ਚਰਿਤਰਾਂ ਦੇ ਕਾਰਜਾਂ ਰਾਹੀਂ ਕਵੀ ਨੇ ਗੁਰਮਤਿ ਦੇ ਸਿੱਧਾਤਾਂ ਦੀ ਸਥਾਪਨਾ ਕੀਤੀ ਹੈ ਜਿਵੇਂ ਗੁਰਮੁਖ/ ਭਗਤ ਦੀ ਅੰਤ ਵਿਚ ਜਿੱਤ ਅਤੇ ਸਰਬਤਰ ਉਸਦਾ ਜੈ ਜੈ ਕਾਰ, ਪਰਮਾਤਮਾ ਦੀ ਭਗਤਵੱਛਲਤਾ, ਨਾਮ ਦਾ ਮਹੱਤਵ, ਸਾਧਸੰਗਤ ਦੀ ਸ਼ੇਸ਼ਠਤਾ, ਭਾਉ ਭਗਤੀ, ਅਨਾਥਾਂ ਦੀ ਸਹਾਇਤਾ, ਭਗਤ ਦੀ ਮਰਿਆਦਾ ਦੀ ਰੱਖਿਆ, ਪਰਮਾਤਮਾ ਅਤੇ ਸੰਤ ਦੀ ਅਭੇਦਤਾ, ਸੁਹਜ ਭਾਵ, ਭਗਤ ਦੀ ਵਡਿਆਈ, ਨਿਥਾਵੇਂ ਦੀ ਸੁਰੱਖਿਅਤਾ, ਪਤਿਤ ਪਾਵਨ ਬਿਰਦ ਆਦਿ। ਇਨ੍ਹਾਂ ਸਿਧਾਤਾਂ ਵੱਲ ਕਵੀ ਦਾ ਸੰਕੇਤ ਹਰ ਪਉੜੀ ਦੀ ਅੰਤਿਮ ਸੰਖਿਪਤ ਪੰਕਤੀ ਵਿਚ ਦਰਿਸ਼ਟੀ-ਗੋਚਰ ਹੁੰਦਾ ਹੈ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕਵੀ ਨੇ ਪੁਰਾਤਨ ਕਥਾਵਾਂ ਨੂੰ ਸਿਧਾਂਤ ਰੂਪ ਵਿਚ ਨਹੀਂ ਲਿਆ, ਸਗੋਂ ਆਪਣੇ ਸਿਧਾਤਾਂ ਦੇ ਪ੍ਰਤਿਪਾਦਨ ਲਈ ਲੋਕ ਮਾਨਸ ਵਿਚ ਬੈਠ ਚੁੱਕੀਆਂ ਵਾਰਤਾਵਾਂ, ਕਥਾਵਾਂ ਅਵਦਾਨਾਂ ਦੁਆਰਾ ਉਨ੍ਹਾਂ ਨੂੰ ਸਪਸ਼ਟ ਅਤੇ ਸਮਝਣ ਯੋਗ ਬਣਾਇਆ ਹੈ, ਤਾਂ ਜੋ ਗ੍ਰਹਿਣ ਕਰਨ ਵਿਚ ਪਰੇਰਨਾਤਮਕ ਸਥਿਤੀ ਨੂੰ ਪਹੁੰਚਿਆ ਜਾ ਸਕੇ।[140]

---

138 ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਅੱਠਵੀਂ, ਪੰਨਾ-107.

139 ਗੁਰਬਚਨ ਸਿੰਘ ਨਈਅਰ (ਡਾ.), (ਸੰਪਾ.) *ਗੁਰ ਰਤਨ ਮਾਲ: ਸੌ ਸਾਖੀ,* ਪੰਨਾ-44.

140 ਗੁਰਸ਼ਰਨ ਕੌਰ ਜੱਗੀ (ਡਾ.), *ਵਾਰਾਂ ਭਾਈ ਗੁਰਦਾਸ (ਸੰਪਾਦਨ ਅਤੇ ਪਾਠ ਨਿਰਧਾਰਣ),* ਪੰਨਾ-15.

ਉਪਰੋਕਤ ਪਾਤਰ ਸਾਡੇ ਇਤਿਹਾਸ ਅਤੇ ਗੁਰਬਾਣੀ ਦਾ ਅਹਿਮ ਅੰਗ ਹਨ। ਇਨ੍ਹਾਂ ਪਾਤਰਾਂ ਬਾਰੇ ਡਾ. ਦਰਸ਼ਨ ਸਿੰਘ ਲਿਖਦੇ ਹਨ:

> ਭਾਈ ਗੁਰਦਾਸ ਜੀ ਦੀ ਰਚਨਾ ਵਿੱਚ ਭਾਵ ਅਤੇ ਵਿਚਾਰ ਗੁਰਬਾਣੀ ਦੇ ਹੀ ਆਏ ਹਨ ਅਤੇ ਉਨ੍ਹਾਂ ਨੇ ਮੂਲ ਰੂਪ ਵਿਚ ਬਾਣੀ ਦੀ ਤਕਨੀਕ ਨੂੰ ਹੀ ਅਪਨਾਇਆ ਹੈ। ਪਰੰਪਰਾ ਵਿਚੋਂ ਵੀ ਉਨ੍ਹਾਂ ਹੀ ਹਵਾਲੇ ਤੇ ਚਿੰਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਪਹਿਲ ਦਿੱਤੀ ਹੈ ਜਿਨ੍ਹਾਂ ਦੀ ਵਰਤੋਂ ਪਹਿਲਾਂ ਬਾਣੀ ਵਿਚ ਹੋਈ ਹੈ, ਜਿਵੇਂ ਕਿ ਬ੍ਰਹਮਾ, ਵਿਸ਼ਨੂੰ, ਇੰਦ੍ਰ ਆਦਿ ਦੇਵਤੇ ਅਤੇ ਪ੍ਰਹਿਲਾਦ, ਅੰਬਰੀਕ, ਬਲ ਆਦਿ ਪੁਰਾਣਿਕ ਨਾਇਕ ਭਗਤ। ਫਿਰ ਵੀ ਭਾਈ ਗੁਰਦਾਸ ਜੀ ਦੀ ਇਨ੍ਹਾਂ ਪਰੰਪਰਿਕ ਚਿੰਨ੍ਹਾਂ ਜਿਵੇਂ ਕਿ ਬਾਣੀ ਤੋਂ ਅਗਾਂਹ ਪਰੰਪਰਾ ਵਿਚ ਉਨ੍ਹਾਂ ਦਾ ਵਿਸਥਾਰ ਮਿਲਦਾ ਹੈ, ਨਾਲ ਵੀ ਬਹੁਤ ਨੇੜੇ ਦੀ ਵਾਕਫੀਅਤ ਪਛਾਣੀ ਜਾ ਸਕਦੀ ਹੈ। ਇਨ੍ਹਾਂ ਚਿੰਨ੍ਹਾਂ ਸੰਕੇਤਾਂ ਦੀ ਵਰਤੋਂ ਤੇ ਬ੍ਰਿਤਾਂਤ ਜਿਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਹੋਇਆ ਹੈ, ਉਹ ਨਿਸ਼ਚੇ ਹੀ ਬਾਣੀ ਵਿਚ ਹੋਈ ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਤੋਂ ਜ਼ਿਆਦਾ ਬ੍ਰਿਤਾਂਤਕ ਹੈ।[141]

ਉਪਰੋਕਤ ਪਾਤਰਾਂ ਦੀਆਂ ਕਹਾਣੀਆਂ ਸਾਡੀ ਯਾਦ ਸ਼ਕਤੀ ਵਿੱਚ ਸਮੋਈਆਂ ਹੋਈਆਂ ਹਨ,"ਆਧੁਨਿਕ ਹਿੰਦੂ ਧਰਮ ਦੇ ਵੱਡੇ ਪ੍ਰਮਾਣਿਕ ਗ੍ਰੰਥ ਪੁਰਾਣ ਉਨ੍ਹਾਂ ਤੋਂ ਪਿੱਛੋਂ ਦੀਆਂ ਲਿਖਤਾਂ ਹਨ। ਇਨ੍ਹਾਂ ਦੇ ਮਿਥਿਹਾਸ ਅਤੇ ਕਥਾਵਾਂ ਦਾ ਲੋਕਾਂ ਦੇ ਮਨ ਅਤੇ ਬੁੱਧੀ ਤੇ ਬਹੁਤ ਪ੍ਰਭਾਵ ਪੈਂਦਾ ਹੈ। ਰਾਮਾਇਣ ਅਤੇ ਮਹਾਂਭਾਰਤ ਦੀਆਂ ਅਚੰਭਾਜਨਕ ਕਹਾਣੀਆਂ ਦਾ ਵੀ ਲੋਕਾਂ ਤੇ ਬੜਾ ਅਸਰ ਹੈ। ਇਨ੍ਹਾਂ ਮਹਾਕਾਵਾਂ ਦੇ ਨਾਇਕ ਅਜੇ ਵੀ ਨਾਇਕ ਹਨ।"[142] ਭੱਟ ਕਲ੍ਹ ਗੁਰੂ ਦੀ ਉਪਮਾ ਕਰਦਿਆਂ ਲਿਖਦਾ ਹੈ ਕਿ ਸਨਕ, ਜਨਕ, ਸੁਖਦੇਵ, ਬਿਆਸ, ਜਮਦਗਨ ਤੇਰੀ ਹੀ ਉਪਮਾ ਕਰ ਰਹੇ ਹਨ। ਤੁਸੀਂ ਹੀ ਸਤਯੁਗ ਵਿੱਚ, ਤ੍ਰੇਤੇ ਵਿੱਚ, ਦੁਆਪਰ ਵਿਚ ਵੀ ਸੀ। ਤੁਸੀਂ ਹੀ ਹੁਣ ਕਲਯੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਕਹਾਉਂਦੇ ਹੋ। ਮੂਲ ਪਾਠ ਇੰਝ ਹੈ:

*ਸਤਜੁਗਿ ਤੈ ਮਾਣਿਓ ਛਲਿਓ* ***ਬਲਿ*** *ਬਾਵਨਿ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥7॥*
*ਗੁਣ ਗਾਵੈਂ* ***ਰਵਿਦਾਸੁ*** *ਭਗਤੁ* ***ਜੈਦੇਵ ਤ੍ਰਿਲੋਚਨ*** *॥*
*ਨਾਮਾ ਭਗਤੁ* ***ਕਬੀਰੁ*** *ਸਦਾ ਗਾਵਹਿ ਸਮਲੋਚਨ॥*
*ਭਗਤੁ* ***ਬੇਣਿ*** *ਗੁਣ ਰਵੈ ਸਹਜਿ ਆਤਮ ਰੰਗੁ ਮਾਣੈ॥*
*ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ॥*
***ਸੁਖਦੇਉ ਪਰੀਖਤੁ*** *ਗੁਣ ਰਵੈ* ***ਗੋਤਮ*** *ਰਿਖਿ ਜਸੁ ਗਾਇਓ॥*
*ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ੯॥*
*ਗੁਣ ਗਾਵਹਿ ਪਾਯਾਲਿ ਭਗਤ* ***ਨਾਗਾਦਿ*** *ਭੁਯੰਗਮ॥*
*ਮਹਾਦੇਉ ਗੁਣ ਰਵੈ ਸਦਾ ਜੋਗਿ ਜਤਿ ਜੰਗਮ॥*
*ਗੁਣ ਗਾਵੈ ਮੁਨਿ ਬਾਸੁ ਜਿਨਿ ਬੇਦ ਬਾਕਰਣ ਬੀਚਾਰਿਅ॥*

---

141 *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ,* ਪੰਨਾ-107.
142 ਜੋਨ ਡੋਸਨ, (ਅਨੁ.) ਰਾਜਿੰਦਰ ਸਿੰਘ ਸ਼ਾਸ਼ਤਰੀ, *ਹਿੰਦੂ ਮਿਥਿਹਾਸ ਕੋਸ਼,* ਪੰਨਾ-9.

*ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ॥*
*ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ॥*
*ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗ ਜਿਨਿ ਮਾਣਿਓ ੯॥*
*ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ॥*
*ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ॥*
*ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ॥*
***ਭਰਥਰਿ** ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ॥*
*ਦੂਰਬਾ ਪਰੂਰਉ ਅੰਗਰੈ ਗੁਰੂ ਨਾਨਕ ਜਸੁ ਗਾਇਓ॥*
*ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ॥੧੦॥*[143]

ਗੁਰੂ ਤੇਗ ਬਹਾਦਰ ਜੀ ਵੀ ਬੰਦਗੀ ਦੀ ਪ੍ਰੇਰਨਾ ਦਿੰਦੇ ਹੋਏ ਗਨਿਕਾ, ਧ੍ਰੂ, ਹਾਥੀ ਜਿਸਨੇ ਬਿਪਤਾ ਸਮੇਂ ਰੱਬ ਨੂੰ ਪੁਕਾਰਿਆ ਸੀ ਅਤੇ ਅਜਾਮਲ ਦੀਆਂ ਉਦਾਹਰਣਾਂ ਦਿੱਤੀਆਂ ਹਨ। ਮੂਲ ਪਾਠ ਇੰਝ ਹੈ:

*॥ਸੋਰਠਿ ਮਹਲਾ ੯॥ ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥ ਜਿਹ ਸਿਮਰਤ **ਗਨਕਾ** ਸੀ ਉਧਰੀ ਤਾ ਕੋ ਜਸੁ ਉਰ ਧਾਰੋ॥ ਰਹਾਉ॥ ਅਟਲ ਭਇਓ **ਧ੍ਰੂਅ** ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥ ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥ ਜਬ ਹੀ ਸਰਨਿ ਗਹੀ ਕਿਰਪਾ ਨਿਧਿ **ਗਜ** ਗਰਾਹ ਤੇ ਛੂਟਾ॥ ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥ **ਅਜਾਮਲ** ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥ ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥*[144]

## ਸਮਕਾਲੀ ਹਾਲਾਤ:

ਉਪਰੋਕਤ ਪੁਰਾਤਨ ਵਿਰਸੇ ਨੂੰ ਜਾਣਨ ਤੋਂ ਬਾਅਦ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਹਾਲਾਤਾਂ ਦਾ ਵਿਸ਼ਲੇਸ਼ਣ ਕਰਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਮਾਜ ਦੀਆਂ ਦੋ ਵੱਡੀਆਂ ਹਸਤੀਆਂ ਰਾਜੇ ਅਤੇ ਧਾਰਮਿਕ ਆਗੂਆਂ ਦੇ ਜੀਵਨ ਵਿਚ ਨਿਘਾਰ ਕਰਕੇ ਧਰਮ ਦੀ ਹਾਨੀ ਹੋ ਰਹੀ ਸੀ ਅਤੇ ਆਮ ਲੋਕ ਦੁਖੀ ਸੀ। ਧਰਮ ਖੰਭ ਲਾ ਕੇ ਉੱਡ ਗਿਆ ਸੀ, ਰਾਜੇ ਕਸਾਈ ਬਣ ਚੁੱਕੇ ਸਨ।

*ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ॥*
*ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*[145]

ਪਿਆਰਾ ਸਿੰਘ ਪਦਮ ਲਿਖਦੇ ਹਨ, "ਰਾਜਸੀ ਸਥਿਰਤਾ ਦਾ ਇਹ ਹਾਲ ਸੀ ਕਿ ਗਜ਼ਨਵੀਆਂ ਤੋਂ ਪਿੱਛੋਂ 1193 ਈ. ਤੋਂ 1526 ਈ. ਤੱਕ ਦਿੱਲੀ ਦੀ ਗੱਦੀ ਉਤੇ ਵੱਖੋ-ਵੱਖ ਖ਼ਾਨਦਾਨਾਂ ਦੇ 35 ਬਾਦਸ਼ਾਹ ਬੈਠੇ ਤੇ ਫਿਰ 20 ਮੁਗਲ ਬਾਦਸ਼ਾਹ ਵਾਰੀ-ਵਾਰੀ ਆਏ।"[146] ਰਾਜੇ ਪਰਜਾ ਦਾ ਬਾਹਰੋਂ ਸੋਸ਼ਣ ਕਰ ਰਹੇ ਸਨ ਅਤੇ ਧਾਰਮਿਕ ਆਗੂ ਉਸਨੂੰ ਜਾਤ-ਪਾਤ, ਵਰਣ ਵੰਡ ਅਤੇ ਝੂਠੀਆਂ ਗਵਾਹੀਆਂ ਨਾਲ ਅੰਦਰੂਨੀ ਤੌਰ ਤੇ

---

143 *ਸਵਈਏ ਮ : ੧, ਪਹਲੇ ਕੇ,* 1390.
144 ਸੋਰਠਿ ਮ: ੯, 632.
145 ਸਲੋਕ ਮ: ੧, 145.
146 *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨਾ-200.

ਜਰਜਰਾ ਕਰ ਰਹੇ ਸਨ। ਸਿੱਟੇ ਵੱਜੋਂ ਅਧਰਮ ਦਾ ਬੋਲ ਬਾਲਾ ਸੀ। ਅਜਿਹੇ ਸਮੇਂ ਅਕਾਲਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ 'ਤੇ ਭੇਜਿਆ। ਆਪ ਜੀ ਨੇ ਸਮਸਤ ਲੋਕਾਈ ਨੂੰ ਸੋਧਣ ਭਾਵ ਸੁਚਾਰੂ ਢੰਗ ਨਾਲ ਚਲਾਉਣ ਦਾ ਬੀੜਾ ਚੁੱਕਿਆ। ਭਾਈ ਗੁਰਦਾਸ ਜੀ ਦਾ ਕਥਨ ਹੈ:

*ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।*
*ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।*
*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ। ਚੜਿਆ ਸੋਧਣਿ ਧਰਤਿ ਲੁਕਾਈ।*[147]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪਤਾ ਨਹੀਂ ਕਿੰਨੇ ਕੁ ਮਤ ਮਤਾਂਤਰ ਬਣ ਚੁੱਕੇ ਸਨ। ਜੋਗੀਆਂ ਦੇ ਬਾਰ੍ਹਾਂ ਫਿਰਕੇ ਸਨ, ਸੰਨਿਆਸੀਆਂ ਦੇ ਦਸ ਫਿਰਕੇ ਅਤੇ ਛੇ ਦਰਸ਼ਨਾਂ ਦੀ ਸਿੱਖਿਆ ਵੀ ਚੱਲ ਰਹੀਂ ਸੀ ਪਰੰਤੂ ਸਭ ਭਰਮ ਵਿਚ ਖੁਆਰ ਸਨ। ਲੋਕਾਈ ਉਲਝੀ ਪਈ ਸੀ। ਅਜਿਹੀ ਹਾਲਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੱਕਿਆ ਅਤੇ ਅਕਾਲਪੁਰਖ ਦੇ ਹੁਕਮ ਨਾਲ ਉਸਨੂੰ ਸੁਧਾਰਨ ਦਾ ਬੀੜਾ ਚੁੱਕਿਆ ਭਾਈ ਗੁਰਦਾਸ ਜੀ ਦਾ ਕਥਨ ਹੈ:

*ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।*
*ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।*
*ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।*
*ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।*
*ਖਟੁ ਦਰਸਨ ਬਹੁ ਵੈਰਿ ਕਰਿ ਨਾਲ ਛਤੀਸਿ ਪਖੰਡ ਰਲਾਏ।*
*ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।*
*ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪੀ ਘਣੇ ਦਿਖਾਏ ਕਲਿਜੁਗਿ ਅੰਦਰਿ ਭਰਮਿ ਭੁਲਾਏ।*[148]

ਭਾਈ ਸਾਹਿਬ ਦੱਸਦੇ ਹਨ ਕਿ ਹਿੰਦੂ ਮੁਸਲਾਮਾਨਾਂ ਦੀ ਧਰਮ ਦੇ ਨਾਂ 'ਤੇ ਟੱਕਰ ਵੀ ਸੀ :

*ਚਾਰਿ ਵਰਨਿ ਚਾਰਿ ਮਜਹਬਾ ਜਗਿ ਵਿਚਿ ਹਿੰਦੂ ਮੁਸਲਮਾਣੇ।*
*ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।*
*ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।*
*ਸੁੰਨਤਿ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ।*
*ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।*
*ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।*
*ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।*
*ਸਿਰੋ ਨ ਮਿਟੇ ਆਵਣਿ ਜਾਣੇ।*[149]

ਇਨ੍ਹਾਂ ਹਾਲਾਤਾਂ ਬਾਰੇ ਮਾਸਟਰ ਮਹਿਤਾਬ ਸਿੰਘ ਲਿਖਦੇ ਹਨ,"ਹਿੰਦ ਦੀ ਹਾਲਤ ਯੂਰਪ ਨਾਲੋਂ ਇਸ ਪਹਿਲੂ ਵਿਚ ਨਿਰਾਲੀ ਸੀ, ਕਿਉਂਕਿ ਇਥੇ ਧਾਰਮਿਕ ਖਿਆਲਾਂ ਜਾਂ ਧਾਰਮਿਕ ਫਿਲਾਸਫੀ ਦਾ ਘਾਟਾ

---

147 *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ 1/24.
148 *ਉਹੀ*, ਵਾਰ/ਪਉੜੀ 1/19.
149 *ਉਹੀ*, ਵਾਰ/ਪਉੜੀ 1/21.

ਨਹੀਂ ਸੀ, ਸਗੋਂ ਖਰਾਬੀ ਤਾਂ ਇਹ ਸੀ ਕਿ ਲੋਕੀ ਬਾਹਰੋਂ ਧਰਮ ਧਰਮ ਕੂਕਦੇ ਸਨ, ਕਥਨੀ ਬਹੁਤ ਜ਼ਿਆਦਾ ਸੀ, ਪਰ ਕਰਣੀ ਉੱਕੀ ਹੀ ਨਹੀਂ ਸੀ।ਜੋ ਉੱਚੇ ਗੁਣ, ਜ਼ਿੰਦਗੀ ਨੂੰ ਚਮਕਦੀ ਜ਼ਿੰਦਗੀ ਬਣਾਈ ਰੱਖਦੇ ਹਨ।ਉਹ ਨਾਸ ਹੋ ਚੁੱਕੇ ਸਨ।"[150] ਗੁਰੂ ਸਾਹਿਬ ਨੇ ਸੱਚੇ ਆਚਾਰ 'ਤੇ ਬਲ ਦਿੱਤਾ। ਹਿੰਦੂ ਮੁਸਲਿਮ ਝਗੜੇ ਵੱਧ ਰਹੇ ਸਨ। ਵੇਈਂ ਪ੍ਰਵੇਸ਼ ਤੋਂ ਬਾਅਦ ਉਨ੍ਹਾਂ 'ਨਾ ਕੋਈ ਹਿੰਦੂ ਨ ਮੁਸਲਮਾਨ' ਦਾ ਸੁਨੇਹਾ ਦਿੱਤਾ। ਅਜਿਹਾ ਹੀ ਕਥਨ ਮੱਕੇ ਵਿਚ ਮਿਲਦਾ ਹੈ ਕਿ 'ਸ਼ੁਭ ਅਮਲਾ ਬਾਝਹੁ ਦੋਨੋ ਰੋਈ' ਦੋਹਾਂ ਵਾਕਾਂ ਦੇ ਦੋ ਮੂਲ ਅਰਥ ਇਹ ਹਨ ਕਿ ਹਿੰਦੂ ਅਤੇ ਮੁਸਲਮਾਨਾਂ ਨੂੰ ਪੈਦਾ ਕਰਨ ਵਾਲਾ ਇੱਕ ਹੈ। ਆਪਸੀ ਝਗੜਿਆਂ ਦੀ ਕੋਈ ਗੁੰਜਾਇਸ਼ ਨਹੀਂ ਹੈ। ਦੂਜਾ ਅਰਥ ਹੈ ਕਿ ਹਿੰਦੂ ਅਤੇ ਮੁਸਲਮਾਨ ਕੇਵਲ ਕਹਿਣ ਮਾਤਰ ਰਹਿ ਗਏ ਹਨ। ਉਹ ਅੰਦਰੋਂ ਬਿਲਕੁੱਲ ਖਾਲੀ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸਨਮੁਖ ਮੁੱਢਲੀ ਔਕੜ ਬਾਰੇ ਦਵਿੰਦਰ ਸਿੰਘ ਵਿਦਿਆਰਥੀ ਟਿੱਪਣੀ ਕਰਦੇ ਹਨ:

> ਗੁਰੂ ਨਾਨਕ ਕਾਲ ਦੀ ਸਭ ਤੋਂ ਵੱਡੀ ਗੁੰਝਲ ਹਿੰਦੂ ਮੁਸਲਿਮ ਏਕਤਾ ਦੀ ਗੁੰਝਲ ਸੀ। ਮੁਸਲਮਾਨ ਜਨਤਾ ਦਾ ਇੱਕ ਵੱਡਾ ਭਾਗ ਭਾਰਤੀ ਮੂਲ ਦਾ ਹੁੰਦੇ ਹੋਏ ਵੀ ਭਾਰਤੀ ਲੋਕਾਂ ਨਾਲ ਆਪਣੇ ਆਪ ਨੂੰ ਇੱਕ-ਮਿੱਕ ਕਰ ਸਕਣ ਵਿੱਚ ਅਸਮਰੱਥ ਸੀ। ਉਹ ਫਿੱਟਿਆ ਹੋਇਆ ਦੁੱਧ ਸੀ ਜੋ ਮੁੜ ਕੇ ਦੁੱਧ ਨਹੀਂ ਬਣ ਸਕਦਾ ਸੀ ਹੋਰ ਚਾਹੇ ਕੁਝ ਹੋਰ ਬਣ ਜਾਂਦਾ। ਗੁਰੂ ਨਾਨਕ ਦਾ ਯੁੱਗ ਇਸ ਗੱਲ ਬਾਰੇ ਸਪੱਸ਼ਟ ਸੀ। ਗੁਰੂ ਨਾਨਕ ਦਾ ਅਣਥੱਕ ਯਤਨ ਦੋਹਾਂ ਵਿਚਲੀਆਂ ਵਿੱਥਾਂ ਦੂਰ ਕਰਨ ਦਾ ਸੀ। ਜੇਕਰ ਇਹ ਦੋਵੇਂ ਭਾਈਚਾਰੇ ਇੱਕ ਹੋਣੇ ਸੰਭਵ ਨਹੀਂ ਤਾਂ ਘੱਟੋ-ਘੱਟ ਆਮੋ-ਸਾਹਮਣੇ ਟਕਰਾਉਂਦੇ ਰਹਿਣ ਦੀ ਥਾਂ, ਇੱਕ ਪੈਂਡੇ ਉੱਤੇ ਚਲਦੇ ਦੋ ਰਾਹੀਆਂ ਵਾਂਗ ਸਮਾਨਾਂ ਤਰ ਰਹਿ ਕੇ ਅੱਗੇ ਵਧਣ ਵਿੱਚ ਤਾਂ ਕੋਈ ਹਰਜ ਨਹੀਂ ਸੀ।[151]

ਦਸ ਗੁਰੂ ਸਾਹਿਬ ਦਾ ਕਾਲ 1469 ਈਂ ਤੋਂ 1708 ਈਂ ਤੱਕ 239 ਸਾਲ ਹੈ। ਇਸ ਵਿੱਚ ਗੁਰੂ ਜੀ ਨੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਾਲਾਤਾਂ ਨੂੰ ਗਹੁ ਨਾਲ ਘੋਖਿਆ ਅਤੇ ਲੋਕਾਈ ਨੂੰ ਸਤਮਾਰਗ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦਾ ਆਗਮਨ ਅਕਾਲਪੁਰਖ ਦੇ ਹੁਕਮ ਨਾਲ ਹੋਇਆ ਸੀ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਦੌਰਾਨ ਮੁਖ ਰੂਪ ਵਿਚ ਦੋ ਹਸਤੀਆਂ ਨਾਲ ਸੰਵਾਦ ਰਚਾਇਆ। ਇਹ ਹਨ, ਧਾਰਮਿਕ ਆਗੂ ਅਤੇ ਰਾਜੇ। ਧਾਰਮਿਕ ਆਗੂਆਂ ਵਿਚ ਜੋਗੀ, ਕਾਜ਼ੀ ਅਤੇ ਬ੍ਰਾਹਮਣ ਉਸ ਸਮੇਂ ਧਰਮ ਦੀ ਪੈਰਵੀ ਕਰ ਰਹੇ ਸਨ। ਉਹ ਲੋਕਾਈ ਨੂੰ ਧਰਮ ਦੀ ਸਿੱਖਿਆ ਦਿਆਂ ਕਰਦੇ ਸਨ। ਉਹਨਾਂ ਦੀ ਸਿੱਖਿਆ ਨੇ ਲੋਕਾਂ ਦੀ ਮਾਨਸਿਕਤਾ ਵਿਚ ਡਰ, ਵਹਿਮ, ਮੇਰ-ਤੇਰ ਨੂੰ ਵੱਡੇ ਰੂਪ ਵਿੱਚ ਪ੍ਰਗਟ ਕੀਤਾ ਸੀ। ਜਾਤ ਪ੍ਰਥਾ, ਸਤੀ ਪ੍ਰਥਾ, ਵਿਧਵਾ ਵਿਆਹ ਅਜਿਹੀਆਂ ਸਮਾਜਿਕ ਕੁਰੀਤੀਆਂ ਸਨ ਜਿਨ੍ਹਾਂ ਦਾ ਸਮਾਧਾਨ ਰਾਜਸੀ ਅਤੇ ਧਾਰਮਿਕ ਆਗੂਆਂ ਨੇ ਕਰਨਾ ਸੀ ਪਰ ਉਹ ਆਪਣੇ ਨਿੱਜੀ ਹਿੱਤਾਂ ਕਰਕੇ ਇਨ੍ਹਾਂ ਕੁਰੀਤੀਆਂ ਦਾ ਫਾਇਦਾ ਲੈ ਰਹੇ ਸਨ। ਲੋਕਾਈ ਦਾ ਮਨੋਬਲ ਏਥੇ ਤੱਕ ਗਿਰ ਚੁੱਕਾ ਸੀ ਕਿ ਧਰਮ ਅਸਥਾਨ ਧਨ ਦੇ ਅਤੇ ਵੇਸ਼ਵਾਵਾਂ ਦੇ ਟਿਕਾਣੇ ਬਣ ਗਏ ਸਨ। ਸੰਤ ਸਿੰਘ ਮਸਕੀਨ ਅਨੁਸਾਰ:

---

150 ਮਾਸਟਰ ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਪੰਨਾ-17.
151 ਦਵਿੰਦਰ ਸਿੰਘ ਵਿਦਿਆਰਥੀ, *(ਉ.ਰ),* ਪੰਨਾ-59.

ਮੰਦਿਰ ਦੇਵਦਾਸੀਆਂ ਦੇ ਅਖਾੜੇ ਬਣ ਗਏ। ਮੰਦਿਰ ਵਿਚ ਮਾਸ ਅਤੇ ਸ਼ਰਾਬ ਆਮ ਚੱਲਣ ਲੱਗ ਪਿਆ ਔਰ ਜੋ ਥੋੜੇ ਰੂਪ ਵਿਚ ਅਜੇ ਵੀ ਮੌਜੂਦ ਹੈ। ਕਾਲੀ ਦਾ ਮੰਦਿਰ, ਕੁਮੁਖਿਆ ਦੇਵੀ ਦਾ ਮੰਦਿਰ, ਉਜੈਨ ਵਿਚ ਭੈਰਉ ਕਾਲ ਦਾ ਮੰਦਿਰ। ਇਸ ਮੰਦਿਰ ਵਿਚ ਅੱਜ ਵੀ ਸ਼ਰਾਬ ਦਾ ਪ੍ਰਸ਼ਾਦ ਹੈ ਔਰ ਸ਼ਰਾਬ ਚੜ੍ਹਾਈ ਜਾਂਦੀ ਹੈ। ਕੁਮਖਿਆ ਦੇਵੀ ਗੋਹਾਟੀ ਦਾ ਮੰਦਿਰ, ਕਾਲੀ ਦਾ ਮੰਦਿਰ ਕਲਕੱਤੇ ਦਾ, ਦਿਨ ਭਰ ਮਾਸ ਦਾ ਪ੍ਰਸ਼ਾਦ ਹੈ ਔਰ ਸਵੇਰੇ-ਸਵੇਰੇ ਸੰਢੇ, ਬੱਕਰੇ ਵੱਡ ਕੇ ਖ਼ੂਨ ਦੇ ਤਿਲਕ ਨਾਲ ਹੀ ਦੁਆਰ ਖੁੱਲਦੇ ਨੇ। ਦੇਵਦਾਸੀਆਂ ਦੇ ਅਖਾੜੇ ਬਣ ਗਏ ਮੰਦਿਰ। ਧਰਮ ਦੇ ਨਾਮ 'ਤੇ ਵੈਸ਼ਿਆਲੇ ਬਣ ਗਏ ਮੰਦਿਰ। ਧਰਮ ਦੇ ਨਾਮ 'ਤੇ ਸ਼ਰਾਬ, ਕਬਾਬ ਦੇ ਅਖਾੜੇ ਬਣ ਗਏ ਮੰਦਿਰ। ਉਂਗਲ ਵੀ ਨਹੀਂ ਉੱਠ ਸਕਦੀ ਸੀ ਕਿਉਂਕਿ ਸਭ ਕੁੱਝ ਧਰਮ ਦੇ ਨਾਮ 'ਤੇ ਹੁੰਦਾ ਸੀ। ਰਾਮ ਦੇ ਮੰਦਿਰ, ਕਾਮ ਦੇ ਮੰਦਿਰ ਬਣ ਗਏ। ਸਦਾਚਾਰ ਦੇ ਮੰਦਿਰ, ਦੁਰਾਚਾਰ ਦੇ ਮੰਦਿਰ ਬਣ ਗਏ। ਈਸ਼ਵਰ, ਨਾਮ ਇਬਾਦਤ ਔਰ ਉੱਚ ਇਖਲਾਕ ਦੀ ਥਾਂ ਦੁਰਚਾਰ ਆ ਗਿਆ। ਵਿਦੇਸ਼ੀਆਂ ਦੇ ਮੂੰਹ ਵਿਚ ਵੀ ਪਾਣੀ ਆ ਗਿਆ। ਦੇਸ਼ ਦੀ ਸਾਰੀ ਦੌਲਤ, ਦੇਸ਼ ਦਾ ਸਾਰਾ ਹੁਸਨ ਸਭ ਮੰਦਿਰਾਂ ਦੇ ਵਿਚ ਹੀ ਸੀ। ਸਭ ਕੁੱਝ ਨੂੰ ਛੱਡ ਕੇ ਉਹ ਮੰਦਿਰ ਹੀ ਲੁੱਟਦੇ ਰਹੇ ਔਰ ਮੰਦਿਰਾਂ ਦੇ ਵਿਚੋਂ ਉਨ੍ਹਾਂ ਨੂੰ ਸੋਨੇ ਦੀਆਂ ਮੂਰਤੀਆਂ, ਹੀਰੇ, ਜਵਾਹਰਾਤ ਪ੍ਰਾਪਤ ਹੋਏ। ਦੇਵਦਾਸੀਆਂ ਦੇ ਰੂਪ ਵਿਚ ਹਿੰਦੁਸਤਾਨ ਦੀ ਅਸਮਤ ਪ੍ਰਾਪਤ ਹੋਈ।[152]

**ਭਗਤੀ ਦੀ ਜਾਗ**

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਧਰਮ ਦੇ ਪ੍ਰਵਰਤਕਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆਂ ਜਾ ਸਕਦਾ ਹੈ:

1. ਵੇਦਾਂ ਦੇ ਹਿਤੂ 2. ਵੇਦਾਂ ਦੇ ਵਿਰੁੱਧ 3. ਸੁਤੰਤਰ ਵਿਚਾਰਧਾਰਾ

ਵੇਦਾਂ ਦੇ ਹਿਤੂਆਂ ਨੂੰ ਆਰੀਆ, ਵੈਦਿਕ ਅਤੇ ਬ੍ਰਾਹਮਣ ਕਿਹਾ ਜਾਂਦਾ ਹੈ। ਵੇਦਾਂ ਦੇ ਵਿਰੋਧੀਆਂ ਨੂੰ ਅਨਆਰੀਆ, ਅਵੈਦਿਕ ਅਤੇ ਸ਼੍ਰਮਣ ਕਿਹਾ ਜਾਂਦਾ ਹੈ। ਇਸ ਲੜੀ ਵਿੱਚ ਜੈਨ ਧਰਮ ਅਤੇ ਬੁੱਧ ਧਰਮ ਆਉਂਦੇ ਹਨ। ਸੁਤੰਤਰ ਵਿਚਾਰਧਾਰਾ ਵਾਲੇ ਉਹ ਭਗਤ ਹਨ ਜਿਨ੍ਹਾਂ ਵੇਦਾਂ ਦੇ ਕਰਮਕਾਂਡ ਅਤੇ ਕਠਿਨ ਸਾਧਨਾਵਾਂ ਨੂੰ ਤਿਲਾਂਜਲੀ ਦਿੱਤੀ ਉਨ੍ਹਾਂ ਵਿੱਚ ਦੱਖਣ ਭਾਰਤ ਦਾ ਭਗਤੀ ਅੰਦੋਲਨ ਆ ਜਾਂਦਾ ਹੈ। ਸੁਤੰਤਰ ਵਿਚਾਰਧਾਰਾ ਵਾਲੇ ਸਾਧਕਾਂ ਨੂੰ ਭਗਤੀ ਲਹਿਰ ਦੇ ਅਲੰਬਰਦਾਰ ਕਿਹਾ ਜਾਂਦਾ ਹੈ। ਕਈ ਚਿੰਤਕ ਇਨ੍ਹਾਂ ਨੂੰ ਇਸਲਾਮ ਅਤੇ ਇਸਾਈ ਧਰਮ ਦੇ ਵੱਧਦੇ ਪ੍ਰਭਾਵ ਕਰਕੇ ਉਤਪੰਨ ਹੋਈ ਲਹਿਰ ਆਖਦੇ ਹਨ ਜੋ ਠੀਕ ਨਹੀਂ ਹੈ। ਇਕ ਦੋਹਾ ਹੈ:

*ਭਗਤੀ ਦ੍ਰਾਵਿੜ ਉਪਜੀ, ਉਤਰ ਰਾਮਾਨੰਦ, ਪਰਗਟ ਕੀਉ ਕਬੀਰ ਨੇ ਸਪਤ ਦੀਪ ਨਵਖੰਡ।*
ਭਾਵ ਭਗਤੀ ਲਹਿਰ ਦ੍ਰਾਵਿੜ (ਦੱਖਣ) ਵਿੱਚ ਪੈਦਾ ਹੋਈ। ਰਾਮਾਨੰਦ ਉਸਨੂੰ ਉਤਰ ਵੱਲ ਲਿਆਇਆ ਅਤੇ ਕਬੀਰ ਨੇ ਇਸ ਨੌ ਖੰਡਾਂ ਭਾਵ ਸਾਰੇ ਸੰਸਾਰ ਵਿਚ ਫੈਲਾ ਦਿੱਤਾ। ਇਸ ਭਗਤੀ ਮਾਰਗ ਦੇ ਮੁੱਖ ਸਿਧਾਂਤ ਇਹ ਸਨ: 1. ਪ੍ਰਭੂ ਭਗਤੀ, 2. ਗੁਰੂ ਭਗਤੀ, 3. ਆਤਮ ਸਮਰਪਣ, 4. ਮਨੁੱਖੀ ਭਾਈਚਾਰੇ ਦੀ ਬਰਾਬਰੀ ਜਾਤ ਪਾਤ ਤੇ ਊਚਨੀਚ ਦੇ ਵਤੀਰੇ ਦਾ ਖੰਡਨ, 5. ਮੂਰਤੀ ਪੂਜਾ ਦੀ ਨਿਖੇਧੀ, 6. ਫੋਕੇ ਕਰਮ ਕਾਂਡ ਤੇ ਰਹੁ ਰੀਤਾਂ ਦਾ ਤਿਆਗ, 7. ਸਿਮਰਨ ਉੱਤੇ ਜ਼ੋਰ, 8. ਕੋਈ ਭਾਸ਼ਾ ਦੇਵਬਾਣੀ ਨਹੀਂ ਸਭ ਬੋਲੀਆਂ ਪਵਿੱਤਰ ਹਨ।[153]

---

[152] ਗਿਆਨੀ ਸੰਤ ਸਿੰਘ ਮਸਕੀਨ, *ਪੰਜ ਵਿਕਾਰ ਤੇ ਚਾਰ ਯੁੱਗ,* ਸਿੰਘ ਬ੍ਰਦਰਜ਼, ਪੰਨਾ-116.

[153] ਮੋਹਨ ਸਿੰਘ, "ਪੰਜਾਬੀ ਸਾਹਿਤ", *ਪੰਜਾਬ,* ਮਹਿੰਦਰ ਸਿੰਘ ਰੰਧਾਵਾ (ਸੰਪਾ.) ਪੰਨੇ-483-84.

ਭਗਤੀ ਲਹਿਰ ਦੀਆਂ ਦੋ ਸ਼ਾਖਾਵਾਂ ਬਣ ਗਈਆਂ ਸਨ- ਗਿਆਨ ਮਾਰਗ ਵਾਲੇ ਅਤੇ ਪ੍ਰੇਮ ਮਾਰਗ ਵਾਲੇ। ਗਿਆਨ ਮਾਰਗ ਵਾਲੇ ਦੱਖਣ ਭਾਰਤ ਤੱਕ ਸੀਮਤ ਸਨ। ਉਨ੍ਹਾਂ ਦੇ ਮੁਖ ਆਚਾਰਯ ਅਤੇ ਸਿਧਾਂਤ ਹੇਠ ਲਿਖੇ ਅਨੁਸਾਰ ਹਨ:

| | | |
|---|---|---|
| 1. ਸ਼ੰਕਰ (788 ਈ.) | ਸਾਰੀਰਕ ਭਾਸ਼ਯ | ਅਦਵੈਤਵਾਦ |
| 2. ਭਾਸਕਰ (1000 ਈ.) | ਭਾਸਕਰ ਭਾਸ਼ਯ | ਭੇਦਾਭੇਦਵਾਦ |
| 3. ਰਾਮਾਨੁਜ (1140 ਈ.) | ਸ੍ਰੀ ਭਾਸ਼ਯ | ਵਿਸ਼ਿਸ਼ਟਾਦਵੈਤਵਾਦ |
| 4. ਮਾਧਵ (1238 ਈ.) | ਪੂਰਣ ਪ੍ਰਗਯ | ਦਵੈਤਵਾਦ |
| 5. ਨਿੰਬਾਰਕ (1240 ਈ.) | ਵੇਦਾਂਤ ਪਾਰਿਜਾਤ | ਦਵੈਤਾਦਵੈਤਵਾਦ |
| 6. ਸ੍ਰੀ ਕੰਠ (1270 ਈ.) | ਸ਼ੈਵ ਭਾਸ਼ਯ | ਸ਼ੈਵ ਵਿਸ਼ਿਸ਼ਟਾਦਵੈਤਵਾਦ |
| 7. ਵੱਲਭਚਾਰਯ (1500 ਈ.) | ਅਣੁ ਭਾਸ਼ਯ | ਸ਼ੁੱਧਾਦਵੈਤਵਾਦ |
| 8. ਵਿਗਿਆਨ ਭਿਖਛੂ (1600 ਈ.) | ਵਿਗਿਆਨਮ੍ਰਿਤ | ਅਵਿਧਮਾਦਵੈਤ[154] |

ਸ੍ਰੀ ਗੁਰੂ ਨਾਨਕ ਸਾਹਿਬ ਨੇ ਸੁਤੰਤਰ ਵਿਚਾਰਧਾਰਾ ਵਾਲੇ ਭਗਤਾਂ ਤੱਕ ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਪਹੁੰਚ ਕੀਤੀ। ਧਰਮ ਦੇ ਨਾਂ 'ਤੇ ਝੂਠ ਪਸਰਿਆ ਪਿਆ ਸੀ। ਰਾਜੇ, ਧਾਰਮਿਕ ਆਗੂ, ਧਰਮ ਅਸਥਾਨ ਬੁਰੀ ਤਰ੍ਹਾਂ ਗ਼ਫਲਤ ਦਾ ਸ਼ਿਕਾਰ ਸਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਭਗਤ ਸਾਹਿਬਾਨਾਂ ਨੇ ਅਜਿਹੇ ਮਾਹੌਲ ਵਿੱਚ ਵੀ ਸੱਚਾਈ ਦਾ ਚਿਰਾਗ ਜਗਾਣ ਦੀ ਹਿੰਮਤ ਕੀਤੀ ਸੀ। ਉਨ੍ਹਾਂ ਨੇ ਜ਼ੁਲਮੀ ਰਾਜਿਆਂ, ਝੂਠੇ ਧਾਰਮਿਕ ਆਗੂਆਂ ਦਾ ਅਤੇ ਸਮਾਜਿਕ ਕੁਰੀਤੀਆਂ ਦਾ ਵਿਰੋਧ ਕੀਤਾ। ਗੁਰੂ ਨਾਨਕ ਕਾਲ ਤੋਂ ਪਹਿਲਾਂ ਭਗਤ ਕਬੀਰ, ਰਵਿਦਾਸ, ਨਾਮਦੇਵ ਆਦਿਕ ਅਜਿਹੇ ਭਗਤ ਸਾਹਿਬਾਨ ਹਨ ਜਿਨ੍ਹਾਂ ਦੀਆਂ ਰਚਨਾਵਾਂ ਵਿਚ ਜਾਤ-ਪਾਤ, ਵਰਣਵੰਡ ਦੇ ਦੁਖਾਂਤ ਨੂੰ ਸਾਫ਼ ਚਿਤਰਿਆ ਪਿਆ ਹੈ। ਭਗਤ ਨਾਮਦੇਵ ਜੀ (1270 ਤੋਂ 1350 ਈ.) ਮੁਹੰਮਦ ਤੁਗਲਕ ਦੇ ਸਮਕਾਲੀ ਸਨ। ਆਪ ਜੀ ਹਿੰਦੂ ਧਰਮ ਵਿਚ ਪੈਦਾ ਹੋਏ ਸਨ। ਮੁਹੰਮਦ ਤੁਗਲਕ ਨੇ ਨਾਮਦੇਵ ਜੀ ਨੂੰ ਕੈਦ ਕਰ ਲਿਆ। ਨਾਮਦੇਵ ਜੀ ਦੀ ਮਾਤਾ ਨੇ ਨਾਮਦੇਵ ਨੂੰ ਕਿਹਾ ਕਿ ਜੇਕਰ ਖੁਦਾ ਕਹਿਣ ਨਾਲ ਤੇਰੀ ਜਾਨ ਬਚਦੀ ਹੈ ਤਾਂ ਤੂੰ ਖੁਦਾ ਕਹਿ। ਨਾਮਦੇਵ ਜੀ ਨੇ ਕਿਹਾ ਕਿ ਗੱਲ ਰਾਮ ਨਾ ਕਹਿਣ ਅਤੇ ਖੁਦਾ ਕਹਿਣ ਦੀ ਨਹੀਂ ਹੈ। ਮੈਨੂੰ ਪਤਾ ਹੈ ਕਿ ਰਾਮ ਅਤੇ ਖੁਦਾ ਵਿਚ ਕੋਈ ਅੰਤਰ ਨਹੀਂ ਪਰ ਬਾਦਸ਼ਾਹ ਨੂੰ ਦੱਸਣ ਲਈ ਕਿ ਰੱਬ ਇੱਕ ਹੈ, ਮੈਨੂੰ ਰਾਮ ਕਹਿਣਾ ਹੀ ਪਵੇਗਾ। ਜੇਕਰ ਤੂੰ ਮੈਨੂੰ ਮਜਬੂਰ ਕਰਦੀ ਹੈ ਤਾਂ ਅੱਜ ਤੋਂ ਨਾ ਤੂੰ ਮੇਰੀ ਮਾਂ ਹੈ ਅਤੇ ਨਾ ਮੈਂ ਤੇਰਾ ਪੁੱਤਰ ਹਾਂ:

*ਰੁਦਨੁ ਕਰੈ ਨਾਮੇ ਕੀ ਮਾਇ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥*
*ਨਾ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥*[155]

ਇਹ ਵਾਕ ਆਪਣੇ ਆਪ ਵਿੱਚ ਨਵੀਂ ਊਰਜਾ ਨੂੰ ਸੰਚਾਰਿਤ ਕਰਦਾ ਹੈ। ਧਰਮ ਦੇ ਮਾਮਲੇ ਵਿਚ ਰਿਸ਼ਤੇ/ਨਾਤੇ ਟੁੱਟਦੇ ਹਨ ਤਾਂ ਟੁੱਟਣ ਪਰ ਧਰਮ ਦੀ ਸਹੀ ਦਿੱਖ ਪ੍ਰਗਟ ਹੋਣੀ ਹੀ ਚਾਹੀਦੀ ਹੈ। ਦੂਜਾ ਵਾਕ

[154] ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨਾ-37.
[155] ਰਾਗ ਭੈਰਉ, ਨਾਮਦੇਵ, 1165.

ਆਪ ਜੀ ਦੀ ਰਚਨਾ ਵਿਚ ਇਹ ਹੈ ਕਿ ਹਿੰਦੂ ਕੇਵਲ ਬੰਦਗੀ ਨੂੰ ਮੰਦਿਰ ਤੱਕ ਅਤੇ ਮੁਸਲਮਾਨ ਕੇਵਲ ਮਸੀਤ ਤੱਕ ਸਮਝਦਾ ਹੈ ਪ੍ਰੰਤੂ ਨਾਮਦੇਵ ਉਸਦੀ ਬੰਦਗੀ ਕਰਦਾ ਹੈ ਜੋ ਮੰਦਿਰ ਅਤੇ ਮਸੀਤ ਵਿਚ ਨਹੀਂ ਹੈ। ਇਥੇ ਭਾਵ ਇਹ ਸੀ ਕਿ ਧਾਰਮਿਕ ਆਗੂਆਂ ਦਾ ਜੀਵਨ ਇਸ ਕਦਰ ਭ੍ਰਿਸ਼ਟ ਹੋ ਚੁੱਕਾ ਹੈ ਕਿ ਰੱਬ ਵੀ ਮੰਦਿਰ ਅਤੇ ਮਸੀਤ ਵਿਚੋਂ ਚਲਾ ਗਿਆ ਹੈ। ਨਾਮਦੇਵ ਜੀ ਨੇ ਹਿੰਦੂਆਂ ਨੂੰ ਅੰਨ੍ਹੇ ਅਤੇ ਮੁਸਲਮਾਨਾਂ ਨੂੰ ਕਾਣੇ ਕਿਹਾ ਹੈ। ਅਸੀਂ ਜਾਣਦੇ ਹਾਂ ਕਿ ਕਾਣਾ, ਅੰਨ੍ਹੇ ਨਾਲੋਂ ਚੰਗਾ ਹੁੰਦਾ ਹੈ। ਜਿਥੇ ਅੰਨ੍ਹੇ ਨੂੰ ਚੱਲਣ ਲਈ ਕੋਈ ਲਾਠੀ ਜਾਂ ਕਿਸੇ ਵਿਅਕਤੀ ਦਾ ਸਹਾਰਾ ਚਾਹੀਦਾ ਹੈ, ਉੱਥੇ ਕਾਣਾ ਬਿਨ੍ਹਾਂ ਸਹਾਰੇ ਤੋਂ ਚੱਲ ਸਕਦਾ ਹੈ। ਇਨ੍ਹਾਂ ਸ਼ਬਦਾਂ ਦੇ ਪਿੱਛੇ ਦੀ ਸੱਚਾਈ ਇਹ ਸੀ ਕਿ ਹਿੰਦੂ ਧਰਮ ਵਿੱਚ ਜਾਤ-ਪਾਤ, ਵਰਣਵੰਡ ਇਸ ਕਦਰ ਹਾਵੀ ਹੋ ਚੁੱਕੀ ਹੈ ਕਿ ਲੋਕਾਂ ਵਿਚ ਦਇਆ ਖਤਮ ਹੋ ਗਈ ਹੈ। ਇਹ ਅਗਿਆਨੀ ਰੂਪੀ ਅੰਨ੍ਹੇ ਹਨ। ਮੁਸਲਮਾਨ ਵੀ ਇਸ ਸ਼੍ਰੇਣੀ ਵਿਚ ਹੀ ਹਨ ਪ੍ਰੰਤੂ ਉਨ੍ਹਾਂ ਵਿਚ ਇਕ ਵਾਧਾ ਇਹ ਹੈ ਕਿ ਅਜੇ ਉਨ੍ਹਾਂ ਦਾ ਇਹ ਵਿਸ਼ਵਾਸ ਜਿਊਂਦਾ ਹੈ ਕਿ ਰੱਬ ਇੱਕ ਹੈ:

*ਹਿੰਦੂ ਅੰਨਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥*
*ਹਿੰਦੂ ਪੂਜੈ ਦੇਹੁਰਾ ਮੁਸਲਮਾਨ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥*[156]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਫਰਮਾਉਂਦੇ ਹਨ ਕਿ ਧਰਮ ਦੇ ਨਾਂ 'ਤੇ ਲੋਕ ਡਰਦੇ ਸਨ। ਮੁਸਲਮਾਨ ਸ਼ਾਸ਼ਕਾਂ ਦਾ ਰਾਜ ਸੀ। ਲੋਕ ਜਦੋਂ ਬਾਹਰ ਆਉਂਦੇ ਤਾਂ ਕਹਿੰਦੇ ਅਸੀਂ ਕਤੇਬ (ਸਾਮੀ ਪੁਸਤਕਾਂ) ਪੜ੍ਹਦੇ ਹਾਂ ਪਰ ਘਰ ਅੰਦਰ ਲੁਕ-ਲੁਕ ਕੇ ਪੂਜਾ ਕਰਦੇ ਸਨ। ਉਹ ਦੋ ਤਰ੍ਹਾਂ ਦਾ ਜੀਵਨ ਜਿਊਂਦੇ ਸਨ:

*ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥* [157]

ਉਸ ਵਕਤ ਦੇ ਹਾਲਾਤ ਇਹ ਸਨ ਕਿ ਭਾਸ਼ਾ ਉਪਰ ਵੀ ਧਾਰਮਿਕ ਆਗੂਆਂ ਦਾ ਕਬਜ਼ਾ ਸੀ "ਇਸ ਵਿੱਚ ਸੰਦੇਹ ਨਹੀਂ ਕਿ ਸਾਧਾਰਣ ਲੋਕਾਂ ਦੇ ਇੱਕ ਵੱਡੇ ਅੰਸ਼ ਨੂੰ ਸੰਸਕ੍ਰਿਤ ਭਾਸ਼ਾ ਪੜਨਾ ਹੀ ਨਹੀਂ ਸੁਣ ਸਕਣ ਦਾ ਵੀ ਅਧਿਕਾਰ ਨਹੀਂ ਸੀ। ਸਗੋਂ ਕਈ ਹਾਲਤਾਂ ਵਿਚ ਸੰਸਕ੍ਰਿਤ ਪੜਣ ਜਾਂ ਸੁਣ ਲੈਣ ਉੱਤੇ ਕਰੜੀ ਸਜ਼ਾ ਵੀ ਭੁਗਤਣੀ ਪੈ ਸਕਦੀ ਸੀ।"[158] ਇਸ ਦੋਗਲੇ ਜੀਵਨ ਤੋਂ ਲੋਕਾਂ ਨੂੰ ਨਿਜਾਤ ਦਿਵਾਉਣ ਲਈ ਗੁਰੂ ਸਾਹਿਬ ਨੇ ਆਪਣਾ ਮਿਸ਼ਨ ਵੇਈ ਪ੍ਰਵੇਸ਼ ਤੋਂ ਬਾਅਦ ਆਰੰਭਿਆ। ਵੇਈ ਪ੍ਰਵੇਸ਼ ਤੋਂ ਬਾਅਦ ਗੁਰੂ ਸਾਹਿਬ ਨੇ ਨਵੇਂ ਰੂਪ ਵਿੱਚ ਪ੍ਰਚਾਰ ਕੀਤਾ। ਗੁਰੂ ਨਾਨਕ ਨੂੰ 'ਗੁਰੂ' ਪਦ ਅਕਾਲਪੁਰਖ ਨੇ ਦਿੱਤਾ ਹੈ:

> ਵੇਈਂ ਨਦੀਂ ਤੋਂ ਇਸ਼ਨਾਨ ਕਰਦੇ ਹੋਏ ਬਾਬਾ ਜੀ ਲੋਪ ਹੋ ਗਏ। ਆਪ ਪਾਰਬ੍ਰਹਮ ਦੀ ਦਰਗਾਹ ਵਿਚ ਪੁੱਜੇ.......। ਆਪ ਤੇ ਬਖਸ਼ਿਸ਼ ਹੋਈ। ਆਪ ਨੂੰ ਨਾਮ-ਅੰਮ੍ਰਿਤ ਦਾ ਪਿਆਲਾ ਮਿਲਿਆ। ਨਾਨਕ ਜੀ ਨੇ ਪਿਆਲਾ ਪੀਤਾ। ਪਾਰਬ੍ਰਹਮ ਨੇ ਕਿਹਾ-ਨਾਨਕ ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਈ ਨਿਹਾਲ ਕੀਤਾ ਹੈ। ਜੋ ਤੇਰਾ ਨਾਉ ਲਵੇਗਾ, ਸਭ ਨਿਹਾਲ ਹੋਵੇਗਾ। ਤੂੰ ਜਾ ਕਰ ਮੇਰਾ ਨਾਮ ਜਪੁ, ਔਰ ਲੋਕਾਂ ਥੀ ਜਪਾ, ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ, ਤੂੰ ਏਹ ਕਿਰਤਿ ਕਰਿ।" ਫਿਰ ਪਾਰ ਬ੍ਰਹਮ ਨੇ ਕਿਹਾ- "ਮੇਰਾ ਨਾਉ

156 ਰਾਗ ਬਿਲਾਵਲ ਗੋਂਢ, ਨਾਮਦੇਵ, 875.
157 *ਰਾਗ ਆਸਾ ਮ:੧, 471.*
158 ਦਵਿੰਦਰ ਸਿੰਘ ਵਿਦਿਆਰਥੀ, *(ਉ.ਰ.)* ਪੰਨਾ-12.

ਪਾਰਬ੍ਰਹਮ ਪਰਮੇਸਰ, ਤੇਰਾ ਨਾਉ ਗੁਰ ਪਰਮੇਸਰਾ" ਦਰਗਾਹ ਵਿਚ ਛਿਨ ਪਲ ਲੱਗਾ ਪਰ ਸੰਸਾਰੀਆਂ ਦੇ ਤਿੰਨ ਦਿਨ ਬੀਤ ਗਏ। ਨਵਾਬ ਨੇ ਨਾਨਕ ਜੀ ਨੂੰ ਰੁੜਿਆ ਡੁੱਬਿਆ ਸਮਝ ਕੇ ਖੋਜ ਕੀਤੀ, ਜਾਲ ਨਦੀ ਵਿਚ ਪਵਾਏ ਪਰ ਨਿਰਮੂਲ।[159]

ਭਗਤਾਂ ਦੀ ਬਾਣੀ ਇੱਕਠੀ ਕਰਨ ਦਾ ਸਰਵ ਪ੍ਰਥਮ ਉਪਰਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ। ਭਗਤ ਸਾਹਿਬਾਨ ਦੀਆਂ ਰਚਨਾਵਾਂ ਵਿੱਚ ਉਹ ਮਸਾਲਾ ਸੀ ਜਿਸਨੇ ਲੋਕਾਂ ਨੂੰ ਰਾਜਿਆ ਦੇ ਪੰਜੇ ਤੋਂ ਆਜ਼ਾਦ ਕਰਵਾਉਣਾ ਸੀ ਅਤੇ ਧਰਮ ਦੀ ਸਹੀ ਤਸਵੀਰ ਪੇਸ਼ ਕਰਨੀ ਸੀ। ਭਗਤ ਕਬੀਰ ਜੀ ਨੇ ਜਿਸ ਖਾਲਸੇ ਦੀ ਗੱਲ ਪੰਜ ਸੌ ਸਾਲ ਪਹਿਲਾਂ ਕੀਤੀ ਸੀ ਉਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਈ. ਨੂੰ ਅਮਲੀ ਜਾਮਾ ਪਹਿਨਾਇਆ ਸੀ। ਗੁਰੂ ਜੀ ਨੇ ਜੋਗੀਆਂ ਨਾਲ, ਕਾਜ਼ੀਆਂ ਨਾਲ, ਬ੍ਰਾਹਮਣਾਂ ਨਾਲ, ਰਾਜਿਆਂ ਨਾਲ, ਅਮੀਰਾਂ ਨਾਲ, ਠੱਗਾਂ ਨਾਲ, ਚੋਰਾਂ ਨਾਲ ਸੰਵਾਦ ਰਚਾਇਆ ਅਤੇ ਧਰਮ ਦੀ ਸਹੀ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ। ਗੁਰੂ ਜੀ ਨੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਇਕੱਤਰ ਵੀ ਕੀਤਾ ਅਤੇ ਸੰਵਾਦ ਵੀ ਰਚਾਇਆ।ਗੁਰੂ ਨਾਨਕ ਦੇਵ ਜੀ ਨੇ ਸੰਵਾਦਤਮਕ ਰੁਝਾਨ ਪੈਦਾ ਕੀਤਾ ਅਤੇ ਪ੍ਰਚਾਰਿਆ। ਗੁਰੂ ਜੀ ਤੋਂ ਪਹਿਲਾਂ ਹੋਰ ਧਰਮਾਂ ਨਾਲ ਗੱਲਬਾਤ ਸ਼ਾਸਤਾਰਥ ਰੂਪ ਵਿਚ ਸੀ।ਹੋਰ ਧਰਮਾਂ ਦੇ ਲੋਕਾਂ ਨਾਲ ਗੱਲਬਾਤ ਨੂੰ ਇੱਕ ਧਿਰ ਦੀ ਜਿੱਤ ਅਤੇ ਦੂਜੀ ਧਿਰ ਦੀ ਹਾਰ ਸਮਝਿਆ ਜਾਂਦਾ ਸੀ।ਗੁਰੂ ਜੀ ਨੇ ਅਨੇਕ ਮੱਤਾਂ ਨਾਲ ਸੰਵਾਦ ਰਚਾਇਆ ਹੈ। ਸੰਵਾਦ ਨਾਨਕ ਕਾਲ ਤੋਂ ਪਹਿਲਾਂ ਜਿੱਤ ਦੀ ਭਾਵਨਾ ਨਾਲ ਜੁੜਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਦਾ ਅਜਿਹਾ ਕੋਈ ਵਿਸ਼ਵਾਸ ਹੀ ਨਹੀਂ ਹੈ। ਉਨ੍ਹਾਂ ਦੇ ਸੰਵਾਦ ਵਿਚ ਕਹਿਣਾ ਤੇ ਸੁਣਨਾ ਦੋਨੋਂ ਸ਼ਾਮਲ ਹਨ। ਪਤਾ ਨਹੀਂ ਕਿੰਨ੍ਹੇ ਕੁ ਕਾਇਰਾਂ ਵਾਂਗ ਜੀਵਨ ਬਤੀਤ ਕਰਨ ਵਾਲਿਆਂ ਨੇ ਭਗਤ ਕਬੀਰ ਦੇ ਸ਼ਬਦ ਨੂੰ ਪੜ੍ਹਕੇ ਬਹਾਦਰੀ ਨਾਲ ਸ਼ਹੀਦੀਆਂ ਪ੍ਰਾਪਤ ਕੀਤੀਆਂ:

*ਗਗਨ ਦਮਾਮਾ ਬਾਜਿਓ ਪਰਿਓ ਨਿਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥*[160]

ਜਿਸ ਭਗਤ ਨਾਮਦੇਵ ਜੀ ਨੂੰ ਮੰਦਿਰ ਵਿਚ ਪ੍ਰਵੇਸ਼ ਨਹੀਂ ਸੀ ਕਰਨ ਦਿੱਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਅਨੇਕ ਭਗਤ ਸਾਹਿਬਾਨ ਦੀਆਂ ਰਚਨਾਵਾਂ ਨੂੰ 'ਧੁਰ ਕੀ ਬਾਣੀ' ਦਾ ਸਤਿਕਾਰ ਦਿੱਤਾ ਅਤੇ ਹਰੀ ਮੰਦਿਰ ਵਿਚ ਪ੍ਰਵੇਸ਼ ਕਰਵਾਇਆ। ਗੁਰੂ ਘਰ ਤੋਂ ਜੋ ਉਪਦੇਸ਼ ਸ਼ੁਰੂ ਹੋਇਆ ਉਹ ਸਾਰੇ ਵਰਣਾਂ ਲਈ ਸਾਂਝਾ ਸੀ:

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥*[161]

ਭਗਤ ਕਬੀਰ ਨੂੰ ਦੇਖ ਕੇ ਸੈਣ ਨਾਈ ਵਿਚ ਭਗਤੀ ਕਰਨ ਦੀ ਪ੍ਰੇਰਨਾ ਜਾਗੀ।

*ਸੁਣਿ ਪਰਤਾਪ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ॥ ਪ੍ਰੇਮ ਭਗਤੀ ਰਾਤੀ ਕਰੈ ਭਲਕੈ ਰਾਹ ਦੁਆਰੇ ਜਾਈ॥*[162]

---

159 ਤਾਰਨ ਸਿੰਘ, *ਸਿੱਖ, ਸਿੱਖੀ ਅਤੇ ਸਿਧਾਂਤ,* ਪੰਨਾ-14.
160 ਰਾਗ ਮਾਰੂ, ਕਬੀਰ, 1105.
161 ਰਾਗ ਸੂਹੀ ਮ: ੫, 747.

ਇਹ ਉਹ ਭਗਤ ਸਨ ਜੋ ਆਪਣਾ ਸੀਸ ਤਲੀ 'ਤੇ ਰੱਖਕੇ ਤੁਰੇ ਸਨ। ਏਥੇ ਇਕ ਸੰਖੇਪ ਜਿਹੀ ਵਿਚਾਰ ਇਹ ਕਰਨੀ ਬਣਦੀ ਹੈ ਕਿ ਜੇ ਸਾਰੀ ਬਾਣੀ ਹੀ ਗੁਰਬਾਣੀ ਹੈ ਤਾਂ ਭਗਤਬਾਣੀ ਸਿਰਲੇਖ ਕਿਉਂ ਦਿੱਤਾ ਜਾਂਦਾ ਹੈ। ਕਈ ਵਾਰ ਇਹ ਸਵਾਲ ਵੱਡੇ ਵਿਰੋਧ ਦਾ ਰੂਪ ਵੀ ਧਾਰਨ ਕਰ ਜਾਂਦਾ ਹੈ। ਇਸਦਾ ਜਵਾਬ ਤਾਂ ਇਹ ਹੀ ਬਣਦਾ ਹੈ ਕਿ ਸਮੂਹ ਭਗਤਾਂ ਨੇ ਬੜ੍ਹੇ ਸੰਘਰਸ਼ ਤੋਂ ਬਾਅਦ ਭਗਤੀ ਦੇ ਬੇੜੇ ਨੂੰ ਜਾਤ-ਪਾਤ, ਸਤੀ ਪ੍ਰਥਾ, ਫੋਕੀ ਪੂਜਾ ਦੀ ਜਿੱਲਣ ਚੋਂ ਕੱਢਿਆ ਹੈ। ਕਿਤੇ ਲੋਕਾਈ ਮੁੜ ਕੁਮਾਰਗ ਅਖਤਿਆਰ ਨਾ ਕਰ ਲਵੇ। ਇਸ ਲਈ 'ਭਗਤ' ਪਦ ਯਾਦ ਦਿਵਾਉਂਦਾ ਰਹੇਗਾ। 'ਭਗਤ' ਸ਼ਬਦ ਆਪਣੇ ਅੰਦਰ ਯੁੱਗਾਂ ਦੇ ਇਤਿਹਾਸ ਨੂੰ ਸਮੋਈ ਬੈਠਾ ਹੈ। ਇਹ ਬੇਇਨਸਾਫੀ, ਗੁਲਾਮੀ ਅਤੇ ਨਾਬਰਾਬਰਤਾ ਦੇ ਖਿਲਾਫ਼ ਚਿੰਨ੍ਹਾਤਮਕ ਪ੍ਰਗਟਾਵਾ ਹੈ। ਇਹ ਸ਼ਬਦ ਸੁਣਦੇ ਸਾਰ ਜਿਥੇ ਸਾਡੇ ਮਨ ਵਿਚ ਭਗਤਾਂ ਪ੍ਰਤੀ ਅਥਾਹ ਸ਼ਰਧਾ ਪੈਦਾ ਹੁੰਦੀ ਹੈ ਉਥੇ ਉਨ੍ਹਾਂ ਜੋ ਦਰਦ ਆਪਣੇ ਹੱਢਾਂ 'ਤੇ ਹੰਢਾਇਆ ਉਸਦਾ ਪਤਾ ਵੀ ਲੱਗਦਾ ਹੈ। ਪੰਜਵੇਂ ਪਾਤਸ਼ਾਹ ਦਾ ਸ਼ਬਦ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਕਿਵੇਂ ਭਗਤਾਂ ਦੀ ਪ੍ਰੇਮ ਭਗਤੀ ਨੇ ਰੱਬ ਦੇ ਘਰ ਨੂੰ ਸਰਬ ਸਾਂਝਾ ਬਣਾ ਦਿੱਤਾ ਅਤੇ ਨੀਵੀਆਂ ਜਾਤੀਆਂ ਵਿਚੋਂ ਭਗਤ ਪ੍ਰਗਟ ਹੋਏ:

*ਆਸਾ ਮ:੫॥ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਰਹਾਉ॥*
*ਬੁਨਨਾ ਤਨਨਾ ਤਿਆਗ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਣ ਗਹੀਰਾ॥*
*ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗ ਹਰਿ ਦਰਸਨੁ ਪਾਇਆ॥*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ॥*
*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥*[163]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਚਾਰ ਬਾਰੇ ਮੁਹੰਮਦ ਇਬਾਲ ਕਹਿੰਦਾ ਹੈ ਕਿ ਇੱਕ ਈਸ਼ਵਰਵਾਦ ਦੀ ਲਹਿਰ ਮੁੜ ਪੰਜਾਬ ਵਿਚ ਸੁਰੂ ਹੋਈ ਅਤੇ ਮਰਦ-ਏ-ਕਾਮਲ ਨੇ ਸੁਪਨੇ ਵਿਚ ਸੁੱਤੇ ਹਿੰਦ ਨੂੰ ਜਗਾਇਆ:

> *ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਏਕ ਮਰਦ-ਏ-ਕਾਮਿਲ ਨੇ ਜਗਾਯਾ ਖਵਾਬ ਸੇ।*[164]

### ਇੱਕ ਸ਼ੰਕੇ ਦਾ ਨਿਵਾਰਣ

ਭਗਤੀ ਅਤੇ ਬੰਦਗੀ ਸ਼ਬਦਾਂ ਦਾ ਪਿਛੋਕੜ ਦੋ ਅੱਡ ਅੱਡ ਸਮਿਆਂ, ਸਥਾਨਾਂ ਅਤੇ ਪਰੰਪਰਾਵਾਂ ਦਾ ਧਾਰਨੀ ਹੈ। ਭਗਤੀ ਸ਼ਬਦ ਸੁਣਦੇ ਸਾਰ ਸਾਡਾ ਧਿਆਨ ਪੂਰਬ ਦੇ ਭਗਤਾਂ ਵੱਲ ਜਾਂਦਾ ਹੈ ਅਤੇ ਬੰਦਗੀ

---

162 ਵਾਰ/ਪਉੜੀ 10/16
163 ਰਾਗ ਆਸਾ ਮ:੫, 488.
164 Kuldeep salil, *Best of Iqbal,* (ਅੰਗਰੇਜ਼ੀ/ਹਿੰਦੀ), p-200.

ਸ਼ਬਦ ਸੁਣਦੇ ਸਾਰ ਸਾਡੇ ਸਾਹਮਣੇ ਸੂਫੀ ਸਾਧਕਾਂ ਦੇ ਦ੍ਰਿਸ਼ ਨਜ਼ਰੀ ਪੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦਗੀ ਨਾਲੋਂ ਭਗਤੀ ਸ਼ਬਦ ਵਧੇਰੇ ਆਇਆ ਹੈ। ਅਜਿਹੇ ਅਨੇਕ ਅਲਫਾਜ਼ ਹਨ ਜਿਨ੍ਹਾਂ ਦੀ ਵਰਤੋਂ ਅਤੇ ਮਹੱਤਤਾ ਸਾਡੇ ਰੋਜ਼ਾਨਾ ਦੇ ਜੀਵਨ ਵਿੱਚ ਵਧੇਰੇ ਹੈ ਪਰ ਗੁਰਬਾਣੀ ਵਿੱਚ ਨਾਮ ਘੱਟ ਹਨ। ਮਿਸਾਲ ਵਜੋਂ ਸਿੱਖ ਰਹਿਤ ਮਰਿਆਦਾ ਅਨੁਸਾਰ ਅਕਾਲਪੁਰਖ ਦਾ ਪ੍ਰਵਾਨਿਤ ਨਾਮ ਵਾਹਿਗੁਰੂ ਹੈ। ਬੇਸ਼ੱਕ ਇਸਦੇ ਅਨੇਕ ਸਮਾਨਅਰਥੀ ਸ਼ਬਦ ਹੋਣ ਪਰ ਵਾਹਿਗੁਰੂ ਸ਼ਬਦ ਘੱਟ ਆਇਆ ਹੈ। ਇਸ ਤਰ੍ਹਾਂ ਹੀ ਗੁਰਬਾਣੀ ਦਾ ਕੇਂਦਰੀ ਸੁਰ ਬੰਦਗੀ ਹੈ ਪਰ ਇਸ ਸ਼ਬਦ ਦੀ ਵਰਤੋਂ ਘੱਟ ਹੋਈ ਹੈ। ਗੁਰਬਾਣੀ ਅਨੁਸਾਰ ਬੰਦਗੀ ਅਤੇ ਭਗਤੀ ਵਿਚ ਕੋਈ ਅੰਤਰ ਨਹੀਂ ਹੈ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ ਇੱਕ ਵਾਰ ਬਾਦਸ਼ਾਹ ਜਹਾਂਗੀਰ ਨੇ ਮਨ ਵਿੱਚ ਵਿਚਾਰਿਆ ਕਿ ਮੈਂ ਗੁਰੂ ਹਰਿਗੋਬਿੰਦ ਜੀ ਦੀ ਪ੍ਰੀਖਿਆ ਲਵਾਂ ਕਿਉਂਕਿ ਇਨ੍ਹਾਂ ਦੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਨ ਵਿਦਵਾਨ ਸਨ। ਉਸਨੇ ਗੁਰੂ ਜੀ ਅੱਗੇ ਪ੍ਰਸ਼ਨ ਕੀਤਾ ਕਿ ਮੇਰੇ ਮਨ ਦੇ ਸ਼ੰਕੇ ਦਾ ਨਿਵਾਰਣ ਕਰੋ। ਹਿੰਦੂ ਆਪਣੇ ਰੱਬ ਨੂੰ ਪਾਰਬ੍ਰਹਮ ਅਤੇ ਮੁਸਲਮਾਨ ਅੱਲਾਹ ਆਖਦੇ ਹਨ। ਦੋਹਾਂ ਵਿਚਕਾਰ ਰੱਬ ਨੂੰ ਲੈ ਕੇ ਵਿਵਾਦ ਹੈ। ਕੀ ਦੋਵੇਂ ਮੁਕਤ ਹੋਣਗੇ ਕਿ ਨਹੀਂ? ਗੁਰੂ ਜੀ ਨੇ ਉੱਤਰ ਦਿੱਤਾ ਅੱਲਾਹ ਅਤੇ ਪਾਰਬ੍ਰਹਮ ਵਿਚਕਾਰ ਕੋਈ ਅੰਤਰ ਨਹੀਂ ਹੈ ਜਿਵੇਂ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਵਿਚ ਕੋਈ ਅੰਤਰ ਨਹੀਂ ਹੈ। ਦੋਹੇ ਇੱਕ ਹਨ ਪਰ ਅਗਿਆਨੀਆਂ ਨੇ ਆਪ ਹੀ ਭਰਮ ਪਾਲੇ ਹੋਏ ਹਨ। ਇਸ ਸੁਆਲ ਦਾ ਜਵਾਬ ਸਾਡੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲਾਂ ਹੀ ਰਾਮਕਲੀ ਰਾਗ ਵਿਚ ਇਕ ਸ਼ਬਦ ਰਾਹੀਂ ਦੇ ਚੁੱਕੇ ਹਨ।[165] ਇਸ ਸ਼ਬਦ ਵਿੱਚ ਦੋਹਾਂ ਮੱਤਾਂ ਦੇ ਝਗੜੇ ਨੂੰ ਖਤਮ ਕਰਕੇ ਇੱਕ ਰੂਪ ਦ੍ਰਿੜ ਕਰਵਾਇਆ ਗਿਆ ਹੈ। ਗੁਰੂ ਜੀ ਨੇ ਕਿਹਾ ਕਿ ਭਗਤ ਕਬੀਰ ਇਸਲਾਮੀ ਪਰੰਪਰਾ ਵਿੱਚੋਂ ਅਤੇ ਤ੍ਰਿਲੋਚਨ ਹਿੰਦੂ ਧਰਮ ਵਿੱਚੋਂ ਸਨ। ਦੋਵੇਂ ਇੱਕ ਹਨ। ਇਸ ਤਰ੍ਹਾਂ ਹੀ ਭਗਤੀ ਅਤੇ ਬੰਦਗੀ ਇੱਕ ਹਨ। ਪਾਰਬ੍ਰਹਮ ਅਤੇ ਅੱਲਾਹ ਨੂੰ ਹਿਰਦੇ ਤੋਂ ਧਿਆਉਣਾ ਚਾਹੀਦਾ ਹੈ। ਜਹਾਂਗੀਰ ਬਾਦਸ਼ਾਹ ਨੇ ਗੁਰੂ ਜੀ ਦੇ ਬਚਨਾਂ ਨੂੰ ਸੁਣਿਆ ਅਤੇ ਉਸਦੀ ਤਸੱਲੀ ਹੋਈ। ਉਸਨੇ ਗੁਰੂ ਮੂਰਤ ਨੂੰ ਹਿਰਦੇ ਵਿੱਚ ਧਾਰਨ ਕੀਤਾ ਅਤੇ ਨੇਤਰ ਸਫਲ ਕੀਤੇ।[166]

ਉਪਰੋਕਤ ਸੰਖੇਪ ਵਿਚਾਰ ਤੋਂ ਬਾਅਦ ਅਸੀਂ ਮੰਨਦੇ ਹਾਂ ਕਿ ਬੰਦਗੀ ਅਤੇ ਭਗਤੀ ਸ਼ਬਦ ਇੱਕ ਅਰਥ ਰੱਖਦੇ ਹਨ। ਅਗਲੇ ਅਧਿਆਵਾਂ ਵਿਚ ਬੰਦਗੀ, ਭਗਤੀ ਅਤੇ ਇਬਾਦਤ ਨੂੰ ਸਮਾਨ ਅਰਥਾਂ ਵਿਚ ਵਰਤਿਆ ਜਾਵੇਗਾ। ਇਹ ਆਪਣੇ ਅੰਦਰ ਰੱਬ ਪ੍ਰਤੀ ਪਿਆਰ, ਆਗਿਆਪਾਲਣ ਅਤੇ ਸੰਪੂਰਨ ਸਮਰਪਣ ਵਰਗੇ ਗੁਣਾਂ ਨੂੰ ਸਮੋਈ ਬੈਠੇ ਹਨ।

---

[165] ਕਾਰਨ ਕਾਰਨ **ਕਰੀਮ**॥ ਸਰਬ ਪ੍ਰਤਿਪਾਲ **ਰਹੀਮ**॥ **ਅਲਹ** ਅਲਖ ਅਪਾਰ॥ ਖੁਦਿ **ਖੁਦਾਇ** ਵਡ ਬੇਸੁਮਾਰ॥ ਓਂ ਨਮੋ **ਭਗਵੰਤ ਗੁਸਾਈ**॥ ਖਾਲਕੁ ਰਵਿ ਰਹਿਆ ਸਰਬ ਠਾਈ॥ ਰਹਾਉ॥ **ਜਗੰਨਾਥ** ਜਗਜੀਵਨ ਮਾਧੋ॥ ਭਉ ਭੰਜਨ ਰਿਦ ਮਾਹਿ ਅਰਾਧੋ॥ ਰਿਖੀਕੇਸ ਗੋਪਾਲ ਗੋੁਵਿੰਦ॥ ਪੂਰਨ ਸਰਬਤ੍ਰ ਮੁਕੰਦ॥ ਮਿਹਰਬਾਨ ਮਉਲਾ ਤੂਹੀ ਏਕ॥ ਪੀਰ ਪੈਕਾਂਬਰ ਸੇਖ॥ ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥॥ ਨਾਰਾਇਣ ਨਰਹਰ ਦਇਆਲ॥ਰਮਤ ਰਾਮ ਘਟ ਘਟ ਆਧਾਰ॥ ਬਾਸੁਦੇਵ ਬਸਤ ਸਭ ਠਾਇ॥ ਲੀਲਾ ਕਿਛੁ ਲਖੀ ਨਾ ਜਾਇ॥ ਮਿਹਰ ਦਇਆ ਕਰਿ ਕਰਨੈਹਾਰ॥ **ਭਗਤਿ ਬੰਦਗੀ** ਦੇਹਿ ਸਿਰਜਨਹਾਰ॥ ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥ ਰਾਮਕਲੀ ਮ: ੫, 897.

[166] ਪਾਰਬ੍ਰਹਮ ਕਊ ਹਿੰਦੂ ਧਿਆਵਹਿ। ਮੁਸਲਮਾਨ ਅਲਹ ਕਉ ਗਾਵਹਿ। ਔਰ ਅਨੰਤ ਵਾਦ ਕੀ ਬਾਤਾ। ਇਹ ਦੁਹ ਮਹਿ ਜਾਨੋ ਵਿਖਯਾਤਾ॥319॥ ਮੁਕਤਿ ਦੋਇ ਮਹਿ ਹੋਇ ਕਿ ਨਾਹੀਂ। ਇਹੁ ਮਨ ਮੇਰੇ ਸੰਸਾ ਆਹੀ। ਤੁਮ ਗੁਰ ਹੋਵਤ ਸੰਸ ਨ ਰਹੈ। ਬੇਦ ਕਤੇਬ ਏਹੋ ਕਿਆ ਕਹੈ॥320॥.....ਦੋਹਰਾ॥ **ਭਗਤਿ ਬੰਦਗੀ** ਏਕ ਹੈ ਜਿਹ ਗੁਰ ਭਰਮ ਨਿਵਾਰ ।ਪਾਰਬ੍ਰਹਮ ਅਲਾਹ ਕਾ ਏਕ ਰੂਪ ਰਿਦਧਾਰ॥325॥ ਕਬੀਰ ਤ੍ਰਿਲੋਚਨ ਜੈਸ ਤਨ ਉਤਮ ਮਧਮ ਗਾਇ॥ ਵਾਸਤਵ ਰੂਪ ਸੋ ਏਕ ਹਹਿ ਚਾਰਹੁੰ ਬੇਦ ਅਸ ਗਾਇ॥326॥ ਅੜਿੱਲ॥ ਜਹਾਂਗੀਰ ਤਬ ਸੁਨਿ ਕੈ ਅਸ ਗੁਰ ਬੈਨ ਕੋ। ਗੁਰ ਮੂਰਤ ਰਿਦ ਧਾਰ ਸਫਲ ਕਰਿ ਨੈਨ ਕੋ॥ *ਗੁਰ ਬਿਲਾਸ ਪਾ. ਛੇਵੀਂ*, ਭਗਤ ਸਿੰਘ, ਗੁਰਮੁਖ ਸਿੰਘ, ਪੰਨੇ- 277-79.

# ਅਧਿਆਇ ਦੂਜਾ - ਕੁਰਆਨ ਮਜੀਦ ਵਿਚ ਬੰਦਗੀ ਦਾ ਸਰੂਪ

ਕੁਰਆਨ ਸ਼ਬਦ ਦੀ ਉਤਪਤੀ ਇਕਰਾ ਸ਼ਬਦ ਤੋਂ ਹੋਈ ਹੈ। ਇਕਰਾ ਦਾ ਅਰਥ ਹੈ, ਪੜ੍ਹ। ਇਹ ਕੁਰਆਨ ਦੀ ਪਹਿਲੀ ਵਹੀ ਅਤੇ ਆਇਤ ਹੈ। ਜਿਬਰਾਇਲ (ਅ.) ਫ਼ਰਿਸ਼ਤਾ ਜਦੋਂ ਪਹਿਲੀ ਵਾਰੀ ਹਿਰਾ ਗੁਫਾ ਵਿਚ ਹਜ਼ਰਤ ਮੁਹੰਮਦ (ਸ.) ਨੂੰ ਮਿਲੇ ਤਾਂ ਆਪ (ਅ.) ਨੇ ਤਿੰਨ ਵਾਰ ਕਿਹਾ- ਪੜ੍ਹੋ। ਪੈਗ਼ੰਬਰ ਨੇ ਤਿੰਨੋ ਵਾਰ ਇਹ ਜਵਾਬ ਦਿੱਤਾ ਕਿ ਮੈਂ ਅਨਪੜ੍ਹ ਹਾਂ। ਜਿਬਰਾਈਲ ਨੇ ਆਪ (ਸ.) ਨੂੰ ਘੁੱਟਕੇ ਸੀਨੇ ਨਾਲ ਲਾਇਆ ਅਤੇ ਇਹ ਪੈਗਾਮ ਦਿੱਤਾ ਕਿ ਪੜ੍ਹ ਆਪਣੇ ਖ਼ੁਦਾ ਦੇ ਨਾਮ ਨਾਲ ਜਿਸਨੇ ਮਨੁੱਖ ਨੂੰ ਖ਼ੂਨ ਦੇ ਜੰਮੇ ਹੋਏ ਲੋਥੜੇ ਤੋਂ ਪੈਦਾ ਕੀਤਾ ਅਤੇ ਉਹ ਗਿਆਨ ਦਿੱਤਾ ਜਿਸਦਾ ਉਸਨੂੰ ਪਤਾ ਨਹੀਂ ਸੀ। ਹਜ਼ਰਤ ਮੁਹੰਮਦ (ਸ.) ਦੱਸਦੇ ਹਨ, "ਤੀਜੀ ਵਾਰ ਜਦੋਂ ਫ਼ਰਿਸ਼ਤੇ ਨੇ ਮੈਨੂੰ ਛੱਡਿਆ ਤਾਂ ਕਿਹਾ, "ਇਕਰਾ ਬਿਸਮਿ ਰੱਬਿਕੱਲਾਜੀ ਖਲਕ" (ਪੜ੍ਹੋ ਆਪਣੇ ਰੱਬ ਦੇ ਨਾਂ ਨਾਲ ਜਿਸਨੇ ਰਚਨਾ ਰਚਾਈ) ਇਥੋਂ ਤਕ ਕਿ 'ਮਾਲਮ ਯਾਅਲਮ' (ਜਿਸਨੂੰ ਉਹ ਨਹੀਂ ਜਾਣਦਾ ਸੀ) ਤਕ ਪੁੱਜ ਗਿਆ।"[1] ਡਾ. ਮੁਹੰਮਦ ਇਰਸ਼ਾਦ ਅਨੁਸਾਰ, "ਛੇ ਮਹੀਨੇ ਦੀ ਲੰਮੀ ਉਡੀਕ ਤੋਂ ਬਾਦ 17 ਅਗਸਤ 610 ਈ. (18 ਰਮਜ਼ਾਨ) ਸ਼ੁੱਕਰਵਾਰ ਦੀ ਰਾਤ ਨੂੰ ਜਦੋਂ ਆਪ ਹਿਰਾ ਗੁਫ਼ਾ ਵਿੱਚ ਵਿਚਾਰਵਾਨ ਸਨ ਤਾਂ ਮੁੜ ਸਰਸਰਾਹਟ ਦੀ ਆਵਾਜ਼ ਸੁਣਾਈ ਦਿੱਤੀ। ਗੁਫਾ ਵਿੱਚ ਤੇਜ਼ ਚਾਨਣ ਹੋ ਗਿਆ। ਸਿਰ ਚੁਕਿਆ ਤਾਂ ਸਾਹਮਣੇ ਜਿਬਰਾਈਲ (ਅ.) ਖੜੇ ਮੁਸਕਰਾ ਕੇ 'ਇਕਰਾ' (ਭਾਵ ਪੜ੍ਹੋ) ਦੀ ਰਟ ਲਗਾ ਰਹੇ ਸਨ।"[2] ਸੂਰਤ ਅਲ-ਅਲਕ ਵਿਚ ਇਨ੍ਹਾਂ ਆਇਤਾਂ ਦਾ ਵਰਣਨ ਹੈ:

> (ਹੇ ਨਬੀ!) ਪੜ੍ਹੋ ਆਪਣੇ ਰੱਬ ਦੇ ਨਾਂ ਨਾਲ ਜਿਸ ਨੇ ਰਚਨਾ ਰਚਾਈ ਤੇ ਜੰਮੇ ਹੋਏ ਲਹੂ ਦੇ ਇੱਕ ਲੋਥੜੇ ਤੋਂ ਮਨੁੱਖ ਨੂੰ ਸਿਰਜਿਆ। ਪੜ੍ਹੋ ਤੇ ਤੁਹਾਡਾ ਰੱਬ ਵੱਡਾ ਉਦਾਰ ਹੈ ਜਿਸਨੇ ਕਲਮ ਰਾਹੀਂ ਗਿਆਨ ਸਿਖਾਇਆ ਤੇ ਮਨੁੱਖ ਨੂੰ ਉਹ ਗਿਆਨ ਬਖਸ਼ਿਆ ਜਿਸ ਨੂੰ ਉਹ ਨਹੀਂ ਜਾਣਦਾ ਸੀ।[3]

ਇਹ ਕੁਰਆਨ ਮਜੀਦ ਦੀਆਂ ਸਭ ਤੋਂ ਪਹਿਲੀਆਂ ਆਇਤਾਂ ਹਨ ਜਿਹੜੀਆਂ ਅੱਲਾਹ ਦੇ ਰਸੂਲ ਹਜ਼ਰਤ ਮੁਹੱਮਦ (ਸ.) 'ਤੇ ਉਤਰੀਆਂ।[4] ਕੁਰਆਨ ਦਾ ਅਰਥ ਵਾਰ-ਵਾਰ ਪੜ੍ਹਨਾ ਹੈ। ਕੁਰਆਨ ਅੱਜ ਦੇ ਸਰੂਪ ਵਿਚ ਨਾਜ਼ਿਲ ਨਹੀਂ ਹੋਇਆ ਸੀ। ਇਹ ਤੇਈਂ ਸਾਲਾਂ ਵਿਚ ਵੱਖ-ਵੱਖ ਸਥਾਨਾਂ 'ਤੇ, ਵੱਖ-ਵੱਖ ਸਮਿਆਂ ਵਿੱਚ, ਵੱਖ-ਵੱਖ ਪ੍ਰਸੰਗਾਂ ਵਿੱਚ, ਕਿਤੇ ਦਿਨ ਵਿਚ, ਕਿਤੇ ਰਾਤ ਨੂੰ ਨਾਜ਼ਿਲ ਹੋਇਆ ਹੈ। ਕੁਰਆਨ ਦੀਆਂ 114 ਸੂਰਤਾਂ ਜਾਂ ਸੂਰੇ ਹਨ। ਸੂਰਤ ਦਾ ਅਰਥ ਅਧਿਆਇ ਹੁੰਦਾ ਹੈ। ਸਭਤੋਂ ਵੱਡੀ ਸੂਰਤ ਨੰ. 2 ਅਲ-ਬਕਰਹ ਹੈ ਅਤੇ ਸਭਤੋਂ ਛੋਟੀ ਸੂਰਤ ਨੰ. 108 ਅਲ-ਕੌਸਰ ਹੈ। ਰਵਾਇਤਾਂ ਦੱਸਦੀਆਂ ਹਨ ਕਿ 78

---

[1] ਅਬੁਲ ਆਲਾ ਮੌਦੂਦੀ, ਰਮਜ਼ਾਨ ਸਈਦ (ਅਨੁ.)*ਕੁਰਆਨ ਮਜੀਦ (ਪੰਜਾਬੀ)*, ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼ ਮਲੇਰਕੋਟਲਾ 2010, ਪੰਨਾ-1158.

**ਨੋਟ:** ਕੁਰਆਨ ਬਾਰੇ ਅੱਗੇ ਆਉਣ ਵਾਲੇ ਹਵਾਲੇ ਇਸ ਅਨੁਵਾਦ ਵਿੱਚੋਂ ਲਏ ਜਾਣਗੇ। ਸੂਰਤ ਅਤੇ ਆਇਤ ਨੂੰ ਸੂਰਤ ਨੰ. ਤੇ ਆਇਤ ਨੰ. ਪਾ ਕੇ ਅਤੇ ਕਿਸੇ ਕਥਨ ਨੂੰ ਪੰਨਿਆਂ ਅਧੀਨ ਦਿੱਤਾ ਗਿਆ ਹੈ।

[2] ਮੁਹੰਮਦ ਇਰਸ਼ਾਦ (ਡਾ.), *ਹਜ਼ਰਤ ਮੁਹੰਮਦ ਜੀਵਨ ਅਤੇ ਸਿੱਖਿਆਵਾਂ*, ਪੰਨਾ-43.

[3] 96: 1-5.

[4] *ਕੁਰਆਨ ਮਜੀਦ*, ਫੁਟ ਨੋਟ ਨੰ. 1, ਪੰਨਾ-1161.

ਸੂਰਤਾਂ ਮੱਕੇ ਵਿੱਚ ਅਤੇ 36 ਸੂਰਤਾਂ ਮਦੀਨੇ ਵਿਚ ਨਾਜ਼ਿਲ ਹੋਈਆਂ। ਇਨਾਂ ਨੂੰ ਮੱਕੇ ਦੀਆਂ ਅਤੇ ਮਦੀਨੇ ਦੀਆਂ ਸੂਰਤਾਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕੁਰਆਨ ਵਿਚ 6247 ਆਇਤਾਂ ਹਨ। ਜੇਕਰ ਹਰ ਸੂਰੇ ਦੀ ਮੁੱਢਲੀ ਤੁਕ *'ਅੱਲਾਹ ਦੇ ਨਾਂ ਨਾਲ ਜੋ ਰਹਿਮ ਫ਼ੁਰਮਾਉਣ ਵਾਲਾ ਹੈ'* ਨੌਵੇਂ ਸੂਰੇ ਵਿਚੋਂ ਛੱਡ ਦਿੱਤੀ ਜਾਵੇ ਤਾਂ ਕੁਲ ਆਇਤਾਂ ਦੀ ਗਿਣਤੀ ਵਧਕੇ, 6,360 ਬਣਦੀ ਹੈ। ਰਮਜ਼ਾਨ ਦੇ ਦਿਨਾਂ ਵਿਚ ਕੁਰਆਨ ਨੂੰ ਸੁਖੈਨਤਾ ਨਾਲ ਪੜ੍ਹਨ ਲਈ ਇਸਦੇ ਤੀਹ ਹਿੱਸੇ ਜਾਂ ਪਾਰੇ ਕੀਤੇ ਗਏ ਹਨ।[5] ਕੁਰਆਨ ਦੇ ਨਾਜ਼ਿਲ ਹੋਣ ਦੇ ਵੇਲੇ ਤੋਂ ਹੀ ਇਨਕਾਰੀ ਇਸਦੀ ਪ੍ਰਮਾਣਿਕਤਾ ਉਪਰ ਸ਼ੱਕ ਕਰਦੇ ਰਹੇ ਹਨ ਕਿ ਇਹ ਤਾਂ ਪੁਰਾਣੀਆਂ ਕਥਾ-ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਬਾਰੇ ਕੁਰਆਨ ਦਾ ਕਥਨ ਹੈ:

> ਅਲਿਫ. ਲਾਮ. ਰਾ. ਇਹ ਉਸ ਕਿਤਾਬ ਦੀਆਂ ਆਇਤਾਂ ਹਨ ਜਿਹੜੀ ਆਪਣਾ ਮਤਲਬ ਸਪਸ਼ਟ ਰੂਪ ਵਿਚ ਵਰਣਨ ਕਰਦੀ ਹੈ। ਅਸਾਂ ਇਹਨੂੰ ਉਤਾਰਿਆ ਹੈ ਕੁਰਆਨ ਬਣਾ ਕੇ ਅਰਬੀ ਭਾਸ਼ਾ ਵਿਚ ਤਾਂ ਜੋ ਤੁਸੀਂ (ਅਰਬ ਵਾਲੇ) ਇਸ ਨੂੰ ਭਲੀ ਭਾਂਤ ਸਮਝ ਸਕੋ। ਹੇ ਨਬੀ! ਅਸੀਂ ਇਸ ਕੁਰਆਨ ਨੂੰ ਤੁਹਾਡੇ ਵੱਲ ਉਤਾਰ ਕੇ ਉਤਮ ਸ਼ੈਲੀ ਵਿੱਚ ਘਟਨਾਵਾਂ ਤੇ ਤੱਥਾਂ ਨੂੰ ਤੁਹਾਡੇ ਸਾਹਮਣੇ ਬਿਆਨ ਕਰਦੇ ਹਾਂ, ਨਹੀਂ ਤਾਂ ਇਸਤੋਂ ਪਹਿਲਾਂ (ਇਹਨਾਂ ਚੀਜ਼ਾਂ ਤੋਂ) ਤੁਸੀਂ ਉੱਕਾ ਹੀ ਬੇਖ਼ਬਰ ਸੀ।[6]

ਪਵਿੱਤਰ ਕੁਰਆਨ ਨੂੰ ਚਾਨਣ ਕਿਹਾ ਹੈ ਅਤੇ ਇਸ ਵਿਚ ਦੋ ਤਰ੍ਹਾਂ ਦੀਆਂ ਆਇਤਾਂ ਹਨ: ਮੁਹਕਾਮਾਤ ਅਤੇ ਮੁਤਾਸ਼ਾਬਿਹਾਤ। ਮੁਹਕਾਮਾਤ ਤਾਂ ਉਹ ਆਇਤਾਂ ਹਨ ਜਿਨ੍ਹਾਂ ਦੇ ਅਰਥ ਸਪੱਸ਼ਟ ਹਨ ਅਤੇ ਮੁਤਾਸ਼ਾਬਿਹਾਤ ਉਹ ਆਇਤਾਂ ਹਨ ਜਿਨ੍ਹਾਂ ਦੇ ਅਰਥਾਂ ਦਾ ਅੱਲਾਹ ਨੂੰ ਹੀ ਪਤਾ ਹੈ। ਭਾਵ ਮਨੁੱਖੀ ਸਮਝ ਤੋਂ ਪਰ੍ਹੇ ਹਨ:

> ਹੇ ਨਬੀ! ਉਹੋ ਹੀ ਰੱਬ ਹੈ ਜਿਸਨੇ ਇਹ ਕਿਤਾਬ ਤੁਹਾਡੇ 'ਤੇ ਉਤਾਰੀ ਹੈ। ਇਸ ਕਿਤਾਬ ਵਿਚ ਦੋ ਤਰ੍ਹਾਂ ਦੀਆਂ ਆਇਤਾਂ ਹਨ: ਇੱਕ ਅਟੱਲ (ਮੁਹਕਾਮਾਤ), ਜਿਹੜੀਆਂ ਕਿਤਾਬ ਦਾ ਮੂਲ ਆਧਾਰ ਹਨ ਅਤੇ ਦੂਜੀਆਂ ਮੁਤਾਸ਼ਾਬਿਹਾਤ। ਜਿਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਵਿੰਗ-ਵਲ ਹੈ, ਉਹ ਫਿਤਨੇ ਦੀ ਭਾਲ ਵਿਚ ਸਦਾ ਮੁਤਾਸ਼ਾਬਿਹਾਤ ਦੇ ਹੀ ਪਿੱਛੇ ਲੱਗੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਅਰਥ ਪਹਿਨਾਉਣ ਦੇ ਜਤਨ ਕਰਦੇ ਰਹਿੰਦੇ ਹਨ ਜਦੋਂ ਕਿ ਉਨ੍ਹਾਂ ਦਾ ਅਸਲ ਅਰਥ ਅੱਲਾਹ ਤੋਂ ਛੁੱਟ ਹੋਰ ਕੋਈ ਨਹੀਂ ਜਾਣਦਾ।[7]

ਇਸ ਵਾਰ-ਵਾਰ ਪੜਾਈ ਦਾ ਮਕਸਦ ਬੰਦੇ ਨੂੰ ਬੰਦਗੀ ਵੱਲ ਪ੍ਰੇਰਿਤ ਕਰਨਾ ਹੈ। ਮਨੁੱਖ ਆਪਣੇ ਅਸਲ ਮੰਤਵ ਤੋਂ ਖੁੰਝ ਗਿਆ ਹੈ। ਇਸਲਾਮ ਵਿਚ ਤਿੰਨ ਚੀਜ਼ਾਂ ਦਾ ਖਾਸ ਮਹੱਤਵ ਹੈ- ਇਸਲਾਮ, ਈਮਾਨ ਅਤੇ ਅਹਿਸਾਨ। ਇਕ ਰੱਬ ਨੂੰ ਮੰਨਣਾ ਇਸਲਾਮ ਹੈ। ਅੱਲਾਹ, ਪੈਗ਼ੰਬਰ, ਕਿਤਾਬਾਂ, ਫ਼ਰਿਸ਼ਤਿਆਂ, ਆਖ਼ਰਤ ਅਤੇ ਤਕਦੀਰ ਨੂੰ ਮੰਨਣਾ ਈਮਾਨ ਹੈ। ਹਰ ਕੰਮ ਕਰਦਿਆਂ ਇਹ ਸਮਝਣਾ ਕਿ ਮੈਂ ਰੱਬ ਨੂੰ ਜਾਂ ਰੱਬ ਮੈਨੂੰ ਦੇਖ ਰਿਹਾ ਹੈ, ਇਹਸਾਨ ਹੈ।[8] ਬੰਦਗੀ ਕਰਨ ਵਾਲੇ ਲਈ ਛੇ ਚੀਜ਼ਾਂ 'ਤੇ ਈਮਾਨ ਲਿਆਉਣਾ ਜ਼ਰੂਰੀ ਹੈ। ਈਮਾਨ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਅਰਥ ਹਨ, "ਇਮਾਨ- (ਈਮਾਨ = ਪੂਰਾ

---

5 In all, the Book consists of 6,247 verses. If the introductory verse- "In The Name of God. the Compassionate, the Merciful"- Which occurs at the head of each chapter except the 9th, be taken into account, the total number rises to 6,360. For the purpose of convenient recitation during the month of Ramadhan, it is traditionally divided into thirty parts. Dr. Syed Abdul latif, *Approach to the study of the Qur'an,* 1980, p-5.

6 12: 1-3.

7 3:7

8 ਅਨਵਰ ਚਿਰਾਗ (ਡਾ.), *ਨੂਰ-ਏ-ਹਦੀਸ,* ਪੰਨਾ-39.

ਯਕੀਨ, ਅਕੀਦਾ, ਧਰਮ, ਸੱਚਾਈ) ਅਕੀਦਾ, ਧਰਮ, ਪੂਰਾ ਯਕੀਨ, ਕਿਆਮਤ ਸੱਚਾਈ, ਇਰਾਦਾ, ਨੀਅਤ। ਇਸ ਦੇ ਸ਼ਬਦੀ ਅਰਥ ਹਨ ਬੇਖ਼ੌਫ਼ ਕਰਨਾ, ਅਮਨ ਅਮਾਨ ਦੇਣਾ। ਇਸਲਾਮੀ ਸ਼ਰੀਅਤ ਵਿਚ ਖ਼ੁਦਾ ਦੀ ਅਦਵੈਤ ਦਾ ਜ਼ਬਾਨ ਨਾਲ ਇਕਰਾਰ ਕਰਨਾ ਅਤੇ ਉਸਨੂੰ ਦਿਲੋਂ ਸੱਚ ਜਾਨਣ ਨੂੰ ਈਮਾਨ ਕਹਿੰਦੇ ਹਨ। ਈਮਾਨ ਲਿਆਉਣਾ ਮੁਹਾਵਰਾ ਹੈ।"[9] ਸੱਯਦ ਅਬੁਲ ਆਲਾ ਮੌਦੂਦੀ ਅਨੁਸਾਰ ਈਮਾਨ ਲਿਆਉਣ ਦਾ ਅਰਥ ਹੈ, "ਮੰਨਣਾ, ਵਿਸ਼ਵਾਸ ਕਰਨਾ, ਸਵੀਕਾਰ ਕਰਨਾ। ਉਹਨਾਂ ਗੱਲਾਂ ਨੂੰ ਮੰਨਣਾ ਜਿਨ੍ਹਾਂ ਨੂੰ ਮੰਨਣ ਦੀ ਸਿਖਿਆ ਇਸਲਾਮ ਦਿੰਦਾ ਹੈ। ਜਿਵੇਂ ਅੱਲਾਹ 'ਤੇ ਈਮਾਨ, ਉਹਦੇ ਨਬੀਆਂ 'ਤੇ ਈਮਾਨ, ਆਖ਼ਰਤ (ਪਰਲੋਕ) 'ਤੇ ਈਮਾਨ ਆਦਿ।"[10] ਥਾਮਸ ਪੇਟਰਿਕ ਹਿਊਜ ਅਨੁਸਾਰ:

> ਈਮਾਨ ਦਾ ਅਰਥ ਵਿਸ਼ਵਾਸ ਹੈ ਜੋ ਮੁਸਲਿਮ ਵਿਦਵਾਨਾਂ ਮੁਤਾਬਕ ਦਿਲ ਅਤੇ ਜ਼ਬਾਨ ਤੋਂ ਮੰਨਣਾ ਹੈ। ਈਮਾਨ ਦੋ ਤਰ੍ਹਾਂ ਦਾ ਹੈ: ਈਮਾਨ ਮੁਜੱਮਲ, ਉਹ ਈਮਾਨ ਜਿਸ ਵਿਚ ਕੁਰਆਨ ਅਤੇ ਹਦੀਸ ਵਿਚ ਯਕੀਨ ਕਰਨਾ ਹੈ। ਦੂਜਾ ਈਮਾਨ ਮੁਸੱਫਲ ਹੈ, ਜਿਸ ਵਿਚ ਛੇ ਚੀਜ਼ਾਂ 'ਤੇ ਈਮਾਨ ਲਿਆਉਣਾ ਜ਼ਰੂਰੀ ਹੈ, 1. ਰੱਬ ਵਿਚ ਈਮਾਨ 2. ਰੱਬ ਦੇ ਫ਼ਰਿਸ਼ਤਿਆਂ ਵਿਚ ਈਮਾਨ 3. ਰੱਬ ਦੀਆਂ ਕਿਤਾਬਾਂ ਵਿਚ ਈਮਾਨ 4. ਰੱਬ ਦੇ ਪੈਗ਼ੰਬਰਾਂ ਵਿਚ ਈਮਾਨ 5. ਆਖ਼ਰਤ ਵਿਚ ਈਮਾਨ 6. ਤਕਦੀਰ ਵਿਚ ਈਮਾਨ।[11]

ਉਪਰੋਕਤ ਅੰਗਾਂ ਬਿਨਾਂ ਕੁਰਆਨ ਦੀ ਸਿੱਖਿਆ ਅਧੂਰੀ ਹੈ। ਇਮਾਨ ਮੁਸੱਫਲ ਬਾਰੇ ਕੁਰਆਨ ਵਾਰ-ਵਾਰ ਦੱਸਦਾ ਹੈ। ਇਸਦਾ ਉਚਾਰਣ ਇਸ ਪ੍ਰਕਾਰ ਹੈ:

> ਆ ਮਨ ਤੁ ਬਿੱਲਾਹਿ ਵਮ ਲਾਇਕਾਤਿਹੀ ਵ ਕੁਤੁ ਬਿਹੀ, ਵ ਰੁਸੁਲਿਹੀ ਵਲ ਯੋਮਿਲ ਆਖਿਰਿ ਵਲ ਕਦਰਿ ਖ਼ੈਰਿਹੀ ਵ ਸ਼ੱਰੇ ਹੀ ਮਿੱਨਲਾਹਿ ਤਆਲਾ ਵਲ ਬਅਸਿ ਬਾਅਦਲ ਮੌਤ।
> ਭਾਵ: ਮੈਂ ਈਮਾਨ ਲਿਆਇਆ ਅੱਲਾਹ 'ਤੇ, ਇਸ ਦੇ ਫ਼ਰਿਸ਼ਤਿਆਂ, ਇਸ ਦੀਆਂ ਕਿਤਾਬਾਂ, ਇਸਦੇ ਰਸੂਲਾਂ ਅਤੇ ਬਦਲੇ ਦੇ ਦਿਨ (ਕਿਆਮਤ) 'ਤੇ, ਈਮਾਨ ਲਿਆਇਆ ਇਸ ਗੱਲ ਉਤੇ ਕਿ ਭਲਾਈ ਅਤੇ ਬੁਰਾਈ ਅੱਲਾਹ ਵੱਲੋਂ ਹੀ ਹੈ। ਈਮਾਨ ਲਿਆਇਆ ਇਸ ਗੱਲ 'ਤੇ ਕਿ ਮਰਨ ਪਿੱਛੋਂ ਜਿਊਂਦੇ ਹੋਣਾ ਹੈ।[12]

ਈਮਾਨ ਮੁਸੱਫਲ ਬਾਰੇ ਪਵਿੱਤਰ ਹਦੀਸਾਂ ਵਿਚ ਇਹ ਜ਼ਿਕਰ ਹੈ ਕਿ ਹਜ਼ਰਤ ਉਮਰ (ਰਜੀ.) ਜੋ ਹਜ਼ਰਤ ਮੁਹੰਮਦ (ਸ.) ਦੇ ਸਮਕਾਲੀ ਸਨ ਦੱਸਦੇ ਹਨ ਕਿ ਇਕ ਦਿਨ ਜਿਬਰਾਈਲ (ਅ.) ਫ਼ਰਿਸ਼ਤਾ ਮਨੁੱਖ ਦੇ ਰੂਪ ਵਿਚ ਪੈਗ਼ੰਬਰ ਕੋਲ ਆਇਆ ਅਤੇ ਪੁੱਛਿਆ ਕਿ ਈਮਾਨ ਕੀ ਹੈ? ਪੈਗ਼ੰਬਰ ਨੇ ਜੁਆਬ ਦਿੱਤਾ, " ਹਜ਼ੂਰ ਨੇ ਫੁਰਮਾਇਆ ਕਿ ਈਮਾਨ ਇਹ ਹੈ ਕਿ ਤੁਸੀਂ ਅੱਲ੍ਹਾ, ਉਸ ਦੇ ਦੇਵਤਿਆਂ, ਉਸ ਦੀਆਂ ਭੇਜੀਆਂ ਹੋਈਆਂ ਕਿਤਾਬਾਂ, ਉਸ ਦੇ ਰਸੂਲਾਂ ਤੇ ਪਰਲੋ ਨੂੰ ਸੱਚ ਮੰਨੋ ਅਤੇ ਇਸ ਨੂੰ ਵੀ ਮੰਨੋ ਕਿ ਸੰਸਾਰ ਵਿਚ ਜੋ ਕੁਝ ਹੁੰਦਾ ਹੈ ਖ਼ੁਦਾ ਵੱਲੋਂ ਹੀ ਹੁੰਦਾ ਹੈ, ਭਾਵੇਂ ਉਹ ਨੇਕੀ ਹੋਵੇ ਜਾਂ ਬਦੀ।"[13] ਇੰਨ੍ਹਾਂ ਅੰਗਾਂ ਵਿਚ ਸੰਪੂਰਨ ਬੰਦਗੀ ਦਾ ਸਰੂਪ ਦੱਸਿਆ ਗਿਆ ਹੈ। ਈਮਾਨ ਦਾ ਉਲਟ ਸ਼ਬਦ ਕੁਫ਼ਰ ਹੈ:

---

9 *ਅਰਬੀ ਫ਼ਾਰਸੀ ਵਿਚੋਂ ਉਪਜੀ ਪੰਜਾਬੀ ਸ਼ਬਦਾਵਲੀ*, ਪੰਨਾ-52.

10 *ਕੁਰਆਨ ਮਜੀਦ*, ਪੰਨਾ-1225.

11 Iman- "Faith" which according to the muhammadan doctors is the belief of the Heart and the conffesion of the lips to the truth of the Muslim religion. faith is of two kinds: Iman Mujmal, or the simple expression of faith in the teaching of the Quran and The ahadis or traditions and Iman Mufassal, or a formal declaration of belief in the six articles of the muslim creed: 1. in God; 2. The angles of God; 3. The Books of God; 4. The prophets of God; 5. The day of Judjement; 6. Predestination to good and evil . Thomas Patrick Hughes, B.D. MR.A.S, *A Dictionary of Islam,* pp-204-5.

12 ਮੌਲਾਨਾ ਖ਼ਲੀਲ-ਉਰ-ਰਹਿਮਾਨ ਆਜ਼ਮੀ, *ਨਮਾਜ਼*, ਪੰਨਾ-94.

13 ਜਨਕ ਸਿੰਘ ਤੇ ਹੋਰ, *ਰਾਹੇ ਅਮਲ*, ਪੰਨਾ-4.

ਸ਼ਬਦ 'ਕੁਫ਼ਰ' ਈਮਾਨ ਦੇ ਮੁਕਾਬਲੇ ਤੇ ਬੋਲਿਆ ਜਾਂਦਾ ਹੈ। ਈਮਾਨ ਦੇ ਅਰਥ ਹਨ ਮੰਨਣਾ, ਕਬੂਲਣਾ, ਪਰਵਾਨ ਕਰ ਲੈਣਾ। ਇਸ ਦੇ ਉਲਟ ਕੁਫ਼ਰ ਦੇ ਅਰਥ ਹਨ ਨਾ ਮੰਨਣਾ, ਰੱਦ ਕਰ ਦੇਣਾ, ਇਨਕਾਰ ਕਰਨਾ। ਕੁਰਆਨ ਅਨੁਸਾਰ ਕੁਫ਼ਰ ਦੇ ਰਵੱਈਏ ਦੀਆਂ ਵੱਖੋ-ਵੱਖ ਸ਼ਕਲਾਂ ਹਨ: ਇਕ ਇਹ ਕਿ ਮਨੁੱਖ ਸਿਰੇ ਤੋਂ ਅੱਲਾਹ ਨੂੰ ਹੀ ਨਾ ਮੰਨੇ, ਜਾਂ ਉਸਦੀ ਪ੍ਰਭੁਸੱਤਾ ਨੂੰ ਪ੍ਰਵਾਨ ਨਾ ਕਰੇ ਅਤੇ ਉਸ ਨੂੰ ਆਪਣਾ ਤੇ ਸਾਰੇ ਬ੍ਰਹਿਮੰਡ ਦਾ ਮਾਲਕ ਤੇ ਇਸ਼ਟ ਮੰਨਣ ਤੋਂ ਨਾਂਹ ਕਰ ਦੇਵੇ ਜਾਂ ਉਸ ਨੂੰ ਇੱਕੋ ਇੱਕ ਮਾਲਕ ਤੇ ਇਸ਼ਟ ਨਾ ਮੰਨੇ। ਦੂਜੀ ਇਹ ਕਿ ਅੱਲਾਹ ਨੂੰ ਤਾਂ ਮੰਨੇ ਪਰ ਉਸ ਦੇ ਹੁਕਮ ਤੇ ਹਦਾਇਤਾਂ ਨੂੰ ਗਿਆਨ ਤੇ ਕਾਨੂੰਨ ਦਾ ਇੱਕੋ ਇੱਕ ਸੋਮਾ ਮੰਨਣ ਤੋਂ ਨਾਂਹ ਕਰ ਦੇਵੇ। ਤੀਜੀ ਇਹ ਕਿ ਇਸ ਗੱਲ ਨੂੰ ਵੀ ਅਸੂਲੀ ਤੌਰ 'ਤੇ ਮੰਨ ਲਵੇ ਕਿ ਉਸ ਨੂੰ ਅੱਲਾਹ ਦੀ ਹਦਾਇਤ ਤੇ ਹੀ ਚੱਲਣਾ ਚਾਹੀਦਾ ਹੈ, ਪਰ ਅੱਲਾਹ ਆਪਣੀਆਂ ਹਦਾਇਤਾਂ ਤੇ ਹੁਕਮਾਂ ਨੂੰ ਪਹੁੰਚਾਉਣ ਲਈ ਜਿਨ੍ਹਾਂ ਪੈਗ਼ੰਬਰਾਂ ਨੂੰ ਮਾਧਿਅਮ ਬਣਾਉਂਦਾ ਹੈ, ਉਨ੍ਹਾਂ ਨੂੰ ਨਾ ਮੰਨੇ। ਚੌਥੀ ਇਹ ਕਿ ਪੈਗ਼ੰਬਰਾਂ ਦੇ ਵਿਚਕਾਰ ਵਿਤਕਰਾ ਕਰੇ ਅਤੇ ਆਪਣੀ ਪਸੰਦ ਜਾਂ ਆਪਣੇ ਪੱਖਪਾਤ ਦੇ ਆਧਾਰ ਤੇ ਇਨ੍ਹਾਂ ਵਿਚੋਂ ਕਿਸੇ ਨੂੰ ਮੰਨੇ ਅਤੇ ਕਿਸੇ ਨੂੰ ਨਾ ਮੰਨੇ। ਪੰਜਵੀਂ ਇਹ ਕਿ ਪੈਗ਼ੰਬਰਾਂ ਨੇ ਰੱਬ ਵੱਲੋਂ ਧਾਰਨਾ, ਨੈਤਿਕ ਵਿਹਾਰ ਅਤੇ ਜੀਵਨ ਜਾਚ ਸਬੰਧੀ ਜਿਹੜੀਆਂ ਸਿੱਖਿਆਵਾਂ ਬਿਆਨ ਕੀਤੀਆਂ ਹਨ ਉਨ੍ਹਾਂ ਨੂੰ ਜਾਂ ਉਨ੍ਹਾਂ ਵਿਚੋਂ ਕਿਸੇ ਚੀਜ਼ ਨੂੰ ਮੰਨਣ ਤੋਂ ਇਨਕਾਰ ਕਰ ਦੇਵੇ। ਛੇਵੀਂ ਇਹ ਕਿ ਸਿਧਾਂਤਕ ਰੂਪ ਵਿਚ ਤਾਂ ਇਨ੍ਹਾਂ ਸਭ ਚੀਜ਼ਾਂ ਨੂੰ ਮੰਨ ਲਵੇ ਪਰ ਅਮਲੀ ਤੌਰ ਤੇ ਰੱਬੀ ਹੁਕਮਾਂ ਦੀ ਜਾਣ-ਬੁਝ ਕੇ ਉਲੰਘਣਾ ਕਰਦਾ ਰਹੇ ਅਤੇ ਇਸ ਉਲੰਘਣਾ ਤੇ ਅੜਿਆ ਰਹੇ ਅਤੇ ਸੰਸਾਰਕ ਜੀਵਨ ਵਿਚ ਆਪਣੇ ਰਵੱਈਏ ਦੀ ਨੀਂਹ ਆਗਿਆਪਾਲਣ ਤੇ ਨਹੀਂ ਸਗੋਂ ਅਵੱਗਿਆ ਤੇ ਹੀ ਰੱਖੇ।[14]

ਈਮਾਨ ਦੇ ਮਹੱਤਵ ਦਾ ਪਤਾ ਇਸ ਗੱਲ ਤੋਂ ਵੀ ਲੱਗਦਾ ਹੈ ਕਿ ਕੁਰਆਨ ਦੀਆਂ ਅਨੇਕ ਆਇਤਾਂ ਵਿਚ 'ਹੇ ਈਮਾਨ ਵਾਲਿਓ' ਸ਼ਬਦ ਆਇਆ ਹੈ। ਇਸ ਦੁਨੀਆ ਵਿਚ ਦੋ ਤਰ੍ਹਾਂ ਦੇ ਲੋਕ ਹਨ। ਇਕ ਈਮਾਨ ਵਾਲੇ ਅਤੇ ਦੂਜੇ ਇਨਕਾਰੀ। ਇਹ ਦੋਵੇਂ ਇਕ ਦੂਜੇ ਤੋਂ ਉਲਟ ਸੁਭਾਅ ਰੱਖਦੇ ਹਨ। ਇਨਕਾਰੀ ਝੂਠ ਦੀ ਓਟ ਲੈਂਦੇ ਹਨ ਅਤੇ ਈਮਾਨ ਵਾਲੇ ਸੱਚਾਈ ਦੀ:

ਜਿਹੜੇ ਲੋਕ ਕੁਫ਼ਰ ਦੇ ਰਾਹ ਤੁਰ ਪਏ ਹਨ, ਉਨ੍ਹਾਂ ਲਈ ਸੰਸਾਰਕ ਜੀਵਨ ਬਹੁਤ ਪਿਆਰਾ ਤੇ ਮਨ ਭਾਉਂਦਾ ਬਣਾ ਦਿੱਤਾ ਗਿਆ ਹੈ। ਅਜਿਹੇ ਲੋਕ ਈਮਾਨ ਦੇ ਰਾਹ ਟੁਰਣ ਵਾਲਿਆਂ ਦਾ ਮਖ਼ੌਲ ਉਡਾਉਂਦੇ ਹਨ ਪਰ ਕਿਆਮਤ ਦੇ ਦਿਨ ਸੰਜਮ ਤੋਂ ਕੰਮ ਲੈਣ ਵਾਲੇ ਹੀ ਉਨ੍ਹਾਂ ਦੇ ਮੁਕਾਬਲੇ ਵਿਚ ਉੱਚੇ ਸਥਾਨ 'ਤੇ ਹੋਣਗੇ। ਰਿਹਾ ਦੁਨੀਆ ਦਾ ਰਿਜ਼ਕ ਤਾਂ ਅੱਲਾਹ ਨੂੰ ਅਧਿਕਾਰ ਹੈ ਕਿ ਜਿਸਨੂੰ ਚਾਹੇ ਬੇਹਿਸਾਬਾ ਦੇਵੇ।[15]

ਪਵਿੱਤਰ ਕੁਰਆਨ ਦੱਸਦਾ ਹੈ ਕਿ ਈਮਾਨ ਵਾਲੇ ਕਾਫ਼ਰਾਂ ਤੋਂ ਸਾਵਧਾਨ ਰਹਿਣ। ਉਨ੍ਹਾਂ ਨਾਲ ਨਾ ਵਰਤਣ ਪਰ ਹਾਂ ਜੇ ਕੋਈ ਬਿਪਤਾ ਆ ਪਵੇ ਤੇ ਇਹ ਯਕੀਨ ਹੋਵੇ ਕਿ ਇਨਕਾਰੀ ਉਨ੍ਹਾਂ ਨੂੰ ਮਾਰ ਸਕਦੇ ਹਨ ਤਾਂ ਆਪਣੇ ਅਤੇ ਪਰਿਵਾਰ ਦੀ ਸਲਾਮਤੀ ਲਈ ਕਾਫ਼ਰਾਂ ਅਨੁਸਾਰ ਸਮਾਂ ਬਤੀਤ ਕਰਨ। ਜਦੋਂ ਮੁਸ਼ਕਿਲ ਟਲ ਜਾਵੇ ਤਾਂ ਮੁੜ ਸੱਚਾਈ ਦਾ ਰਾਹ ਅਖਤਿਆਰ ਕਰਨ:

ਈਮਾਨ ਲਿਆਉਣ ਵਾਲੇ, ਈਮਾਨ ਵਾਲਿਆਂ ਨੂੰ ਛੱਡਕੇ ਕਾਫ਼ਿਰਾਂ ਨੂੰ ਆਪਣਾ ਸਾਥੀ ਅਤੇ ਯਾਰ ਬੇਲੀ ਹਰਗਿਜ਼ ਨਾ ਬਣਾਉਣ, ਜੋ ਅਜਿਹਾ ਕਰੇਗਾ ਉਸਦਾ ਅੱਲਾਹ ਨਾਲ ਕੋਈ ਸਬੰਧ ਨਹੀਂ। ਹਾਂ ਇਸ ਗੱਲੋਂ ਮਾਫ਼ੀ ਹੈ ਕਿ ਤੁਸੀਂ ਉਸਦੇ ਜ਼ੁਲਮ ਤੋਂ ਬਚਣ ਲਈ ਉਪਰੋ ਅਜਿਹਾ ਵਤੀਰਾ ਧਾਰਨ ਕਰ ਲਓ।[16]

ਪਵਿੱਤਰ ਕੁਰਆਨ ਹਰ ਉਸ ਸਮਾਜਿਕ ਰਿਸ਼ਤੇ ਨੂੰ ਛੱਡ ਦੇਣ 'ਤੇ ਜ਼ੋਰ ਦਿੰਦਾ ਹੈ ਜੋ ਈਮਾਨ ਤੋਂ ਦੂਰ ਲੈ ਕੇ ਜਾਂਦਾ ਹੈ। ਉਸ ਵਿਚ ਭਾਵੇਂ ਪਿਓ, ਪੁੱਤਰ, ਭਰਾ, ਪਤਨੀ, ਸਾਕ ਸਬੰਧੀ, ਧਨ ਪਦਾਰਥ ਅਤੇ ਘਰ ਕਿਉਂ ਨਾ ਹੋਣ:

---

14 *ਕੁਰਆਨ ਮਜੀਦ*, ਫੁਟ ਨੋਟ ਨੰ-51, ਪੰਨੇ 50-51.

15 2: 212.

16 3:28.

> ਹੇ ਈਮਾਨ ਲਿਆਉਣ ਵਾਲਿਓ! ਆਪਣੇ ਪਿਓਆਂ ਤੇ ਭਰਾਵਾਂ ਨੂੰ ਵੀ ਆਪਣੇ ਸਾਥੀ ਨਾ ਬਣਾਓ ਜੇ ਉਹ ਈਮਾਨ ਦੇ ਮੁਕਾਬਲੇ ਵਿਚ ਕੁਫ਼ਰ ਨੂੰ ਪਹਿਲ ਦਿੰਦੇ ਹੋਣ। ਤੁਹਾਡੇ ਵਿਚੋਂ ਜਿਹੜੇ ਉਨ੍ਹਾਂ ਨੂੰ ਸਾਥੀ ਬਣਾਉਣਗੇ ਉਹੀ ਜ਼ਾਲਮ ਹੋਣਗੇ।[17]

ਅਤੇ

> ਈਮਾਨ ਵਾਲੇ ਪੁਰਸ਼ ਅਤੇ ਈਮਾਨ ਵਾਲੀਆਂ ਇਸਤਰੀਆਂ, ਇਹ ਸਾਰੇ ਇੱਕ ਦੂਜੇ ਦੇ ਸਾਥੀ ਹਨ, ਭਲਾਈ ਦਾ ਹੁਕਮ ਦਿੰਦੇ ਹਨ ਤੇ ਬੁਰਾਈ ਤੋਂ ਵਰਜਦੇ ਹਨ, ਨਮਾਜ਼ ਕਾਇਮ ਕਰਦੇ ਹਨ, ਜ਼ਕਾਤ ਦਿੰਦੇ ਹਨ ਅਤੇ ਅੱਲਾਹ ਤੇ ਉਹਦੇ ਰਸੂਲ ਦੀ ਤਾਬਿਆਦਾਰੀ ਕਰਦੇ ਹਨ।[18]

> ਈਮਾਨ ਲਿਆਉਣ ਵਾਲੇ ਹੀ ਅੱਲਾਹ ਦੇ ਸੱਚੇ ਮਿੱਤਰ ਹਨ। ਉਹ ਚਿੰਤਾ ਤੋਂ ਮੁਕਤ ਹਨ। ਉਹ ਪ੍ਰਹੇਜ਼ਗਾਰ ਹਨ। ਸੁਣੋ! ਜੋ ਅੱਲਾਹ ਦੇ ਮਿੱਤਰ ਹਨ, ਜਿਹੜੇ ਈਮਾਨ ਲਿਆਏ ਤੇ ਜਿਹਨਾਂ ਪਰਹੇਜ਼ਗਾਰੀ ਦੀ ਨੀਤੀ ਅਪਣਾਈ, ਉਹਨਾਂ ਨੂੰ ਕੋਈ ਡਰ ਅਤੇ ਚਿੰਤਾ ਨਹੀਂ ਹੋਵੇਗੀ। ਲੋਕ-ਪਰਲੋਕ ਦੋਵੀਂ ਥਾਈਂ ਖੁਸ਼ਖਬਰੀ ਹੀ ਖੁਸ਼ਖਬਰੀ ਹੈ।[19]

ਜਦੋਂ ਈਮਾਨ ਸ਼ਬਦ ਵਰਤਿਆ ਜਾਂਦਾ ਹੈ ਤਾਂ ਇਸਦਾ ਭਾਵ ਉਸ ਬੰਦੇ ਤੋਂ ਹੈ ਜੋ ਇਕ ਅੱਲਾਹ ਨੂੰ ਮੰਨਦਾ ਹੈ। ਉਹ ਹਜ਼ਰਤ ਮੁਹੰਮਦ (ਸ.) ਸਮੇਤ ਪਿਛਲੇ ਪੈਗ਼ੰਬਰਾਂ ਉਪਰ ਵੀ ਯਕੀਨ ਰੱਖਦਾ ਹੈ। ਉਹ ਕੁਰਆਨ ਸਮੇਤ ਤੌਰੇਤ ਅਤੇ ਇੰਜੀਲ ਨੂੰ ਵੀ ਮੰਨਦਾ ਹੈ। ਕੁਰਆਨ ਰਾਹੀਂ ਉਹ ਫ਼ਰਿਸ਼ਤਿਆਂ ਨੂੰ ਵੀ ਮੰਨਦਾ ਹੈ। ਰੱਬ ਦੇ ਭਾਣੇ ਨੂੰ ਮੰਨਦਾ ਹੈ। ਈਮਾਨ ਵਾਲਾ ਅਜਿਹੇ ਗੁਣਾਂ ਦਾ ਧਾਰਨੀ ਹੈ। ਇਸਤੋਂ ਇਹ ਅਰਥ ਵੀ ਨਹੀਂ ਲੈਣਾ ਕਿ ਕੀ ਇਨ੍ਹਾਂ ਸਾਰਿਆਂ ਨੂੰ ਰੱਬ ਮੰਨਣਾ ਹੈ। ਨਹੀਂ, ਰੱਬ ਤਾਂ ਕੇਵਲ ਅੱਲਾਹ ਹੈ। ਇਹ ਸਾਰੇ ਤਾਂ ਰੱਬ ਦੀ ਪੂਰੀ ਸਕੀਮ ਦੇ ਭਾਗ ਹਨ। ਇਨ੍ਹਾਂ ਉਪਰ ਯਕੀਨ ਕਰਨਾ ਹੈ ਅਤੇ ਬੰਦਗੀ ਕੇਵਲ ਇਕ ਅੱਲਾਹ ਦੀ ਕਰਨੀ ਹੈ। ਈਮਾਨ ਦੇ ਧਾਰਕ ਨਰਮਾਈ ਨਾਲ ਤੁਰਦੇ ਹਨ, ਖਰਚ ਕਰਨ ਲੱਗਿਆਂ ਨਾ ਫਜ਼ੂਲ ਖਰਚ ਕਰਦੇ ਹਨ ਅਤੇ ਨਾ ਹੀ ਕੰਜੂਸੀ, ਕਿਸੇ ਨੂੰ ਅਣਹੱਕਾ ਕਤਲ ਨਹੀਂ ਕਰਦੇ। ਪਵਿੱਤਰ ਕੁਰਆਨ ਵਿੱਚ ਇਬਾਦਤ ਕਰਨ ਵਾਲੇ ਲਈ ਅੱਗੇ ਲਿਖੀਆਂ ਛੇ ਗੱਲਾਂ 'ਤੇ ਈਮਾਨ ਲਿਆਉਣਾ ਅਤਿ ਜ਼ਰੂਰੀ ਹੈ। ਇਹ ਹਨ- ਅੱਲਾਹ 'ਤੇ ਈਮਾਨ, ਅੱਲਾਹ ਦੇ ਫ਼ਰਿਸ਼ਤਿਆਂ 'ਤੇ ਈਮਾਨ, ਅੱਲਾਹ ਦੀਆਂ ਕਿਤਾਬਾਂ 'ਤੇ ਈਮਾਨ, ਅੱਲਾਹ ਦੇ ਪੈਗੰਬਰ 'ਤੇ ਈਮਾਨ, ਆਖ਼ਰਤ 'ਤੇ ਈਮਾਨ, ਤਕਦੀਰ 'ਤੇ ਈਮਾਨ। ਇਨ੍ਹਾਂ ਦੁਆਲੇ ਹੀ ਕੁਰਆਨ ਦੀ ਸਿੱਖਿਆ ਘੁੰਮਦੀ ਹੈ। ਇਹ ਇਕ ਦੂਜੇ ਦੇ ਪੂਰਕ ਹਨ। ਬੇਸ਼ੱਕ ਇਹ ਸਾਰੇ ਇਕ ਥਾਂ 'ਤੇ ਨਹੀਂ ਆਏ ਪਰ ਕੁਰਆਨ ਵਿਚ ਇਨ੍ਹਾਂ 'ਤੇ ਈਮਾਨ ਲਿਆਉਣ ਨੂੰ ਅਤਿ ਜ਼ਰੂਰੀ ਕਰਾਰ ਦਿੱਤਾ ਹੈ। ਹੁਣ ਅਸੀਂ ਇਨ੍ਹਾਂ ਉਪਰ ਵਾਰੀ-ਵਾਰੀ ਚਰਚਾ ਕਰਾਂਗੇ।

### 1. ਅੱਲਾਹ 'ਤੇ ਈਮਾਨ

ਰੱਬ ਦਾ ਸੰਕਲਪ ਹਰ ਧਰਮ ਦਾ ਅਹਿਮ ਭਾਗ ਹੈ। ਧਰਮ ਦੀ ਸਾਰੀ ਸਿੱਖਿਆ ਇਸ ਦੁਆਲੇ ਘੁੰਮਦੀ ਹੈ। ਸਾਰੀ ਕਾਇਨਾਤ ਨੂੰ ਬਣਾਉਣ ਅਤੇ ਚਲਾਉਣ ਵਾਲਾ ਰੱਬ ਹੈ। ਪਵਿੱਤਰ ਕੁਰਆਨ ਵਿੱਚ ਰੱਬ ਦੇ ਨੜਿੰਨਵੇਂ ਨਾਮ ਹਨ:

---

17 9:23.
18 9:71.
19 10:62-64.

1. ਅੱਲਾਹ 2. ਅਰ-ਰਹਿਮਾਨ 3. ਅਰ-ਰਹੀਮ 4. ਅਲ-ਮਲਿਕ 5. ਅਲ-ਕੁਦੂਸ 6. ਅਸ-ਸਲਾਮ 7. ਅਲ-ਮੁਸੀਮ 8. ਅਲ-ਅਜੀਜ 9. ਅਲ-ਮੁਹਿਮੀਨ 10. ਅਲ-ਜਬਾਰ 11. ਅਲ-ਮੁਤਾਕਾਬਿਰ 12. ਅਲ-ਖ਼ਾਲਿਕ 13. ਅਲ-ਬਾਰੀ 14. ਅਲ-ਮੁਸਿਵਿਰ 15. ਅਲ-ਗ਼ਫਾਰ 16. ਅਲ-ਕਹਾਰ 17. ਅਲ-ਵਹਾਬ 18. ਅਲ-ਰਜ਼ਾਕ 19. ਅਲ-ਫਤਾਹ 20. ਅਲ-ਅਲੀਮ 21. ਅਲ-ਕਾਬਿਦ 22. ਅਲ-ਬਾਸਿਤ 23. ਅਲ- ਖ਼ਾਫਿਦ 24. ਅਰ-ਰਾਫੀ 25. ਅਲ-ਮੁਇਜ਼ 26. ਅਲ-ਮੁਜ਼ਿਲ 27. ਅਸ਼-ਸਾਮੀ 28. ਅਲ-ਬਸੀਰ 29. ਅਲ-ਹਾਕਮ 30. ਅਲ-ਅਦਿਲ 31. ਅਲ-ਲਤੀਫ 32. ਅਲ-ਖ਼ਬੀਰ 33. ਅਲ-ਹਲੀਮ 34. ਅਲ-ਅਜੀਮ 35. ਅਲ-ਗਫੂਰ 36. ਅਸ਼-ਸ਼ਾਕੂਰ 37. ਅਲ-ਅਲੀ 38. ਅਲ-ਕਬੀਰ 39. ਅਲ-ਹਫ਼ੀਜ਼ 40. ਅਲ-ਮੁਕੀਤ 41. ਅਲ-ਹਸੀਬ 42. ਅਲ-ਜਲੀਲ 43. ਅਲ-ਕਰੀਮ 44. ਅਲ-ਰਕੀਬ 45. ਅਲ-ਮੁਜੀਬ 46. ਅਲ-ਵਾਸੀ 47. ਅਲ-ਹਕੀਮ 48. ਅਲ-ਵਾਦੂਦ 49. ਅਲ-ਮਜੀਬ 50. ਅਲ-ਬਾਈਸ 51. ਅਸ-ਸ਼ਹੀਦ 52. ਅਲ-ਹੱਕ 53. ਅਲ-ਵਕੀਲ 54. ਅਲ-ਕਾਵੀ 55. ਅਲ-ਮਤੀਨ 56. ਅਲ-ਵਾਲੀ 57. ਅਲ-ਹਮੀਦ 58. ਅਲ-ਮੁਹਸੀ 59. ਅਲ-ਮੁਬਦੀ 60. ਅਲ-ਮੁਈਦ 61. ਅਲ-ਮੁਹਈ 62. ਅਲ-ਮੁਮੀਤ 63. ਅਲ-ਹੈਇ 64. ਅਲ-ਕਈਉਮ 65. ਅਲ-ਵਾਜ਼ਿਦ 66. ਅਲ-ਮਾਜਿਦ 67. ਅਲ-ਵਾਹਿਦ 68. ਅਲ-ਸਮਦ 69. ਅਲ-ਕਾਦਿਰ 70. ਅਲ-ਮੁਤਾਕਦਿਰ 71. ਅਲ-ਮੁਕਾਦਿਮ 72. ਅਲ-ਮੁਆਕਖ਼ਿਰ 73. ਅਲ-ਅਵਲ 74. ਅਲ-ਆਖ਼ਿਰ 75. ਅਲ-ਜ਼ਾਹਿਰ 76. ਅਲ-ਬਾਤਿਨ 77. ਅਲ-ਵਾਲੀ 78. ਅਲ-ਮੁਤਾਲੀ 79. ਅਲ-ਬਾਰ 80. ਅਤ-ਤਵਾਬ 81. ਅਲ-ਮੁਨਤਾਕਿਮ 82. ਅਲ-ਅਫੂ 83. ਅਰ-ਰੌਫ਼ 84. ਮਾਲਿਕ-ਉਲ-ਮੁਲਕ 85. ਜ਼ੁਲ-ਜਲਾਲ-ਏ-ਵਲ-ਇਕਰਾਮ 86. ਅਲ-ਮੁਕਸਿਤ 87. ਅਲ-ਜ਼ਾਮੀ 88. ਅਲ- ਗਾਨੀ 89. ਅਲ-ਮੁਗਨੀ 90. ਅਲ-ਮਾਨੀ 91. ਅਲ-ਦਾਰ 92. ਅਲ-ਨਾਫੀ 93. ਅਨ-ਨੂਰ 94. ਅਲ-ਹਾਦੀ 95. ਅਲ-ਬਦੀ 96. ਅਲ-ਬਾਕੀ 97. ਅਲ-ਵਾਰਿਸ 98. ਅਰ-ਰਸਿਦ 99. ਅਸ-ਸਾਬੂਰ।[20]

ਇਸ ਨੂੰ ਆਧਾਰ ਬਣਾਕੇ ਗੁਲਵੰਤ ਸਿੰਘ ਲਿਖਦੇ ਹਨ, "ਉਸ ਦੇ 99 ਸੁੰਦਰ ਨਾਮ ਹਨ ਅਤੇ ਇੰਨੀ ਗਿਣਤੀ ਦੀਆਂ ਹੀ ਸਿਫ਼ਤਾਂ ਹਨ। ਇਹੀ ਕਾਰਨ ਹੈ ਕਿ ਮੁਸਲਮਾਨਾਂ ਵਿਚ ਮਾਲਾ ਦੇ ਮਣਕੇ ਵੀ ਇਸੇ ਗਿਣਤੀ ਦੇ ਹੁੰਦੇ ਹਨ।"[21] ਰੱਬ ਦਾ ਸਭ ਤੋਂ ਮਕਬੂਲ ਨਾਮ ਅੱਲਾਹ ਹੈ। ਫ਼ਜ਼ਲੁਰ ਰਹਿਮਾਨ ਅਨੁਸਾਰ ਕੁਰਆਨ ਵਿਚ ਅੱਲਾਹ ਸ਼ਬਦ ਲਗਭਗ 2500 ਵਾਰ ਆਇਆ ਹੈ।[22] ਰੱਬ ਲਈ ਨਾਮ ਤਾਂ ਹੋਰ ਵੀ ਆਏ ਹਨ ਪਰ ਵਧੇਰੇ ਸ਼ਬਦ ਅੱਲਾਹ ਹੀ ਆਇਆ ਹੈ। ਅੱਲਾਹ ਤੋਂ ਬਿਨ੍ਹਾਂ ਬਾਕੀ ਸਭ ਨਾਵਾਂ ਵਿਚ ਰੱਬ ਦੀ ਕੁਝ ਸਿਫਤ ਆਉਂਦੀ ਹੈ ਪਰ ਅੱਲਾਹ ਕਿਹਾ ਜਾਵੇ ਤਾਂ ਸਾਰੀਆਂ ਸਿਫ਼ਤਾਂ ਹੀ ਕਹੀਆਂ ਜਾਂਦੀਆਂ ਹਨ। ਇਸ ਬਾਰੇ ਮੌਲਾਨਾ ਅਬੁਲ ਕਲਾਮ ਆਜ਼ਾਦ ਲਿਖਦੇ ਹਨ:

> ਅੱਲਾਹ ਰੱਬ ਦਾ ਸਹੀ ਨਾਮ ਹੈ। ਇਹ ਰੱਬ ਦੇ ਨਾਲ ਸਬੰਧਿਤ ਸਾਰੇ ਗੁਣਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਜੇਕਰ ਅਸੀਂ ਰੱਬ ਨੂੰ ਕਿਸੇ ਖਾਸ ਗੁਣ ਕਰਕੇ ਯਾਦ ਕਰੀਏ ਜਿਵੇਂ ਉਸਨੂੰ ਅਲ ਰੱਬ ਜਾਂ ਅਲ ਰਹੀਮ ਕਹੀਏ ਤਾਂ ਅਸੀਂ ਉਸਦੇ ਸੰਕੁਚਿਤ ਗੁਣਾਂ ਨੂੰ ਯਾਦ ਕਰਾਂਗੇ। ਅਸੀਂ ਉਸਨੂੰ ਰੱਬ ਜਾਂ ਦਿਆਲੂ ਦੇ ਰੂਪ ਵਿਚ ਸਮਝਾਂਗੇ। ਪਰ ਜਦੋਂ ਅਸੀਂ ਉਸਨੂੰ ਅੱਲਾਹ ਕਹਾਂਗੇ ਤਾਂ ਸਾਡੇ ਦਿਮਾਗ ਵਿਚ ਉਸਦੇ ਸਾਰੇ ਗੁਣ ਅਤੇ ਖ਼ੂਬੀਆਂ ਇਕੱਠੀਆਂ ਹੋ ਜਾਣਗੀਆਂ।[23]

---

[20] M. Siddiqi, *The 99 Beautiful Names of Allah,* see page's 1 to 33.

[21] ਗੁਰਮੁਖ ਸਿੰਘ (ਡਾ.), (ਸੰਪਾ.), *ਪ੍ਰੋਫ਼ੈਸਰ ਗ਼ੁਲਵੰਤ ਸਿੰਘ ਰਚਨਾਵਲੀ*, ਪੰਨਾ-24.

[22] Yet, the term *Allah,* the proper name for God, occurs well over 2500 times in the Qur'an. p-1.

[23] Since the term 'Allah' is used as a proper name for God, it has necessarily to cover all the attributes that can appropriatory be associated with his being. If we visualize God in any particular attributes of his, as when we refer to him as Al-Rabb or Al-Rahim we confine our vision with the limits of the attribute concerned. We shall think to him only as a being who possesses the attributes of providence or mercy. But when we refer to Him as Allah, Our mind Instincitvely

ਅੱਲਾਹ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਰੱਬ ਦਾ ਨਾਮ ਹੈ। ਕੁਰਆਨ ਦੇ ਨਾਜ਼ਿਲ ਹੋਣ ਸਮੇਂ ਅੱਲਾਹ ਸ਼ਬਦ ਖ਼ਾਸ ਮਹੱਤਤਾ ਤੇ ਰਿਹਾ ਹੈ। ਇਸਲਾਮ ਦੇ ਆਗਮਨ ਤੋਂ ਪਹਿਲਾਂ ਦੇ ਕਵੀਆਂ ਨੇ ਆਪਣੀਆਂ ਲਿਖਤਾਂ ਵਿਚ ਅੱਲਾਹ ਨੂੰ ਰੱਬ ਦੇ ਨਾਂ ਵਜੋਂ ਵਰਤਿਆ ਹੈ। ਇਹ ਨਾਮ ਕਦੇ ਵੀ ਰੱਬ ਦੇ ਗੁਣ ਵਜੋਂ ਨਹੀਂ ਵਰਤਿਆ ਗਿਆ।[24] ਕੁਰਆਨ ਅਨੁਸਾਰ:

> ਅੱਲਾਹ ਸੁਹਣੇ ਨਾਵਾਂ ਦਾ ਅਧਿਕਾਰੀ ਹੈ ਸੋ ਉਸਨੂੰ ਸੁਹਣੇ ਨਾਵਾਂ ਨਾਲ ਹੀ ਸੱਦੋ ਅਤੇ ਉਹਨਾਂ ਲੋਕਾਂ ਨੂੰ ਛੱਡ ਦਿਓ ਜਿਹੜੇ ਉਹਦੇ ਨਾਉਂ ਰੱਖਣ ਵਿਚ ਸੱਚਾਈ ਤੋਂ ਹਟ ਜਾਂਦੇ ਹਨ।[25]

ਅੱਲਾਹ ਸਮਰੱਥ ਹੈ, ਵੇਖਣ ਅਤੇ ਸੁਣਨ ਦੀ ਸ਼ਕਤੀ ਖੋਹ ਵੀ ਸਕਦਾ ਹੈ ਅਤੇ ਦੁਬਾਰਾ ਦੇ ਵੀ ਸਕਦਾ ਹੈ। ਉਸਨੇ ਰਾਤ ਨੂੰ ਲਿਬਾਸ, ਨੀਦ ਨੂੰ ਮੌਤ ਦੀ ਸ਼ਾਂਤੀ, ਦਿਨ ਨੂੰ ਮੁੜ ਸੁਰਜੀਤ ਹੋਣ ਦਾ ਵੇਲਾ ਬਣਾਇਆ ਹੈ:

> ਹੇ ਨਬੀ! ਉਹਨਾਂ ਨੂੰ ਆਖੋ, ਕਦੇ ਤੁਸੀਂ ਇਹ ਵੀ ਸੋਚਿਆ ਕਿ ਜੇ ਅੱਲਾਹ ਤੁਹਾਡੀ ਸੁਣਨ ਸ਼ਕਤੀ ਤੇ ਵੇਖਣ ਸ਼ਕਤੀ ਤੁਹਾਥੋਂ ਖੋਹ ਲਵੇ ਅਤੇ ਤੁਹਾਡੇ ਦਿਲਾਂ ਤੇ ਮੋਹਰ ਲਾ ਦੇਵੇ ਤਾਂ ਅੱਲਾਹ ਤੋਂ ਛੁੱਟ ਹੋਰ ਕਿਹੜਾ ਇਸ਼ਟ ਹੈ ਜਿਹੜਾ ਇਹ ਖੁੱਸੀਆਂ ਸ਼ਕਤੀਆਂ ਤੁਹਾਨੂੰ ਮੁੜ ਪਰਤਾ ਸਕਦਾ ਹੋਵੇ?[26]

ਕੁਰਆਨ ਵਿਚ ਰੱਬ ਦੇ ਅਨੇਕ ਗੁਣ ਅੰਕਿਤ ਕੀਤੇ ਗਏ ਹਨ। ਸੂਰਤ-ਅਲ-ਫ਼ਾਤਿਹਾ ਵਿਚ ਰੱਬ ਨੂੰ ਰਹਿਮਾਨ ਰਹੀਮ ਅਤੇ ਫੈਸਲੇ ਦੇ ਦਿਨ ਦਾ ਮਾਲਕ ਕਿਹਾ ਹੈ। ਕੁਰਆਨ ਦੀ ਹਰ ਸੂਰਤ ਦਾ ਆਗਾਜ਼ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ *'ਸ਼ੁਰੂ ਅੱਲਾਹ ਦੇ ਨਾਮ ਨਾਲ ਜੋ ਅਤਿਅੰਤ ਰਹਿਮ ਫਰਮਾਉਣ ਵਾਲਾ'* ਹੈ। ਜ਼ਿਆ-ਉਲਾਹ ਲਿਖਦੇ ਹਨ:

> ਭੋਜਨ ਅਤੇ ਕੱਪੜੇ ਮਨੁੱਖ ਦੀਆਂ ਬੁਨਿਆਦੀ ਲੋੜਾਂ ਹਨ। ਪਰ ਰਹਿਣ ਨੂੰ ਛੱਤ ਵੀ ਮੁਢਲੀ ਜ਼ਰੂਰਤ ਤੋਂ ਘੱਟ ਨਹੀਂ ਹੈ। ਕੀ ਸਾਡੇ ਬਣਾਉਣ ਵਾਲਾ ਸਾਨੂੰ ਇਹ ਨਹੀਂ ਦੇਵੇਗਾ। ਧਰਤੀ, ਲੱਕੜੀ, ਲੋਹਾ, ਪੱਥਰ, ਸੰਗਮਰਮਰ, ਸ਼ੀਸ਼ਾ ਸਾਰੇ ਉਸਨੇ ਇਸ ਮੰਤਵ ਲਈ ਹੀ ਦਿੱਤੇ ਹਨ ਤਾਂ ਜੋ ਅਸੀਂ ਮਜ਼ਬੂਤ, ਸੁਰੱਖਿਅਤ ਅਤੇ ਆਰਾਮਦਾਇਕ ਘਰਾਂ ਵਿਚ ਰਹਿ ਸਕੀਏ।[27]

ਅਬੁਲ ਕਲਾਮ ਆਜ਼ਾਦ ਅੱਲਾਹ ਸ਼ਬਦ ਵਿਚਲੇ ਅ,ਲ,ਹ ਅੱਖਰਾਂ ਬਾਰੇ ਲਿਖਦੇ ਹਨ:

> ਅ, ਲ, ਹ ਅੱਖਰ ਆਪਸ ਵਿਚ ਜੁੜੇ ਹੋਏ ਹਨ। ਇਸ ਸ਼੍ਰੇਣੀ ਵਿਚ ਚਾਲਦੇਨ ਅਤੇ ਸਾਈਰਿਕ, 'ਇਲਾਹੀਆ' ਆਖਦੇ ਹਨ। ਹਿਬਰੂ ਅਤੇ ਅਰਬੀ ਇਲੋਹਾ ਆਖਦੇ ਹਨ। ਅਰਬੀ ਵਿਚ ਇਲਾਹ ਹੀ ਅੱਲਾਹ ਬਣਿਆ ਹੈ ਜੋ ਸਾਰੇ ਬ੍ਰਹਿਮੰਡ ਦੇ ਮਾਲਕ ਵਜੋਂ ਸੱਦਿਆ ਜਾਂਦਾ ਹੈ।[28]

---

clenches the sum total of all the qualities attributed to him or what necessarily must possess. Maulanw Abul kalam azad, (Tras) Dr. Syed Abdul Latif, *The Tarjuman-al-Qur'an,* vol-1, pp- 15-6.

24 Allah prior to the revelation of the Qura'n. The term Allah was used in Arabic as a proper name for God, as is borne out by the writtings of the Islamic Poets. It was name used in the Sense of an attribute, Although He was credited with numerous attributes. *Tarjuman-al-Quran*,vol-1, p-14.

25 7:180.

26 6:46.

27 Food and clothing are the basic needs of man. But shelter a roof to live under- is no less basic. And what has our creator not provided for it? Earth, wood, iron, stone, Marble, glass and provided just for this purpose. That we may have strong, secure and comfortable houses to live in. M. Ziaullah, *Islamic concept of God,* P-48.

28 The alphabets A,L and H Combined varied form to Constitute the term by which this supreme being was to be styled. The Chalden and Syriac form 'ILahia' the Hebrew 'Iloha' and the Arabic

ਰੱਬ ਇਕ ਹੈ ਅਤੇ ਕੁਰਆਨ ਇਕ ਰੱਬ ਦੀ ਬੰਦਗੀ ਵੱਲ ਪ੍ਰੇਰਿਤ ਕਰਦਾ ਹੈ। ਰੱਬ ਨੇ ਹੀ ਸਾਰੀ ਕਾਇਨਾਤ ਬਣਾਈ, ਪੈਗੰਬਰਾਂ ਰਾਹੀਂ ਬੰਦਿਆਂ ਤੱਕ ਸੁਨੇਹੇ ਭੇਜੇ ਅਤੇ ਉਨ੍ਹਾਂ ਦੀ ਅਗਵਾਈ ਕੀਤੀ। ਪਵਿੱਤਰ ਕੁਰਆਨ ਰੱਬ ਨੂੰ ਨਾ ਕਿਸੇ ਦੀ ਅਤੇ ਨਾ ਕਿਸੇ ਨੂੰ ਰੱਬ ਦੀ ਸੰਤਾਨ ਮੰਨਦਾ ਹੈ। ਅੱਲਾਹ ਦੀ ਵਡਿਆਈ ਕਿਸੇ ਵਸਤੂ ਦਾ ਹਵਾਲਾ ਦੇ ਕੇ  ਨਹੀਂ ਕੀਤੀ ਜਾ ਸਕਦੀ। ਪਵਿਤਰ ਕੁਰਆਨ ਅਵਤਾਰਵਾਦ ਨੂੰ ਨਹੀਂ ਮੰਨਦਾ। ਰੱਬ ਦੀ ਨਾ ਮਾਂ ਹੈ ਨਾ ਪਿਓ, ਨਾ ਉਹਦਾ ਕੋਈ ਭਰਾ ਹੈ ਅਤੇ ਨਾ ਹੀ ਪੁੱਤਰ। ਰੱਬ ਨੇ ਸ੍ਰਿਸ਼ਟੀ ਦੀ ਰਚਨਾ ਸੱਤ ਦਿਨਾਂ ਵਿਚ ਕੀਤੀ। ਫ਼ਰਿਸ਼ਤਿਆਂ, ਸ਼ੈਤਾਨ ਅਤੇ ਆਦਮ ਦੀ ਰਚਨਾ ਕੀਤੀ। ਉਹ ਹਰ ਥਾਂ ਵਿਆਪਕ ਹੈ। ਸਾਰੀ ਵਡਿਆਈ ਉਸਦੀ ਹੈ। ਉਹ ਮਿਹਰਵਾਨ ਹੈ, ਜਦੋਂ ਹਜ਼ਰਤ ਮੁਹੰਮਦ (ਸ.) ਨੇ ਤੌਹੀਦ ਭਾਵ ਇਕ ਈਸ਼ਵਰਵਾਦ ਦਾ ਪ੍ਰਚਾਰ ਕੀਤਾ ਤਾਂ ਆਮ ਲੋਕਾਂ ਲਈ ਅਤੇ ਬੁੱਤਪ੍ਰਸਤਾਂ ਲਈ ਇਹ ਵਿਸ਼ਾ ਨਵਾਂ ਸੀ। ਉਹ ਹੁਣ ਤੱਕ ਰੱਬ ਨੂੰ ਅਨੇਕ ਮੰਨਦੇ ਰਹੇ ਸਨ। ਉਹ ਸੋਚ ਵੀ ਨਹੀਂ ਸਕਦੇ ਸਨ ਕਿ ਰੱਬ ਇਕ ਹੈ। ਯਹੂਦੀਆਂ ਦੇ ਕੁਝ ਵਿਦਵਾਨ ਅਤੇ ਮੱਕੇ-ਮਦੀਨੇ ਦੇ ਵਸਨੀਕ ਆਪ (ਸ.) ਕੋਲ ਆਏ ਅਤੇ ਪ੍ਰਸ਼ਨ ਕੀਤਾ:

> ਹੇ ਮੁਹੱਮਦ (ਸ.) ਆਪਣੇ ਰੱਬ ਦਾ ਸਰੂਪ ਸਾਡੇ ਉਤੇ ਸਪਸ਼ਟ ਕਰੋ ਸ਼ਾਇਦ ਕਿ ਅਸੀਂ ਤੁਹਾਡੇ 'ਤੇ ਈਮਾਨ ਲੈ ਆਈਏ। ਅੱਲਾਹ ਨੇ ਆਪਣੀ ਵਿਸ਼ੇਸਤਾ ਤੌਰੇਤ ਵਿਚ ਉਤਾਰੀ ਹੈ। ਤੁਸੀਂ ਦੱਸੋ ਕਿ ਉਹ ਕਿਸ ਚੀਜ਼ ਤੋਂ ਬਣਿਆ ਹੈ? ਉਸਦਾ ਲਿੰਗ ਭੇਦ ਕੀ ਹੈ? ਸੋਨੇ, ਤਾਂਬੇ, ਪਿੱਤਲ, ਲੋਹੇ ਜਾਂ ਚਾਂਦੀ ਆਖ਼ਰ ਕਿਹੜੀ ਚੀਜ਼ ਤੋਂ ਉਸਦੀ ਰਚਨਾ ਹੋਈ ਹੈ? ਉਹ ਖਾਂਦਾ-ਪੀਂਦਾ ਕੀ ਹੈ? ਉਸ ਨੇ ਇਸ ਜਗਤ ਰੂਪੀ ਵਿਰਸੇ ਨੂੰ ਕਿਸੇ ਕੋਲੋਂ ਪ੍ਰਾਪਤ ਕੀਤਾ ਹੈ ਤੇ ਉਸ ਤੋਂ ਮਗਰੋਂ ਕੌਣ ਉਸਦਾ ਵਾਰਸ ਹੋਵੇਗਾ?[29]

ਜਦੋਂ ਉਨ੍ਹਾਂ ਨੇ ਸਵਾਲ ਕੀਤਾ ਤਾਂ ਅੱਲਾਹ ਤਆਲਾ ਵੱਲੋਂ ਹਜ਼ਰਤ ਮੁਹੰਮਦ (ਸ.) ਨੂੰ ਆਪਣਾ ਪੈਗਾਮ *ਸੂਰਤ-ਇਖਲਾਸ* ਦੇ ਰੂਪ ਵਿਚ ਦਿੱਤਾ ਗਿਆ:

> ਆਖੋ ਕਿ ਉਹ ਅੱਲਾਹ ਹੈ, ਇਕੋ-ਇਕ। ਅੱਲਾਹ ਸਭ ਤੋਂ ਬੇਪਰਵਾਹ ਹੈ ਤੇ ਸਾਰੇ ਉਸਦੇ ਮੁਥਾਜ ਹਨ। ਨਾ ਉਸਦੀ ਕੋਈ ਸੰਤਾਨ ਹੈ ਤੇ ਨਾ ਹੀ ਉਹ ਕਿਸੇ ਦੀ ਸੰਤਾਨ ਅਤੇ ਕੋਈ ਉਸਦੇ ਜੋੜ ਦਾ ਨਹੀਂ ਹੈ।[30]

ਉਪਰੋਕਤ ਸੂਰਤ ਵਿਚ ਅੱਲਾਹ ਦਾ ਸਰੂਪ ਵਰਣਨ ਕੀਤਾ ਗਿਆ ਹੈ। ਇਸਤੋਂ ਇਲਾਵਾ ਉਸਦੀ ਵਡਿਆਈ ਇਹ ਕਹਿ ਕੇ ਵੀ ਕੀਤੀ ਗਈ ਹੈ ਕਿ ਉਹ ਸੱਤਵੇਂ ਆਕਾਸ਼ ਤੇ ਬੈਠਾ ਹੈ, ਉਸਦੀ ਨੇੜਤਾ ਇਹ ਕਹਿ ਕੇ ਦੱਸੀ ਗਈ ਹੈ ਕਿ ਉਹ ਸਾਡੀ ਸਾਹ ਰਗ ਤੋਂ ਵੀ ਨੇੜ੍ਹੇ ਹੈ। ਸਾਰੀਆਂ ਦਿਸ਼ਾਵਾਂ ਉਸਦੀਆਂ ਹੀ ਹਨ:

> ਉਹ ਅੱਲਾਹ ਹੀ ਹੈ ਜੋ ਤੁਹਾਨੂੰ ਜਲ ਅਤੇ ਥਲ ਵਿਚ ਤੋਰਦਾ ਹੈ। ਇੱਥੋਂ ਤੀਕ ਕਿ ਜਦੋਂ ਤੁਸੀਂ ਬੇੜੀਆਂ ਵਿਚ ਸਵਾਰ ਹੋ ਕੇ ਅਨੁਕੂਲ ਹਵਾ 'ਤੇ ਹੱਸਦੇ-ਖੇਡਦੇ ਸਫ਼ਰ ਕਰ ਰਹੇ ਹੁੰਦੇ ਹੋ ਫੇਰ ਅਚਣਚੇਤ ਤੇਜ਼ ਝੱਖੜ ਝੁੱਲ ਪੈਂਦਾ ਹੈ ਤੇ ਹਰ ਪਾਸਿਓ ਲਹਿਰਾਂ ਦੀਆਂ ਚਪੇੜਾਂ ਪੈਣ ਲੱਗਦੀਆਂ ਹਨ ਅਤੇ ਮੁਸਾਫ਼ਰ ਸਮਝ ਲੈਂਦੇ ਹਨ ਕਿ ਤੂਫ਼ਾਨ ਦੇ ਘੇਰੇ ਵਿੱਚ ਫਸ ਗਏ।[31]

---

'Ilah' are of this category. it is the Ilah in Arabic which assumed the form of Allah and was applied exclusively to the Creator of the Universe. *Tarjuman-al-Quran*, vol-1, p- 15.

29 *ਕੁਰਆਨ ਮਜੀਦ*, ਪੰਨਾ-1207.

30 112:1-4.

31 10: 22-23.

ਪਵਿੱਤਰ ਕੁਰਆਨ ਸਵਾਲ ਅਤੇ ਜਵਾਬ ਦੇ ਲਹਿਜੇ ਵਿਚ ਅੱਲਾਹ ਦੀ ਮਹਾਨਤਾ ਨੂੰ ਦ੍ਰਿੜ ਕਰਾਉਂਦਾ ਹੈ:

> ਉਹਨਾਂ ਤੋਂ ਪੁੱਛੋ, ਕੌਣ ਤੁਹਾਨੂੰ ਅਸਮਾਨੋਂ ਤੇ ਧਰਤੀ 'ਚੋਂ ਰੋਜ਼ੀ ਦਿੰਦਾ ਹੈ? ਇਹ ਸੁਣਨ ਤੇ ਵੇਖਣ ਸ਼ਕਤੀਆਂ ਕਿਸਦੇ ਅਧਿਕਾਰ ਹੇਠ ਹਨ? ਕੌਣ ਨਿਰਜੀਵ ਵਿਚੋਂ ਸਜੀਵ ਨੂੰ ਅਤੇ ਸਜੀਵ ਵਿਚੋਂ ਨਿਰਜੀਵ ਨੂੰ ਕੱਢਦਾ ਹੈ? ਕੌਣ ਇਸ ਜਗਤ ਵਿਵਸਥਾ ਦਾ ਉਪਾ ਕਰ ਰਿਹਾ ਹੈ? ਉਹ ਅਵੱਸ਼ ਆਖਣਗੇ ਕਿ ਅੱਲਾਹ। ਆਖੋ, ਫੇਰ ਤੁਸੀਂ (ਇਸ ਤੱਥ ਦੇ ਵਿਰੁੱਧ ਨੀਤੀ ਅਪਣਾਉਣੋਂ) ਪਰਹੇਜ਼ ਨਹੀਂ ਕਰਦੇ? ਫੇਰ ਤਾਂ ਇਹੋ ਅੱਲਾਹ ਤੁਹਾਡਾ ਸੱਚਾ ਮਾਲਕ ਹੈ। ਫੇਰ ਸੱਚ ਮਗਰੋਂ ਗੁੰਮਰਾਹੀ ਤੋਂ ਛੁੱਟ ਹੋਰ ਕੀ ਬਾਕੀ ਰਹਿ ਗਿਆ? ਆਖ਼ਰ ਇਹ ਤੁਸੀਂ ਕਿੱਧਰ ਮੋੜੇ ਜਾਂਦੇ ਹੋ? (ਹੇ ਨਬੀ! ਵੇਖੋ) ਇਸ ਤਰ੍ਹਾਂ ਅਵੱਗਿਆਕਾਰਾਂ 'ਤੇ ਤੁਹਾਡੇ ਰੱਬ ਦੀ ਗੱਲ ਠੀਕ ਢੁਕ ਗਈ ਕਿ ਉਹ ਕਦੇ ਵੀ ਨਹੀਂ ਮੰਨਣਗੇ।[32]

ਪਵਿੱਤਰ ਕੁਰਆਨ ਦੱਸਦਾ ਹੈ ਕਿ ਅੱਲਾਹ ਹੀ ਤੁਹਾਨੂੰ ਰੋਜ਼ੀ ਦਿੰਦਾ ਹੈ। ਮਨੁੱਖ ਨਾਸ਼ੁਕਰੇ ਹਨ ਜਦੋਂ ਉਨ੍ਹਾਂ ਉਪਰ ਬਿਪਤਾ ਪੈਂਦੀ ਹੈ ਤਾਂ ਉਹ ਕੇਵਲ ਅੱਲਾਹ ਦਾ ਸਹਾਰਾ ਤੱਕਦੇ ਹਨ ਪਰ ਜਦੋਂ ਬਿਪਤਾ ਚੋਂ ਬਾਹਰ ਆਉਂਦੇ ਹਨ ਤਾਂ ਹੋਰ ਸ਼ਕਤੀਆਂ ਦੀ ਪੂਜਾ ਕਰਦੇ ਹਨ :

> ਤੁਹਾਡਾ (ਸੱਚਾ) ਰੱਬ ਤਾਂ ਉਹ ਹੈ ਜਿਹੜਾ ਸਮੁੰਦਰ ਵਿੱਚ ਤੁਹਾਡੀ ਕਿਸ਼ਤੀ ਤੋਰਦਾ ਹੈ ਤਾਂ ਜੋ ਤੁਸੀਂ ਉਹਦੇ ਫ਼ਜ਼ਲ (ਰੋਜ਼ੀ) ਦੀ ਭਾਲ ਕਰ ਸਕੋ। ਵਾਸਤਵ ਵਿੱਚ ਉਹ ਤੁਹਾਡੇ ਹਾਲ 'ਤੇ ਅਤਿਅੰਤ ਮਿਹਰਬਾਨ ਹੈ। ਜਦੋਂ ਸਮੁੰਦਰ ਵਿੱਚ ਤੁਹਾਡੇ ਉੱਤੇ ਭੀੜ ਬਣਦੀ ਹੈ ਤਾਂ ਉਸ ਇੱਕੋ-ਇੱਕ ਤੋਂ ਛੁੱਟ ਹੋਰ ਜਿਹਨਾਂ-ਜਿਹਨਾਂ ਨੂੰ ਤੁਸੀਂ ਸੱਦਿਆ ਕਰਦੇ ਹੋ, ਉਹ ਸਾਰੇ ਵਿਸਰ ਜਾਂਦੇ ਹਨ, ਪਰ ਜਦੋਂ ਉਹ ਤੁਹਾਨੂੰ ਬਚਾ ਕੇ ਕੰਢੇ ਲਾਉਂਦਾ ਹੈ ਤਾਂ ਤੁਸੀਂ ਉਸਤੋਂ ਮੂੰਹ ਮੋੜ ਜਾਂਦੇ ਹੋ।[33]

ਪਵਿੱਤਰ ਕੁਰਆਨ ਦੱਸਦਾ ਹੈ ਕਿ ਲੋਕਾਂ ਨੂੰ ਇਸ ਸੱਚ ਦਾ ਪਤਾ ਵੀ ਹੈ ਕਿ ਕਾਇਨਾਤ ਦਾ ਮਾਲਕ ਕੇਵਲ ਇੱਕ ਅੱਲਾਹ ਹੈ ਪਰ ਇਹ ਲੋਕ ਯਕੀਨ ਨਹੀਂ ਕਰਦੇ। ਜੇਕਰ ਰੱਬ ਇੱਕ ਨਾ ਹੁੰਦਾ ਤਾਂ ਹਰੇਕ ਇਸ਼ਟ ਦੀ ਅਲੱਗ ਸ੍ਰਿਸ਼ਟੀ ਹੁੰਦੀ ਅਤੇ ਇਹ ਤਾਕਤਾਂ ਇਕ-ਦੂਜੇ ਨਾਲ ਲੜਦੀਆਂ ਰਹਿੰਦੀਆਂ। ਇਸ ਖਿਆਲ ਦੀ ਸਪਸ਼ਟਤਾ ਲਈ ਅੱਗੇ ਆਇਤਾਂ ਪੇਸ਼ ਹਨ :

> ਇਹਨਾਂ ਨੂੰ ਆਖੋ ਕਿ ਦੱਸੋ ਜੇ ਤੁਸੀਂ ਜਾਣਦੇ ਹੋ ਕਿ ਇਹ ਧਰਤੀ ਤੇ ਇਸਦੀ ਸਾਰੀ ਵਸੋਂ ਕਿਸਦੀ ਹੈ? ਇਹ ਜ਼ਰੂਰ ਆਖਣਗੇ, "ਅੱਲਾਹ ਦੀ।" ਆਖੋ ਫੇਰ ਤੁਸੀਂ ਸੁਰਤ ਵਿਚ ਕਿਉਂ ਨਹੀਂ ਆਉਂਦੇ? ਇਹਨਾਂ ਤੋਂ ਪੁੱਛੋ, ਸੱਤਾਂ ਅਸਮਾਨਾਂ ਦਾ ਅਤੇ ਵੱਡੇ ਅਰਸ਼ ਦਾ ਮਾਲਕ ਕੌਣ ਹੈ? ਇਹ ਜ਼ਰੂਰ ਆਖਣਗੇ, "ਅੱਲਾਹ।" ਆਖੋ, ਫੇਰ ਤੁਸੀਂ ਡਰਦੇ ਕਿਉਂ ਨਹੀਂ? ਇਹਨਾਂ ਨੂੰ ਆਖੋ, ਦੱਸੋ ਜੇ ਤੁਸੀਂ ਜਾਣਦੇ ਹੋ ਕਿ ਹਰੇਕ ਚੀਜ਼ ਉੱਤੇ ਪ੍ਰਭਤਾ ਕਿਸਦੀ ਹੈ? ਇਹ ਅਵੱਸ਼ ਆਖਣਗੇ ਕਿ "ਇਹ ਗੱਲ ਤਾਂ ਅੱਲਾਹ ਲਈ ਹੀ ਹੈ।" ਆਖੋ, ਫੇਰ ਕਿਧਰੋਂ ਤੁਹਾਨੂੰ ਧੋਖਾ ਲੱਗਦਾ ਹੈ? ਜੋ ਸਚਾਈ ਹੈ, ਉਹ ਅਸੀਂ ਇਹਨਾਂ ਦੇ ਸਾਹਮਣੇ ਲੈ ਆਏ ਹਾਂ ਅਤੇ ਨਿਰਸੰਦੇਹ ਇਹ ਲੋਕ ਝੂਠੇ ਹਨ। ਅੱਲਾਹ ਨੇ ਕਿਸੇ ਨੂੰ ਆਪਣੀ ਔਲਾਦ ਨਹੀਂ ਬਣਾਇਆ ਹੈ ਅਤੇ ਕੋਈ ਦੂਜਾ ਇਸ਼ਟ ਉਸਦੇ ਨਾਲ ਨਹੀਂ ਹੈ। ਜੇਕਰ ਅਜਿਹਾ ਹੁੰਦਾ ਤਾਂ ਹਰੇਕ ਇਸ਼ਟ ਆਪਣੀ ਸਰਿਸ਼ਟੀ ਨੂੰ ਲੈ ਕੇ ਅੱਡ ਹੋ ਜਾਂਦਾ ਅਤੇ ਫੇਰ ਉਹ ਇੱਕ ਦੂਜੇ ਉੱਤੇ ਚੜ੍ਹਾਈ ਕਰ ਦਿੰਦੇ। ਪਾਕ ਹੈ ਅੱਲਾਹ ਉਹਨਾਂ ਗੱਲਾਂ ਤੋਂ ਜੋ ਇਹ ਲੋਕ ਜੋੜਦੇ ਹਨ, ਪਰਗਟ ਤੇ ਗੁਪਤ ਦਾ ਜਾਣਨਹਾਰ, ਉਹ ਬਹੁਤ ਉਚੇਰਾ ਹੈ ਉਹਨਾਂ ਨਾਲੋਂ ਜਿਹਨਾਂ ਨੂੰ ਇਹ ਉਸਦੀ ਬਰਾਬਰੀ ਦਿੰਦੇ ਹਨ।[34]

ਸਾਡੇ ਆਲੇ-ਦੁਆਲੇ ਵਰਤਦੀਆਂ ਘਟਨਾਵਾਂ ਪਿਛੇ ਅੱਲਾਹ ਹੈ। ਸੂਰਜ ਦਾ ਚੜ੍ਹਨਾ, ਢਲਣਾ, ਹਵਾਵਾਂ ਦਾ ਚਲਣਾ, ਰੁਕਣਾ ਅੱਲਾਹ ਦੇ ਹੁਕਮ ਕਰਕੇ ਹੈ:

---

[32] 10: 31-33.

[33] 17:66-67.

[34] 23: 84-92.

> ਜੇ ਤੁਸੀਂ ਇਹਨਾਂ ਲੋਕਾਂ ਤੋਂ ਪੁੱਛੋ ਕਿ ਧਰਤੀ ਤੇ ਆਕਾਸ਼ਾਂ ਨੂੰ ਕਿਸ ਨੇ ਸਾਜਿਆ ਹੈ ਅਤੇ ਚੰਨ ਤੇ ਸੂਰਜ ਨੂੰ ਕਿਸ ਨੇ ਕਾਬੂ ਹੇਠ ਕਰ ਰੱਖਿਆ ਹੈ ਤਾਂ ਇਹ ਜ਼ਰੂਰ ਆਖਣਗੇ ਕਿ ਅੱਲਾਹ ਨੇ। ਫਿਰ ਇਹ ਕਿਧਰੋਂ ਧੋਖਾ ਖਾ ਰਹੇ ਹਨ? ਅੱਲਾਹ ਹੀ ਹੈ ਜੋ ਆਪਣੇ ਬੰਦਿਆਂ ਵਿੱਚੋਂ ਜਿਸਨੂੰ ਚਾਹੁੰਦਾ ਹੈ ਰੋਜ਼ੀ ਦੀ ਖੁੱਲ੍ਹ ਦਿੰਦਾ ਹੈ ਤੇ ਜਿਸਨੂੰ ਚਾਹੁੰਦਾ ਹੈ ਤੰਗੀ ਦਿੰਦਾ ਹੈ। ਨਿਰਸੰਦੇਹ ਅੱਲਾਹ ਹਰ ਕਾਸੇ ਦਾ ਜਾਣਨਹਾਰ ਹੈ। ਜੇ ਤੁਸੀਂ ਇਹਨਾਂ ਤੋਂ ਪੁੱਛੋ, ਕਿਸਨੇ ਆਕਾਸ਼ੋ ਪਾਣੀ ਵਰਾਇਆ ਤੇ ਉਸ ਰਾਹੀਂ ਮਰੀ ਪਈ ਧਰਤੀ ਨੂੰ ਮੁੜ ਸੁਰਜੀਤ ਕੀਤਾ? ਤਾਂ ਉਹ ਜ਼ਰੂਰ ਕਹਿਣਗੇ ਕਿ ਅੱਲਾਹ ਨੇ। ਆਖੋ, ਸੋਭਾ ਅੱਲਾਹ ਲਈ ਹੀ ਹੈ ਪਰ ਇਹਨਾਂ ਵਿੱਚੋਂ ਵਧੇਰੇ ਲੋਕ ਸਮਝਦੇ ਨਹੀਂ ਹਨ।[35]

> ਜੇ ਤੁਸੀਂ ਇਹਨਾਂ ਕੋਲੋਂ ਪੁੱਛੋ ਕਿ ਇਹਨਾਂ ਨੂੰ ਕਿਸਨੇ ਸਾਜਿਆ ਹੈ ਤਾਂ ਇਹ ਆਪ ਆਖਣਗੇ ਕਿ ਅੱਲਾਹ ਨੇ। ਫੇਰ ਕਿਥੋਂ ਇਹ ਧੋਖਾ ਖਾ ਰਹੇ ਹਨ? ਸਹੁੰ ਹੈ ਰਸੂਲ ਦੇ ਇਸ ਕਥਨ ਦੀ ਕਿ ਹੇ ਰੱਬਾ, ਇਹ ਲੋਕ ਹਨ ਜਿਹੜੇ ਮੰਨਦੇ ਹੀ ਨਹੀਂ।[36]

ਉਪਰੋਕਤ ਆਇਤ ਦਾ ਖੁਲਾਸਾ ਕਰਦਿਆਂ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਭਾਵ ਇਹ ਹੈ ਕਿ ਸਹੁੰ ਹੈ ਪੈਗੰਬਰ ਦੇ ਇਸ ਕਥਨ ਦੀ ਕਿ ਹੇ ਰੱਬਾ ਇਹ ਲੋਕ ਹਨ ਜਿਹੜੇ ਮੰਨਦੇ ਹੀ ਨਹੀਂ" ਕਿਹੋ ਜਿਹਾ ਧੋਖਾ ਇਹ ਲੋਕ ਖਾ ਰਹੇ ਹਨ ਕਿ ਆਪ ਮੰਨਦੇ ਹਨ ਕਿ ਇਨ੍ਹਾਂ ਦਾ ਅਤੇ ਇਨ੍ਹਾਂ ਦੇ ਇਸ਼ਟਾਂ ਦਾ ਸਿਰਜਣਹਾਰ ਅੱਲਾਹ ਤਆਲਾ ਹੀ ਹੈ ਤੇ ਫੇਰ ਵੀ ਰਚਨਹਾਰ ਨੂੰ ਛੱਡ ਕੇ ਰਚਨਾ ਦੀ ਪੂਜਾ ਕਰਦੇ 'ਤੇ ਅੜੇ ਹੋਏ ਹਨ।[37]

ਕਈ ਲੋਕ ਅੱਲਾਹ ਨੂੰ ਭਿਆਨਕ ਦੱਸਦੇ ਹਨ ਪਰੰਤੂ ਕੁਰਆਨ ਦੀ ਹਰ ਸੂਰਤ ਤੋਂ ਪਹਿਲਾਂ ਅੱਲਾਹ ਦੀ ਰਹਿਮੀਅਤ ਬਾਰੇ ਦੱਸਿਆ ਗਿਆ ਹੈ। ਅੱਲਾਹ ਨਰਮ, ਮਿਹਰ ਕਰਨ ਵਾਲਾ ਹੈ :

> ਮਨੁੱਖਾਂ ਨੇ ਰੱਬ ਨੂੰ ਸਮਝਣ ਵਿਚ ਵੱਡੀ ਗ਼ਲਤੀ ਇਹ ਕੀਤੀ ਕਿ ਰੱਬ ਨੂੰ ਸਤਿਕਾਰ ਦੇਣ ਸਮੇਂ ਉਸਨੂੰ ਪਿਆਰ ਵਾਲਾ ਰੱਬ ਨਹੀਂ ਡਰਾਉਣ ਵਾਲਾ ਰੱਬ ਸਮਝਿਆ। ਪਰੰਤੂ ਕੁਰਆਨ ਦੀ ਪਹਿਲੀ ਸੂਰਤ ਦਾ ਪਹਿਲਾਂ ਸ਼ਬਦ ਅੱਲਾਹ ਦੀ ਵਡਿਆਈ ਕਰੋ, ਨਾਲ ਸ਼ੁਰੂ ਹੁੰਦਾ ਹੈ।[38]

ਮੁਹਤਬਰ ਰਵਾਇਤਾਂ ਦੱਸਦੀਆਂ ਹਨ ਕਿ ਸਮਾਂ ਪਾ ਕੇ ਹ. ਇਬਰਾਹੀਮ (ਅ.) ਤੋਂ ਬਾਅਦ ਖ਼ਾਨਾ-ਏ-ਕਾਅਬਾ ਵਿੱਚ ਭਾਂਤ-ਭਾਂਤ ਦੇ ਦੇਵਤਿਆਂ ਦੇ ਬੁੱਤਾਂ ਦੀ ਪੂਜਾ ਸ਼ੁਰੂ ਹੋ ਗਈ ਸੀ। ਝੂਠੇ ਇਸ਼ਟਾਂ ਬਾਰੇ *ਕੁਰਆਨ* ਦਾ ਕਥਨ ਹੈ:

> ਇੱਕ ਉਦਾਹਰਣ ਦਿੱਤੀ ਜਾਂਦੀ ਹੈ, ਕੰਨ ਲਾ ਕੇ ਸੁਣੋ। ਅੱਲਾਹ ਨੂੰ ਛੱਡ ਕੇ ਜਿਹਨਾਂ ਨੂੰ ਤੁਸੀਂ ਸੱਦਦੇ ਹੋ ਉਹ ਸਭ ਰਲ ਮਿਲ ਕੇ ਇੱਕ ਮੱਖੀ ਵੀ ਪੈਦਾ ਕਰਨਾ ਚਾਹੁਣ ਤਾਂ ਨਹੀਂ ਕਰ ਸਕਦੇ। ਸਗੋਂ ਜੇ ਮੱਖੀ ਉਹਨਾਂ ਕੋਲੋਂ ਕੋਈ ਚੀਜ਼ ਖੋਹ ਕੇ ਲੈ ਜਾਵੇ ਤਾਂ ਉਹ ਉਸਨੂੰ ਛੁੜਾ ਵੀ ਨਹੀਂ ਸਕਦੇ। ਸਹਾਇਤਾ ਮੰਗਣ ਵਾਲੇ ਵੀ ਕਮਜ਼ੋਰ ਅਤੇ ਜਿਹਨਾਂ ਕੋਲੋਂ ਸਹਾਇਤਾ ਮੰਗੀ ਜਾਂਦੀ ਹੈ ਉਹ ਵੀ ਕਮਜ਼ੋਰ। ਇਹਨਾਂ ਲੋਕਾਂ ਨੇ ਅੱਲਾਹ ਦੀ ਕਦਰ ਹੀ ਨਾ ਪਛਾਣੀ ਜਿਵੇਂ ਕਿ ਉਸਨੂੰ ਪਛਾਣਨ ਦਾ ਹੱਕ ਬਣਦਾ ਹੈ। ਬੇਸ਼ੱਕ ਜ਼ੋਰਾਵਰ ਤੇ ਇੱਜ਼ਤ ਵਾਲਾ ਤਾਂ ਅੱਲਾਹ ਹੀ ਹੈ।[39]

---

[35] 29: 61-63.

[36] 43: 87-88.

[37] *ਕੁਰਆਨ ਮਜੀਦ*, ਫੁੱਟ ਨੋਟ ਨੰ. 19, ਪੰਨਾ-852.

[38] The great mistake that man has made in his approach to the Concept of God is that he has very often regarded God as the God, not to Love, but of terror. The very first word of The Chapter sets right this age-long deviation from truth. It begins with Hamd or the Praise of God. Azad. The *Tarjuman-Al-Qura'n*, vol-1, p- 8.

[39] 22:73-74.

ਬੰਦਗੀ ਲਈ ਸਭਤੋਂ ਪਹਿਲਾਂ ਈਮਾਨ ਇਹ ਹੈ ਕਿ ਅੱਲਾਹ ਇੱਕ, ਸਰਬ ਸ਼ਕਤੀਮਾਨ, ਸਮਰੱਥ, ਜਾਨਣਹਾਰ, ਰਹਿਮ ਫਰਮਾਉਣ ਵਾਲਾ ਅਤੇ ਹਰ ਥਾਂ ਵਿਆਪਕ ਹੈ। ਕੁਰਆਨ ਵਿਚ ਬੰਦਗੀ ਇਕ ਰੱਬ ਦੀ ਬੰਦਗੀ ਹੈ। ਸਾਰੀ ਵਡਿਆਈ ਉਸ ਲਈ ਹੈ, ਉਹ ਸੁਹਣੇ ਨਾਵਾਂ ਵਾਲਾ ਹੈ:

> ਉਹ ਅੱਲਾਹ ਹੀ ਹੈ, ਉਸ ਤੋਂ ਛੁੱਟ ਕੋਈ ਇਸ਼ਟ ਨਹੀਂ ਤੇ ਉਸਦੇ ਲਈ ਬਹੁਤ ਸੁਹਣੇ ਨਾਂ ਹਨ।[40]

ਰੱਬ ਮਨੁੱਖਾਂ ਨੂੰ ਤੰਗੀਆਂ ਦੇ ਕੇ ਵੀ ਪ੍ਰੀਖਿਆ ਲੈਂਦਾ ਹੈ ਜੋ ਬੰਦਾ ਦੁਖ ਵਿਚ ਵੀ ਰੱਬ ਦਾ ਆਸਰਾ ਨਹੀਂ ਛੱਡਦਾ ਉਹ ਹੀ ਅਸਲ ਸੇਵਕ ਹੈ:

> ਇਹਨਾਂ ਹਾਲਤਾਂ ਵਿੱਚ ਜਿਹੜੇ ਲੋਕ ਜਮੇ ਰਹਿਣ ਅਤੇ ਜਦ ਕੋਈ ਮੁਸੀਬਤ ਆਵੇ ਤਾਂ ਆਖਣ ਕਿ "ਅਸੀਂ ਅੱਲਾਹ ਦੇ ਹੀ ਹਾਂ ਅਤੇ ਅੱਲਾਹ ਵੱਲ ਹੀ ਅਸਾਂ ਪਰਤਕੇ ਜਾਣਾ ਹੈ।"[41]

ਉਸਨੇ ਧਰਤੀ ਅਤੇ ਆਕਾਸ਼ ਸਾਜੇ, ਚਾਨਣ ਅਤੇ ਹਨੇਰੇ ਨੂੰ ਬਣਾਇਆ, ਚੰਨ ਦਾ ਘਟਣਾ ਅਤੇ ਵਧਣਾ ਉਸਦੇ ਹੱਥ ਵਿਚ ਹੈ। ਉਹ ਕਾਹਲੀ ਨਹੀਂ ਕਰਦਾ। ਸ੍ਰਿਸ਼ਟੀ ਵਿਚ ਭਿੰਨ-ਭਿੰਨ ਜੀਵਾਂ ਦੀਆਂ ਵੰਨਗੀਆਂ ਅੱਲਾਹ ਦੇ ਜਲਾਲ ਕਰਕੇ ਹਨ:

> ਅੱਲਾਹ ਨੇ ਹਰੇਕ ਜੀਅ ਜੰਤ ਨੂੰ ਇੱਕ ਤਰ੍ਹਾਂ ਦੇ ਪਾਣੀ ਤੋਂ ਸਾਜਿਆ। ਕੋਈ ਢਿੱਡ ਪਰਨੇ ਰਿੜ੍ਹਦਾ ਪਿਆ ਹੈ ਤੇ ਕੋਈ ਦੋ ਲੱਤਾਂ ਦੇ ਭਾਰ ਅਤੇ ਕੋਈ ਚਹੁੰਆਂ ਲੱਤਾਂ ਦੇ ਭਾਰ। ਜੋ ਕੁਝ ਚਾਹੁੰਦਾ ਹੈ ਪੈਦਾ ਕਰਦਾ ਹੈ, ਉਹ ਹਰ ਕਾਸੇ ਦੇ ਸਮਰੱਥ ਹੈ।[42]

ਸਵਰਗ ਅਤੇ ਧਰਤੀ ਦਾ ਰਚੈਤਾ ਹੈ, ਜੀਵਨ ਅਤੇ ਮੌਤ ਦੇਣ ਵਾਲਾ ਹੈ, ਧਨ ਪਦਾਰਥ ਦੇਣ ਵਾਲਾ ਹੈ, ਹਨੇਰਿਆਂ ਵਿਚ ਰਾਹ ਦਿਖਾਉਣ ਵਾਲਾ ਹੈ, ਉਹ ਲਾ-ਸ਼ਰੀਕ ਹੈ, ਬਦਲਾ ਲੈਣ ਵਾਲਾ ਅਤੇ ਸੁਹਣੇ ਰੰਗਾਂ ਵਾਲਾ ਹੈ:

> ਆਖੋ, "ਅੱਲਾਹ ਦੇ ਰੰਗ ਵਿਚ ਰੰਗੇ ਜਾਓ। ਉਸਦੇ ਰੰਗ ਤੋਂ ਸੋਹਣਾ ਹੋਰ ਕਿਸ ਦਾ ਰੰਗ ਹੋਵੇਗਾ? ਅਤੇ ਅਸੀਂ ਉਸੇ ਦੀ ਬੰਦਗੀ ਕਰਨ ਵਾਲੇ ਹਾਂ।"[43]

ਸੱਚੇ ਇਕਰਾਰ ਵਾਲਾ ਹੈ ਅਤੇ ਉਸਦੇ ਕੀਤੇ ਨੂੰ ਕੋਈ ਬਦਲ ਨਹੀਂ ਸਕਦਾ। ਪਵਿੱਤਰ ਕੁਰਆਨ ਦੱਸਦਾ ਹੈ ਕਿ ਯਿਸੂ ਰੱਬ ਦਾ ਪੁੱਤਰ ਨਹੀਂ ਹੈ। ਬਲਕਿ ਅੱਲਾਹ ਕਿਸੇ ਦਾ ਪਿਤਾ ਅਤੇ ਕੋਈ ਅੱਲਾਹ ਦੀ ਸੰਤਾਨ ਨਹੀਂ ਹੈ। ਤੌਹੀਦ ਦੇ ਸਿਧਾਂਤ ਨਾਲ ਅੱਲਾਹ ਦੇ ਸਰੂਪ ਨੂੰ ਨਿਖਾਰਿਆ ਗਿਆ ਹੈ।

> ਇਹ ਰਾਤ, ਦਿਨ, ਸੂਰਜ ਤੇ ਚੰਨ ਅੱਲਾਹ ਦੀਆਂ ਨਿਸ਼ਾਨੀਆਂ ਵਿੱਚੋਂ ਹਨ। ਸੂਰਜ ਤੇ ਚੰਨ ਮੱਥਾ ਨਾ ਟੇਕਿਆ ਕਰੋ ਸਗੋਂ ਉਸ ਅੱਲਾਹ ਨੂੰ ਸਿਜਦਾ ਕਰੋ ਜਿਸਨੇ ਉਹਨਾਂ ਨੂੰ ਸਾਜਿਆ ਹੈ ਜੇ ਤੁਸੀਂ ਅਸਲੋਂ ਉਸੇ ਦੀ ਉਪਾਸ਼ਨਾ ਕਰਨ ਵਾਲੇ ਹੋ। ਪਰ ਜੇਕਰ ਇਹ ਲੋਕ ਹੰਕਾਰ ਵਿੱਚ ਆ ਕੇ ਆਪਣੀ ਗੱਲ 'ਤੇ ਅੜੇ ਰਹਿਣ ਤਾਂ ਪਰਵਾਹ ਨਹੀਂ। ਜਿਹੜੇ ਫ਼ਰਿਸ਼ਤੇ ਤੇਰੇ ਰੱਬ ਦੇ ਨਿਕਟ-ਵਰਤੀ ਹਨ ਉਹ ਰਾਤ ਦਿਨ ਉਸ ਦਾ ਸਿਮਰਨ ਕਰ ਰਹੇ ਹਨ ਅਤੇ ਕਦੇ ਨਹੀਂ ਥੱਕਦੇ।[44]

---

[40] 20:8.
[41] 2:156.
[42] 24:45.
[43] 2:138.
[44] 41: 37-38.

ਅਸੀਂ ਕੁਰਆਨ ਦੇ ਹਵਾਲੇ ਨਾਲ ਕਹਿ ਸਕਦੇ ਹਾਂ ਕਿ ਅੱਲਾਹ ਦੀ ਸਿਫਤ ਅਤਕਥਨੀ ਹੈ। *ਸੂਰਤ ਲੁਕਮਾਨ* ਦਾ ਕਥਨ ਹੈ:

> ਹੇ ਨਬੀ ! ਆਖੋ ਕਿ ਜੇ ਸਮੁੰਦਰ ਮੇਰੇ ਰੱਬ ਦੀਆਂ ਗੱਲਾਂ ਲਿਖਣ ਲਈ ਸਿਆਹੀ ਬਣ ਜਾਵੇ ਤਾਂ ਉਹ ਨਿਬੜ ਜਾਵੇਗਾ ਪਰ ਮੇਰੇ ਰੱਬ ਦੀਆਂ ਗੱਲਾਂ ਮੁੱਕਣ ਵਿਚ ਨਹੀਂ ਆਉਣਗੀਆਂ, ਸਗੋਂ ਜੇ ਉਨੀ ਹੀ ਸਿਆਹੀ ਅਸੀਂ ਹੋਰ ਲੈ ਆਈਏ ਤਾਂ ਫੇਰ ਵੀ ਪੂਰੀ ਨਾ ਪਵੇ।[45]

## ਅੱਲਾਹ ਦਾ ਸਰੂਪ

*ਕੁਰਆਨ* ਵਿਚ ਅਨੇਕ ਅਜਿਹੀਆਂ ਆਇਤਾਂ ਹਨ ਜਿੰਨ੍ਹਾਂ ਤੋਂ ਅੱਲਾਹ ਦਾ ਸਮੁੱਚਾ ਸਰੂਪ ਇੱਕ ਥਾਂ ’ਤੇ ਨਜ਼ਰ ਆਉਂਦਾ ਹੈ। ਅੱਲਾਹ ਦਾ ਸਰੂਪ ਅਤੇ ਉਸਦੇ ਗੁਣ ਹੇਠ ਲਿਖੇ ਅਨੁਸਾਰ ਹਨ:

> ਦਾਣੇ ਅਤੇ ਗਿਟਕ ਨੂੰ ਫੁਟਾਉਣ ਵਾਲਾ ਅੱਲਾਹ ਹੈ। ਉਹੀ ਜਿਉਂਦੇ ਨੂੰ ਮੁਰਦੇ ਵਿੱਚੋਂ ਕੱਢਦਾ ਹੈ ਅਤੇ ਓਹੀ ਮੁਰਦੇ ਨੂੰ ਜਿਉਂਦੇ ਵਿਚੋਂ ਬਾਹਰ ਕੱਢਣ ਵਾਲਾ ਹੈ। ਇਹ ਸਾਰੇ ਕੰਮ ਕਰਨ ਵਾਲਾ ਤਾਂ ਅੱਲਾਹ ਹੈ, ਫੇਰ ਤੁਸੀਂ ਕਿਧਰ ਭਟਕੇ ਤੁਰੇ ਜਾ ਰਹੇ ਹੋ=;ਵਸ ਰਾਤ ਦੀ ਲੋਈ ਨੂੰ ਪਾਟ ਕੇ ਉਹੀ ਸਵੇਰ ਪਰਗਟ ਕਰਦਾ ਹੈ, ਉਸ ਨੇ ਰਾਤ ਨੂੰ ਆਰਾਮ ਦਾ ਵੇਲਾ ਬਣਾਇਆ ਹੈ। ਉਸ ਨੇ ਚੰਨ ਤੇ ਸੂਰਜ ਦੇ ਚੜ੍ਹਨ ਅਤੇ ਡੁੱਬਣ ਦਾ ਹਿਸਾਬ ਨਿਯਤ ਕੀਤਾ ਹੈ। ਇਹ ਸਾਰੇ ਉਸੇ ਜ਼ੋਰਾਵਰ, ਸਮਰੱਥਾ ਰੱਖਣ ਵਾਲੇ ਤੇ ਜਾਣਨਹਾਰ ਦੇ ਨਿਸ਼ਚਿਤ ਕੀਤੇ ਹੋਏ ਅਨੁਮਾਨ ਹਨ ਅਤੇ ਉਹੀ ਹੈ ਜਿਸਨੇ ਤੁਹਾਡੇ ਲਈ ਤਾਰਿਆਂ ਨੂੰ ਥਲ ਤੇ ਸਮੁੰਦਰ ਦੇ ਹਨੇਰਿਆਂ ਵਿੱਚ ਰਸਤਾ ਮਾਲੂਮ ਕਰਨ ਦਾ ਸਾਧਨ ਬਣਾਇਆ। ਵੇਖੋ ਅਸਾਂ ਨਿਸ਼ਾਨੀਆਂ ਵਿਸਥਾਰ ਨਾਲ ਵਰਣਨ ਕਰ ਦਿੱਤੀਆਂ ਹਨ ਉਹਨਾਂ ਲੋਕਾਂ ਲਈ ਜਿਹੜੇ ਗਿਆਨਵਾਨ ਹਨ। ਉਹੀ ਹੈ ਜਿਸਨੇ ਇੱਕ ਜਿੰਦ ਤੋਂ ਤੁਹਾਨੂੰ ਪੈਦਾ ਕੀਤਾ ਫੇਰ ਹਰੇਕ ਲਈ ਇੱਕ ਠਹਿਰਨ ਦਾ ਥਾਂ ਹੈ ਅਤੇ ਇੱਕ ਉਹਦੇ ਹਵਾਲੇ ਕੀਤੇ ਜਾਣ ਦਾ ਥਾਂ। ਇਹ ਨਿਸ਼ਾਨੀਆਂ ਅਸਾਂ ਸਪਸ਼ਟ ਕਰ ਦਿੱਤੀਆਂ ਹਨ ਉਹਨਾਂ ਲੋਕਾਂ ਲਈ ਜਿਹੜੇ ਸੂਝ-ਬੂਝ ਰੱਖਦੇ ਹਨ। ਉਹੀ ਹੈ ਜਿਸਨੇ ਅਕਾਸ਼ ਤੋਂ ਪਾਣੀ ਵਰ੍ਹਾਇਆ, ਫੇਰ ਉਸ ਰਾਹੀਂ ਹਰ ਪ੍ਰਕਾਰ ਦੀ ਬਨਸਪਤੀ ਉਗਾਈ, ਫੇਰ ਉਸ ਨਾਲ ਹਰੀਆਂ-ਭਰੀਆਂ ਪੈਲੀਆਂ ਅਤੇ ਬਿਰਛ ਪੈਦਾ ਕੀਤੇ, ਫੇਰ ਉਹਨਾਂ 'ਚੋਂ ਤਹਿ-ਬਤਹਿ ਚੜ੍ਹੇ ਹੋਏ ਦਾਣੇ ਕੱਢੇ ਅਤੇ ਖਜੂਰ ਦੇ ਗਾਭੇ 'ਚੋਂ ਫਲਾਂ ਦੇ ਗੁੱਛਿਆਂ ਦੇ ਗੁੱਛੇ ਪੈਦਾ ਕੀਤੇ ਜਿਹੜੇ ਭਾਰ ਕਾਰਨ ਝੁਕੇ ਜਾਂਦੇ ਹਨ। ਅੰਗੂਰ, ਜ਼ੈਤੂਨ ਤੇ ਅਨਾਰਾਂ ਦੇ ਬਾਗ਼ ਲਾਏ ਜਿਹਨਾਂ ਦੇ ਫ਼ਲ ਇੱਕ ਦੂਜੇ ਨਾਲ ਰਲਦੇ-ਮਿਲਦੇ ਵੀ ਹਨ ਅਤੇ ਹਰੇਕ ਦੀਆਂ ਵਿਸ਼ੇਸ਼ਤਾਵਾਂ ਅੱਡੋ-ਅੱਡਰੀਆਂ ਵੀ ਹਨ। ਇਹ ਬਿਰਛ ਜਦੋਂ ਫਲਦੇ ਹਨ ਤਾਂ ਇਹਨਾਂ ਵਿੱਚ ਫਲ ਆਉਣ ਤੇ ਫੇਰ ਉਹਨਾਂ ਦੇ ਪੱਕਣ ਦੀ ਦਸ਼ਾ ਵੱਲ ਰਤਾ ਗਹੁ ਨਾਲ ਵੇਖੋ, ਇਹਨਾਂ ਚੀਜ਼ਾਂ ਵਿੱਚ ਨਿਸ਼ਾਨੀਆਂ ਹਨ ਉਹਨਾਂ ਲੋਕਾਂ ਲਈ ਜਿਹੜੇ ਮੰਨ ਲੈਂਦੇ ਹਨ। ਇਸ ਤੇ ਵੀ ਲੋਕਾਂ ਨੇ ਜਿੰਨਾਂ ਨੂੰ ਅੱਲਾਹ ਦਾ ਸ਼ਰੀਕ ਬਣਾ ਦਿੱਤਾ, ਜਦੋਂ ਕਿ ਉਹ ਉਹਨਾਂ ਦਾ ਸਲਾਹਕਾਰ ਹੈ ਅਤੇ ਬਿਨਾਂ ਗਿਆਨ ਤੋਂ ਹੀ ਉਹਦੇ ਲਈ ਪੁੱਤਰ ਤੇ ਧੀਆਂ ਥਾਪ ਦਿੱਤੀਆਂ, ਜਦੋਂ ਕਿ ਉਹ ਨਿਰਲੇਪ ਤੇ ਉਚੇਰਾ ਹੈ ਉਹਨਾਂ ਗੱਲਾਂ ਤੋਂ ਜਿਹੜੀਆਂ ਇਹ ਲੋਕ ਆਖਦੇ ਹਨ। ਉਹ ਤਾਂ ਅਕਾਸ਼ਾਂ ਅਤੇ ਧਰਤੀ ਦਾ ਕਾਢਕਾਰ ਹੈ। ਪੁੱਤਰ ਕਿਵੇਂ ਹੋ ਸਕਦਾ ਹੈ ਜਦੋਂ ਕਿ ਕੋਈ ਉਸਦੀ ਜੀਵਨ-ਸਾਥਣ ਹੀ ਨਹੀਂ ਹੈ। ਉਸਨੇ ਹਰੇਕ ਸ਼ੈਅ ਨੂੰ ਸਾਜਿਆ ਹੈ ਅਤੇ ਉਹ ਹਰੇਕ ਸ਼ੈਅ ਦਾ ਗਿਆਨ ਰੱਖਦਾ ਹੈ। ਇਹ ਹੈ ਅੱਲਾਹ ਤੁਹਾਡਾ ਰੱਬ, ਕੋਈ ਇਸ਼ਟ ਉਸ ਤੋਂ ਛੁੱਟ ਨਹੀਂ ਹੈ, ਹਰੇਕ ਚੀਜ਼ ਦਾ ਜਨਮ ਦਾਤਾ, ਇਸ ਲਈ ਤੁਸੀਂ ਉਸੇ ਦੀ ਬੰਦਗੀ ਕਰੋ ਅਤੇ ਉਹ ਹਰੇਕ ਚੀਜ਼ ਦਾ ਨਿਗਰਾਨ ਵੀ ਹੈ। ਨਜ਼ਰਾਂ ਉਸ ਤੀਕ ਨਹੀਂ ਪੁੱਜ ਸਕਦੀਆਂ ਪਰ ਉਹ ਨਜ਼ਰਾਂ ਤੀਕ ਪੁੱਜ ਜਾਂਦਾ ਹੈ, ਉਹ ਅਤਿਅੰਤ ਸੂਖਮਦਰਸ਼ੀ ਅਤੇ ਖ਼ਬਰਦਾਰ ਹੈ।[46]

ਧਰਤੀ, ਸੂਰਜ, ਚੰਨ, ਤਾਰਿਆਂ, ਪਹਾੜਾਂ, ਰੁੱਖਾਂ, ਪਸ਼ੂਆਂ ਸਮੇਤ ਦੁਨੀਆ ਦੀ ਹਰ ਸ਼ੈ ਅੱਲਾਹ ਅੱਗੇ ਸਿਜਦਾ ਕਰ ਰਹੀ ਹੈ। ਅੱਲਾਹ ’ਤੇ ਈਮਾਨ ਨਾਲ ਬੰਦੇ ਦੀ ਦੌੜ-ਭੱਜ ਖ਼ਤਮ ਹੋ ਜਾਂਦੀ ਹੈ। ਅਨੇਕ

---

[45] 18:109.

[46] 6: 95-103.

ਸ਼ਕਤੀਆਂ ਦੀ ਹੋਂਦ ਉਸ ਲਈ ਸਮੱਸਿਆ ਬਣੀ ਹੋਈ ਸੀ ਕਿ ਕਿਤੇ ਇਕ ਸ਼ਕਤੀ ਦੀ ਪੂਜਾ ਦੂਜੀ ਸ਼ਕਤੀ ਨੂੰ ਨਾਰਾਜ਼ ਨਾ ਕਰ ਦੇਵੇ।

### 2. ਫ਼ਰਿਸ਼ਤਿਆਂ 'ਤੇ ਈਮਾਨ

*ਕੁਰਆਨ* ਵਿਚ ਵਾਰ-ਵਾਰ ਫਰਿਸ਼ਤਿਆਂ ਉਪਰ ਯਕੀਨ ਕਰਨ ਦੀ ਗੱਲ ਆਖੀ ਗਈ ਹੈ। ਫ਼ਰਿਸ਼ਤੇ ਵੀ ਰੱਬ ਦੀ ਮਖਲੂਕ ਹਨ। ਰੱਬ ਨੇ ਜਿੰਨਾਂ ਨੂੰ ਅੱਗ ਦੀ ਲਾਟ ਤੋਂ, ਫ਼ਰਿਸ਼ਤਿਆਂ ਨੂੰ ਨੂਰ ਤੋਂ ਅਤੇ ਮਨੁੱਖ ਨੂੰ ਮਿੱਟੀ ਤੋਂ ਸਾਜਿਆ ਹੈ। ਜਦੋਂ ਰੱਬ ਨੇ ਮਨੁੱਖ ਦੀ ਸਿਰਜਣਾ ਕੀਤੀ ਤਾਂ ਫਰਿਸ਼ਤਿਆਂ ਅਤੇ ਜਿੰਨਾਂ ਨੇ ਮਨੁੱਖ ਦੀ ਪੈਦਾਇਸ ਉਪਰ ਇਤਰਾਜ਼ ਨਹੀਂ ਕੀਤਾ ਸੀ। ਦੂਜੇ ਪਾਸੇ ਜਿੰਨਾਂ ਚੋਂ ਸ਼ੈਤਾਨ (ਇਬਲੀਸ) ਨੇ ਮਨੁੱਖ ਦੀ ਸਿਰਜਣਾ 'ਤੇ ਇਤਰਾਜ਼ ਵੀ ਕੀਤਾ ਅਤੇ ਤਾ-ਉਮਰ ਉਸ ਨਾਲ ਵਿਰੋਧ ਕਰਨ ਦਾ ਪ੍ਰਣ ਵੀ ਲਿਆ। ਅੱਲਾਹ ਤਆਲਾ ਨੇ ਸਮੇਂ-ਸਮੇਂ ਫ਼ਰਿਸ਼ਤਿਆਂ ਨੂੰ ਧਰਤੀ 'ਤੇ ਮਨੁੱਖ ਦੀ ਰਹਿਨੁਮਾਈ ਕਰਨ ਲਈ ਭੇਜਿਆ। ਇਹ ਅੱਲਾਹ ਦੀ ਬੰਦਗੀ ਕਰਨ ਵਾਲੇ ਅਤੇ ਭਲੇ ਲੋਕ ਹਨ:

> ਫ਼ਰਿਸ਼ਤਿਆਂ (ਅੱਲਾਹ ਦਾ ਹੁਕਮ ਲਿਆਉਣ ਵਾਲੇ) ਉਤੇ ਸ਼ਰਧਾ ਲਿਆਉਣ ਦਾ ਮਨੋਰਥ ਇਹ ਹੈ ਕਿ ਉਨ੍ਹਾਂ ਦੀ ਹੋਂਦ ਨੂੰ ਮੰਨਿਆ ਜਾਵੇ ਤੇ ਇਹ ਵਿਸ਼ਵਾਸ ਕੀਤਾ ਜਾਵੇ ਕਿ ਉਹ ਜਤੀ ਸਤੀ ਲੋਕ ਹਨ ਅਤੇ ਖੁਦਾ ਦੇ ਆਦੇਸ਼ਾਂ ਦੀ ਅਵੱਗਿਆ ਨਹੀਂ ਕਰਦੇ। ਉਹ ਹਰ ਸਮੇਂ ਖੁਦਾ ਦੀ ਭਗਤੀ ਵਿਚ ਲੱਗੇ ਰਹਿੰਦੇ ਹਨ, ਵਫ਼ਾਦਾਰ ਸੇਵਕ ਦੀ ਤਰ੍ਹਾਂ ਮਾਲਕ ਦੇ ਹੁਕਮ ਦੀ ਪਾਲਨਾ ਕਰਨ ਲਈ ਅਧੀਨਗੀ ਸਹਿਤ ਖੜ੍ਹੇ ਰਹਿੰਦੇ ਹਨ ਅਤੇ ਸੰਸਾਰ ਦੇ ਸੁਕਰਮੀਆਂ ਲਈ ਪ੍ਰਾਰਥਨਾ ਕਰਦੇ ਹਨ।[47]

ਰੱਬ ਨੇ ਫਰਿਸ਼ਤਿਆਂ ਨੂੰ ਅਨੇਕ ਜ਼ਿੰਮੇਵਾਰੀਆਂ ਸੌਂਪੀਆਂ ਹੋਈਆਂ ਹਨ। ਉਹ ਇਨ੍ਹਾਂ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹਨ। *ਕੁਰਆਨ* ਵਿਚ ਫਰਿਸ਼ਤਿਆਂ ਲਈ 'ਮਲਕ' ਸ਼ਬਦ ਆਇਆ ਹੈ :

> ਮਲਕ ਦਾ ਅਰਥ ਹੁੰਦਾ ਹੈ, ਸੰਦੇਸ਼ ਲਿਆਉਣ ਵਾਲਾ। ਫਰਿਸ਼ਤਿਆਂ ਵਿਚ ਬ੍ਰਹਮ ਲੋਕ ਤੇ ਜਗਤ ਲੋਕ ਨਾਲ ਸੰਪਰਕ ਸਥਾਪਤ ਕਰ ਸਕਣ ਦੀ ਸਮਰੱਥਾ ਹੁੰਦੀ ਹੈ। ਇਸੇ ਕਰਕੇ ਉਹ ਅੱਲਾਹ ਦਾ ਸੰਦੇਸ਼ ਨਬੀਆਂ ਤੱਕ ਪਹੁੰਚਾਉਣ ਲਈ ਨਿਯੁਕਤ ਹੋ ਸਕੇ ਹਨ। ਫਰਿਸ਼ਤੇ ਅੱਲਾਹ ਦੇ ਪੈਦਾ ਕੀਤੇ ਹੋਏ ਤੇ ਉਹਦੇ ਬੰਦੇ ਹਨ। ਉਹ ਉਹੀ ਕੰਮ ਕਰਦੇ ਹਨ ਜਿਸ ਦਾ ਉਹਨਾਂ ਨੂੰ ਹੁਕਮ ਮਿਲਦਾ ਹੈ। ਉਹ ਹਮੇਸ਼ਾ ਅੱਲਾਹ ਦੀ ਉਸਤਤ ਕਰਦੇ ਰਹਿੰਦੇ ਹਨ। ਅੱਲਾਹ ਨੇ ਅਨੇਕ ਫਰਿਸ਼ਤਿਆਂ ਨੂੰ ਆਪਣੇ ਮਹਾਨ ਕਾਰਜ ਦੇ ਪ੍ਰਬੰਧ ਵਿਚ ਲਗਾਇਆ ਹੋਇਆ ਹੈ। ਫਰਿਸ਼ਤੇ ਲੋੜ ਪੈਣ ਤੇ ਜਿਹੜਾ ਰੂਪ ਚਾਹੁੰਣ ਧਾਰਣ ਕਰ ਸਕਦੇ ਹਨ। ਰਾਹੋਂ ਭਟਕੇ ਲੋਕ ਉਹਨਾਂ ਨੂੰ ਦੇਵੀ ਦੇਵਤਾ ਬਣਾ ਕੇ ਪੂਜਣ ਲੱਗ ਪਏ। ਉਹਨਾਂ ਨੂੰ ਸਿਫ਼ਾਰਸ਼ੀ ਤੇ ਦੁੱਖ ਨਿਵਾਰਣ ਵਾਲੇ ਸਮਝ ਲਿਆ ਗਿਆ ਤੇ ਉਹਨਾਂ ਅੱਗੇ ਅਰਦਾਸਾਂ ਵੀ ਕੀਤੀਆਂ ਜਾਣ ਲੱਗੀਆਂ। ਕੁਰਆਨ ਨੇ ਫ਼ਰਿਸ਼ਤਿਆਂ ਦੀ ਹੈਸੀਅਤ ਸਪਸ਼ਟ ਕਰ ਦਿੱਤੀ ਹੈ ਤਾਂ ਕਿ ਸ਼ਿਰਕ ਅਰਥਾਤ ਬਹੁਦੇਵਵਾਦ ਦਾ ਬੂਹਾ ਬੰਦ ਹੋ ਸਕੇ।[48]

ਪਵਿੱਤਰ ਕੁਰਆਨ ਅਨੁਸਾਰ ਫ਼ਰਿਸ਼ਤੇ ਰੱਬ ਦੇ ਹੁਕਮ ਵਿਚ ਬੰਨ੍ਹੇ ਹੋਏ ਹਨ। ਉਹ ਰੱਬ ਦੀ ਨਾਫ਼ਰਮਾਨੀ ਨਹੀਂ ਕਰਦੇ। ਇਸ ਲਈ ਉਹ ਜੋ ਗੱਲਾਂ ਦੱਸਣ ਉਨ੍ਹਾਂ 'ਤੇ ਯਕੀਨ ਕਰ ਲੈਣਾ ਚਾਹੀਦਾ ਹੈ:

> ਨੇਕੀ ਇਹ ਨਹੀਂ ਹੈ ਕਿ ਤੁਸਾਂ ਆਪਣੇ ਮੂੰਹ ਚੜ੍ਹਦੇ ਵੱਲ ਕਰ ਲਏ ਜਾਂ ਲਹਿੰਦੇ ਵੱਲ, ਸਗੋਂ ਨੇਕੀ ਇਹ ਹੈ ਕਿ ਆਦਮੀ ਅੱਲਾਹ ਨੂੰ, ਆਖ਼ਰਤ ਦੇ ਦਿਨ ਨੂੰ ਫਰਿਸ਼ਤਿਆਂ ਨੂੰ, ਉਸ ਦੀ ਉਤਾਰੀ ਹੋਈ ਕਿਤਾਬ ਨੂੰ ਅਤੇ

---

47 *ਰਾਹੇ ਅਮਲ*, ਪੰਨਾ-5.

48 ਕੁਰਆਨ ਪੰਨੇ -1235-1236.

ਉਸ ਦੇ ਪੈਗੰਬਰਾਂ ਨੂੰ ਦਿਲੋਂ ਮੰਨੇ ਅਤੇ ਅੱਲਾਹ ਦੀ ਮੁਹੱਬਤ ਵਿਚ ਆਪਣਾ ਮਨ ਭਾਉਂਦਾ ਮਾਲ ਰਿਸ਼ਤੇਦਾਰਾਂ ਅਤੇ ਯਤੀਮਾਂ ਉਤੇ, ਮੁਥਾਜਾਂ ਤੇ ਮੁਸਾਫਰਾਂ ਉਤੇ, ਸਹਾਇਤਾ ਲਈ ਹੱਥ ਅੱਡਣ ਵਾਲਿਆਂ ਅਤੇ ਗ਼ੁਲਾਮਾਂ ਦੀ ਰਿਹਾਈ ਉਤੇ ਖਰਚ ਕਰੇ, ਨਮਾਜ਼ ਕਾਇਮ ਕਰੇ ਤੇ ਜ਼ਕਾਤ ਦੇਵੇ ਅਤੇ ਭਲੇ ਮਾਣਸ ਤਾਂ ਉਹ ਹਨ ਕਿ ਜਦੋਂ ਪ੍ਰਣ ਕਰਨ ਤਾਂ ਉਸ ਨੂੰ ਪੂਰਾ ਕਰਨ, ਕਰੜਾਈ ਤੇ ਕਸ਼ਟ ਸਮੇਂ ਅਤੇ ਸਚਾਈ ਤੇ ਕੂੜ ਦੀ ਜੰਗ ਵਿੱਚ ਸਬਰ ਤੋਂ ਕੰਮ ਲੈਣ। ਇਹ ਹਨ ਸਚਿਆਰ ਅਤੇ ਇਹੋਂ ਲੋਕ ਰੱਬ ਦਾ ਡਰ-ਭਓ ਮੰਨਣ ਵਾਲੇ ਹਨ।[49]

ਇਨਕਾਰੀ ਲੋਕ ਅੱਲਾਹ ਦੇ ਹੁਕਮ ਦੀ ਨਾਫ਼ਰਮਾਨੀ ਇਹ ਕਹਿਕੇ ਕਰਦੇ ਸਨ ਕਿ ਸਾਡੇ ਉਪਰ ਫ਼ਰਿਸ਼ਤਿਆਂ ਨੂੰ ਉਤਾਰੋ ਤਾਂ ਅਸੀਂ ਤੁਹਾਡੀ ਗੱਲ ਮੰਨਾਗੇ। ਇਨਕਾਰੀਆਂ ਦੇ ਇਸ ਕਥਨ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਫ਼ਰਿਸ਼ਤੇ ਐਵੇ ਖੇਡ ਤਮਾਸ਼ਾ ਵਿਖਾਉਣ ਲਈ ਨਹੀਂ ਉਤਾਰੇ ਜਾਂਦੇ ਕਿ ਜਦੋਂ ਕਿਸੇ ਕੌਮ ਨੇ ਆਖਿਆ ਕਿ ਸੱਦੋ ਫ਼ਰਿਸ਼ਤਿਆਂ ਨੂੰ ਤੇ ਉਹ ਫੌਰਨ ਆ ਜਾਣ। ਫ਼ਰਿਸ਼ਤਿਆਂ ਨੂੰ ਭੇਜਣ ਦਾ ਸਮਾਂ ਤਾਂ ਉਹ ਆਖ਼ਰੀ ਸਮਾਂ ਹੁੰਦਾ ਹੈ ਜਦੋਂ ਕਿਸੇ ਕੌਮ ਦਾ ਮਾਮਲਾ ਨਿਬੇੜਨ ਦਾ ਇਰਾਦਾ ਕਰ ਲਿਆ ਜਾਂਦਾ ਹੈ। 'ਸਚਾਈ ਨਾਲ ਉਤਰਦੇ' ਹਨ ਤੋਂ ਭਾਵ ਹੈ ਕਿ ਸਚਾਈ ਲੈ ਕੇ ਉਤਰਦੇ ਹਨ, ਅਰਥਾਤ ਉਹ ਅੱਲਾਹ ਦਾ ਨਿਆਂ ਭਰਪੂਰ ਫੈਸਲਾ ਲੈ ਕੇ ਆਉਂਦੇ ਹਨ ਅਤੇ ਉਸ ਨੂੰ ਲਾਗੂ ਕਰਕੇ ਛੱਡਦੇ ਹਨ।[50]

ਪਵਿੱਤਰ ਕੁਰਆਨ ਅਤੇ ਹਦੀਸ ਵਿਚ ਹੇਠ ਲਿਖੇ ਫ਼ਰਿਸ਼ਤਿਆਂ ਦੇ ਨਾਮ ਆਉਂਦੇ ਹਨ:

1. ਹ. ਜਿਬਰਾਇਲ (ਅ.): ਜੋ ਅੱਲਾਹ ਦਾ ਪੈਗਾਮ ਨਬੀਆਂ ਤੱਕ ਲੈ ਕੇ ਆਉਂਦੇ ਸਨ।
2. ਹ. ਮਿਕਾਈਲ (ਅ.): ਜੋ ਸੰਸਾਰ ਵਿਚ ਵਰਖਾ, ਮਨੁੱਖ ਅਤੇ ਹੋਰ ਜੀਵਾਂ ਨੂੰ ਰਿਜ਼ਕ ਪਹੁੰਚਾਉਣ ਦਾ ਇੰਤਜ਼ਾਮ ਕਰਦੇ ਹਨ।
3. ਹ. ਇਜ਼ਰਾਇਲ (ਅ.): ਜਿਉਂਦੇ ਮਨੁੱਖਾਂ ਅਤੇ ਹੋਰ ਪ੍ਰਾਣੀਆਂ ਦੀ ਆਤਮਾ ਕੱਢਣ ਆਉਂਦੇ ਹਨ। ਇਸ ਲਈ ਉਹਨਾਂ ਨੂੰ ਮੌਤ ਦਾ ਫਰਿਸ਼ਤਾ ਵੀ ਕਹਿੰਦੇ ਹਨ।
4. ਹ. ਇਸਰਾਈਲ (ਅ.): ਕਿਆਮਤ ਤੋਂ ਪਹਿਲਾਂ ਸੂਰ ਫੂਕਣਗੇ, ਜਿਸ ਨਾਲ ਕਿਆਮਤ (ਸੰਪੂਰਨ ਚੀਜ਼ਾਂ ਦਾ ਅੰਤ) ਹੋਵੇਗੀ।
5. ਹ. ਕਿਰਾਮਨ ਕਾਤਿਬੀਨ (ਅ.): ਉਹ ਦੋ ਫਰਿਸ਼ਤੇ ਜੋ ਹਰ ਮਨੁੱਖ ਦੇ ਨਾਲ ਰਹਿੰਦੇ ਹਨ ਅਤੇ ਉਸਦੇ ਸਾਰੇ ਚੰਗੇ ਅਤੇ ਬੁਰੇ ਕੰਮਾਂ ਦਾ ਰਿਕਾਰਡ ਰੱਖਦੇ ਹਨ।
6. ਹ. ਮੁਨਕਰ ਨਕੀਰ (ਅ.): ਉਹ ਦੋ ਫਰਿਸ਼ਤੇ ਜੋ ਹਰ ਮਨੁੱਖ ਦੇ ਮਰਨ ਤੋਂ ਬਾਅਦ ਕਬਰ ਵਿਚ ਸਵਾਲ ਪੁੱਛਣ ਆਉਂਦੇ ਹਨ।
7. ਹ. ਰਿਜ਼ਵਾਨ (ਅ.): ਇਹ ਜੰਨਤ ਦੀ ਦੇਖਭਾਲ ਕਰਨ ਵਾਲਾ ਫਰਿਸ਼ਤਾ ਹੈ।
8. ਹ. ਮਲਿਕ (ਅ.): ਇਹ ਜਹੁੰਨੁਮ (ਨਰਕ) ਦੀ ਦੇਖਭਾਲ ਕਰਨ ਵਾਲਾ ਫਰਿਸ਼ਤਾ ਹੈ।
9. ਹ. ਹਾਰੂਤ ਮਾਰੂਤ (ਅ.): ਇਹ ਦੋ ਫਰਿਸ਼ਤਿਆਂ ਨੂੰ ਲੋਕਾਂ ਦਾ ਇਮਤਿਹਾਨ ਲੈਣ ਲਈ ਦੁਨੀਆ ਵਿਚ ਭੇਜਿਆ ਗਿਆ ਸੀ।[51]

ਉਪਰੋਕਤ ਨਾਵਾਂ ਵਿਚੋਂ ਸਾਰਿਆਂ ਦਾ ਜ਼ਿਕਰ ਕੁਰਆਨ ਵਿਚ ਨਹੀਂ ਆਉਂਦਾ। ਏ. ਐਸ. ਟਰਿਨਟਨ ਫਰਿਸ਼ਤਿਆਂ ਦੇ ਮੁਢਲੇ ਕੰਮਾਂ ਬਾਰੇ ਲਿਖਦੇ ਹਨ:

> ਮਲਾਇਕਾ ਫਰਿਸ਼ਤਿਆਂ ਦਾ ਬਹੁ ਵਚਨੀ ਹੈ ਜੋ ਫਰਿਸ਼ਤਿਆਂ ਲਈ ਵਰਤਿਆ ਜਾਂਦਾ ਹੈ। ਬਹੁਤੇ ਖਿਆਲ ਯਹੂਦੀਆਂ ਵਿਚੋਂ ਲਏ ਗਏ ਹਨ। ਬਹੁਤ ਸਾਰੇ ਫਰਿਸ਼ਤਿਆਂ ਦੇ ਨਾਮ ਹਨ। ਇਸਰਾਫੀਲ ਜਿਸ ਦੇ ਪੈਰ ਸੱਤਵੇਂ ਪਾਤਾਲ ਤੱਕ ਹਨ ਅਤੇ ਸਿਰ ਰੱਬ ਦੇ ਤਖਤ ਤੱਕ ਉਚਾ ਹੈ। ਇਸਨੇ ਮੁਹੰਮਦ ਦੇ ਮਿਸ਼ਨ ਬਾਰੇ ਫੇਰ ਜਿਬਰਾਈਲ ਨੇ ਮੁਹੰਮਦ ਨਾਲ ਕੁਰਆਨ ਨੂੰ ਸਾਂਝਾ ਕੀਤਾ।ਇਸਰਾਫੀਲ ਬਿਗਲ ਵਜਾਏਗਾ ਜੋ ਮੁਰਦਿਆਂ ਨੂੰ ਕਬਰ ਵਿਚੋਂ ਕੱਢੇਗਾ। ਕੁਝ ਕਹਿੰਦੇ ਹਨ ਕਿ ਉਹ ਪਹਿਲਾਂ ਮੁਰਦਿਆਂ ਨੂੰ ਉਠਾਏਗਾ ਅਤੇ ਫੇਰ ਬਿਗਲ ਵਜਾਏਗਾ। ਇਜ਼ਰਾਈਲ ਮੌਤ ਦਾ ਫ਼ਰਿਸ਼ਤਾ ਹੈ। ਉਸਦੇ ਦੋ ਰੂਪ ਹਨ। ਇਕ ਸੁੰਦਰ ਜਿਸ ਨਾਲ ਉਹ ਚੰਗੇ ਆਦਮੀ ਵਾਂਗ ਮਿਲਦਾ ਹੈ। ਦੂਜਾ ਰੂਪ ਡਰਾਉਣਾ ਹੈ ਜਿਸ ਵਿਚ ਉਹ ਬੁਰੇ ਵਿਅਕਤੀ ਵਾਂਗ ਮਿਲਦਾ ਹੈ। ਜਦੋਂ ਰੱਬ ਨੂੰ ਆਦਮ ਦੀ ਸਿਰਜਣਾ ਕਰਨ ਵੇਲੇ ਇਕ ਬੁੱਕ ਭਰਕੇ ਮਿੱਟੀ ਚਾਹੀਦੀ ਸੀ ਤਾਂ ਧਰਤੀ ਨੇ ਮਨ੍ਹਾਂ

---

49 2: 177.

50 ਕੁਰਆਨ ਫੁਟ ਨੋਟ, 4, ਪੰਨਾ-447.

51 ਡਾ. ਮੁਹੰਮਦ ਹਬੀਬ ਤੇ ਸਤਿੰਦਰ ਸਿੰਘ ਰੰਧਾਵਾ, *ਇਸਲਾਮ ਸੰਖੇਪ ਸਰਵੇਖਣ,* ਪੰਨੇ 9-10.

> ਕਰ ਦਿੱਤਾ ਸੀ ਅਤੇ ਇਜਰਾਈਲ ਹੀ ਇਕ ਫਰਿਸ਼ਤਾ ਸੀ ਜਿਸਨੇ ਇਹ ਕੰਮ ਕੀਤਾ ਸੀ। ਮਿਕਾਈਲ ਉਹ ਫਰਿਸ਼ਤਾ ਹੈ ਜਿਸਨੇ ਜਿਬਰਾਈਲ ਨਾਲ ਆਦਮ ਨੂੰ ਮੰਨਿਆ ਸੀ। ਰੱਬ ਨੇ ਦੋਹਾਂ ਨੂੰ ਕਿਹਾ ਹੈ ਕਿ ਤੁਸੀਂ ਦੋਵੇਂ ਇਕ ਦੂਜੇ ਤੋਂ ਮਰਨ ਲਈ ਅਤੇ ਕੁਰਬਾਨ ਹੋਣ ਲਈ ਤਿਆਰ ਰਹੋ। ਰੱਬ ਨੇ ਕਿਹਾ, ਅਲੀ ਦੀ ਉਦਾਹਰਣ ਲਓ ਜੋ ਮੁਹੰਮਦ ਤੋਂ ਮਰ ਮਿਟਣ ਲਈ ਤਿਆਰ ਸੀ। ਮਲਿਕ ਨਰ ਦੀ ਦੇਖਭਾਲ ਕਰਦਾ ਹੈ ਜੋ ਜਬਾਨੀਆਂ ਨੇ ਨਿਯੁਕਤ ਕੀਤਾ ਹੈ। ਮਨੁੱਖਾਂ ਦੀਆਂ ਰੂਹਾਂ ਫਰਿਸ਼ਤਿਆਂ ਵੱਲੋਂ ਤਸਦੀਕ ਕੀਤੀਆਂ ਜਾਂਦੀਆਂ ਹਨ।[52]

ਹੁਣ ਅਸੀਂ ਕੁਝ ਫ਼ਰਿਸ਼ਤਿਆਂ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰਾਂਗੇ।

### ਜਿਬਰਾਈਲ (ਅ.)

ਆਪ ਦਾ ਮੁਕਾਮ ਵੱਖਰਾ ਹੈ। ਕੁਰਆਨ ਵਿਚ ਆਪ ਦਾ ਜ਼ਿਕਰ ਵਧੇਰੇ ਆਇਆ ਹੈ। ਜਦੋਂ ਅੱਲਾਹ ਨੇ ਫਰਿਸ਼ਤਿਆਂ ਨੂੰ ਦੱਸਿਆ ਕਿ ਮੈਂ ਇੱਕ ਮਨੁੱਖ ਦੀ ਸਿਰਜਣਾ ਕਰਨ ਜਾ ਰਿਹਾ ਹਾਂ ਅਤੇ ਜਦੋਂ ਸਿਰਜਣਾ ਕਰ ਦਿੱਤੀ ਤਾਂ ਜਿਬਰਾਈਲ (ਅ.) ਨੇ ਇਤਰਾਜ਼ ਨਹੀਂ ਕੀਤਾ ਸੀ। ਯਹੂਦੀ ਅਤੇ ਇਸਾਈ ਧਰਮਾਂ ਵਿਚ ਵੀ ਇਨ੍ਹਾਂ ਦਾ ਜ਼ਿਕਰ ਮਿਲਦਾ ਹੈ। ਜਦੋਂ ਹਜ਼ਰਤ ਮੁਹੰਮਦ (ਸ.) ਉਪਰ ਪਹਿਲੀ ਵਾਰ ਵਹੀ ਨਾਜ਼ਲ ਹੋਈ ਤਾਂ ਹਜ਼ਰਤ ਮੁਹੰਮਦ (ਸ.) ਦੀ ਪਤਨੀ ਬੀਬੀ ਖਦੀਜਾ ਆਪ (ਸ.) ਨੂੰ ਲੈ ਕੇ ਵਰਕਾ ਬਿਨ ਨੋਫਿਲ ਕੋਲ ਗਈ। ਵਰਕਾ ਬਿਨ ਨੋਫਿਲ ਨੇ ਦੱਸਿਆ ਕਿ ਇਹ ਉਹੀ ਫਰਿਸ਼ਤਾ ਹੈ ਜੋ ਸਮੇਂ-ਸਮੇਂ ਮੂਸਾ ਅਤੇ ਈਸਾ ਰਾਹੀਂ ਲੋਕਾਂ ਦੀ ਅਗਵਾਈ ਕਰਦਾ ਰਿਹਾ ਹੈ। ਕੁਰਆਨ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਵਿਰੋਧੀ ਕੇਵਲ ਮੁਹੰਮਦ ਦਾ ਵਿਰੋਧ ਨਹੀਂ ਸੀ ਕਰਦੇ, ਉਹ ਜਿਬਰਾਈਲ (ਅ.) ਨੂੰ ਵੀ ਮਾੜਾ ਬੋਲਦੇ ਸਨ:

> ਇਨ੍ਹਾਂ ਨੂੰ ਆਖੋ ਕਿ ਜਿਹੜਾ ਕੋਈ ਜਿਬਰਾਈਲ ਨਾਲ ਵੈਰ ਰੱਖਦਾ ਹੈ, ਉਸ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਜਿਬਰਾਈਲ ਨੇ ਅੱਲਾਹ ਦੇ ਹੁਕਮ ਨਾਲ ਹੀ ਇਹ ਕੁਰਆਨ (ਹੇ ਨਬੀ) ਤੁਹਾਡੇ ਹਿਰਦੇ ਉਤੇ ਉਤਾਰਿਆ ਹੈ, ਜਿਹੜਾ ਪਹਿਲਾਂ ਨਾਜ਼ਲ ਹੋ ਚੁੱਕੀਆਂ ਕਿਤਾਬਾਂ ਦੀ ਪੁਸ਼ਟੀ ਤੇ ਸਮਰਥਨ ਕਰਦਾ ਹੈ ਅਤੇ ਈਮਾਨ ਲਿਆਉਣ ਵਾਲਿਆਂ ਲਈ ਹਦਾਇਤ ਤੇ ਸਫਲਤਾ ਦੀ ਖੁਸ਼ਖਬਰੀ ਬਣ ਕੇ ਆਇਆ ਹੈ (ਜੇ ਜਿਬਰਾਈਲ ਨਾਲ ਇਨ੍ਹਾਂ ਦੀ ਦੁਸ਼ਮਣੀ ਦਾ ਕਾਰਨ ਇਹੋ ਹੈ ਤਾਂ ਆਖ ਦਿਓ ਕਿ) ਜਿਹੜੇ ਅੱਲਾਹ, ਉਸਦੇ ਫ਼ਰਿਸ਼ਤਿਆਂ, ਉਸਦੇ ਰਸੂਲਾਂ ਅਤੇ ਜਿਬਰਾਈਲ ਤੇ ਮੀਕਾਈਲ ਦੇ ਵੈਰੀ ਹਨ, ਅੱਲਾਹ ਉਨ੍ਹਾਂ ਇਨਕਾਰੀਆਂ ਦਾ ਦੁਸ਼ਮਣ ਹੈ।[53]

### ਹਾਰੂਤ ਅਤੇ ਮਾਰੂਤ (ਅ.)

ਇਨ੍ਹਾਂ ਦੋਹਾਂ ਫਰਿਸ਼ਤਿਆਂ ਨੂੰ ਲੋਕਾਂ ਦੇ ਇਮਤਿਹਾਨ ਲੈਣ ਲਈ ਧਰਤੀ 'ਤੇ ਭੇਜਿਆ ਜਾਂਦਾ ਹੈ। ਇਨ੍ਹਾਂ ਨੇ ਬਾਬਲ ਵਿਚ ਵੀ ਲੋਕਾਂ ਦੀ ਅਜਮਾਇਸ਼ ਕੀਤੀ ਸੀ:

---

52 Malaika-Angles: it is used as the plural or malak. The ideas are largely borrowed from the Jews. several archangels have names. Israfil (Probably derived from seraphim) is colossal his feet are below the seventh earth and his head reaches to the pillars of the throne of God the initated Muhammad into his mission as prophet, then Gabriel took over and began to communicate the Koran to him. Israfil will sond the trump which calls the dead from their graves. Another story says that he will be the first to rise at the resurrection. A. S. Trinton, *Islam belief and Practice,* P-185.

53 2: 97-98.

> ਉਹ ਉਸ ਚੀਜ਼ ਦੇ ਪਿੱਛੇ ਪੈ ਗਏ ਜਿਹੜੀ (ਬਾਬਲ) ਵਿਚ ਦੋ ਫਰਿਸ਼ਤਿਆਂ ਹਾਰੂਤ ਤੇ ਮਾਰੂਤ ਉਤੇ ਉਤਾਰੀ ਗਈ ਸੀ, ਜਦ ਕਿ ਉਹ ਫ਼ਰਿਸ਼ਤੇ ਜਦੋਂ ਵੀ ਕਿਸੇ ਨੂੰ ਇਸਦੀ ਸਿੱਖਿਆ ਦੇਂਦੇ ਸਨ ਤਾਂ ਪਹਿਲਾਂ ਸਾਫ਼ ਤੌਰ 'ਤੇ ਉਸਨੂੰ ਚਿਤਾਵਨੀ ਦੇਂਦੇ ਸਨ ਕਿ ਵੇਖ, ਅਸੀਂ ਕੇਵਲ ਇਕ ਅਜਮਾਇਸ਼ ਹਾਂ, ਤੂੰ ਕੁਫ਼ਰ ਵਿਚ ਨਾ ਫਸ।[54]

## ਕਿਰਾਮਨ ਕਾਤਿਬੀਨ (ਅ.)

ਇਹ ਦੋਵੇਂ ਫ਼ਰਿਸ਼ਤੇ ਹਰ ਮਨੁੱਖ ਦੇ ਸੱਜੇ ਅਤੇ ਖੱਬੇ ਪਾਸੇ ਰਹਿੰਦੇ ਹਨ। ਉਸ ਦੇ ਸਾਰੇ ਕਰਮਾਂ ਦਾ ਰਿਕਾਰਡ ਰੱਖਦੇ ਹਨ। ਇਨ੍ਹਾਂ ਫ਼ਰਿਸ਼ਤਿਆਂ ਬਾਰੇ ਅੱਗੇ ਕੁਰਆਨ ਦੀਆਂ ਆਇਤਾਂ ਦਿੱਤੀਆਂ ਜਾ ਰਹੀਆਂ ਹਨ:

> ਕੀ ਉਹ ਸਮਝਦੇ ਹਨ ਕਿ ਅਸੀਂ ਇਨ੍ਹਾਂ ਦੇ ਭੇਤਾਂ ਤੇ ਇਹਨਾਂ ਦੀਆਂ ਕਾਨਾਫੂਸੀਆਂ ਸੁਣਦੇ ਨਹੀਂ ਹਾਂ? ਅਸੀਂ ਸਾਰਾ ਕੁਝ ਸੁਣ ਰਹੇ ਹਾਂ ਅਤੇ ਸਾਡੇ ਫਰਿਸ਼ਤੇ ਇਹਨਾਂ ਦੇ ਲਾਗੇ ਹੀ ਲਿਖ ਰਹੇ ਹਨ।[55]

> ਅਸੀਂ ਉਸਦੀ ਸ਼ਾਹ ਰਗ ਨਾਲੋਂ ਵੀ ਵਧੇਰੇ ਉਸਦੇ ਨੇੜ੍ਹੇ ਹਾਂ (ਅਤੇ ਸਾਡੇ ਇਸ ਪ੍ਰਤੱਖ ਗਿਆਨ ਤੋਂ ਇਲਾਵਾ) ਦੋ ਲਿਖਾਰੀ ਉਸਦੇ ਸੱਜੇ ਤੇ ਖੱਬੇ ਬੈਠੇ ਹਰੇਕ ਚੀਜ਼ ਦਰਜ ਕਰ ਰਹੇ ਹਨ। ਕੋਈ ਸ਼ਬਦ ਉਸਦੇ ਮੂੰਹੋਂ ਨਹੀਂ ਨਿਕਲਦਾ ਜਿਸਨੂੰ ਸੁਰੱਖਿਅਤ ਕਰਨ ਲਈ ਇਕ ਤਿਆਰ-ਬਰ-ਤਿਆਰ ਨਿਗਰਾਨ ਮੌਜੂਦ ਨਾ ਹੋਵੇ।[56]

ਕੁਰਆਨ ਵਿਚ ਇਨ੍ਹਾਂ ਦੋ ਫ਼ਰਿਸ਼ਤਿਆਂ ਨੂੰ ਅਨੇਕਾਂ ਬਾਹਾਂ ਵਾਲੇ ਬਿਆਨ ਕੀਤਾ ਹੈ:

> ਸੋਭਾ ਅੱਲਾਹ ਲਈ ਹੀ ਹੈ ਜਿਹੜਾ ਅਕਾਸ਼ਾਂ ਤੇ ਧਰਤੀ ਦਾ ਸਾਜਨਹਾਰ ਅਤੇ ਫ਼ਰਿਸ਼ਤਿਆਂ ਨੂੰ ਸੁਨੇਹੇ ਪਹੁੰਚਾਉਣ ਦੇ ਕੰਮ ਤੇ ਨਿਯੁਕਤ ਕਰਨ ਵਾਲਾ ਹੈ (ਅਜਿਹੇ ਫ਼ਰਿਸ਼ਤੇ) ਜਿਹਨਾਂ ਦੇ ਦੋ-ਦੋ, ਤਿੰਨ-ਤਿੰਨ ਅਤੇ ਚਾਰ-ਚਾਰ ਬਾਜ਼ੂ ਹਨ।[57]

ਮਨੁੱਖ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਮੈਂ ਜੋ ਕਰਮ ਕਰਦਾ ਹਾਂ ਉਸਦਾ ਰੱਬ ਨੂੰ ਪਤਾ ਨਹੀਂ ਹੈ। ਮਨੁੱਖ ਚਾਹੇ ਜਿਥੇ ਮਰਜ਼ੀ ਲੁਕ ਕੇ ਬੁਰਾ ਕੰਮ ਕਰੇ ਫਰਿਸ਼ਤੇ ਇਸਦੀ ਖ਼ਬਰ ਰੱਖਦੇ ਹਨ:

> ਉੱਕਾ ਨਹੀਂ ਸਗੋਂ (ਅਸਲ ਗੱਲ ਇਹ ਹੈ ਕਿ) ਤੁਸੀਂ ਇਨਾਮ ਤੇ ਸਜ਼ਾ ਨੂੰ ਝੂਠਲਾਉਂਦੇ ਹੋ, ਹਾਲਾਂਕਿ ਤੁਹਾਡੇ ਉੱਤੇ ਨਿਗਰਾਨ ਨਿਯੁਕਤ ਹਨ, ਅਜਿਹੇ ਪਤਵੰਤੇ ਲਿਖਾਰੀ ਜਿਹੜੇ ਤੁਹਾਡੇ ਹਰੇਕ ਕਰਮ ਨੂੰ ਜਾਣਦੇ ਹਨ।[58]

ਫ਼ਰਿਸ਼ਤਿਆਂ ਦੀ ਵੱਖੋ-ਵੱਖਰੀ ਤਦਬੀਰ ਹੈ। ਇਕ ਯੋਜਨਾਬੱਧ ਤਰੀਕੇ ਨਾਲ ਫ਼ਰਿਸ਼ਤਿਆਂ ਨੂੰ ਕੰਮ ਕਾਜ ਦਿੱਤੇ ਗਏ ਹਨ। ਅਜਿਹਾ ਵੀ ਕਦੇ ਨਹੀਂ ਹੋਇਆ ਕਿ ਜਿਹੜਾ ਕੰਮ ਫ਼ਰਿਸ਼ਤਿਆਂ ਨੂੰ ਸਪੁਰਦ ਕੀਤਾ ਗਿਆ ਹੋਵੇ। ਉਹ ਉਨ੍ਹਾਂ ਨੇ ਨਾ ਕੀਤਾ ਹੋਵੇ। ਫ਼ਰਿਸ਼ਤੇ ਰੱਬੀ ਹੁਕਮ ਵਿਚ ਆਉਂਦੇ ਹਨ:

> ਹੇ ਨਬੀ! ਅਸੀਂ (ਭਾਵ ਫ਼ਰਿਸ਼ਤੇ) ਤੁਹਾਡੇ ਰੱਬ ਦੀ ਆਗਿਆ ਤੋਂ ਬਿਨ੍ਹਾਂ ਨਹੀਂ ਉਤਾਰਿਆ ਕਰਦੇ। ਜੋ ਕੁਝ ਸਾਡੇ ਅੱਗੇ ਹੈ ਤੇ ਜੋ ਕੁਝ ਸਾਡੇ ਪਿੱਛੇ ਹੈ ਅਤੇ ਜੋ ਕੁਝ ਇਸਦੇ ਵਿਚਕਾਰ ਹੈ, ਹਰੇਕ ਚੀਜ਼ ਦਾ ਮਾਲਕ ਉਹੀ ਹੈ ਅਤੇ ਤੁਹਾਡਾ ਰੱਬ ਭੁੱਲਣਹਾਰ ਨਹੀਂ ਹੈ।[59]

ਸਭ ਤੋਂ ਸਰਵੋਤਮ ਸ਼ਕਤੀ ਅੱਲਾਹ ਹੈ ਜਿਸਦੇ ਅਧੀਨ ਫਰਿਸ਼ਤੇ, ਜਿੰਨ ਅਤੇ ਮਨੁੱਖ ਹਨ। ਫਰਿਸ਼ਤੇ ਅਤੇ ਜਿੰਨ ਲਾਇਕ ਹਨ, ਸ਼ੈਤਾਨ ਨਾਲਾਇਕ ਹਨ ਅਤੇ ਮਨੁੱਖ ਦੋਹਾਂ ਵਿਚਾਲੇ ਡਾਂਵਾ-ਡੋਲ ਹੈ।

---

[54] 2: 102.
[55] 43:80.
[56] 50:16-18.
[57] 35:1.
[58] 82:9-12.
[59] 19:64.

ਜਦੋਂ ਮਨੁੱਖ ਸ਼ੈਤਾਨ ਦੇ ਪਿੱਛੇ ਲੱਗਦਾ ਹੈ ਤਾਂ ਦੁਖੀ ਹੁੰਦਾ ਹੈ। ਫ਼ਰਿਸ਼ਤੇ ਮਨੁੱਖ ਨੂੰ ਇਸਦੇ ਮੂਲ ਨਾਲ ਜੋੜਨ ਦਾ ਯਤਨ ਕਰਦੇ ਹਨ। ਫ਼ਰਿਸ਼ਤੇ ਸੁਨੇਹਾ ਲੈ ਕੇ ਵੀ ਆਉਂਦੇ ਹਨ, ਮਨੁੱਖ ਦੇ ਕੰਮਾਂ ਦਾ ਹਿਸਾਬ ਵੀ ਰੱਖਦੇ ਹਨ ਅਤੇ ਮਨੁੱਖ ਦੀ ਜਾਨ ਵੀ ਕੱਢਦੇ ਹਨ। ਇਨ੍ਹਾਂ ਕੋਲ ਹੀ ਕਿਆਮਤ ਦੇ ਦਿਨ ਦੀ ਜ਼ਿੰਮੇਵਾਰੀ ਵੀ ਹੈ :

> ਆਪਣੇ ਬੰਦਿਆਂ ਉਤੇ ਉਸਦਾ ਪੂਰਾ ਵਸ ਚੱਲਦਾ ਹੈ ਅਤੇ ਉਹ ਤੁਹਾਡੇ ਉਤੇ ਨਿਗਰਾਨੀ ਕਰਨ ਵਾਲੇ ਨਿਯੁਕਤ ਕਰਕੇ ਘੱਲਦਾ ਹੈ, ਇਥੋਂ ਤੀਕ ਕਿ ਜਦੋਂ ਤੁਹਾਡੇ ਵਿਚੋਂ ਕਿਸੇ ਦੀ ਮੌਤ ਦਾ ਸਮਾਂ ਆ ਜਾਂਦਾ ਹੈ ਤਾਂ ਉਹਦੇ ਘੱਲੇ ਹੋਏ ਫ਼ਰਿਸ਼ਤੇ ਉਸਦੀ ਜਾਨ ਕੱਢ ਲੈਂਦੇ ਹਨ ਅਤੇ ਆਪਣਾ ਫ਼ਰਜ਼ ਨਿਭਾਉਣ ਵਿਚ ਰੱਤੀ-ਮਾਸਾ ਢਿੱਲ ਨਹੀਂ ਕਰਦੇ।[60]

ਮਨੁੱਖ ਨੂੰ ਜੋ ਕੁਝ ਪ੍ਰਾਪਤ ਹੁੰਦਾ ਹੈ, ਉਹ ਉਸਦੇ ਕਰਮਾਂ ਕਰਕੇ ਪ੍ਰਾਪਤ ਹੁੰਦਾ ਹੈ। ਰੱਬੀ ਹੁਕਮ ਵਿਚ ਫਰਿਸ਼ਤੇ ਮਨੁੱਖਾਂ ਦੇ ਪ੍ਰਾਣ ਕੱਢਦੇ ਹਨ:

> ਅਜਿਹੇ ਲੋਕ ਆਪਣੇ ਭਾਗਾਂ ਦੇ ਲਿਖੇ ਅਨੁਸਾਰ ਆਪਣਾ ਹਿੱਸਾ ਪ੍ਰਾਪਤ ਕਰਦੇ ਰਹਿਣਗੇ, ਇਥੋਂ ਤੀਕ ਕਿ ਉਹ ਵੇਲਾ ਆ ਜਾਵੇਗਾ ਜਦੋਂ ਸਾਡੇ ਘੱਲੇ ਹੋਏ ਫ਼ਰਿਸ਼ਤੇ ਉਹਨਾਂ ਦੇ ਪ੍ਰਾਣ ਕੱਢਣ ਲਈ ਪਹੁੰਚਣਗੇ।[61]

ਜਿੰਦ ਨੂੰ ਸਰੀਰ ਵਿਚੋਂ ਕੱਢਣ ਦਾ ਕੰਮ ਦੁਖਦਾਈ ਹੈ। ਇਹ ਕੰਮ ਫ਼ਰਿਸ਼ਤੇ ਕਰਦੇ ਹਨ। ਫ਼ਰਿਸ਼ਤੇ ਅੱਲਾਹ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਹਨ। ਕਈ ਥਾਵਾਂ 'ਤੇ ਫ਼ਰਿਸ਼ਤਿਆਂ ਦਾ ਡਰਾਉਣਾ ਰੂਪ ਵਿਚ ਪੇਸ਼ ਕੀਤਾ ਗਿਆ ਹੈ:

> ਸਹੁੰ ਹੈ ਉਹਨਾਂ (ਫ਼ਰਿਸ਼ਤਿਆਂ) ਦੀ ਜਿਹੜੇ ਡੁੱਬ ਕੇ ਖਿੱਚਦੇ ਹਨ ਤੇ ਮਲਕੜੇ ਜਿਹੇ ਕੱਢ ਲੈ ਜਾਂਦੇ ਹਨ। ਸਹੁੰ ਹੈ ਉਹਨਾਂ (ਫਰਿਸ਼ਤਿਆਂ ਦੀ ਜੋ ਜਗਤ ਵਿਚ) ਤੇਜ਼ੀ ਨਾਲ ਤਰਦੇ ਫਿਰਦੇ ਹਨ, ਫੇਰ (ਹੁਕਮ ਦੀ ਪਾਲਣਾ) ਇਕ ਦੂਜੇ ਤੋਂ ਅੱਗੇ ਵਧ ਕੇ ਕਰਦੇ ਹਨ ਤੇ ਫੇਰ ਰੱਬੀ ਹੁਕਮਾਂ ਅਨੁਸਾਰ) ਕਾਰਜਾਂ ਦਾ ਪ੍ਰਬੰਧ ਕਰਦੇ ਹਨ।[62]

**ਅਜਰਾਈਲ (ਅ.)**

ਅਜਰਾਈਲ ਨੂੰ ਮੌਤ ਦਾ ਫ਼ਰਿਸ਼ਤਾ ਕਿਹਾ ਗਿਆ ਹੈ। ਇਸਦਾ ਕੰਮ ਇਹ ਹੈ ਕਿ ਇਹ ਮਨੁੱਖਾਂ ਨੂੰ ਰੱਬ ਕੋਲ ਪੇਸ਼ ਕਰੇਗਾ:

> ਇਹਨਾਂ ਨੂੰ ਆਖੋ, ਮੌਤ ਦਾ ਉਹ ਫ਼ਰਿਸ਼ਤਾ ਜਿਹੜਾ ਤੁਹਾਡੇ ਉਤੇ ਨਿਯੁਕਤ ਕੀਤਾ ਗਿਆ ਹੈ, ਤੁਹਾਨੂੰ ਸੰਪੂਰਨ ਰੂਪ ਵਿਚ ਆਪਣੇ ਕਬਜ਼ੇ ਵਿਚ ਕਰ ਲਵੇਗਾ ਅਤੇ ਫਿਰ ਤੁਸੀਂ ਆਪਣੇ ਰੱਬ ਦੀ ਹਜ਼ੂਰੀ ਵਿਚ ਪਰਤਾ ਕੇ ਲਿਆਂਦੇ ਜਾਓਗੇ।[63]

ਰੱਬ ਦੇ ਹੁਕਮ ਤੋਂ ਇਨਕਾਰੀ ਵਿਅਕਤੀਆਂ ਨੂੰ ਜਦੋਂ ਫ਼ਰਿਸ਼ਤੇ ਫੜ ਲੈਂਦੇ ਹਨ ਤਾਂ ਇਹ ਲੋਕ ਸਾਫ਼ ਮੁਕਰਦੇ ਹਨ ਅਤੇ ਕਹਿੰਦੇ ਹਨ ਅਸੀਂ ਕੁਝ ਬੁਰਾ ਨਹੀਂ ਕੀਤਾ ਹੈ:

> ਹਾਂ, ਉਹਨਾਂ ਦੀਆਂ ਇਨਕਾਰੀਆਂ ਲਈ ਜਿਹੜੇ ਆਪਣੇ ਆਪ ਨਾਲ ਜ਼ੁਲਮ ਕਮਾਉਂਦੇ ਹੋਏ ਜਦੋਂ ਫ਼ਰਿਸ਼ਤਿਆਂ ਦੇ ਹੱਥੀਂ ਫੜੇ ਜਾਂਦੇ ਹਨ ਤਾਂ (ਸਰਕਸ਼ੀ ਛੱਡ ਕੇ) ਤੁਰਤ ਢੇਰੀ ਢਾਹ ਬਹਿੰਦੇ ਹਨ ਅਤੇ ਆਖਦੇ ਹਨ, ਅਸੀਂ ਤਾਂ ਕੋਈ ਭੈੜਾ ਕਰਮ ਨਹੀਂ ਕਰ ਰਹੇ ਸੀ। ਫ਼ਰਿਸ਼ਤੇ ਉੱਤਰ ਦਿੰਦੇ ਹਨ, ਕਰ ਕਿਵੇਂ ਨਹੀਂ ਰਹੇ ਸੀ। ਅੱਲਾਹ ਤੁਹਾਡੀਆਂ ਕਰਤੂਤਾਂ ਤੋਂ ਭਲੀ ਭਾਂਤ ਜਾਣੂ ਹੈ। ਹੁਣ ਜਾਓ, ਨਰਕ ਦੇ ਬੂਹਿਆਂ

[60] 6:61.
[61] 7:37.
[62] 79:1-2.
[63] 32:11.

ਵਿਚ ਜਾ ਵੜੋ। ਉਥੇ ਹੀ ਤੁਹਾਨੂੰ ਹਮੇਸ਼ਾ ਰਹਿਣਾ ਪਵੇਗਾ। ਸੋ ਵਾਸਤਵ ਵਿਚ ਹੰਕਾਰੀਆਂ ਲਈ ਬਹੁਤ ਹੀ ਭੈੜਾ ਟਿਕਾਣਾ ਹੈ। ਇਹ ਬਦਲਾ ਦਿੰਦਾ ਹੈ । ਪਰਹੇਜ਼ਗਾਰਾਂ ਨੂੰ ਉਹਨਾਂ ਪਰਹੇਜ਼ਗਾਰਾਂ ਨੂੰ ਜਿਹਨਾਂ ਦੇ ਪ੍ਰਾਣ ਪਵਿੱਤਰਤਾ ਦੀ ਹਾਲਤ ਵਿਚ ਜਦੋਂ ਫ਼ਰਿਸ਼ਤੇ ਕੱਢਦੇ ਹਨ ਤਾਂ ਆਖਦੇ ਹਨ। ਸਲਮ ਹੋਵੇ ਤੁਹਾਡੇ ਉਤੇ, ਜਾਓ ਸਵਰਗ ਵਿਚ ਆਪਣੀ ਕਮਾਈ ਬਦਲੇ।[64]

## ਇਸਰਾਫ਼ੀਲ (ਅ.)

ਇਸਰਾਫ਼ੀਲ ਨਾਂ ਦੇ ਫ਼ਰਿਸ਼ਤੇ ਸਿਰ ਕਿਆਮਤ ਦੀ ਜ਼ਿੰਮੇਵਾਰੀ ਹੈ। ਕਿਆਮਤ ਵਾਲੇ ਦਿਨ ਦੀ ਸ਼ੁਰੂਆਤ ਇਸ ਫ਼ਰਿਸ਼ਤੇ ਵੱਲੋਂ ਕੀਤੀ ਜਾਵੇਗੀ:

ਜਿਸ ਦਿਨ ਉਹ ਆਖੇਗਾ ਕਿ ਹਸ਼ਰ ਹੋ ਜਾਵੇ ਉਸੇ ਦਿਹਾੜੇ ਉਹ ਹੋ ਜਾਏਗਾ। ਉਸਦਾ ਬਚਨ ਸੱਤ ਹੋਵੇਗਾ। ਉਹ ਗੈਬ ਤੇ ਜ਼ਾਹਰ ਹਰੇਕ ਸ਼ੈਅ ਦਾ ਜਾਣਨਹਾਰ ਹੈ ਅਤੇ ਡੂੰਘੀ ਸਿਆਣਪ ਵਾਲਾ ਤੇ ਖ਼ਬਰਦਾਰ ਹੈ।[65]

ਕਿਆਮਤ ਦਾ ਦਿਨ ਬਹੁਤ ਡਰਾਉਣਾ ਹੋਵੇਗਾ। ਉਸ ਦਿਨ ਨਰਸਿੰਗੇ ਵਿਚ ਫੂਕ ਮਾਰੀ ਜਾਵੇਗੀ ਭਾਵ ਇਸਰਾਫੀਲ ਬਿਗਲ ਵਜਾਵੇਗਾ। :

ਉਸ ਦਿਨ ਜਦੋਂ ਕਿ ਨਰਸਿੰਗੇ ਵਿਚ ਫੂਕ ਮਾਰੀ ਜਾਵੇਗੀ ਅਤੇ ਅਸੀਂ ਅਪਰਾਧੀਆਂ ਨੂੰ ਇਸ ਹਾਲ ਵਿਚ ਘੇਰ ਲਿਆਵਾਂਗੇ ਕਿ ਉਹਨਾਂ ਦੀਆਂ ਅੱਖਾਂ (ਦਹਿਸ਼ਤ ਕਾਰਨ) ਪਥਰਾਈਆਂ ਹੋਈਆਂ ਹੋਣਗੀਆਂ।[66]

ਇਸਰਾਫੀਲ ਦੇ ਬਿਗਲ ਦੀ ਆਵਾਜ਼ ਨਾਲ ਹੀ ਸਾਰੇ ਲੋਕ ਕਬਰਾਂ ਵਿਚੋਂ ਉਠ ਖਲੋਣਗੇ ਅਤੇ ਰੱਬ ਦੇ ਹਜ਼ੂਰ ਪੇਸ਼ ਹੋਣਗੇ:

ਫੇਰ ਇਕ ਬਿਗਲ ਵਜਾਇਆ ਜਾਵੇਗਾ ਅਤੇ ਝੱਟ ਇਹ ਆਪਣੇ ਰੱਬ ਦੀ ਹਜ਼ੂਰੀ ਵਿਚ ਪੇਸ਼ ਹੋਣ ਲਈ ਆਪੋ ਆਪਣੀਆਂ ਕਬਰਾਂ ਵਿਚੋਂ ਨਿਕਲ ਪੈਣਗੇ।[67]

ਕੁਰਆਨ ਅਨੁਸਾਰ ਫ਼ਰਿਸ਼ਤੇ ਕੁਰਆਨ ਤੇ ਮੁਹੰਮਦ ਬਾਰੇ ਅਤੇ ਫੈਸਲੇ ਦੇ ਦਿਨ ਦੀ ਗਵਾਹੀ ਦਿੰਦੇ ਹਨ। ਫ਼ਰਿਸ਼ਤਿਆਂ ਵੱਲੋਂ ਗਵਾਹੀ ਦਿੱਤੀ ਜਾਵੇਗੀ ਕਿ ਇਸ ਮਨੁੱਖ ਨੇ ਬੁਰੇ ਕੰਮ ਕੀਤੇ ਹਨ:

ਫੇਰ ਬਿਗਲ ਵਜਾਇਆ ਗਿਆ, ਇਹ ਹੈ ਕਿ ਉਹ ਦਿਹਾੜਾ ਜਿਸਤੋਂ ਤੈਨੂੰ ਡਰਾਇਆ ਜਾਂਦਾ ਸੀ। ਹਰੇਕ ਵਿਅਕਤੀ ਇਸ ਹਾਲ ਵਿਚ ਆ ਗਿਆ ਕਿ ਉਸਦੇ ਨਾਲ ਇਕ ਹਿੱਕ ਕੇ ਲਿਆਉਣ ਵਾਲਾ ਹੈ ਤੇ ਇਕ ਗਵਾਹੀ ਦੇਣ ਵਾਲਾ। ਇਸ ਚੀਜ਼ ਵੱਲੋਂ ਤੂੰ ਬੇਸੁਰਤ ਸੀ। ਅਸਾਂ ਉਹ ਪੜਦਾ ਚੁੱਕ ਦਿੱਤਾ ਜਿਹੜਾ ਤੇਰੇ ਅੱਗੇ ਪਿਆ ਹੋਇਆ ਸੀ ਅਤੇ ਅੱਜ ਤੇਰੀ ਨਿਗਾਹ ਬਹੁਤ ਤੇਜ਼ ਹੈ।[68]

ਫ਼ਰਿਸ਼ਤੇ ਅਦ੍ਰਿਸ਼ ਹਨ। ਪਰ ਫੈਸਲੇ ਵਾਲੇ ਦਿਨ ਮਨੁੱਖ ਫ਼ਰਿਸ਼ਤਿਆਂ ਨੂੰ ਦੇਖਣਗੇ। ਉਸ ਦਿਨ ਅਨੇਕਾਂ ਹੀ ਫ਼ਰਿਸ਼ਤੇ ਆਪਣੇ ਕੰਮ ਨੂੰ ਅੰਜਾਮ ਦੇ ਰਹੇ ਹੋਣਗੇ:

ਜਿਸ ਦਿਹਾੜੇ ਇਹ ਫ਼ਰਿਸ਼ਤਿਆਂ ਨੂੰ ਵੇਖਣਗੇ ਉਹ ਅਪਰਾਧੀਆਂ ਲਈ ਕਿਸੇ ਖੁਸ਼ਖ਼ਬਰੀ ਦਾ ਦਿਨ ਨਹੀਂ ਹੋਵੇਗਾ। ਕੁਰਲਾ ਉਠਣਗੇ ਕਿ ਰੱਬ ਦੀ ਪਨਾਹ ਅਤੇ ਜੋ ਕੁਝ ਵੀ ਉਹਨਾਂ ਦੀ ਖੱਟੀ ਕਮਾਈ ਹੈ ਉਸਨੂੰ ਲੈ ਕੇ ਅਸੀਂ ਧੂੜ ਵਾਂਗ ਉਡਾ ਦਿਆਂਗੇ। ਕੇਵਲ ਉਹੀ ਲੋਕ ਜਿਹੜੇ ਸਵਰਗ ਦੇ ਭਾਗੀ ਹਨ ਉਸ ਦਿਹਾੜੇ ਚੰਗੇ ਥਾਂ ਠਹਿਰਨਗੇ ਅਤੇ ਦੁਪਹਿਰ ਕਟੀ ਲਈ ਸੁਹਣਾ ਟਿਕਾਣਾ ਪਾਉਣਗੇ। ਅਕਾਸ਼ ਨੂੰ ਚੀਰਦੀ ਹੋਈ ਇਕ

---

64 16:32.

65 6:73.

66 20:102.

67 36:51.

68 50:20-22.

> ਬੱਦਲੀ ਉਸ ਦਿਹਾੜੇ ਪ੍ਰਗਟ ਹੋਵੇਗੀ ਅਤੇ ਫ਼ਰਿਸ਼ਤਿਆਂ ਦੀਆਂ ਡਾਰਾਂ ਦੀਆਂ ਡਾਰਾਂ ਉਤਾਰ ਦਿੱਤੀਆਂ ਜਾਣਗੀਆਂ।[69]

ਪਵਿੱਤਰ ਕੁਰਆਨ ਦੱਸਦਾ ਹੈ ਕਿ ਫ਼ਰਿਸ਼ਤੇ ਵੀ ਮਨੁੱਖਾਂ ਤੋਂ ਹਿਸਾਬ ਮੰਗਣਗੇ। ਉਹ ਮਨੁੱਖਾਂ ਨੂੰ ਉਸ ਦੇ ਜੀਵਨ ਦੀਆਂ ਘਟਨਾਵਾਂ ਯਾਦ ਕਰਵਾਉਣਗੇ। ਰੱਬ ਦੇ ਰਸਤੇ ਤੋਂ ਭਟਕੇ ਹੋਏ ਲੋਕ ਨਰਕਾਂ ਵਿਚ ਜਾਣਾ ਨਹੀਂ ਚਾਹੁੰਣਗੇ। ਇਸ ਤੇ ਫ਼ਰਿਸ਼ਤੇ ਉਨ੍ਹਾਂ ਨੂੰ ਸਵਾਲ ਕਰਨਗੇ:

> (ਇਸ ਫੈਸਲੇ ਪਿੱਛੋਂ) ਇਨਕਾਰੀਆਂ ਦੇ ਟੋਲਿਆਂ ਦੇ ਟੋਲੇ ਨਰਕ ਵੱਲ ਹੱਕੇ ਜਾਣਗੇ,ਇਥੋਂ ਤੀਕ ਕਿ ਜਦੋਂ ਉਹ ਉਥੇ ਪਹੁੰਚਣਗੇ ਤਾਂ ਉਸ ਦੇ ਬੂਹੇ ਖੋਲ੍ਹ ਦਿੱਤੇ ਜਾਣਗੇ ਅਤੇ ਉਸ ਦੇ ਕਰਮਚਾਰੀ ਉਹਨਾਂ ਨੂੰ ਆਖਣਗੇ, ਕੀ ਤੁਹਾਡੇ ਕੋਲ ਤੁਹਾਡੇ ਆਪਣੇ ਲੋਕਾਂ ਵਿਚੋਂ ਅਜਿਹੇ ਰਸੂਲ ਨਹੀਂ ਆਏ ਸਨ ਜਿਹਨਾਂ ਤੁਹਾਨੂੰ ਤੁਹਾਡੇ ਰੱਬ ਦੀਆਂ ਆਇਤਾਂ ਸੁਣਾਈਆਂ ਹੋਣ ਅਤੇ ਤੁਹਾਨੂੰ ਇਸ ਗੱਲੋਂ ਡਰਾਇਆ ਹੋਵੇ ਕਿ ਇਕ ਸਮੇਂ ਤੁਹਾਨੂੰ ਇਹ ਦਿਹਾੜਾ ਵੀ ਵੇਖਣਾ ਪਵੇਗਾ।[70]

## ਮੁਨਕਰ ਅਤੇ ਨਕੀਰ (ਅ.)

ਸੋਹਿੰਦਰ ਸਿੰਘ ਵਣਜਾਰਾ ਬੇਦੀ ਲਿਖਦੇ ਹਨ, " ਦੋ ਹੋਰ ਪ੍ਰਸਿੱਧ ਫ਼ਰਿਸ਼ਤੇ 'ਮੁਨਕਰ ਅਤੇ ਨਕੀਰ' ਹਨ। ਇਹ ਮਰਨ ਪਿਛੋਂ ਪ੍ਰਾਣੀ ਕੋਲ ਆਉਂਦੇ ਹਨ ਤੇ ਉਸਦੇ ਚੰਗੇ ਮੰਦੇ ਕਰਮਾਂ ਕੁਕਰਮਾਂ ਦਾ ਲੇਖਾ ਕਰ ਕੇ ਕਬਰ ਵਿਚ ਤਸੀਹੇ ਦਿੰਦੇ ਹਨ।"[71] ਕਈ ਲੋਕ ਫ਼ਰਿਸ਼ਤਿਆਂ ਅੱਗੇ ਤਰਲੇ ਕਰਨਗੇ ਕਿ ਕਿਰਪਾ ਕਰਕੇ ਸਾਨੂੰ ਇਸ ਅਜ਼ਾਬ ਤੋਂ ਬਚਾਓ:

> ਫੇਰ ਇਹ ਨਰਕ ਵਿਚ ਡਿੱਗੇ ਹੋਏ ਲੋਕ, ਨਰਕ ਦੇ ਅਹਿਲਕਾਰਾਂ ਨੂੰ ਆਖਣਗੇ, ਆਪਣੇ ਰੱਬ ਤੋਂ ਦੁਆ ਕਰੋ ਕਿ ਸਾਡੇ ਅਜ਼ਾਬ ਵਿਚ ਬੱਸ ਇਕ ਦਿਨ ਦੀ ਘਾਟ ਕਰ ਦੇਵੇ।[72]

ਇਸ ਦਿਨ ਰੱਬ ਦਾ ਵਿਰੋਧ ਕਰਨ ਵਾਲੇ ਆਪਣੀ ਗਲਤੀ ਆਪ ਮੰਨਣਗੇ। ਉਹ ਮੰਨਣਗੇ ਕਿ ਰੱਬੀ ਪੈਗਾਮ ਲੈ ਕੇ ਰਸੂਲ ਸਾਡੇ ਕੋਲ ਆਉਂਦੇ ਸਨ ਪਰ ਅਸੀਂ ਯਕੀਨ ਨਹੀਂ ਕੀਤਾ ਸੀ। ਸਾਨੂੰ ਇਉਂ ਲਗਦਾ ਸੀ ਜਿਵੇਂ ਅਜਿਹਾ ਕੁਝ ਨਹੀਂ ਹੋਵੇਗਾ। ਫੈਸਲੇ ਦੇ ਦਿਨ ਕੋਈ ਵੀ ਸੰਗੀ-ਸਾਥੀ ਮਨੁੱਖ ਨਾਲ ਨਹੀਂ ਨਿਭੇਗਾ। ਉਸ ਦਿਨ ਫ਼ਰਿਸ਼ਤੇ ਸੱਚੀ ਗਵਾਹੀ ਦੇਣਗੇ :

> ਭਲਾ ਕੀ ਉਸ ਨੂੰ ਖ਼ਬਰ ਨਹੀਂ ਕਿ ਅੱਲਾਹ ਵੇਖ ਰਿਹਾ ਹੈ? ਬਿਲਕੁਲ ਨਹੀਂ, ਜੇ ਉਹ ਨਾ ਰੁਕਿਆ ਤਾਂ ਅਸੀਂ ਉਸਨੂੰ ਬੋਦੀਓ ਫੜ੍ਹ ਕੇ ਘਸੀਟਾਂਗੇ, ਉਹ ਬੋਦੀ ਜਿਹੜੀ ਝੂਠੀ ਤੇ ਸਖਤ ਕਸੂਰਵਾਰ ਹੈ। ਉਹ ਸੱਦ ਲੈਣ ਆਪਣੇ ਹਮਾਇਤੀਆਂ ਦੇ ਟੋਲੇ ਨੂੰ, ਅਸੀਂ ਵੀ ਅਜਾਬ ਦੇ ਫ਼ਰਿਸ਼ਤਿਆਂ ਨੂੰ ਸੱਦ ਲਵਾਂਗੇ।[73]

ਫ਼ਰਿਸ਼ਤੇ ਜੰਨਤ ਦੇ ਬਾਗਾਂ ਦੇ ਮਾਲਕ ਹਨ। ਭਾਵ ਜੰਨਤ ਦੀ ਦੇਖ-ਰੇਖ ਵੀ ਫ਼ਰਿਸ਼ਤੇ ਹੀ ਕਰਦੇ ਹਨ। ਬੰਦਗੀ ਕਰਨ ਵਾਲਿਆਂ ਨੂੰ ਬਹੁਤ ਸਤਿਕਾਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਨਾਲ ਯੋਗ ਸ਼ਬਦਾਵਲੀ ਵਿਚ ਗੱਲ ਕੀਤੀ ਜਾਵੇਗੀ:

---

69 25:25-27.
70 39:71.
71 *ਪੰਜਾਬੀ ਲੋਕਧਾਰਾ ਵਿਸ਼ਵਕੋਸ਼,* ਭਾਗ-ਸੱਤਵਾ, ਪੰਨਾ-1734.
72 40:49.
73 96:14-18.

ਆਦਰ ਸੂਚਕ ਸ਼ਬਦਾਂ ਤੇ ਸਲਾਮਾਂ ਨਾਲ ਉਹਨਾਂ ਦਾ ਸਵਾਗਤ ਹੋਵੇਗਾ। ਉਹ ਸਦਾ ਉਥੇ ਰਹਿਣਗੇ। ਕਿੰਨਾ ਚੰਗਾ ਹੈ ਠਹਿਰਨ ਦਾ ਸਥਾਨ ਤੇ ਟਿਕਾਣਾ।[74]

ਬੰਦਗੀ ਕਰਨ ਵਾਲਿਆਂ ਨੂੰ ਜੰਨਤ ਵਿਚ ਬਹੁਤ ਹੀ ਸਤਿਕਾਰ ਦਿੱਤਾ ਜਾਵੇਗਾ। ਫ਼ਰਿਸ਼ਤੇ ਉਨ੍ਹਾਂ ਨੂੰ ਵਾਰ-ਵਾਰ ਉਨ੍ਹਾਂ ਦੀ ਨੇਕ ਕਮਾਈ ਯਾਦ ਕਰਵਾਉਣਗੇ:

ਪਰਲੋਕ ਦਾ ਘਰ ਉਹਨਾਂ ਹੀ ਲੋਕਾਂ ਲਈ ਹੈ। ਅਰਥਾਤ ਅਜਿਹੇ ਬਾਗ ਜਿਹੜੇ ਉਹਨਾਂ ਦੇ ਸਦੀਵੀਂ ਨਿਵਾਸ ਅਸਥਾਨ ਹੋਣਗੇ। ਉਹ ਆਪ ਵੀ ਉਹਨਾਂ ਵਿਚ ਪ੍ਰਵੇਸ਼ ਕਰਨਗੇ ਅਤੇ ਉਹਨਾਂ ਦੇ ਵੱਡੇ ਵਡੇਰਿਆਂ, ਉਹਨਾਂ ਦੀਆਂ ਪਤਨੀਆਂ ਤੇ ਉਹਨਾਂ ਦੀ ਸੰਤਾਨ ਵਿਚੋਂ ਜਿਹੜੇ ਨੇਕ ਹਨ ਉਹ ਵੀ ਉਹਨਾਂ ਨਾਲ ਉਥੇ ਜਾਣਗੇ। ਫ਼ਰਿਸ਼ਤੇ ਹਰ ਪਾਸਿਓਂ ਉਹਨਾਂ ਦੇ ਸੁਆਗਤ ਲਈ ਆਉਣਗੇ ਅਤੇ ਉਹਨਾਂ ਨੂੰ ਆਖਣਗੇ, ਤੁਹਾਡੇ ਉਤੇ ਸਲਾਮਤੀ ਹੈ, ਤੁਸਾਂ ਦੁਨੀਆ ਵਿਚ ਜਿਸ ਤਰ੍ਹਾਂ ਸਬਰ ਤੋਂ ਕੰਮ ਲਿਆ ਉਹਦੇ ਕਾਰਨ ਅੱਜ ਤੁਸੀਂ ਇਸਦੇ ਅਧਿਕਾਰੀ ਬਣੇ ਹੋ।[75]

ਅਤੇ

ਇਸਤੋਂ ਉਲਟ ਜਿਹੜੇ ਲੋਕ ਦੁਨੀਆ ਵਿਚ ਈਮਾਨ ਲਿਆਏ ਹਨ ਅਤੇ ਜਿਹਨਾਂ ਭਲੇ ਕੰਮ ਕੀਤੇ ਹਨ। ਉਹ ਅਜਿਹੇ ਬਾਗਾਂ ਵਿਚ ਦਾਖਲ ਕੀਤੇ ਜਾਣਗੇ ਜਿਹਨਾਂ ਹੇਠ ਨਹਿਰਾਂ ਵਗਦੀਆਂ ਹੋਣਗੀਆਂ। ਉਥੇ ਉਹ ਆਪਣੇ ਰੱਬ ਦੀ ਆਗਿਆ ਨਾਲ ਸਦਾ ਰਹਿਣਗੇ ਤੇ ਉਥੇ ਉਹਨਾਂ ਦਾ ਸੁਆਗਤ ਸਲਾਮਤੀ ਦੀ ਵਧਾਈ ਨਾਲ ਹੋਵੇਗਾ।[76]

**ਸ਼ੰਕੇ ਦਾ ਨਿਵਾਰਣ**

ਕੁਰਆਨ ਵਿਚ ਅਜਿਹੇ ਵੇਰਵੇ ਵੀ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਕੁਝ ਕੁ ਕਾਫਿਰਾਂ ਨੇ ਫਰਿਸ਼ਤਿਆਂ ਨੂੰ ਰੱਬ ਦੀਆਂ ਧੀਆਂ ਵੀ ਕਿਹਾ। ਇਸ ਖਿਆਲ ਨਾਲ ਅੱਲਾਹ ਦੇ ਸਰੂਪ ਨੂੰ ਗੰਧਲਾ ਕੀਤਾ ਗਿਆ ਹੈ। ਕੁਰਆਨ ਅਨੁਸਾਰ ਅੱਲਾਹ ਲਾਸ਼ਰੀਕ ਹੈ। ਜਦੋਂ ਇਹ ਹੀ ਕਹਿ ਦਿੱਤਾ ਗਿਆ ਹੈ ਕਿ ਰੱਬ ਦੀ ਕੋਈ ਸੰਤਾਨ ਹੀ ਨਹੀਂ ਹੈ ਤਾਂ ਫੇਰ ਧੀਆਂ ਹੋਣ ਦਾ ਦਾਅਵਾ ਥੋਥਾ ਹੈ:

ਫੇਰ ਰਤਾ ਇਹਨਾਂ ਲੋਕਾਂ ਤੋਂ ਪੁੱਛੋਂ, ਕੀ (ਇਹਨਾਂ ਦੇ ਦਿਲ ਨੂੰ ਇਹ ਗੱਲ ਲੱਗਦੀ ਹੈ ਕਿ) ਤੁਹਾਡੇ ਰੱਬ ਲਈ ਤਾਂ ਹੋਣ ਧੀਆਂ ਅਤੇ ਇਨ੍ਹਾਂ ਲਈ ਹੋਣ ਪੁੱਤਰ ਕਿ ਅਸਲੋਂ ਅਸੀਂ ਫ਼ਰਿਸ਼ਤਿਆਂ ਨੂੰ ਇਸਤਰੀਆਂ ਹੀ ਬਣਾਇਆ ਹੈ ਅਤੇ ਇਹ ਅੱਖੀ ਡਿੱਠੀ ਗੱਲ ਆਖ ਰਹੇ ਹਨ? ਚੰਗੀ ਤਰ੍ਹਾਂ ਸੁਣ ਲਓ। ਅਸਲ ਵਿਚ ਇਹ ਲੋਕ ਆਪਣੇ ਪਾਸੋਂ ਘੜ ਕੇ ਇਹ ਗੱਲ ਆਖਦੇ ਹਨ ਕਿ ਅੱਲਾਹ ਦੀ ਸੰਤਾਨ ਹੈ ਪਰ ਅਸਲ ਵਿਚ ਇਹ ਝੂਠੇ ਹਨ। ਕੀ ਅੱਲਾਹ ਨੇ ਪੁੱਤਰਾਂ ਦੀ ਥਾਂ ਧੀਆਂ ਆਪਣੇ ਲਈ ਪਸੰਦ ਕਰ ਲਈਆਂ? ਤੁਹਾਨੂੰ ਕੀ ਹੋ ਗਿਆ ਹੈ, ਕਿਹੋ ਜਿਹੇ ਹੁਕਮ ਲਾ ਰਹੇ ਹੋ? ਕੀ ਤੁਹਾਨੂੰ ਸੁਰਤ ਨਹੀਂ ਆਉਂਦੀ? ਜਾਂ ਫੇਰ ਤੁਹਾਡੇ ਕੋਲ ਆਪਣੀਆਂ ਇਹਨਾਂ ਗੱਲਾਂ ਲਈ ਕੋਈ ਸਪਸ਼ਟ ਦਲੀਲ ਹੈ, ਤਾਂ ਲਿਆਓ ਆਪਣੀ ਉਹ ਕਿਤਾਬ ਜੇ ਤੁਸੀਂ ਸੱਚੇ ਹੋ।[77]

ਕੁਰਆਨ ਸਖਤ ਸ਼ਬਦਾਂ ਵਿਚ ਦੱਸਦਾ ਹੈ ਕਿ ਜੋ ਕੋਈ ਫ਼ਰਿਸ਼ਤਿਆਂ ਨੂੰ ਅੱਲਾਹ ਦੀਆਂ ਧੀਆਂ ਆਖਦਾ ਹੈ। ਅੱਲਾਹ ਉਨ੍ਹਾਂ ਤੋਂ ਇਸ ਬਾਰੇ ਜ਼ਰੂਰ ਪੁੱਛੇਗਾ। ਇਸ ਲਈ ਉਨ੍ਹਾਂ ਨੂੰ ਤਿਆਰ ਰਹਿਣਾ ਚਾਹੀਦਾ ਹੈ।

[74] 25:75-76.
[75] 13:23-24.
[76] 14:23.
[77] 37:149-157.

ਇਹਨਾਂ ਨੇ ਫ਼ਰਿਸ਼ਤਿਆਂ ਨੂੰ, ਜਿਹੜੇ ਅਤਿਅੰਤ ਮਿਹਰਬਾਨ ਰੱਬ ਦੇ ਖਾਸ ਬੰਦੇ ਹਨ, ਇਸਤਰੀਆਂ ਮੰਨ ਲਿਆ। ਕੀ ਉਹਨਾਂ ਦੇ ਸਰੀਰ ਦੀ ਬਣਤਰ ਇਹਨਾਂ ਵੇਖੀ ਹੈ? ਇਹਨਾਂ ਦੀ ਗਵਾਹੀ ਲਿਖ ਲਈ ਜਾਵੇਗੀ ਅਤੇ ਇਹਨਾਂ ਨੂੰ ਇਸ ਦਾ ਉੱਤਰ ਦੇਣਾ ਪਏਗਾ।[78]

ਉਪਰੋਕਤ ਵਿਚਾਰਾਂ ਵਿਚੋਂ ਜੋ ਗੱਲ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਫ਼ਰਿਸ਼ਤਿਆਂ 'ਤੇ ਈਮਾਨ ਲਿਆਉਣਾ ਜ਼ਰੂਰੀ ਹੈ। ਇਹ ਕੁਰਆਨ ਦੀਆਂ ਮੁਢਲੀਆਂ ਸਿੱਖਿਆਵਾਂ ਵਿਚੋਂ ਇਕ ਹੈ। ਫ਼ਰਿਸ਼ਤਿਆਂ ਦਾ ਜ਼ਿਕਰ ਮਨੁੱਖ ਦੇ ਜਨਮ ਤੋਂ ਪਹਿਲਾਂ ਤੋਂ ਸ਼ੁਰੂ ਹੋ ਕੇ ਮੌਤ ਤੋਂ ਬਾਅਦ ਤੱਕ ਚੱਲਦਾ ਹੈ। ਰੱਬ ਦਾ ਸਾਰਾ ਕੰਮ ਹੀ ਫ਼ਰਿਸ਼ਤਿਆਂ ਨੂੰ ਦਿੱਤਾ ਹੋਇਆ ਹੈ। ਰੱਬ ਨੇ ਜੋ ਪੈਗਾਮ ਫ਼ਰਿਸ਼ਤਿਆਂ ਨੂੰ ਦਿੱਤਾ, ਉਸ ਬਾਰੇ ਮੁਹੰਮਦ ਇਕਬਾਲ ਲਿਖਦਾ ਹੈ:

*ਜਿਸ ਖੇਤ ਮੇਂ ਦਹਕਾਂ ਕੋ ਮਅਸਰ ਨਹੀਂ ਰੋਜ਼ੀ, ਉਸ ਖੇਤ ਕੇ ਹਰ ਖ਼ੋਸ਼ਾ-ਏ-ਗੰਦੁਮ ਕੋ ਜਲਾ ਦੋ।*
*ਮੈਂ ਨਾਖੁਸ਼-ਓ-ਬੇਜ਼ਾਰ ਹੂੰ ਮਰਮਰ ਕੀ ਸਿਲੋ ਸੇ, ਮੇਰੇ ਲਿਏ ਮਿੱਟੀ ਕਾ ਹਰਮ ਔਰ ਬਨਾ ਦੋ।*[79]

ਅੱਗੇ ਪਵਿੱਤਰ ਕੁਰਆਨ ਵਿਚ ਫ਼ਰਿਸ਼ਤਿਆਂ ਦੀ ਮਹਾਨਤਾ ਅਤੇ ਮਹੱਤਤਾ ਨੂੰ ਦ੍ਰਿੜ ਕਰਾਉਂਦੀਆਂ ਕੁਝ ਆਇਤਾਂ ਨਮੂਨੇ ਵਜੋਂ ਦਿੱਤੀਆਂ ਜਾ ਰਹੀਆਂ ਹਨ :

ਤੁਸੀਂ ਵੇਖੋਗੇ ਕਿ ਫਰਿਸ਼ਤੇ ਅਰਸ਼ ਦੇ ਆਲੇ-ਦੁਆਲੇ ਘੇਰਾ ਘੱਤੀ ਆਪਣੇ ਰੱਬ ਦੀ ਉਸਤਤ ਅਤੇ ਤਸਬੀਹ ਕਰ ਰਹੇ ਹੋਣਗੇ, ਲੋਕਾਂ ਵਿਚਾਲੇ ਠੀਕ-ਠੀਕ ਨਿਆਂ ਪੂਰਬਕ ਫ਼ੈਸਲਾ ਸੁਣਾ ਦਿੱਤਾ ਜਾਵੇਗਾ ਅਤੇ ਆਵਾਜ਼ ਦੇ ਦਿੱਤੀ ਜਾਵੇਗੀ ਕਿ ਸੋਭਾ ਅੱਲਾਹ ਲਈ ਹੀ ਹੈ ਜਿਹੜਾ ਸਾਰੇ ਜਹਾਨਾਂ ਦਾ ਪਾਲਣਹਾਰ ਹੈ।[80]

ਫੇਰ ਜਦੋਂ ਇੱਕ ਵਾਰੀ ਬਿਗਲ ਵਜਾ ਦਿੱਤਾ ਜਾਵੇਗਾ ਅਤੇ ਧਰਤੀ ਤੇ ਪਹਾੜਾਂ ਨੂੰ ਚੁੱਕ ਕੇ ਇੱਕੋ ਸੱਟ ਵਿੱਚ ਚੂਰਾ-ਚੂਰਾ ਕਰ ਦਿੱਤਾ ਜਾਵੇਗਾ ਉਸ ਦਿਹਾੜੇ ਉਹ ਹੋਣ ਵਾਲੀ ਘਟਨਾ ਵਾਪਰੇਗੀ। ਉਸ ਦਿਹਾੜੇ ਅਕਾਸ਼ ਪਾਟ ਜਾਵੇਗਾ ਅਤੇ ਉਸ ਦਾ ਬੰਨ੍ਹਣ ਢਿੱਲਾ ਪੈ ਜਾਵੇਗਾ। ਫਰਿਸ਼ਤੇ ਉਸ ਦੇ ਕਿਨਾਰਿਆਂ 'ਤੇ ਹੋਣਗੇ ਅਤੇ ਅੱਠ ਫ਼ਰਿਸ਼ਤਿਆਂ ਨੇ ਉਸ ਦਿਨ ਤੇਰੇ ਰੱਬ ਦਾ ਅਰਸ਼ ਆਪਣੇ ਉੱਤੇ ਚੁੱਕਿਆ ਹੋਇਆ ਹੋਵੇਗਾ। ਉਹ ਦਿਹਾੜਾ ਹੋਵੇਗਾ ਜਦੋਂ ਤੁਸੀਂ ਲੋਕ ਪੇਸ਼ ਕੀਤੇ ਜਾਓਗੇ ਤੇ ਤੁਹਾਡਾ ਕੋਈ ਭੇਤ ਵੀ ਲੁਕਿਆ ਨਹੀਂ ਰਹਿ ਸਕੇਗਾ।[81]

### 3. ਅੱਲਾਹ ਦੀਆਂ ਕਿਤਾਬਾਂ 'ਤੇ ਈਮਾਨ

ਇਸਲਾਮ ਤੋਂ ਪਹਿਲਾਂ ਯਹੂਦੀ ਅਤੇ ਇਸਾਈ ਧਰਮ ਹੋਂਦ ਵਿਚ ਆ ਚੁੱਕੇ ਸਨ। ਉਨ੍ਹਾਂ ਕੋਲ ਪੈਗੰਬਰ ਅਤੇ ਧਰਮ ਗ੍ਰੰਥ ਸਨ। ਇਸਲਾਮ ਇਸ ਪਰੰਪਰਾ ਵਿਚੋਂ ਹੋਣ ਕਰਕੇ ਯਹੂਦੀ ਅਤੇ ਇਸਾਈ ਧਰਮ ਦੇ ਪੈਗੰਬਰਾਂ ਅਤੇ ਧਰਮ ਗ੍ਰੰਥਾਂ ਨੂੰ ਪ੍ਰਵਾਨ ਵੀ ਕਰਦਾ ਹੈ ਅਤੇ ਇਸਲਾਮ ਦੇ ਅਨੁਆਈਆਂ ਨੂੰ ਉਨ੍ਹਾਂ ਉਪਰ ਈਮਾਨ ਲਿਆਉਣ ਨੂੰ ਵੀ ਕਹਿੰਦਾ ਹੈ। ਸਾਡੀ ਅੱਜ ਦੀ ਭਾਸ਼ਾ ਵਿਚ 'ਕਿਤਾਬ' ਸ਼ਬਦ ਦੀ ਮਹੱਤਤਾ ਆਮ ਪੁਸਤਕ ਹੈ ਪਰ ਜਦੋਂ ਕੁਰਆਨ ਵਿਚ ਕਿਤਾਬ ਦੀ ਵਰਤੋਂ ਹੁੰਦੀ ਹੈ ਤਾਂ ਇਹ ਰੱਬੀ ਬਾਣੀ ਜਾਂ ਰੱਬ ਦੀ ਕਿਤਾਬ ਦੇ ਅਰਥਾਂ ਵਿਚ ਹੁੰਦੀ ਹੈ। ਪਵਿੱਤਰ ਕੁਰਆਨ ਅੱਲਾਹ ਦੀਆਂ ਕਿਤਾਬਾਂ ਉਪਰ ਈਮਾਨ ਲਿਆਉਣ ਦੀ ਗੱਲ ਕਹਿੰਦਾ ਹੈ:

---

[78] 43:19.
[79] kuldIp salil, *Ibid,* p-94.
[80] 39: 75.
[81] 69: 13-18.

> ਅਲਿਫ਼. ਲਾਮ. ਮੀਮ.। ਇਹ ਅੱਲਾਹ ਦੀ ਕਿਤਾਬ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਰਾਹ ਦੱਸਦੀ ਹੈ ਉਨ੍ਹਾਂ ਪ੍ਰਹੇਜ਼ਗਾਰਾਂ ਨੂੰ ਜਿਹੜੇ ਗ਼ੈਬ ਉਤੇ ਈਮਾਨ ਲਿਆਉਂਦੇ ਹਨ, ਨਮਾਜ਼ ਕਾਇਮ ਕਰਦੇ ਹਨ, ਜੋ ਰਿਜ਼ਕ ਅਸੀਂ ਉਨ੍ਹਾਂ ਨੂੰ ਦਿੱਤਾ ਹੈ, ਉਸ ਵਿੱਚੋਂ ਖ਼ਰਚ ਕਰਦੇ ਹਨ, ਜੋ ਕਿਤਾਬ ਤੁਹਾਡੇ 'ਤੇ ਉਤਾਰੀ ਗਈ ਹੈ (ਅਰਥਾਤ ਕੁਰਆਨ) ਅਤੇ ਜੋ ਕਿਤਾਬਾਂ ਤੁਹਾਥੋਂ ਪਹਿਲਾਂ ਉਤਾਰੀਆਂ ਗਈਆਂ ਸਨ ਉਨ੍ਹਾਂ ਸਭਨਾਂ ਉਤੇ ਈਮਾਨ ਲਿਆਉਂਦੇ ਹਨ ਅਤੇ ਆਖ਼ਰਤ ਉਤੇ ਯਕੀਨ ਰੱਖਦੇ ਹਨ।[82]

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਚਾਰ ਫ਼ੇਰੀਆਂ ਦੌਰਾਨ ਇਹ ਵੇਰਵਾ ਮਿਲਦਾ ਹੈ ਕਿ ਗੁਰੂ ਜੀ ਵੀ ਆਪਣੇ ਕੋਲ ਕਿਤਾਬ ਰੱਖਦੇ ਸਨ। ਜਿਸ ਵਿਚ ਰੱਬੀ ਕਲਾਮ ਲਿਖਦੇ ਸਨ।[83] ਫਜ਼ਲੁਰ ਰਹਿਮਾਨ ਦੱਸਦੇ ਹਨ ਕਿ ਰੱਬ ਦੇ ਪੈਗੰਬਰ, ਮੁਹੰਮਦ (ਸ.) ਦੇ ਆਗਮਨ ਤੋਂ ਬਾਅਦ ਕੁਰਆਨ ਰਾਹੀਂ ਵਾਰ-ਵਾਰ ਲੋਕਾਂ ਨੂੰ ਕਿਹਾ ਗਿਆ ਹੈ ਕਿ ਅਸੀਂ ਉਨ੍ਹਾਂ ਨੂੰ ਤੌਰੇਤ ਤੇ ਇੰਜੀਲ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ ਕੁਰਆਨ ’ਤੇ ਵੀ ਵਿਸ਼ਵਾਸ ਕਰਨਾ ਚਾਹੀਦਾ ਹੈ।[84] ਅੱਲਾਹ ਦੀਆਂ ਕਿਤਾਬਾਂ ਉੱਤੇ ਈਮਾਨ ਲਿਆਉਣ ਬਾਰੇ ਮੌਲਾਨ ਜਲੀਲ ਅਹਿਸਨ ਨਦਵੀ ਲਿਖਦੇ ਹਨ:

> ਕਿਤਾਬਾਂ ਉੱਤੇ ਸ਼ਰਧਾ ਲਿਆਉਣ ਦਾ ਮੰਤਵ ਇਹ ਹੈ ਕਿ ਪਵਿੱਤਰ ਅੱਲਾਹ ਨੇ ਆਪਣੇ ਰਸੂਲਾਂ ਰਾਹੀਂ ਸਮੇਂ-ਸਮੇਂ ਜੋ ਸਿੱਖਿਆ ਪੱਤਰ ਭੇਜੇ ਹਨ, ਉਨ੍ਹਾਂ ਸਾਰਿਆਂ ਨੂੰ ਸੱਚੇ ਮੰਨੇ। ਉਨ੍ਹਾਂ ਵਿਚ ਅੰਤਲਾ ਸਿੱਖਿਆ ਪੱਤਰ ਕੁਰਾਨ ਸ਼ਰੀਫ਼ ਹੈ।ਪਹਿਲਿਆਂ ਲੋਕਾਂ ਨੇ ਆਪਣੀਆਂ ਕਿਤਾਬਾਂ ਵਿਗਾੜ ਲਈਆਂ ਹਨ। ਤਦ ਅੰਤ ਵਿਚ ਅੱਲ੍ਹਾ ਨੇ ਹਜ਼ਰਤ ਮੁਹੰਮਦ ਸਾਹਿਬ ਰਾਹੀਂ (ਜਿਨ੍ਹਾਂ ਨੂੰ ਅੱਲਾਹ ਵਰੋਸਾਇਆ ਤੇ ਜਿਨ੍ਹਾਂ ਦੀ ਸੁਰੱਖਿਆ ਕੀਤੀ) ਅੰਤਮ ਕਿਤਾਬ ਕੁਰਾਨ ਭੇਜੀ ਜਿਹੜੀ ਕਿ ਸਾਫ਼ ਤੇ ਸਪਸ਼ਟ ਹੈ ਜਿਸ ਵਿਚ ਚੋਰੀ ਨੁਕਸ ਨਹੀਂ ਅਤੇ ਉਹ ਹਰ ਪ੍ਰਕਾਰ ਦੇ ਵਿਗਾੜ ਤੋਂ ਸਾਫ਼ ਹੈ। ਹੁਣ ਇਸ ਕਿਤਾਬ ਤੋਂ ਬਿਨ੍ਹਾਂ ਸੰਸਾਰ ਵਿਚ ਹੋਰ ਕੋਈ ਅਜਿਹੀ ਕਿਤਾਬ ਨਹੀਂ, ਜਿਸ ਰਾਹੀਂ ਖੁਦਾ ਤੱਕ ਪਹੁੰਚਿਆ ਜਾ ਸਕਦਾ ਹੈ।[85]

ਅੰਤਿਮ ਕਿਤਾਬ ਕੁਰਆਨ ਹੈ ਪਰ ਬੰਦਗੀ ਕਰਨ ਵਾਲੇ ਲਈ ਇਹ ਜ਼ਰੂਰੀ ਹੈ ਕਿ ਉਹ ਤੌਰੇਤ ਅਤੇ ਇੰਜੀਲ ਉਪਰ ਵੀ ਈਮਾਨ ਲਿਆਏ। ਕੁਰਆਨ ਵਿਚ ਅਨੇਕਾਂ ਆਇਤਾਂ ਵਿਚ ਰੱਬ ਵੱਲੋਂ ਬੰਦੇ ਨੂੰ ਕਿਹਾ ਗਿਆ ਹੈ ਕਿ ਤੂੰ ਸਿੱਧਾ ਰਾਹ ਅਖਤਿਆਰ ਕਰ। ਤੁਸੀਂ ਯਹੂਦੀਆਂ ਅਤੇ ਇਸਾਈਆਂ ਦੀਆਂ ਗੱਲਾਂ ਨਹੀਂ ਸਗੋਂ ਤੌਰੇਤ ਅਤੇ ਇੰਜੀਲ ਦੀਆਂ ਗੱਲਾਂ ਨੂੰ ਮੰਨੋ। ਇਹ ਉਹ ਕਿਤਾਬਾਂ ਹਨ ਜੋ ਇਬਰਾਹੀਮ (ਅ.), ਇਸਮਾਈਲ (ਅ.), ਇਸਹਾਕ (ਅ.), ਯਾਕੂਬ (ਅ.), ਮੂਸਾ (ਅ.) ਵੱਲ ਭੇਜੀਆਂ ਗਈਆਂ ਸਨ। ਕੁਰਆਨ ਦੀਆਂ ਅਨੇਕ ਆਇਤਾਂ ਦੀ ਸ਼ੁਰੂਆਤ ਵਿਚ ‘ਹੇ ਕਿਤਾਬ ਵਾਲਿਓ’ ਲਿਖਿਆ ਹੋਇਆ ਹੈ। ਕੁਰਆਨ ਦਾ ਸਿੱਧਾ ਰਾਹ ਇਹ ਹੈ ਕਿ ਤੁਸੀਂ ਸਿੱਧਾ ਵਿਸ਼ਵਾਸ ਇਨ੍ਹਾਂ ਕਿਤਾਬਾਂ 'ਤੇ ਲਿਆਓ ਅਤੇ ਜੋ ਲੋਕ ਵਲ-ਫੇਰ ਨਾਲ ਇਨ੍ਹਾਂ ਕਿਤਾਬਾਂ ਦੀ ਹੋਰ ਵਿਆਖਿਆ ਕਰਦੇ ਹਨ, ਉਨ੍ਹਾਂ ਨੂੰ ਛੱਡ ਦਿਓ। ਮੁਨਾਫ਼ਿਕਾਂ ਨੇ ਤਾਂ ਕੁਰਆਨ ਦੀ ਪ੍ਰਭੂਸੱਤਾ ਉਪਰ ਵੀ ਸਵਾਲ ਖੜ੍ਹੇ ਕੀਤੇ ਸਨ। ਕੁਰਆਨ ਦੱਸਦਾ ਹੈ ਕਿ ਇਹ ਲੋਕ ਰੱਬੀ

82 2: 1–5.

83 *ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ। ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।* ਵਾਰ/ਪਉੜੀ 1/ 32.

84 After the advent of muhammad as God’s Messenger, The Qura’n repeatedly refers to a group of people about whom it say’s, “ we had already given them the book (i.e, the Torah and the Gospel) and they also believe in the Qura’n. Fazlur Rahman, *Major themes of the Qura’n,* p-162.

85 *ਰਾਹੇ ਅਮਲ,* ਪੰਨਾ–5.

ਬਾਣੀ ਉਪਰ ਸ਼ੱਕ ਕਰਦੇ ਹਨ। ਜੇ ਇਹ ਰੱਬੀ ਬਾਣੀ ਨਹੀਂ ਹੈ ਤਾਂ ਫਿਰ ਇਸ ਵਰਗੀ ਕੋਈ ਆਇਤ ਆਪ ਬਣਾ ਕੇ ਦਿਖਾਉਣ। ਕੁਰਆਨ ਵਿਚ ਦੁਨਿਆਵੀਂ ਮਿਸਾਲਾਂ ਰਾਹੀ ਵੀ ਬੰਦਗੀ ਦੇ ਸਰੂਪ ਨੂੰ ਸਪਸ਼ਟ ਕੀਤਾ ਗਿਆ ਹੈ ਜਿਵੇਂ ਮੱਕੜੀ, ਮੱਖੀ, ਮੱਛਰ, ਗਧਾ, ਊਠ, ਬਾਗ ਆਦਿ। ਵਿਰੋਧੀ ਇਨ੍ਹਾਂ ਮਿਸਾਲਾਂ ਕਰਕੇ ਕੁਰਆਨ ਦਾ ਵਿਰੋਧ ਕਰਦੇ ਸਨ ਕਿ ਇਹ ਕਿਵੇਂ ਦਾ ਰੱਬੀ ਕਲਾਮ ਹੈ ਜਿਸ ਵਿਚ ਦੁਨਿਆਵੀ ਦਲੀਲਾਂ ਦਾ ਵਰਣਨ ਹੈ, "ਕੁਰਆਨ ਮਜੀਦ ਵਿੱਚ ਅਨੇਕ ਥਾਵਾਂ ਤੇ ਆਪਣੀ ਗੱਲ ਸਮਝਾਉਣ ਦੇ ਮੰਤਵ ਨਾਲ ਮੱਕੜੀ, ਮੱਖੀ, ਮੱਛਰ ਆਦਿ ਦੀਆਂ ਜੋ ਉਪਮਾਵਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਤੇ ਵਿਰੋਧੀਆਂ ਨੂੰ ਇਹ ਇਤਰਾਜ਼ ਸੀ ਕਿ ਇਹ ਕਿਹੋ ਜਿਹਾ ਰੱਬੀ ਕਲਾਮ ਹੈ ਜਿਸ ਵਿਚ ਅਜਿਹੀਆਂ ਵਸਤਾਂ ਦੀਆਂ ਮਿਸਾਲਾਂ ਦਿੱਤੀਆਂ ਗਈਆਂ ਹਨ।"[86] ਪਵਿੱਤਰ *ਕੁਰਆਨ* ਦਾ ਇਸ ਬਾਬਤ ਕਥਨ ਹੈ:

> ਹਾਂ, ਅੱਲਾਹ ਇਸ ਤੋਂ ਉੱਕਾ ਨਹੀਂ ਸੰਗਦਾ ਕਿ ਮੱਛਰ ਜਾਂ ਉਸਤੋਂ ਵੀ ਵਧੇਰੇ ਤੁੱਛ ਕਿਸੇ ਚੀਜ਼ ਦੀਆਂ ਮਿਸਾਲਾਂ ਦੇਵੇ। ਜਿਹੜੇ ਲੋਕ ਸੱਚੀ ਗੱਲ ਕਬੂਲਣ ਵਾਲੇ ਹਨ, ਉਹ ਇਨ੍ਹਾਂ ਹੀ ਮਿਸਾਲਾਂ ਨੂੰ ਵੇਖਕੇ ਜਾਣ ਲੈਂਦੇ ਹਨ ਕਿ ਇਹ ਹੱਕ ਹੈ ਜੋ ਉਨ੍ਹਾਂ ਦੇ ਰੱਬ ਵੱਲੋਂ ਹੀ ਆਇਆ ਹੈ ਅਤੇ ਜਿਹੜੇ ਮੰਨਣ ਵਾਲੇ ਨਹੀਂ ਹਨ, ਉਹ ਇਨ੍ਹਾਂ ਨੂੰ ਸੁਣ ਕੇ ਆਖਣ ਲਗਦੇ ਹਨ ਕਿ ਅਜਿਹੀਆਂ ਮਿਸਾਲਾਂ ਨਾਲ ਰੱਬ ਦਾ ਕੀ ਸਰੋਕਾਰ?[87]

ਮੁਨਾਫ਼ਿਕਾਂ ਨੇ ਤਾਂ ਹਜ਼ਰਤ ਮੁਹੰਮਦ (ਸ.) ਤੋਂ ਪਹਿਲਾਂ ਦੇ ਪੈਗੰਬਰਾਂ ਨੂੰ ਵੀ ਪਸੰਦ ਨਹੀਂ ਕੀਤਾ ਸੀ। ਵਿਰੋਧ ਕਰਨਾ ਇਨਕਾਰੀਆਂ ਦਾ ਸੁਭਾਅ ਹੈ। ਅੱਗੇ ਜਬੂਰਾਂ ਦੀ ਪੋਥੀ, ਤੌਰੇਤ ਅਤੇ ਇੰਜੀਲ ਬਾਰੇ ਕੁਰਆਨ ਦੀਆਂ ਆਇਤਾਂ ਦਿੱਤੀਆਂ ਜਾ ਰਹੀਆਂ ਹਨ।

### ਜ਼ਬੂਰਾਂ ਦੀ ਪੋਥੀ ਬਾਰੇ

> ਹੇ ਨਬੀ! ਅਸੀਂ ਤੁਹਾਡੇ ਵੱਲ ਉਸੇ ਤਰ੍ਹਾਂ ਵਹੀ ਘੱਲੀ ਹੈ ਜਿਵੇਂ ਨੂਹ ਅਤੇ ਉਸ ਤੋਂ ਮਗਰੋਂ ਆਉਣ ਵਾਲੇ ਪੈਗੰਬਰਾਂ ਵੱਲ ਘੱਲੀ ਸੀ। ਅਸੀਂ ਇਬਰਾਹੀਮ, ਇਸਮਾਈਲ, ਇਸਹਾਕ, ਯਾਕੂਬ ਅਤੇ ਯਾਕੂਬ ਦੀ ਸੰਤਾਨ, ਈਸਾ ਅਯੂਬ, ਯੂਨਸ, ਹਾਰੂਨ ਅਤੇ ਸੁਲੇਮਾਨ ਵੱਲ ਵਹੀ ਭੇਜੀ। ਅਸਾਂ ਦਾਊਦ ਨੂੰ ਜਬੂਰ ਦਿੱਤੀ।[88]
>
> ਤੇਰਾ ਰੱਬ ਧਰਤੀ 'ਤੇ ਆਕਾਸ਼ਾਂ ਦੇ ਜੀਆਂ ਜੰਤ ਨੂੰ ਵਧੇਰੇ ਜਾਣਦਾ ਹੈ। ਅਸਾਂ ਕਈ ਪੈਗੰਬਰਾਂ ਨੂੰ ਕਈਆਂ ਨਾਲੋਂ ਬਹੁਤ ਵਡਿਆਈ ਦਿੱਤੀ ਅਤੇ ਅਸਾਂ ਹੀ ਦਾਊਦ ਨੂੰ ਜ਼ਬੂਰ ਦਿੱਤੀ ਸੀ।[89]

### ਤੌਰੇਤ ਅਤੇ ਇੰਜ਼ੀਲ ਬਾਰੇ

> ਹੇ ਨਬੀ! ਉਸਨੇ ਤੁਹਾਡੇ ਉਤੇ ਇਹ ਕਿਤਾਬ ਉਤਾਰੀ, ਜੋ ਸੱਚਾਈ ਲੈ ਕੇ ਆਈ ਹੈ ਅਤੇ ਉਨ੍ਹਾਂ ਕਿਤਾਬਾਂ ਦੀ ਪ੍ਰੋੜਤਾ ਕਰ ਰਹੀ ਹੈ ਜਿਹੜੀਆਂ ਪਹਿਲਾਂ ਤੋਂ ਆਈਆਂ ਹੋਈਆਂ ਸਨ। ਇਸ ਤੋਂ ਪਹਿਲਾਂ ਉਹ ਲੋਕਾਂ ਨੂੰ ਰਾਹ ਦਰਸਾਉਣ ਲਈ ਤੌਰੇਤ ਤੇ ਅੰਜੀਲ ਉਤਾਰ ਚੁੱਕਾ ਹੈ ਅਤੇ ਉਸਨੇ ਉਹ ਕਸਵੱਟੀ ਉਤਾਰੀ ਹੈ (ਜਿਹੜੀ ਸੱਚ ਤੇ ਝੂਠ ਦਾ ਫ਼ਰਕ ਵਿਖਾਉਣ ਵਾਲੀ ਹੈ।[90]
>
> ਅਸੀਂ ਨੂਹ ਤੇ ਇਬਰਾਹੀਮ ਨੂੰ ਭੇਜਿਆ ਅਤੇ ਉਹਨਾਂ ਦੋਵਾਂ ਦੇ ਬੰਸ ਵਿਚ ਪੈਗੰਬਰ ਤੇ ਕਿਤਾਬ ਰੱਖ ਦਿੱਤੀ। ਫੇਰ ਉਹਨਾਂ ਦੀ ਸੰਤਾਨ ਵਿਚ ਕਿਸੇ ਨੇ ਸਿੱਧਾ ਰਾਹ ਅਪਣਾ ਲਿਆ ਤੇ ਬਹੁਤ ਸਾਰੇ ਅਵੱਗਿਆਕਾਰ ਬਣ ਗਏ। ਉਹਨਾਂ ਮਗਰੋਂ ਅਸਾਂ ਉਪਰੋਥਲੀ ਆਪਣੇ ਰਸੂਲ ਭੇਜੇ ਅਤੇ ਉਹਨਾਂ ਸਾਰਿਆਂ ਦੇ ਮਗਰੋਂ ਮਰੀਅਮ ਦੇ ਪੁੱਤਰ ਈਸਾ ਨੂੰ ਘੱਲਿਆ। ਉਹਨੂੰ ਅੰਜੀਲ ਦਿੱਤੀ ਅਤੇ ਜਿਹਨਾਂ ਲੋਕਾਂ ਨੇ ਉਸਦੀ

---

[86] *ਕੁਰਆਨ ਮਜੀਦ,* ਫੁਟ ਨੋਟ ਨੰ-11, ਪੰਨਾ-21.

[87] 2:26.

[88] 4:163.

[89] 17:55

[90] 3: 3-4.

ਪੈਰਵੀ ਅਖਤਿਆਰ ਕੀਤੀ ਉਹਨਾਂ ਦੇ ਦਿਲਾਂ ਵਿਚ ਅਸਾਂ ਨਰਮੀ ਤੇ ਮਿਹਰ ਪਾ ਦਿੱਤੀ ਸੰਸਾਰ ਤਿਆਗ ਦੀ ਪ੍ਰਥਾ ਤਾਂ ਉਹਨਾਂ ਨੇ ਆਪ ਤੋਰ ਲਈ। ਅਸਾਂ ਇਹ ਉਹਨਾਂ 'ਤੇ ਫਰਜ਼ ਨਹੀਂ ਕੀਤੀ ਸੀ। ਪਰ ਅੱਲਾਹ ਦੀ ਰਜ਼ਾ ਦੀ ਭਾਲ ਵਿਚ ਉਹਨਾਂ ਨੇ ਆਪੇ ਇਹ ਨਵੀਂ ਕਾਢ ਕੱਢੀ ਅਤੇ ਫੇਰ ਇਸ ਨੂੰ ਜਿਵੇਂ ਨਿਭਾਉਣਾ ਚਾਹੀਦਾ ਸੀ ਉਂਜ ਨਹੀਂ ਨਿਭਾਇਆ। ਉਹਨਾਂ ਵਿਚੋਂ ਜਿਹਨਾਂ ਈਮਾਨ ਲਿਆਂਦਾ ਹੋਇਆ ਸੀ। ਉਹਨਾਂ ਦਾ ਬਦਲਾ ਅਸਾਂ ਉਹਨਾਂ ਨੂੰ ਬਖਸ਼ਿਆ, ਪਰ ਉਹਨਾਂ ਵਿਚੋਂ ਵਧੇਰੇ ਲੋਕ ਅਵੱਗਿਆਕਾਰ ਹਨ।[91]

ਪਵਿੱਤਰ ਕੁਰਆਨ ਵਿਚ ਉਹ ਆਇਤਾਂ ਵੀ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਕੁਰਆਨ, ਤੌਰੇਤ ਅਤੇ ਇੰਜੀਲ ਦਾ ਆਪਸੀ ਰਿਸ਼ਤਾ ਬਿਆਨ ਹੁੰਦਾ ਹੈ:

ਪਹਿਲਿਆਂ ਲੋਕਾਂ ਦੇ ਇਹਨਾਂ ਕਿਸਿਆਂ ਵਿਚ ਸੂਝਵਾਨ ਤੇ ਸੁਚੇਤ ਵਿਅਕਤੀਆਂ ਲਈ ਵੱਡੀ ਸਿੱਖਿਆ ਹੈ। ਇਹ ਜੋ ਕੁਝ ਕੁਰਆਨ ਵਿਚ ਬਿਆਨਿਆ ਜਾ ਰਿਹਾ ਹੈ ਇਹ ਬਣਾਵਟੀ ਗੱਲਾਂ ਨਹੀਂ ਹਨ ਸਗੋਂ ਜਿਹੜੀਆਂ ਕਿਤਾਬਾਂ ਇਸ ਤੋਂ ਪਹਿਲਾਂ ਆਈਆਂ ਹੋਈਆਂ ਹਨ ਉਹਨਾਂ ਦੀ ਹੀ ਪੁਸ਼ਟੀ ਹੈ ਤੇ ਹਰੇਕ ਚੀਜ਼ ਦਾ ਵਿਆਖਿਆਮਈ ਵਰਣਨ ਅਤੇ ਈਮਾਨ ਲਿਆਉਣ ਵਾਲਿਆਂ ਲਈ ਹਦਾਇਤ ਅਤੇ ਮਿਹਰ ਹੈ।[92]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਅੱਲਾਹ ਵੱਲੋਂ ਸਮੇਂ-ਸਮੇਂ ਮਾਨਵਜਾਤੀ ਦਾ ਮਾਰਗ ਦਰਸ਼ਨ ਕਰਨ ਲਈ ਕਿਤਾਬਾਂ ਅਤੇ ਪੈਗੰਬਰਾਂ ਨੂੰ ਭੇਜਿਆ ਜਾਂਦਾ ਰਿਹਾ ਹੈ। ਪੈਗ਼ੰਬਰ ਮੁਹੰਮਦ (ਸ.) ਅਤੇ ਕੁਰਆਨ ਉਸ ਲੜੀ ਵਿਚੋਂ ਹੀ ਹਨ। ਮਾਨਵਜਾਤੀ ਸਿੱਧੇ ਰਸਤੇ ਭਾਵ ਬੰਦਗੀ ਦੇ ਰਸਤੇ ਤੋਂ ਪਰ੍ਹਾ ਹੋ ਜਾਂਦੀ ਹੈ ਇਸ ਲਈ ਅੱਲਾਹ ਸਮੇਂ-ਸਮੇਂ ਆਪਣੇ ਪੈਗੰਬਰ ਭੇਜਦਾ ਹੈ। ਪਵਿੱਤਰ ਕੁਰਆਨ ਅਤੇ ਹਜ਼ਰਤ ਮੁਹੰਮਦ (ਸ.) ਤੋਂ ਬਾਅਦ ਕਿਸੇ ਕਿਤਾਬ ਅਤੇ ਕਿਸੇ ਪੈਗੰਬਰ ਦੀ ਜ਼ਰੂਰਤ ਨਹੀਂ ਪਵੇਗੀ। ਅੱਲਾਹ ਦਾ ਪੈਗਾਮ ਲੋਕਾਂ ਤੱਕ ਪਹੁੰਚ ਚੁੱਕਾ ਹੈ। ਹੁਣ ਲੋਕਾਂ ਨੂੰ ਇਸ ਤੋਂ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ। ਧਰਮ ਗ੍ਰੰਥ ਕਾਲ ਰਹਿਤ ਹੁੰਦੇ ਹਨ। ਧਰਮ ਗ੍ਰੰਥਾਂ ਉਪਰ ਬਹਿਸ ਨਾ ਕਰੋ ਕਿ ਇਹ ਕਿਥੇ ਰਚੇ ਗਏ ਜਾਂ ਕਿਵੇਂ ਰਚੇ ਗਏ। ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਇਹ ਕਹਿ ਕੀ ਰਹੇ ਹਨ:

ਹੇ ਨਬੀ! ਇਹ ਕਿੱਸਾ ਪਰੋਖ ਦੀਆਂ ਖ਼ਬਰਾਂ ਵਿਚੋਂ ਹੈ ਜਿਹੜਾ ਅਸੀਂ ਤੁਹਾਡੇ 'ਤੇ 'ਵਹੀ' ਰਾਹੀਂ ਉਤਾਰ ਰਹੇ ਹਾਂ ਨਹੀਂ ਤਾਂ ਤੁਸੀਂ ਉਸ ਵੇਲੇ ਮੌਜੂਦ ਨਹੀਂ ਸੀ ਜਦੋਂ ਯੂਸਫ਼ ਦੇ ਭਰਾਵਾਂ ਨੇ ਆਪੋ ਵਿਚ ਮਤਾ ਪਕਾ ਕੇ ਸਾਜਸ਼ ਕੀਤੀ ਸੀ। ਪਰ ਤੁਸੀਂ ਭਾਵੇਂ ਕਿੰਨਾ ਹੀ ਚਾਹੋ ਇਹਨਾਂ ਵਿਚੋਂ ਵਧੇਰੇ ਲੋਕ ਮੰਨਣ ਵਾਲੇ ਨਹੀਂ ਹਨ। ਜਦੋਂ ਕਿ ਤੁਸੀਂ ਇਸ ਸੇਵਾ ਦਾ ਉਹਨਾਂ ਕੋਲੋਂ ਕੋਈ ਸੇਵਾ ਫਲ ਵੀ ਨਹੀਂ ਮੰਗਦੇ ਹੋ। ਇਹ ਤਾਂ ਇਕ ਨਸੀਹਤ ਹੈ ਜੋ ਸਾਰੇ ਸੰਸਾਰ ਵਾਸੀਆਂ ਲਈ ਆਮ ਹੈ।[93]
ਅਲਿਫ਼ ਲਾਮ ਮੀਮ.। ਇਹ ਅੱਲਾਹ ਦੀ ਕਿਤਾਬ ਹੈ, ਇਸ ਵਿਚ ਕੋਈ ਸ਼ੱਕ ਨਹੀਂ। ਰਾਹ ਦੱਸਦੀ ਹੈ ਉਹਨਾਂ ਪ੍ਰਹੇਜ਼ਗਾਹਾਂ ਨੂੰ ਜਿਹੜੇ ਗੈਬ ਉਤੇ ਈਮਾਨ ਲਿਆਉਂਦੇ ਹਨ।[94]
ਅਤੇ
ਇਹ ਬਿਲਕੁਲ ਅਟੱਲ ਸਚਾਈ ਹੈ।[95]

ਪਵਿੱਤਰ ਕੁਰਆਨ ਵਿਚ ਅਨੇਕ ਵਾਰ ਇਹ ਜ਼ਿਕਰ ਆਉਂਦਾ ਹੈ ਕਿ ਕੁਰਆਨ ਨੂੰ ਕਾਹਲੀ-ਕਾਹਲੀ ਨਾ ਪੜ੍ਹਿਆ ਕਰੋ। ਇਸਨੂੰ ਹੌਲੀ-ਹੌਲੀ, ਸਮਝ-ਸਮਝ ਕੇ ਅਤੇ ਪੂਰਨ ਯਕੀਨ ਨਾਲ ਪੜਿਆ ਕਰੋ। ਮੁਨਾਫ਼ਿਕਾਂ ਨੇ ਅਜਿਹੀਆਂ ਗੱਲਾਂ ਵੀ ਫੈਲਾਈਆਂ ਸਨ ਕਿ ਇਹ ਕੁਰਆਨ ਕੋਈ ਰੱਬੀ ਬਾਣੀ ਨਹੀਂ

---

91 57: 26-27.
92 12: 111.
93 12: 102-104.
94 2: 1-2.
95 69:51.

ਹੈ। ਅਜਿਹਾ ਗੁੰਮਰਾਹਕੁਨ ਪ੍ਰਚਾਰ ਤੌਰੇਤ ਅਤੇ ਇੰਜੀਲ ਬਾਰੇ ਵੀ ਕੀਤਾ ਗਿਆ ਸੀ। ਇਹ ਗੁੰਮਾਰਹਕੁਨ ਪ੍ਰਚਾਰ ਉਦੋਂ ਖ਼ਤਮ ਹੋਵੇਗਾ ਜਦੋਂ ਲੋਕਾਈ ਇਨ੍ਹਾਂ ਕਿਤਾਬਾਂ ਉਪਰ ਯਕੀਨ ਲਿਆਵੇਗੀ। ਇਸ ਲਈ ਪਵਿੱਤਰ ਕੁਰਆਨ ਦੇ ਅਨੇਕ ਵਿਸ਼ਿਆਂ ਵਿਚ ਕੁਰਆਨ ਦੇ ਸਹੀ ਹੋਣ ਦਾ ਵਿਸ਼ਾ ਅਹਿਮ ਸਥਾਨ ਰੱਖਦਾ ਹੈ:

> ਸੋਭਾ ਅੱਲਾਹ ਲਈ ਹੈ ਜਿਸਨੇ ਆਪਣੇ ਬੰਦੇ 'ਤੇ ਇਹ ਕਿਤਾਬ ਉਤਾਰੀ ਹੈ ਅਤੇ ਇਸ ਵਿਚ ਕੋਈ ਵਿੰਗ ਵਲ ਨਹੀਂ ਛੱਡਿਆ।[96]

ਪਵਿੱਤਰ ਕੁਰਆਨ ਰੂਹ ਤੱਕ ਉਤਰਦੀ ਹੈ। ਇਸਦੀ ਭਾਸ਼ਾ ਆਮ ਆਦਮੀ ਨੂੰ ਸਮਝ ਆਉਂਦੀ ਹੈ :

> ਅਸੀਂ ਇਸ ਕੁਰਆਨ ਨੂੰ ਨਸਹੀਤ ਲਈ ਸੁਖਾਲਾ ਸਾਧਨ ਬਣਾ ਦਿੱਤਾ ਹੈ, ਫੇਰ ਭਲਾ ਕੋਈ ਹੈ ਨਸੀਹਤ ਕਬੂਲਣ ਵਾਲਾ? [97]

ਕੁਰਆਨ ਨੂੰ ਸਪਸ਼ਟ ਦਲੀਲ ਵਾਲੀ ਵੀ ਕਿਹਾ ਗਿਆ ਹੈ:

> ਅਕਾਸ਼ ਤੇ ਧਰਤੀ ਦੀ ਕੋਈ ਲੁਕਵੀਂ ਚੀਜ਼ ਅਜਿਹੀ ਨਹੀਂ ਹੈ ਜੋ ਇਕ ਸਪਸ਼ਟ ਕਿਤਾਬ ਵਿਚ ਲਿਖੀ ਹੋਈ ਮੌਜੂਦ ਨਾ ਹੋਵੇ।[98]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਇਸਲਾਮ ਦੇ ਧਾਰਨੀ ਲਈ ਤੌਰੇਤ, ਜ਼ਬੂਰ, ਇੰਜੀਲ ਅਤੇ ਕੁਰਆਨ ਵਿਚ ਯਕੀਨ ਲਿਆਉਣਾ ਲਾਜ਼ਮੀ ਹੈ। ਕੁਰਆਨ ਆਖਰੀ ਕਿਤਾਬ ਹੈ, ਇਹ ਨਸੀਹਤ ਹੈ ਜੋ ਲੋਕ ਇਸ ਨਸੀਹਤ ਅਨੁਸਾਰ ਚੱਲਣਗੇ ਉਹ ਜੰਨਤ ਦੇ ਭਾਗੀਦਾਰ ਹੋਣਗੇ। ਜੋ ਨਹੀਂ ਚੱਲਣਗੇ ਉਹਨੂੰ ਨੂੰ ਕਰੜੇ ਦੰਡ ਦਿੱਤੇ ਜਾਣਗੇ। ਪਵਿੱਤਰ ਕੁਰਆਨ ਨੇ ਬੰਦਗੀ ਨੂੰ ਸਿੱਧਾ ਰਾਹ ਕਿਹਾ ਹੈ। ਇਹ ਉਹ ਰਾਹ ਹੈ ਜਿਸ ਉਪਰ ਯਹੂਦੀ ਅਤੇ ਇਸਾਈ ਚੱਲਦੇ ਆਏ ਹਨ ਪਰ ਹੌਲੀ-ਹੌਲੀ ਉਹ ਆਪਣੇ ਉਦੇਸ਼ ਤੋਂ ਭਟਕ ਗਏ ਸਨ। ਅੱਗੇ ਪਵਿੱਤਰ ਕੁਰਆਨ ਵਿਚ ਕਿਤਾਬਾਂ ਦੀ ਮਹੱਤਤਾ ਬਾਰੇ ਆਇਤਾਂ ਦਿੱਤੀਆਂ ਜਾ ਰਹੀਆਂ ਹਨ :

> ਯਹੂਦੀ ਆਖਦੇ ਹਨ, "ਯਹੂਦੀ ਬਣ ਜਾਓ ਤਾਂ ਸਿੱਧਾ ਰਾਹ ਮਿਲੇਗਾ।" ਈਸਾਈ ਆਖਦੇ ਹਨ, "ਈਸਾਈ, ਬਣ ਜਾਓ ਤਾਂ ਹਦਾਇਤ ਮਿਲੇਗੀ।" ਇਨ੍ਹਾਂ ਨੂੰ ਆਖੋ, "ਨਹੀਂ, ਸਗੋਂ ਸਭ ਨੂੰ ਛੱਡ ਕੇ ਇਬਰਾਹੀਮ ਦਾ ਰਸਤਾ (ਅਪਣਾਓ) ਅਤੇ ਇਬਰਾਹੀਮ ਮੁਸ਼ਰਿਕਾਂ ਵਿੱਚੋਂ ਨਹੀਂ ਸੀ।" ਮੁਸਲਮਾਨੋ! ਅਸੀਂ ਅੱਲਾਹ ਤੇ ਉਸ ਹਦਾਇਤ ਉੱਤੇ ਈਮਾਨ ਲਿਆਏ ਜਿਹੜੀ ਸਾਡੇ ਵੱਲ ਉਤਾਰੀ ਗਈ ਹੈ ਅਤੇ ਜਿਹੜੀ ਇਬਰਾਹੀਮ, ਇਸਮਾਈਲ, ਇਸਹਾਕ, ਯਾਕੂਬ ਅਤੇ ਯਾਕੂਬ ਦੀ ਸੰਤਾਨ ਵੱਲ ਭੇਜੀ ਗਈ ਸੀ ਅਤੇ ਜੋ ਮੂਸਾ, ਈਸਾ ਅਤੇ ਦੂਜੇ ਸਭਨਾਂ ਪੈਗ਼ੰਬਰਾਂ ਨੂੰ ਉਨ੍ਹਾਂ ਦੇ ਰੱਬ ਵੱਲੋਂ ਦਿੱਤੀ ਗਈ ਸੀ। ਅਸੀਂ ਉਨ੍ਹਾਂ ਵਿਚਕਾਰ ਕੋਈ ਭੇਦ-ਭਾਵ ਨਹੀਂ ਵਰਤਦੇ ਅਤੇ ਅਸੀਂ ਅੱਲਾਹ ਦੇ ਆਗਿਆਕਾਰ ਹਾਂ।"[99]

ਪਵਿੱਤਰ ਕੁਰਆਨ ਤੌਰੇਤ ਅਤੇ ਇੰਜੀਲ ਦੀ ਸਿੱਖਿਆ ਨੂੰ ਹੀ ਲਾਗੂ ਕਰਦੀ ਹੈ:

> ਹੇ ਨਬੀ! ਉਸਨੇ ਤੁਹਾਡੇ ਉਤੇ ਇਹ ਕਿਤਾਬ ਉਤਾਰੀ, ਜੋ ਸਚਾਈ ਲੈ ਕੇ ਆਈ ਹੈ ਅਤੇ ਉਨ੍ਹਾਂ ਕਿਤਾਬਾਂ ਦੀ ਪ੍ਰੌੜਤਾ ਕਰ ਰਹੀ ਹੈ ਜਿਹੜੀਆਂ ਪਹਿਲਾਂ ਤੋਂ ਆਈਆਂ ਹੋਈਆਂ ਸਨ। ਇਸ ਤੋਂ ਪਹਿਲਾਂ ਉਹ ਲੋਕਾਂ ਨੂੰ ਰਾਹ ਦਰਸਾਉਣ ਲਈ ਤੌਰੈਤ ਤੇ ਅੰਜੀਲ ਉਤਾਰ ਚੁੱਕਾ ਹੈ ਅਤੇ ਉਸਨੇ ਉਹ ਕਸਵੱਟੀ ਉਤਾਰੀ ਹੈ (ਜਿਹੜੀ ਸੱਚ ਤੇ ਝੂਠ ਦਾ ਫ਼ਰਕ ਵਿਖਾਉਣ ਵਾਲੀ ਹੈ)। ਹੁਣ ਜੋ ਲੋਕ ਅੱਲਾਹ ਦੇ ਆਦੇਸ਼ਾਂ ਨੂੰ ਕਬੂਲਣ ਤੋਂ

---

[96] 18: 1.

[97] 54:17.

[98] 27:75.

[99] 2: 135-136.

ਨਾਂਹ-ਨੁੱਕਰ ਕਰਨ, ਉਨ੍ਹਾਂ ਨੂੰ ਜ਼ਰੂਰ ਹੀ ਕਰੜੀ ਸਜ਼ਾ ਮਿਲੇਗੀ। ਅੱਲਾਹ ਅਤਿਅੰਤ ਸ਼ਕਤੀਮਾਨ ਹੈ ਤੇ ਬੁਰਾਈ ਦਾ ਬਦਲਾ ਦੇਣ ਵਾਲਾ ਹੈ।[100]

ਹੇ ਕਿਤਾਬ ਵਾਲਿਓ! ਤੁਸੀਂ ਇਬਰਾਹੀਮ ਦੇ (ਧਰਮ) ਬਾਰੇ ਕਿਉਂ ਝਗੜਾ ਕਰਦੇ ਹੋ? ਤੌਰੈਤ ਤੇ ਅੰਜੀਲ ਤਾਂ ਇਬਰਾਹੀਮ ਦੇ ਪਿਛੋਂ ਹੀ ਉਤਰੀਆਂ ਹਨ। ਫੇਰ ਕੀ ਤੁਸੀਂ ਇੰਨੀ ਗੱਲ ਵੀ ਨਹੀਂ ਸਮਝਦੇ-ਤੁਸੀਂ ਲੋਕ ਜਿਨ੍ਹਾਂ ਚੀਜ਼ਾਂ ਤੋਂ ਜਾਣੂ ਹੋ, ਉਨ੍ਹਾਂ ਬਾਰੇ ਤਾਂ ਬਹੁਤ ਵਾਦ-ਵਿਵਾਦ ਕਰ ਚੁੱਕੇ ਹੋ, ਹੁਣ ਉਨ੍ਹਾਂ ਮਾਮਲਿਆਂ ਉਤੇ ਕਿਉਂ ਵਾਦ-ਵਿਵਾਦ ਕਰਨ ਤੁਰੇ ਪਏ ਹੋ ਜਿਨ੍ਹਾਂ ਬਾਰੇ ਤੁਹਾਨੂੰ ਕੁਝ ਵੀ ਗਿਆਨ ਨਹੀਂ ਹੈ। ਅੱਲਾਹ ਜਾਣਦਾ ਹੈ, ਤੁਸੀਂ ਨਹੀਂ ਜਾਣਦੇ। ਇਬਰਾਹੀਮ ਨਾ ਯਹੂਦੀ ਸੀ ਤੇ ਨਾ ਈਸਾਈ, ਸਗੋਂ ਉਹ ਤਾਂ ਇਕਾਗਰ ਚਿੱਤ ਮੁਸਲਿਮ ਸੀ ਅਤੇ ਉਹ ਬਿਲਕੁਲ ਸ਼ਿਰਕ ਕਰਨ ਵਾਲਿਆਂ ਵਿੱਚੋਂ ਨਹੀਂ ਸੀ। ਇਬਰਾਹੀਮ ਨਾਲ ਸਬੰਧ ਰੱਖਣ ਦਾ ਸਭਤੋਂ ਵਧੇਰੇ ਅਧਿਕਾਰ ਜੇ ਕਿਸੇ ਨੂੰ ਪ੍ਰਾਪਤ ਹੈ ਤਾਂ ਉਹਨਾਂ ਲੋਕਾਂ ਨੂੰ ਹੈ ਜਿਨ੍ਹਾਂ ਨੇ ਉਸਦੀ ਤਾਬੇਦਾਰੀ ਕੀਤੀ ਅਤੇ ਹੁਣ ਇਹ ਨਬੀ ਤੇ ਇਸ ਨੂੰ ਮੰਨਣ ਵਾਲੇ ਇਸ ਸਬੰਧ ਦੇ ਵਧੇਰੇ ਹੱਕਦਾਰ ਹਨ। ਅੱਲਾਹ ਕੇਵਲ ਉਹਨਾਂ ਦਾ ਹੀ ਹਮਾਇਤੀ ਤੇ ਸਹਾਈ ਹੈ ਜਿਹੜੇ ਈਮਾਨ ਵਾਲੇ ਹਨ।[101]

ਕੁਰਆਨ ਦੀਆਂ ਬੇਅੰਤ ਵਡਿਆਈਆਂ ਹਨ। ਕੁਰਆਨ ਸੱਚ ਹੈ ਪਰ ਲੋਕ ਇਸ ਸੱਚ ਨੂੰ ਮੰਨਣ ਤੋਂ ਮੁਨਕਰ ਹਨ:

ਅਲਿਫ਼. ਲਾਮ. ਮੀਮ. ਰਾ. ਇਹ ਰੱਬੀ ਕਿਤਾਬ ਦੀਆਂ ਆਇਤਾਂ ਹਨ ਅਤੇ ਜੋ ਕੁਝ ਤੁਹਾਡੇ ਰੱਬ ਵਲੋਂ ਤੁਹਾਡੇ 'ਤੇ ਉਤਾਰਿਆ ਗਿਆ ਹੈ ਉਹ ਬਿਲਕੁਲ ਸੱਚ ਹੈ ਪਰ (ਤੁਹਾਡੀ ਕੌਮ ਦੇ) ਵਧੇਰੇ ਲੋਕ ਮੰਨਦੇ ਨਹੀਂ ਹਨ।[102]

ਹਨੇਰਿਆਂ ਤੋਂ ਚਾਨਣ ਵੱਲ ਲਿਜਾਣ ਵਾਲੀ:

ਅਲਿਫ਼. ਲਾਮ. ਮੀਮ. ਰਾ. ਹੇ ਮੁਹੱਮਦ! ਇਹ ਇੱਕ ਕਿਤਾਬ ਹੈ ਜਿਹੜੀ ਅਸਾਂ ਤੁਹਾਡੇ ਵੱਲ ਉਤਾਰੀ ਹੈ ਤਾਂ ਜੋ ਤੁਸੀਂ ਲੋਕਾਂ ਨੂੰ ਹਨੇਰਿਆਂ 'ਚੋਂ ਕੱਢ ਕੇ ਚਾਨਣ ਵਿੱਚ ਲਿਆਓ, ਉਹਨਾਂ ਦੇ ਰੱਬ ਦੀ ਆਗਿਆ ਨਾਲ ਉਸ ਰੱਬ ਦੇ ਰਾਹ ਤੇ ਜਿਹੜਾ ਅਤਿਅੰਤ ਜ਼ੋਰਾਵਰ ਤੇ ਆਪੇ ਆਪ ਸਲਾਹਿਆ ਹੋਇਆ ਹੈ ਅਤੇ ਧਰਤੀ ਤੇ ਅਕਾਸ਼ਾਂ ਦੀਆਂ ਸਮੂਹ ਵਸਤਾਂ ਦਾ ਮਾਲਕ ਹੈ।[103]

ਪਵਿੱਤਰ ਕੁਰਆਨ ਦੀ ਪ੍ਰਭਸੱਤਾ ਅਤੇ ਪ੍ਰਮਾਣਿਕਤਾ ਬਾਰੇ:

ਜਿਹਨਾਂ ਲੋਕਾਂ ਨੇ ਨਬੀ ਦੀ ਗੱਲ ਮੰਨਣੋਂ ਇਨਕਾਰ ਕਰ ਦਿੱਤਾ ਹੈ ਉਹ ਆਖਦੇ ਹਨ ਕਿ "ਇਹ ਫੁਰਕਾਨ ਇੱਕ ਮਨ-ਘੜਤ ਚੀਜ਼ ਹੈ ਜਿਸਨੂੰ ਇਸ ਵਿਅਕਤੀ ਨੇ ਆਪੇ ਘੜ ਲਿਆ ਹੈ ਅਤੇ ਕੁਝ ਹੋਰ ਲੋਕਾਂ ਨੇ ਇਸ ਕੰਮ ਵਿੱਚ ਇਸ ਦੀ ਸਹਾਇਤਾ ਕੀਤੀ ਹੈ।" ਵੱਡਾ ਜ਼ੁਲਮ ਅਤੇ ਕੋਰਾ ਝੂਠ ਹੈ ਜਿਸ ਤੇ ਇਨ੍ਹਾਂ ਲੱਕ ਬੰਨ੍ਹ ਲਿਆ ਹੈ। ਆਖਦੇ ਹਨ, " ਇਹ ਪੁਰਾਣੇ ਲੋਕਾਂ ਦੀਆਂ ਲਿਖੀਆਂ ਹੋਈਆਂ ਚੀਜ਼ਾਂ ਹਨ ਜਿਹਨਾਂ ਨੂੰ ਇਹ ਵਿਅਕਤੀ ਲਿਖਵਾਉਂਦਾ ਹੈ ਅਤੇ ਉਹ ਇਸਨੂੰ ਸੰਝ ਸਵੇਰ ਸੁਣਾਈਆਂ ਜਾਂਦੀਆਂ ਹਨ।" ਹੇ ਨਬੀ! ਉਹਨਾਂ ਨੂੰ ਆਖ ਦਿਓ ਕਿ "ਇਸਨੂੰ ਉਸ ਹਸਤੀ ਨੇ ਉਤਾਰਿਆ ਹੈ ਜੋ ਧਰਤੀ ਤੇ ਅਸਮਾਨਾਂ ਦੇ ਭੇਤਾਂ ਨੂੰ ਜਾਣਦੀ ਹੈ।" ਹਕੀਕਤ ਇਹ ਹੈ ਕਿ ਉਹ ਵੱਡਾ ਬਖਸ਼ਣਹਾਰ ਤੇ ਮਿਹਰਬਾਨ ਹੈ।[104]

ਪਵਿੱਤਰ ਕੁਰਆਨ ਅੱਲਾਹ ਦੀ ਮਿਹਰ ਦਾ ਨਤੀਜਾ ਹੈ। ਅਬਦੁਲ ਹੱਕ ਅੰਸਾਰੀ ਲਿਖਦਾ ਹੈ:

ਕੁਰਆਨ ਉਹ ਕਿਤਾਬ ਹੈ ਜੋ ਮੁਹੰਮਦ 'ਤੇ ਨਾਜ਼ਲ ਹੋਈ। ਇਹ ਸਾਰੀ ਇਕਦਮ ਨਾਜ਼ਲ ਨਹੀਂ ਹੋਈ ਸਗੋਂ ਥੋੜ੍ਹਾ-ਥੋੜ੍ਹਾ ਕਰਕੇ ਵੱਡੇ ਅਤੇ ਛੋਟੇ ਰੂਪ ਵਿਚ ਨਾਜ਼ਲ ਹੋਈ ਹੈ। ਪਹਿਲੇ ਇਲਹਾਮ ਸਮੇਂ ਹਜ਼ਰਤ ਮੁਹੰਮਦ ਦੀ ਉਮਰ ਚਾਲੀ ਸਾਲ ਸੀ। ਇਹ ਪੈਗ਼ੰਬਰੀ ਦਾ ਸ਼ੁਰੂਆਤੀ ਦੌਰ ਸੀ। ਅਖੀਰਲਾ ਇਲਹਾਮ ਹਜ਼ਰਤ ਮੁਹੰਮਦ (ਸ.) ਦੀ ਮੌਤ ਤੋਂ ਪਹਿਲਾਂ ਆਇਆ ਜਦੋਂ ਉਹ ਤਰੇਂਹਠ ਸਾਲ ਦੇ ਸਨ।[105]

---

[100] 3: 3-4.

[101] 3: 65-68.

[102] 13: 1.

[103] 14: 1-2.

[104] 25: 4-6.

[105] The Qura'n is the book that was revealed to muhammad. It was revealed not all at once, but part by part, Large or small. The first revealation come to muhammad when he was fourty. This was the beginning of his prophetic mission. The last revealation came sometime before his death at

ਇਨਕਾਰੀਆਂ ਨੇ ਪੈਗ਼ੰਬਰ ਉਪਰ ਇਹ ਵੀ ਸਵਾਲ ਕਰ ਦਿੱਤਾ ਕਿ ਕੁਰਆਨ ਇਕ ਵਾਰ ਕਿਉਂ ਨਹੀਂ ਉਤਰਿਆ? ਇਹ ਹੌਲੀ-ਹੌਲੀ ਕਿਉਂ ਉਤਰਿਆ ਹੈ। ਅਜਿਹੇ ਸ਼ੰਕਾਵਾਦੀਆਂ ਨੂੰ ਕੁਰਆਨ ਜਵਾਬ ਦਿੰਦਾ ਹੈ :

> ਇਨਕਾਰ ਕਰਨ ਵਾਲੇ ਆਖਦੇ ਹਨ, "ਇਸ ਵਿਅਕਤੀ ਉਤੇ ਸੰਪੂਰਨ ਕੁਰਆਨ ਇਕੋਂ ਵਾਰੀ ਕਿਉਂ ਨਹੀਂ ਉਤਾਰਿਆ ਗਿਆ? ਹਾਂ ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਇਸਨੂੰ ਚੰਗੀ ਤਰ੍ਹਾਂ ਅਸੀਂ ਤੁਹਾਡੇ ਮਨ ਵਿਚ ਬਿਠਾਉਂਦੇ ਰਹੀਏ ਅਤੇ (ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ) ਅਸਾਂ ਇਸਨੂੰ ਇੱਕ ਵਿਸ਼ੇਸ਼ ਕ੍ਰਮ ਨਾਲ ਅੱਡ-ਅੱਡ ਭਾਗਾਂ ਦਾ ਰੂਪ ਦਿੱਤਾ ਹੈ।"[106]

## 4. ਅੱਲਾਹ ਦੇ ਪੈਗੰਬਰ 'ਤੇ ਈਮਾਨ

ਇਸਲਾਮ ਵਿਚ ਪੈਗ਼ੰਬਰ ਦੀ ਖ਼ਾਸ ਮਹੱਤਤਾ ਹੈ। ਪੈਗ਼ੰਬਰ ਰੱਬ ਵੱਲੋਂ ਚੁਣਿਆ ਹੁੰਦਾ ਹੈ ਅਤੇ ਉਹ ਰੱਬ ਦੇ ਪੈਗ਼ਾਮ ਨੂੰ ਲੋਕਾਈ ਤੱਕ ਉਸੇ ਹੀ ਰੂਪ ਵਿਚ ਪਹੁੰਚਾਉਂਦਾ ਹੈ। ਜ਼ਿਆਲ ਉਲ ਹੱਕ ਲਿਖਦੇ ਹਨ:

> ਜਿਸ ਤਰ੍ਹਾਂ ਆਮ ਮਨੁੱਖ ਮਾਸ ਅਤੇ ਖ਼ੂਨ ਤੋਂ ਬਣੇ ਹਨ ਇਸ ਤਰ੍ਹਾਂ ਹੀ ਪੈਗ਼ੰਬਰ ਸਨ। ਉਨ੍ਹਾਂ ਦੇ ਪਰਿਵਾਰ, ਔਰਤਾਂ, ਬੱਚੇ, ਮਾਪੇ ਅਤੇ ਰਿਸ਼ਤੇਦਾਰ ਸਨ। ਉਹ ਆਮ ਮਨੁੱਖਾਂ ਵਾਂਗ ਜਿਊਂਦੇ, ਕੰਮ ਕਰਦੇ, ਆਪਣੇ ਦੁਖ-ਦਰਦ ਅਤੇ ਖੁਸ਼ੀਆਂ ਦੂਜਿਆਂ ਨਾਲ ਵੰਡਦੇ ਸਨ।[107]

ਪਵਿੱਤਰ ਕੁਰਆਨ ਦੱਸਦਾ ਹੈ ਕਿ ਪੈਗ਼ੰਬਰ ਦੇ ਦੋ ਮੁਖ ਕੰਮ ਹੁੰਦੇ ਹਨ। ਇਕ ਸਿੱਧੇ ਰਾਹ ਦੀ ਖ਼ੁਸ਼ਖਬਰੀ ਅਤੇ ਦੂਜਾ ਕੁਰਾਹੀਆਂ ਨੂੰ ਚਿਤਾਵਨੀ ਦੇਣਾ:

> ਪੈਗ਼ੰਬਰਾਂ ਨੂੰ ਅਸੀਂ ਇਸ ਕੰਮ ਤੋਂ ਛੁੱਟ ਹੋਰ ਕਿਸੇ ਮੰਤਵ ਲਈ ਨਹੀਂ ਭੇਜਦੇ ਕਿ ਉਹ ਖ਼ੁਸ਼ਖ਼ਬਰੀ ਤੇ ਚਿਤਾਵਣੀ ਦੇਣ ਦਾ ਕੰਮ ਪੂਰਾ ਕਰ ਦੇਣ। ਪਰ ਕਾਫ਼ਰਾਂ ਦਾ ਹਾਲ ਇਹ ਹੈ ਕਿ ਉਹ ਕੂੜ ਦੇ ਹਥਿਆਰ ਲੈ ਕੇ ਸੱਚ ਨੂੰ ਹੀਣਾ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਨੇ ਮੇਰੀਆਂ ਆਇਤਾਂ ਤੇ ਚਿਤਾਵਣੀਆਂ ਨੂੰ ਜਿਹੜੀਆਂ ਉਹਨਾਂ ਨੂੰ ਦਿੱਤੀਆਂ ਗਈਆਂ ਸਨ, ਹਾਸਾ ਮਖ਼ੌਲ ਬਣਾ ਲਿਆ ਹੈ।[108]

ਇਨਕਾਰੀ ਵਾਰ-ਵਾਰ ਇਹ ਗੱਲ ਕਹਿ ਕੇ ਪੈਗ਼ੰਬਰ ਦਾ ਵਿਰੋਧ ਕਰਦੇ ਸਨ ਕਿ ਹਜ਼ਰਤ ਮੁਹੰਮਦ (ਸ.) ਜਾਦੂਗਰ ਹੈ, ਇਹ ਕਿਵੇਂ ਦਾ ਪੈਗ਼ੰਬਰ ਹੈ ਜੋ ਸੰਸਾਰੀ ਜੀਵਨ ਜਿਊਂਦਾ ਹੈ:

> ਆਖਦੇ ਹਨ, "ਇਹ ਕਿਹੋ ਜਿਹਾ ਰਸੂਲ ਹੈ ਜੋ ਭੋਜਨ ਕਰਦਾ ਹੈ ਅਤੇ ਬਾਜ਼ਾਰਾਂ ਵਿਚ ਤੁਰਦਾ-ਫਿਰਦਾ ਹੈ? ਕਿਉਂ ਨਾ ਇਸ ਕੋਲ ਕੋਈ ਫ਼ਰਿਸ਼ਤਾ ਭੇਜਿਆ ਗਿਆ ਜਿਹੜਾ ਇਸਦੇ ਨਾਲ ਰਹਿੰਦਾ ਅਤੇ (ਨਾ ਮੰਨਣ ਵਾਲਿਆਂ) ਨੂੰ ਧਮਕਾਉਂਦਾ ?"[109]

ਕੁਰਆਨ ਨਬੀ ਰਾਹੀਂ ਦੱਸਦਾ ਹੈ:

> ਹੇ ਨਬੀ! ਤੁਹਾਥੋਂ ਪਹਿਲਾਂ ਜਿਹੜੇ ਰਸੂਲ ਵੀ ਅਸਾਂ ਘੱਲੇ ਸਨ ਉਹ ਸਾਰੇ ਵੀ ਭੋਜਨ ਕਰਨ ਵਾਲੇ ਅਤੇ ਬਾਜ਼ਾਰਾਂ ਵਿੱਚ ਤੁਰਨ ਫਿਰਨ ਵਾਲੇ ਲੋਕ ਹੀ ਸਨ।[110]

---

the age of sixty three. Abdul Haq Ansari (et.al), *Islam,* Islam: Faith and Practice, theology and ethics, p-11.

106 25: 32.

107 The Prophets were human beings made of flesh and blood as all human beings are. They had families, wives and children, parents and relations. They lived and worked among the common people sharing their joys and sorrows, pains and sufferings. Ziaul Haque, *Revelation and Revolution in Islam,* pp- 97-8.

108 18 :56.

109 25: 7.

110 25 :20.

ਪਵਿੱਤਰ ਕੁਰਆਨ ਵਿਚ ਥਾਂ-ਥਾਂ ਜ਼ਿਕਰ ਹੈ ਕਿ ਹਜ਼ਰਤ ਮੁਹੰਮਦ (ਸ.) ਤੁਹਾਡੇ ਵਰਗੇ ਹੀ ਆਮ ਇਨਸਾਨ ਹਨ। ਜਿਸ ਤਰ੍ਹਾਂ ਆਮ ਲੋਕਾਂ ਤੋਂ ਹਿਸਾਬ ਮੰਗਿਆ ਜਾਵੇਗਾ ਇਸ ਤਰ੍ਹਾਂ ਹੀ ਪੈਗ਼ੰਬਰਾਂ ਤੋਂ ਵੀ ਪੁੱਛ-ਗਿੱਛ ਕੀਤੀ ਜਾਵੇਗੀ ਕਿ ਉਨ੍ਹਾਂ ਨੇ ਅੱਲਾਹ ਦਾ ਸੁਨੇਹਾ ਲੋਕਾਈ ਤੱਕ ਪਹੁੰਚਾਇਆ ਹੈ ਕਿ ਨਹੀਂ? ਕਿਆਮਤ ਦੇ ਦਿਨ ਕੋਈ ਮੁਕਰ ਨਹੀਂ ਸਕੇਗਾ। ਮੁਨਾਫ਼ਿਕ ਕਹਿਣਗੇ ਸਾਡੇ ਕੋਲ ਅੱਲਾਹ ਦਾ ਸੁਨੇਹਾ ਨਹੀਂ ਪਹੁੰਚਿਆ ਪਰੰਤੂ ਜਦੋਂ ਉਨ੍ਹਾਂ ਦੇ ਸਾਹਮਣੇ ਪੈਗੰਬਰ ਖਲੋਤੇ ਹੋਣਗੇ ਤਾਂ ਉਹ ਕਿਵੇਂ ਮੁਕਰਨਗੇ :

> ਸੋ ਇਹ ਜ਼ਰੂਰ ਹੋ ਕੇ ਰਹਿਣਾ ਹੈ ਕਿ ਅਸੀਂ ਉਹਨਾਂ ਲੋਕਾਂ ਤੋਂ ਪੁੱਛ-ਗਿੱਛ ਕਰੀਏ ਜਿਹਨਾਂ ਵੱਲ ਅਸਾਂ ਪੈਗ਼ੰਬਰ ਘੱਲੇ ਹਨ ਅਤੇ ਪੈਗ਼ੰਬਰਾਂ ਕੋਲੋਂ ਵੀ ਪੁੱਛ-ਪੜਤਾਲ ਕਰੀਏ (ਕਿ ਉਹਨਾਂ ਨੇ ਸੁਨੇਹਾ ਪਹੁੰਚਾਉਣ ਦਾ ਕਰਤੱਵ ਕਿਥੋਂ ਤੀਕ ਨੇਪਰੇ ਚਾੜ੍ਹਿਆ ਅਤੇ ਉਹਨਾਂ ਨੂੰ ਉਸਦਾ ਕੀ ਹੁੰਗਾਰਾ ਮਿਲਿਆ)।[111]

ਪਵਿੱਤਰ ਕੁਰਆਨ ਨੂੰ ਪੜ੍ਹਿਆਂ ਪਤਾ ਲੱਗਦਾ ਹੈ ਕਿ ਮਾਨਵਜਾਤੀ ਬਹੁਤ ਢੀਠ ਹੈ। ਇਸਨੂੰ ਜਿਥੋਂ ਰੋਕਿਆ ਜਾਂਦਾ ਹੈ ਉਧਰ ਨੂੰ ਜਾਂਦੀ ਹੈ ਅਤੇ ਜਿਧਰ ਭੇਜਿਆ ਜਾਂਦਾ ਹੈ ਉਧਰੋਂ ਰੁਕਦੀ ਹੈ। ਧਰਮ ਨੂੰ ਸੰਸਾਰ ਤੇ ਪ੍ਰਸਾਰਿਤ ਕਰਨ ਲਈ ਪੈਗੰਬਰ ਦੀ ਜ਼ਰੂਰਤ ਪੈਂਦੀ ਹੈ। ਸਭ ਤੋਂ ਪਹਿਲੇ ਹਜ਼ਰਤ ਆਦਮ (ਅ.) ਹਨ ਅਤੇ ਅਖੀਰਲੇ ਹਜ਼ਰਤ ਮੁਹੰਮਦ (ਸ.) ਹਨ। ਹਜ਼ਰਤ ਮੁਹੰਮਦ (ਸ.) ਦੇ ਆਖਰੀ ਪੈਗੰਬਰ ਹੋਣ ਬਾਰੇ ਪਵਿੱਤਰ ਕੁਰਆਨ ਪੁਸ਼ਟੀ ਕਰਦਾ ਹੈ:

> (ਹੇ ਲੋਕੋ!) ਮੁਹੱਮਦ (ਸੱਲੱਲਾਹੁ ਅਲੈਹਿ ਵਸੱਲਮ) ਤੁਹਾਡੇ ਪੁਰਸ਼ਾਂ ਵਿੱਚੋਂ ਕਿਸੇ ਦੇ ਪਿਓ ਨਹੀਂ ਹਨ, ਪਰ ਉਹ ਅੱਲਾਹ ਦੇ ਰਸੂਲ ਅਤੇ ਨਬੀਆਂ ਦੇ ਸਮਾਪਕ ਹਨ ਅਤੇ ਅੱਲਾਹ ਹਰੇਕ ਚੀਜ਼ ਦਾ ਜਾਨਣਹਾਰ ਹੈ।[112]

ਪੈਗੰਬਰ ਮਨੁੱਖ ਹੁੰਦਾ ਹੈ। ਉਹ ਆਮ ਲੋਕਾਂ ਵਾਂਗ ਹੀ ਸੁਣਦਾ ਹੈ, ਬੋਲਦਾ ਹੈ ਅਤੇ ਮਹਿਸੂਸ ਕਰਦਾ ਹੈ। ਉਹ ਉੱਚ ਅਖਲਾਕੀ ਜੀਵਨ ਵਾਲਾ ਹੁੰਦਾ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਆਮ ਲੋਕ ਵੀ ਆਪਣਾ ਜੀਵਨ ਬਦਲ ਸਕਦੇ ਹਨ:

> ਰਸੂਲਾਂ ਉੱਤੇ ਸਰਧਾ ਲਿਆਉਣ ਦਾ ਮੰਤਵ ਇਹ ਹੈ ਕਿ ਜਿਤਨੇ ਵੀ ਰਸੂਲ ਖੁਦਾ ਵੱਲੋਂ ਆਏ ਹਨ, ਉਹ ਸਭ ਸੱਚੇ ਹਨ ਅਤੇ ਇਨ੍ਹਾਂ ਸਾਰੇ ਰਸੂਲਾਂ ਨੇ ਖੁਦਾ ਦੀਆਂ ਦਿੱਤੀਆਂ ਹੋਈਆਂ ਸਿੱਖਿਆਵਾਂ ਇੰਨ ਬਿੰਨ ਲੋਕਾਂ ਤੱਕ ਪਹੁੰਚਾਈਆਂ। ਇਸ ਜ਼ੰਜੀਰ ਦੀ ਅੰਤਿਮ ਕੜੀ ਹਜ਼ਰਤ ਮੁਹੰਮਦ ਸਾਹਿਬ (ਜਿਨ੍ਹਾਂ ਨੂੰ ਅੱਲਾਹ ਨੇ ਵਰੋਸਾਇਆ ਤੇ ਜਿਨ੍ਹਾਂ ਦੀ ਸੁਰੱਖਿਆ ਕੀਤੀ) ਹਨ। ਹੁਣ ਲੋਕਾਂ ਦੀ ਮੁਕਤੀ ਕੇਵਲ ਆਪ ਦੇ ਮਾਰਗ ਦੀ ਪਾਲਣਾ ਵਿਚ ਹੈ।[113]

ਪਵਿੱਤਰ ਕੁਰਆਨ ਵਿਚ ਆਦਮ (ਅ.), ਨੂਹ (ਅ.), ਇਬਰਾਹੀਮ (ਅ.), ਇਸਹਾਕ (ਅ.), ਮੂਸਾ (ਅ.), ਦਾਊਦ (ਅ.), ਈਸਾ (ਅ.) ਸਮੇਤ ਅਠਾਈ ਪੈਗ਼ੰਬਰਾਂ ਦਾ ਜ਼ਿਕਰ ਆਇਆ ਹੈ। ਕੁਰਆਨ ਦੇ ਪਾਠ ਨੂੰ ਗਹੁ ਨਾਲ ਵਿਚਾਰਿਆਂ ਇਹ ਗੱਲ ਸਾਬਤ ਹੁੰਦੀ ਹੈ ਕਿ ਰੱਬ ਵੱਲੋਂ ਨੇਕ ਅਮਲ ਦਾ ਰਸਤਾ ਬਣਾਇਆ ਗਿਆ ਸੀ ਜੋ ਜੰਨਤ ਤੱਕ ਪਹੁੰਚਦਾ ਹੈ। ਰੱਬ ਆਪਣੀ ਮਖਲੂਕ ਨੂੰ ਪਿਆਰ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਉਹ ਉਸਦੇ ਹੁਕਮ ਵਿਚ ਰਹਿਣ ਅਤੇ ਨੇਕ ਰਸਤੇ 'ਤੇ ਚੱਲਣ। ਲੋਕਾਈ ਨਾਫ਼ਰਮਾਨੀ ਕਰਦੀ ਹੈ ਅਤੇ ਅੱਲਾਹ ਦੇ ਰਸਤੇ ਨੂੰ ਛੱਡ ਦਿੰਦੀ ਹੈ। ਭੁੱਲੀ ਭਟਕੀ ਲੋਕਾਈ ਨੂੰ ਸਿੱਧੇ ਰਾਹ 'ਤੇ ਤੋਰਨ ਲਈ ਅੱਲਾਹ ਨੇ ਪੈਗੰਬਰ ਭੇਜੇ ਅਤੇ ਉਨ੍ਹਾਂ ਪੈਗੰਬਰਾਂ ਨੂੰ ਫਰਿਸ਼ਤਿਆਂ ਰਾਹੀਂ ਹਦਾਇਤ ਦੇ ਰੂਪ ਵਿਚ

---

[111] 7:6

[112] 33:40.

[113] *ਰਾਹੇ ਅਮਲ*, ਪੰਨਾ-5.

ਪਵਿੱਤਰ ਗ੍ਰੰਥ ਦਿੱਤੇ। ਕੁਰਆਨ ਵਿਚ ਅਨੇਕ ਵਾਰ 'ਹੇ ਇਸਰਾਈਲ ਦੀ ਸੰਤਾਨ' ਸ਼ਬਦ ਆਏ ਹਨ। ਪਵਿੱਤਰ ਕੁਰਆਨ ਵਿਚ ਜਦੋਂ ਹੋਰ ਪੈਗੰਬਰਾਂ ਅਤੇ ਕਿਤਾਬਾਂ ਦਾ ਜ਼ਿਕਰ ਆਉਂਦਾ ਹੈ ਤਾਂ ਉਸ ਦਾ ਮੰਤਵ ਭੁਲੀ ਭਟਕੀ ਲੋਕਾਈ ਨੂੰ ਵਾਸਤਾ ਪਾਉਣਾ ਹੀ ਹੁੰਦਾ ਹੈ ਕਿ ਦੇਖੋ ਕਿੰਨੇ ਪੈਗੰਬਰ ਅਤੇ ਕਿਤਾਬਾਂ ਤੁਹਾਡੀ ਰਹਿਨੁਮਾਈ ਲਈ ਭੇਜੀਆਂ ਗਈਆਂ ਪਰ ਤੁਸੀਂ ਸਿੱਧੇ ਰਸਤੇ ਉਪਰ ਨਹੀਂ ਆਏ। ਇਸ ਸਿੱਧੇ ਰਸਤੇ ਦੀ ਵਰਤੋਂ ਪੈਗੰਬਰਾਂ ਨੇ ਕੀਤੀ ਅਤੇ ਆਮ ਲੋਕਾਈ ਨੂੰ ਇਸ ਉਪਰ ਚੱਲਣ ਲਈ ਕਿਹਾ। *ਕੁਰਆਨ* ਦੱਸਦਾ ਹੈ ਕਿ ਹਜ਼ਰਤ ਮੁਹੰਮਦ (ਸ.) ਦੇ ਆਉਣ ਤੋਂ ਪਹਿਲਾਂ ਪੈਗ਼ੰਬਰੀ ਸਿਲਸਿਲਾ ਬੰਦ ਸੀ :

> ਹੇ ਕਿਤਾਬ ਵਾਲਿਓ ! ਸਾਡਾ ਇਹ ਰਸੂਲ ਅਜਿਹੇ ਵੇਲੇ ਤੁਹਾਡੇ ਕੋਲ ਆਇਆ ਹੈ ਅਤੇ ਧਰਮ ਦੀ ਸਪਸ਼ਟ ਸਿੱਖਿਆ ਤੁਹਾਨੂੰ ਦੇ ਰਿਹਾ ਹੈ ਜਦੋਂ ਕਿ ਰਸੂਲਾਂ ਦੇ ਆਉਣ ਦਾ ਸਿਲਸਿਲਾ ਇੱਕ ਲੰਮੇ ਸਮੇਂ ਤੋਂ ਬੰਦ ਸੀ।[114]

ਹਜ਼ਰਤ ਮੁਹੰਮਦ (ਸ.) ਪੈਗ਼ੰਬਰੀ ਤੋਂ ਪਹਿਲਾਂ ਹੀ ਆਪਣੇ ਉੱਚੇ ਅਖਲਾਕ ਲਈ ਮਸ਼ਹੂਰ ਸਨ। ਮੱਕੇ ਦੇ ਲੋਕ ਉਨ੍ਹਾਂ ਨੂੰ ਸਾਦਿਕ ਅਤੇ ਅਮੀਨ ਸੱਦਦੇ ਸਨ।

ਗੁਲਵੰਤ ਸਿੰਘ ਲਿਖਦੇ ਹਨ:

> ਸਾਮੀ ਧਰਮਾਂ ਯੂਹਦੀਅਤ ਅਤੇ ਈਸਾਈਅਤ ਦੇ ਵਿਚ ਪੈਗੰਬਰਾਂ ਦੀ ਪਰੰਪਰਾ ਸਤਿਕਾਰੀ ਜਾਂਦੀ ਹੈ। ਪੈਗੰਬਰਾਂ ਦੀ ਪਰੰਪਰਾ ਦੇ ਇਤਿਹਾਸ ਵਿਚ ਹਜ਼ਰਤ ਮੁਹੰਮਦ ਸਾਹਿਬ ਹੀ ਅਜਿਹੇ ਪੈਗੰਬਰ ਹਨ ਜੋ ਇਤਿਹਾਸ ਦੀ ਪੂਰੀ ਰੌਸ਼ਨੀ ਵਿਚ ਪੈਦਾ ਹੋਏ। ਇਸ ਦੇ ਬਾਵਜੂਦ ਬਹੁਤ ਘੱਟ ਪ੍ਰਮਾਣਿਕ ਜਾਣਕਾਰੀ ਮੌਜੂਦ ਹੈ ਜਿਸ ਦੇ ਆਧਾਰ 'ਤੇ ਆਪਣੇ ਪ੍ਰਾਰੰਭਿਕ ਯਤਨ, ਆਤਮ ਉਕਰਸ਼ ਦੀ ਸਾਧਨਾ ਅਤੇ ਬੌਧਿਕਤਾ ਦੇ ਕ੍ਰਮਿਕ ਵਿਕਾਸ ਦਾ ਅਨੁਮਾਨ ਲਾਇਆ ਜਾ ਸਕੇ।[115]

ਐਨਡਰਿਉ ਰਿਪਿਨ ਲਿਖਦਾ ਹੈ ਕਿ ਹਜ਼ਰਤ ਮੁਹੰਮਦ (ਸ.) ਦੇ ਨਾਲ ਕੁਲ 28 ਪੈਗ਼ੰਬਰਾਂ ਦੇ ਨਾਮ ਕੁਰਆਨ ਵਿਚ ਆਉਂਦੇ ਹਨ ਜਿਨ੍ਹਾਂ ਰਾਹੀਂ ਰੱਬ ਨੇ ਆਪਣਾ ਸੁਨੇਹਾ ਲੋਕਾਈ ਤੱਕ ਪਹੁੰਚਾਇਆ।[116] ਕੁਰਆਨ ਦੀਆਂ ਆਇਤਾਂ ਤੋਂ ਸਪਸ਼ਟਤਾ ਹੁੰਦੀ ਹੈ ਕਿ ਇਨਕਾਰੀ ਹਮੇਸ਼ਾਂ ਬਾਗੀ ਸੁਰ ਹੀ ਅਲਾਪਦੇ ਰਹੇ ਸਨ। ਪੈਗ਼ੰਬਰ ਸਿੱਧੇ ਰਾਹ ਦਾ ਪ੍ਰਚਾਰ ਕਰਦੇ ਰਹੇ ਅਤੇ ਇਨਕਾਰੀ ਵਿਰੋਧ ਕਰਦੇ ਰਹੇ :

> ਅਸੀਂ ਮੂਸਾ ਨੂੰ ਕਿਤਾਬ ਦਿੱਤੀ, ਉਸ ਤੋਂ ਪਿੱਛੋਂ ਉਪਰੋਥਲੀ ਰਸੂਲ ਘੱਲੇ, ਆਖ਼ਰਕਾਰ ਮਰੀਅਮ ਦੇ ਪੁੱਤਰ ਈਸਾ ਨੂੰ ਸਾਫ਼-ਸਾਫ਼ ਨਿਸ਼ਾਨੀਆਂ ਦੇ ਕੇ ਭੇਜਿਆ ਅਤੇ ਪਾਕ ਰੂਹ ਨਾਲ ਉਸਦੀ ਸਹਾਇਤਾ ਕੀਤੀ। ਫੇਰ ਇਹ ਤੁਹਾਡਾ ਕੀ ਵਤੀਰਾ ਹੈ ਕਿ ਜਦ ਵੀ ਕੋਈ ਪੈਗ਼ੰਬਰ ਤੁਹਾਡੀਆਂ ਮਨੋਕਾਮਨਾਵਾਂ ਦੇ ਵਿਰੁੱਧ ਕੋਈ ਚੀਜ਼ ਲੈ ਕੇ ਤੁਹਾਡੇ ਕੋਲ ਆਇਆ ਤਾਂ ਤੁਸੀਂ ਉਸਦੇ ਮੁਕਾਬਲੇ 'ਤੇ ਬਗਾਵਤ ਹੀ ਕੀਤੀ, ਕਿਸੇ ਨੂੰ ਝੁਠਲਾਇਆ ਅਤੇ ਕਿਸੇ ਨੂੰ ਕਤਲ ਕਰ ਸੁੱਟਿਆ।[117]

ਕੁਰਆਨ ਅਨੁਸਾਰ ਪੈਗੰਬਰਾਂ ਉਪਰ ਹੇਠ ਲਿਖੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ:

1. ਤੌਹੀਦ ਭਾਵ ਇਕ ਈਸ਼ਵਰਵਾਦ ਦਾ ਪ੍ਰਚਾਰ।
2. ਤਵੱਕੁਲ ਭਾਵ ਅੱਲਾਹ ਵਿਚ ਯਕੀਨ ਦਿਵਾਉਣਾ।
3. ਤਕਵਾ ਭਾਵ ਖੁਦਾ ਤੋਂ ਡਰਨਾ ।

---

[114] 5 :19.

[115] ਗੁਰਮੁਖ ਸਿੰਘ, (ਡਾ.) *ਉਹੀ,* ਪੰਨੇ-405-6.

[116] A total of twenty-eight figures besides Muhammad are named in the Qura'n as having been commissioned by God to spread the message of the true way of obedience to him. Andrew Rippin, *Muslims,* p- 17.

[117] 2: 87.

4. ਖੁਦਾ ਲਈ ਸਬਰ ਪੈਦਾ ਕਰਨਾ।
5. ਅੱਲਾਹ ਤੋਂ ਮਦਦ ਮੰਗਣੀ।
6. ਸਿੱਧੇ ਰਾਹ ’ਤੇ ਤੁਰਨਾ ਅਤੇ ਤੋਰਨਾ।

ਹੁਣ ਅਸੀਂ ਸੰਖੇਪ ਵਿਚ ਪੈਗੰਬਰਾਂ ਦੀਆਂ ਜ਼ਿੰਮੇਵਾਰੀਆਂ ‘ਤੇ ਵਿਚਾਰ ਕਰਾਂਗੇ। ਤੌਹੀਦ ਭਾਵ ਇਕਈਸ਼ਵਰਵਾਦ ਇਸਲਾਮ ਦਾ ਵਡਮੁਲਾ ਵਿਸ਼ਵਾਸ ਹੈ। ਇਸਲਾਮ ਦੀ ਸਾਰੀ ਇਮਾਰਤ ਇਸ ਵਿਸ਼ਵਾਸ ਉਪਰ ਖੜ੍ਹੀ ਹੈ। ਇਕ ਅੱਲਾਹ ਵਿਚ ਵਿਸ਼ਵਾਸ ਮਨੁੱਖ ਦੇ ਵਿਸ਼ਵਾਸ ਨੂੰ ਹੋਰ ਪਕੇਰਾ ਕਰਦਾ ਹੈ। ਇਕ ਪਾਸੇ ਅਨੇਕ ਸ਼ਕਤੀਆਂ ਦੀ ਪੂਜਾ, ਦੂਜੇ ਪਾਸੇ ਕੇਵਲ ਇਕ ਅੱਲਾਹ ਦੀ ਬੰਦਗੀ :

> ਹੇ ਨਬੀ। ਉਹਨਾਂ ਨੂੰ ਆਖੋ ਕਿ ਮੈਂ ਤਾਂ ਤੁਹਾਡੇ ਜਿਹਾ ਹੀ ਇਕ ਮਨੁੱਖ ਹਾਂ। ਮੈਨੂੰ ਵਹੀ ਰਾਹੀਂ ਦੱਸਿਆ ਜਾਂਦਾ ਹੈ ਕਿ ਤੁਹਾਡਾ ਇਸ਼ਟ ਤਾਂ ਬੱਸ ਇਕੋ-ਇਕ ਇਸ਼ਟ ਹੈ, ਇਸ ਲਈ ਤੁਸਾਂ ਸਿੱਧੀ ਉਸੇ ਵੱਲ ਧਾਰਨਾ ਧਾਰੋ ਅਤੇ ਉਸੇ ਤੋਂ ਬਖਸ਼ਿਸ਼ ਮੰਗੋ।[118]

ਅਤੇ

> (ਹੇ ਨਬੀ) ਇਨ੍ਹਾਂ ਨੂੰ ਆਖੋ, ਫੇਰ ਕੀ ਹੈ ਤੇ ਅਗਿਆਨੀਓ? ਤੁਸੀਂ ਅੱਲਾਹ ਤੋਂ ਛੁੱਟ ਕਿਸੇ ਹੋਰ ਦੀ ਬੰਦਗੀ ਕਰਨ ਲਈ ਮੈਨੂੰ ਆਖਦੇ ਹੋ? (ਇਹ ਗੱਲ ਤੁਸੀਂ ਉਨ੍ਹਾਂ ਨੂੰ ਸਾਫ ਆਖ ਦਿਓ ਕਿਉਂਕਿ) ਤੁਹਾਡੇ ਵੱਲ ਅਤੇ ਤੁਹਾਥੋਂ ਪਹਿਲਾਂ ਬੀਤ ਚੁੱਕੇ ਸਾਰੇ ਨਬੀਆਂ ਵੱਲ ਇਹ ਵਹੀ ਭੇਜੀ ਜਾ ਚੁੱਕੀ ਹੈ ਕਿ ਜੇ ਤੁਸਾਂ ਕਿਸੇ ਹੋਰ ਨੂੰ ਅੱਲਾਹ ਦਾ ਸ਼ਰੀਕ ਬਣਾਇਆ ਤਾਂ ਤੁਹਾਡਾ ਕੀਤਾ ਕਰਾਇਆ ਅਜਾਈਂ ਜਾਵੇਗਾ ਅਤੇ ਤੁਸੀਂ ਘਾਟੇ ਵਿਚ ਰਹੋਗੇ। ਸੋ (ਹੇ ਨਬੀ) ਬੱਸ ਅੱਲਾਹ ਦੀ ਹੀ ਬੰਦਗੀ ਕਰੋ ਅਤੇ ਧੰਨਵਾਦੀ ਬੰਦਿਆਂ ਵਿਚ ਹੋ ਜਾਓ।[119]
>
> ਅਸੀਂ ਤੁਹਾਥੋਂ ਪਹਿਲਾਂ ਜਿਹੜਾ ਰਸੂਲ ਵੀ ਭੇਜਿਆ ਹੈ ਉਸ ਵੱਲ ਇਹੋ ਹੁਕਮ ਉਭਾਰਿਆ ਹੈ ਕਿ ਮੈਥੋਂ ਛੁੱਟ ਕੋਈ ਪੂਜਣਯੋਗ ਨਹੀਂ ਹੈ, ਸੋ ਤੁਸੀਂ ਲੋਕ ਮੇਰੀ ਹੀ ਬੰਦਗੀ ਕਰੋ।[120]

ਤਵੱਕੁਲ ਦਾ ਭਾਵ ਰੱਬ ਵਿਚ ਯਕੀਨ ਕਰਨਾ ਹੁੰਦਾ ਹੈ। ਪੈਗੰਬਰ ਜਿਥੇ ਇਕ ਰੱਬ ਦੀ ਹੋਂਦ ਦਾ ਜ਼ਿਕਰ ਕਰਦੇ ਹਨ ਉਥੇ ਰੱਬੀ ਹੁਕਮ ਰਾਹੀਂ ਉਸ ਵਿਚ ਵਿਸ਼ਵਾਸ ਕਰਨ ਦੀ ਪ੍ਰੇਰਨਾ ਵੀ ਦਿੰਦੇ ਹਨ। ਪਵਿੱਤਰ ਕੁਰਆਨ ਵਿਚ ਪੁਰਾਤਨ ਪੈਗ਼ੰਬਰਾਂ ਦਾ ਜ਼ਿਕਰ ਹੈ ਜਿਨ੍ਹਾਂ ਨੇ ਰੱਬ ਵਿਚ ਯਕੀਨ ਪੈਦਾ ਕਰਵਾਇਆ ਜਿਵੇਂ ਨੂਹ (ਅ.), ਹੂਦ (ਅ.), ਅਬਰਾਹਮ (ਅ.), ਯਾਕੂਬ (ਅ.), ਸ਼ੁਐਬ (ਅ.), ਮੂਸਾ (ਅ.), ਈਸਾ (ਅ.)।

ਨੂਹ (ਅ.) ਰੱਬ ਦਾ ਨੇਕ ਬੰਦਾ ਸੀ। ਉਹ ਲੋਕਾਂ ਨੂੰ ਵਾਰ-ਵਾਰ ਰੱਬ ਵਿਚ ਯਕੀਨ ਕਰਨ ਦੀ ਦੁਹਾਈ ਦਿੰਦਾ ਸੀ:

> ਇਹਨਾਂ ਨੂੰ ਨੂਹ ਦਾ ਕਿੱਸਾ ਸੁਣਾਓ। ਉਸ ਵੇਲੇ ਦਾ ਹਾਲ ਜਦੋਂ ਉਸਨੇ ਆਪਣੀ ਕੌਮ ਨੂੰ ਆਖਿਆ ਕਿ ਹੇ ਕੌਮੀ ਭਰਾਵੋ! ਜੇਕਰ ਮੇਰਾ ਤੁਹਾਡੇ ਵਿਚਾਲੇ ਰਹਿਣਾ ਤੇ ਅੱਲਾਹ ਦੀਆਂ ਆਇਤਾਂ ਸੁਣਾ-ਸੁਣਾ ਤੁਹਾਨੂੰ ਨੀਂਦਰੋਂ ਜਗਾਉਣਾ ਤੁਹਾਡੇ ਲਈ ਅਸਹਿ ਹੋ ਗਿਆ ਹੈ ਤਾਂ ਮੇਰਾ ਭਰੋਸਾ ਅੱਲਾਹ 'ਤੇ ਹੈ। ਤੁਸੀਂ ਮਿਥੇ ਹੋਏ ਸ਼ਰੀਕਾਂ ਨੂੰ ਨਾਲ ਲੈ ਕੇ ਸਰਬਸੰਮਤੀ ਨਾਲ ਇਕ ਫੈਸਲਾ ਕਰ ਲਓ ਤੇ ਜਿਹੜੀ ਯੋਜਨਾ ਤੁਹਾਡੇ ਸਾਹਮਣੇ ਹੋਵੇ ਉਸਨੂੰ ਚੰਗੀ ਤਰ੍ਹਾਂ ਸੋਚ ਸਮਝ ਲਓ ਤਾਂ ਜੋ ਉਹਦਾ ਕੋਈ ਪੱਖ ਤੁਹਾਡੀ ਅੱਖੋਂ ਪਰੋਖਾ ਨਾ ਰਹੇ, ਫੇਰ ਮੇਰੇ ਵਿਰੁੱਧ ਉਸ ਨੂੰ ਕਿਰਿਆਤਮਕ ਰੂਪ ਦੇ ਦਿਓ ਤੇ ਮੈਨੂੰ ਉੱਕਾ ਹੀ ਢਿੱਲ ਨਾ ਦਿਓ।[121]

---

[118] 41:6
[119] 39:64-66
[120] 21: 25.
[121] 10: 71.

ਹੂਦ (ਅ.) ਨੇ ਵੀ ਲੋਕਾਂ ਨੂੰ ਇਕ ਰੱਬ ਦੀ ਬੰਦਗੀ ਵੱਲ ਪ੍ਰੇਰਿਤ ਕੀਤਾ ਸੀ :

> ਹੂਦ ਨੇ ਆਖਿਆ, ਮੈਂ ਅੱਲਾਹ ਦੀ ਗਵਾਹੀ ਪੇਸ਼ ਕਰਦਾ ਹਾਂ ਤੇ ਤੁਸੀਂ ਗਵਾਹ ਰਹੋ ਕਿ ਇਹ ਜੋ ਅੱਲਾਹ ਤੋਂ ਛੁੱਟ ਦੂਜਿਆਂ ਨੂੰ ਤੁਸਾਂ ਖੁਦਾਈ ਵਿਚ ਸ਼ਰੀਕ ਬਣਾ ਛੱਡਿਆ ਹੈ ਇਸ ਤੋਂ ਮੈਂ ਅਬਾਜ਼ਾਰ ਹਾਂ।[122]

ਇਬਰਾਹੀਮ (ਅ.) ਰੱਬ ਦਾ ਸੱਚਾ ਸੇਵਕ ਸੀ। ਉਸ ਸਮੇਤ ਪਿਛਲੇਰੇ ਪੈਗ਼ੰਬਰ ਸਾਡੇ ਆਦਰਸ਼ ਹਨ। ਅਸੀਂ ਉਨ੍ਹਾਂ ਨੂੰ ਭੁੱਲਦੇ ਜਾ ਰਹੇ ਹੋ:

> ਤੁਹਾਡੇ ਲਈ ਇਬਰਾਹੀਮ ਤੇ ਉਸਦੇ ਸਾਥੀਆਂ (ਦੀ ਸ਼ਕਲ) ਵਿਚ ਇਕ ਸੋਹਣਾ ਆਦਰਸ਼ ਮੌਜੂਦ ਹੈ ਕਿ ਉਹਨਾਂ ਨੇ ਆਪਣੀ ਕੌਮ ਨੂੰ ਸਪਸ਼ਟ ਆਖ ਦਿੱਤਾ, ਅਸੀਂ ਤੁਹਾਥੋਂ ਤੇ ਤੁਹਾਡੇ ਉਹਨਾਂ ਇਸ਼ਟਾਂ ਤੋਂ ਜਿਹਨਾਂ ਨੂੰ ਤੁਸੀਂ ਅੱਲਾਹ ਨੂੰ ਛੱਡ ਕੇ ਪੂਜਦੇ ਹੋ ਉਕਾ ਅਬਾਜ਼ਾਰ ਹਾਂ।[123]

ਯਾਕੂਬ (ਅ.) ਨੇ ਪੁੱਤਰ ਦੀ ਮੌਤ ਤੋਂ ਬਾਅਦ ਵੀ ਰੱਬ ‘ਤੇ ਭਰੋਸਾ ਕਰਨਾ ਨਹੀਂ ਛੱਡਿਆ ਸੀ:

> ਪਿਓ ਨੇ ਉਤਰ ਦਿੱਤਾ, “ਕੀ ਮੈਂ ਉਹਦੇ ਬਾਰੇ ਤੁਹਾਡੇ ‘ਤੇ ਉਹੋ ਜਿਹਾ ਹੀ ਭਰੋਸਾ ਕਰਾਂ ਜਿਹਾ ਇਸ ਤੋਂ ਪਹਿਲਾਂ ਉਹਦੇ ਭਰਾ ਬਾਰੇ ਕਰ ਚੁੱਕਾ ਹਾਂ? ਅੱਲਾਹ ਹੀ ਚੰਗੇਰਾ ਰੱਖਿਅਕ ਹੈ ਤੇ ਉਹ ਸਭਨਾਂ ਤੋਂ ਵਧੇਰੇ ਮਿਹਰ ਫਰਮਾਉਣ ਵਾਲਾ ਹੈ।”[124]

ਇਸ ਆਇਤ ਵਿਚ ਪਿਓ ਤੋਂ ਭਾਵ ਯਾਕੂਬ ਤੋਂ ਹੈ। ਯਾਕੂਬ ਆਪਣੇ ਪੁੱਤਰਾਂ ਨੂੰ ਇਕ ਅੱਲਾਹ ਦੀ ਬੰਦਗੀ ਵੱਲ ਪ੍ਰੇਰਦਾ ਹੈ। ਸ਼ੁਐਬ ਨੇ ਵੀ ਆਪਣੀ ਕੌਮ ਵਿਚ ਇਕ ਅੱਲਾਹ ‘ਤੇ ਭਰੋਸਾ ਕਰਨ ਦਾ ਸੁਨੇਹਾ ਦਿੱਤਾ:

> ਸ਼ੁਐਬ ਨੇ ਆਖਿਆ, “ਭਰਾਓ! ਤੁਸੀਂ ਆਪੇ ਸੋਚੋ ਕਿ ਜੇ ਮੈਂ ਆਪਣੇ ਰੱਬ ਵੱਲੋਂ ਇਕ ਸਪਸ਼ਟ ਦਲੀਲ 'ਤੇ ਸੀ ਤੇ ਫੇਰ ਉਸਨੇ ਮੈਨੂੰ ਆਪਣੀ ਦਰਗਾਹੋਂ ਚੰਗਾ ਰਿਜ਼ਕ ਵੀ ਬਖਸ਼ਿਸ਼ ਕੀਤਾ (ਤਾਂ ਇਸ ਤੋਂ ਮਗਰੋਂ ਮੈਂ ਤੁਹਾਡੀਆਂ ਗੁੰਮਰਾਹੀਆਂ ਤੇ ਹਰਾਮਖੋਰੀਆਂ ਵਿਚ ਤੁਹਾਡੇ ਨਾਲ ਕਿਵੇਂ ਰਲ ਸਕਦਾ ਹਾਂ? [125]

ਮੂਸਾ (ਅ.) ਵੀ ਮੁਸਲਮਾਨਾਂ ਨੂੰ ਥਾਂ-ਥਾਂ ਲੈ ਕੇ ਫਿਰਦਾ ਰਿਹਾ। ਲੋਕਾਈ ਮੁੜ ਬੁੱਤਾਂ ਦੀ ਪੂਜਾ ਕਰਨ ਲੱਗਦੀ ਤਾਂ ਮੂਸਾ (ਅ.) ਉਨ੍ਹਾਂ ਨੂੰ ਅੱਲਾਹ ਦੀ ਸ਼ਰਣ ਵਿਚ ਲਿਆਉਂਦਾ ਹੈ:

> ਮੂਸਾ ਨੇ ਆਪਣੀ ਕੌਮ ਨੂੰ ਆਖਿਆ ਕਿ “ਲੋਕੋ! ਜੇ ਸਚਮੁਚ ਤੁਸੀਂ ਅੱਲਾਹ ਤੇ ਈਮਾਨ ਰੱਖਦੇ ਹੋ ਤਾਂ ਉਸ 'ਤੇ ਭਰੋਸਾ ਕਰੋ ਜੇ ਤੁਸੀਂ ਮੁਸਲਮਾਨ ਹੋ।[126]

ਈਸਾ (ਅ.) ਨੇ ਸਾਰੀ ਜ਼ਿੰਦਗੀ ਅੱਲਾਹ ਦੇ ਹੁਕਮ ਅਨੁਸਾਰ ਚੱਲਣ ਦਾ ਪ੍ਰਚਾਰ ਕੀਤਾ। ਇਸ ਕਾਰਨ ਉਨ੍ਹਾਂ ਨੂੰ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਸੀ:

> ਜਦੋਂ ਈਸਾ ਨੇ ਮਹਿਸੂਸ ਕੀਤਾ ਕਿ ਇਸਰਾਈਲ ਦੀ ਸੰਤਾਨ ਨੇ ਕੁਫਰ 'ਤੇ ਲੱਕ ਬੰਨ ਲਿਆ ਹੈ ਤਾਂ ਉਸਨੇ ਆਖਿਆ, “ਕੌਣ ਅੱਲਾਹ ਦੇ ਰਾਹ ਵਿਚ ਮੇਰਾ ਸਹਾਈ ਬਣਦਾ ਹੈ? [127]

ਤਕਵਾ ਦਾ ਅਰਥ ਰੱਬ ਦਾ ਡਰ ਮੰਨਣਾ ਹੈ। ਅੱਲਾਹ ਤਆਲਾ ਨੇ ਆਪਣੇ ਪੈਗ਼ੰਬਰਾਂ ਰਾਹੀਂ ਲੋਕਾਈ ਨੂੰ ਖੁਦਾ ਤੋਂ ਡਰਨ ਦਾ ਉਪਦੇਸ਼ ਦਿੱਤਾ। ਬੰਦਗੀ ਵਿਚ ਡਰ ਦਾ ਵਿਸ਼ੇਸ਼ ਸਥਾਨ ਹੈ। ਕੁਰਆਨ

---

[122] 11:54.
[123] 60:4.
[124] 12:63.
[125] 11:88
[126] 10:84.
[127] 3:52.

ਵਿਚ ਡਰ ਨੂੰ ਦੋ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ: ਨੇਕ ਬੰਦਿਆਂ ਲਈ ਅਤੇ ਬੁਰੇ ਬੰਦਿਆਂ ਲਈ। ਨੇਕ ਬੰਦੇ ਰੱਬ ਦੇ ਡਰ ਨੂੰ ਆਗਿਆਪਾਲਣ ਵਜੋਂ ਸਵੀਕਾਰ ਕਰਦੇ ਹਨ। ਬੁਰੇ ਬੰਦੇ ਰੱਬ ਤੋਂ ਇਸ ਕਰਕੇ ਡਰਦੇ ਹਨ ਕਿਉਂਕਿ ਉਨ੍ਹਾਂ ਨੇ ਬੰਦਗੀ ਨਹੀਂ ਕੀਤੀ। ਪੈਗ਼ੰਬਰਾਂ ਨੇ ਰੱਬ ਤੋਂ ਡਰਨ ਦਾ ਵੀ ਪ੍ਰਚਾਰ ਕੀਤਾ। ਅੱਗੇ ਪੈਗ਼ੰਬਰ ਦਾ ਨਾਂ ਅਤੇ ਉਸ ਨਾਲ ਸਬੰਧਿਤ *ਕੁਰਆਨ* ਦੀ ਆਇਤ ਦੇ ਕੇ ਵਿਚਾਰ ਨੂੰ ਸਪੱਸ਼ਟ ਕੀਤਾ ਜਾ ਰਿਹਾ ਹੈ।

### ਨੂਹ (ਅ.)

> ਅਸਾਂ ਨੂਹ ਨੂੰ ਉਸਦੀ ਕੌਮ ਵੱਲ ਘੱਲਿਆ। ਉਸਨੇ ਆਖਿਆ ਹੇ ਮੇਰੀ ਕੌਮ ਵਾਲਿਓ। ਅੱਲਾਹ ਦੀ ਬੰਦਗੀ ਕਰੋ, ਉਸ ਤੋਂ ਛੁੱਟ ਤੁਹਾਡੇ ਲਈ ਹੋਰ ਕੋਈ ਇਸ਼ਟ ਨਹੀਂ। ਕੀ ਤੁਸੀਂ ਡਰਦੇ ਨਹੀਂ ਹੋ? [128]

### ਹੂਦ (ਅ.)

ਪਵਿੱਤਰ ਕੁਰਆਨ ਵਿਚ ਆਦ ਅਤੇ ਹੂਦ ਦੀ ਕਹਾਣੀ ਆਉਂਦੀ ਹੈ। ਹੂਦ (ਅ.) ਖੁਦਾ ਨੂੰ ਮੰਨਣ ਵਾਲਾ ਸੀ। ਆਦ ਨੇ ਰਸੂਲਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਹੂਦ ਨੇ ਅੱਲਾਹ ਦੇ ਹੁਕਮ ਨਾਲ ਆਦ ਨੂੰ ਕਿਹਾ:

> ਸੋ ਤੁਸੀਂ ਅੱਲਾਹ ਤੋਂ ਡਰੋ ਅਤੇ ਮੇਰੀ ਆਗਿਆ ਦਾ ਪਾਲਣ ਕਰੋ। ਡਰੋ ਉਸ ਤੋਂ ਜਿਸ ਨੇ ਉਹ ਕੁਝ ਤੁਹਾਨੂੰ ਬਖਸ਼ਿਆ ਹੈ। ਜਿਸ ਨੂੰ ਤੁਸੀਂ ਜਾਣਦੇ ਹੋ।[129]

### ਸਾਲੇਹ (ਅ.)

ਇਸ ਤਰ੍ਹਾਂ ਹੀ ਸਮੂਦ ਨੇ ਪੈਗੰਬਰਾਂ ਨੂੰ ਨਾ ਮੰਨਿਆ ਤਾਂ ਉਨ੍ਹਾਂ ਦੇ ਭਰਾ ਸਾਲੇਹ ਨੇ ਰੱਬੀ ਹੁਕਮ ਨਾਲ ਸਮੂਦ ਨੰ ਵਰਜਦਿਆਂ ਕਿਹਾ ਸੀ :

> ਸਮੂਦ ਨੇ ਰਸੂਲਾਂ ਨੂੰ ਝੁਠਲਾਇਆ। ਚੇਤੇ ਕੋਰੋ ਜਦੋਂ ਕਿ ਉਹਨਾਂ ਦੇ ਭਰਾ ਸਾਲੇਹ ਨੇ ਉਹਨਾ ਨੂੰ ਆਖਿਆ ਕੀ ਤੁਸੀਂ ਡਰਦੇ ਨਹੀਂ? ਮੈਂ ਤੁਹਾਡੇ ਲਈ ਇਕ ਅਮਾਨਤਦਾਰ ਰਸੂਲ ਹਾਂ। ਸੋ ਤੁਸੀਂ ਅੱਲਾਹ ਤੋਂ ਡਰੋਂ ਅਤੇ ਮੇਰੀ ਆਗਿਆ ਦਾ ਪਾਲਣ ਕਰੋ। ਮੈਂ ਇਸ ਕੰਮ 'ਤੇ ਤੁਹਾਨੂੰ ਕਿਸੇ ਸੇਵਾ ਫਲ ਦਾ ਚਾਹਵਾਨ ਨਹੀਂ ਹਾਂ, ਮੇਰਾ ਸੇਵਾ ਫਲ ਤਾਂ ਸਾਡੇ ਜਹਾਨਾਂ ਦੇ ਰੱਬ ਜ਼ਿੰਮੇ ਹੈ। ਕੀ ਤੁਹਾਨੂੰ ਉਹਨਾਂ ਸਾਰੀਆਂ ਚੀਜ਼ਾਂ ਵਿਚਾਲੇ ਜਿਹੜੀਆਂ ਇਥੇ ਹਨ? ਬਸ ਇਉਂ ਹੀ ਨਿਸ਼ਚਿੰਤ ਰਹਿਣ ਦਿੱਤਾ ਜਾਵੇਗਾ, ਇਹਨਾਂ ਬਾਗਾਂ ਤੇ ਚਸ਼ਮਿਆਂ ਵਿਚ ਇਹਨਾਂ ਪੈਲੀਆਂ ਤੇ ਖਜੂਰਾਂ ਵਿਚ ਜਿਹਨਾਂ ਦੇ ਰੱਬ ਜ਼ਿੰਮੇ ਹੈ। ਕੀ ਤੁਹਾਨੂੰ ਉਹਨਾਂ ਸਾਰੀਆਂ ਚੀਜ਼ਾਂ ਤੇ ਚਸ਼ਮਿਆਂ ਵਿਚ? ਇਹਨਾਂ ਪੈਲੀਆਂ ਤੇ ਖਜੂਰਾਂ ਵਿਚ ਜਿਹਨਾਂ ਦੇ ਗੁੱਛੇ ਰਸ ਭਰੇ ਹਨ? ਤੁਸੀਂ ਪਹਾੜਾਂ ਨੂੰ ਕੱਟ-ਕੱਟ ਕੇ ਵੱਡੇ ਮਾਣ ਨਾਲ ਉਹਨਾਂ ਵਿਚ ਭਵਨ ਉਸਾਰਦੇ ਹੋ। ਅੱਲਾਹ ਤੋਂ ਡਰੋ ਅਤੇ ਮੇਰੀ ਆਗਿਆ ਦਾ ਪਾਲਣ ਕਰ।[130]

### ਇਬਰਾਹੀਮ (ਅ.)

> ਅਸਾਂ ਇਬਰਾਹੀਮ ਨੂੰ ਭੇਜਿਆ ਜਦੋਂ ਕਿ ਉਸਨੇ ਆਪਣੀ ਕੌਮ ਨੂੰ ਆਖਿਆ ਅੱਲਾਹ ਦੀ ਬੰਦਗੀ ਕਰੋ ਤੇ ਉਸ ਤੋਂ ਡਰੋ।[131]

### ਲੂਤ (ਅ.)

> ਲੂਤ ਦੀ ਕੌਮ ਨੇ ਰਸੂਲਾਂ ਨੂੰ ਝੁਠਲਾਇਆ। ਚੇਤੇ ਕਰੋ ਜਦੋਂ ਕਿ ਉਹਨਾਂ ਦੇ ਭਰਾ ਲੂਤ ਨੇ ਉਹਨਾਂ ਨੂੰ ਆਖਿਆ ਸੀ, " ਕੀ ਤੁਸੀਂ ਡਰਦੇ ਨਹੀਂ ਹੋ? ਮੈਂ ਤੁਹਾਡੇ ਲਈ ਇਕ ਅਮਾਨਤਦਾਰ ਰਸੂਲ ਹਾਂ।[132]

---

[128] 23:23.

[129] 26:126-131.

[130] 26:144-150.

[131] 29:16.

**ਸ਼ੁਐਬ (ਅ.)**

ਪਵਿੱਤਰ ਕੁਰਆਨ ਦੱਸਦਾ ਹੈ ਕਿ ਐਕਾ ਇਲਾਕੇ ਵਾਲਿਆਂ ਨੇ ਵੀ ਪੈਗੰਬਰਾਂ ਨੂੰ ਝੁਠਲਾਇਆ ਸੀ ਤਾਂ ਸ਼ੁਐਬ ਨੇ ਅੱਲਾਹ ਦੇ ਹੁਕਮ ਨਾਲ ਤਾੜਨਾ ਕੀਤੀ ਸੀ:

> ਐਕਾ ਵਾਲਿਆਂ ਨੇ ਰਸੂਲਾਂ ਨੂੰ ਝੁਠਲਾਇਆ। ਚੇਤੇ ਕਰੋ ਜਦੋਂ ਕਿ ਸ਼ੁਐਬ ਨੇ ਉਹਨਾਂ ਨੂੰ ਆਖਿਆ ਸੀ, "ਕੀ ਤੁਸੀਂ ਡਰਦੇ ਨਹੀਂ? ਮੈਂ ਤੁਹਾਡੇ ਲਈ ਇਕ ਅਮਾਨਤਦਾਰ ਰਸੂਲ ਹਾਂ।[133]

**ਮੂਸਾ (ਅ.)**

> ਪਹਿਲਾਂ ਅਸੀਂ ਮੂਸਾ ਤੇ ਹਾਰੂਨ ਨੂੰ ਕਸਵੱਟੀ, ਚਾਨਣ ਤੇ ਨਸੀਹਤ ਬਖ਼ਸ਼ਿਸ ਕਰ ਚੁੱਕੇ ਹਾਂ ਉਹਨਾਂ ਸੰਜਮੀਆਂ ਦੀ ਭਲਾਈ ਲਈ ਜਿਹੜੇ ਬਿਨ੍ਹਾਂ ਡਿੱਠੇ ਆਪਣੇ ਰੱਬ ਤੋਂ ਡਰਨ ਅਤੇ ਜਿਹਨਾਂ ਨੂੰ (ਲੇਖੇ-ਜੋਖੇ ਦੀ) ਉਸ ਘੜੀ ਦਾ ਡਰ ਸਤਾ ਰਿਹਾ ਹੋਵੇ।[134]

**ਇਲੀਅਸ (ਅ.)**

> ਬੇਸ਼ੱਕ ਇਲੀਅਸ ਵੀ ਰਸੂਲਾਂ ਵਿਚੋਂ ਸੀ। ਚੇਤੇ ਕਰੋ ਜਦੋਂ ਉਸਨੇ ਆਪਣੀ ਕੌਮ ਨੂੰ ਆਖਿਆ ਸੀ ਕਿ ਤੁਸੀਂ ਲੋਕ ਡਰਦੇ ਨਹੀਂ ਹੋ? ਕੀ ਤੁਸੀਂ 'ਬਅਲ' ਨੂੰ ਪੂਜਦੇ ਹੋ ਅਤੇ ਸਭਨਾਂ ਤੋਂ ਸੁਹਣੇ ਸਿਰਜਣਹਾਰ ਨੂੰ ਛੱਡ ਦਿੰਦੇ ਹੋ, ਉਸ ਅੱਲਾਹ ਨੂੰ ਜਿਹੜਾ ਤੁਹਾਡਾ ਤੇ ਤੁਹਾਡੇ ਅਗਲੇ ਪਿਛਲੇ ਪਿਓ-ਦਾਦਿਆਂ ਦਾ ਰੱਬ ਹੈ?[135]

**ਈਸਾ (ਅ.)**

> ਜਦੋਂ ਈਸਾ ਸਾਫ਼ ਨਿਸ਼ਾਨੀਆਂ ਲੈ ਕੇ ਆਇਆ ਸੀ ਤਾਂ ਉਸਨੇ ਆਖਿਆ ਸੀ ਕਿ, "ਮੈਂ ਤੁਹਾਡੇ ਕੋਲ ਯੁਕਤੀ ਲੈ ਕੇ ਆਇਆ ਹਾਂ ਅਤੇ ਇਸ ਲਈ ਆਇਆ ਹਾਂ ਕਿ ਤੁਹਾਡੇ ਉਤੇ ਕੁਝ ਉਹਨਾਂ ਗੱਲਾਂ ਦੀ ਅਸਲੀਅਤ ਖੋਲ ਦਿਆਂ ਜਿਹਨਾਂ ਵਿਚ ਤੁਸੀਂ ਮਤਭੇਦ ਕਰਦੇ ਹੋ, ਸੋ ਤੁਸੀਂ ਅੱਲਾਹ ਤੋਂ ਡਰੋ ਅਤੇ ਮੇਰੀ ਗੱਲ ਮੰਨੋ।[136]

ਸਬਰ ਬੰਦਗੀ ਦਾ ਅਹਿਮ ਗੁਣ ਹੈ। *ਕੁਰਆਨ* ਵਿਚ ਵਾਰ-ਵਾਰ ਸਬਰ ਧਾਰਨ ਕਰਨ ਦੀ ਗੱਲ ਆਖੀ ਗਈ ਹੈ। ਅੱਲਾਹ ਦੇ ਪੈਗੰਬਰਾਂ ਨੇ ਅੱਲਾਹ ਦੇ ਹੁਕਮ ਨਾਲ ਲੋਕਾਈ ਨੂੰ ਦੱਸਿਆ ਕਿ ਕਿਵੇਂ ਸਬਰ ਧਾਰਨ ਕਰਨਾ ਹੈ। ਹੇਠ ਲਿਖੇ ਪੈਗੰਬਰਾਂ ਨੇ ਸਮੇਂ-ਸਮੇਂ ਸਬਰ ਨੂੰ ਦ੍ਰਿੜ ਕਰਵਾਇਆ। ਅੱਗੇ ਪੈਗ਼ੰਬਰ ਦਾ ਨਾਂ ਅਤੇ ਉਸ ਨਾਲ ਸਬੰਧਿਤ *ਕੁਰਆਨ* ਦੀ ਆਇਤ ਦੇ ਕੇ ਵਿਚਾਰ ਨੂੰ ਸਪੱਸ਼ਟ ਕੀਤਾ ਜਾ ਰਿਹਾ ਹੈ:

**ਇਦਰੀਸ (ਅ.), ਇਸਮਾਈਲ (ਅ.) ਤੇ ਜ਼ੁਲਕਿਫ਼ਲ (ਅ.)**

> ਇਹੋ ਨਿਆਮਤ ਇਸਮਾਈਲ, ਇਦਰੀਸ ਤੇ ਜ਼ੁਲਕਿਫ਼ਲ ਨੂੰ ਵੀ ਬਖਸ਼ਿਸ਼ ਕੀਤੀ । ਇਹ ਸਾਰੇ ਸਬਰ ਕਰਨ ਵਾਲੇ ਲੋਕ ਸਨ ਤੇ ਉਹਨਾਂ ਨੂੰ ਅਸਾਂ ਆਪਣੀ ਮਿਹਰ ਵਿਚ ਦਾਖਲ ਕਰ ਲਿਆ ਕਿ ਉਹ ਭਲੇ ਪੁਰਖਾਂ ਵਿਚੋਂ ਸਨ।[137]

**ਯਾਕੂਬ (ਅ.)**

ਯਾਕੂਬ ਨੂੰ ਜਦੋਂ ਉਸਦੇ ਪੁੱਤਰਾਂ ਨੇ ਕਿਹਾ ਕਿ ਯੂਸੁਫ ਨੂੰ ਕੋਈ ਜੰਗਲੀ ਜਾਨਵਰ ਖਾ ਗਿਆ ਹੈ ਤਾਂ

---

[132] 26:160-162
[133] 26:176-178
[134] 21:48-49
[135] 37:123-126
[136] 43:63
[137] 21:85-86.

ਯਾਕੂਬ ਨੇ ਸਬਰ ਤੋਂ ਕੰਮ ਲਿਆ ਅਤੇ ਕਿਹਾ ਸੀ :

> ਚੰਗਾ, ਸਬਰ ਕਰਾਂਗਾ ਅਤੇ ਸੁਹਣੇ ਢੰਗ ਨਾਲ ਧੀਰਜ ਤੋਂ ਕੰਮ ਲਵਾਂਗਾ, ਜਿਹੜੀ ਗੱਲ ਤੁਸੀਂ ਘੜ ਰਹੇ ਹੋ ਉਸ ਤੇ ਅੱਲਾਹ ਤੋਂ ਹੀ ਸਹਾਇਤਾ ਮੰਗੀ ਜਾ ਸਕਦੀ ਹੈ।[138]

### ਯੂਸੁਫ਼ (ਅ.)

ਬੇਗੁਨਾਹ ਯੂਸਫ਼ ਨੂੰ ਮਿਸਰ ਦੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਯੂਸਫ਼ ਨੇ ਉਸ ਜੇਲ੍ਹ ਵਿਚ ਦੋ ਕੈਦੀਆਂ ਦੇ ਸੁਪਨਿਆਂ ਦੇ ਅਰਥ ਕਰਕੇ ਆਉਣ ਵਾਲਾ ਸਮਾਂ ਦੱਸਿਆ। ਉਸਨੇ (ਅ.) ਉਨ੍ਹਾਂ ਚੋਂ ਇਕ ਨੂੰ ਕਿਹਾ ਕਿ ਤੂੰ ਆਜ਼ਾਦ ਹੋ ਕੇ ਬਾਹਰ ਜਾਵੇਗਾ। ਬਾਹਰ ਜਾ ਕੇ ਮੇਰੀ ਬੇਗੁਨਾਹੀ ਬਾਰੇ ਬਾਦਸ਼ਾਹ ਨੂੰ ਦੱਸੀ। ਇੰਝ ਹੀ ਹੋਇਆ ਪਰ ਆਜ਼ਾਦ ਹੋ ਕੇ ਬਾਹਰ ਗਿਆ ਕੈਦੀ ਭੁੱਲ ਗਿਆ। ਉਸਨੇ ਕਈ ਸਾਲ ਬਾਦਸ਼ਾਹ ਕੋਲ ਯੂਸੁਫ਼ ਦੀ ਬੇਗੁਨਾਹੀ ਸ਼ਿਫ਼ਾਰਸ਼ ਨਹੀਂ ਕੀਤੀ। ਯੂਸੁਫ਼ (ਅ.) ਨੇ ਇੰਨੇ ਸਾਲ ਸਬਰ ਤੋਂ ਕੰਮ ਲਿਆ:

> ਫਿਰ ਉਹਨਾਂ ਵਿਚੋਂ ਜਿਸ ਬਾਰੇ ਖਿਆਲ ਸੀ ਕਿ ਉਹ ਰਿਹਾ ਹੋ ਜਾਵੇਗਾ। ਉਹਨੂੰ ਯੂਸਫ਼ ਨੇ ਆਖਿਆ ਕਿ ਆਪਣੇ ਮਾਲਕ (ਮਿਸਰ ਦੇ ਸਮਰਾਟ) ਕੋਲ ਮੇਰੀ ਗੱਲ ਕਰੀਂ। ਪਰ ਸ਼ੈਤਾਨ ਨੇ ਉਹਨੂੰ ਅਜਿਹੇ ਭੁਲੇਖੇ ਵਿਚ ਪਾਇਆ ਕਿ ਉਹ ਆਪਣੇ ਮਾਲਕ ਕੋਲ ਉਹਦੀ ਗੱਲ ਕਰਨੀ ਭੁੱਲ ਗਿਆ ਅਤੇ ਯੂਸਫ਼ ਕਈ ਵਰ੍ਹਿਆਂ ਤੱਕ ਜੇਲ੍ਹ ਵਿਚ ਹੀ ਸੜਦਾ ਰਿਹਾ।[139]

ਪਵਿੱਤਰ ਕੁਰਆਨ ਵਿਚ ਅਨੇਕ ਪੈਗ਼ੰਬਰਾਂ ਦਾ ਇਕੱਠਾ ਇਕ ਥਾਂ 'ਤੇ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਉਪਰ ਈਮਾਨ ਲਿਆਉਣਾ ਅਤਿ ਜ਼ਰੂਰੀ ਹੈ। *ਸੂਰਤ ਅਲ-ਅਨਆਮ* ਵਿਚ ਅੰਕਿਤ ਹੈ:

> ਫੇਰ ਅਸਾਂ ਇਬਰਾਹਿਮ ਨੂੰ ਇਸਹਾਕ ਤੇ ਯਾਕੂਬ ਜਿਹੇ ਪੁੱਤਰ ਦਿੱਤੇ ਅਤੇ ਹਰੇਕ ਨੂੰ ਸਿੱਧਾ ਰਾਹ ਦਰਸਾਇਆ (ਉਹੀ ਸਿਧਾ ਰਾਹ ਜਿਹੜਾ) ਉਸ ਤੋਂ ਪਹਿਲਾਂ ਨੂਹ ਨੂੰ ਦਰਸਾਇਆ ਸੀ। ਉਸੇ ਦੀ ਨਸਲੋਂ ਅਸੀਂ ਦਾਊਦ, ਸੁਲੇਮਾਨ, ਅੱਯੂਬ, ਯੂਸਫ਼, ਮੂਸਾ ਤੇ ਹਾਰੂਨ ਨੂੰ (ਸਿੱਧਾ ਰਾਹ ਦਰਸਾਇਆ) । ਇਸ ਤਰ੍ਹਾਂ ਅਸੀਂ ਸੁਹਣੇ ਅਮਲਾਂ ਵਾਲਿਆਂ ਨੂੰ ਉਹਨਾਂ ਦੀ ਨੇਕੀ ਦਾ ਬਦਲਾ ਦਿਆ ਕਰਦੇ ਹਾਂ। (ਉਸੇ ਦੀ ਸੰਤਾਨ ਚੋਂ) ਜ਼ਕਰੀਆ, ਯਾਹਯਾ, ਈਸਾ ਅਤੇ ਇਲਯਾਸ ਨੂੰ (ਰਸਤਾ ਦਰਸਾਇਆ) ਹਰੇਕ ਇਹਨਾਂ ਵਿਚੋਂ ਨੇਕ ਸੀ। (ਉਸੇ ਦੇ ਵੰਸ਼ ਵਿਚੋਂ) ਇਸਮਾਈਲ, ਅਲਯਸਾਅ ਨੂੰ ਯੂਨਸ ਅਤੇ ਲੂਤ ਨੂੰ (ਰਾਹ ਦਰਸਾਇਆ) ਹਰੇਕ ਇਹਨਾਂ ਵਿਚੋਂ ਨੇਕ ਸੀ।[140]

ਉਪਰੋਕਤ ਪੈਗੰਬਰਾਂ ਰਾਹੀਂ ਅੱਲਾਹ ਨੇ ਲੋਕਾਈ ਨੂੰ ਸਮੇਂ-ਸਮੇਂ ਇਕ ਰੱਬ ਦੀ ਹੋਂਦ ਨੂੰ ਮੰਨਣ, ਉਸ ਵਿਚ ਵਿਸ਼ਵਾਸ ਕਰਨ, ਸਬਰ ਕਰਨ, ਉਸਦਾ ਸ਼ੁਕਰ ਕਰਨ, ਉਸਤੋਂ ਡਰਨ ਅਤੇ ਉਸਤੋਂ ਮਦਦ ਮੰਗਣ ਦਾ ਉਪਦੇਸ਼ ਦਿੱਤਾ ਹੈ। ਹਜ਼ਰਤ ਮੁਹੰਮਦ (ਸ.) ਦੀ ਪੈਗ਼ੰਬਰੀ ਦੌਰਾਨ ਇਕ ਗੱਲ ਵਿਚਾਰਨ ਵਾਲੀ ਇਹ ਹੈ ਕਿ ਆਪ ਤੋਂ ਪਹਿਲਾਂ ਦੇ ਪੈਗ਼ੰਬਰਾਂ ਨਾਲ ਕਰਾਮਾਤਾਂ ਜੁੜੀਆਂ ਹੋਈਆਂ ਹਨ ਜਿਵੇਂ ਕੋਹੜੀਆਂ ਨੂੰ ਰਾਜ਼ੀ ਕਰਨਾ, ਪੰਛੀਆਂ ਨਾਲ ਗੱਲਾਂ ਕਰਨੀਆਂ, ਬਿਨਾਂ ਪਿਤਾ ਦੇ ਬੱਚੇ ਦਾ ਜਨਮ, ਕੁਦਰਤੀ ਆਫ਼ਤਾਂ ਭੇਜਣੀਆਂ, ਦਰਿਆ ਦਾ ਰਸਤਾ ਦੇਣਾ ਆਦਿਕ। ਮੁਹੰਮਦ (ਸ.) ਆਮ ਇਨਸਾਨ ਬਣ ਕੇ ਰਹੇ। ਜੇ ਇਨਕਾਰੀਆਂ ਦਾ ਵਿਰੋਧ ਇਥੇ ਤੱਕ ਪੁੱਜ ਗਿਆ ਕਿ ਆਪ (ਸ.) ਮੱਕਾ ਛੱਡ ਦਿਓ ਤਾਂ ਆਪ (ਸ.) ਨੇ ਅੱਲਾਹ ਦੇ ਹੁਕਮ ਅਨੁਸਾਰ ਮੱਕਾ ਛੱਡ ਦਿੱਤਾ। ਇਸ ਦਿਨ ਤੋਂ ਹਿਜਰੀ ਕੈਲੰਡਰ ਦੀ ਸ਼ੁਰੂਆਤ ਹੋਈ। ਆਪ (ਸ.) ਨੇ ਮਦੀਨੇ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ। ਕੁਰਆਨ ਦੱਸਦਾ ਹੈ ਕਿ

---

[138] 12:18.

[139] 12:42

[140] 6:84-86.

ਆਪ (ਸ.) ਦੀ ਪੈਗ਼ੰਬਰੀ ਉੱਚੇ ਅਖ਼ਲਾਕ ਦਾ ਨਮੂਨਾ ਹੈ। ਇਸਦੇ ਬਾਵਜੂਦ ਇਨਕਾਰੀਆਂ ਦੇ ਵਿਸ਼ਵਾਸ ਡਾਵਾਂ-ਡੋਲ ਸਨ। ਉਹ ਮੁਹੰਮਦ (ਸ.) ਉਪਰ ਘੱਟ ਯਕੀਨ ਕਰਦੇ ਸਨ ਪਰ ਉਹ ਯਕੀਨ ਨਾ ਵੀ ਕਰਨ ਤਾਂ ਵੀ ਹਕੀਕਤ ਉਪਰ ਪਰਦਾ ਨਹੀਂ ਪੈਣ ਲੱਗਾ ਕਿ ਮੁਹੰਮਦ (ਸ.) ਅੱਲਾਹ ਦੇ ਰਸੂਲ ਹਨ :

> ਜੇ ਉਹਨਾਂ ਨੂੰ ਕੋਈ ਲਾਭ ਪੁੱਜਦਾ ਹੈ ਤਾਂ ਆਖਦੇ ਹਨ ਕਿ ਇਹ ਅੱਲਾਹ ਵੱਲੋਂ ਹੈ ਅਤੇ ਜੇ ਕੁਝ ਹਾਣ ਪੁੱਜਦਾ ਹੈ ਤਾਂ ਆਖਦੇ ਹਨ ਕਿ ਨਬੀ! ਇਹ ਤੁਹਾਡੇ ਕਾਰਨ ਹੈ। ਆਖੋ ਕਿ ਸਭੇ ਕੁੱਝ ਅੱਲਾਹ ਵੱਲੋਂ ਹੈ। ਆਖ਼ਰ ਇਹਨਾਂ ਨੂੰ ਕੀ ਹੋ ਗਿਆ ਹੈ ਕਿ ਕੋਈ ਗੱਲ ਇਹਨਾਂ ਦੇ ਪੱਲੇ ਹੀ ਨਹੀਂ ਪੈਂਦੀ। ਹੇ ਮਨੁੱਖ! ਤੈਨੂੰ ਜਿਹੜੀ ਭਲਾਈ ਵੀ ਪ੍ਰਾਪਤ ਹੁੰਦੀ ਹੈ ਅੱਲਾਹ ਦੀ ਕਿਰਪਾ ਨਾਲ ਹੁੰਦੀ ਹੈ ਅਤੇ ਜਿਹੜੀ ਔਕੜ ਤੇਰੇ ਉਤੇ ਆਉਂਦੀ ਹੈ, ਉਹ ਤੇਰੀਆਂ ਆਪਣੀਆਂ ਕਰਨੀਆਂ ਸਦਕਾ ਹੈ। ਹੇ ਮੁਹੱਮਦ (ਸ.)! ਅਸਾਂ ਤੁਹਾਨੂੰ ਲੋਕਾਂ ਲਈ ਰਸੂਲ ਬਣਾ ਕੇ ਘੱਲਿਆ ਹੈ ਅਤੇ ਇਸ ਉਤੇ ਰੱਬ ਦੀ ਗਵਾਹੀ ਕਾਫ਼ੀ ਹੈ। ਜਿਸ ਨੇ ਰਸੂਲ ਦੀ ਆਗਿਆ ਮੰਨੀ ਉਹਨੇ ਅਸਲ ਵਿੱਚ ਰੱਬ ਦੀ ਆਗਿਆ ਦਾ ਪਾਲਣ ਕੀਤਾ ਅਤੇ ਜਿਹੜਾ ਮੁੱਖ ਮੋੜ ਗਿਆ ਤਾਂ ਅਸੀਂ ਤੁਹਾਨੂੰ ਅਜਿਹੇ ਲੋਕਾਂ ਉਤੇ ਪਹਿਰੇਦਾਰ ਬਣਾ ਕੇ ਤਾਂ ਨਹੀਂ ਘੱਲਿਆ ਹੈ।[141]

ਮੌਲਾਨਾ ਅਬੁਲ ਕਲਾਮ ਆਜ਼ਾਦ ਦੱਸਦੇ ਹਨ ਕਿ ਕੁਰਆਨ ਅਤੇ ਯਿਸੂ ਦੀਆਂ ਸਿੱਖਿਆਵਾਂ ਵਿਚ ਕੋਈ ਅੰਤਰ ਨਹੀਂ ਹੈ। ਦੋਹਾਂ ਵਿਚਲੇ ਹੁਕਮ ਇਕੋ ਜਿਹੇ ਹਨ। ਕਹਿਣ ਦਾ ਅਤੇ ਉਚਾਰਣ ਕਰਨ ਦਾ ਢੰਗ ਅਲਹਿਦਾ ਹੈ।[142] ਕੁਰਆਨ ਤੋਂ ਇਸ ਗੱਲ ਦਾ ਖੁਲਾਸਾ ਹੁੰਦਾ ਹੈ ਕਿ ਪੈਗ਼ੰਬਰ ਦਾ ਕੰਮ ਰੱਬ ਦਾ ਸੁਨੇਹਾ ਲੋਕਾਈ ਤੱਕ ਪਹੁੰਚਾਉਣਾ ਹੁੰਦਾ ਹੈ। ਲੋਕਾਂ ਨੂੰ ਦੁਨਿਆਵੀ ਧਨ ਪਦਾਰਥਾਂ ਰਾਹੀ ਲੁਭਾਉਣਾ ਨਹੀਂ ਹੁੰਦਾ:

> ਹੇ ਨਬੀ! ਇਹਨਾਂ ਨੂੰ ਆਖੋ, "ਮੈਂ ਤੁਹਾਨੂੰ ਇਹ ਨਹੀਂ ਕਹਿੰਦਾ ਕਿ ਮੇਰੇ ਕੋਲ ਅੱਲਾਹ ਦੇ ਖ਼ਜ਼ਾਨੇ ਹਨ, ਨਾ ਮੈਂ ਗ਼ੈਬ ਦਾ ਗਿਆਨ ਰੱਖਦਾ ਹਾਂ ਅਤੇ ਨਾ ਇਹ ਆਖਦਾ ਹਾਂ ਕਿ ਮੈਂ ਫ਼ਰਿਸ਼ਤਾ ਹਾਂ। ਮੈਂ ਤਾਂ ਕੇਵਲ ਉਸ ਵਹੀ ਦੀ ਪਾਲਣਾ ਕਰਦਾ ਹਾਂ ਜਿਹੜੀ ਮੇਰੇ ਉਤੇ ਉਤਾਰੀ ਜਾਂਦੀ ਹੈ।"[143]

ਅਤੇ

> ਹੇ ਨਬੀ ! ਇਹਨਾਂ ਨੂੰ ਆਖੋ ਕਿ ,"ਤੁਸੀਂ ਲੋਕ ਅੱਲਾਹ ਤੋਂ ਛੁੱਟ ਜਿੰਨ੍ਹਾਂ ਹੋਰਨਾਂ ਨੂੰ ਸੱਦਦੇ ਹੋ ਉਹਨਾਂ ਦੀ ਬੰਦਗੀ ਕਰਨੋਂ ਮੈਨੂੰ ਵਰਜ ਦਿੱਤਾ ਗਿਆ ਹੈ।" ਆਖੋ," ਮੈਂ ਤੁਹਾਡੀਆਂ ਕਾਮਨਾਵਾਂ ਦੀ ਪਾਲਣਾ ਨਹੀਂ ਕਰਾਂਗਾ, ਜੇ ਮੈਂ ਅਜਿਹਾ ਕੀਤਾ ਤਾਂ ਕੁਰਾਹੇ ਪੈ ਗਿਆ ਤੇ ਸਿੱਧੇ ਰਾਹ ਟੁਰਨ ਵਾਲਿਆਂ ਵਿੱਚੋਂ ਨਾ ਰਿਹਾ।"[144]

ਸਾਰੇ ਪੈਗ਼ੰਬਰ ਇਕ ਕੜੀ ਦਾ ਹਿੱਸਾ ਹਨ। ਸਾਰੇ ਹੀ ਅੱਲਾਹ ਦੀ ਬੰਦਗੀ ਦਾ ਪੈਗ਼ਾਮ ਦਿੰਦੇ ਹਨ। ਇਸ ਲਈ ਇਕ ਪੈਗ਼ੰਬਰ ਦੂਜੇ ਪੈਗ਼ੰਬਰਾਂ ਦਾ ਵੀ ਸਤਿਕਾਰ ਕਰਦਾ ਹੈ। ਉਹ ਸ਼ੱਕ ਨਹੀਂ ਕਰਦਾ:

> ਯਾਦ ਕਰੋ ਅੱਲਾਹ ਨੇ ਪੈਗ਼ੰਬਰਾਂ ਤੋਂ ਪ੍ਰਣ ਲਿਆ ਸੀ ਕਿ ਅੱਜ ਮੈਂ ਤੁਹਾਨੂੰ ਕਿਤਾਬ ਅਤੇ ਡੂੰਘੀ ਸੂਝ-ਬੂਝ ਨਾਲ ਨਿਵਾਜਿਆ ਹੈ, ਕੱਲ੍ਹ ਨੂੰ ਜੇ ਕੋਈ ਦੂਜਾ ਰਸੂਲ ਤੁਹਾਡੇ ਕੋਲ ਉਸੇ ਸਿਖਿਆ ਦੀ ਤਸਦੀਕ ਕਰਦਾ ਹੋਇਆ ਆਵੇ ਜਿਹੜੀ ਪਹਿਲੋਂ ਹੀ ਤੁਹਾਡੇ ਕੋਲ ਮੌਜੂਦ ਹੈ, ਤਾਂ ਤੁਹਾਨੂੰ ਉਸ ਉੱਤੇ ਈਮਾਨ ਲਿਆਉਣਾ ਹੋਵੇਗਾ ਅਤੇ ਉਸਦੀ ਸਹਾਇਤਾ ਕਰਨੀ ਹੋਵੇਗੀ।[145]

---

141 4: 79 ਤੋਂ 80 ਤਕ.

142 So there is really no difference between the teachings of the Qura'n and the teachings of Christ. The injuctions of both are the same. Only, the style employed in expression and occasion for the utterance varies Christ stressed the need for purification of the heart and did not attempt to lay down a law, for the law of Moses was there, and he did not choose to alter it. The *Tarjuman-al-Qura'n,* vol-II, p-82.

143 6:50.

144 6: 56.

145 3: 81.

ਕੁਰਆਨ ਦਾ ਕਥਨ ਹੈ :

> ਹੇ ਇਮਾਨ ਲਿਆਉਣ ਵਾਲਿਓ! ਈਮਾਨ ਲਿਆਓ ਅੱਲਾਹ ਉਤੇ, ਉਸਦੇ ਰਸੂਲ ਉਤੇ ਅਤੇ ਉਸ ਕਿਤਾਬ ਉਤੇ ਜਿਹੜੀ ਅੱਲਾਹ ਨੇ ਆਪਣੇ ਰਸੂਲ 'ਤੇ ਉਤਾਰੀ ਹੈ ਅਤੇ ਹਰ ਉਸ ਕਿਤਾਬ 'ਤੇ ਜੋ ਇਸਤੋਂ ਪਹਿਲਾਂ ਉਹ ਉਤਾਰ ਚੁੱਕਾ ਹੈ। ਜਿਸਨੇ ਅੱਲਾਹ, ਉਹਦੇ ਫ਼ਰਿਸ਼ਤਿਆਂ, ਉਸਦੀਆਂ ਕਿਤਾਬਾਂ, ਉਸਦੇ ਰਸੂਲਾਂ ਅਤੇ ਆਖ਼ਰਤ ਦੇ ਦਿਹਾੜੇ ਦਾ ਇਨਕਾਰ ਕੀਤਾ ਉਹ ਗੁੰਮਰਾਹੀ ਵਿੱਚ ਭਟਕ ਕੇ ਬਹੁਤ ਦੂਰ ਨਿਕਲ ਗਿਆ। ਰਹਿ ਗਏ ਉਹ ਲੋਕ ਜਿਹਨਾਂ ਮੰਨਿਆਂ, ਫੇਰ ਇਨਕਾਰ ਕੀਤਾ, ਫੇਰ ਮੰਨਿਆ, ਫੇਰ ਇਨਕਾਰ ਕੀਤਾ, ਫੇਰ ਆਪਣੇ ਇਨਕਾਰ ਵਿੱਚ ਵਧਦੇ ਹੀ ਚਲੇ ਗਏ, ਤਾਂ ਅੱਲਾਹ ਕਦੇ ਵੀ ਉਹਨਾਂ ਨੂੰ ਮਾਫ਼ ਨਹੀਂ ਕਰੇਗਾ ਅਤੇ ਨਾ ਹੀ ਕਦੇ ਉਹਨਾਂ ਨੂੰ ਸਿੱਧਾ ਰਾਹ ਦਿਖਾਵੇਗਾ। ਅਤੇ ਜਿਹੜੇ ਮੁਨਾਫ਼ਕ ਈਮਾਨ ਵਾਲਿਆਂ ਨੂੰ ਛੱਡ ਕੇ ਕਾਫ਼ਿਰਾਂ ਨੂੰ ਆਪਣਾ ਸਾਥੀ ਬਣਾਉਂਦੇ ਹਨ ਉਹਨਾਂ ਨੂੰ ਇਹ ਖ਼ੁਸ਼ਖ਼ਬਰੀ ਸੁਣਾ ਦਿਓ ਕਿ ਉਹਨਾਂ ਲਈ ਦੁਖਦਾਈ ਸਜ਼ਾ ਤਿਆਰ ਹੈ। ਕੀ ਇਹ ਲੋਕ ਸਨਮਾਨ ਦੀ ਭਾਲ ਵਿਚ ਉਹਨਾਂ ਕੋਲ ਜਾਂਦੇ ਹਨ? ਜਦੋਂ ਕਿ ਸਨਮਾਨ ਤਾਂ ਸਾਰੇ ਦਾ ਸਾਰਾ ਅੱਲਾਹ ਲਈ ਹੀ ਹੈ। ਅੱਲਾਹ ਇਸ ਕਿਤਾਬ ਵਿਚ ਤੁਹਾਨੂੰ ਪਹਿਲਾਂ ਹੀ ਹੁਕਮ ਦੇ ਚੁੱਕਾ ਹੈ ਕਿ ਜਿਥੇ ਤੁਸੀਂ ਸੁਣੋ ਕਿ ਅੱਲਾਹ ਦੀਆਂ ਆਇਤਾਂ ਦੇ ਵਿਰੁੱਧ ਕੁਫ਼ਰ ਬਕਿਆ ਜਾ ਰਿਹਾ ਹੈ ਅਤੇ ਉਹਨਾਂ ਦਾ ਮਖੌਲ ਉਡਾਇਆ ਜਾ ਰਿਹਾ ਹੈ, ਉਥੇ ਨਾ ਬੈਠੋ ਜਦੋਂ ਤੀਕ ਕਿ ਲੋਕ ਕਿਸੇ ਦੂਜੀ ਗੱਲ ਵਿਚ ਨਾ ਲੱਗ ਜਾਣ। ਹੁਣ ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਸੀਂ ਵੀ ਉਹਨਾਂ ਵਰਗੇ ਹੀ ਹੋ। ਵਿਸ਼ਵਾਸ ਕਰੋ ਕਿ ਅੱਲਾਹ ਮੁਨਾਫ਼ਕਾਂ ਤੇ ਕਾਫ਼ਰਾਂ ਨੂੰ ਨਰਕ ਵਿਚ ਇਕੋ ਥਾਂ ਇਕੱਠਿਆਂ ਕਰਨ ਵਾਲਾ ਹੈ। ਇਹ ਮੁਨਾਫ਼ਕ ਤੁਹਾਡੇ ਮਾਮਲੇ ਵਿੱਚ ਉਡੀਕ ਕਰ ਰਹੇ ਹਨ (ਕਿ ਊਠ ਕਿਸ ਕੋਲ ਬਹਿੰਦਾ ਹੈ) ਜੇ ਅੱਲਾਹ ਵੱਲੋਂ ਜਿੱਤ ਤੁਹਾਡੀ ਹੋਈ ਤਾਂ ਆ ਕੇ ਆਖਣਗੇ ਕਿ ਕੀ ਅਸੀਂ ਤੁਹਾਡੇ ਨਾਲ ਨਹੀਂ ਸਾਂ? ਜੇ ਕਾਫ਼ਿਰਾਂ ਦਾ ਪੱਲਾ ਭਾਰੀ ਰਿਹਾ ਤਾਂ ਉਹਨਾਂ ਨੂੰ ਆਖਣਗੇ ਕਿ ਕੀ ਅਸੀਂ ਤੁਹਾਡੇ ਵਿਰੁੱਧ ਲੜਨ ਦੀ ਸਮਰੱਥਾ ਨਹੀਂ ਰੱਖਦੇ ਸਾਂ ਅਤੇ ਫੇਰ ਵੀ ਅਸਾਂ ਤੁਹਾਨੂੰ ਮੁਸਲਮਾਨਾਂ ਕੋਲੋਂ ਬਚਾਇਆ? ਬੱਸ ਅੱਲਾਹ ਹੀ ਤੁਹਾਡੇ ਅਤੇ ਉਹਨਾਂ ਦੇ ਮਾਮਲੇ ਦਾ ਫ਼ੈਸਲਾ ਕਿਆਮਤ ਵਾਲੇ ਦਿਨ ਕਰੇਗਾ ਅਤੇ (ਇਸ ਫ਼ੈਸਲੇ ਵਿੱਚ) ਅੱਲਾਹ ਨੇ ਕਾਫ਼ਿਰਾਂ ਲਈ ਮੁਸਲਮਾਨਾਂ ਉਤੇ ਗ਼ਾਲਬ ਆਉਣ ਦਾ ਉੱਕਾ ਹੀ ਕੋਈ ਰਾਹ ਨਹੀਂ ਛੱਡਿਆ।[146]

ਕਈ ਵਾਰ ਲੋਕ ਪੈਗ਼ੰਬਰ ਨੂੰ ਹੀ ਰੱਬ ਬਣਾ ਲੈਂਦੇ ਹਨ ਜਿਸ ਸਦਕਾ ਪੈਗ਼ੰਬਰ ਰੱਬ ਦਾ ਸ਼ਰੀਕ ਬਣ ਜਾਂਦਾ ਹੈ। ਮੌਲਾਨਾ ਅਬੁਲ ਕਲਾਮ ਆਜ਼ਾਦ ਲਿਖਦੇ ਹਨ :

> ਪੈਗ਼ੰਬਰ ਦੀ ਹੱਦ ਹੁੰਦੀ ਹੈ। ਭਾਵ ਇਹ ਕਿ ਪੈਗ਼ੰਬਰ ਰੱਬ ਦਾ ਸੁਨੇਹਾ ਦੇਣ ਵਾਲਾ ਹੁੰਦਾ ਹੈ ਜਦੋਂ ਲੋਕਾਈ ਇਸ ਹੱਦ ਨੂੰ ਪਾਰ ਕਰ ਜਾਂਦੀ ਹੈ ਤਾਂ ਅਨੇਕ ਅੰਧ ਵਿਸ਼ਵਾਸ ਧਰਮ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਸਿੱਟਾ ਇਹ ਨਿਕਲਦਾ ਹੈ ਕਿ ਧਰਮ ਦੇ ਬਾਨੀ ਨੂੰ ਜਾਂ ਕਿਸੇ ਦਰਸ਼ਨ ਦੇ ਰਚੈਤਾ ਨੂੰ ਕਈ ਵਾਰ ਅਵਤਾਰ, ਕਈ ਵਾਰ ਰੱਬ ਦਾ ਪੁੱਤਰ ਅਤੇ ਕਈ ਵਾਰ ਰੱਬ ਦਾ ਭਾਈਵਾਲ ਬਣਾ ਲੈਂਦੇ ਹਨ।[147]

ਅੱਗੇ ਕੁਝ ਨਮੂਨੇ ਵਜੋਂ ਆਇਤਾਂ ਦਿੱਤੀਆਂ ਜਾ ਰਹੀਆਂ ਹਨ:

> ਯਹੂਦੀ ਆਖਦੇ ਹਨ, "ਯਹੂਦੀ ਬਣ ਜਾਓ ਤਾਂ ਸਿੱਧਾ ਰਾਹ ਮਿਲੇਗਾ। ਈਸਾਈ ਆਖਦੇ ਹਨ, "ਈਸਾਈ ਬਣ ਜਾਓ ਤਾਂ ਹਦਾਇਤ ਮਿਲੇਗੀ।" ਇਨ੍ਹਾਂ ਨੂੰ ਆਖੋ, "ਨਹੀਂ, ਸਗੋਂ ਸਭ ਨੂੰ ਛੱਡ ਕੇ ਇਬਰਾਹੀਮ ਦਾ ਰਸਤਾ (ਅਪਣਾਓ) ਅਤੇ ਇਬਰਾਹੀਮ ਮੁਸ਼ਰਿਕਾਂ ਵਿੱਚੋ ਨਹੀਂ ਸੀ।" ਮੁਸਲਮਾਨੋ! ਆਖੋ ਕਿ "ਅਸੀਂ ਅੱਲਾਹ ਤੇ ਉਸ ਹਦਾਇਤ ਉੱਤੇ ਈਮਾਨ ਲਿਆਏ ਜਿਹੜੀ ਸਾਡੇ ਵੱਲ ਉਤਾਰੀ ਗਈ ਹੈ ਅਤੇ ਜਿਹੜੀ ਇਬਰਾਹੀਮ, ਇਸਮਾਈਲ, ਇਸਹਾਕ, ਯਾਕੂਬ ਅਤੇ ਯਾਕੂਬ ਦੀ ਸੰਤਾਨ ਵੱਲ ਭੇਜੀ ਗਈ ਸੀ ਅਤੇ ਜੋ ਮੂਸਾ, ਈਸਾ ਅਤੇ ਦੂਜੇ ਸਭਨਾਂ ਪੈਗ਼ੰਬਰਾਂ ਨੂੰ ਉਨ੍ਹਾਂ ਦੇ ਰੱਬ ਵੱਲੋਂ ਦਿੱਤੀ ਗਈ ਸੀ। ਅਸੀਂ ਉਨ੍ਹਾਂ ਵਿਚਕਾਰ ਕੋਈ ਭੇਦ ਭਾਵ ਨਹੀਂ ਵਰਤਦੇ ਅਤੇ ਅਸੀਂ ਅੱਲਾਹ ਦੇ ਆਗਿਆਕਾਰ ਹਾਂ।"[148]

ਪੈਗ਼ੰਬਰਾਂ 'ਤੇ ਈਮਾਨ ਲਿਆਉਣ ਦਾ ਮੰਤਵ ਇਹ ਹੈ ਕਿ ਸਾਨੂੰ ਪਤਾ ਹੋਵੇ ਕਿ ਅੱਲਾਹ ਦੇ ਰਾਹ 'ਤੇ ਕਿਵੇਂ ਤੁਰਨਾ ਹੈ। ਉਹ ਆਪਣੇ ਜੀਵਨ ਰਾਹੀਂ ਸਾਨੂੰ ਦੱਸਕੇ ਜਾਂਦੇ ਹਨ ਕਿ ਬੰਦਗੀ ਕਿਵੇਂ ਕਰਨੀ ਹੈ।

---

146 4: 136 ਤੋਂ 141.

147 The Result was that the Founder of religion on of a school of philosophy was hailed sometimes as an Avtat, sometimes as the Son of God and sometimes as partner of God and where this was not possible, he was at any rate, offered the honour devotion ussally offered to God. *The Tarjuman-al-Qura'n,* Vol-1, p-137.

148 2:285.

ਰੱਬ ਨੇ ਪੈਗ਼ੰਬਰਾਂ ਨੂੰ ਲੋਕਾਈ ਨਾਲ ਗੱਲਬਾਤ ਕਰਨ ਲਈ ਇੱਕ ਮਾਧਿਅਮ ਬਣਾਇਆ ਹੈ। ਉਹ ਲੋਕਾਈ ਤੱਕ ਆਪਣੀਆਂ ਗੱਲਾਂ ਪੈਗ਼ੰਬਰਾਂ ਰਾਹੀਂ ਭੇਜਦਾ ਹੈ। ਪੈਗ਼ੰਬਰ ਲੋਕਾਂ ਨੂੰ ਭੈੜੇ ਅਜ਼ਾਬ ਤੋਂ ਬਚਾਉਣ ਲਈ ਵਾਸਤੇ ਪਾਉਂਦੇ ਹਨ। ਉਹ ਕੋਈ ਮਨਘੜਤ ਗੱਲ ਨਹੀਂ ਆਖਦੇ।

### 5. ਆਖ਼ਰਤ 'ਤੇ ਈਮਾਨ

ਕੁਰਆਨ ਮਜੀਦ ਵਿਚ ਅਨੇਕ ਦਿਨਾਂ ਦਾ ਜ਼ਿਕਰ ਹੈ ਜਿਵੇਂ ਦੋ ਦਿਨਾਂ ਦਾ, ਚਾਰ ਦਿਨਾਂ ਦਾ, ਛੇ ਦਿਨਾਂ ਦਾ ਅਤੇ ਆਖ਼ਰਤ ਦਾ। ਹੇਠ ਲਿਖੀਆਂ ਆਇਤਾਂ ਰਾਹੀਂ ਦਿਨਾਂ ਦੀ ਪੁਸ਼ਟੀ ਹੁੰਦੀ ਹੈ:

### ਦੋ ਦਿਨਾਂ ਅਤੇ ਚਾਰ ਦਿਨਾਂ ਬਾਰੇ

> ਹੇ ਨਬੀ! ਇਹਨਾਂ ਨੂੰ ਆਖੋ, ਕੀ ਤੁਸੀਂ ਉਸ ਪ੍ਰਭੂ ਪ੍ਰਤੀ ਇਨਕਾਰ ਦੀ ਨੀਤੀ ਅਪਣਾਉਂਦੇ ਹੋ ਅਤੇ ਹੋਰਨਾਂ ਨੂੰ ਉਸਦੇ ਬਰਾਬਰ ਠਹਿਰਾਉਂਦੇ ਹੋ ਜਿਸਨੇ ਦੋ ਦਿਨਾਂ ਵਿਚ ਧਰਤੀ ਦੀ ਰਚਨਾ ਰਚ ਦਿੱਤੀ, ਉਹੀਓ ਤਾਂ ਸਾਰੇ ਸੰਸਾਰ ਵਾਲਿਆਂ ਦਾ ਰੱਬ ਹੈ। ਉਸਨੇ ਧਰਤੀ ਨੂੰ ਹੋਂਦ ਵਿਚ ਲਿਆਉਣ ਮਗਰੋਂ, ਉਤੋਂ ਉਸ 'ਤੇ ਪਹਾੜ ਜਮਾਂ ਦਿੱਤਾ, ਉਸ ਵਿਚ ਬਰਕਤਾਂ ਪਾਈਆਂ ਅਤੇ ਉਸਦੇ ਅੰਦਰ ਸਾਰੇ ਮੰਗ ਕਰਨ ਵਾਲਿਆਂ ਲਈ ਹਰੇਕ ਮੰਗ ਤੇ ਲੋੜ ਅਨੁਸਾਰ ਠੀਕ ਅੰਦਾਜ਼ੇ ਸਿਰ ਖਾਧ-ਖੁਰਾਕ ਦਾ ਸਮਾਨ ਲੁਟਾਇਆ। ਇਹ ਸਾਰੇ ਕੰਮ ਚਹੁੰ ਦਿਨਾਂ ਵਿਚ ਹੋ ਗਏ।[149]

### ਛੇ ਦਿਨਾਂ ਬਾਰੇ

> ਅਸਲ ਵਿਚ ਤੁਹਾਡਾ ਅੱਲਾਹ ਹੀ ਹੈ ਜਿਸਨੇ ਆਕਾਸ਼ਾਂ ਅਤੇ ਧਰਤੀ ਨੂੰ ਛੇ ਦਿਨਾਂ ਵਿਚ ਸਾਜਿਆ ਫੇਰ ਆਪਣੇ ਰਾਜ ਸਿੰਘਾਸਣ ਤੇ ਵਿਰਾਜਮਾਨ ਹੋਇਆ।[150]
> ਹਕੀਕਤ ਇਹ ਹੈ ਕਿ ਤੁਹਾਡਾ ਰੱਬ ਉਹੀ ਅੱਲਾਹ ਹੈ ਜਿਸਨੇ ਅਕਾਸ਼ਾਂ ਤੇ ਧਰਤੀ ਨੂੰ ਛੇ ਦਿਨਾਂ ਵਿਚ ਸਾਜਿਆ ਫੇਰ ਰਾਜ ਸਿੰਘਾਸਣ ਤੇ ਵਿਰਾਜਮਾਨ ਹੋ ਕੇ ਸਰਿਸ਼ਟੀ ਦਾ ਪ੍ਰਬੰਧ ਕਰ ਰਿਹਾ ਹੈ।[151]

ਉਪਰੋਕਤ ਦੋ ਦਿਨ, ਚਾਰ ਦਿਨ ਅਤੇ ਛੇ ਦਿਨ ਦਾ ਵਿਚਾਰ ਸ੍ਰਿਸ਼ਟੀ ਸਾਜਨਾ ਨਾਲ ਸਬੰਧਿਤ ਹੈ ਇਨ੍ਹਾਂ ਦਿਨਾਂ ਤੋਂ ਬਾਅਦ ਆਖ਼ਰਤ ਦੇ ਦਿਨ ਦਾ ਜ਼ਿਕਰ ਆਉਂਦਾ ਹੈ। ਆਖ਼ਰਤ ਦੇ ਦਿਨ ਨੂੰ ਫੈਸਲੇ ਦਾ ਦਿਨ, ਕਿਆਮਤ ਦੀ ਘੜੀ ਵੀ ਕਿਹਾ ਜਾਂਦਾ ਹੈ। ਸੂਰਾ ਅਲ-ਫ਼ਾਤਿਹਾ ਵਿਚ ਰੱਬ ਨੂੰ ਫੈਸਲੇ ਦੇ ਦਿਨ ਦਾ ਮਾਲਕ ਕਿਹਾ ਹੈ। ਮਨੁੱਖ ਦੀ ਜ਼ਿੰਦਗੀ ਮਰਨ ਨਾਲ ਖ਼ਤਮ ਨਹੀਂ ਹੁੰਦੀ। ਉਸਦੇ ਚੰਗੇ ਅਤੇ ਮਾੜੇ ਦਿਨਾਂ ਦਾ ਫੈਸਲਾ ਆਖ਼ਰਤ ਵਾਲੇ ਦਿਨ ਹੀ ਹੁੰਦਾ ਹੈ। ਅਬੁਲ ਕਲਾਮ ਆਜ਼ਾਦ ਇਸ ਦਿਨ ਬਾਰੇ ਲਿਖਦੇ ਹਨ:

> ਚੰਗੇ ਕੰਮ ਦਾ ਚੰਗਾ ਨਤੀਜਾ ਹੈ ਅਤੇ ਇਨਾਮ ਹੈ। ਇਸੇ ਤਰ੍ਹਾਂ ਬੁਰੇ ਕੰਮ ਦਾ ਬੁਰਾ ਨਤੀਜਾ ਹੈ ਅਤੇ ਉਹ ਸਜ਼ਾ ਹੈ। ਇਕ ਸਵਰਗ ਵਿਚ ਸਥਾਨ ਪ੍ਰਾਪਤ ਕਰਨਗੇ ਅਤੇ ਬਾਕੀ ਨਰਕ ਵਿਚ। ਸਵਰਗਾਂ ਦੇ ਸੁੱਖ ਉਨ੍ਹਾਂ ਲਈ ਹਨ ਜਿਨ੍ਹਾਂ ਚੰਗਾ ਕੀਤਾ ਅਤੇ ਨਰਕਾਂ ਦੇ ਦੁੱਖ ਉਨ੍ਹਾਂ ਲਈ ਹਨ ਜਿਨ੍ਹਾਂ ਨੇ ਬੁਰਾ ਕੀਤਾ।[152]

ਕੁਰਆਨ ਦਾ ਕਥਨ ਹੈ:

> ਨਰਕਧਾਰੀ ਤੇ ਸਵਰਗ ਗਾਮੀ ਕਦੇ ਇਕ ਬਰਾਬਰ ਨਹੀਂ ਹੋ ਸਕਦੇ। ਸਵਰਗ ਵਿਚ ਜਾਣ ਵਾਲੇ ਹੀ ਅਸਲ ਵਿਚ ਕਾਮਯਾਬ ਹਨ।[153]

---

149 41:9:10.

150 7:54.

151 10:3.

152 The result of a good action is good and that is reward. Similarly the result of an evil action is evil and that is punishment. The One is designated heaven and the other hell. The comforts of heaven are for those who do good whereas the trials of hell are for those who do evil. *The Tarjuman-al-Qura'n,* vol-II, p-90.

ਆਖ਼ਰਤ ਦੇ ਦਿਹਾੜੇ ਤੇ ਈਮਾਨ ਲਿਆਉਣ ਦਾ ਅਰਥ ਤਾਂ ਇਹ ਹੀ ਹੈ ਕਿ ਮਨੁੱਖ ਸਮਝੇ ਕਿ ਉਸਦੀ ਜ਼ਿੰਦਗੀ ਬੇਲਗਾਮ ਨਹੀਂ ਹੈ। ਮਨੁੱਖ ਦਾ ਹਰ ਕਰਮ ਕੁਝ ਨਾ ਕੁਝ ਪੈਦਾ ਜ਼ਰੂਰ ਕਰਦਾ ਹੈ। ਮਨੁੱਖ ਜੇ ਇਕ ਬੋਲ ਵੀ ਜ਼ੁਬਾਨ ਤੋਂ ਕੱਢਦਾ ਹੈ ਤਾਂ ਉਹ ਵੀ ਅਜ਼ਾਈ ਨਹੀਂ ਜਾਂਦਾ। ਕੁਰਆਨ ਨੇ ਹਰ ਕੰਮ ਚਾਹੇ ਉਹ ਚੰਗਾ ਹੈ ਜਾਂ ਬੁਰਾ, ਉਸਨੂੰ ਕਸਬ ਕਿਹਾ ਹੈ।[154] ਆਖ਼ਰਤ ਨੂੰ 'ਪਰਲੋ' ਵੀ ਆਖਦੇ ਹਨ। ਮੌਲਾਨਾ ਜਲੀਲ ਅਹਿਸਨ ਨਦਵੀ ਦੱਸਦੇ ਹਨ:

> ਪਰਲੋ ਉਤੇ ਸ਼ਰਧਾ ਲਿਆਉਣ ਦਾ ਮੰਤਵ ਇਹ ਹੈ ਕਿ ਆਦਮੀ ਇਸ ਅਸਲੀਅਤ ਨੂੰ ਮੰਨੇ ਕਿ ਅਜਿਹਾ ਇਕ ਦਿਨ ਆਉਣ ਵਾਲਾ ਹੈ ਜਦ ਕਿ ਆਦਮੀਆਂ ਦੇ ਜੀਵਨਾਂ ਦੇ ਪੂਰੇ ਰਿਕਾਰਡ ਦੀ ਜਾਂਚ ਪੜਤਾਲ ਹੋਵੇਗੀ। ਉਸ ਸਮੇਂ ਜਿਸ ਆਦਮੀ ਦੇ ਕਰਮ ਚੰਗੇ ਹੋਣਗੇ, ਉਹ ਇਨਾਮ ਪ੍ਰਾਪਤ ਕਰੇਗਾ ਅਤੇ ਜਿਸਦੇ ਮਾੜੇ ਹੋਣਗੇ, ਉਸ ਨੂੰ ਦੰਡ ਮਿਲੇਗਾ। ਦੰਡ ਵੀ ਬੇਹੱਦ ਤੇ ਇਨਾਮ ਵੀ ਬੇਹੱਦ ਹੀ ਹੋਵੇਗਾ।[155]

ਬੁਰੇ ਵਿਅਕਤੀ ਰੱਬ ਦੇ ਨਿਆਂ ਵਿਚ ਵਿਘਨ ਪਾਉਂਦੇ ਹਨ। ਉਹ ਹੈਵਾਨੀਅਤ ਦੀ ਬਿਰਤੀ ਅਖਤਿਆਰ ਕਰ ਲੈਂਦੇ ਹਨ:

> ਕੁਰਆਨ ਨੇ ਅਜਿਹੇ ਅਨੇਕ ਸੰਕੇਤ ਵਰਤੇ ਹਨ ਜੋ ਰੱਬ ਦੀ ਨਿਆਂ ਵਿਵਸਥਾ ਨੂੰ ਖੰਡਿਤ ਕਰਦੇ ਹਨ ਜਿਵੇਂ ਜ਼ੁਲਮ, ਤੁਗਆਨ, ਇਸਰਾਫ਼, ਤਦਬੀਰ, ਇਫਸਾਦ, ਇਤੀਦਾ ਅਤੇ ਉਦਵਾਨ। ਇਨ੍ਹਾਂ ਨੂੰ ਦੇਖੋ ਅਤੇ ਇਹ ਇਕ ਦੂਜੇ ਨਾਲ ਮਿਲਦੇ ਹਨ। ਜ਼ੁਲਮ ਨੂੰ ਅਰਬੀ ਵਿਚ ਪਰਿਭਾਸ਼ਿਤ ਕਰਦਿਆਂ ਕਿਹਾ ਜਾਂਦਾ ਹੈ ਜੋ ਸਹੀ ਰੂਪ ਵਿਚ ਨਾ ਹੋਵੇ ਜਾਂ ਜੋ ਹੁਕਮ ਵਿਚ ਨਾ ਹੋਵੇ। ਇਸ ਕਰਕੇ ਸ਼ਿਰਕ ਜਾਂ ਰੱਬ ਦਾ ਕਿਸੇ ਨੂੰ ਭਾਈਵਾਲ ਸਮਝਣਾ ਜ਼ੁਲਮ ਦੀ ਇੰਤਿਹਾ ਹੈ। ਇਸ ਤਰ੍ਹਾਂ ਜੋ ਚੀਜ਼ ਹੁਕਮ ਵਿਚ ਨਹੀਂ ਹੈ ਉਹ ਸੰਤੁਲਨ ਅਤੇ ਨਿਆਂ ਨੂੰ ਨਕਾਰਦੀ ਹੈ। ਤੁਗਆਨ ਦਾ ਅਰਥ ਵਾਧਾ ਹੈ। ਜਦੋਂ ਦਰਿਆ ਵਿਚ ਹੜ੍ਹ ਆਉਂਦਾ ਹੈ ਤਾਂ ਉਹ ਆਪਣੇ ਕਿਨਾਰਿਆਂ ਤੋਂ ਵਧਕੇ ਵਗਦਾ ਹੈ। ਇਸ ਲਈ ਤੁਗਆਨ ਸ਼ਬਦ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਇਸਰਾਫ਼ (ਫ਼ਾਲਤੂ), ਤਬਦੀਰ (ਕੁਵਰਤੋਂ), ਇਫਸਾਦ (ਹੁਕਮ ਅਦੂਲੀ) ਇਤੀਦਾ ਅਤੇ ਉਦਵਾਨ ਹਨ।[156]

ਕੁਰਆਨ ਵਿਚ ਇਹ ਜ਼ਿਕਰ ਵਾਰ-ਵਾਰ ਕੀਤਾ ਗਿਆ ਹੈ ਕਿ ਹਰ ਕੰਮ ਦਾ ਬਦਲਾ ਜ਼ਰੂਰ ਦਿੱਤਾ ਜਾਵੇਗਾ। ਚੰਗਾ ਕਰਨ ਵਾਲਿਆਂ ਨੂੰ ਇਨਾਮ ਅਤੇ ਬੁਰਾ ਕਰਨ ਵਾਲਿਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ ਜਾਣਗੀਆਂ। ਅੱਲਾਹ ਰਹਿਮ ਨਾਲ ਭਰਪੂਰ ਹੈ ਪਰ ਜੋ ਬੁਰੇ ਰਸਤੇ ਉਪਰ ਬਰਕਰਾਰ ਰਹਿੰਦੇ ਹਨ। ਉਹਨਾਂ ਨੂੰ ਕਰੜੇ ਦੰਡ ਦਿੱਤੇ ਜਾਂਦੇ ਹਨ। ਉਸਦੀ ਹਜ਼ੂਰੀ ਵਿਚ ਪੂਰਾ-ਪੂਰਾ ਨਿਆਂ ਕੀਤਾ ਜਾਵੇਗਾ। ਜਿਸ ਨਾਲ ਵਧੀਕੀ ਹੋਈ ਉਸਦੀ ਪੂਰਤੀ ਕੀਤੀ ਜਾਵੇਗੀ ਅਤੇ ਜਿਸ ਨੇ ਵਧੀਕੀ ਕੀਤੀ ਉਸਨੂੰ ਸਜ਼ਾ ਦਿੱਤੀ ਜਾਵੇਗੀ।

---

153 59:20.

154 For the same reason, the Qura'n calls every action, good or bad as kasab. kasab in Arabic literally means what one earns on the result of one's action. *The Tarjuman-al-Qura'n,* vol-II, p-91

155 *ਰਾਹੇ ਅਮਲ,* ਪੰਨਾ-5.

156 The Qura'n has employed various terms to denote every form of activity that disturbs this principle of Justice or balance. terms such as zulm, Tughan, Israf, Tabdhir, ifsad, Ihida and udwan. Look at these terms and see to what each connotes. what we call zeelmin and Arabic has been defined as that which is not 'in proper form' or not in order. That is why the term shrik or associating anything with God is described as the greatest or zulm, for nothing more improper is possible to concieve of. its obvions that anything which is out of place or not in order is the negation of balance or justice. Similarly the term Tughyan means 'excess' or over and above the proper measure. when the river is in floods, or overflows its banks, or its flow is in excess of the normal the term Tugh yan is used. such a state is opposed to normality or balace or justice. Similary the terms israf ( wastage) , Tabdhir (misuse) and ifsad (disoder, mischeif) fall under this category, as also Ihida and udwan (both meaning going beyod one's bounds) , *Ibid,* p- 95 .

ਉਹ ਸਮਾਂ ਸੱਚ ਦੀ ਅਦਾਲਤ ਦਾ ਹੋਵੇਗਾ। ਇਸ ਦੁਨੀਆ ਵਿਚ ਝੂਠ ਪ੍ਰਧਾਨ ਹੈ। ਜੱਜ, ਵਕੀਲ, ਤੇ ਗਵਾਹ ਖਰੀਦੇ ਜਾਂਦੇ ਹਨ। ਪਰ ਫੈਸਲੇ ਦੇ ਦਿਨ ਅਜਿਹਾ ਕੁਝ ਨਹੀਂ ਹੋਵੇਗਾ ਕਿਉਂਕਿ ਉਸ ਦਿਨ ਦਾ ਮਾਲਕ ਆਪ ਅੱਲਾਹ ਹੋਵੇਗਾ। ਇਸ ਕਰਕੇ ਕੁਰਆਨ ਦੀਆਂ ਅਨੇਕ ਆਇਤਾਂ ਵਿਚ ਨਮਾਜ਼, ਜ਼ਕਾਤ ਅਤੇ ਆਖ਼ਰਤ ਦਾ ਜ਼ਿਕਰ ਨਾਲ-ਨਾਲ ਆਇਆ ਹੈ। ਪਵਿੱਤਰ ਕੁਰਆਨ ਦੀ ਸੂਰਤ ਨੰ. 75 ਪੂਰੀ ਦੀ ਪੂਰੀ ਕਿਆਮਤ ਦੇ ਦਿਹਾੜੇ ਉਪਰ ਹੈ। ਕੁਰਆਨ ਵਿਚ ਅਜਿਹੇ ਲੋਕਾਂ ਦਾ ਵੀ ਜ਼ਿਕਰ ਹੈ ਜੋ ਆਖ਼ਰਤ ਉਪਰ ਸ਼ੰਕਾ ਕਰਦੇ ਹਨ ਕਿ ਕੀ ਪਤਾ ਕਿਆਮਤ ਕਦੋਂ ਆਵੇਗੀ:

> ਉਹ ਤਾਂ ਹਨ ਹੀ ਝੂਠੇ (ਇਸ ਲਈ ਆਪਣੀ ਇਸ ਗੱਲ ਨੂੰ ਜ਼ਾਹਿਰ ਕਰਦਿਆਂ ਹੋਇਆਂ ਵੀ ਝੂਠ ਤੋਂ ਹੀ ਕੰਮ ਲੈਣਗੇ। ਅੱਜ ਇਹ ਲੋਕੀ ਆਖਦੇ ਹਨ ਕਿ ਜੀਵਨ ਜੋ ਕੁਝ ਵੀ ਹੈ ਕੇਵਲ ਇਹੋ ਸਾਡਾ ਸੰਸਾਰਕ ਜੀਵਨ ਹੈ ਅਤੇ ਅਸੀਂ ਮਰਨ ਪਿੱਛੋਂ ਕਦੇ ਵੀ ਮੁੜ ਸੁਰਜੀਤ ਨਹੀਂ ਕੀਤੇ ਜਾਵਾਂਗੇ।[157]

> ਹੁਣ ਜੇ ਤੁਸਾਂ ਅਚਰਜ ਕਰਨਾ ਹੈ ਤਾਂ ਅਚਰਜਯੋਗ ਤਾਂ ਲੋਕਾਂ ਦਾ ਇਹ ਕਥਨ ਹੈ ਕਿ ਜਦੋਂ ਅਸੀਂ ਮਰ ਕੇ ਮਿੱਟੀ ਹੋ ਜਾਵਾਂਗੇ ਤਾਂ ਕੀ ਅਸੀਂ ਨਵੇਂ ਸਿਰਿਓਂ ਸੁਰਜੀਤ ਕੀਤੇ ਜਾਵਾਂਗੇ? ਇਹ ਉਹ ਲੋਕ ਹਨ ਜਿਹਨਾਂ ਆਪਣੇ ਰੱਬ ਨਾਲ ਕੁਫਰ ਦੀ ਨੀਤੀ ਅਪਣਾਈ ਹੈ। ਇਹ ਉਹ ਲੋਕ ਹਨ ਜਿਹਨਾਂ ਦੇ ਗਲਾਂ ਵਿਚ ਪਟੇ ਪਏ ਹੋਏ ਹਨ। ਇਹ ਨਰਕਧਾਰੀ ਹਨ ਅਤੇ ਨਰਕ ਵਿਚ ਹੀ ਸਦਾ ਰਹਿਣਗੇ।[158]

> ਇਹ ਲੋਕ ਅੱਲਾਹ ਦੇ ਨਾਂ ਨਾਲ ਪੱਕੀਆਂ ਸਹੁੰਆਂ ਖਾ ਕੇ ਆਖਦੇ ਹਨ ਕਿ ਅੱਲਾਹ ਕਿਸੇ ਮਰਨ ਵਾਲੇ ਨੂੰ ਮੁੜ ਸੁਰਜੀਤ ਨਹੀਂ ਕਰੇਗਾ।" ਭਲਾ ਕਰੇਗਾ ਕਿਉਂ ਨਹੀਂ? ਇਹ ਤਾਂ ਇਕ ਬਚਨ ਹੈ ਜਿਸਨੂੰ ਨਿਭਾਉਣਾ ਉਸਨੇ ਆਪਣੇ ਜ਼ਿੰਮੇ ਲੈ ਲਿਆ ਹੈ ਪਰ ਵਧੇਰੇ ਲੋਕ ਜਾਣਦੇ ਨਹੀਂ ਹਨ।[159]

ਪਵਿੱਤਰ ਕੁਰਆਨ ਵਿੱਚ ਉਪਰੋਕਤ ਸ਼ੰਕਿਆਂ ਦੇ ਜ਼ਿਕਰ ਵੀ ਹਨ ਅਤੇ ਨਾਲ-ਨਾਲ ਸ਼ੰਕੇ ਨਿਵਾਰਨ ਵੀ ਕੀਤੇ ਗਏ ਹਨ ਕਿ ਰੱਬ ਲਈ ਮੁਰਦਿਆਂ ਨੂੰ ਜਿਊਂਦਾ ਕਰਨਾ ਔਖਾ ਕੰਮ ਨਹੀਂ ਹੈ:

> ਇਹ ਬਦਲਾ ਹੈ ਉਹਨਾਂ ਦੀ ਕਰਨੀ ਦਾ ਕਿ ਉਹਨਾਂ ਸਾਡੀਆਂ ਆਇਤਾਂ ਦਾ ਇਨਕਾਰ ਕੀਤਾ ਅਤੇ ਆਖਿਆ, "ਕੀ ਜਦੋਂ ਅਸੀਂ ਹੱਡੀਆਂ ਤੇ ਚੂਰਾ ਹੋ ਕੇ ਰਹਿ ਜਾਵਾਂਗੇ, ਤਾਂ ਨਵੇਂ ਸਿਰਿਓਂ ਸਾਨੂੰ ਸੁਰਜੀਤ ਕਰ ਕੇ ਉਠਾਇਆ ਜਾਵੇਗਾ? ਕੀ ਉਹਨਾਂ ਨੂੰ ਇਹ ਨਹੀਂ ਸੁੱਝਿਆ ਕਿ ਜਿਸ ਅੱਲਾਹ ਨੇ ਧਰਤੀ ਅਤੇ ਅਕਾਸ਼ਾਂ ਨੂੰ ਸਾਜਿਆ ਹੈ, ਉਹ ਇਹਨਾਂ ਜਿਹਿਆਂ ਨੂੰ ਪੈਦਾ ਕਰਨ ਦੀ ਪੂਰੀ ਕੁਦਰਤ ਰੱਖਦਾ ਹੈ? ਉਸਨੇ ਇਹਨਾਂ ਦੇ ਮਰਨ ਪਿਛੋਂ ਉਠਾਏ ਜਾਣ ਦਾ ਇਕ ਸਮਾਂ ਨਿਸ਼ਚਿਤ ਕਰ ਛੱਡਿਆ ਹੈ ਜਿਸਦਾ ਆਉਣਾ ਯਕੀਨੀ ਹੈ ਪਰ ਜ਼ਾਲਮਾਂ ਦੀ ਇਹ ਅੜ ਹੈ ਕਿ ਉਹ ਉਸਦਾ ਇਨਕਾਰ ਹੀ ਕਰਨਗੇ।[160]

ਕਈ ਵਾਰੀ ਮੁਨਾਫ਼ਿਕ ਆਖਦੇ ਹਨ ਕਿ ਆਖ਼ਰਤ ਦਾ ਸਮਾਂ ਕਦੋਂ ਆਵੇਗਾ ਜਾਂ ਇਹ ਆਵੇਗਾ ਵੀ ਕਿ ਐਵੇਂ ਗੱਲਾਂ ਹੀ ਹਨ। ਪਰ ਪਵਿੱਤਰ ਕੁਰਆਨ ਦੱਸਦਾ ਹੈ:

> ਇਹ ਲੋਕ ਤੁਹਾਥੋਂ ਪੁੱਛਦੇ ਹਨ ਕਿ ਅੰਤ ਉਹ ਕਿਆਮਤ ਦੀ ਘੜੀ ਕਦੋਂ ਆਵੇਗੀ। ਆਖੋ: ਉਸਦਾ ਗਿਆਨ ਮੇਰੇ ਰੱਬ ਕੋਲ ਹੀ ਹੈ। ਉਸਨੂੰ ਵੇਲੇ ਸਿਰ ਉਹੀ ਪ੍ਰਗਟ ਕਰੇਗਾ। ਧਰਤੀ ਤੇ ਆਕਾਸ਼ਾਂ ਵਿਚ ਉਹ ਅਤਿਅੰਤ ਕਠਨ ਸਮਾਂ ਹੋਵੇਗਾ।[161]

---

157 6:29.
158 13:5.
159 16:38.
160 17:98-99.
161 7:187

ਧਰਤੀ ਤੇ ਆਕਸ਼ਾਂ ਦੇ ਗੁਪਤ ਤੱਥਾਂ ਦਾ ਗਿਆਨ ਤਾਂ ਅੱਲਾਹ ਨੂੰ ਹੀ ਪ੍ਰਾਪਤ ਹੈ ਅਤੇ ਕਿਆਮਤ ਵਾਪਰਨ ਦੇ ਮਾਮਲੇ ਵਿਚ ਕੇਵਲ ਇਨ੍ਹਾਂ ਹੀ ਚਿਰ ਲੱਗੇਗਾ ਕਿ ਜਿਸ ਵਿਚ ਆਦਮੀ ਵੀ ਅੱਖ ਝਮਕ ਜਾਵੇ, ਸਗੋਂ ਇਸ ਤੋਂ ਕੁਝ ਘੱਟ। ਬੇਸ਼ੱਕ ਅੱਲਾਹ ਨੂੰ ਹਰ ਕੰਮ ਦੀ ਸਮਰਥਾ ਪ੍ਰਾਪਤ ਹੈ।[162]
ਲੋਕ ਤੁਹਾਥੋਂ ਪੁੱਛਦੇ ਹਨ ਕਿ ਕਿਆਮਤ ਦੀ ਘੜੀ ਕਦੋਂ ਆਵੇਗੀ, ਆਖੋ ਕਿ ਇਸਦਾ ਗਿਆਨ ਤਾਂ ਅੱਲਾਹ ਨੂੰ ਹੀ ਹੈ। ਤੁਹਾਨੂੰ ਕੀ ਖ਼ਬਰ, ਸ਼ਾਇਦ ਕਿ ਉਹ ਨੇੜੇ ਹੀ ਆ ਚੁੱਕੀ ਹੋਵੇ।[163]

ਅਲਿਫ਼. ਲਾਮ. ਮੀਮ. ਇਸ ਕਿਤਾਬ ਦਾ ਉਤਾਰਿਆ ਜਾਣਾ ਬੇਸ਼ੱਕ ਸਾਰੇ ਜੱਗ ਦਾ ਪਾਲਣਹਾਰ ਵੱਲੋਂ ਹੈ। ਕੀ ਇਹ ਲੋਕ ਆਖਦੇ ਹਨ ਕਿ ਇਸ ਵਿਅਕਤੀ ਨੇ ਇਸਨੂੰ ਆਪੇ ਘੜ ਲਿਆ ਹੈ? ਨਹੀਂ, ਸਗੋਂ ਇਹ ਸੱਚ ਹੈ ਤੇਰੇ ਰੱਬ ਵੱਲੋਂ ਤਾਂ ਜੋ ਤੂੰ ਸਾਵਧਾਨ ਕਰੇਂ ਇੱਕ ਅਜਿਹੀ ਕੌਮ ਨੂੰ ਜਿਸ ਕੋਲ ਤੈਥੋਂ ਪਹਿਲਾਂ ਕੋਈ ਸਾਵਧਾਨ ਕਰਨ ਵਾਲਾ ਨਹੀਂ ਆਇਆ, ਸ਼ਾਇਦ ਕਿ ਉਹ ਰਾਹੇ ਪੈ ਜਾਣ।[164]

## ਕਿਆਮਤ ਦਾ ਸਮਾਂ

*ਕੁਰਆਨ* ਦੀਆਂ ਅਨੇਕ ਆਇਤਾਂ ਵਿਚ ਇਹ ਤੈਅ ਹੈ ਕਿ ਕਿਆਮਤ ਆਉਣੀ ਹੀ ਆਉਣੀ ਹੈ। ਇਸ ਬਾਰੇ *ਕੁਰਆਨ* ਵਿਚ ਗਿਣਤੀ ਵੀ ਦਿੱਤੀ ਹੈ ਪਰ ਉਹ ਗਿਣਤੀ ਸਾਡੀ ਸਮਾਜਿਕ ਗਿਣਤੀ ਵਰਗੀ ਨਹੀਂ ਹੈ:

ਫ਼ਰਿਸ਼ਤਾ ਅਤੇ ਰੂਹ ਉਸ ਦੇ ਹਜ਼ੂਰ ਇਕ ਅਜਿਹੇ ਦਿਨ ਵਿਚ ਚੜ੍ਹ ਕੇ ਜਾਂਦੇ ਹਨ ਜਿਸ ਦੀ ਮਿਣਤੀ ਪੰਜਾਹ ਹਜ਼ਾਰ ਵਰ੍ਹੇ ਹੈ। ਸੋ ਹੇ ਨਬੀ: ਧੀਰਜ ਤੋਂ ਕੰਮ ਲਓ ਤੇ ਸੋਹਣੇ ਢੰਗ ਨਾਲ ਸਬਰ ਕਰੋ।[165]

ਅਜਿਹਾ ਹੀ ਜ਼ਿਕਰ *ਸੂਰਤ-ਅਲ-ਹੱਜ* ਵਿਚ ਵੀ ਆਇਆ ਹੈ ਕਿ ਰੱਬ ਦੀ ਗਿਣਤੀ ਤੁਹਾਡੀ ਗਿਣਤੀ ਵਰਗੀ ਨਹੀਂ ਹੈ:

ਇਹ ਲੋਕ ਅਜ਼ਾਬ ਲਈ ਬੜੇ ਕਾਹਲੇ ਪਏ ਹੋਏ ਹਨ। ਅੱਲਾਹ ਕਦੇ ਵੀ ਆਪਣੇ ਬਚਨੋਂ ਨਹੀਂ ਫਿਰੇਗਾ ਪਰ ਤੇਰੇ ਰੱਬ ਕੋਲ ਇਕ ਦਿਨ ਤੁਹਾਡੀ ਗਿਣਤੀ ਦੇ ਹਜ਼ਾਰ ਵਰ੍ਹਿਆਂ ਬਰਾਬਰ ਹੋਇਆ ਕਰਦਾ ਹੈ?[166]

ਇਸ ਦਾ ਖੁਲਾਸਾ ਕਰਦਿਆਂ ਅਬੁਲ ਆਲਾ ਮੌਦੂਦੀ ਲਿਖਦੇ ਹਨ:

ਮਨੁੱਖੀ ਇਤਿਹਾਸ ਵਿਚ ਰੱਬ ਦੇ ਫੈਸਲੇ ਤੁਹਾਡੀਆਂ ਘੜੀਆਂ ਤੇ ਜੰਤਰੀਆਂ ਦੇ ਹਿਸਾਬ ਨਾਲ ਨਹੀਂ ਹੁੰਦੇ ਕਿ ਅੱਜ ਕਿਸੇ ਨੇ ਚੰਗਾ ਜਾਂ ਮੰਦਾ ਵਤੀਰਾ ਅਪਣਾਇਆ ਤੇ ਕੱਲ੍ਹ ਉਸ ਦੇ ਚੰਗੇ ਜਾਂ ਮਾੜੇ ਸਿੱਟੇ ਸਾਹਮਣੇ ਆ ਗਏ। ਕਿਸੇ ਕੌਮ ਨੂੰ ਜੇਕਰ ਇਹ ਆਖਿਆ ਜਾਵੇ ਕਿ ਫਲਾਣਾ ਵਤੀਰਾ ਅਪਣਾਉਣ ਨਾਲ ਸਿੱਟਾ ਤੁਹਾਡੀ ਤਬਾਹੀ ਜਾਂ ਸਰਬਨਾਸ਼ ਦੇ ਰੂਪ ਵਿਚ ਨਿਕਲੇਗਾ ਤਾਂ ਉਹ ਬੜੀ ਮੂਰਖ ਹੋਵੇਗੀ ਜੇ ਉਹ ਉੱਤਰ ਵਿਚ ਇਹ ਦਲੀਲ ਦੇਵੇ ਕਿ ਜਨਾਬ! ਇਸ ਵਤੀਰੇ ਨੂੰ ਧਾਰਨ ਕੀਤਿਆਂ ਸਾਨੂੰ ਦਸ, ਵੀਹ ਜਾਂ ਪੰਜਾਹ ਸਾਲ ਹੋ ਚੁੱਕੇ ਹਨ ਹਾਲੇ ਤੱਕ ਤਾਂ ਸਾਡਾ ਕੁਝ, ਵਿਗੜਿਆ ਨਹੀਂ। ਇਤਿਹਾਸਕ ਸਿੱਟਿਆਂ ਲਈ ਦਿਨ, ਮਹੀਨੇ ਅਤੇ ਸਾਲ ਤਾਂ ਇਕ ਪਾਸੇ ਰਹੇ, ਸਦੀਆਂ ਵੀ ਕੋਈ ਵੱਡੀ ਚੀਜ਼ ਨਹੀਂ ਹਨ।[167]

ਇਸ ਤਰ੍ਹਾਂ ਹੀ *ਸੂਰਤ-ਅਲ-ਸਜਦਾ* ਦੀ ਪੰਜਵੀਂ ਆਇਤ ਵਿਚ ਵੀ ਅਜਿਹਾ ਹੀ ਚਿਤਰਣ ਹੈ:

ਉਹ ਅਕਾਸੋਂ ਧਰਤੀ ਤੱਕ ਦੁਨੀਆ ਦੇ ਮਾਮਲਿਆਂ ਦਾ ਸੰਚਾਲਨ ਕਰਦਾ ਹੈ ਅਤੇ ਇਸ ਸੰਚਾਲਨ ਦੀ ਕਾਰਵਾਈ ਉਤਾਂਹ ਉਸਦੇ ਹਜ਼ੂਰ ਜਾਂਦੀ ਹੈ ਇਕ ਅਜਿਹੇ ਦਿਨ ਵਿਚ ਜਿਸ ਦੀ ਮਾਤਰਾ ਤੁਹਾਡੀ ਗਿਣਤੀ ਅਨੁਸਾਰ ਇਕ ਹਜ਼ਾਰ ਵਰ੍ਹੇ ਹੈ।[168]

---

162 16:77.
163 33:63
164 32: 1-3.
165 70:4:5.
166 22:47
167 *ਕੁਰਆਨ ਮਜੀਦ,* ਫੁੱਟ ਨੋਟ ਨੰ-14 ਪੰਨਾ-581
168 32:5

ਕੁਰਆਨ ਵਿਚ ਫੈਸਲੇ ਦੇ ਦਿਨ ਬਾਰੇ ਵੀ ਵਿਸਤ੍ਰਿਤ ਜਾਣਕਾਰੀ ਹੈ। ਉਸ ਦਿਨ ਸੂਰਜ ਅਤੇ ਚੰਨ ਨੂੰ ਮਿਲਾ ਦਿੱਤਾ ਜਾਵੇਗਾ। ਉਹ ਦਿਨ ਬਹੁਤ ਭਿਆਨਕ ਹੋਵੇਗਾ। ਇਸ ਸਮੇਂ ਜੋ ਮਨੁੱਖ ਭਾਵ ਜਦੋਂ ਸਰੀਰ ਵੀ ਠੀਕ ਹੈ ਤੇ ਉਹਨਾਂ ਕੋਲ ਸਮਾਂ ਵੀ ਹੈ। ਨਮਾਜ਼ ਪੜ੍ਹਨ ਤੋਂ ਪਾਸਾ ਵੱਟਦੇ ਹਨ, ਭਲਾ ਕਰਨ ਤੋਂ ਆਕੀ ਹਨ, ਖੁਦਾ ਦੇ ਹੁਕਮ ਨੂੰ ਪ੍ਰਵਾਨ ਨਹੀਂ ਕਰਦੇ, ਕਿਆਮਤ ਜਾਂ ਫੈਸਲੇ ਵਾਲੇ ਦਿਨ, ਉਹ ਸ਼ਰਮਿੰਦੇ ਹੋਣਗੇ:

> ਜਿਸ ਦਿਹਾੜੇ ਔਖਾ ਵੇਲਾ ਆ ਢੁੱਕੇਗਾ ਅਤੇ ਲੋਕਾਂ ਨੂੰ ਸਿਜਦਾ ਕਰਨ ਲਈ ਬੁਲਾਇਆ ਜਾਵੇਗਾ ਤਾਂ ਇਹ ਲੋਕ ਸਿਜਦਾ ਨਹੀਂ ਕਰ ਸਕਣਗੇ। ਇਹਨਾਂ ਦੀਆਂ ਨਜ਼ਰਾਂ ਨੀਵੀਆਂ ਹੋਣਗੀਆਂ ਤੇ ਹੀਣਤ ਇਹਨਾਂ 'ਤੇ ਛਾ ਰਹੀ ਹੋਵੇਗੀ। ਇਹ ਜਦੋਂ ਚੰਗੇ ਭਲੇ ਸਨ ਉਸ ਵੇਲੇ ਇਹਨਾਂ ਨੂੰ ਸਿਜਦੇ ਲਈ ਸੱਦਿਆ ਜਾਂਦਾ ਸੀ। (ਤਾਂ ਇਹ ਇਨਕਾਰ ਕਰਦੇ ਸਨ।[169]

ਉਸ ਦਿਨ ਸੱਚੀ ਪਾਤਸ਼ਾਹੀ ਦਾ ਹੋਵੇਗਾ। ਸਾਰੇ ਪਾਸੇ ਸੱਚ ਹੀ ਸੱਚ ਹੋਵੇਗਾ। ਝੂਠੇ ਕੁਰਲਾ ਉਠਣਗੇ, ਰੋਣਗੇ, ਪਿੱਟਣਗੇ ਪਰ ਉਨ੍ਹਾਂ ਦੀ ਕੋਈ ਪੁਕਾਰ ਨਹੀਂ ਸੁਣੇਗਾ। ਇਸ ਆਇਤ ਤੋਂ ਦੋ ਤਰ੍ਹਾਂ ਦੇ ਚਿੱਤਰ ਸਾਡੀਆਂ ਅੱਖਾਂ ਸਾਹਮਣੇ ਆਉਂਦੇ ਹਨ। ਇਕ ਪਾਸੇ ਖੁਸ਼ੀ ਤੇ ਖੇੜਾ, ਦੂਜੇ ਪਾਸੇ ਮੜ੍ਹੀਆਂ ਵਰਗੀ ਖਾਮੋਸ਼ੀ ਹੋਵੇਗੀ, ਜਿਨ੍ਹਾਂ ਨੇ ਇਸ ਸੰਸਾਰ ਵਿਚ ਜਿਊਂਦਿਆਂ ਹੋਇਆਂ ਅੱਲਾਹ ਦੇ ਹੁਕਮ ਦੀ ਪਾਲਣਾ ਕੀਤੀ, ਗਰੀਬਾਂ ਲੋੜਵੰਦਾਂ ਦੀ ਮਦਦ ਕੀਤੀ, ਕਿਆਮਤ ਵੇਲੇ ਵੀ ਉਨ੍ਹਾਂ ਨੂੰ ਵਡਿਆਇਆ ਗਿਆ ਪਰ ਦੂਜੇ ਪਾਸੇ ਉਹ ਲੋਕ, ਜਿਨ੍ਹਾਂ ਨੇ ਆਪਣਾ ਭਲਾ ਹੀ ਸੋਚਿਆ, ਦੂਜੇ ਦਾ ਬੁਰਾ ਕੀਤਾ, ਅੱਲਾਹ ਦੇ ਹੁਕਮ ਦੀ ਨਾਫ਼ਰਮਾਨੀ ਕੀਤੀ, ਉਹਨਾਂ ਨੂੰ ਸਜ਼ਾਵਾਂ ਮਿਲਣਗੀਆਂ। ਉਹਨਾਂ ਦੀ ਕੂਕ ਪੁਕਾਰ, ਸਿਰਫ਼ ਉਹ ਆਪ ਹੀ ਸੁਣਨਗੇ ਅਤੇ ਇਹ ਮਹਿਸੂਸ ਕਰਨਗੇ ਕਿ ਦੂਜੇ ਦਾ ਦੁੱਖ ਕੀ ਹੁੰਦਾ ਹੈ। ਇਨਾਮਾਂ ਦੇ ਹੱਕਦਾਰ ਉਹ ਹਨ ਜਿਨ੍ਹਾਂ ਨੇ ਦੁਨੀਆ ਵਿਚ ਰਹਿੰਦੇ ਹੋਏ ਦੀਨ (ਧਰਮ) ਕਮਾਇਆ ਪਰ ਜਿਨ੍ਹਾਂ ਨੇ ਨਾ ਤਾਂ ਦੁਨੀਆ ਦਾ ਭਲਾ ਕੀਤਾ ਅਤੇ ਨਾ ਦੀਨ ਲਈ ਕੁਝ ਕੀਤਾ, ਉਹ ਦੰਡ ਦੇ ਹੱਕਦਾਰ ਬਣਨਗੇ। ਉਸ ਦਿਨ ਬਿਨਾਂ ਨੇਕ ਕਰਮਾਂ ਤੋਂ ਕੋਈ ਵੀ ਸਾਡਾ ਸਹਾਇਕ ਨਹੀਂ ਹੋ ਸਕੇਗਾ। ਇਹ ਦਿਨ ਸਾਡੇ ਹਨ, ਅਸੀਂ ਜੋ ਮਰਜ਼ੀ ਕਰੀਏ ਪਰ ਫੈਸਲੇ ਦਾ ਦਿਨ ਸਾਡੇ ਹੱਕ ਵਿਚ ਨਹੀਂ ਹੈ। ਉਸ ਦਿਨ ਅੱਲਾਹ ਆਪ ਫੈਸਲਾ ਕਰੇਗਾ, ਆਪ ਸਜ਼ਾਵਾਂ ਦੇਵੇਗਾ ਅਤੇ ਆਪ ਹੀ ਇਨਾਮ ਦੇਵੇਗਾ। ਇਸ ਤੋਂ ਪਰਮਸੱਤਾ ਦਾ ਨਿਆਂ ਪਸੰਦ ਰੂਪ ਸਾਡੇ ਸਾਹਮਣੇ ਆਉਂਦਾ ਹੈ। ਪਵਿੱਤਰ ਕੁਰਆਨ ਦੇ ਵੱਖੋ-ਵੱਖਰੇ ਅਧਿਆਵਾਂ ਅਤੇ ਆਇਤਾਂ ਵਿਚ ਕਿਆਮਤ ਦੀ ਘੜੀ ਦਾ ਹਾਲ ਬਿਆਨ ਕੀਤਾ ਗਿਆ ਹੈ। ਫੈਸਲੇ ਦੇ ਦਿਨ ਦੇ ਹਾਲ ਬਾਰੇ ਅੱਗੇ ਕੁਰਆਨ ਦੀਆਂ ਕੁਝ ਆਇਤਾਂ ਦਿੱਤੀਆਂ ਜਾ ਰਹੀਆਂ ਹਨ:

> ਜਦੋਂ ਸਾਡੀ ਗੱਲ ਪੂਰੀ ਹੋਣ ਦਾ ਸਮਾਂ ਉਹਨਾਂ 'ਤੇ ਆ ਪੁੱਜੇਗਾ ਤਾਂ ਅਸੀਂ ਉਸ ਲਈ ਇਕ ਜਾਨਵਰ ਧਰਤੀ ਦੇ ਵਿਚੋਂ ਕੱਢਾਂਗੇ ਜਿਹੜਾ ਉਹਨਾਂ ਨਾਲ ਗੱਲਾਂ ਕਰੇਗਾ ਕਿਉਂ ਜੋ ਲੋਕ ਸਾਡੀਆਂ ਆਇਤਾਂ ਉਤੇ ਵਿਸ਼ਵਾਸ ਨਹੀਂ ਕਰਦੇ ਸਨ।[170]

[169] 68:42-43.
[170] 27:82.

ਅਸਲ ਵਿਚ ਇਹ ਜਿਹੜੀ ਚੀਜ਼ ਨੂੰ ਸੱਚ ਸਮਝੀ ਬੈਠੇ ਸਨ। ਉਹ ਇਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਖਤਮ ਹੋਵੇਗੀ। ਅਪਰਾਧੀਆਂ ਦੀਆਂ ਮੁਸ਼ਕਾਂ ਕੱਸੀਆਂ ਹੋਈਆਂ ਹੋਣਗੀਆਂ। ਉਨ੍ਹਾਂ ਨੇ ਲੁਕ ਦੇ ਵਸਤਰ ਪਹਿਨੇ ਹੋਏ ਹੋਣਗੇ:

> ਜਦੋਂ ਸੂਰਜ ਵਲੇਟ ਦਿੱਤਾ ਜਾਵੇਗਾ, ਜਦੋਂ ਤਾਰੇ ਖਿੰਡ-ਪੁੰਡ ਜਾਣਗੇ, ਜਦੋਂ ਪਹਾੜ ਤੋਰੇ ਜਾਣਗੇ, ਜਦੋਂ ਦਸ-ਦਸ ਮਹੀਨਿਆਂ ਦੀਆਂ ਗੱਭਣ ਊਠਣੀਆਂ ਆਪਣੇ ਹਾਲ 'ਤੇ ਛੱਡ ਦਿੱਤੀਆਂ ਜਾਣਗੀਆਂ ਜਦੋਂ ਜੰਗਲੀ ਜਾਨਵਰ ਸਮੇਟ ਕੇ ਇਕੱਠੇ ਕਰ ਦਿੱਤੇ ਜਾਣਗੇ, ਜਦੋਂ ਪ੍ਰਾਣ (ਸਰੀਰਾਂ ਨਾਲ) ਜੋੜ ਦਿੱਤੇ ਜਾਣਗੇ, ਜਦੋਂ ਜਿਉਂਦੀ ਦੱਬ ਦਿੱਤੀ ਕੁੜੀ ਤੋਂ ਪੁਛਿਆ ਜਾਵੇਗਾ ਕਿ ਉਹ ਕਿਸ ਦੋਸ਼ ਵਿਚ ਮਾਰੀ ਗਈ ਸੀ? ਜਦੋਂ ਕਰਮ ਪੱਤਰ ਖੋਲ੍ਹੇ ਜਾਣਗੇ, ਜਦੋਂ ਅਸਮਾਨ ਦਾ ਪੜਦਾ ਹਟਾ ਦਿੱਤਾ ਜਾਵੇਗਾ, ਜਦੋਂ ਨਰਕ ਨੂੰ ਭਖਾਇਆ ਜਾਵੇਗਾ ਅਤੇ ਜਦੋਂ ਸਵਰਗ ਨੂੰ ਨੇੜੇ ਲਿਆਂਦਾ ਜਾਵੇਗਾ, ਉਸ ਵੇਲੇ ਹਰੇਕ ਵਿਅਕਤੀ ਜਾਣ ਲਏਗਾ ਕਿ ਉਹ ਕੀ ਲੈ ਕੇ ਆਇਆ ਹੈ।[171]

ਕਿਆਮਤ ਵਾਲੇ ਦਿਨ ਸੂਰ ਫੂਕੇ ਜਾਣਗੇ:

> ਉਸ ਦਿਨ ਜਦੋਂ ਨਰਸਿੰਗੇ ਵਿਚ ਫੂਕ ਮਾਰੀ ਜਾਵੇਗੀ ਅਤੇ ਅਸੀਂ ਅਪਰਾਧੀਆਂ ਨੂੰ ਇਸ ਹਾਲ ਵਿਚ ਘੇਰ ਲਿਆਂਵਾਗੇ ਕਿ ਉਹਨਾਂ ਦੀਆਂ ਅੱਖਾਂ (ਦਹਿਸ਼ਤ ਕਾਰਨ) ਪਥਰਾਈਆਂ ਹੋਈਆਂ ਹੋਣਗੀਆਂ।[172]

ਇਹ ਦਿਨ ਬੱਚਿਆਂ ਨੂੰ ਬੁੱਢਾ ਕਰ ਦੇਵੇਗਾ:

> ਜੇ ਤੁਸੀਂ ਮੰਨਣੋਂ ਇਨਕਾਰ ਕਰੋਗੇ ਤਾਂ ਉਸ ਦਿਹਾੜੇ ਕਿਵੇਂ ਬਚ ਜਾਓਗੇ ਜਿਹੜਾ ਬੱਚਿਆਂ ਨੂੰ ਬੁੱਢਾ ਕਰ ਦੇਵੇਗਾ ਅਤੇ ਜਿਸਦੀ ਸਖਤੀ ਨਾਲ ਆਕਾਸ਼ ਪਾਟਿਆ ਜਾ ਰਿਹਾ ਹੋਵੇਗਾ।[173]

ਉਸ ਦਿਨ ਕਿਤਾਬ ਨਾਲ ਹਿਸਾਬ ਹੋਵੇਗਾ:

> ਹਰੇਕ ਮਨੁੱਖ ਦਾ ਸ਼ਗਨ (ਭਾਗ) ਅਸਾਂ ਉਹਦੇ ਗਲ ਵਿਚ ਲਮਕਾ ਛੱਡਿਆ ਹੈ ਅਤੇ ਕਿਆਮਤ ਦੇ ਦਿਹਾੜੇ ਅਸੀਂ ਇਕ ਚਿੱਠਾ ਉਸ ਲਈ ਕੱਢਾਂਗੇ ਜਿਸਨੂੰ ਉਹ ਖੁੱਲੀ ਕਿਤਾਬ ਵਾਂਗ ਵੇਖ ਲਵੇਗਾ-ਪੜ੍ਹ ਲੈ ਆਪਣਾ ਅਮਾਲਨਾਮਾ। ਅੱਜ ਆਪਣੇ ਲੇਖੇ ਜੋਖੇ ਲਈ ਤੂੰ ਆਪੇ ਬਥੇਰਾ ਹੈ।[174]
> ਉਸ ਵੇਲੇ ਤੁਸੀਂ ਵੇਖੋਗੇ ਕਿ ਅਪਰਾਧੀ ਲੋਕ ਆਪਣੇ ਕੱਢੇ ਚਿੱਠੇ ਦੇ ਲੇਖਾਂ ਨੂੰ ਵੇਖ-ਵੇਖ ਕੇ ਡਰਦੇ ਪਏ ਹੋਣਗੇ ਤੇ ਆਖ ਰਹੇ ਹੋਣਗੇ ਕਿ ਹਾਇ ਫੁੱਟ ਗਏ ਸਾਡੇ ਭਾਗ। ਇਹ ਕਿਹਾ ਚਿੱਠਾ ਹੈ ਕਿ ਸਾਡੀ ਕੋਈ ਛੋਟੀ-ਵੱਡੀ ਕਰਨੀ ਅਜਿਹੀ ਨਹੀਂ ਰਹੀ ਜਿਹੜੀ ਇਸ ਵਿਚ ਦਰਜ਼ ਨਾ ਹੋ ਗਈ ਹੋਵੇ। ਜੋ ਕੁਝ ਵੀ ਉਹਨਾਂ ਕੀਤਾ ਕਤਰਿਆ ਸੀ। ਉਹ ਸਭ ਕੁਝ ਆਪਣੇ ਸਾਹਮਣੇ ਹਾਜ਼ਰ ਵੇਖਣਗੇ ਅਤੇ ਤੇਰਾ ਰੱਬ ਕਿਸੇ ਨਾਲ ਭੋਰਾ-ਭਰ ਵੀ ਜ਼ੁਲਮ ਨਹੀਂ ਕਮਾਏਗਾ।[175]
>
> ਕਿਆਮਤ ਦੇ ਦਿਹਾੜੇ ਨਾ ਤੁਹਾਡੀਆਂ ਰਿਸ਼ਤੇਦਾਰੀਆਂ ਕਿਸੇ ਕੰਮ ਆਉਣਗੀਆਂ ਤੇ ਨਾ ਹੀ ਤੁਹਾਡੀ ਸੰਤਾਨ। ਉਸ ਦਿਹਾੜੇ ਅੱਲਾਹ ਤੁਹਾਡੇ ਵਿਚਾਲੇ ਜੁਦਾਈ ਭਰ ਦੇਵੇਗਾ ਅਤੇ ਉਹੀਓ ਤੁਹਾਡੀਆਂ ਕਰਨੀਆਂ ਦਾ ਵੇਖਣਹਾਰ ਹੈ।[176]
> ਉਹੀ ਇੱਕੋ-ਇਕ ਅਕਾਸ਼ ਵਿੱਚ ਵੀ ਇਸ਼ਟ ਹੈ ਤੇ ਧਰਤੀ ਉਤੇ ਵੀ ਅਤੇ ਉਹੀ ਵੱਡਾ ਯੁਕਤੀਮਾਨ ਤੇ ਜਾਣਨਹਾਰ ਹੈ। ਬਹੁਤ ਹੀ ਉੱਚਾ ਤੇ ਮਹਾਨ ਹੈ ਉਹ ਜਿਸਦੇ ਕਬਜ਼ੇ ਹੇਠ ਧਰਤੀ, ਅਕਾਸ਼ਾਂ ਅਤੇ ਹਰੇਕ ਉਸ ਚੀਜ਼ ਦੀ ਪਾਤਸ਼ਾਹੀ ਹੈ ਜਿਹੜੀ ਧਰਤੀ ਤੇ ਅਕਾਸ਼ ਵਿਚਾਲੇ ਮੌਜੂਦ ਹੈ। ਉਸੇ ਨੂੰ ਕਿਆਮਤ ਦੀ ਘੜੀ ਦਾ ਗਿਆਨ ਪ੍ਰਾਪਤ ਹੈ ਤੇ ਉਸੇ ਦੀ ਹਜ਼ੂਰੀ ਵਿੱਚ ਤੁਸੀਂ ਸਾਰੇ ਪਰਤਾਏ ਜਾਓਗੇ।[177]
>
> ਇਹ ਲੋਕ ਤੁਹਾਥੋਂ ਪੁੱਛਦੇ ਹਨ ਕਿ "ਆਖ਼ਰ ਉਹ ਕਦੋਂ ਆਵੇਗੀ?" ਭਲਾ ਤੁਹਾਡਾ ਕੀ ਕੰਮ ਉਸ ਦਾ ਵੇਲਾ ਦੱਸੋ। ਉਸ ਦਾ ਗਿਆਨ ਤਾਂ ਅੱਲਾਹ ਉਤੇ ਹੀ ਮੁੱਕ ਗਿਆ ਹੈ। ਤੁਸੀਂ ਤਾਂ ਕੇਵਲ ਹਰ ਉਸ ਵਿਅਕਤੀ ਨੂੰ

---

171 81:1:14.
172 20:102.
173 73:17
174 17:13-14
175 18:49
176 60:3
177 43: 84-85.

ਸੂਚੇਤ ਕਰਨ ਵਾਲੇ ਹੋ ਜਿਹੜਾ ਉਸ ਦਾ ਡਰ-ਭੌ ਮੰਨੇ। ਜਿਸ ਦਿਹਾੜੇ ਇਹ ਲੋਕ ਉਸ ਨੂੰ ਵੇਖ ਲੈਣਗੇ ਤਾਂ ਇਹਨਾਂ ਨੂੰ ਇੰਜ ਭਾਸੇਗਾ ਕਿ (ਦੁਨੀਆਂ ਵਿੱਚ ਜਾਂ ਮੌਤ ਦੀ ਹਾਲਤ ਵਿੱਚ) ਇਹ ਕੇਵਲ ਇੱਕ ਦਿਨ ਦੇ ਪਿਛਲੇ ਪਹਿਰ ਜਾਂ ਅਗਲੇ ਪਹਿਰ ਤਕ ਠਹਿਰੇ ਹਨ।[178]

## ਮੀਜ਼ਾਨ

ਕੁਰਆਨ ਦੀ ਸੂਰਤ ਨੰ 42 *ਅਸ-ਸੂਰਾ* ਦੀ ਆਇਤ ਨੰ 17 ਵਿੱਚ 'ਮੀਜ਼ਾਨ' ਸ਼ਬਦ ਆਉਂਦਾ ਹੈ ਜਿਸਦਾ ਅਰਥ ਹੈ:

ਇਸ ਤੋਂ ਭਾਵ ਅੱਲਾਹ ਤਾਅਲਾ ਦੀ ਸ਼ਰੀਅਤ ਹੈ ਜਿਹੜੀ ਤੱਕੜੀ ਵਾਂਗ ਤੋਲ ਕੇ ਠੀਕ ਤੇ ਗ਼ਲਤ ਸੱਚ ਤੇ ਝੂਠ, ਜ਼ੁਲਮ ਤੇ ਇਨਸਾਫ ਅਤੇ ਸਿੱਧੇ ਤੇ ਪੁੱਠੇ ਦਾ ਫ਼ਰਕ ਸਪੱਸ਼ਟ ਕਰ ਦਿੰਦੀ ਹੈ। [179]

ਕੁਰਆਨ ਫੈਸਲੇ ਦੇ ਦਿਨ ਇਸ ਤੱਕੜੀ ਦੀ ਗੱਲ ਕਰਦਾ ਹੈ:

ਉਹ ਅੱਲਾਹ ਹੀ ਹੈ ਜਿਸਨੇ ਸਚਾਈ ਨਾਲ ਇਹ ਕਿਤਾਬ ਅਤੇ ਤੱਕੜੀ ਉਤਾਰੀ ਹੈ।[180]

## ਜੰਨਤ

ਪਵਿੱਤਰ ਕੁਰਆਨ ਲੋਕ ਅਤੇ ਪ੍ਰਲੋਕ ਦੇ ਦ੍ਰਿਸ਼ਾਂ ਰਾਹੀਂ ਵੀ ਬੰਦਗੀ ਦੇ ਸਰੂਪ ਨੂੰ ਪ੍ਰੀਭਾਸ਼ਿਤ ਕਰਦਾ ਹੈ ਅਤੇ ਸਿੱਧੇ ਰਾਹ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਇਹ ਮਾਲ ਦੌਲਤ ਸਦਾ ਨਹੀਂ ਰਹਿਣਾ। ਅਸਲ ਟਿਕਾਣਾ ਤਾਂ ਅੱਲਾਹ ਕੋਲ ਹੀ ਹੈ:

ਲੋਕਾਂ ਲਈ ਮਨ ਭਾਉਂਦੀਆਂ ਵਸਤਾਂ-ਇਸਤਰੀਆਂ, ਸੰਤਾਨ, ਸੋਨੇ-ਚਾਂਦੀ ਦੇ ਢੇਰ, ਚੋਣਵੇਂ ਘੋੜੇ, ਡੰਗਰ-ਪਸ਼ੂ ਅਤੇ ਪੈਲੀਆਂ-ਡਾਢੀਆਂ ਸੁਹਣੀਆਂ ਬਣਾ ਦਿੱਤੀਆਂ ਗਈਆਂ ਹਨ। ਪਰ ਇਹ ਸਭੇ ਸੰਸਾਰ ਦੀ ਥੋੜੀ ਜਿਹੀ ਜ਼ਿੰਦਗੀ ਦਾ ਸਮਾਨ ਹਨ। ਅਸਲ ਵਿੱਚ ਜੋ ਸੁਹਣਾ ਟਿਕਾਣਾ ਹੈ ਉਹ ਤਾਂ ਅੱਲਾਹ ਕੋਲ ਹੈ। [181]

ਦੁਨੀਆ ਦਾ ਹਰ ਤਰ੍ਹਾਂ ਦਾ ਆਰਾਮ ਉਥੇ ਮਿਲੇਗਾ। ਕਈ ਵਾਰ ਕੁਰਆਨ ਦੀਆਂ ਅਜਿਹੀਆਂ ਆਇਤਾਂ ਮਨ ਵਿਚ ਇਸ ਖਿਆਲ ਨੂੰ ਲਿਆਉਂਦੀਆਂ ਹਨ ਕਿ ਜੇਕਰ ਜੰਨਤ ਵਿਚ ਅਜਿਹੇ ਸੁਖ ਮਿਲਣਗੇ ਤਾਂ ਇਥੇ ਕਿਉਂ ਇਨ੍ਹਾਂ ਨੂੰ ਛੱਡਿਆ ਜਾਵੇ। ਅਸਲ ਵਿਚ ਧਰਮ ਗ੍ਰੰਥਾਂ ਵਿਚ ਕਈ ਅਜਿਹੀਆਂ ਗੱਲਾਂ ਹਨ ਜੋ ਚਿੰਨ੍ਹਾਤਮਕ ਹਨ ਮਨੁੱਖੀ ਸਮਝ ਤੋਂ ਪਰ੍ਹੇ ਹਨ:

ਤਖਤਾਂ ਉੱਤੇ ਆਹਮੋ ਸਾਹਮਣੇ ਬੈਠਣਗੇ। ਸ਼ਰਾਬ ਦੇ ਸੋਮਿਆਂ ਤੋਂ ਪਿਆਲੇ ਭਰ-ਭਰ ਕੇ ਉਹਨਾਂ ਵਿਚਾਲੇ ਘੁਮਾਏ ਜਾਣਗੇ। ਲਿਸ਼ਕਦੀ ਹੋਈ ਸ਼ਰਾਬ, ਜਿਹੜੀ ਪੀਣ ਵਾਲਿਆਂ ਲਈ ਸੁਆਦਲੀ ਹੋਵੇਗੀ। ਨਾ ਉਹਨਾਂ ਦੇ ਸਰੀਰ ਨੂੰ ਉਨ੍ਹਾਂ ਨਾਲ ਕੋਈ ਹਾਣ ਪੁੱਜੇਗਾ ਅਤੇ ਨਾ ਉਹਨਾਂ ਦੀ ਇਸ ਨਾਲ ਮੱਤ ਮਾਰੀ ਜਾਵੇਗੀ।

---

[178] 79:42-46.

[179] *ਕੁਰਆਨ ਮਜੀਦ,* ਫੁਟ ਨੋਟ ਨੰ. 7, ਪੰਨਾ-833.

[180] 42:17.

[181] 3: 14.

ਉਹਨਾਂ ਕੋਲ ਨਜ਼ਰਾਂ ਨੂੰ ਬਚਾਉਣ ਵਾਲੀਆਂ ਤੇ ਸੁਹਣੀਆਂ ਅੱਖਾਂ ਵਾਲੀਆਂ ਇਸਤਰੀਆਂ ਹੋਣਗੀਆਂ। ਇੰਨੀਆਂ ਸੋਹਲ ਜਿਵੇਂ ਆਂਡੇ ਦੇ ਛਿਲਕੇ ਹੇਠਾਂ ਲੁਕੀ ਹੋਈ ਝਿੱਲੀ।[182]

ਨਹਿਰਾਂ ਵਗਦੀਆਂ ਹੋਣਗੀਆਂ, ਪੀਣ ਨੂੰ ਸੁਆਦਲੀ ਸ਼ਰਾਬ ਹੋਵੇਗੀ, ਦੁੱਧ ਸ਼ਹਿਦ ਦੀਆਂ ਨਹਿਰਾਂ ਹੋਣਗੀਆਂ ਆਦਿਕ ਜੰਨਤ ਦੇ ਦ੍ਰਿਸ਼ਾਂ ਬਾਰੇ ਅਬੁਲ ਆਲਾ ਮੌਦੂਦੀ ਦਾ ਕਥਨ ਹੈ:

ਹਦੀਸ ਵਿੱਚ ਇਸਦੀ ਵਿਆਖਿਆ ਇਉਂ ਕੀਤੀ ਗਈ ਹੈ ਕਿ ਉਹ ਦੁੱਧ ਪਸ਼ੂਆਂ ਦੇ ਥਣਾਂ ਵਿਚੋਂ ਨਿਕਲਿਆ ਹੋਇਆ ਨਹੀਂ ਹੋਵੇਗਾ, ਉਹ ਸ਼ਰਾਬ ਫਲਾਂ ਨੂੰ ਸਾੜ-ਗਾਲ ਕੇ ਕੱਢੀ ਹੋਈ ਨਹੀਂ ਹੋਵੇਗੀ ਅਤੇ ਉਹ ਸ਼ਹਿਦ ਮੱਖੀਆਂ ਦੇ ਢਿੱਡ ਵਿਚੋਂ ਨਿਕਲਿਆ ਹੋਇਆ ਨਹੀਂ ਹੋਵੇਗਾ ਸਗੋਂ ਇਹ ਸਾਰੀਆਂ ਚੀਜ਼ਾਂ ਕੁਦਰਤੀ ਚਸ਼ਮਿਆਂ ਦੀ ਸ਼ਕਲ ਵਿੱਚ ਹੋਣਗੀਆਂ।[183]

## 6. ਤਕਦੀਰ 'ਤੇ ਈਮਾਨ

ਤਕਦੀਰ 'ਤੇ ਈਮਾਨ ਲਿਆਉਣ ਦਾ ਅਰਥ ਇਹ ਹੈ ਕਿ ਜੋ ਵੀ ਹੋ ਰਿਹਾ ਹੈ। ਉਹ ਰੱਬ ਕਰ ਰਿਹਾ ਹੈ ਉਸਨੂੰ ਪ੍ਰਵਾਨ ਕਰਨਾ ਹੈ। ਹਰ ਹਾਲਾਤ ਵਿਚ ਰਾਜ਼ੀ ਰਹਿਣਾ ਹੈ ਅਤੇ ਅੱਲਾਹ ਨੂੰ ਉਲਾਹਮਾ ਨਹੀਂ ਦੇਣਾ। ਬੰਦੇ ਨੇ ਦੁਆ ਕਰਨੀ ਹੈ:

ਆਖੋ, ਹੇ ਰੱਬਾ! ਮੁਲਕ ਦਿਆਂ ਮਾਲਕਾਂ! ਤੂੰ ਜਿਸਨੂੰ ਚਾਹੇ ਰਾਜ ਦੇਵੇ ਅਤੇ ਜਿਸਤੋਂ ਚਾਹੇ ਖੋਹ ਲਵੇ। ਜਿਸਨੂੰ ਚਾਹੇ ਸਤਿਕਾਰ ਬਖਸ਼ੇ ਅਤੇ ਜਿਸਨੂੰ ਚਾਹੇ ਰੁਸਵਾ ਕਰ ਦੇਵੇ। ਭਲਾਈ ਤੇਰੇ ਹੱਥ ਵਿਚ ਹੈ। ਬੇਸ਼ੱਕ ਤੂੰ ਹਰੇਕ ਚੀਜ਼ ਉੱਤੇ ਕੁਦਰਤ ਰੱਖਦਾ ਹੈ। ਰਾਤ ਨੂੰ ਦਿਨ ਵਿਚ ਪਰੋਂਦਾ ਹੋਇਆ ਲੈ ਆਉਂਦਾ ਹੈ ਅਤੇ ਦਿਨ ਨੂੰ ਰਾਤ ਵਿਚ। ਨਿਰਜੀਵ ਵਿਚੋਂ ਸਜੀਵ ਨੂੰ ਕੱਢਦਾ ਹੈ, ਸਜੀਵ ਵਿਚੋਂ ਨਿਰਜੀਵ ਨੂੰ ਅਤੇ ਜਿਸਨੂੰ ਚਾਹੁੰਦਾ ਹੈ ਬੇਹਿਸਾਬ ਰਿਜ਼ਕ ਦਿੰਦਾ ਹੈ।[184]

ਉਪਰੋਕਤ ਆਇਤ ਵਿਚ ਆਏ ਸ਼ਬਦਾਂ ਵਿਚ ਰਾਜ ਤੋਂ ਭਾਵ ਅਤ ਦਰਜ਼ੇ ਦੇ ਸੁਖ ਹਨ। ਬੰਦਾ ਰੱਬ ਦੀ ਬੰਦਗੀ ਸੁਖਾਂ ਦੀ ਪ੍ਰਾਪਤੀ ਲਈ ਜਾਂ ਦੁਖਾਂ ਤੋਂ ਖਹਿੜਾ ਛੁਡਾਉਣ ਲਈ ਕਰਦਾ ਹੈ। ਬੰਦਗੀ ਦੋਹਾਂ ਦੀ ਪ੍ਰਾਪਤੀ ਲਈ ਨਹੀਂ ਹੈ। ਇਹ ਤਾਂ ਸਮਰਪਣ ਹੈ ਜਿਸ ਵਿਚ ਜੇ ਦੁਖ ਆਉਂਦੇ ਹਨ ਤਾਂ ਜੇ ਸੁਖ ਆਉਂਦੇ ਹਨ ਤਾਂ ਵੀ ਇਸ ਰਾਹ ਨੂੰ ਨਹੀਂ ਤਿਆਗਣਾ। ਸੂਫੀ ਰਾਬੀਆ ਦਾ ਕਥਨ ਹੈ ਕਿ ਲੋਕ ਦੋਜ਼ਖ ਤੋਂ ਡਰਕੇ ਅਤੇ ਬਹਿਸ਼ਤ ਦੇ ਸੁਖ ਕਰਕੇ ਬੰਦਗੀ ਕਰਦੇ ਹਨ। ਮੌਲਾਨਾ ਜ਼ਲੀਲ ਅਹਿਸਨ ਨਦਵੀ ਲਿਖਦੇ ਹਨ:

ਤਕਦੀਰ (ਭਾਗਾਂ) ਉਤੇ ਸ਼ਰਧਾ ਲਿਆਉਣ ਦਾ ਮੰਤਵ ਇਹ ਹੈ ਕਿ ਇਸ ਗੱਲ ਨੂੰ ਮੰਨਿਆ ਜਾਵੇ ਕਿ ਸੰਸਾਰ ਵਿਚ ਜੋ ਕੁਝ ਹੋ ਰਿਹਾ ਹੈ। ਉਹ ਖੁਦ ਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ। ਇਥੇ ਕੇਵਲ ਉਸੇ ਦਾ ਹੁਕਮ ਚਲਦਾ ਹੈ (ਅਜਿਹਾ ਨਹੀਂ ਹੋ ਸਕਦਾ ਕਿ ਖੁਦਾ ਤਾਂ ਕੁਝ ਹੋਰ ਚਾਹੁੰਦਾ ਹੋਵੇ ਤੇ ਸੰਸਾਰ ਦਾ ਕਾਰਖਾਨੇ ਕਿਸੇ ਹੋਰ ਢੰਗ ਦੇ ਨਾਲ ਚਲ ਰਿਹਾ ਹੋਵੇ। ਹਰ ਨੇਕੀ, ਬਦੀ ਅਗਵਾਈ ਤੇ ਭਟਕਣ ਦਾ ਇਕ ਕਾਨੂੰਨ ਹੈ ਜਿਸ ਨੂੰ ਉਸਨੇ ਪਹਿਲਾਂ ਹੀ ਬਣਾ ਦਿੱਤਾ ਹੈ। ਖੁਦਾ ਦਾ ਧੰਨਵਾਦ ਕਰਨ ਵਾਲੇ ਲੋਕਾਂ ਉਤੇ ਜੋ ਦੁੱਖ ਤੇ ਕਸ਼ਟ ਆਉਂਦੇ ਹਨ ਜੋ ਕਠਨਾਈਆਂ ਉਨ੍ਹਾਂ ਦੇ ਅੱਗੇ ਆਉਂਣੀਆਂ ਹਨ ਤੇ ਜੋ ਵੀ ਉਨ੍ਹਾਂ ਦੀ ਪ੍ਰੀਖਿਆ ਹੁੰਦੀ ਹੈ, ਇਹ ਸਾਰੇ ਮਾਮਲੇ ਰੱਬ ਦੇ ਹੁਕਮ ਅਨੁਸਾਰ ਤੇ ਪਹਿਲਾਂ ਨਿਸ਼ਚਿਤ ਨਿਯਮਾਂ ਅਧੀਨ ਹੁੰਦੇ ਹਨ।[185]

---

[182] 37:41 ਤੋਂ 49.

[183] *ਕੁਰਆਨ ਮਜੀਦ,* ਫੁਟ ਨੋਟ-7, ਪੰਨਾ-882.

[184] 3:26-27.

[185] *ਰਾਹੇ ਅਮਲ,* ਪੰਨੇ-5-6.

ਜੋ ਕੁਝ ਵੀ ਹੋ ਰਿਹਾ ਹੈ ਉਹ ਅੱਲਾਹ ਵੱਲੋਂ ਹੈ। ਬੰਦਗੀ ਵਾਲਾ ਆਪਣਾ ਦੁਖ-ਸੁਖ ਰੱਬ ਦੇ ਹਵਾਲੇ ਕਰਕੇ ਇਸ ਰਾਹ 'ਤੇ ਤੁਰਦਾ ਰਹਿੰਦਾ ਹੈ:

> ਧਰਤੀ ਤੇ ਆਕਾਸ਼ ਦੀਆਂ ਫੌਜਾਂ ਅੱਲਾਹ ਦੇ ਅਧਿਕਾਰ ਵਿਚ ਹਨ ਅਤੇ ਉਹ ਵੱਡਾ ਜ਼ੋਰਾਵਰ ਤੇ ਯੁਕਤੀਮਾਨ ਹੈ।[186]

ਤਕਦੀਰ ਉਤੇ ਈਮਾਨ ਲਿਆਉਣ ਦਾ ਅਰਥ ਇਹ ਹੈ ਕਿ ਇਹ ਮੰਨਿਆ ਜਾਵੇ ਕਿ ਅੱਲਾਹ ਤੋਂ ਛੁੱਟ ਕੋਈ ਹਸਤੀ ਜਾਂ ਸ਼ਕਤੀ ਨਹੀਂ ਹੈ। ਜਿਸ ਨੇ ਤਕਦੀਰ ਬਣਾਈ ਤੇ ਫੇਰ ਰਾਹ ਦਰਸਾਇਆ।[187]

ਰੱਬ ਨੇ ਹਰ ਚੀਜ਼ ਨਿਯਮ ਵਿਚ ਬਣਾਈ ਹੈ। ਪੰਛੀਆਂ, ਪਸ਼ੂਆਂ ਤੋਂ ਅੱਗੇ ਉਨ੍ਹਾਂ ਦੀਆਂ ਕਿੰਨੀਆਂ ਹੀ ਜਾਤੀਆਂ ਹਨ। ਦਰਖਤਾਂ ਦੀਆਂ ਕਿੰਨੀਆਂ ਹੀ ਕਿਸਮਾਂ ਹਨ। ਵਨਸਪਤੀ ਵਿਚ ਕਿੰਨ੍ਹੇ ਤਰ੍ਹਾਂ ਦੇ ਦਰਖਤ ਹਨ। ਹਰ ਇਕ ਅੱਲਾਹ ਦੇ ਹੁਕਮ ਵਿਚ ਆਪੋ-ਆਪਣਾ ਕੰਮ ਕਰ ਰਹੇ ਹਨ। ਤਕਦੀਰ ਬਣਾਉਣ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਅਰਥਾਤ ਹਰ ਚੀਜ਼ ਦੀ ਸਿਰਜਣਾ ਤੋਂ ਪਹਿਲਾਂ ਇਹ ਨਿਰਧਾਰਤ ਕਰ ਦਿੱਤਾ ਕਿ ਇਸ ਨੇ ਸੰਸਾਰ ਵਿਚ ਕੀ ਕੰਮ ਕਰਨਾ ਹੈ ਤੇ ਉਸ ਕੰਮ ਲਈ ਉਸ ਦੀ ਮਾਤਰਾ ਕਿੰਨੀ ਹੋਵੇ, ਉਸ ਦਾ ਰੂਪ ਕਿਹੋ ਜਿਹਾ ਹੋਵੇ, ਉਸਦੇ ਗੁਣ ਕੀ ਹੋਣ, ਉਸ ਦਾ ਸਥਾਨ ਕਿੱਥੇ ਹੋਵੇ, ਉਸ ਨੂੰ ਬਾਕੀ ਰਹਿਣ, ਠਹਿਰਨ ਤੇ ਕੰਮ ਕਰਨ ਲਈ ਕਿਹੜੇ ਅਵਸਰ ਤੇ ਸਾਧਨ ਜੁਟਾਏ ਜਾਣ, ਕਿਸ ਵੇਲੇ ਉਹ ਹੋਂਦ ਵਿਚ ਆਵੇ ਕਦੋਂ ਤੀਕ ਆਪਣੇ ਹਿੱਸੇ ਬਹਿੰਦਾ ਕੰਮ ਕਰੇ ਅਤੇ ਕਦੋਂ ਤੇ ਕਿਸ ਪ੍ਰਕਾਰ ਉਸਦਾ ਅੰਤ ਹੋ ਜਾਵੇ। ਇਸ ਪੂਰੀ ਸਕੀਮ ਨੂੰ ਸਮੂਹਕ ਰੂਪ ਵਿਚ ਉਸ ਦੀ ਤਕਦੀਰ (ਭਾਗ) ਆਖਿਆ ਗਿਆ ਹੈ।[188]

ਇਹ ਰੱਬ ਅੱਗੇ ਸਮਰਪਣ ਹੈ:

> ਅੱਲਾਹ ਨੇ ਆਪ ਇਸ ਗੱਲ ਦੀ ਗਵਾਹੀ ਦਿੱਤੀ ਹੈ ਕਿ ਉਸ ਤੋਂ ਛੁੱਟ ਹੋਰ ਕੋਈ ਇਸ਼ਟ ਨਹੀਂ ਹੈ। ਫ਼ਰਿਸ਼ਤੇ ਅਤੇ ਸਭੇ ਗਿਆਨਵਾਨ ਵੀ ਸਚਾਈ ਤੇ ਨਿਆਂ ਪੂਰਵਕ ਇਸ ਉਤੇ ਗਵਾਹ ਹਨ ਕਿ ਉਸ ਵੱਡੇ ਜ਼ੋਰਾਵਰ ਯੁਕਤੀਮਾਨ ਤੋਂ ਛੁੱਟ ਅਸਲੋਂ ਕੋਈ ਇਸ਼ਟ ਨਹੀਂ ਹੈ। ਅੱਲਾਹ ਦੀ ਨਜ਼ਰ ਵਿੱਚ ਧਰਮ ਕੇਵਲ ਇਸਲਾਮ ਹੈ। ਇਸ ਧਰਮ ਤੋਂ ਹਟ ਕੇ ਵੱਖੋ-ਵੱਖਰੇ ਢੰਗ ਉਨ੍ਹਾਂ ਲੋਕਾਂ ਨੇ ਅਪਣਾਏ ਜਿਨ੍ਹਾਂ ਨੂੰ ਕਿਤਾਬ ਦਿੱਤੀ ਗਈ ਸੀ, ਉਨ੍ਹਾਂ ਦੀ ਇਸ ਨੀਤੀ ਦਾ ਕਾਰਨ ਇਸ ਤੋਂ ਛੁੱਟ ਹੋਰ ਕੁਝ ਨਹੀਂ ਸੀ ਕਿ ਉਨ੍ਹਾਂ ਨੇ ਗਿਆਨ ਆ ਜਾਣ ਪਿੱਛੋਂ ਆਪੋ ਵਿਚ ਇੱਕ ਦੂਜੇ ਉਤੇ ਵਧੀਕੀ ਕਰਨ ਲਈ ਅਜਿਹਾ ਕੀਤਾ ਜੋ ਕੋਈ ਅੱਲਾਹ ਦੇ ਆਦੇਸ਼ਾਂ ਤੇ ਹਦਾਇਤਾਂ ਦੀ ਪਾਲਣਾ ਤੋਂ ਇਨਕਾਰ ਕਰ ਦੇਵੇ ਅੱਲਾਹ ਨੂੰ ਉਸਤੋਂ ਲੇਖਾ ਲੈਂਦਿਆਂ ਕੁੱਝ ਚਿਰ ਨਹੀਂ ਲਗਦਾ। ਹੁਣ ਜੇ ਹੇ ਨਬੀ! ਇਹ ਲੋਕ ਤੁਹਾਡੇ ਨਾਲ ਝਗੜਾ ਕਰਨ ਤਾਂ ਇਨ੍ਹਾਂ ਨੂੰ ਆਖੋ, " ਮੈਂ ਤੇ ਮੇਰੇ ਮੰਨਣ ਵਾਲਿਆਂ ਨੇ ਅੱਲਾਹ ਦੇ ਅੱਗੇ ਸੀਸ ਨਿਵਾ ਦਿੱਤਾ ਹੈ।" ਫੇਰ ਕਿਤਾਬ ਵਾਲਿਆਂ ਅਤੇ ਜਿਨ੍ਹਾਂ ਨੂੰ ਕਿਤਾਬ ਨਹੀਂ ਮਿਲੀ ਉਨ੍ਹਾਂ ਦੋਵਾਂ ਤੋਂ ਪੁੱਛੋ, " ਕੀ ਤੁਸਾਂ ਵੀ ਉਹਦੀ ਤਾਬੇਦਾਰੀ ਅਤੇ ਅਧੀਨਗੀ ਕਬੂਲ ਕਰ ਲਈ?" ਜੇ ਕਰ ਲਈ ਤਾਂ ਉਹਨਾਂ ਨੇ ਸਿੱਧਾ ਰਾਸਤਾ ਲੱਭ ਲਿਆ ਤੇ ਜੇ ਇਸਤੋਂ ਮੁੱਖ ਫੇਰ ਲਿਆ ਤਾਂ ਤੁਹਾਡੇ ਉਤੇ ਕੇਵਲ ਸੁਨੇਹਾ ਪਹੁੰਚਾ ਦੇਣ ਦੀ ਜ਼ਿੰਮੇਵਾਰੀ ਸੀ। ਅੱਗੇ ਅੱਲਾਹ ਆਪ ਆਪਣੇ ਬੰਦਿਆਂ ਦੇ ਮਾਮਲਿਆਂ ਨੂੰ ਵੇਖਣ ਵਾਲਾ ਹੈ।[189]

ਪਵਿੱਤਰ ਕੁਰਆਨ ਵਿਚ ਬੰਦਗੀ ਦੇ ਸਰੂਪ ਵਿਚ ਮੁਨਾਫਿਕਾਂ ਦਾ ਜ਼ਿਕਰ ਵੀ ਆਇਆ ਹੈ। ਅਬੂ ਲਾਹਬ ਹਜ਼ੂਰ (ਸ.) ਦਾ ਚਾਚਾ ਸੀ। ਉਹ ਅਤੇ ਉਸਦੀ ਪਤਨੀ ਨੇ ਰੱਜ ਕੇ ਪੈਗੰਬਰ ਦੀ ਮੁਖਾਲਫ਼ਤ

---

[186] 48:7.

[187] 87:3.

[188] *ਕੁਰਆਨ ਮਜੀਦ*, ਫੁੱਟ ਨੋਟ ਨੰ. 2, ਪੰਨਾ-1129.

[189] 3:18-20.

ਕੀਤੀ। ਅਬੂ ਲਾਹਬ ਦੀ ਮੌਤ ਭਿਆਨਕ ਬਿਮਾਰੀ ਨਾਲ ਹੋਈ ਤਾਂ ਉਸਦੇ ਪੁੱਤਰਾਂ ਨੇ ਬਿਨ੍ਹਾਂ ਹੱਥ ਲਾਇਆਂ ਉਸ ਦੇ ਸਰੀਰ ਨੂੰ ਦੂਰੋਂ ਮਿੱਟੀ ਪਾ ਕੇ ਦਫ਼ਨ ਕੀਤਾ। ਪਵਿੱਤਰ ਕੁਰਆਨ ਵਿਚ ਇਸ ਵਿਅਕਤੀ ਦੇ ਨਾਮ ਉਪਰ ਮੁਕੰਮਲ ਸੂਰਤ ਹੈ ਜੋ ਦੱਸਦੀ ਹੈ ਕਿ ਜੋ ਲੋਕ ਅੱਲਾਹ ਦੀ ਮੁਖਾਲਫਤ ਕਰਦੇ ਹਨ। ਉਨ੍ਹਾਂ ਨੂੰ ਕਰੜੇ ਦੰਡਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਸੂਰਤ ਦੀਆਂ ਪੰਜ ਆਇਤਾਂ ਹਨ:

> ਅਬੂ ਲਹਬ ਦੇ ਹੱਥ ਟੁੱਟ ਗਏ ਤੇ ਉਹ ਨਾਮੁਰਾਦ ਹੋ ਗਿਆ। ਉਸਦਾ ਧਨ ਤੇ ਜੁ ਕੁਝ ਵੀ ਉਸਨੇ ਖੱਟਿਆ ਕਮਾਇਆ ਸੀ। ਉਸਦੇ ਕਿਸੇ ਕੰਮ ਨਾ ਆਇਆ। ਜ਼ਰੂਰ ਹੀ ਉਸ ਨੂੰ ਲਾਟਾਂ ਮਾਰਦੀ ਹੋਈ ਅੱਗ ਵਿਚ ਸੁੱਟਿਆ ਜਾਵੇਗਾ। (ਤੇ ਉਸਦੇ ਨਾਲ) ਉਸਦੀ ਪਤਨੀ ਨੂੰ ਵੀ ਜਿਹੜੀ ਲਾਈ ਬੁਲਾਈ ਕਰਨ ਵਾਲੀ ਹੈ ਤੇ ਉਸਦੇ ਗਲ ਵਿਚ ਮੁੰਜ ਦੀ ਰੱਸੀ ਹੋਵੇਗੀ।[190]

ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਕੁਰਆਨ ਮਜ਼ੀਦ ਵਿਚ ਇਹ ਇਕੋ ਹੀ ਥਾਂ ਹੈ ਜਿਥੇ ਇਸਲਾਮ ਦੇ ਵੈਰੀਆਂ ਵਿਚੋਂ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਂ ਲੈ ਕੇ ਉਸ ਦੀ ਨਿਖੇਧੀ ਕੀਤੀ ਗਈ ਹੈ। ਹਾਲਾਂ ਕਿ ਮੱਕਾ ਵਿਖੇ ਵੀ ਅਤੇ ਹਿਜ਼ਰਤ ਮਗਰੋਂ ਮਦੀਨਾ ਵਿਖੇ ਵੀ ਬਹੁਤ ਸਾਰੇ ਲੋਕ ਅਜਿਹੇ ਸਨ ਜਿਹੜੇ ਇਸਲਾਮ ਤੇ ਹਜ਼ਰਤ ਮੁਹੰਮਦ (ਸ.) ਦੀ ਦੁਸ਼ਮਣੀ ਵਿਚ ਅਬੂ ਲਹਬ ਤੋਂ ਕਿਸੇ ਤਰ੍ਹਾਂ ਘੱਟ ਨਹੀਂ ਸਨ। ਇਸ ਦਾ ਕਾਰਣ ਅਬੂ ਲਹਬ ਦਾ ਉਹ ਖਾਸ ਵਤੀਰਾ ਹੈ ਜਿਹੜਾ ਉਸਨੇ ਹਜ਼ੂਰ ਸ ਦੇ ਵਿਰੁੱਧ ਅਪਣਾ ਰੱਖਿਆ ਸੀ।[191]

ਬੰਦਗੀ ਦਾ ਸਰੂਪ ਛੇ ਅੰਗਾਂ ਰਾਹੀਂ ਬਿਆਨ ਕੀਤਾ ਗਿਆ ਹੈ। ਇਹ ਕੁਰਆਨ ਦਾ ਮੂਲ ਤੱਤ ਹਨ। ਇਹ ਸਾਰੇ ਇਕ ਦੂਜੇ ਨਾਲ ਜੁੜੇ ਹੋਏ ਹਨ। ਇਨ੍ਹਾਂ ਰਾਹੀ ਬੰਦੇ ਨੂੰ ਸਮਝ ਪੈਂਦੀ ਹੈ ਕਿ ਉਸਨੇ ਜਿਸ ਰੱਬ ਦੀ ਬੰਦਗੀ ਕਰਨੀ ਹੈ, ਉਹ ਇੱਕ ਹੈ, ਨਾ ਕੋਈ ਉਸਦੀ ਸੰਤਾਨ ਹੈ ਅਤੇ ਨਾ ਉਹ ਕਿਸੇ ਦੀ, ਸਮਰੱਥ ਹੈ, ਦੇਖਦਾ ਹੈ, ਮਾਰਗ ਦਰਸ਼ਨ ਕਰਦਾ ਹੈ, ਜਵਾਬ ਦਿੰਦਾ ਹੈ, ਮਿਹਰਵਾਨ ਹੈ। ਕੁਰਆਨ ਦੀ ਹਰ ਸੂਰਤ ਤੋਂ ਪਹਿਲਾਂ ਅੱਲਾਹ ਨੂੰ ਰਹਿਮ ਫਰਮਾਉਣ ਵਾਲਾ ਕਿਹਾ ਗਿਆ ਹੈ। ਫੇਰ ਪੈਗ਼ੰਬਰਾਂ ਦੇ ਜੀਵਨ ਮਿਸਾਲ ਹਨ ਕਿ ਜਿਵੇਂ ਉਨ੍ਹਾਂ ਨੇ ਰੱਬ ਦੀ ਬੰਦਗੀ ਕੀਤੀ, ਤੁਸੀਂ ਵੀ ਕਰੋ। ਬੰਦੇ ਦੀ ਰਹਿਨੁਮਾਈ ਲਈ ਕੁਰਆਨ ਹੈ। ਅੱਲਾਹ ਨੇ ਫ਼ਰਿਸ਼ਤਿਆਂ ਰਾਹੀਂ ਆਪਣੀ ਬਾਣੀ ਉਤਾਰੀ ਜੋ ਨੇਕ ਬਣਨ ’ਤੇ ਜ਼ੋਰ ਦਿੰਦੀ ਹੈ। ਆਖ਼ਰਤ ਭਲਾਈ ਤੇ ਬੁਰਾਈ ਦਾ ਬਦਲਾ ਦਰਸਾਉਂਦੀ ਹੈ ਅਤੇ ਤਕਦੀਰ ’ਤੇ ਈਮਾਨ ਰੱਬ ਅਨੁਸਾਰ ਚੱਲਣ ਲਈ ਦੱਸਦਾ ਹੈ। ਬੰਦਗੀ ਰੱਬ ਦਾ ਆਗਿਆਪਾਲਣ ਹੈ।

---

190 111:1-5.

191 *ਕੁਰਆਨ ਮਜੀਦ*, ਪੰਨਾ-1203.

# ਅਧਿਆਇ ਤੀਜਾ- ਕੁਰਆਨ ਮਜੀਦ ਵਿਚ ਬੰਦਗੀ ਦਾ ਅਮਲ

ਕੁਰਆਨ ਮਜੀਦ ਵਿੱਚ ਬੰਦਗੀ ਦੇ ਅਮਲ ਦਾ ਵਿਸ਼ੇਸ਼ ਸਥਾਨ ਹੈ। ਕਿਸੇ ਚੀਜ਼ ਨੂੰ ਵਾਰ-ਵਾਰ ਕਰਨ ਦਾ ਨਾਮ ਸਾਧਨਾ, ਰਿਆਜ਼ ਅਤੇ ਅਮਲ ਹੈ। ਸਾਡੇ ਜੀਵਨ ਦੀ ਹਰ ਵਸਤੂ, ਖਿਆਲ, ਸੁਭਾਅ ਰਿਆਜ਼ ਕਰਕੇ ਹੀ ਪੱਕਦਾ ਹੈ। ਨਿੱਤ ਦਾ ਰਿਆਜ਼ ਜਗਿਆਸੂ ਨੂੰ ਰੂਹਾਨੀਅਤ ਵੱਲ ਵਧਾਉਂਦਾ ਹੈ। ਪਿਛਲੇ ਅਧਿਆਇ ਵਿਚ ਅਸੀਂ ਈਮਾਨ ਦੇ ਅੰਗਾਂ ’ਤੇ ਵਿਚਾਰ ਕੀਤੀ ਸੀ। ਇਸ ਅਧਿਆਇ ਵਿਚ ਉਨ੍ਹਾਂ ਅੰਗਾਂ ਦਾ ਅਮਲੀ ਪੱਖ ਵਿਚਾਰਿਆ ਜਾ ਰਿਹਾ ਹੈ। ਕੁਰਆਨ ਦੱਸਦਾ ਹੈ ਕਿ ਮੁੱਢ ਵਿਚ ਮਨੁੱਖ ਰੱਬ ਦਾ ਆਗਿਆਕਾਰ ਸੀ। ਪਰ ਫੇਰ ਸ਼ੈਤਾਨ ਦੇ ਪ੍ਰਭਾਵ ਕਰਕੇ ਇਸ ਵਿਚ ਬੁਰਾਈਆਂ ਆ ਗਈਆਂ। ਇਸਨੇ ਅੱਲਾਹ ਦੇ ਸ਼ਰੀਕ ਥਾਪ ਲਏ। ਇਸਨੇ ਕਾਅਬੇ ਦੀ ਮਰਿਆਦਾ ਵਿਚ ਖਲਲ ਪਾਇਆ। ਇਸਨੂੰ ਅੱਲਾਹ ਨੇ ਜੋ ਤਹਿਜ਼ੀਬ ਸਿਖਾਈ ਸੀ, ਉਹ ਵਿਸਾਰ ਦਿੱਤੀ ਅਤੇ ਕੁਰਾਹੇ ਪੈ ਗਿਆ ਹੈ। ਇਸਨੂੰ ਸਿੱਧੇ ਰਸਤੇ ਉਪਰ ਲਿਆਉਣ ਲਈ ਮੁਸ਼ੱਕਤ ਦੀ ਜ਼ਰੂਰਤ ਹੈ। ਇਹ ਮੁਸ਼ੱਕਤ ਅਮਲ ਨਾਲ ਹੋਵੇਗੀ। ਪਵਿੱਤਰ ਕੁਰਆਨ ਅਨੁਸਾਰ ਅਮਲ ਦੇ ਰਾਹ ਵਿਚ ਤਿੰਨ ਚੀਜ਼ਾਂ ਮੁਨੱਖ, ਸ਼ੈਤਾਨ ਅਤੇ ਰੂਹ ਹਨ। ਜੇਕਰ ਸਾਡੇ ਕੋਲ ਸਰੀਰ ਅਤੇ ਰੂਹ ਨਾ ਹੋਵੇ ਤਾਂ ਜਿਸਮ ਮੁਰਦਾ ਹੈ। ਇਬਾਦਤ ਹੋ ਹੀ ਨਹੀਂ ਸਕਦੀ। ਰੂਹ ਸਭ ਵਿਚ ਹੈ, ਜਿਸਨੂੰ ਜਾਨ ਕਹਿੰਦੇ ਹਾਂ। ਸ਼ੈਤਾਨ ਦਾ ਕੋਈ ਵਜੂਦ ਨਹੀਂ ਹੈ। ਜਿੰਨ੍ਹੀਆਂ ਵੀ ਬੁਰੀਆਂ ਅਲਾਮਤਾਂ ਹਨ, ਉਨ੍ਹਾਂ ਨੂੰ ਸ਼ੈਤਾਨ ਦਾ ਨਾਂ ਦਿੱਤਾ ਗਿਆ ਹੈ। ਸਾਡੀਆਂ ਮਨੋਕਾਮਨਾਵਾਂ ਸਾਨੂੰ ਅੱਲਾਹ ਦੇ ਰਾਹ ਤੋਂ ਰੋਕ ਲੈਂਦੀਆਂ ਹਨ। ਸ਼ੈਤਾਨ ਰੂਹ ਨੂੰ ਰੱਬ ਵੱਲ ਲੱਗਣ ਨਹੀਂ ਦਿੰਦਾ। ਜੋ ਸਰੀਰ ਸ਼ੈਤਾਨ ਤੋਂ ਬਚ ਜਾਵੇਗਾ, ਉਸ ਸਰੀਰ ਦੀ ਰੂਹ ਪਾਕ ਰਹੇਗੀ ਅਤੇ ਅਜਿਹੀਆਂ ਰੂਹਾਂ ਹੀ ਜੰਨਤ ਦੀਆਂ ਅਧਿਕਾਰੀ ਹੋਣਗੀਆਂ। ਇਸ ਲਈ ਕੁਰਆਨ ਵਿਚ ਸ਼ੈਤਾਨ ਤੋਂ ਬਚਣ ਲਈ ਅੱਲਾਹ ਤੋਂ ਪਨਾਹ ਮੰਗੀ ਗਈ ਹੈ:

> ਆਖੋ ਕਿ ਮੈਂ ਪਨਾਹ ਮੰਗਦਾ ਹਾਂ ਲੋਕਾਂ ਦੇ ਰੱਬ, ਲੋਕਾਂ ਦੇ ਪਾਤਸ਼ਾਹ ਤੇ ਲੋਕਾਂ ਦੇ ਸੱਚੇ ਇਸ਼ਟ ਦੀ ਉਸ ਭਰਮ-ਭੁਲੇਖੇ ਪਾਉਣ ਵਾਲੇ ਦੀ ਬੁਰਾਈ ਤੋਂ ਜਿਹੜਾ ਮੁੜ-ਮੁੜ ਪਰਤ ਕੇ ਆਉਂਦਾ ਹੈ। ਜਿਹੜਾ ਲੋਕਾਂ ਦੇ ਦਿਲਾਂ ਵਿਚ ਭਰਮ ਪਾਉਂਦਾ ਹੈ ਭਾਵੇਂ ਉਹ ਜਿੰਨਾਂ ਵਿਚੋਂ ਹੋਵੇ ਜਾਂ ਮਨੁੱਖਾਂ ਵਿੱਚੋਂ।[1]

ਇਸ ਤੁਕ ਵਿਚ ਆਏ ਸ਼ਬਦ ਜਿੰਨ ਤੋਂ ਭਾਵ ਉਹ ਬੁਰਾਈ ਹੈ ਜੋ ਨਜ਼ਰ ਨਹੀਂ ਆਉਂਦੀ ਅਤੇ ਮਨੁੱਖਾਂ ਤੋਂ ਭਾਵ ਉਹ ਬੁਰਾਈ ਹੈ ਜੋ ਵਿਅਕਤੀ ਰਾਹੀਂ ਕਿਸੇ ਨੇਕ ਦਿਲ ਵਿਚ ਪ੍ਰਵੇਸ਼ ਕਰਦੀ ਹੈ ਅਤੇ ਚੰਗਾ ਕੰਮ ਕਰਨ ਤੋਂ ਰੋਕਦੀ ਹੈ। ਹੁਣ ਅਸੀਂ ਵਾਰੀ-ਵਾਰੀ ਸਰੀਰ, ਸ਼ੈਤਾਨ ਅਤੇ ਰੂਹ ਉਪਰ ਵਿਚਾਰ ਕਰਾਂਗੇ:

### ਮਨੁੱਖਾ ਸਰੀਰ

ਪਵਿੱਤਰ ਕੁਰਆਨ ਵਿਚ ਮਨੁੱਖਾ ਜਨਮ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਬੰਦਗੀ ਹੁੰਦੀ ਹੀ ਸਰੀਰ

---

[1] ਅਬੁਲ ਆਲਾ ਮੌਦੂਦੀ, ਰਮਜ਼ਾਨ ਸਈਦ (ਅਨੁ.)*ਕੁਰਆਨ ਮਜੀਦ (ਪੰਜਾਬੀ)*, 114: 1-5.

**ਨੋਟ:** ਕੁਰਆਨ ਬਾਰੇ ਅੱਗੇ ਆਉਣ ਵਾਲੇ ਹਵਾਲੇ ਇਸ ਅਨੁਵਾਦ ਵਿੱਚੋਂ ਲਏ ਜਾਣਗੇ। ਸੂਰਤ ਅਤੇ ਆਇਤ ਨੂੰ ਸੂਰਤ ਨੰ. ਤੇ ਆਇਤ ਨੰ. ਪਾ ਕੇ ਅਤੇ ਕਿਸੇ ਕਥਨ ਨੂੰ ਪੰਨਿਆਂ ਅਧੀਨ ਦਿੱਤਾ ਗਿਆ ਹੈ।

ਨਾਲ ਹੈ। ਸਰੀਰ ਮਾਧਿਅਮ ਹੈ ਜਿਸ ਰਾਹੀਂ ਚੰਗੇ ਅਤੇ ਬੁਰੇ ਕਰਮ ਕੀਤੇ ਜਾਂਦੇ ਹਨ। ਕੁਰਆਨ ਵਿਚ ਮਨੁੱਖ ਦੀ ਹੋਂਦ ਅਤੇ ਮਕਸਦ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ- ਜਨਮ ਤੋਂ ਪਹਿਲਾਂ ਦੀ ਹਾਲਤ ਅਤੇ ਜਨਮ ਤੋਂ ਕਿਆਮਤ ਤੱਕ ਦੀ ਹਾਲਤ। ਸੱਯਦ ਅਬਦੁਲ ਲਤੀਫ਼ ਸਰੀਰ ਦੀ ਬਣਤਰ ਬਾਰੇ ਲਿਖਦੇ ਹਨ:

> ਕੁਰਆਨ ਵਿਚ ਮਨੁੱਖ ਦੀ ਜ਼ਿੰਦਗੀ ਨੂੰ ਦੋ ਵੱਡੇ ਹਿੱਸਿਆਂ ਵਿਚ ਵੰਡਿਆ ਹੈ। ਪਹਿਲੇ ਹਿੱਸੇ ਦੇ ਦੋ ਪੜਾਅ ਹਨ। ਪਹਿਲੇ ਪੜਾਅ ਵਿਚ ਮਨੁੱਖ ਦੀ ਬਣਤਰ ਯਕਦਮ ਹੋਈ ਜਿਵੇਂ ਹੋਰ ਜੀਵਾਂ ਦੀ ਹੋਈ ਹੈ। ਇਸ ਪੜਾਅ ਵਿਚ ਆਦਮ ਅਤੇ ਹਵਾ ਦਾ ਜ਼ਿਕਰ ਵੀ ਆਉਂਦਾ ਹੈ। ਦੂਜੇ ਪੜਾਅ ਵਿੱਚ ਹੌਲੀ-ਹੌਲੀ ਇਸ ਸਰੀਰ ਦੀ ਰਚਨਾ ਹੋਈ ਹੈ। ਇਸ ਪੜਾਅ ਵਿਚ ਮਾਂ ਦੇ ਗਰਭ ਤੋਂ ਲੈ ਕੇ ਮੌਤ ਤੱਕ ਦਾ ਜ਼ਿਕਰ ਹੈ।[2]

ਕੁਰਆਨ ਵਿਚ ਅਜਿਹੇ ਬੇਅੰਤ ਹਵਾਲੇ ਹਨ ਜਿਨ੍ਹਾਂ ਰਾਹੀਂ ਪਤਾ ਲੱਗਦਾ ਹੈ ਕਿ ਮਨੁੱਖੀ ਸਰੀਰ ਦੀ ਬਣਤਰ ਹੌਲੀ-ਹੌਲੀ ਹੋਈ ਹੈ:

> ਜਦੋਂ ਕਿ ਉਹਨੇ ਤਰ੍ਹਾਂ-ਤਰ੍ਹਾਂ ਨਾਲ ਤੁਹਾਨੂੰ ਸਾਜਿਆ ਹੈ। ਕੀ ਤੁਸੀਂ ਵੇਖਦੇ ਨਹੀਂ ਹੋ ਕਿ ਅੱਲਾਹ ਨੇ ਕਿਸ ਪ੍ਰਕਾਰ ਸੱਤ ਅਕਾਸ਼ ਉਪਰ ਥੱਲੇ ਬਣਾਏ ਹਨ ਅਤੇ ਉਹਨਾਂ ਵਿਚ ਚੰਨ ਨੂੰ ਚਾਨਣ ਤੇ ਸੂਰਜ ਨੂੰ ਦੀਵਾ ਬਣਾ ਛੱਡਿਆ ਹੈ? ਅੱਲਾਹ ਨੇ ਤੁਹਾਨੂੰ ਧਰਤੀਓ ਅਦਭੁਤ ਰੂਪ ਨਾਲ ਉਗਾਇਆ।[3]

ਅਤੇ

> ਅਸਾਂ ਮਨੁੱਖ ਨੂੰ ਮਿੱਟੀ ਦੇ ਸਤ ਤੋਂ ਸਾਜਿਆ ਫੇਰ ਉਸਨੂੰ ਇਕ ਸੁਰੱਖਿਅਤ ਥਾਂ ਟਪਕੀ ਹੋਈ ਬੂੰਦ ਵਿਚ ਤਬਦੀਲ ਕੀਤਾ, ਫਿਰ ਉਸ ਬੂੰਦ ਨੂੰ ਬੁੱਥ ਦਾ ਰੂਪ ਦਿੱਤਾ, ਫੇਰ ਬੁੱਥ ਨੂੰ ਬੋਟੀ ਬਣਾ ਦਿੱਤਾ ਫੇਰ ਬੋਟੀ ਦੀਆਂ ਹੱਡੀਆਂ ਬਣਾਈਆਂ, ਫੇਰ ਹੱਡੀਆਂ ਉੱਤੇ ਮਾਸ ਚੜ੍ਹਾਇਆ ਅਤੇ ਫੇਰ ਉਸਨੂੰ ਇਕ ਹੋਰ ਹੀ ਸਿਰਜਨਾ ਦਾ ਰੂਪ ਬਣਾ ਖੜ੍ਹਾ ਕੀਤਾ।[4]

> ਉਸਨੇ ਮਨੁੱਖ ਦੀ ਸਿਰਜਣਾ ਦਾ ਆਰੰਭ ਗਾਰੇ ਤੋਂ ਕੀਤਾ ਫੇਰ ਉਸ ਦਾ ਬੰਸ ਇਕ ਅਜਿਹੇ ਸਤ ਤੋਂ ਤੋਰਿਆ ਜਿਹੜਾ ਤੁੱਛ ਪਾਣੀ ਵਰਗਾ ਹੈ ਫੇਰ ਉਸਨੂੰ ਠੀਕ-ਠਾਕ ਕੀਤਾ ਅਤੇ ਉਸਦੇ ਅੰਦਰ ਆਪਣੀ ਰੂਹ ਫੂਕ ਦਿੱਤੀ ਅਤੇ ਤੁਹਾਨੂੰ ਕੰਨ ਦਿੱਤੇ, ਅੱਖਾਂ ਦਿੱਤੀਆਂ ਤੇ ਦਿਲ ਦਿੱਤੇ ਪਰ ਤੁਸੀਂ ਲੋਕ ਘੱਟ ਹੀ ਧੰਨਵਾਦੀ ਹੁੰਦੇ ਹੋ।[5]

ਸੂਰਤ ਅਲ-ਫ਼ੁਰਕਾਨ ਵਿਚ ਜ਼ਿਕਰ ਹੈ:

> ਉਹੀ ਹੈ ਜਿਸਨੇ ਪਾਣੀ ਤੋਂ ਇਕ ਮਨੁੱਖ ਸਾਜਿਆ। ਫੇਰ ਉਸ ਤੋਂ ਬੰਸ ਤੇ ਸਹੁਰਿਆਂ ਦੇ ਦੋ ਅੱਡ-ਅੱਡ ਸਿਲਸਿਲੇ ਚਲਾਏ। ਤੇਰਾ ਰੱਬ ਬਹੁਤ ਹੀ ਸਮਰੱਥਾਵਾਨ ਹੈ।[6]

---

[2] The Qura'n divides the course of human life into two broad periods. The first period consists of two stages one is the stage of man in the making. This is the stage of evolution of the biblical Adam and Eve. The second stage is the stage of their reproduction and multipication. What follows thereafter, from the emergence of the child from Its mother's womb till it grows and crosses according to the Qura'n the threshold of death, to pass on into a further phase of life, is covered by the second period of life. Syed Abdul Latif, *Approach to the study of Qura'n,* P-11.

[3] 71:14-17.

[4] 23:12-14.

[5] 32:8-9.

[6] 25:54.

ਦੂਜੇ ਪੜਾਅ ਵਿਚ ਮਨੁੱਖ ਦਾ ਜਨਮ ਤੋਂ ਮੌਤ ਅਤੇ ਮੌਤ ਤੋਂ ਕਿਆਮਤ ਤੱਕ ਦਾ ਹਾਲ ਬਿਆਨ ਕੀਤਾ ਗਿਆ ਹੈ। ਜਨਮ ਅਤੇ ਮੌਤ ਆਮ ਘਟਨਾਵਾਂ ਨਹੀਂ ਹਨ। ਇਨ੍ਹਾਂ ਪਿੱਛੇ ਖਾਸ ਮਕਸਦ ਹੈ ਜੋ ਮਨੁੱਖ ਜਨਮ ਧਾਰਨ ਤੋਂ ਬਾਅਦ ਬੰਦਗੀ ਨਹੀਂ ਕਰਦੇ ਉਨ੍ਹਾਂ ਨੂੰ ਕੁਰਆਨ ਨੇ ਲਾਹਨਤਾਂ ਪਾਈਆਂ ਹਨ। ਇਕ ਦਿਨ ਸਾਡਾ ਮਾਲ, ਦੌਲਤ ਕਿਸੇ ਕੰਮ ਨਹੀਂ ਆਵੇਗਾ। ਕੁਰਆਨ ਵਿਚ ਵਾਰ-ਵਾਰ ਮਨੁੱਖ ਨੂੰ ਰੱਬ ਦੇ ਅਹਿਸਾਨਾਂ ਪ੍ਰਤੀ ਸੁਚੇਤ ਹੋਣ ਦਾ ਹੁਕਮ ਦਿੱਤਾ ਗਿਆ ਹੈ। ਰੱਬ ਨੇ ਪਸ਼ੂਆਂ ਵਿਚ ਵੀ ਮਨੁੱਖਾਂ ਲਈ ਇਹ ਚੰਗਿਆਈ ਦਿੱਤੀ ਹੈ ਕਿ ਗੋਹੇ ਅਤੇ ਖ਼ੂਨ ਵਿਚਾਲੇ ਦੁੱਧ ਦਿੱਤਾ ਜੋ ਪੀਣ ਨੂੰ ਸੁਆਦਲਾ ਹੈ:

> ਤੁਹਾਡੇ ਲਈ ਪਸ਼ੂਆਂ ਵਿਚ ਵੀ ਇਕ ਸਿੱਖਿਆ ਮੌਜੂਦ ਹੈ। ਉਹਨਾਂ ਦੇ ਢਿੱਡਾਂ ਵਿਚੋਂ ਗੋਹੇ ਤੇ ਲਹੂ ਦੇ ਵਿਚਾਲਿਓ ਅਸੀਨ ਇਕ ਚੀਜ਼ ਤੁਹਾਨੂੰ ਪਿਆਉਂਦੇ ਹਾਂ, ਅਰਥਾਤ ਖਾਲਸ ਦੁੱਧ, ਜਿਹੜਾ ਪੀਣ ਲਈ ਅਤਿਅੰਤ ਸੁਆਦਲਾ ਹੈ।[7]

ਸਰੀਰ, ਰੂਹ ਅਤੇ ਜਿਸਮ ਦਾ ਸੁਮੇਲ ਹੈ। ਨਦਵੀ ਲਿਖਦਾ ਹੈ ਕਿ ਮਨੁੱਖ, ਸਰੀਰ ਅਤੇ ਆਤਮਾ ਦੇ ਸੁਮੇਲ ਤੋਂ ਬਣਿਆ ਹੈ। ਆਤਮਾ ਸਰੀਰ ਨੂੰ ਉਸਦੇ ਮੂਲ ਵੱਲ ਧੱਕਦੀ ਹੈ ਅਤੇ ਉਸਦੀ ਅਸਲੀਅਤ ਬਾਰੇ ਦੱਸਦੀ ਹੈ।[8] ਰੱਬ ਨੇ ਆਦਮ ਦੀ ਸੰਤਾਨ ਨੂੰ ਖਾਣ ਵਾਲੀ ਹਰ ਸ਼ੈਅ ਬੜੀ ਤਹਿਜ਼ੀਬ ਨਾਲ ਲਪੇਟ ਕੇ ਦਿੱਤੀ ਹੈ। ਵਸਤੂਆਂ ਨੂੰ ਖੁਲ੍ਹੇਆਮ ਨਹੀਂ ਸੁੱਟ ਦਿੱਤਾ। ਕੇਲੇ ਨੂੰ ਛਿਲਕਾ, ਸੇਬ ਨੂੰ ਛਿਲਕਾ, ਕਣਕ ਦੀ ਬੱਲੀ, ਝੋਨਾ ਆਦਿਕ ਸਾਰੀਆਂ ਖਾਣ ਦੀਆਂ ਵਸਤੂਆਂ ਨੂੰ ਵਧੀਆ ਤਰੀਕੇ ਨਾਲ ਆਦਮ ਦੀ ਸੰਤਾਨ ਨੂੰ ਪੇਸ਼ ਕੀਤਾ ਹੈ:

> ਧਰਤੀ ਨੂੰ ਉਸਨੇ ਸਾਰੀ ਖਲਕਤ ਲਈ ਬਣਾਇਆ ਇਸ ਵਿਚ ਹਰੇਕ ਭਾਂਤ ਦੇ ਬਹੁਤ ਸਾਰੇ ਸੁਆਦਲੇ ਫ਼ਲ ਹਨ। ਖਜੂਰ ਦੇ ਰੁੱਖ ਹਨ ਜਿਹਨ੍ਹਾਂ ਦੇ ਫਲ ਗਲਾਫ਼ਾਂ ਵਿਚ ਵਲੇਟੇ ਹੋਏ ਹਨ। ਭਾਂਤ-ਭਾਂਤ ਦੇ ਅਨਾਜ ਹਨ ਜਿਹਨਾਂ ਵਿਚ ਤੂੜੀ ਵੀ ਹੁੰਦੀ ਹੈ ਤੇ ਦਾਣਾ ਵੀ, ਸੋ ਹੇ ਜਿੰਨੋ ਤੇ ਮਨੁੱਖੋਂ! ਤੁਸੀਂ ਆਪਣੇ ਰੱਬ ਦੀਆਂ ਕਿਹੜੀਆਂ-ਕਿਹੜੀਆਂ ਨਿਆਮਤਾਂ ਨੂੰ ਝੁਠਲਾਉਗੇ।[9]

ਕੁਰਆਨ ਦੱਸਦਾ ਹੈ:

> ਕੀ ਮਨੁੱਖ ਨੇ ਇਹ ਸਮਝ ਰੱਖਿਆ ਹੈ ਕਿ ਉਸਨੂੰ ਐਵੇਂ ਬੇਸਹਾਰਾ ਹੀ ਛੱਡ ਦਿੱਤਾ ਜਾਵੇਗਾ? ਕੀ ਉਹ ਵੀਰਜ ਦੀ ਇਕ ਤੁੱਛ ਜਿਹੀ ਬੂੰਦ ਨਹੀਂ ਸੀ। ਜੋ (ਮਾਂ ਦੇ ਗਰਭਾਸ ਵਿਚ) ਟਪਕਾਈ ਜਾਂਦੀ ਹੈ? ਫੇਰ ਉਹ ਇਕ ਲਹੂ ਦੀ ਫੁਟਕੀ ਬਣਿਆ। ਫੇਰ ਅੱਲਾਹ ਨੇ ਉਸਦਾ ਸਰੀਰ ਬਣਾਇਆ ਤੇ ਉਸਦੇ ਅੰਗ ਠੀਕ-ਠਾਕ ਕੀਤੇ। ਫੇਰ ਉਸ ਤੋਂ ਪੁਰਸ਼ ਤੇ ਇਸਤਰੀ ਦੀਆਂ ਦੋ ਕਿਸਮਾਂ ਬਣਾਈਆਂ। ਕੀ ਉਸਨੂੰ ਇਸ ਦੀ ਸਮਰੱਥਾ ਪ੍ਰਾਪਤ ਨਹੀਂ ਹੈ ਕਿ ਮੋਇਆਂ ਨੂੰ ਮੁੜ ਸੁਰਜੀਤ ਕਰ ਦੇਵੇ?[10]

---

7 16:66

8 Man is a Combination of body and soul. The soul pulls him towards its origin and reminds him of his destiny. Abul Hasan Ali Nadwi, *The Four pillars of Islam,* p-168.

9 55:10-13.

10 75: 36-40.

ਅਸੀਂ ਜਨਮ ਤੋਂ ਮੌਤ ਦੇ ਦਰਮਿਆਨ ਦੇ ਸਮੇਂ ਨੂੰ ਜ਼ਿੰਦਗੀ ਕਹਿੰਦੇ ਹਾਂ ਪਰ ਕੁਰਆਨ ਵਿਚ ਮੌਤ ਤੋਂ ਬਾਅਦ ਦਾ ਜੀਵਨ ਵੀ ਦੱਸਿਆ ਗਿਆ ਹੈ। ਜੋ ਲੋਕ ਹੁਣ ਨੇਕੀ ਕਰਦੇ ਹਨ, ਆਪਣਾ ਮਾਲ ਲੋੜਵੰਦਾਂ ਵਿਚ ਵੰਡਦੇ ਹਨ, ਵਿਆਜ਼ ਨਹੀਂ ਲੈਂਦੇ ਅਜਿਹੇ ਭਲੇ ਪੁਰਸ਼ਾਂ ਨੂੰ ਆਖ਼ਰਤ ਵਾਲੇ ਦਿਨ ਨਿਵਾਜਿਆ ਜਾਵੇਗਾ:

> ਅਸਾਂ ਤੁਹਾਨੂੰ ਪੈਦਾ ਕੀਤਾ ਹੈ। ਫੇਰ ਕਿਉਂ ਤੁਸੀਂ ਸੱਚ ਕਰਕੇ ਨਹੀਂ ਮੰਨਦੇ? ਕਦੇ ਤੁਸੀਂ ਸੋਚਿਆ ਹੈ ਕਿ ਇਹ ਵੀਰਜ ਤੁਸੀਂ ਡੇਗਦੇ ਹੋ? ਇਸ ਤੋਂ ਬੱਚਾ ਤੁਸੀਂ ਬਣਾਉਂਦੇ ਹੋ? ਜਾਂ ਉਸ ਦੇ ਰਚਨਾਹਾਰ ਅਸੀਂ ਹਾਂ? ਅਸੀਂ ਤੁਹਾਡੇ ਵਿਚਾਲੇ ਮੌਤ ਦੀ ਵੰਡ ਕੀਤੀ ਹੈ ਅਤੇ ਇਸ ਗੱਲੋਂ ਬੇਵੱਸ ਨਹੀਂ ਹਾਂ ਕਿ ਤੁਹਾਡੇ ਰੂਪ ਬਦਲ ਦੇਈਏ ਤੇ ਕਿਸੇ ਅਜਿਹੇ ਰੂਪ ਵਿਚ ਤੁਹਾਨੂੰ ਪੈਦਾ ਕਰ ਦੇਈਏ ਜਿਸ ਨੂੰ ਤੁਸੀਂ ਨਹੀਂ ਜਾਣਦੇ। ਆਪਣੀ ਪਹਿਲੀ ਪੈਦਾਇਸ਼ ਤੋਂ ਤਾਂ ਤੁਸੀਂ ਜਾਣੂ ਹੀ ਹੋ, ਫੇਰ ਕਿਉਂ ਸਿੱਖਿਆ ਗ੍ਰਹਿਣ ਨਹੀਂ ਕਰਦੇ?[11]

ਬਚਪਨ ਤੋਂ ਜੁਆਨੀ ਅਤੇ ਜੁਆਨੀ ਤੋਂ ਬੁਢਾਪਾ ਹੀ ਇਸ ਮਨੁੱਖ ਦੇ ਸਰੀਰ ਦਾ ਵਿਕਾਸ ਹੈ। ਕੁਰਆਨ ਦਾ ਕਥਨ ਹੈ:

> ਸੋ ਨਹੀਂ, ਮੈਂ ਸਹੁੰ ਖਾਂਦਾ ਹਾਂ ਸੰਝ ਵੇਲੇ ਦੀ ਲਾਲੀ ਦੀ, ਰਾਤ ਦੀ ਤੇ ਉਸ ਕਾਸੇ ਦੀ ਜੋ ਕੁਝ ਉਹ ਸਮੇਟ ਲੈਂਦੀ ਹੈ ਅਤੇ ਚੰਨ ਦੀ ਜਦ ਕਿ ਉਹ ਪੂਰਨਮਾਸ਼ੀ ਦਾ ਚੰਨ ਬਣ ਜਾਂਦਾ ਹੈ। ਤੁਸਾਂ ਜ਼ਰੂਰ ਦਰਜਾ-ਬਦਰਜਾ ਇਕ ਹਾਲਤ ਤੋਂ ਦੂਜੀ ਹਾਲਤ ਵੱਲ ਲੰਘਦੇ ਚਲੇ ਜਾਣਾ ਹੈ।[12]

ਇਸ ਦਾ ਖੁਲਾਸਾ ਇਸ ਪ੍ਰਕਾਰ ਹੈ:

> ਅਰਥਾਤ ਤੁਸਾਂ ਇਕ ਦਸ਼ਾ ਵਿਚ ਨਹੀਂ ਰਹਿਣਾ, ਸਗੋਂ ਜਵਾਨੀ ਤੋਂ ਬੁਢੇਪਾ, ਬੁਢੇਪੇ ਤੋਂ ਮੌਤ, ਮੌਤ ਤੋਂ ਬਰਜ਼ਖ (ਮੌਤ ਤੇ ਕਿਆਮਤ ਦੇ ਵਿਚਕਾਰਲਾ ਸਮਾਂ) ਬਰਜ਼ਖ ਤੋਂ ਪੁਨਰ ਜੀਵਨ, ਪੁਨਰ ਜੀਵਨ ਤੋਂ ਹਸ਼ਰ (ਸਮੂਹ ਮਨੁੱਖ-ਜਾਤੀ ਦੇ ਇਕੱਤਰ ਹੋਣ ਦਾ ਮੈਦਾਨ, ਫੇਰ ਲੇਖਾ-ਜੋਖਾ ਤੇ ਫੇਰ ਇਨਾਮ ਤੇ ਸਜ਼ਾ ਦੇ ਅਣਗਿਣਤ ਪੜਾਵਾਂ ਚੋਂ ਜ਼ਰੂਰ ਹੀ ਤੁਹਾਨੂੰ ਲੰਘਣਾ ਪਵੇਗਾ। ਇਸ ਗੱਲ 'ਤੇ ਤਿੰਨ ਚੀਜ਼ਾਂ ਦੀ ਸਹੁੰ ਖਾਧੀ ਗਈ ਹੈ ਸੂਰਜ ਛਿਪਣ ਮਗਰੋਂ ਸੰਝ ਵੇਲੇ ਦੀ ਲਾਲੀ, ਦਿਨ ਪਿਛੋਂ ਰਾਤ ਦਾ ਹਨੇਰਾ ਅਤੇ ਉਸ ਵਿਚ ਉਨ੍ਹਾਂ ਬਹੁਤ ਸਾਰੇ ਮਨੁੱਖਾਂ ਤੇ ਜਾਨਵਰਾਂ ਦਾ ਸਿਮਟ ਆਉਣਾ ਜਿਹੜੇ ਦਿਨ ਵੇਲੇ ਧਰਤੀ ਉੱਤੇ ਫੈਲੇ ਰਹਿੰਦੇ ਹਨ ਅਤੇ ਏਕਮ ਦੇ ਚੰਨ ਦਾ ਦਰਜਾ-ਬਦਰਜਾ ਵਧ ਕੇ ਪੂਰਨਮਾਸ਼ੀ ਦੇ ਚੰਨ ਦਾ ਰੂਪ ਧਾਰਨਾ। ਜਾਣੋ ਇਹ ਕੁਝ ਉਹ ਚੀਜ਼ਾਂ ਹਨ ਜਿਹੜੀਆਂ ਇਸ ਗੱਲ ਦੀ ਐਲਾਨੀਆ ਗਵਾਹੀਆਂ ਦੇ ਰਹੀਆਂ ਹਨ ਕਿ ਜਿਸ ਜਗਤ ਵਿਚ ਮਨੱਖ ਦਾ ਵਾਸਾ ਹੈ ਉਸ ਵਿਚ ਕਿਤੇ ਕੋਈ ਠਹਿਰਾਅ ਨਹੀਂ ਹੈ। ਇਕ ਲਗਾਤਾਰ ਰੂਪਾਂਤਰ ਤੇ ਦਰਜਾ-ਬਦਰਜਾ ਤਬਦੀਲੀ ਹਰ ਪਾਸੇ ਵੇਖਣ ਵਿਚ ਆਉਂਦੀ ਹੈ। ਸੋ ਕਾਫਿਰਾਂ ਦਾ ਇਹ ਖਿਆਲ ਸਹੀ ਨਹੀਂ ਹੈ ਕਿ ਮੌਤ ਦੀ ਆਖਰੀ ਹਿਚਕੀ ਦੇ ਨਾਲ ਹੀ ਸਾਰਾ ਝਗੜਾ ਝੇੜਾ ਮੁੱਕ ਜਾਵੇਗਾ।[13]

ਲਤੀਫ਼ ਨੇ ਜ਼ਿੰਦਗੀ ਦੇ ਨੂੰ ਇੱਛਾ ਦੀ ਅਤੇ ਕਰਮ ਦੀ ਆਜ਼ਾਦੀ ਦਾ ਨਾਮ ਦਿੱਤਾ ਹੈ ਜੋ ਮਨੁੱਖ ਲਈ ਸੰਤੁਲਿਨ ਸਥਾਪਿਤ ਕਰਦੀ ਹੈ।[14] ਉਪਰੋਕਤ ਸੰਖੇਪ ਚਰਚਾ ਵਿਚੋਂ ਜੋ ਗੱਲ ਨਿਕਲ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਮਨੁੱਖੀ ਜ਼ਿੰਦਗੀ ਪੜਾਅ-ਦਰ ਪੜਾਅ ਵਿਕਾਸ ਕਰਦੀ ਹੈ। ਸਰੀਰ ਦਾ ਵਿਨਾਸ ਇਸ ਪੜਾਅ ਦਾ ਅੰਗ ਹੈ ਅੰਤ ਨਹੀਂ। ਹੁਣ ਗੱਲ ਆਉਂਦੀ ਹੈ ਕਿ ਫੇਰ ਮਨੁੱਖ ਕੀ ਕਰੇ? ਕੁਰਆਨ ਅਨੁਸਾਰ ਮਨੁੱਖ, ਮਨੁੱਖ ਬਣ ਕੇ ਦਿਖਾਵੇ ਅਤੇ ਆਪਣੇ ਮੂਲ ਨੂੰ ਪਛਾਣੇ। ਕੁਰਆਨ ਵਿਚ ਮਨੁੱਖ

---

11 56: 57-62.

12 84:16-19.

13 *ਕੁਰਆਨ ਮਜੀਦ,* ਫੁਟ ਨੋਟ ਨੰ: 6, ਪੰਨਾ-1119.

14 It is the stage of freedom of will and action of willing co-operation with the laws of life, helped by the balance set in the nature of man. Syed abdul latif, *op.cit,* p-14.

ਦਾ ਮੂਲ ਆਦਮ ਦਾ ਰਸਤਾ ਹੈ। ਇਹ ਹੀ ਬੰਦਗੀ ਦਾ ਰਸਤਾ ਹੈ। ਇਸਨੂੰ ਹੀ ਸਿੱਧਾ ਰਸਤਾ ਅਤੇ *ਰਾਹ-ਏ-ਰਾਸਤ* ਆਖਦੇ ਹਨ। ਇਸਲਾਮ ਇਸ ਰਾਹ 'ਤੇ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਜ਼ਿਆ-ਉਲ-ਹੱਕ ਲਿਖਦੇ ਹਨ:

> ਜੇਕਰ ਮਨੁੱਖ ਆਪਣੀਆਂ ਪਸ਼ੂ ਬਿਰਤੀਆਂ ਅਤੇ ਜੰਗਲੀ ਸੁਭਾਅ ਨੂੰ ਕਾਬੂ ਵਿਚ ਕਰੇਗਾ। ਜੇਕਰ ਉਹ ਬੁਰਾਈ ਤੋਂ ਦੂਰ ਹੋਵੇ ਅਤੇ ਸਿੱਧੇ ਰਸਤੇ 'ਤੇ ਚੱਲੇ ਤਾਂ ਉਸਦੇ ਵਿਚੋਂ ਗੁਣ ਪ੍ਰਗਟ ਹੋਣਗੇ, ਉਸ ਵਿਚ ਭਾਵਨਾਵਾਂ ਨੂੰ ਸਮਝਣ ਦੀ ਸਮਰੱਥਾ ਪ੍ਰਫੁਲਿਤ ਹੋਵੇਗੀ।[15]

ਅੱਲਾਹ ਨੇ ਮਨੁੱਖ ਨੂੰ ਫੈਸਲਾ ਲੈਣ ਦੀ ਆਜ਼ਾਦੀ ਦਿੱਤੀ ਹੈ। ਇਸ ਆਜ਼ਾਦੀ ਦੌਰਾਨ ਲਏ ਫੈਸਲਿਆਂ ਦਾ ਜ਼ਿੰਮੇਵਾਰ ਮਨੁੱਖ ਹੀ ਹੈ:

> ਕੁਰਆਨ ਅਨੁਸਾਰ ਰੱਬ ਦੀ ਤਾਬੇਦਾਰੀ ਇਹ ਹੈ ਕਿ ਮਨੁੱਖ ਆਪਣੇ ਆਪ ਨੂੰ ਸਾਰੀਆਂ ਬੁਰਾਈਆਂ ਤੋਂ ਪਾਕ ਕਰੇ ਜੇਕਰ ਉਹ ਸੱਚਾਈ ਦਾ ਰਸਤਾ ਚੁਣੇ ਤਾਂ ਇਹ ਮਨੁੱਖ ਨੂੰ ਬਦਲੇਗਾ ਅਤੇ ਉਸ ਵਿਚ ਅੰਦਰੂਨੀ ਤੌਰ 'ਤੇ ਨੈਤਿਕਤਾ ਅਤੇ ਰੂਹਾਨੀ ਸ਼ਕਤੀਆਂ ਸ਼ਾਮਿਲ ਹੋਣਗੀਆਂ। ਉਸ ਕੋਲ ਦੋ ਰਸਤੇ ਹਨ: ਇਕ ਰਸਤਾ ਬੁਰਾਈ ਦਾ ਅਤੇ ਇਕ ਰਸਤਾ ਸੱਚਾਈ ਦਾ ਹੈ। ਮਨੁੱਖ ਦੋਹਾਂ ਵਿਚ ਚੋਣ ਕਰਨ ਲਈ ਆਜ਼ਾਦ ਹੈ। ਉਹ ਆਪਣੇ ਕਰਮਾਂ ਲਈ ਆਪ ਜ਼ਿੰਮੇਵਾਰ ਹੈ।[16]

ਮਨੁੱਖਾਂ ਦੀ ਅਤੇ ਪਸ਼ੂਆਂ ਦੀ ਸਿਰਜਣਾ ਇੱਕ ਜਿੰਦ ਤੋਂ ਹੋਈ ਹੈ:

> ਉਸਨੇ ਤੁਹਾਨੂੰ ਇੱਕ ਜਿੰਦ ਤੋਂ ਸਾਜਿਆ, ਫੇਰ ਉਹੀ ਹੈ ਜਿਸਨੇ ਉਸ ਜਿੰਦ ਤੋਂ ਉਸਦਾ ਜੋੜਾ ਬਣਾਇਆ ਅਤੇ ਉਸਨੇ ਤੁਹਾਡੇ ਲਈ ਡੰਗਰਾਂ ਪਸ਼ੂਆਂ ਵਿੱਚੋਂ ਅੱਠ ਨਰ ਤੇ ਮਦੀਨ ਪੈਦਾ ਕੀਤੇ। ਉਹ ਤੁਹਾਡੀਆਂ ਮਾਵਾਂ ਦੇ ਢਿੱਡਾਂ ਵਿੱਚ ਤਿੰਨ-ਤਿੰਨ ਹਨੇਰੇ ਪੜ੍ਹਦਿਆਂ ਅੰਦਰ ਤੁਹਾਨੂੰ ਇੱਕ ਤੋਂ ਮਗਰੋਂ ਇੱਕ ਰੂਪ ਦਿੰਦਾ ਚਲਿਆ ਜਾਂਦਾ ਹੈ।[17]

ਅੱਠ ਨਰ ਤੇ ਮਦੀਨ ਹਨ- ਊਠ-ਊਠਣੀ, ਗਊ-ਬੈਲ, ਭੇਡ-ਭੇਡੂ, ਬੱਕਰੀ-ਬੱਕਰਾ। ਤਿੰਨ ਪੜ੍ਹਦਿਆਂ ਦਾ ਭਾਵ ਹੈ ਢਿੱਡ, ਗਰਭਾਸ ਤੇ ਆਉਲ ਉਹ ਝਿੱਲੀ ਜਿਸ ਵਿਚ ਬੱਚਾ ਲਿਪਟਿਆ ਹੁੰਦਾ ਹੈ।[18]

**ਸ਼ੈਤਾਨ**

ਰੱਬ ਨੇ ਸ਼ੈਤਾਨ ਨੂੰ ਅੱਗ ਦੀ ਲਾਟ ਤੋਂ ਸਾਜਿਆ ਹੈ। ਉਸ ਨੇ ਪ੍ਰਣ ਕੀਤਾ ਸੀ ਕਿ ਉਹ ਆਦਮ ਦੀ ਸੰਤਾਨ ਨੂੰ ਭਰਮਾਵੇਗਾ ਅਤੇ ਅੱਲਾਹ ਦੇ ਰਾਹ 'ਤੇ ਨਹੀਂ ਚੱਲਣ ਦੇਵੇਗਾ। ਕੁਰਆਨ ਵਾਰ-ਵਾਰ ਸ਼ੈਤਾਨ ਤੋਂ ਬਚਣ ਲਈ ਕਹਿੰਦਾ ਹੈ। ਸ਼ੈਤਾਨ ਅਨੇਕ ਤਰੀਕਆਂ ਨਾਲ ਲੋਕਾਂ ਨੂੰ ਭਰਮਾ ਰਿਹਾ ਹੈ। ਕਦੇ ਇਹ ਅਮੀਰੀ ਦਾ ਲਾਲਚ ਦਿੰਦਾ ਹੈ, ਕਦੇ ਗ਼ਰੀਬੀ ਤੋਂ ਡਰਾਉਂਦਾ ਹੈ, ਕਦੇ ਨਫ਼ਰਤ ਇਸ ਕਦਰ ਵਧਾ ਦਿੰਦਾ ਹੈ

---

15 If man can control his animal instinits and wild passions, i.e. if he can shurns evil and walks on the straight path of goodness he can develop his talents, resoures and Lapabilities of his emotion, intellect conscience and reason. Ziaul-Haque, *op.cit*, P.109.

16 Sincerity of God according to the Qura'n means that man can purify himself from all stains of evil and free himself from all templations and Transforms inner moral and spiritual Faculties and powers of man. He has two paths before him: the path of evil and the path of truth. He is free to choose. He is responsible for his actions. *Ibid,* P-107.

17 39:6

18 *ਕੁਰਆਨ ਮਜੀਦ*, ਫੁਟ ਨੋਟ ਨੰ.2, ਪੰਨਾ 790.

ਕਿ ਮਨੁੱਖ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਕਤਲ ਕਰਨ ਲੱਗਿਆਂ ਨਹੀਂ ਸੋਚਦਾ। ਜਿੰਨ ਅਤੇ ਸ਼ੈਤਾਨ ਇੱਕ ਹਨ ਪਰ ਉਹ ਜਿੰਨ ਜਿੰਨ੍ਹਾਂ ਰੱਬ ਦਾ ਵਿਰੋਧ ਕੀਤਾ ਹੈ, ਉਹ ਸ਼ੈਤਾਨ ਕਹਾਏ ਹਨ:

> ਜਿੰਨ ਰੱਬ ਦੇ ਵਫ਼ਾਦਾਰ ਹਨ ਪਰ ਜਿੰਨਾਂ ਵਿਚੋਂ ਜਿਨ੍ਹਾਂ ਨੇ ਮੁਖਾਲਫਤ ਕੀਤੀ ਉਹ ਸ਼ੈਤਾਨ ਹਨ। ਸ਼ੈਤਾਨਾਂ ਵਿਚੋਂ ਅਸਾਂ ਅਜਿਹੇ ਬਥੇਰਿਆਂ ਨੂੰ ਉਸਦਾ ਤਾਬਿਆਦਾਰ ਬਣਾ ਦਿੱਤਾ ਸੀ ਜਿਹੜੇ ਉਸ ਲਈ ਚੁੱਭੀਆਂ ਮਾਰਦੇ ਤੇ ਇਸਤੋਂ ਛੁੱਟ ਹੋਰ ਕੰਮ ਵੀ ਕਰਦੇ ਸਨ। ਇਹਨਾਂ ਸਾਰਿਆਂ ਦੀ ਨਿਗਰਾਨੀ ਕਰਨ ਵਾਲੇ ਅਸੀਂ ਹੀ ਸਾਂ।[19]

ਸਿੱਧੇ ਰਾਹ ਦੀ ਤਾਬੇਦਾਰੀ ਜਿੰਨਾਂ ਨੇ ਵੀ ਕੀਤੀ। ਕੁਰਆਨ ਵਿਚ ਇਸ ਘਟਨਾ ਬਾਰੇ ਜਾਣਕਾਰੀ ਮਿਲਦੀ ਹੈ ਕਿ ਤਾਇਫ਼ ਤੋਂ ਮੱਕੇ ਪਰਤਦਿਆਂ ਰਸਤੇ ਵਿਚ ਹਜ਼ਰਤ ਮੁਹੰਮਦ (ਸ.) ਨੇ ਕੁਰਆਨ ਪੜ੍ਹੀ ਤਾਂ ਜਿੰਨਾਂ ਦੇ ਇੱਕ ਟੋਲੇ ਨੇ ਨਮਾਜ਼ ਸੁਣੀ ਅਤੇ ਈਮਾਨ ਲੈ ਆਏ। ਇਸ ਗੱਲ ਦਾ ਮੁਹੰਮਦ (ਸ.) ਨੂੰ ਕੁਰਆਨ ਰਾਹੀਂ ਪਤਾ ਲੱਗਾ :

> ਉਹਨਾਂ ਜਾ ਕੇ ਆਖਿਆ (ਭਾਵ ਜਿੰਨਾਂ ਨੇ ਆਪਣੇ ਭਾਈਚਾਰੇ ਵਿਚ ਜਾ ਕੇ ਕਿਹਾ) ਹੇ, ਸਾਡੀ ਕੌਮ ਵਾਲਿਓ! ਅਸੀਂ ਇਕ ਕਿਤਾਬ ਸੁਣੀ ਹੈ ਜਿਹੜੀ ਮੂਸਾ ਦੇ ਪਿੱਛੋਂ ਉਤਾਰੀ ਗਈ ਹੈ, ਆਪਣੇ ਤੋਂ ਪਹਿਲਾਂ ਆਈਆਂ ਹੋਈਆਂ ਕਿਤਾਬਾਂ ਦੀ ਪੁਸ਼ਟੀ ਕਰਦੀ ਹੈ ਅਤੇ ਸਚਾਈ ਤੇ ਸਿੱਧੇ ਰਾਹ ਵੱਲ ਅਗਵਾਈ ਕਰਦੀ ਹੈ।[20]

ਜਿੰਨ ਵੀ ਰੱਬ ਦੀ ਮਖਲੂਕ ਹਨ। ਉਹ ਦਿਸਦੇ ਨਹੀਂ ਪਰ ਰੱਬ ਦੇ ਆਗਿਆਕਾਰ ਹਨ। ਕੁਰਆਨ ਦੱਸਦਾ ਹੈ ਕਿ ਸ਼ੈਤਾਨ ਮਨੁੱਖ ਦਾ ਮੁੱਢ ਤੋਂ ਵੈਰੀ ਹੈ। ਉਸਨੇ ਹੀ ਆਦਮ ਅਤੇ ਹਵਾ ਨੂੰ ਸਵਰਗ ਵਿਚੋਂ ਕਢਵਾਇਆ ਸੀ। ਉਹ ਅਜੇ ਵੀ ਮਨੁੱਖਤਾ ਦੇ ਪਿੱਛੇ ਪਿਆ ਹੈ ਇਸ ਲਈ ਤੁਸੀਂ ਉਸਦੇ ਪਿੱਛੇ ਨਾ ਲੱਗਣਾ:

> ਹੇ ਆਦਮ ਦੇ ਪੁੱਤਰੋ! ਇਉਂ ਨਾ ਹੋਵੇ ਕਿ ਸ਼ੈਤਾਨ ਤੁਹਾਨੂੰ ਫੇਰ ਉਸੇ ਤਰ੍ਹਾਂ ਅਜਮਾਇਸ਼ ਵਿੱਚ ਪਾ ਦੇਵੇ ਜਿਸ ਤਰ੍ਹਾਂ ਉਸਨੇ ਤੁਹਾਡੇ ਮਾਪਿਆਂ ਨੂੰ ਸਵਰਗ ਚੋਂ ਕਢਵਾਇਆ ਸੀ ਅਤੇ ਉਹਨਾਂ ਦੇ ਲਿਬਾਸ ਉਹਨਾਂ ਤੋਂ ਲੁਕਾ ਦਿੱਤੇ ਸਨ ਤਾਂ ਜੋ ਉਹਨਾਂ ਦੇ ਨੰਗੇਜ਼ ਨੂੰ ਇੱਕ ਦੂਜੇ ਦੇ ਸਾਹਮਣੇ ਪਰਗਟ ਕਰ ਦੇਵੇ। ਉਹ ਤੇ ਉਹਦੇ ਸਾਥੀ ਤੁਹਾਨੂੰ ਅਜਿਹੀ ਥਾਂ ਤੋਂ ਵੇਖਦੇ ਹਨ ਜਿਥੋਂ ਤੁਸੀਂ ਉਹਨਾਂ ਨੂੰ ਨਹੀਂ ਵੇਖ ਸਕਦੇ। ਇਹਨਾਂ ਸ਼ੈਤਾਨਾਂ ਨੂੰ ਅਸੀਂ ਉਹਨਾਂ ਲੋਕਾਂ ਦਾ ਸਰਪ੍ਰਸਤ ਬਣਾ ਦਿੱਤਾ ਹੈ। ਜਿਹੜੇ ਈਮਾਨ ਨਹੀਂ ਲਿਆਉਂਦੇ।[21]

ਰੱਬ ਦਾ ਜ਼ਿਕਰ ਨਾ ਕਰਨ ਵਾਲੇ ਸ਼ੈਤਾਨ ਦੇ ਬੰਦੇ ਹਨ:

> ਸ਼ੈਤਾਨ ਉਹਨਾਂ ਉੱਤੇ ਕਾਬੂ ਪਾ ਚੁੱਕਾ ਹੈ ਅਤੇ ਉਸ ਨੇ ਅੱਲਾਹ ਦੀ ਯਾਦ ਉਹਨਾਂ ਦੇ ਦਿਲੋਂ ਭੁਲਾ ਛੱਡੀ, ਸ਼ੈਤਾਨ ਦੀ ਪਾਰਟੀ ਦੇ ਲੋਕ ਹਨ।[22]

ਮਨੁੱਖ ਅੰਦਰ ਪੈਦਾ ਹੋਈਆਂ ਬੁਰਾਈਆਂ ਦੀ ਜੜ੍ਹ ਸ਼ੈਤਾਨ ਹੈ। ਕੁਰਆਨ ਦੱਸਦਾ ਹੈ:

> ਹੇ ਨਬੀ! ਇਹਨਾਂ ਸਾਹਮਣੇ ਉਸ ਵਿਅਕਤੀ ਦਾ ਹਾਲ ਵਰਣਨ ਕਰੋ ਜਿਸਨੂੰ ਅਸੀਂ ਆਪਣੀਆਂ ਆਇਤਾਂ ਦਾ ਗਿਆਨ ਦਿੱਤਾ ਸੀ ਪਰ ਉਹ ਉਹਨਾਂ ਦੀ ਪਾਬੰਦੀ ਤੋਂ ਨੱਸ ਤੁਰਿਆ ਅਤੇ ਸ਼ੈਤਾਨ ਉਸਦੇ ਮਗਰ ਪੈ ਗਿਆ ਇਥੋਂ ਤੀਕ ਕਿ ਉਹ ਕੁਰਾਹੀਆ ਵਿੱਚ ਜਾ ਰਲਿਆ। [23]

---

[19] 21:82.
[20] 46:30.
[21] 7:27.
[22] 58:19.
[23] 7:175.

ਕੁਰਆਨ ਦੱਸਦਾ ਹੈ ਕਿ ਖ਼ਬਰਦਾਰ ਰਹੋ ਕਿਤੇ ਸ਼ੈਤਾਨ ਤੁਹਾਡੀ ਜ਼ਬਾਨ 'ਤੇ ਕਾਬੂ ਨਾ ਕਰ ਲਵੇ, ਸੋਚ ਸਮਝ ਕੇ ਬੋਲੋ। ਉਹ ਤੁਹਾਡਾ ਖੁੱਲਾ ਵੈਰੀ ਹੈ:

> ਹੇ ਨਬੀ! ਮੇਰੇ ਬੰਦਿਆਂ (ਅਰਥਾਤ ਵਾਲਿਆਂ) ਨੂੰ ਆਖ ਦਿਓ ਕਿ ਮੂੰਹੋਂ ਉਹ ਗੱਲ ਆਖਿਆ ਕਰਨ ਜਿਹੜੀ ਵਧੇਰੇ ਸੁਹਣੀ ਹੋਵੇ। ਅਸਲ ਵਿਚ ਇਹ ਸ਼ੈਤਾਨ ਹੈ ਜਿਹੜਾ ਮਨੁੱਖਾਂ ਵਿਚਾਲੇ ਪੁਆੜੇ ਪਾਉਣ ਦਾ ਯਤਨ ਕਰਦਾ ਹੈ।[24]

ਕੁਰਆਨ ਦੱਸਦਾ ਹੈ ਕਿ ਕਿਵੇਂ ਪਤਾ ਲੱਗਦਾ ਹੈ ਕਿ ਸ਼ੈਤਾਨ ਕੀ ਕੰਮ ਕਰਦਾ ਹੈ:

> ਹੇ ਲੋਕੋ! ਮੈਂ ਤੁਹਾਨੂੰ ਦੱਸਾਂ ਕਿ ਸ਼ੈਤਾਨ ਕਿਸ 'ਤੇ ਉਤਰਿਆ ਕਰਦੇ ਹਨ? ਉਹ ਹਰੇਕ ਝੂਠੇ-ਫਰੇਬੀ ਅਤੇ ਕੁਕਰਮੀ 'ਤੇ ਉਤਰਿਆ ਕਰਦੇ ਹਨ। ਸੁਣੀਆਂ-ਸੁਣਾਈਆਂ ਗੱਲਾਂ ਕੰਨਾਂ ਵਿੱਚ ਆਖ ਜਾਂਦੇ ਹਨ ਅਤੇ ਉਹਨਾਂ ਵਿੱਚੋਂ ਵਧੇਰੇ ਝੂਠੇ ਹੁੰਦੇ ਹਨ।[25]

ਇਸਤੋਂ ਪਤਾ ਲੱਗਦਾ ਹੈ ਕਿ ਸ਼ੈਤਾਨ ਥੋਥੀਆਂ ਗੱਲਾਂ ਕਰਦਾ ਹੈ। ਉਹ ਮਨੁੱਖ ਨੂੰ ਬੁਰੇ ਪਾਸੇ ਤੁਰਨ ਲਈ ਪ੍ਰੇਰਦਾ ਹੈ:

> ਉਹ ਤੁਹਾਡਾ ਖੁੱਲ੍ਹਾ ਦੁਸ਼ਮਣ ਹੈ। ਤੁਹਾਨੂੰ ਬੁਰਾਈ ਤੇ ਅਸ਼ਲੀਲਅਤਾ ਦਾ ਹੁਕਮ ਦਿੰਦਾ ਹੈ ਅਤੇ ਇਹ ਸਿਖਾਉਂਦਾ ਹੈ ਕਿ ਤੁਸੀਂ ਅੱਲਾਹ ਦੇ ਨਾਂ ਤੇ ਉਹ ਗੱਲਾਂ ਆਖੋ ਜਿਨ੍ਹਾਂ ਬਾਰੇ ਤੁਸੀਂ ਨਹੀਂ ਜਾਣਦੇ (ਕਿ ਉਹ ਅੱਲਾਹ ਨੇ ਆਖੀਆਂ ਹਨ)।[26]

ਕੁਰਆਨ ਸੂਰਤ ਨੰ. 35 ਆਇਤ ਨੰ. 6, ਸੂਰਤ ਨੰ. 36 ਆਇਤ ਨੰ. 60 ਅਤੇ ਸੂਰਤ ਨੰ. 36 ਆਇਤ ਨੰ. 62 ਵਿਚ ਸ਼ੈਤਾਨ ਨੂੰ ਮਨੁੱਖਾਂ ਦਾ ਖੁੱਲ੍ਹਾ ਦੁਸ਼ਮਣ ਕਿਹਾ ਹੈ। ਸ਼ੈਤਾਨ ਅਸ਼ਲੀਲ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਅੱਜ ਅਸੀਂ ਦੇਖਦੇ ਹਾਂ ਕਿ ਸਮਾਜ ਵਿਚ ਅਪਰਾਧ ਕਿੰਨੇ ਹੋ ਰਹੇ ਹਨ। ਅਪਰਾਧ ਕੌਣ ਕਰਦਾ ਹੈ? ਜਵਾਬ ਹੈ ਮਨੁੱਖ ਕਰਦਾ ਹੈ। ਕੀ ਇਹ ਵੀ ਪਤਾ ਹੈ ਉਸਨੂੰ ਉਸਕਾਉਂਦਾ ਕੌਣ ਹੈ? ਜਵਾਬ ਹੈ, ਸ਼ੈਤਾਨ। ਸ਼ੈਤਾਨ ਮਨੁੱਖ ਨੂੰ ਗ਼ਰੀਬੀ ਤੋਂ ਡਰਾ ਕੇ ਅਪਰਾਧ ਕਰਵਾਉਂਦਾ ਹੈ:

> ਸ਼ੈਤਾਨ ਤੁਹਾਨੂੰ ਗ਼ਰੀਬੀ ਤੋਂ ਡਰਾਉਂਦਾ ਹੈ ਅਤੇ ਸ਼ਰਮਨਾਕ ਵਤੀਰਾ ਅਪਣਾਉਣ ਲਈ ਪ੍ਰੇਰਦਾ ਹੈ ਪਰ ਅੱਲਾਹ ਤੁਹਾਨੂੰ ਆਪਦੀ ਬਖਸ਼ਿਸ਼ ਤੇ ਮਿਹਰ ਦੀ ਆਸ ਦੁਆਉਂਦਾ ਹੈ। ਅੱਲਾਹ ਵੱਡਾ ਖੁੱਲ੍ਹਾ-ਡੁੱਲ੍ਹਾ ਅਤੇ ਟਕਾਈ ਵਾਲਾ ਹੈ।[27]

ਕੁਰਆਨ ਇਹ ਵੀ ਦੱਸਦਾ ਹੈ ਕਿ ਸ਼ੈਤਾਨ ਦੀ ਤਾਕਤ ਈਮਾਨ ਵਾਲਿਆਂ ਉਪਰ ਨਹੀਂ ਚੱਲਦੀ। ਇਸ ਲਈ ਅੱਲਾਹ ਨੂੰ ਯਾਦ ਕਰਦਿਆਂ ਕਿਹ ਕਰੋ ਕਿ ਸਾਨੂੰ ਸ਼ੈਤਾਨ ਤੋਂ ਬਚਾ:

> ਫੇਰ ਜਦੋਂ ਤੁਸੀਂ ਕੁਰਆਨ ਪੜ੍ਹਨ ਲੱਗੋ ਤਾਂ ਫਿਟਕਾਰੇ ਹੋਏ ਸ਼ੈਤਾਨ ਤੋਂ ਅੱਲਾਹ ਦੀ ਪਨਾਹ ਮੰਗ ਲਿਆ ਕਰੋ। ਉਹਨਾਂ ਲੋਕਾਂ ਤੇ ਉਹਦਾ ਕੋਈ ਵੱਸ ਨਹੀਂ ਚੱਲਦਾ ਜਿਹੜੇ ਈਮਾਨ ਲਿਆਉਂਦੇ ਤੇ ਆਪਣੇ ਰੱਬ ਉੱਤੇ ਭਰੋਸਾ ਕਰਦੇ ਹਨ।[28]

ਅਤੇ

> ਸ਼ੈਤਾਨ ਦੇ ਸਾਥੀਆਂ ਵਿਰੁੱਧ ਜੰਗ ਕਰੋ ਅਤੇ ਵਿਸ਼ਵਾਸ਼ ਰੱਖੋ ਕਿ ਸ਼ੈਤਾਨ ਦੀਆਂ ਚਾਲਾਂ ਅਸਲ ਵਿਚ ਬਹੁਤ ਕਮਜ਼ੋਰ ਹਨ।[29]

---

[24] 17: 53.
[25] 26:221 ਤੋਂ 223.
[26] 2: 168 ਤੇ 169.
[27] 2: 268.
[28] 16: 98-99.
[29] 4: 76.

ਸ਼ੈਤਾਨ ਦਾ ਰਾਹ ਬੁਰਾਈ ਦਾ ਰਾਹ ਹੈ। ਉਸ ਰਾਹ ਉਪਰ ਨਾ ਚੱਲੋ। ਸ਼ੈਤਾਨ ਨੇ ਖੁੱਲ੍ਹਾ ਐਲਾਨ ਕੀਤਾ ਸੀ:

> ਮੈਂ ਤੇਰੇ ਬੰਦਿਆਂ ਵਿਚੋਂ ਇੱਕ ਨਿਯਤ ਹਿੱਸਾ ਲੈ ਕੇ ਰਹਾਂਗਾ, ਮੈਂ ਉਹਨਾਂ ਨੂੰ ਕੁਰਾਹੇ ਪਾਵਾਂਗਾ, ਮੈਂ ਉਹਨਾਂ ਨੂੰ ਕਾਮਨਾਵਾਂ ਵਿੱਚ ਉਲਝਾਵਾਂਗਾ, ਮੈਂ ਉਹਨਾਂ ਨੂੰ ਹੁਕਮ ਦੇਵਾਂਗਾ ਅਤੇ ਉਹ ਮੇਰੇ ਹੁਕਮ ਨਾਲ ਪਸ਼ੂਆਂ ਦੇ ਕੰਨ ਚੀਰਨਗੇ ਅਤੇ ਮੈਂ ਉਹਨਾਂ ਨੂੰ ਹੁਕਮ ਦੇਵਾਂਗਾ ਤੇ ਉਹ ਮੇਰੇ ਹੁਕਮ ਨਾਲ ਰੱਬੀ ਬਣਤਰ ਵਿੱਚ ਅਦਲਾ-ਬਦਲੀ ਕਰਨਗੇ। ਜਿਸਨੇ ਅੱਲਾਹ ਨੂੰ ਛੱਡ ਕੇ ਉਸ ਸ਼ੈਤਾਨ ਨੂੰ ਆਪਣਾ ਮਿੱਤਰ ਤੇ ਸਰਪਰਸਤ ਬਣਾ ਲਿਆ ਉਹ ਖੁੱਲ੍ਹੇ ਘਾਟੇ ਵਿਚ ਪੈ ਗਿਆ।[30]

ਪੈਗ਼ੰਬਰ ਆਉਂਦੇ ਰਹੇ, ਕਿਤਾਬਾਂ ਆਉਂਦੀਆਂ ਰਹੀਆਂ ਪਰ ਸ਼ੈਤਾਨ ਲੋਕਾਂ ਨੂੰ ਕੁਰਾਹੇ ਪਾਉਂਦਾ ਰਿਹਾ:

> ਉਹੀ ਸ਼ੈਤਾਨ ਅੱਜ ਇਨ੍ਹਾਂ ਲੋਕਾਂ ਦਾ ਵੀ ਸਰਪ੍ਰਸਤ ਬਣਿਆ ਹੋਇਆ ਹੈ ਅਤੇ ਇਹ ਦੁਖਦਾਈ ਸਜ਼ਾ ਦੇ ਪਾਤਰ ਬਣ ਰਹੇ ਹਨ।[31]
>
> ਹੇ ਨਬੀ! ਬੁਰਾਈ ਨੂੰ ਉਸ ਢੰਗ ਨਾਲ ਦੂਰ ਕਰੋ ਜੋ ਸਭ ਤੋਂ ਚੰਗਾ ਹੋਵੇ। ਜੋ ਕੁਝ ਗੱਲਾਂ ਉਹ ਤੁਹਾਡੇ ਉਤੇ ਜੋੜਦੇ ਹਨ ਉਹਨਾਂ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਦੁਆ ਕਰੋ ਕਿ "ਰੱਬਾ! ਮੈਂ ਸ਼ੈਤਾਨਾਂ ਦੀਆਂ ਉਕਸਾਹਟਾਂ ਤੋਂ ਤੇਰੀ ਸ਼ਰਣ ਮੰਗਦਾ ਹਾਂ, ਸਗੋਂ ਹੇ ਮੇਰਿਆ ਰੱਬਾ! ਮੈਂ ਤਾਂ ਇਸ ਗੱਲੋਂ ਵੀ ਤੇਰੀ ਸ਼ਰਣ ਮੰਗਦਾ ਹਾਂ ਕਿ ਉਹ ਮੇਰੇ ਕੋਲ ਆਉਣ।[32]

ਅੱਲਾਹ ਦੀ ਸ਼ਰਣ ਸ਼ੈਤਾਨ ਤੋਂ ਬਚਾਉਂਦੀ ਹੈ। ਜਿਵੇਂ ਹੀ ਤੁਹਾਡੇ ਮਨ ਵਿਚ ਕੋਈ ਬੁਰਾ ਖਿਆਲ ਆਵੇ ਤੁਰੰਤ ਅੱਲਾਹ ਨੂੰ ਯਾਦ ਕਰੋ ਅਤੇ ਉਸਦੀ ਸ਼ਰਣ ਵਿੱਚ ਜਾਓ।

> ਜੇ ਤੁਸੀਂ ਸ਼ੈਤਾਨ ਵਲੋਂ ਕੋਈ ਉਕਸਾਹਟ ਮਹਿਸੂਸ ਕਰੋ ਤਾਂ ਅੱਲਾਹ ਦੀ ਸ਼ਰਣ ਮੰਗ ਲਓ। ਉਹ ਵੱਡਾ ਸੁਣਨਹਾਰ ਤੇ ਜਾਣਨਹਾਰ ਹੈ।[33]

## ਮਨ ਅਤੇ ਰੂਹ

ਸਰੀਰ ਸ਼ੈਤਾਨ ਦੇ ਪ੍ਰਭਾਵ ਨਾਲ ਬੁਰੇ ਕੰਮ ਕਰਦਾ ਹੈ। ਸ਼ੈਤਾਨ ਮਨ ਨੂੰ ਭਰਮਾਕੇ ਆਪਣੇ ਪਿੱਛੇ ਲਾ ਲੈਂਦਾ ਹੈ:

> ਮਨ ਤਾਂ ਕੁਕਰਮ ਲਈ ਪ੍ਰੇਰਦਾ ਹੀ ਹੈ, ਛੁੱਟ ਇਸਤੋਂ ਕਿ ਕਿਸੇ ਤੇ ਮੇਰੇ ਰੱਬ ਦੀ ਮਿਹਰ ਨਾ ਹੋਵੇ। ਬੇਸ਼ੱਕ ਮੇਰਾ ਰੱਬ ਵੱਡਾ ਬਖ਼ਸ਼ਣਹਾਰ ਤੇ ਮਿਹਰਬਾਨ ਹੈ।[34]

ਕੁਰਆਨ ਮਨ ਦੀ ਸਹੁੰ ਖਾਂਦਾ ਹੈ:

> ਮੈਂ ਸਹੁੰ ਖਾਂਦਾ ਹਾਂ ਉਲਾਹਮੇ ਦੇਣ ਵਾਲੇ ਮਨ ਦੀ।[35]

ਇਸਦਾ ਭਾਵ ਹੈ:

> ਜ਼ਮੀਰ ਜਾਂ ਅੰਤਰ-ਆਤਮਾ ਜੋ ਮਨੁੱਖ ਨੂੰ ਬੁਰਾਈ ਉੱਤੇ ਟੋਕਾ-ਟਾਕੀ ਕਰਦੀ ਹੈ ਅਤੇ ਜਿਸਦਾ ਮਨੁੱਖ ਵਿਚ ਮੌਜੂਦ ਹੋਣਾ ਇਹ ਸਾਖੀ ਭਰਦਾ ਹੈ ਕਿ ਮਨੁੱਖ ਆਪਣੇ ਅਮਲਾਂ ਲਈ ਜਵਾਬਦੇਹ ਹੈ।[36]

---

[30] 4 : 118 ਤੋਂ 119.
[31] 16:63.
[32] 23: 93 ਤੋਂ 98.
[33] 41: 36.
[34] 12:53.
[35] 75: 2.
[36] *ਕੁਰਆਨ ਮਜੀਦ,* ਫੁਟ ਨੋਟ ਨੰ-3, ਪੰਨਾ- 1079.

ਹਰ ਕੰਮ ਵਿਚ ਮਨ ਦੀ ਸ਼ਮੂਲੀਅਤ ਹੁੰਦੀ ਹੈ। ਬੁਰਾ ਕੰਮ ਕਰਨ ਵੇਲੇ ਮਨ ਮਨੁੱਖ ਨੂੰ ਰੋਕਦਾ ਹੈ ਪਰ ਸ਼ੈਤਾਨੀ ਪ੍ਰਭਾਵ ਉਸਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ। ਮਨ ਦੀਆਂ ਹਾਲਤਾਂ ਦੋ ਤਰ੍ਹਾਂ ਦੀਆਂ ਹਨ- ਬੁਰਾ ਮਨ ਅਤੇ ਚੰਗਾ ਮਨ। ਬੁਰਾ ਮਨ ਹਨੇਰਾ ਹੈ। ਚੰਗਾ ਮਨ ਚਾਨਣ ਹੈ। ਕੁਰਆਨ ਦੱਸਦਾ ਹੈ ਕਿ ਚੰਗੇ ਮਨ ਸ਼ਾਂਤ ਹਨ। ਸ਼ਾਂਤ ਮਨ ਕਰਕੇ ਹੀ ਮੁਸਲਮਾਨਾਂ ਨੇ ਬੁਰੇ ਤੋਂ ਬੁਰੇ ਸਮੇਂ ਵਿਚ ਵੀ ਸਬਰ ਤੋਂ ਕੰਮ ਲਿਆ ਹੈ। ਕੁਰਆਨ ਵਿੱਚ ਮਨ ਦੀ ਸ਼ਾਂਤੀ ਲਈ *'ਸਕੀਨਤ'*[37] ਸ਼ਬਦ ਆਇਆ ਹੈ ਜਿਸਦਾ ਅਰਥ ਹੈ, ਸ਼ਾਂਤੀ ਅਤੇ ਮਨ ਦਾ ਸੰਤੋਖ।

> ਓਹੀਓ ਹੈ ਜਿਸਨੇ ਈਮਾਨ ਵਾਲਿਆਂ ਦੇ ਦਿਲਾਂ ਵਿਚ 'ਸਕੀਨਤ' (ਸ਼ਾਂਤੀ) ਉਤਾਰੀ ਤਾਂ ਜੋ ਆਪਣੇ ਈਮਾਨ ਦੇ ਨਾਲ ਉਹ ਇੱਕ ਈਮਾਨ ਹੋਰ ਵਧਾ ਲੈਣ।[38]

'ਸਕੀਨਤ' ਦਾ ਖੁਲਾਸਾ ਕਰਦਿਆਂ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਇਥੇ ਸਕੀਨਤ ਤੋਂ ਭਾਵ ਹੈ ਦਿਲ ਦੀ ਉਹ ਅਵਸਥਾ ਹੈ ਜਿਸ ਦੇ ਆਧਾਰ ਤੇ ਇੱਕ ਵਿਅਕਤੀ ਕਿਸੇ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਠੰਡੇ ਦਿਲ ਨਾਲ ਬੜੀ ਸ਼ਾਂਤ ਅਵਸਥਾ ਵਿਚ ਅਤੇ ਪੂਰੀ ਤਰ੍ਹਾਂ ਨਿਸ਼ਚਿਤ ਹੋ ਕੇ ਆਪਣੇ ਆਪ ਨੂੰ ਖ਼ਤਰੇ ਦੇ ਮੂੰਹ ਵਿਚ ਝੋਕ ਦਿੰਦਾ ਹੈ ਅਤੇ ਕਿਸੇ ਡਰ ਜਾਂ ਘਬਰਾਹਟ ਤੋਂ ਬਿਨਾਂ ਫੈਸਲਾ ਕਰ ਲੈਂਦਾ ਹੈ ਕਿ ਇਹ ਕੰਮ ਹਰ ਹਾਲਤ ਵਿਚ ਕਰਨਾ ਹੈ ਭਾਵੇਂ ਸਿੱਟਾ ਕੁਝ ਵੀ ਨਿਕਲੇ।[39]

ਕੁਰਆਨ ਦਾ ਕਥਨ ਹੈ:

> ਅੱਲਾਹ ਈਮਾਨ ਵਾਲਿਆਂ ਤੋਂ ਪ੍ਰਸੰਨ ਹੋ ਗਿਆ ਜਦੋਂ ਉਹ ਬਿਰਛ ਹੇਠ ਤੁਹਾਡੇ ਨਾਲ ਪਰਤਿੱਗਿਆ ਕਰ ਰਹੇ ਸਨ। ਉਹਨਾਂ ਦੇ ਦਿਲਾਂ ਦਾ ਹਾਲ ਉਸਨੂੰ ਮਲੂਮ ਸੀ, ਇਸ ਲਈ ਉਸਨੇ ਉਹਨਾਂ ਉਤੇ ਸਕੀਨਤ (ਸ਼ਾਂਤੀ) ਉਤਾਰੀ।[40]

ਬੁਰੇ ਮਨ ਨੂੰ ਫਿਟਕਾਰ ਪਾਈ ਗਈ ਹੈ ਜੋ ਅੱਲਾਹ ਦੇ ਗੁਣਾਂ ਨੂੰ ਮਹਿਸੂਸ ਨਹੀਂ ਕਰਦਾ:

> ਕੀ ਇਹ ਲੋਕ ਧਰਤੀ ਤੇ ਘੁੰਮੇ-ਫਿਰੇ ਨਹੀਂ ਹਨ ਕਿ ਇਹਨਾਂ ਦੇ ਦਿਲ ਸਮਝਣ ਵਾਲੇ ਜਾਂ ਇਹਨਾਂ ਦੇ ਕੰਨ ਸੁਣਨ ਵਾਲੇ ਹੁੰਦੇ? ਹਕੀਕਤ ਇਹ ਹੈ ਕਿ ਅੱਖਾਂ ਅੰਨ੍ਹੀਆਂ ਨਹੀਂ ਹੁੰਦੀਆਂ ਪਰ ਉਹ ਦਿਲ ਅੰਨ੍ਹੇ ਹੋ ਜਾਂਦੇ ਹਨ। ਜਿਹੜੇ ਸੀਨਿਆਂ ਵਿੱਚ ਹਨ।[41]

ਬੁਰੇ ਮਨ ਨੂੰ ਅੰਨ੍ਹੇ ਦੀ ਸੰਗਿਆ ਦਿੱਤੀ ਗਈ ਹੈ। ਪਵਿੱਤਰ ਕੁਰਆਨ ਦੱਸਦਾ ਹੈ ਕਿ ਜਦੋਂ ਵੀ ਕੋਈ ਭੈੜੀ ਗੱਲ ਕੀਤੀ ਜਾਂਦੀ ਹੈ ਤਾਂ ਇਹ ਦਿਲ ਖਿੜ ਜਾਂਦਾ ਹੈ ਪਰ ਜਦੋਂ ਹੀ ਅੱਲਾਹ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹ ਸੜਦਾ ਹੈ:

> ਜਦੋਂ ਇੱਕੋ-ਇੱਕ ਅੱਲਾਹ ਦਾ ਸਿਮਰਨ ਕੀਤਾ ਜਾਂਦਾ ਹੈ ਤਾਂ ਪਰਲੋਕ ਨੂੰ ਨਾ ਮੰਨਣ ਵਾਲਿਆਂ ਦੇ ਦਿਲ ਸੜਨ ਲੱਗਦੇ ਹਨ ਅਤੇ ਜਦੋਂ ਉਸਤੋਂ ਛੁੱਟ ਹੋਰਨਾਂ ਦਾ ਸਿਮਰਨ ਹੁੰਦਾ ਹੈ ਤਾਂ ਅਚਣਚੇਤ ਇਹ ਖੇੜ੍ਹੇ ਨਾਲ ਭਰ ਜਾਂਦੇ ਹਨ।[42]

---

[37] *ਉਹੀ,* ਫੁਟ ਨੋਟ ਨੰ- 4, ਪੰਨਾ-891.
[38] 48:4.
[39] *ਉਹੀ,* ਫੁਟ ਨੋਟ ਨੰ- 10, ਪੰਨਾ-894.
[40] 48:18.
[41] 22:46.

ਕੁਰਆਨ ਨੇ ਅੱਲਾਹ ਦੇ ਰਾਹ ’ਤੇ ਨਾ ਤੁਰਨ ਵਾਲੇ ਦਿਲਾਂ ਨੂੰ ਬਿਮਾਰ ਕਿਹਾ ਹੈ:

> ਜੇ ਅਸੀਂ ਚਾਹੁੰਦੇ ਤਾਂ ਉਸਨੂੰ ਉਹਨਾਂ ਆਇਤਾਂ ਰਾਹੀਂ ਉਚਿਆਈ ਬਖਸ਼ ਦਿੰਦੇ, ਪਰ ਉਹ ਤਾਂ ਧਰਤੀ ਵੱਲ ਹੀ ਨਿੰਵ ਕੇ ਰਹਿ ਗਿਆ ਅਤੇ ਆਪਣੀ ਮਨੋਕਾਮਨਾ ਦੇ ਪਿੱਛੇ ਹੀ ਲੱਗ ਟੁਰਿਆ। ਸੋ ਉਹਦੀ ਹਾਲਤ ਕੁੱਤੇ ਵਰਗੀ ਹੋ ਗਈ ਕਿ ਤੁਸੀਂ ਉਸ ਤੇ ਹਮਲਾ ਕਰੋ ਤਾਂ ਵੀ ਜੀਭ ਲਮਕਾਈ ਰੱਖਦਾ ਹੈ ਅਤੇ ਉਸਨੂੰ ਛੱਡ ਦਿਓ ਤਾਂ ਵੀ ਜੀਭ ਲਮਕਾਈ ਰੱਖਦਾ ਹੈ। ਇਹੋ ਮਿਸਾਲ ਹੈ ਉਹਨਾਂ ਲੋਕਾਂ ਦੀ ਜਿਹੜੇ ਸਾਡੀਆਂ ਆਇਤਾਂ ਨੂੰ ਝੁਠਲਾਉਂਦੇ ਹਨ। ਤੁਸੀਂ ਇਹ ਕਥਾਵਾਂ ਇਹਨਾਂ ਨੂੰ ਸੁਣਾਉਂਦੇ ਰਹੋ ਸ਼ਾਇਦ ਕਿ ਇਹ ਕੁਝ ਸੋਚ-ਵਿਚਾਰ ਕਰਨ। ਬਹੁਤ ਹੀ ਭੈੜੀ ਉਪਮਾ ਹੈ ਅਜਿਹੇ ਲੋਕਾਂ ਦੀ ਜਿਹਨਾਂ ਨੇ ਸਾਡੀਆਂ ਆਇਤਾਂ ਨੂੰ ਝੁਠਲਾਇਆ ਅਤੇ ਉਹ ਆਪ ਆਪਣੇ ਨਾਲ ਹੀ ਜ਼ੁਲਮ ਕਮਾਉਂਦੇ ਰਹੇ ਹਨ। ਜਿਸਨੂੰ ਅੱਲਾਹ ਸਿੱਧਾ ਰਸਤਾ ਦਰਸਾਵੇ ਕੇਵਲ ਉਹੀ ਰਾਹੇ ਪੈਂਦਾ ਹੈ ਅਤੇ ਜਿਸਨੂੰ ਅੱਲਾਹ ਆਪਣੇ ਮਾਰਗ ਦਰਸ਼ਨ ਤੋਂ ਵਾਂਝਿਆਂ ਕਰ ਦੇਵੇ ਉਹੀ ਅਸਫਲ ਹੋ ਕੇ ਰਹਿੰਦਾ ਹੈ। ਇਹ ਹਕੀਕਤ ਹੈ ਕਿ ਬਹੁਤ ਸਾਰੇ ਜਿੰਨ ਤੇ ਮਨੁੱਖ ਅਜਿਹੇ ਹਨ ਜਿਹਨਾਂ ਨੂੰ ਅਸੀਂ ਕਰਕ ਲਈ ਹੀ ਪੈਦਾ ਕੀਤਾ ਹੈ। ਉਹਨਾਂ ਕੋਲ ਦਿਲ ਹਨ ਪਰ ਉਹ ਉਹਨਾਂ ਨਾਲ ਸੋਚਦੇ ਨਹੀਂ। ਉਹਨਾਂ ਕੋਲ ਅੱਖਾਂ ਹਨ ਪਰ ਉਹ ਉਹਨਾਂ ਨਾਲ ਵੇਖਦੇ ਨਹੀਂ। ਉਹਨਾਂ ਕੋਲ ਕੰਨ ਹਨ ਪਰ ਉਹ ਉਹਨਾਂ ਨਾਲ ਸੁਣਦੇ ਨਹੀਂ। ਉਹ ਪਸ਼ੂਆਂ ਸਮਾਨ ਹਨ ਸਗੋਂ ਉਹਨਾਂ ਨਾਲੋਂ ਵੀ ਵਧੇਰੇ ਹੀਣੇ, ਇਹ ਉਹ ਲੋਕ ਹਨ ਜਿਹੜੇ ਬੇਸੁਰਤ ਹੀ ਗਏ ਹਨ।[43]

## ਪੱਥਰ ਵਰਗੇ ਮਨ

ਇਹ ਅਜਿਹੇ ਦਿਲ ਹਨ ਜੋ ਰੱਬ ਦੀਆਂ ਨਿਸ਼ਾਨੀਆਂ ਦੇਖਕੇ ਵੀ ਪੱਥਰ ਬਣੇ ਪਏ ਹਨ:

> ਪਰ ਅਜਿਹੀਆਂ ਨਿਸ਼ਾਨੀਆਂ ਵੇਖਣ ਪਿਛੋਂ ਵੀ ਅੰਤ ਤੁਹਾਡੇ ਦਿਲ ਕਠੋਰ ਹੋ ਗਏ, ਪੱਥਰਾਂ ਵਾਂਗ ਸਗੋਂ ਸਖਤੀ ਵਿੱਚ ਕੁਝ ਉਹਨਾਂ ਤੋਂ ਵੀ ਵੱਧ ਹੋਏ, ਕਿਉਂ ਜੋ ਪੱਥਰਾਂ ਵਿਚੋਂ ਤਾਂ ਕੋਈ (ਪੱਥਰ) ਅਜਿਹਾ ਵੀ ਹੁੰਦਾ ਹੈ ਜਿਸ ਵਿਚੋਂ ਸੋਮੇ ਵਾਗ ਟੁਰਦੇ ਹਨ, ਕੋਈ ਪਾਟਦਾ ਹੈ ਤਾਂ ਉਸ ਵਿਚੋਂ ਪਾਣੀ ਨਿਕਲ ਆਉਂਦਾ ਹੈ ਅਤੇ ਕੋਈ ਰੱਬ ਦੇ ਡਰ ਤੋਂ ਕੰਬ ਕੇ ਡਿੱਗ ਵੀ ਪੈਂਦਾ ਹੈ। ਅੱਲਾਹ ਤੁਹਾਡੀਆਂ ਕਰਤੂਤਾਂ ਤੋਂ ਬੇਖ਼ਬਰ ਨਹੀਂ ਹੈ।[44]

ਜੇਕਰ ਕੋਈ ਵਿਅਕਤੀ ਈਮਾਨ ਦੇ ਛੇ ਅੰਗਾਂ ਨੂੰ ਨਹੀਂ ਮੰਨਦਾ ਤਾਂ ਉਸਦਾ ਦਿਲ ਅਤੇ ਕੰਨ ਬੰਦ ਹਨ:

> ਅੱਲਾਹ ਨੇ ਉਨ੍ਹਾਂ ਦੇ ਦਿਲਾਂ ਤੇ ਉਨ੍ਹਾਂ ਦੇ ਕੰਨਾਂ ਉਤੇ ਮੋਹਰ ਲਾ ਦਿੱਤੀ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਉਤੇ ਪੜਦਾ ਪੈ ਗਿਆ ਹੈ। ਉਹ ਕਰੜੀ ਸਜ਼ਾ ਦੇ ਭਾਗੀ ਹਨ।[45]
>
> ਇਸ ਤਰ੍ਹਾਂ ਅੱਲਾਹ ਹਰੇਕ ਹੰਕਾਰੀ ਤੇ ਜਾਬਰ ਦੇ ਦਿਲ ਉਤੇ ਠੱਪਾ ਲਾ ਦਿੰਦਾ ਹੈ।[46]

ਜੋ ਵਿਅਕਤੀ ਈਮਾਨ ਨਹੀਂ ਲਿਆਉਂਦੇ ਅਤੇ ਕੁਰਆਨ ਉਪਰ ਵੀ ਇਤਰਾਜ਼ ਕਰਦੇ ਹਨ ਉਨ੍ਹਾਂ ਦੇ ਦਿਲ ਜੰਗਾਲੇ ਪਏ ਹਨ:

> ਉੱਕਾ ਨਹੀਂ ਸਗੋਂ ਅਸਲ ਵਿਚ ਇਹਨਾਂ ਲੋਕਾਂ ਦੇ ਮਨਾਂ ਨੂੰ ਇਹਨਾਂ ਦੇ ਭੈੜੇ ਅਮਲਾਂ ਦੀ ਜਰ ਲੱਗ ਚੁੱਕੀ ਹੈ।[47]

---

[42] 39: 45.
[43] 7: 176 ਤੋਂ 179.
[44] 2: 74.
[45] 2:7.
[46] 40:35.
[47] 83:14.

ਕੁਰਆਨ ਚਾਹੁੰਦਾ ਹੈ ਕਿ ਮਨੁੱਖ ਦਾ ਦਿਲ ਨਰਮ ਹੋਵੇ, ਪਿਘਲੇ। ਇਹ ਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਕ *ਮੁਸਲਮਾਣੁ ਮੋਮ ਦਿਲਿ ਹੋਵੈ,* ਨਾਲ ਮੇਲ ਖਾਂਦਾ ਹੈ। ਕੁਰਆਨ ਉਮੀਦ ਰੱਖਦਾ ਹੈ ਕਿ ਲੋਕ ਇਬਰਾਹੀਮ ਵਰਗੇ ਬਣ ਜਾਣ, ਇਨ੍ਹਾਂ ਦੇ ਦਿਲ ਨਰਮ ਹੋ ਜਾਣ:

> ਭਲਾ ਕੀ ਈਮਾਨ ਲਿਆਉਣ ਵਾਲਿਆਂ ਲਈ ਹਾਲਾਂ ਤੀਕ ਉਹ ਵੇਲਾ ਨਹੀਂ ਆਇਆ ਕਿ ਉਹਨਾਂ ਦੇ ਦਿਲ ਅੱਲਾਹ ਦੇ ਜ਼ਿਕਰ ਨਾਲ ਪੰਘਰਨ 'ਤੇ ਉਸ ਦੀ ਉਤਾਰੀ ਹੋਈ ਸੱਚਾਈ ਅੱਗੇ ਵਿਛ ਜਾਣ ਅਤੇ ਉਹ ਉਹਨਾਂ ਲੋਕਾਂ ਵਾਂਗਰ ਹੋ ਜਾਣ ਜਿਹਨਾਂ ਨੂੰ ਪਹਿਲਾਂ ਕਿਤਾਬ ਦਿੱਤੀ ਗਈ ਸੀ। ਫੇਰ ਇਕ ਲੰਮਾ ਸਮਾਂ ਉਹਨਾਂ ਤੇ ਬੀਤ ਗਿਆ ਤਾਂ ਉਹਨਾਂ ਦੇ ਦਿਲ ਕਠੋਰ ਹੋ ਗਏ ਤੇ ਅੱਜ ਉਹਨਾਂ ਵਿਚੋਂ ਵਧੇਰੇ ਅਵੱਗਿਆਕਾਰ ਬਣੇ ਹੋਏ ਹਨ।[48]

> ਅਜਿਹੇ ਹੀ ਲੋਕ ਹਨ ਉਹ ਜਿਹਨਾਂ ਨੇ (ਇਸ ਨਬੀ ਦੇ ਸੱਦੇ ਨੂੰ) ਪਰਵਾਨ ਕਰ ਲਿਆ ਹੈ ਅਤੇ ਉਹਨਾਂ ਦੇ ਹਿਰਦਿਆਂ ਨੂੰ ਅੱਲਾਹ ਦੇ ਸਿਮਰਨ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸਾਵਧਾਨ ਰਹੋ! ਅੱਲਾਹ ਦਾ ਸਿਮਰਨ ਹੀ ਉਹ ਚੀਜ਼ ਹੈ ਜਿਸ ਨਾਲ ਹਿਰਦਿਆਂ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।[49]

### ਅਮਲ ਦੇ ਰਾਹ ਦੀਆਂ ਮੁਸ਼ਕਿਲਾਂ

ਮਨੋਕਾਮਨਾਵਾਂ ਅਮਲ ਦੇ ਰਾਹ ਦੀਆਂ ਬਾਧਾਵਾਂ ਹਨ:

> ਹਾਂ, ਅੱਲਾਹ ਤਾਂ ਤੁਹਾਡੇ ਉਤੇ ਮਿਹਰ ਦੀ ਨਜ਼ਰ ਕਰਨਾ ਚਾਹੁੰਦਾ ਹੈ ਪਰ ਜਿਹੜੇ ਲੋਕ ਆਪ ਆਪਣੀਆਂ ਮਨੋਕਾਮਨਾਵਾਂ ਦੀ ਪਾਲਣਾ ਕਰ ਰਹੇ ਹਨ, ਉਹ ਚਾਹੁੰਦੇ ਹਨ ਕਿ ਤੁਸੀਂ ਸਿੱਧੇ ਰਾਹੋਂ ਹਟ ਕੇ ਕੁਰਾਹੇ ਪੈ ਜਾਓ।[50]

ਆਪਣੀਆਂ ਮਨੋਕਾਮਨਾਵਾਂ ਦੇ ਪਿਛਲੱਗ ਇਨਕਾਰੀ ਹਨ :

> ਹੁਣ ਜੇਕਰ ਉਹ ਤੁਹਾਡੀ ਇਹ ਮੰਗ ਪੂਰੀ ਨਹੀਂ ਕਰਦੇ ਤਾਂ ਸਮਝ ਲਓ ਕਿ ਇਹ ਆਪਣੀਆਂ ਇੱਛਾਵਾਂ ਦੇ ਪਿਛਲੱਗ ਹਨ ਅਤੇ ਉਸ ਵਿਅਕਤੀ ਨਾਲੋਂ ਵਧੇਰੇ ਕੁਰਾਹੀਆ ਹੋਰ ਕੌਣ ਹੋਵੇਗਾ ਜਿਹੜਾ ਰੱਬੀ ਹਦਾਇਤ ਤੋਂ ਬਿਨਾਂ ਕੇਵਲ ਆਪਣੀਆਂ ਇੱਛਾਵਾਂ ਦੀ ਪੈਰਵੀ ਕਰੇ?[51]

ਬੰਦਗੀ ਮਨ ਦੀਆਂ ਇੱਛਾਵਾਂ ਦਾ ਤਿਆਗ ਕਰਨਾ ਹੈ। ਜੇਕਰ ਸਾਧਕ ਮਨ ਦੇ ਪਿੱਛੇ ਲੱਗਾ ਰਹੇਗਾ ਤਾਂ ਇਹ ਮਨ ਇਸ ਨੂੰ ਭਟਕਾਉਂਦਾ ਰਹੇਗਾ:

> ਫੇਰ ਕੀ ਤੁਸੀਂ ਕਦੇ ਉਸ ਵਿਅਕਤੀ ਦੇ ਹਾਲ ਤੇ ਵੀ ਸੋਚ ਵਿਚਾਰ ਕੀਤੀ ਹੈ ਜਿਸ ਨੇ ਆਪਣੀ ਮਨੋਕਾਮਨਾਵਾਂ ਨੂੰ ਆਪਣਾ ਇਸ਼ਟ ਬਣਾ ਲਿਆ ਅਤੇ ਅੱਲਾਹ ਨੇ ਗਿਆਨ ਦੇ ਹੁੰਦਿਆਂ ਹੋਇਆ ਉਸਨੂੰ ਕੁਰਾਹੇ ਲਿਜਾ ਸੁੱਟਿਆ, ਉਸਦੇ ਦਿਲ ਤੇ ਕੰਨਾਂ ਉਤੇ ਮੋਹਰ ਲਾ ਦਿੱਤੀ ਅਤੇ ਉਸ ਦੀਆਂ ਅੱਖਾਂ ਤੇ ਪੜਦਾ ਪਾ ਦਿੱਤਾ।[52]

---

[48] 57:16.
[49] 13:28.
[50] 4: 27.
[51] 28: 50.
[52] 45:23.

ਬੰਦਾ ਅਮਲ ਰਾਹੀਂ ਆਪਣੀਆਂ ਇੱਛਾਵਾਂ ‘ਤੇ ਕਾਬੂ ਪਾਉਣਾ ਸਿੱਖਦਾ ਹੈ। ਇਹ ਔਖਾ ਕੰਮ ਹੈ। ਇਸ ਲਈ ਇਸਨੂੰ ਔਖੀ ਘਾਟੀ ਵੀ ਕਹਿੰਦੇ ਹਨ।ਮਨ ਦੀਆਂ ਇੱਛਾਵਾਂ ਉੁਪਰ ਕਾਬੂ ਪਾਉਣਾ ਔਖੀ ਘਾਟੀ ’ਤੇ ਚੜਣਾ ਹੈ ਪਰ ਇਨਕਾਰੀ ਦੀ ਜਾਣਨ ਕਿ ਔਖੀ ਘਾਟੀ ਕੀ ਹੈ:

> ਪਰ ਉਸਨੇ ਔਖੀ ਘਾਟੀ ਚੋਂ ਲੰਘਣ ਦਾ ਜੇਰਾ ਨਾ ਕੀਤਾ ਅਤੇ ਤੁਸੀਂ ਕੀ ਜਾਣੋ ਕਿ ਉਹ ਔਖੀ ਘਾਟੀ ਕੀ ਹੈ। ਗ਼ੁਲਾਮੀ ਤੋਂ ਕਿਸੇ ਦੀ ਗਰਦਨ ਛੁਡਾਉਣਾ ਜਾਂ ਭੁੱਖ ਵਾਲੇ ਦਿਹਾੜੇ ਕਿਸੇ ਰਿਸ਼ਤੇਦਾਰ ਯਤੀਮ ਜਾਂ ਮਿੱਟੀ ‘ਚ ਰੁਲਦੇ ਮੁਥਾਜ ਨੂੰ ਭੋਜਨ ਕਰਾਉਣਾ।[53]

ਇਕ ਪਾਸੇ ਹਕੀਕਤ ਹੈ ਦੂਜੇ ਪਾਸੇ ਅੰਦਾਜ਼ੇ ਹਨ ਪਰ ਇਨਕਾਰੀ ਅੰਦਾਜ਼ਿਆਂ ਨੂੰ ਹੀ ਹਕੀਕਤ ਸਮਝਦੇ ਹਨ:

> ਹਕੀਕਤ ਇਹ ਹੈ ਕਿ ਲੋਕ ਕੇਵਲ ਅਟਕਲ ਦੇ ਪਿੱਛੇ ਤੁਰ ਰਹੇ ਹਨ ਅਤੇ ਆਪਣੀਆਂ ਮਨੋਕਾਮਨਾਵਾਂ ਦੇ ਮੁਰੀਦ ਬਣੇ ਹੋਏ ਹਨ।[54]

ਜੋ ਵਿਅਕਤੀ ਆਪਣੀ ਮਨੋਕਾਮਨਾ ਨਾਲ ਬੱਝਾ ਹੈ ਉਸ ਪਸ਼ੂ ਸਮਾਨ ਹੈ:

> ਕੀ ਤੁਹਾਡਾ ਖਿਆਲ ਇਹ ਹੈ ਕਿ ਉਹਨਾਂ ਵਿਚੋਂ ਵਧੇਰੇ ਲੋਕ ਸੁਣਦੇ ਤੇ ਸਮਝਦੇ ਹਨ=;ਵਸ ਇਹ ਤਾਂ ਪਸ਼ੂਆਂ ਸਮਾਨ ਹਨ, ਸਗੋਂ ਉਸਤੋਂ ਵੀ ਗਏ ਗੁਜ਼ਰੇ।[55]

## ਰੂਹ

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮਨੁੱਖ ਅੰਦਰ ਖਾਹਸ਼ਾਂ ਦੀ ਭਰਮਾਰ ਹੈ। ਇਨ੍ਹਾਂ ਪਿੱਛੈ ਲੱਗਕੇ ਇਸਨੇ ਆਪਣਾ ਅਸਲ ਮੰਤਵ ਵਿਸਾਰ ਦਿੱਤਾ ਹੈ। ਰੂਹ ਰੱਬ ਦੀ ਤਾਕਤ ਨਾਲ ਕੰਮ ਕਰਦੀ ਹੈ। ਇਸਦੇ ਸਰੀਰ ਵਿਚੋਂ ਨਿਕਲਦਿਆਂ ਹੀ ਸਰੀਰ ਬੇਜਾਨ ਹੋ ਜਾਂਦਾ ਹੈ। ਜਿਸ ਸਰੀਰ ਨੇ ਭੈੜੇ ਕੰਮ ਕੀਤੇ, ਉਨ੍ਹਾਂ ਵਿਚਲੀਆਂ ਰੂਹਾਂ ਰੱਬ ਦੇ ਅਜ਼ਾਬ ਦੀਆਂ ਭਾਗੀਦਾਰ ਹੋਣਗੀਆਂ। ਚੰਗੀਆਂ ਰੂਹਾਂ ਨੂੰ ਇਨਾਮ ਦਿੱਤਾ ਜਾਵੇਗਾ:

> (ਦੂਜੇ ਪਾਸੇ ਫ਼ਰਮਾਇਆ ਜਾਵੇਗਾ) ਹੇ ਸ਼ਾਂਤ ਆਤਮਾ! ਚੱਲ ਤੁਰ ਆਪਣੇ ਰੱਬ ਵੱਲ ਇਸ ਹਾਲ ਵਿਚ ਕਿ ਤੂੰ (ਆਪਣੇ ਸੁਹਣੇ ਅੰਤ ਤੋਂ) ਖੁਸ਼ (ਅਤੇ ਆਪਣੇ ਰੱਬ ਦੀ ਨਜ਼ਰ ਵਿਚ) ਮਨ ਭਾਉਂਦੀ ਹੈ।[56]

ਸ਼ੁੱਧ ਆਤਮਾਵਾਂ ਲਈ ਬਾਗ਼ ਹਨ, ਕੋਈ ਡਰ ਨਹੀਂ ਹੈ। ਉਹ ਕਾਮਯਾਬ ਹੋਏ ਜਿਨ੍ਹਾਂ ਨੇ ਆਪਣੀਆਂ ਆਤਮਾਵਾਂ ਨੂੰ ਸ਼ੁੱਧ ਕਰ ਲਿਆ। ਅੱਲਾਹ ਵੱਲੋਂ ਚੰਗਾ ਅਤੇ ਬੁਰਾ ਰਸਤਾ ਦੱਸਿਆ ਗਿਆ ਹੈ। ਜਿਸਨੇ ਮਨੋਕਾਮਨਾਵਾਂ ਤੇ ਕਾਬੂ ਪਾਇਆ ਉਹ ਸਫ਼ਲ ਹੋਇਆ ਅਤੇ ਜਿਸਨੇ ਨਹੀਂ ਪਾਇਆ ਉਹ ਹਾਰ ਗਿਆ:

---

[53] 90:12- 16.
[54] 53:23.
[55] 25: 44.
[56] 89: 27-28.

> ਫੇਰ ਉਸ ਦੀ ਬੁਰਾਈ ਤੇ ਉਸਦੀ ਪਰਹੇਜ਼ਗਾਰੀ ਉਸਨੂੰ ਸੁਝਾ ਦਿੱਤੀ। ਜ਼ਰੂਰ ਹੀ ਉਹ ਨਿਹਾਲ ਹੋ ਗਿਆ ਜਿਸਨੇ ਆਪਾ ਸੁਆਰਿਆ ਤੇ ਪਾਕ ਕੀਤਾ ਅਤੇ ਉਹ ਨਾ-ਮੁਰਾਦ ਹੋਇਆ ਜਿਸ ਨੇ ਉਹਨੂੰ ਦਬਾ ਦਿੱਤਾ।[57]

***ਰਾਹ-ਏ-ਅਮਲ***

ਹਦੀਸ ਦੱਸਦੇ ਹਨ ਕਿ ਜੋ ਵਿਅਕਤੀ ਆਪ ਅਮਲ ਨਹੀਂ ਕਰਦਾ। ਉਸਦਾ ਇਲਮ ਉਸਦੇ ਕਿਸੇ ਕੰਮ ਨਹੀਂ ਆਵੇਗਾ। ਉਹ ਕਿਆਮਤ ਵਾਲੇ ਦਿਨ ਦੁਖ ਸਹੇਗਾ ਅਤੇ ਆਪਣੇ ਗੁਨਾਹਾਂ ਦਾ ਇਕਰਾਰ ਵੀ ਕਰੇਗਾ, "ਉਹ ਆਦਮੀ ਉੱਤਰ ਦੇਵੇਗਾ ਕਿ ਮੈਂ ਤੁਹਾਨੂੰ ਤਾਂ ਨੇਕੀ ਦਾ ਉਪਦੇਸ਼ ਦਿੰਦਾ ਸਾਂ ਅਤੇ ਆਪ ਨੇਕੀਆਂ ਦੇ ਨੇੜ੍ਹੇ ਵੀ ਨਹੀਂ ਜਾਂਦਾ ਸਾਂ। ਤੁਹਾਨੂੰ ਤਾਂ ਬੁਰਾਈਆਂ ਤੋਂ ਰੋਕਦਾ ਸਾਂ ਪਰ ਆਪ ਕਰਦਾ ਸਾਂ।"[58] ਕਲਮਾ, ਨਮਾਜ਼, ਰੋਜ਼ਾ, ਜ਼ਕਾਤ, ਹੱਜ ਸਮੇਤ ਤਕਵਾ, ਤਵੱਕੁਲ, ਸਬਰ, ਸ਼ੁਕਰ, ਜ਼ਿਕਰ, ਮੁਆਫ਼ੀ ਤੇ ਤੌਬਾ ਅਮਲ ਦੇ ਪ੍ਰਮੁੱਖ ਅੰਗ ਹਨ। ਇਹ ਇਸਲਾਮੀ ਸਾਧਨਾ ਦੇ ਮੂਲ ਧੁਰੇ ਹਨ। ਮਹਿਮੂਦ ਹਸਨ ਅਨੁਸਾਰ:

> ਇਸਲਾਮ ਵਿੱਚ ਇਬਾਦਤ ਦੋ ਤਰ੍ਹਾਂ ਦੀ ਹੈ। ਪਹਿਲੀ ਇਬਾਦਤ ਵਿੱਚ ਅਰਦਾਸ ਅਤੇ ਵਿਹਾਰ ਹੈ ਜੋ ਸਿੱਧਾ ਰੱਬ ਅਤੇ ਮਨੁੱਖ ਵਿਚਾਲੇ ਹੈ ਜਿਵੇਂ ਪੰਜ ਵੇਲੇ ਦੀ ਨਮਾਜ਼ ਅਤੇ ਜ਼ਕਾਤ ਆਦਿ। ਦੂਜੀ ਕਿਸਮ ਦੀ ਇਬਾਦਤ ਵਿੱਚ ਉਹ ਪੱਖ ਹਨ ਜੋ ਮਨੁੱਖੀ ਰਿਸ਼ਤਿਆਂ 'ਤੇ ਅਧਾਰਿਤ ਹਨ ਜਿਵੇਂ ਸੱਚਾਈ ਅਤੇ ਇਮਾਨਦਾਰੀ। ਇਸਲਾਮ ਦੋਹਾਂ ਤਰ੍ਹਾਂ ਦੀਆਂ ਇਬਾਦਤਾਂ ਨੂੰ ਬਰਾਬਰ ਦੀ ਮਹੱਤਤਾ ਦਿੰਦਾ ਹੈ।[59]

ਉਪਰੋਕਤ ਕਥਨ ਬੇਸ਼ੱਕ ਇਬਾਦਤ ਦਾ ਖੁਲਾਸਾ ਕਰਦਾ ਹੈ ਪਰ ਬੰਦਗੀ ਦੇ ਗੁਣਾਂ ਨੂੰ ਇੱਕ ਦੂਜੇ ਤੋਂ ਅਲਹਿਦਾ ਕਰਦਾ ਹੈ। ਪਵਿੱਤਰ ਕੁਰਆਨ ਨੂੰ ਪੜ੍ਹਿਆ ਪਤਾ ਚੱਲਦਾ ਹੈ ਕਿ ਇਬਾਦਤ ਇੱਕ ਹੈ ਅਤੇ ਇੱਕ ਰੱਬ ਦੀ ਹੈ। ਬੰਦਾ ਜੋ ਕਹਿੰਦਾ ਉਹ ਕਰਦਾ ਹੈ। ਪਵਿੱਤਰ ਕੁਰਆਨ ਦਾ ਕਥਨ ਹੈ:

> ਆਖੋ ਕਿ ਉਹ ਅੱਲਾਹ ਹੈ ਇੱਕੋ-ਇੱਕੋ। ਅੱਲਾਹ ਸਭ ਤੋਂ ਬੇਪਰਵਾਹ ਹੈ ਤੇ ਸਾਰੇ ਉਸਦੇ ਮੁਥਾਜ ਹਨ। ਨਾ ਉਸਦੀ ਕੋਈ ਸੰਤਾਨ ਹੈ ਤੇ ਨਾ ਹੀ ਉਹ ਕਿਸੇ ਦੀ ਸੰਤਾਨ ਅਤੇ ਕੋਈ ਉਸਦੇ ਜੋੜ ਦਾ ਨਹੀਂ ਹੈ।[60]

ਪੰਜ ਥੰਮਾਂ ਬਾਰੇ ਐਨਡਰਿਊ ਰਿਪਿਨ ਲਿਖਦਾ ਹੈ:

> ਇਹ ਸਿਧਾਂਤ ਕਿ ਪੰਜ ਥੰਮ ਇਸਲਾਮ ਦੀ ਇਬਾਦਤ ਦਾ ਕੇਂਦਰ ਹਨ ਦੂਜੀ ਮੁਸਲਿਮ ਸਦੀ ਵਿਚ ਹੋਂਦ ਵਿਚ ਆਇਆ। ਹਦੀਸ ਦੀਆਂ ਕਿਤਾਬਾਂ ਅਲ-ਬੁਖਾਰੀ (870 ਈ.) ਅਤੇ ਅਲ-ਹੱਜਾਜ (875 ਈ.) ਮੰਨਦੇ ਹਨ ਕਿ ਮੁਹੰਮਦ (ਸ.) ਨੇ ਕਿਹਾ ਹੈ- ਇਸਲਾਮ ਇਨ੍ਹਾਂ ਪੰਜਾਂ ਉਪਰ ਟਿਕਿਆ ਹੈ।[61]

---

57 91: 8 ਤੋਂ 10.

58 *ਰਾਹੇ ਅਮਲ,* ਪੰਨਾ-149.

59 There are two kinds of worship in Islam. First, there are prayers and actions which are directly concerned with the relation between God and man, as the five time prayer, Zakat etc. Secondly there are those aspects which are expressed though human relationships such as truthfulness and honesty etc. Islam has given equal importance to both these aspects of worship. Mahmood Hasan, "*Islam"* Gurbachan Singh Talib (ed.al) *An Advanced Book of Religion,* P-192.

60 ਸੂਰਤ 112: 1-4.

61 The concept that 'Five pillars' were the ritual centre of Islam emerged almost certainly within the second Muslim Century; both the hadith Collections of al-Bukhari (d. 870) and Muslim ibn-al-Hajjaj (d. 875) contain early on in their books a report which states that Muhammad said, '"Islam is based upon five (principles)." Rippion, *Muslims,* pp-86-7.

ਅੱਠਵੀਂ ਸਦੀ ਹਿਜਰੀ ਦੇ ਸਿੱਕਿਆਂ ਉਪਰ ਵੀ ਇਹ ਅੱਖਰ ਖੁਣੇ ਹੋਏ ਸਨ- ਅੱਲਾਹ ਇਕ ਹੈ ਅਤੇ ਮੁਹੰਮਦ ਉਸਦਾ ਰਸੂਲ ਹੈ।[62] ਅੱਗੇ ਇਨ੍ਹਾਂ ਪ੍ਰਮੁੱਖ ਅੰਗਾਂ ਨੂੰ ਹੇਠ ਲਿਖੇ ਅਨੁਸਾਰ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ।

**1. ਕਲਮਾ**

ਇਸਲਾਮ ਅਨੁਸਾਰ ਬੰਦੇ ਦਾ ਧਾਰਮਿਕ ਜੀਵਨ ਇਸ ਕਲਮੇ ਦੀ ਘੋਸ਼ਣਾ ਨਾਲ ਸ਼ੁਰੂ ਹੁੰਦਾ ਹੈ, *ਲਾ-ਇਲਾਹਾ ਇੱਲ ਅੱਲਾਹ, ਮੁਹੰਮਦ ਰਸੂਲ ਅੱਲਾਹ* ਅੱਲਾਹ ਤੋਂ ਬਿਨਾਂ ਕੋਈ ਰੱਬ ਨਹੀਂ। ਉਹ ਇੱਕ ਹੈ ਅਤੇ ਮੁਹੰਮਦ ਅੱਲਾਹ ਦਾ ਸੁਨੇਹਾ ਦੇਣ ਵਾਲਾ ਹੈ।[63] ਇਹ ਪਹਿਲਾ ਵਿਸ਼ਵਾਸ ਹੈ ਕਿ ਜਿਸ ਉਪਰ ਇਸਲਾਮ ਦੇ ਬਾਕੀ ਵਿਸ਼ਵਾਸ ਟਿਕੇ ਹੋਏ ਹਨ। ਇਸ ਕਲਮੇ ਵਿਚ ਦੋ ਗੱਲਾਂ ਹਨ- ਰੱਬ ਇਕ ਹੈ ਅਤੇ ਹਜ਼ਰਤ ਮੁਹੰਮਦ (ਸ.) ਅੱਲਾਹ ਦਾ ਰਸੂਲ ਹੈ। ਅੱਲਾਹ ਅਤੇ ਉਸਦੇ ਰਸੂਲ ਬਾਰੇ ਪਿਛਲੇ ਅਧਿਆਇ ਵਿਚ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਇਥੇ ਸੰਖੇਪ ਵਿਚਾਰ ਕੀਤੀ ਜਾਵੇਗੀ। 'ਕਲਮਾ' ਉਪਰੋਕਤ ਰੂਪ ਵਿਚ ਕੁਰਆਨ ਵਿਚ ਦਰਜ਼ ਨਹੀਂ ਹੈ। ਕੁਰਆਨ ਵਿਚ ਇਹ ਵਾਕ ਅਲੱਗ-ਅਲੱਗ ਆਏ ਹਨ। ਮੁੱਢਲੇ ਵਿਦਵਾਨਾਂ ਨੇ ਦੋਹਾਂ ਦੀ ਮਹੱਤਤਾ ਜਾਣਦੇ ਹੋਏ ਇਨ੍ਹਾਂ ਨੂੰ ਇਕੱਠਾ ਕੀਤਾ ਹੋਵੇਗਾ। ਜੇ ਕੋਈ ਇੱਕ ਰੱਬ ਨੂੰ ਅਤੇ ਮੁਹੰਮਦ (ਸ.) ਨੂੰ ਅੱਲਾਹ ਦਾ ਰਸੂਲ ਨਹੀਂ ਮੰਨਦਾ, ਉਹ ਕੁਰਆਨ ਦੀ ਸਿੱਖਿਆ ਪ੍ਰਾਪਤ ਨਹੀਂ ਕਰ ਸਕਦਾ ਕਿਉਂਕਿ ਕੁਰਆਨ ਦੀ ਮੁੱਢਲੀ ਸਿੱਖਿਆ ਇੱਕ ਰੱਬ ਨੂੰ ਮੰਨਣਾ ਹੈ ਜੋ ਪੈਗੰਬਰ ਮੁਹੰਮਦ ਰਾਹੀਂ ਸਾਡੇ ਤੱਕ ਪਹੁੰਚਦੀ ਹੈ। ਗੁਲਵੰਤ ਸਿੰਘ ਲਿਖਦੇ ਹਨ:

> ਇਹ ਉਹ ਸ਼ਬਦ ਹਨ ਜੋ ਜਨਮ ਸਮੇਂ ਹਰ ਮੁਸਲਮਾਨ ਦੇ ਕੰਨ ਵਿੱਚ ਬੋਲੇ ਜਾਂਦੇ ਹਨ ਅਤੇ ਇਹੀ ਉਹ ਅੰਤਮ ਸ਼ਬਦ ਹਨ ਜੋ ਮਰਨ ਉਪਰੰਤ ਹਰ ਮੁਸਲਮਾਨ ਵਿਅਕਤੀ ਦੀ ਕਬਰ ਉਪਰ ਪੜ੍ਹੇ ਜਾਂਦੇ ਹਨ। ਇਸ ਆਰੰਭ ਅਤੇ ਅੰਤ ਦੇ ਵਿਚਕਾਰ ਇਹ ਕਲਮਾ ਸਭ ਤੋਂ ਵੱਧ ਗਿਣਤੀ ਵਿੱਚ ਪੜ੍ਹਿਆ ਅਤੇ ਦੁਹਰਾਇਆ ਜਾਂਦਾ ਹੈ। ਇਹੀ ਸ਼ਬਦ ਦਿਨ ਵਿੱਚ ਕਈ ਵਾਰੀ ਮਸੀਤਾਂ ਦਿਆਂ ਮੁਨਾਰਿਆਂ ਤੋਂ ਉਚਾਰੇ ਜਾਂਦੇ ਹਨ।[64]

ਬੰਦਗੀ ਕਰਨ ਤੋਂ ਪਹਿਲਾਂ ਆਪਣੇ ਮਨ ਵਿੱਚੋਂ ਵਾਧੂ ਵਿਸ਼ਵਾਸਾਂ ਨੂੰ ਅਤੇ ਬਹੁਤੀਆਂ ਰੱਬੀ ਸ਼ਕਤੀਆਂ ਦੀ ਹੋਂਦ ਨੂੰ ਇਸ ਘੋਸ਼ਣਾ ਨਾਲ ਮਨਫੀ ਕੀਤਾ ਜਾਂਦਾ ਹੈ ਕਿ ਰੱਬ ਇਕ ਹੈ। ਇਹ ਇਕਰਾਰ ਕਰਨ ਤੋਂ ਬਾਅਦ ਕਿ ਅੱਲਾਹ ਤਆਲਾ ਇੱਕ ਹੈ ਅਤੇ ਹਜ਼ਰਤ ਮੁਹੰਮਦ (ਸ.) ਉਸਦੇ ਰਸੂਲ ਹਨ, ਸਾਧਨਾ ਸ਼ੁਰੂ ਹੁੰਦੀ ਹੈ। ਕੁਝ ਵਿਦਵਾਨ ਇਸ ਕਲਮੇ ਨੂੰ ਬੰਦਗੀ ਦੀ ਆਧਾਰਸ਼ਿਲਾ ਮੰਨਦੇ ਹਨ। ਸੋ ਪਹਿਲੀ ਸਿੱਖਿਆ ਇਹ ਹੈ ਕਿ ਰੱਬ ਇਕ ਹੈ। ਇਕ ਰੱਬ ਨੂੰ ਮੰਨਣਾ ਇਸਲਾਮ ਹੈ, ਪਿਛਲੇ ਅਧਿਆਇ ਵਿਚਲੇ ਛੇ ਅੰਗਾਂ ਨੂੰ ਮੰਨਣਾ ਈਮਾਨ ਹੈ, ਅਗਲੀ ਅਵਸਥਾ ਵਿਚ ਬੰਦਾ ਹਰ ਕੰਮ ਇਹ ਮਹਿਸੂਸ ਹੋ ਕੇ ਕਰਦਾ ਹੈ ਕਿ

---

[62] Coins from the eighth decade of the hijri calendar contain phrases such as 'There is no God but God alone'. *ibid,* p-88.

[63] "Religious life in Islam begins with the declaration of the kalima: La ilah illa Allah Muhammad rasul allah. There is no God except Allah and Muhammad is Allah's messenger." Abdul Haq Ansari, "Islam: faith and practice, Theology and Ethics", in *Islam,* Abdul Haq Ansari (et al. eds), P.23.

[64] *ਇਸਲਾਮ ਅਤੇ ਸੂਫ਼ੀਵਾਦ,* ਪੰਨਾ-21

ਰੱਬ ਮੈਨੂੰ ਵੇਖਦਾ ਹੈ, ਇਸਨੂੰ ਅਹਸਾਨ ਆਖਦੇ ਹਨ। ਹਰ ਵਿਦਵਾਨ ਨੇ ਕਲਮੇ ਨੂੰ ਵੱਖਰੇ ਅੰਦਾਜ਼ ਵਿਚ ਬਿਆਨ ਕੀਤਾ ਹੈ।

**2. ਨਮਾਜ਼**

ਕੁਰਆਨ ਵਿੱਚ ਨਮਾਜ਼ ਨੂੰ 'ਸਲਾਤ' ਕਿਹਾ ਗਿਆ ਹੈ। ਸਲਾਤ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਦੁਆ। ਫ਼ਾਰਸੀ ਅਤੇ ਉਰਦੂ ਵਿੱਚ ਨਮਾਜ਼ ਕਿਹਾ ਜਾਂਦਾ ਹੈ।[65] ਕੁਰਆਨ ਵਿੱਚ ਬਾਕੀ ਹੁਕਮਾਂ ਨਾਲੋਂ ਨਮਾਜ਼ ਦੇ ਹੁਕਮ ਦਾ ਵੱਖਰਾ ਸਥਾਨ ਹੈ:

> ਨਬੀ (ਸ.) ਪਾਸ ਰੋਜ਼ਾ ਜਕਾਤ ਅਤੇ ਹੱਜ ਜਿਹੇ ਮੱਹਤਵਪੂਰਨ ਇਸਲਾਮੀ ਕਾਰਜਾਂ ਪ੍ਰਤੀ ਆਦੇਸ਼ ਅਤੇ ਨੇਮਾਵਲੀ ਹਜ਼ਰਤ ਜਿਬਰਾਈਲ ਲੈ ਕੇ ਆਉਂਦੇ ਰਹੇ ਪਰ ਜਦੋਂ ਨਮਾਜ਼ ਨੂੰ ਫਰਜ਼ ਕਰਨ ਦਾ ਅਵਸਰ ਆਇਆ ਤਾਂ ਇਸ ਦੇ ਲਈ ਪਰਮਾਤਮਾ ਵੱਲੋਂ ਹਜ਼ਰਤ ਮੁਹੰਮਦ (ਸ.) ਨੂੰ ਆਕਾਸ਼ ਤੇ ਆਪਣੇ ਸਨਮੁਖ ਬੁਲਾ ਕੇ (ਮੈਅਰਾਜ ਦੀ ਘਟਨਾ) ਖੁਦ ਇਹ ਆਦੇਸ਼ ਸੁਣਾਏ ਗਏ ਸਨ।[66]

ਮੈਅਰਾਜ ਅਸਮਾਨੀ ਯਾਤਰਾ ਨੂੰ ਕਹਿੰਦੇ ਹਨ। ਇਸ ਵਿਚ ਹਜ਼ਰਤ ਜਿਬਰਾਈਲ (ਅ.) ਪੈਗੰਬਰ (ਸ.) ਨੂੰ ਕਾਅਬਾ ਤੋਂ ਯੈਰੂਸ਼ਲਮ ਲੈ ਕੇ ਗਏ ਸਨ। ਕੁਰਆਨ ਵਿੱਚ ਯੈਰੂਸ਼ਲਮ ਦਾ ਜ਼ਿਕਰ ਹੈ। ਇਹ ਯੂਹਦੀਆਂ ਦਾ ਧਰਮ ਸਥਾਨ ਹੈ। ਪਵਿੱਤਰ ਕੁਰਆਨ ਦਾ ਕਥਨ ਹੈ:

> ਪਾਕ ਹੈ ਉਹ ਜਿਹੜਾ ਲੈ ਗਿਆ ਇੱਕ ਰਾਤੀ ਆਪਣੇ ਬੰਦੇ ਨੂੰ ਸਤਿਕਾਰਯੋਗ ਮਸੀਤ ਤੋਂ ਦੂਰ ਵਾਲੀ ਉਸ ਮਸੀਤ ਤੱਕ ਜਿਸਦੇ ਆਲੇ ਦੁਆਲੇ ਨੂੰ ਉਹਨੇ ਬਰਕਤ ਦਿੱਤੀ ਹੈ ਤਾਂ ਜੋ ਉਸਨੂੰ ਆਪਣੀਆਂ ਕੁਝ ਨਿਸ਼ਾਨੀਆਂ ਦਰਸਾਵੇ। ਬੇਸ਼ੱਕ ਓਹੀਓ ਸਭ ਕੁਝ ਸੁਣਨ ਤੇ ਵੇਖਣ ਵਾਲਾ ਹੈ।[67]

ਇਸ ਘਟਨਾ ਦੇ ਪਿਛੋਕੜ ਅਤੇ ਮਹੱਤਤਾ ਬਾਰੇ ਅਬੁਲ ਹਸਨ ਅਲੀ ਨਦਵੀ ਇਕ ਹਦੀਸ ਦੇ ਹਵਾਲੇ ਨਾਲ ਲਿਖਦੇ ਹਨ:

> ਪੁਰਤਾਨ ਪਰੰਪਰਾ ਦੀ ਇਕ ਘਟਨਾ ਜੋ 'ਮੈਅਰਾਜ' ਕਰਕੇ ਜਾਣੀ ਜਾਂਦੀ ਹੈ। ਉਹ ਪੈਗੰਬਰ (ਸ.) ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਹੈ। ਮੈਨੂੰ ਖੁਦਾ ਨੇ ਦਿਨ ਰਾਤ ਦੀਆਂ ਪੰਜਾਹ ਨਮਾਜ਼ਾਂ ਪੜ੍ਹਨ ਦਾ ਆਦੇਸ਼ ਦਿੱਤਾ ਸੀ। ਜਦੋਂ ਮੈਂ ਰੱਬ ਨੂੰ ਮਿਲ ਕੇ ਆਇਆ ਤਾਂ ਪੈਗੰਬਰ ਮੂਸਾ ਨਾਲ ਮੁਲਾਕਾਤ ਹੋਈ। ਮੂਸਾ ਨੇ ਪੁੱਛਿਆ ਖੁਦਾ ਨੇ ਤੈਨੂੰ ਲੋਕਾਈ ਲਈ ਕੀ ਹੁਕਮ ਦਿੱਤਾ ਹੈ? ਮੈਂ ਉਤਰ ਦਿੱਤਾ ਪੰਜਾਹ ਨਮਾਜ਼ਾਂ। ਮੂਸਾ ਨੇ ਕਿਹਾ ਵਾਪਸ ਪਰਤ ਜਾ ਅਤੇ ਖੁਦਾ ਨੂੰ ਬੇਨਤੀ ਕਰ ਕਿ ਇਨਾਂ ਨੂੰ ਘਟਾ ਦਿਓ ਕਿਉਂ ਕਿ ਲੋਕਾਈ ਇੰਨੀਆਂ ਪ੍ਰਾਰਥਨਾਵਾਂ ਨਹੀਂ ਕਰ ਸਕਦੀ। ਮੈਂ (ਸ.) ਵਾਪਸ ਗਿਆ ਅਤੇ ਬੇਨਤੀ ਕੀਤੀ ਅਤੇ ਖੁਦਾ ਨੇ ਨਮਾਜ਼ਾਂ ਘਟਾ ਕੇ ਪੰਜ ਕਰ ਦਿੱਤੀਆਂ ਅਤੇ ਕਿਹਾ, ਐ ਮੁਹੰਮਦ (ਸ.) ਇਹ ਪੰਜ ਨਮਾਜ਼ਾਂ ਦਿਨ ਰਾਤ ਵਿੱਚ ਪੜ੍ਹਨੀਆਂ ਹਨ ਪਰ ਹਰ ਨਮਾਜ਼ ਦਸ ਨਮਾਜ਼ਾਂ ਬਰਾਬਰ ਹੋਵੇਗੀ। ਇਉਂ ਪੰਜ ਨਮਾਜ਼ਾਂ ਹੀ ਪੰਜਾਹ ਵਰਗੀਆਂ ਹੋਣਗੀਆਂ।[68]

---

[65] "Salat is an arabic word which means Prayer called Namaz in persian and urdu." Mehmood Hasan in Islam, *An Advanced Book of Religious Studies,* Gurbachan Singh Talib (ed.), P.189.

[66] ਮੁਹੰਮਦ ਇਰਸ਼ਾਦ (ਡਾ.), *ਹਜ਼ਰਤ ਮੁਹੰਮਦ ਜੀਵਨ ਅਤੇ ਸਿੱਖਿਆਵਾਂ,* ਪੰਨਾ– 286.

[67] 17:1

[68] "In a long Tradition dealing with Meraj it is related (in the Holy Prophet's own words) that: The lord decreed fifty serviecs (salat) during the day and night for me. When I came down to Moses enquired from me, what has the Almighty Prescribed for your followers? I replied fifty Prayer services. He thereupon said, "Go back to your Lord and beg him to reduce their number as your community does not possess the strength to celebrate so many Prayer services. I have enough experience of the children of Israel. I accordingly went back to the lord and implored him to make a concession for my followers. The number of the daily services was then reduced by five. When five Prayers were left the Almighty was Pleased to observe-O Mohammad these are five Prayers during the day and night and each of them is

ਨਮਾਜ਼ ਅਜਿਹਾ ਅਭਿਆਸ ਹੈ ਜਿਸ ਨਾਲ ਸਮੇਂ ਦੀ ਪਾਬੰਦੀ, ਬੁਰੀਆਂ ਆਦਤਾਂ ਤੋਂ ਪ੍ਰਹੇਜ਼ਗਾਰੀ ਪੈਦਾ ਹੁੰਦੀ ਹੈ ਅਤੇ ਮਨੁੱਖ ਵਿਚ ਦੈਵੀ ਗੁਣਾਂ ਦਾ ਸੰਚਾਰ ਹੁੰਦਾ ਹੈ। ਨਮਾਜ਼ ਪੰਜ ਵਾਰ ਪੜ੍ਹਨ ਬਾਰੇ ਹਜ਼ਰਤ ਮੁਹੰਮਦ (ਸ.) ਦਾ ਕਹਿਣਾ ਹੈ ਕਿ ਜੇ ਕਿਸੇ ਘਰ ਦੇ ਸਾਹਮਣੇ ਨਹਿਰ ਵਗਦੀ ਹੋਵੇ ਅਤੇ ਉਹ ਵਿਅਕਤੀ ਉਸ ਵਿੱਚ ਪੰਜ ਵਾਰ ਰੋਜ਼ਾਨਾ ਇਸ਼ਨਾਨ ਕਰੇ ਤਾਂ ਉਸ ਦੇ ਸਰੀਰ ਉੱਤੇ ਮੈਲ ਕਿਵੇਂ ਲੱਗੀ ਰਹਿ ਸਕਦੀ ਹੈ। ਨਮਾਜ਼ ਮਨ ਦੀ ਮੈਲ ਨੂੰ ਦੂਰ ਕਰਦੀ ਹੈ।[69] ਪੰਜ ਨਮਾਜ਼ਾਂ ਦੇ ਨਾਮ ਅਤੇ ਉਨ੍ਹਾਂ ਦੇ ਸਮੇਂ ਹੇਠ ਲਿਖੇ ਅਨੁਸਾਰ ਹਨ:

1. ਸਲਾਤੁਲ ਫਜਰ - ਸੂਰਜ ਚੜ੍ਹਨ ਤੋਂ ਕੁਝ ਸਮਾਂ ਪਹਿਲਾ 2. ਸਲਾਤੁਲ ਜੋਹਰ - ਦੁਪਹਿਰ ਦੇ ਸਮੇਂ 3. ਸਲਾਤੁਲ ਅਸਰ - ਸੂਰਜ ਡੁੱਬਣ ਤੋਂ ਪਹਿਲਾ ਤੱਕ 4. ਸਲਾਤੁਲ ਮਗਰਿਬ - ਸੂਰਜ ਡੁੱਬਦੇ ਸਾਰ 5. ਸਲਾਤੁਲ ਇਸ਼ਾ - ਮਗਰਿਬ ਦੀ ਨਮਾਜ਼ ਦੀ ਸਮਾਪਤੀ ਤੋਂ ਲੈ ਕੇ ਸਵੇਰ ਤੱਕ।

ਨਮਾਜ਼ ਖੁਦਾ ਨੂੰ ਸਪੁਰਦਗੀ ਦਾ ਪ੍ਰਗਟਾਵਾ ਹੈ:

> ਅੱਲਾਹ ਦੇ ਗੁਣਾਂ ਨੂੰ ਵਾਰ-ਵਾਰ ਚੇਤੇ ਕਰਨਾ ਹੈ ਜਿਸ ਨਾਲ ਖੁਦਾ ਦੇ ਦੈਵੀ ਗੁਣ ਮਨੁੱਖੀ ਜ਼ਿੰਦਗੀ ਵਿੱਚ ਵੀ ਪ੍ਰਫੁੱਲਿਤ ਹੋ ਸਕਣ। ਨਮਾਜ਼ ਮਨੁੱਖ ਨੂੰ ਰੱਬ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦੀ ਹੈ। ਜਦੋਂ ਕੋਈ ਮਨੁੱਖ ਖੁਦਾ ਨੂੰ ਹਾਜ਼ਰ ਸਮਝਕੇ ਸਿਜਦਾ ਕਰਦਾ ਹੈ ਤਾਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਖੁਦਾ ਉਸ ਦੇ ਸਾਹਮਣੇ ਹੈ। ਇਸ ਨਾਲ ਉਸਦਾ ਸਭ ਕੁਝ ਬਦਲ ਜਾਂਦਾ ਹੈ।[70]

ਨਮਾਜ਼ ਦੀ ਮਹੱਤਤਾ ਅਤੇ ਇਸ ਨੂੰ ਸਮੇਂ ਸਿਰ ਕਰਨ ਬਾਰੇ ਏ.ਐਸ. ਟਰਿਨਟਨ ਲਿਖਦੇ ਹਨ:

> ਜੇ ਨਮਾਜ਼ ਨਾਲੋਂ ਕੋਈ ਹੋਰ ਚੀਜ਼ ਵਧੀਆ ਹੁੰਦੀ ਤਾਂ ਫਰਿਸ਼ਤੇ ਜ਼ਰੂਰ ਉਸ ਨਾਲ ਖੁਦਾ ਦੀ ਇਬਾਦਤ ਕਰਦੇ। ਰੱਬ ਨੇ ਵਾਅਦਾ ਕੀਤਾ ਹੈ ਕਿ ਉਹ ਉਨ੍ਹਾਂ ਲੋਕਾਂ ਨੂੰ ਜੰਨਤ ਵਿਚ ਲੈ ਕੇ ਜਾਵੇਗਾ ਜੋ ਪੰਜ ਵਕਤ ਨਮਾਜ਼ ਪੜ੍ਹਦੇ ਹਨ। ਸਭ ਤੋਂ ਵਧੀਆ ਕੰਮ ਕੀ ਹੈ? ਸਮੇਂ ਸਿਰ ਨਮਾਜ਼ ਪੜ੍ਹੋ। ਨਮਾਜ਼ ਜੰਨਤ ਕੀ ਕੁੰਜੀ ਹੈ। ਪੰਜ ਵਕਤਾਂ ਦੀ ਨਮਾਜ਼ ਪਾਪਾਂ ਨੂੰ ਇਉਂ ਦੂਰ ਕਰਦੀ ਹੈ ਜਿਵੇਂ ਪਾਣੀ ਮੈਲ ਨੂੰ।[71]

ਨਮਾਜ਼ ਲੋਕ ਦਿਖਾਵੇ ਲਈ ਸਗੋਂ ਆਪਣੀਆਂ ਅੰਦਰੂਨੀ ਬੁਰਾਈਆਂ ਦੀ ਨਜ਼ਰਸਾਨੀ ਲਈ ਅਭਿਆਸ ਹੈ। ਕੁਰਆਨ ਦਾ ਇਸ ਬਾਬਤ ਕਥਨ ਹੈ:

> ਜਦੋਂ ਇਹ ਨਮਾਜ਼ ਲਈ ਉੱਠਦੇ ਹਨ ਤਾਂ ਉਸਲ ਵੱਟੇ ਲੈਂਦੇ ਹੋਏ ਕੇਵਲ ਲੋਕਾਂ ਨੂੰ ਵਿਖਾਉਣ ਲਈ ਉੱਠਦੇ ਹਨ ਅਤੇ ਅੱਲਾਹ ਨੂੰ ਘੱਟ ਯਾਦ ਕਰਦੇ ਹਨ। ਕੁਫ਼ਰ ਅਤੇ ਈਮਾਨ ਵਿਚਾਲੇ ਡਾਵਾਂਡੋਲ ਹਨ। ਨਾ ਪੂਰੇ ਇਸ ਪਾਸੇ ਹਨ ਅਤੇ ਨਾ ਪੂਰੇ ਉਸ ਪਾਸੇ।[72]

---

equal to ten Prayers. Thus they in fact make for fifty Prayer services." S. Abul Hassan Ali Nadwi, *The four pillars of Islam,* Mohammad Asif Kidwai (trans.), foot note no-1, P.13.

69 *ਰਾਹੇ ਅਮਲ,* ਪੰਨਾ-28.

70 "The purpose of Namaz to worship God and to Remeber his noble qualities so that one can cultivate those qualities in one's own life. It provides man with an opportunity to have communion with God. When a person bows and prostrates himself with the feeling that God is before him. His whole being gets changed." Mehmood Hasan, *op.cit,* P-189.

71 "If anything were better than Prayer the angels would use it in worshiping God. God has Promised to take into Paadise him who keeps the five prayers. What is the best act? Prayer at the right time. Prayer is the key of Paradise. The Prayer removes sins as water removes dirt." A.S. Trintton, *Islam belief and Practices*, P-25.

72 4: 142-143

ਇਸਦਾ ਭਾਵ ਇਹ ਹੈ ਕਿ ਤੁਸੀਂ ਨਮਾਜ਼ ਨੂੰ ਬੋਝ ਸਮਝ ਕੇ ਨਾ ਪੜ੍ਹੋ। ਇਸਨੂੰ ਪਿਆਰ ਅਤੇ ਭਰੋਸੇ ਨਾਲ ਪੜ੍ਹੋ। ਨਮਾਜ਼ ਪੜ੍ਹਨ ਦਾ ਹੁਕਮ ਬਹੁਤ ਪੁਰਾਣਾ ਹੈ। ਪਵਿੱਤਰ ਕੁਰਆਨ ਦਾ ਕਥਨ ਹੈ:

> ਯਾਦ ਕਰੋ, ਇਸਰਾਈਲ ਦੀ ਸੰਤਾਨ ਤੋਂ ਅਸੀਂ ਪੱਕਾ ਪ੍ਰਣ ਲਿਆ ਸੀ ਕਿ ਅੱਲਾਹ ਤੋਂ ਛੁੱਟ ਕਿਸੇ ਦੀ ਬੰਦਗੀ ਨਾ ਕਰਨਾ, ਮਾਂ-ਪਿਓ ਨਾਲ, ਸਾਕ ਸਬੰਧੀਆਂ ਨਾਲ, ਯਤੀਮਾਂ ਤੇ ਮੁਥਾਜਾਂ ਨਾਲ ਸੁਹਣਾ ਵਿਵਹਾਰ ਕਰਨਾ, ਲੋਕਾਂ ਨੂੰ ਭਲੀ ਗੱਲ ਆਖਣਾ, ਨਮਾਜ਼ ਕਾਇਮ ਕਰਨਾ ਅਤੇ ਜ਼ਕਾਤ ਦੇਣਾ, ਪਰ ਥੋੜ੍ਹੇ ਜਿਹੇ ਆਦਮੀਆਂ ਤੋਂ ਛੁੱਟ ਤੁਸੀਂ ਸਾਰੇ ਇਸ ਪ੍ਰਣ ਤੋਂ ਫਿਰ ਗਏ ਅਤੇ ਹੁਣ ਤੀਕ ਫਿਰੇ ਹੋਏ ਹੋ।[73]

ਇਸ ਤੋਂ ਸਪੱਸ਼ਟ ਹੁੰਦਾ ਹੈ ਇਸਲਾਮ ਦੇ ਪੰਜੇ ਥੰਮ ਪੁਰਾਤਨਤਾ ਨਾਲ ਜੁੜੇ ਹੋਏ ਹਨ। ਬੀਬੀ ਮਰੀਅਮ ਨੂੰ ਵੀ ਅਜਿਹਾ ਹੀ ਆਦੇਸ਼ ਮਿਲਿਆ ਸੀ:

> ਹੇ ਮਰੀਅਮ! ਆਪਣੇ ਰੱਬ ਦੀ ਆਗਿਆਕਾਰ ਬਣ ਕੇ ਰਹਿ, ਉਸਦੇ ਅੱਗੇ ਸੀਸ ਨਿਵਾ ਤੇ ਜਿਹੜੇ ਬੰਦੇ ਉਸਦੀ ਹਜ਼ੂਰੀ ਵਿੱਚ ਝੁਕਣ ਵਾਲੇ ਹਨ, ਉਨ੍ਹਾਂ ਨਾਲ ਤੂੰ ਵੀ ਝੁਕ ਜਾ।[74]

ਨਮਾਜ਼ ਦੀ ਪਾਬੰਦੀ ਬਾਰੇ ਪਵਿੱਤਰ ਕੁਰਆਨ ਦੱਸਦਾ ਹੈ ਕਿ ਨਮਾਜ਼ ਪੜ੍ਹਨੀ ਅੱਲਾਹ ਉਪਰ ਕੋਈ ਅਹਿਸਾਨ ਨਹੀਂ ਹੈ। ਇਹ ਬੰਦਿਆਂ ਦੀ ਜ਼ਿੰਮੇਵਾਰੀ ਹੈ। ਇਸ ਲਈ ਆਪ ਵੀ ਨਮਾਜ਼ ਪੜ੍ਹੋ ਅਤੇ ਆਪਣੇ ਪਰਿਵਾਰ ਨੂੰ ਵੀ ਇਸ ਪਾਸੇ ਲਾਓ। ਅੱਲਾਹ ਦੀ ਬੰਦਗੀ ਆਪ ਵੀ ਕਰੋ ਅਤੇ ਆਪਣੇ ਪਰਿਵਾਰ ਨੂੰ ਵੀ ਬੰਦਗੀ ਕਰਨ ਦੀ ਪ੍ਰੇਰਨਾ ਦਿਓ:

> ਆਪਣੇ ਆਰ-ਪਰਿਵਾਰ ਨੂੰ ਨਮਾਜ਼ ਦੀ ਪ੍ਰੇਰਨਾ ਦਿਓ ਤੇ ਆਪ ਵੀ ਉਸਦੇ ਪਾਬੰਦ ਰਹੋ। ਅਸੀਂ ਤੁਹਾਥੋਂ ਕੋਈ ਰੋਜ਼ੀ ਨਹੀਂ ਚਾਹੁੰਦੇ। ਰੋਜ਼ੀ ਤਾਂ ਅਸੀਂ ਹੀ ਤੁਹਾਨੂੰ ਦੇ ਰਹੇ ਹਾਂ ਅਤੇ ਚੰਗਾ ਅੰਤ ਸੰਜਮਤਾ ਲਈ ਹੀ ਹੈ।[75]

ਸ਼ੇਖ਼ ਨਿਜਾਮੁਦੀਨ ਔਲੀਆ ਜੀ ਦੱਸਦੇ ਹਨ ਕਿ ਬਾਬਾ ਫ਼ਰੀਦ ਜੀ ਆਪਣੇ ਅੰਤਲੇ ਸਵਾਸਾਂ ਤੱਕ ਨਮਾਜ਼ ਦੇ ਪਾਬੰਦ ਰਹੇ:

> ਆਪ ਇਸ਼ਾ ਦੀ ਨਮਾਜ਼ ਸੰਗਤ ਨਾਲ ਰਲ ਕੇ ਅਦਾ ਕਰਨ ਤੋਂ ਪਿਛੋਂ ਬੇਹੋਸ਼ ਹੋ ਗਏ। ਘੜੀ ਕੁ ਪਿਛੋਂ ਹੋਸ਼ ਪਰਤੀ ਤਾਂ ਆਪ ਨੇ ਪੁੱਛਿਆ, "ਮੈਂ ਇਸ਼ਾ ਦੀ ਨਮਾਜ਼ ਪੜ੍ਹ ਲਈ ਹੈ ਕਿ ਨਹੀਂ?" ਆਪ ਨੂੰ ਦੱਸਿਆ ਗਿਆ ਕਿ ਪੜ੍ਹ ਲਈ ਹੈ। ਬੋਲੇ , "ਇਕ ਵਾਰੀ ਫੇਰ ਪੜ੍ਹ ਲਵਾਂ, ਕੀ ਪਤਾ ਕੀ ਹੋਣ ਵਾਲਾ ਹੈ?" ਜਦੋਂ ਦੂਜੀ ਵਾਰ ਨਮਾਜ਼ ਅਦਾ ਕਰ ਲਈ ਤਾਂ ਫੇਰ ਬੇਹੋਸ਼ ਹੋ ਗਏ। ਐਤਕੀ ਬੇਹੋਸ਼ੀ ਕੁਝ ਲੰਮੇਰੀ ਸੀ। ਹੋਸ ਪਰਤੀ ਤਾਂ ਪੁੱਛਿਆ, "ਕੀ ਮੈਂ ਇਸ਼ਾ ਦੀ ਨਮਾਜ਼ ਪੜ੍ਹ ਲਈ ਹੈ?" ਆਪ ਨੂੰ ਕਿਹਾ ਗਿਆ ਕਿ ਦੋ ਵਾਰੀ ਪੜ੍ਹੀ ਹੈ। ਫ਼ਰਮਾਇਆ, "ਇੱਕ ਵਾਰੀ ਹੋਰ ਪੜ੍ਹ ਲਵਾਂ, ਕੌਣ ਜਾਣਦਾ ਹੈ ਕੀ ਹੋਣ ਵਾਲਾ ਹੈ?" ਤੀਜੀ ਵਾਰੀ ਫੇਰ ਨਮਾਜ਼ ਪੜ੍ਹੀ ਤੇ ਅੱਲਾਹ ਦੀ ਰਹਿਮਤ ਵਿਚ ਲੀਨ ਹੋ ਗਏ।[76]

ਪਵਿੱਤਰ ਕੁਰਆਨ ਇਹ ਵੀ ਦੱਸਦਾ ਹੈ ਕਿ ਜੇਕਰ ਉਸਦੇ ਬੰਦਿਆਂ ਨੂੰ ਕੋਈ ਦੁਨਿਆਵੀਂ ਤਾਕਤ ਜਾਂ ਰਾਜ-ਭਾਗ ਵੀ ਮਿਲ ਜਾਵੇ ਤਾਂ ਵੀ ਉਹ ਨਮਾਜ਼ ਅਤੇ ਜ਼ਕਾਤ ਨੂੰ ਨਹੀਂ ਛੱਡਣਗੇ। ਬੰਦਗੀ ਕਰਨ ਵਾਲਿਆਂ ਨੂੰ ਕੋਈ ਵੀ ਸੁੱਖ ਇਸ ਰਾਹ ਤੋਂ ਨਹੀਂ ਹਟਾ ਸਕਦਾ:

---

73 2:83
74 3:43
75 20:132
76 ਪ੍ਰੀਤਮ ਸਿੰਘ, (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ੇਖ਼ ਫ਼ਰੀਦ ਦੀ ਭਾਲ,* ਪੰਨਾ-149.

> ਇਹ ਉਹ ਲੋਕ ਹਨ ਜਿਹਨਾਂ ਨੂੰ ਜੇਕਰ ਅਸੀਂ ਧਰਤੀ ਵਿੱਚ ਸੱਤਾ ਬਖਸ਼ੀਏ ਤਾਂ ਉਹ ਨਮਾਜ਼ ਕਾਇਮ ਕਰਨਗੇ, ਜ਼ਕਾਤ ਦੇਣਗੇ, ਨੇਕੀ ਦਾ ਹੁਕਮ ਦੇਣਗੇ ਅਤੇ ਬੁਰਾਈ ਤੋਂ ਵਰਜਣਗੇ। ਸਾਰੇ ਕਰਮਾਂ ਦਾ ਅਖ਼ੀਰ ਅੱਲਾਹ ਦੇ ਹੱਥ ਹੈ।[77]

ਨਮਾਜ਼ ਅੱਲਾਹ ਅੱਗੇ ਪੂਰਨ ਸਮਰਪਣ ਹੈ। ਬੰਦਗੀ ਕਰਨ ਵਾਲੇ ਲਈ ਨਮਾਜ਼ ਜੀਵਨ ਅਤੇ ਮੌਤ ਤੋਂ ਉਪਰ ਹੈ:

> ਆਖੋ ਕਿ ਮੇਰੀ ਨਮਾਜ਼, ਮੇਰੀ ਇਬਾਦਤ ਦੇ ਸਾਰੇ ਤਰੀਕੇ, ਮੇਰਾ ਜਿਉਣਾ ਤੇ ਮੇਰਾ ਮਰਨਾ, ਸਭੇ ਕੁਝ ਅੱਲਾਹ ਵਾਸਤੇ ਹੈ ਜਿਹੜਾ ਪਾਲਣਹਾਰ ਹੈ ਸਾਰਿਆਂ ਜਹਾਨਾਂ ਦਾ ਤੇ ਜਿਸਦਾ ਕੋਈ ਸ਼ਰੀਕ ਨਹੀਂ।[78]

ਨਮਾਜ਼ ਰੱਬ ਨਾਲ ਗੱਲਬਾਤ ਕਰਨ ਦਾ ਮਾਧਿਅਮ ਹੈ। ਨਮਾਜ਼ ਭਟਕੇ ਮਨਾਂ ਨੂੰ ਟਿਕਾਅ, ਮੁਰਝਾਏ ਮਨਾਂ ਨੂੰ ਖੇੜਾ, ਦੌਲਤਮੰਦਾਂ ਨੂੰ ਸ਼ੁਕਰ ਅਤੇ ਗ਼ਰੀਬਾਂ ਨੂੰ ਸਬਰ ਕਰਨਾ ਸਿਖਾਉਂਦੀ ਹੈ। ਪਵਿੱਤਰ ਕੁਰਆਨ ਵਿੱਚ ਸੈਂਕੜੇ ਵਾਰੀ ਨਮਾਜ਼ ਅਤੇ ਜ਼ਕਾਤ ਦਾ ਜ਼ਿਕਰ ਨਾਲ-ਨਾਲ ਆਇਆ ਹੈ। ਨਮਾਜ਼ ਪੜ੍ਹਨ ਵਾਲੇ ਸਿੱਧੇ ਰਸਤੇ ਉਪਰ ਹਨ। ਨਮਾਜ਼ ਨਾ ਪੜ੍ਹਨ ਵਾਲੇ ਸਿੱਧੇ ਰਸਤੇ ਤੋਂ ਭਟਕੇ ਹੋਏ ਹਨ। ਇਸ ਹਾਲਤ ਨੂੰ ਪਵਿੱਤਰ ਕੁਰਆਨ ਵਿੱਚ ਇੰਝ ਦੱਸਿਆ ਹੈ ਜਿਵੇਂ ਕੋਈ ਵਿਅਕਤੀ ਬੀਆਬਾਨ ਵਿਚ ਭਟਕਿਆ ਫਿਰਦਾ ਹੋਵੇ ਅਤੇ ਉਸਦੇ ਸਾਥੀ ਉਸਨੂੰ ਬੀਆਬਾਨ ਤੋਂ ਬਾਹਰ ਆਉਣ ਲਈ ਆਵਾਜ਼ ਮਾਰਦੇ ਹੋਣ। ਨਮਾਜ਼ ਹਨੇਰਿਆਂ ਤੋਂ ਉਜਾਲੇ ਵੱਲ ਲੈ ਕੇ ਜਾਂਦੀ ਹੈ:

> ਕੀ ਅਸੀਂ ਆਪਣਾ ਹਾਲ ਉਸ ਵਿਅਕਤੀ ਵਾਂਗ ਕਰ ਲਈਏ ਜਿਸ ਨੂੰ ਸ਼ੈਤਾਨਾਂ ਰੋਹੀ-ਬੀਆਬਾਨ ਵਿੱਚ ਭਟਕਾ ਦਿੱਤਾ ਹੋਵੇ ਅਤੇ ਉਹ ਹੈਰਾਨ ਪਰੇਸ਼ਾਨ ਫਿਰ ਰਿਹਾ ਹੋਵੇ ਜਦੋਂ ਕਿ ਉਹਦੇ ਸਾਥੀ ਉਸਨੂੰ ਸੱਦ ਰਹੇ ਹੋਣ ਕਿ ਇੱਧਰ ਆ ਜਾ, ਇਹ ਸਿੱਧਾ ਰਾਹ ਮੌਜੂਦ ਹੈ, "ਆਖੋ, "ਅਸਲ ਵਿੱਚ ਸਹੀ ਅਗਵਾਈ ਤਾਂ ਕੇਵਲ ਅੱਲਾਹ ਦੀ ਅਗਵਾਈ ਹੀ ਹੈ ਅਤੇ ਉਸ ਵੱਲੋਂ ਸਾਨੂੰ ਇਹ ਹੁਕਮ ਹੋਇਆ ਹੈ ਕਿ ਸਾਰੇ ਜਹਾਨਾਂ ਦੇ ਮਾਲਕ ਅੱਗੇ ਅਧੀਨਗੀ ਵਿੱਚ ਸੀਸ ਨਿਵਾ ਦਿਓ, ਨਮਾਜ਼ ਕਾਇਮ ਕਰੋ ਅਤੇ ਉਹਦੀ ਨਾਫ਼ਰਮਾਨੀ ਤੋਂ ਬਚੋ, ਉਸੇ ਵੱਲ ਤੁਹਾਨੂੰ ਇਕੱਠਿਆਂ ਕੀਤਾ ਜਾਵੇਗਾ।"[79]

ਮੁਸਲਿਮ ਅਤੇ ਕਾਫ਼ਿਰ ਵਿੱਚ ਇਹ ਅੰਤਰ ਹੈ ਕਿ ਮੁਸਲਿਮ ਨਮਾਜ਼ ਪੜਦਾ ਹੈ ਅਤੇ ਕਾਫ਼ਿਰ ਨਮਾਜ਼ ਤੋਂ ਆਕੀ ਹੈ। ਨਮਾਜ਼ ਵਿਚ ਬੰਦਗੀ ਦੇ ਗੁਣ ਜਿਵੇਂ ਤੌਬਾ, ਜ਼ਿਕਰ, ਸਬਰ, ਸ਼ੁਕਰ ਸਮਾਏ ਹੋਏ ਹਨ। ਪਵਿੱਤਰ ਕੁਰਆਨ ਵਿੱਚ ਅਨੇਕ ਤਰ੍ਹਾਂ ਨਮਾਜ਼ ਦੀ ਮਹੱਤਤਾ ਦ੍ਰਿੜ ਕਰਵਾਈ ਗਈ ਹੈ ਪਰ ਨਾਲ ਹੀ ਨਮਾਜ਼ ਨੂੰ ਅਮਲੀ ਜੀਵਨ ਵਿੱਚ ਢਾਲਣ ਦਾ ਜ਼ਿਕਰ ਵੀ ਹੋਇਆ ਹੈ। ਹਜ਼ਰਤ ਮੁਹੰਮਦ (ਸ.) ਪਾਖੰਡੀਆਂ ਬਾਰੇ ਕਹਿੰਦੇ ਹਨ ਕਿ ਉਹ ਨਾ ਤਾਂ ਨਮਾਜ਼ ਦੇ ਪਾਬੰਦ ਹਨ ਅਤੇ ਨਾ ਨਮਾਜ਼ ਵਿਚਲੀਆਂ ਹਕੀਕਤਾਂ ਤੋਂ ਜਾਣੂ ਹਨ :

> ਉਹ ਬੈਠਿਆ ਹੋਇਆ ਸੂਰਜ ਦੀ ਉਡੀਕ ਕਰਦਾ ਰਹਿੰਦਾ ਹੈ, ਇਥੋਂ ਤਕ ਕਿ ਜਦ ਉਸ ਉਤੇ ਪਿਲੱਤਣ ਆ ਜਾਂਦੀ ਹੈ ਤੇ ਦਵੈਤਵਾਦੀਆਂ ਦਾ ਸੂਰਜ ਦੀ ਪੂਜਾ ਕਰਨ ਦਾ ਸਮਾਂ ਆ ਜਾਂਦਾ ਹੈ ਤਾਂ ਉਹ ਉਸ ਸਮੇਂ ਉੱਠਦਾ ਹੈ ਅਤੇ ਛੇਤੀ-ਛੇਤੀ ਚਾਰ ਰਕਅਤਾਂ (ਨਮਾਜ਼ ਵਿਚ ਚਾਰ ਵਾਰ ਝੁਕ ਲੈਣਾ) ਮਾਰ ਲੈਂਦਾ ਹੈ, ਜਿਵੇਂ ਕਿ ਧਰਤੀ ਉਤੇ ਮੁਰਗੀ ਚੁੰਝ ਮਾਰਦੀ ਹੈ ਤੇ ਫਿਰ ਚੁੱਕ ਲੈਂਦੀ ਹੈ। ਇਹ ਆਦਮੀ ਆਪਣੀ ਨਮਾਜ਼ ਵਿੱਚ ਅੱਲਾਹ ਨੂੰ ਰਤਾ ਭਰ ਵੀ ਯਾਦ ਨਹੀਂ ਕਰਦਾ।[80]

---

[77] 22:41
[78] 6:163
[79] 6:7-72
[80] ਮੌਲਾਨਾ ਜਲੀਲ ਅਹਿਸਨ ਨਦਵੀ, *ਪੂਰਵ ਅੰਕਿਤ,* ਪੰਨਾ-30.

ਨਮਾਜ਼ ਦਾ ਵਿਹਾਰਕ ਰੂਪ  ਜ਼ਕਾਤ ਦੇਣੀ, ਗਰੀਬਾਂ ਅਤੇ ਅਨਾਥਾਂ ਦੀ ਮਦਦ ਕਰਨੀ ਹੈ:

> (ਕਾਇਮ ਹੋ ਜਾਓ ਇਸ ਗੱਲ ਉੱਤੇ) ਅੱਲਾਹ ਵੱਲ ਝੁਕਦੇ ਹੋਏ। ਉਸ ਤੋਂ ਡਰੋਂ, ਨਮਾਜ਼ ਕਾਇਮ ਕਰੋ ਤੇ ਉਹਨਾਂ ਸ਼ਿਰਕ ਕਰਨ ਵਾਲਿਆਂ ਵਿੱਚੋਂ ਨਾ ਹੋ ਜਾਓ ਜਿਹਨਾਂ ਨੇ ਆਪੋ ਆਪਣਾ ਧਰਮ ਅੱਡ ਬਣਾ ਲਿਆ ਹੈ ਅਤੇ ਧੜਿਆਂ ਵਿੱਚ ਵੰਡੇ ਗਏ ਹਨ, ਹਰੇਕ ਧੜੇ ਕੋਲ ਜੋ ਕੁਝ ਹੈ ਉਸੇ ਵਿੱਚ ਉਹ ਮਗਨ ਹੈ।[81]

ਨਿੱਤ ਦੀ ਨਮਾਜ਼ ਨੂੰ ਵਾਧੇ ਵਾਲਾ ਵਪਾਰ ਕਿਹਾ ਹੈ। ਜੋ ਕੋਈ ਰੋਜ਼ਾਨਾ ਨਮਾਜ਼ ਪੜ੍ਹਦਾ ਹੈ ਤਾਂ ਉਸ ਅੰਦਰ ਚੰਗਿਆਈਆਂ ਦਾ ਖਜ਼ਾਨਾ ਇਕੱਤਰ ਹੋਣਾ ਸ਼ੁਰੂ ਹੋ ਜਾਂਦਾ ਹੈ। ਨਮਾਜ਼ ਸਭ ਤੋਂ ਵਧੀਆ ਕੰਮ ਹੈ:

> ਜਿਹੜੇ ਲੋਕ ਅੱਲਾਹ ਦੀ ਕਿਤਾਬ ਦਾ ਪਾਠ ਕਰਦੇ ਹਨ, ਨਮਾਜ਼ ਕਾਇਮ ਕਰਦੇ ਹਨ ਅਤੇ ਜੋ ਕੁਝ ਅਸਾਂ ਉਹਨਾਂ ਨੂੰ ਰੋਜ਼ੀ ਦਿੱਤੀ ਹੈ ਉਸ ਵਿਚੋਂ ਗੁਪਤ ਤੇ ਪ੍ਰਗਟ ਰੂਪ ਵਿੱਚ ਖਰਚ ਕਰਦੇ ਹਨ ਨਿਰਸੰਦੇਹ ਉਹ ਇੱਕ ਅਜਿਹੇ ਵਣਜ ਵਪਾਰ ਦੇ ਆਸਵੰਦ ਹਨ ਜਿਸ ਵਿੱਚ ਕਦੇ ਵੀ ਘਾਟਾ ਨਹੀਂ ਹੋਵੇਗਾ।[82]

ਪਵਿੱਤਰ ਕੁਰਆਨ ਦੱਸਦਾ ਹੈ ਕਿ ਨਮਾਜ਼ ਕੇਵਲ ਬੁਰਾਈਆਂ ਤੋਂ ਹੀ ਨਹੀਂ ਬਚਾਉਂਦੀ। ਇਹ ਮਨੁੱਖ ਨੂੰ ਚੁਸਤ ਅਤੇ ਫੁਰਤੀਲਾ ਵੀ ਬਣਾਉਂਦੀ ਹੈ। ਇਸਦੇ ਅਨੇਕ ਫਾਇਦੇ ਹਨ। ਨਮਾਜ਼ ਮਨੁੱਖ ਵਿੱਚ ਆਲਸਪੁਣਾ ਖਤਮ ਕਰ ਦਿੰਦੀ ਹੈ। ਇੱਕ ਨਮਾਜ਼ ਤੋਂ ਬਾਅਦ ਦੂਜੀ ਨਮਾਜ਼ ਦਾ ਸਮਾਂ ਆ ਜਾਂਦਾ ਹੈ। ਇਸ ਦਰਮਿਆਨ ਬੰਦੇ ਉਪਰ ਹੋਰ ਦੁਨੀਆਂਦਾਰੀ ਦੇ ਖਿਆਲਾਤ ਭਾਰੂ ਨਹੀਂ ਹੁੰਦੇ:

> (ਹੇ ਨਬੀ!) ਪਾਠ ਕਰੋ ਉਸ ਕਿਤਾਬ ਦਾ ਜੋ ਤੁਹਾਡੇ ਵੱਲ ਵਹੀ ਦੁਆਰਾ ਭੇਜੀ ਗਈ ਹੈ ਤੇ ਨਮਾਜ਼ ਕਾਇਮ ਕਰੋ। ਬੇਸ਼ੱਕ ਨਮਾਜ਼ ਅਸ਼ਲੀਲ ਤੇ ਭੈੜੇ ਕੰਮਾਂ ਤੋਂ ਵਰਜਦੀ ਹੈ ਅਤੇ ਅੱਲਾਹ ਦਾ ਸਿਮਰਨ ਇਸ ਨਾਲੋਂ ਵੀ ਵਧੇਰੇ ਵੱਡੀ ਚੀਜ਼ ਹੈ। ਅੱਲਾਹ ਜਾਣਦਾ ਹੈ ਜੋ ਕੁਝ ਤੁਸੀਂ ਕਰਦੇ ਹੋ।[83]

ਨਮਾਜ਼ ਪੜ੍ਹਨ ਵਾਲਿਆਂ ਵਿੱਚ ਸਬਰ ਆ ਜਾਂਦਾ ਹੈ। ਇਹ ਕੰਮ ਔਖਾ ਹੈ ਪਰ ਰੱਬ ਦੇ ਬੰਦੇ ਇਸਨੂੰ ਕਰ ਹੀ ਲੈਂਦੇ ਹਨ:

> ਸਬਰ ਤੇ ਨਮਾਜ਼ ਤੋਂ ਮਦਦ ਲਓ, ਬੇਸ਼ੱਕ ਨਮਾਜ਼ ਇੱਕ ਵੱਡਾ ਔਖਾ ਕੰਮ ਹੈ, ਪਰ ਉਨ੍ਹਾਂ ਆਗਿਆਕਾਰ ਬੰਦਿਆਂ ਲਈ ਔਖਾ ਨਹੀਂ ਹੈ ਜਿਹੜੇ ਸਮਝਦੇ ਹਨ ਕਿ ਅੰਤ ਉਹਨਾਂ ਨੇ ਆਪਣੇ ਰੱਬ ਨੂੰ ਮਿਲਣਾ ਹੈ ਅਤੇ ਉਸੇ ਵੱਲ ਪਰਤ ਕੇ ਜਾਣਾ ਹੈ।[84]
>
> ਅਤੇ
>
> ਹੇ ਈਮਾਨ ਲਿਆਉਣ ਵਾਲਿਓ! ਸਬਰ ਅਤੇ ਨਮਾਜ਼ ਤੋਂ ਸਹਾਇਤਾ ਲਓ। ਅੱਲਾਹ ਸਬਰ ਕਰਨ ਵਾਲਿਆਂ ਦੇ ਅੰਗ-ਸੰਗ ਹੈ।[85]

ਪਵਿੱਤਰ ਕੁਰਆਨ ਵਿੱਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਇਬਰਾਹੀਮ ਦੇ ਵੰਸ਼ ਦੇ ਲੋਕ ਨੇਕ ਸਨ। ਆਇਤਾਂ ਸੁਣਦੇ ਅਤੇ ਸਿਰ ਝੁਕਾਉਂਦੇ ਸਨ ਪਰ ਉਸ ਵੰਸ਼ ਤੋਂ ਬਾਅਦ ਦੇ ਲੋਕ ਚੰਗੇ ਨਹੀਂ ਨਿਕਲੇ:

> ਫੇਰ ਉਹਨਾਂ ਮਗਰੋਂ ਉਹ ਨਾਲਾਇਕ ਲੋਕ ਉਹਨਾਂ ਦੇ ਜਾਨਸ਼ੀਨ ਬਣੇ ਜਿਹਨਾਂ ਨੇ ਨਮਾਜ਼ ਨੂੰ ਅਜਾਈ ਗੁਆ ਦਿੱਤਾ ਤੇ ਆਪਣੀਆਂ ਮਨੋਕਾਮਨਾਵਾਂ ਦੇ ਪਿੱਛੇ ਲੱਗ ਟੁਰੇ।[86]

---

[81] 30:31-32
[82] 35:29
[83] 29:45
[84] 2:45-46
[85] 2:153
[86] 19:59

ਨਮਾਜ਼ ਬੰਦੇ ਨੂੰ ਜੰਨਤ ਵਿੱਚ ਲੈ ਕੇ ਜਾਂਦੀ ਹੈ। ਜੰਨਤ ਵਿੱਚ ਬੈਠੇ ਲੋਕ ਨਰਕਾਂ ਵਿੱਚ ਬੈਠੇ ਲੋਕਾਂ ਤੋਂ ਪੁੱਛਣਗੇ ਕਿ ਤੁਹਾਨੂੰ ਨਰਕ ਕਿਉਂ ਮਿਲਿਆ ਹੈ:

> ਉਹ ਅਪਰਾਧੀਆਂ ਕੋਲੋਂ ਪੁੱਛਣਗੇ, "ਤੁਹਾਨੂੰ ਕਿਹੜੀ ਚੀਜ਼ ਨਰਕ ਵਿੱਚ ਲੈ ਗਈ? ਉਹ ਆਖਣਗੇ, "ਅਸੀਂ ਨਮਾਜ਼ ਪੜ੍ਹਨ ਵਾਲਿਆਂ ਵਿੱਚੋਂ ਨਹੀਂ ਸਾਂ, ਮੁਥਾਜ ਨੂੰ ਭੋਜਨ ਨਹੀਂ ਕਰਾਉਂਦੇ ਸਾਂ।"[87]

ਪਵਿੱਤਰ ਕੁਰਆਨ ਮਨੁੱਖ ਨੂੰ ਆਲਸ ਤਿਆਗ ਕੇ ਬੰਦਗੀ ਕਰਨ ਦੀ ਪ੍ਰੇਰਨਾ ਦਿੰਦਾ ਹੈ। ਮਨੁੱਖ ਆਪਣੀ ਨੀਂਦ, ਭੁੱਖ ਉਪਰ ਕਾਬੂ ਪਾਵੇ ਅਤੇ ਖੁਦਾ ਦੀ ਇਬਾਦਤ ਕਰੇ। ਇਸ ਅਮਲ ਨਾਲ ਮਨ ਵੱਸ ਵਿਚ ਆਉਂਦਾ ਹੈ :

> ਹੇ ਝੁੰਗੜਮਾਟਾ ਮਾਰ ਕੇ ਸੌਣ ਵਾਲਿਆਂ! ਰਾਤੀਂ ਨਮਾਜ਼ ਵਿੱਚ ਖਲੋਤਾ ਰਿਹਾ ਕਰ ਪਰ ਘੱਟ, ਅੱਧੀ ਰਾਤ ਜਾਂ ਇਸ ਤੋਂ ਕੁਝ ਘੱਟ ਕਰ ਲਓ ਜਾਂ ਇਸ ਤੋਂ ਕੁਝ ਹੋਰ ਵਧਾ ਲਓ ਅਤੇ ਕੁਰਆਨ ਨੂੰ ਚੰਗੀ ਤਰ੍ਹਾਂ ਠਹਿਰ-ਠਹਿਰ ਕੇ ਪੜ੍ਹਿਆ ਕਰੋ। ਅਸੀਂ ਤੁਹਾਡੇ ਉੱਤੇ ਇੱਕ ਭਾਰੀ ਬਾਣੀ ਉਤਾਰਨ ਵਾਲੇ ਹਾਂ। ਹਕੀਕਤ ਵਿੱਚ ਰਾਤੀ-ਉੱਠਣਾ ਆਪਣੇ ਮਨ ਨੂੰ ਵੱਸ ਵਿਚ ਕਰਨ ਲਈ ਬਹੁਤ ਪ੍ਰਭਾਵਕਾਰੀ ਅਤੇ ਕੁਰਆਨ ਠੀਕ ਪੜ੍ਹਨ ਲਈ ਵਧੇਰੇ ਉਚਿਤ ਹੈ। ਦਿਨ ਵੇਲੇ ਤਾਂ ਤੁਹਾਡੇ ਲਈ ਚੋਖੇ ਰੁਝੇਵੇਂ ਹੁੰਦੇ ਹਨ। ਆਪਣੇ ਰੱਬ ਦਾ ਨਾਂ ਯਾਦ ਕੀਤਾ ਕਰੋ ਅਤੇ ਸਾਰਿਆਂ ਨਾਲੋਂ ਟੁੱਟ ਕੇ ਉਸੇ ਦੇ ਲੜ ਲੱਗ ਜਾਓ।[88]

ਕੁਰਆਨ ਵਿੱਚ ਨਮਾਜ਼ ਪੜ੍ਹਨ ਤੋਂ ਪਹਿਲਾਂ ਦੀ ਤਿਆਰੀ ਬਾਰੇ ਵੀ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਨਮਾਜ਼ ਪੜ੍ਹਨ ਤੋਂ ਪਹਿਲਾਂ ਤਨ ਦੀ ਸਫ਼ਾਈ ਦੀ ਵਿਸ਼ੇਸ਼ ਮਹੱਤਤਾ ਹੈ। ਤਨ ਨਾਪਾਕ ਹੁੰਦਾ ਹੈ:

1. ਸੰਭੋਗ ਕਰਨ ਨਾਲ
2. ਸੁਪਨਦੋਸ਼ ਨਾਲ
3. ਜੰਗਲਪਾਣੀ ਜਾਣ ਨਾਲ
4. ਔਰਤਾਂ ਨੂੰ ਮਹਾਂਵਾਰੀ ਦੌਰਾਨ
5. ਸਰੀਰ ਉਪਰ ਕੋਈ ਜ਼ਖਮ ਅਤੇ ਪੀਕ ਦੀ ਗੰਦਗੀ ਦੇ ਨਾਲ

ਇਸ ਬਾਬਤ ਕੁਰਆਨ ਵਿਸਥਾਰ ਸਹਿਤ ਜਾਣਕਾਰੀ ਦਿੰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਸਰੀਰਕ ਸਫਾਈ ਪਾਣੀ ਨਾਲ ਅਤੇ ਪਾਣੀ ਤੋਂ ਬਗੈਰ ਕਰਨੀ ਹੈ :

> ਹੇ ਈਮਾਨ ਲਿਆਉਣ ਵਾਲਿਓ! ਜਦੋਂ ਤੁਸੀਂ ਨਮਾਜ਼ ਲਈ ਉਠੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਆਪਣੇ ਮੂੰਹ ਤੇ ਹੱਥ ਕੂਹਣੀਆਂ ਤੱਕ ਧੋ ਲਓ ਸਿਰਾਂ ਉੱਤੇ ਹੱਥ ਫੇਰ ਲਓ ਅਤੇ ਪੈਰ ਗਿੱਟਿਆਂ ਤੀਕ ਧੋ ਲਿਆ ਕਰੋ। ਜੇ ਤੁਸੀਂ ਨਾਪਾਕੀ ਦੀ ਹਾਲਤ ਵਿੱਚ ਹੋਵੋ ਤਾਂ ਇਸ਼ਨਾਨ ਕਰਕੇ ਪਾਕ ਹੋ ਜਾਓ। ਜੇਕਰ ਬਿਮਾਰ ਹੋਵੋ ਜਾਂ ਸਫ਼ਰ ਵਿੱਚ ਹੋਵੋ ਜਾਂ ਤੁਹਾਡੇ ਚੋਂ ਕੋਈ ਵਿਅਕਤੀ ਜੰਗਲ ਪਾਣੀ ਹੋ ਕੇ ਆਵੇ ਜਾਂ ਤੁਸੀਂ ਇਸਤਰੀਆਂ ਨੂੰ ਹੱਥ ਲਾਇਆ ਹੋਵੇ ਅਤੇ ਪਾਣੀ ਨਾ ਮਿਲੇ ਤਾਂ ਪਾਕ ਮਿੱਟੀ ਤੋਂ ਕੰਮ ਲਓ। ਬੱਸ ਉਸ 'ਤੇ ਹੱਥ ਮਾਰ ਕੇ ਮੂੰਹ ਅਤੇ ਹੱਥਾਂ ਉੱਤੇ ਫੇਰ ਲਿਆ ਕਰੋ। ਅੱਲਾਹ ਤੁਹਾਡੇ ਉਤੇ ਜੀਵਨ ਨੂੰ ਤੰਗ ਨਹੀਂ ਕਰਨਾ ਚਾਹੁੰਦਾ, ਪਰ ਚਾਹੁੰਦਾ ਹੈ ਕਿ ਤੁਹਾਨੂੰ ਪਾਕ ਸਾਫ਼ ਕਰੇ ਅਤੇ ਆਪਣੀ ਦਾਤ ਤੁਹਾਡੇ ਉੱਤੇ ਪੂਰੀ ਕਰ ਦੇਵੇ, ਸ਼ਾਇਦ ਕਿ ਤੁਸੀਂ ਸ਼ੁਕਰ ਗੁਜ਼ਾਰ ਬਣੋ।[89]

ਮੁਹੰਮਦ (ਸ.) ਨੂੰ ਜਿਬਰਾਈਲ (ਅ.) ਨੇ ਚੰਗੀ ਤਰ੍ਹਾਂ ਦੱਸਿਆ ਸੀ ਕਿ ਨਮਾਜ਼ ਕਿਵੇਂ ਪੜ੍ਹਨੀ ਹੈ। ਇਸ ਵਿਚ ਨਮਾਜ਼ ਤੋਂ ਪਕ੍ਰਿਆਨ ਨਾਲ-ਨਾਲ ਨਾਜ਼ਲ ਹੁੰਦਾ ਗਿਆ ਅਤੇ ਨਮਾਜ਼ ਪੜ੍ਹਨ ਤੋਂ ਪਹਿਲਾਂ

---

[87] 74:40
[88] 73:1-9
[89] 5:6

ਦੀਆਂ ਹਦਾਇਤਾਂ ਦਾ ਜ਼ਿਕਰ ਵੀ ਨਾਲ-ਨਾਲ ਹੁੰਦਾ ਰਿਹਾ। ਹੌਲੀ-ਹੌਲੀ ਵੁਜ਼ੂ ਕਰਨ ਅਤੇ ਸੰਪੂਰਨ ਸਰੀਰ ਦੇ ਇਸ਼ਨਾਨ ਕਰਨ ਦਾ ਹੁਕਮ ਨਾਜ਼ਲ ਹੋਇਆ। ਕੁਰਆਨ ਦੇ ਨਾਜ਼ਿਲ ਹੋਣ ਤੋਂ ਪਹਿਲਾਂ ਲੋਕਾਂ ਵਿੱਚ ਬਹੁਤ ਬੁਰਾਈਆਂ ਸਨ ਜਿਨ੍ਹਾਂ ਚੋਂ ਸ਼ਰਾਬ ਅਤੇ ਜੂਆ ਪ੍ਰਮੁੱਖ ਸਨ। ਪਵਿੱਤਰ ਕੁਰਆਨ ਵਿੱਚ ਸ਼ਰਾਬ ਬਾਰੇ ਤਿੰਨ ਵਾਰ ਜ਼ਿਕਰ ਆਇਆ ਹੈ। ਪਹਿਲੀ ਵਾਰ ਸੂਰਤ ਅਲ-ਬਕਰਹ ਦੀ ਆਇਤ ਨੰ. 2:219. ਵਿੱਚ, ਦੂਜੀ ਵਾਰ ਸੂਰਤ ਅਲ-ਨਿਸਾ ਦੀ ਆਇਤ ਨੰ. 4: 43. ਵਿੱਚ ਅਤੇ ਤੀਜੀ ਵਾਰ ਸੂਰਤ ਅਲ-ਮਾਇਦਾ ਦੀ ਆਇਤ ਨੰ. 5:90. ਵਿੱਚ। ਉਪਰੋਕਤ ਆਇਤਾਂ ਦੇ ਆਧਾਰ ’ਤੇ ਇਹ ਪਤਾ ਚੱਲਦਾ ਹੈ ਕਿ ਉਸ ਵੇਲੇ ਲੋਕ ਸ਼ਰਾਬ ਨੂੰ ਪਸੰਦ ਕਰਦੇ ਸਨ। ਇਹ ਇਕ ਸਮਾਜਿਕ ਕੁਰੀਤੀ ਸੀ। ਅੱਲਾਹ ਤਆਲਾ ਨੇ ਹੁਕਮ ਜਾਰੀ ਕੀਤਾ ਕਿ ਨਮਾਜ਼ ਪੜ੍ਹਦਿਆਂ ਸ਼ਰਾਬ ਨਾ ਪੀਓ ਜਾਂ ਕੋਈ ਵੀ ਨਸ਼ਾ ਨਾ ਕਰੋ। ਇਹ ਹੁਕਮ ਕੇਵਲ ਨਮਾਜ਼ ਦੌਰਾਨ ਸ਼ਰਾਬ ਨਾ ਪੀਣ ਬਾਰੇ ਹੈ:

> ਹੇ ਈਮਾਨ ਲਿਆਉਣ ਵਾਲਿਓ! ਜਦੋਂ ਤੁਸੀਂ ਨਸ਼ੇ ਦੀ ਹਾਲਾਤ ਵਿੱਚ ਹੋਵੋ ਤਾਂ ਨਮਾਜ਼ ਦੇ ਨੇੜ੍ਹੇ ਨਾ ਜਾਓ। ਨਮਾਜ਼ ਉਸ ਵੇਲੇ ਪੜ੍ਹਨੀ ਚਾਹੀਦੀ ਹੈ ਜਦੋਂ ਤੁਸੀਂ ਜਾਣਦੇ ਹੋਵੋ ਕਿ ਕੀ ਆਖ ਰਹੇ ਹੋ ਤੇ ਇਸੇ ਤਰ੍ਹਾਂ ਨਾਪਾਕੀ ਦੀ ਹਾਲਤ ਵਿੱਚ ਵੀ ਨਮਾਜ਼ ਦੇ ਨੇੜੇ ਨਾ ਜਾਓ ਜਦੋਂ ਤੀਕ ਇਸ਼ਨਾਨ ਨਾ ਕਰ ਲਓ, ਛੁੱਟ ਇਸਤੋਂ ਕਿ ਰਸਤਾ ਗੁਜ਼ਰਦੇ ਹੋਵੋ ਅਤੇ ਜੇ ਕਦੇ ਅਜਿਹਾ ਹੋਵੇ ਕਿ ਤੁਸੀਂ ਬਿਮਾਰ ਹੋਵੋ ਜਾਂ ਸਫ਼ਰ ਵਿੱਚ ਹੋਵੋ ਜਾਂ ਤੁਹਾਡੇ ਵਿੱਚੋਂ ਕੋਈ ਟੱਟੀ-ਪਿਸ਼ਾਬ ਜਾ ਕੇ ਆਇਆ ਹੋਵੇ, ਜਾਂ ਤੁਸਾਂ ਇਸਤ੍ਰੀਆਂ ਨੂੰ ਹੱਥ ਲਗਾਇਆ ਹੋਵੇ ਅਤੇ ਫੇਰ ਪਾਣੀ ਨਾ ਮਿਲੇ ਤਾਂ ਪਾਕ ਮਿੱਟੀ ਤੋਂ ਕੰਮ ਲਓ ਅਤੇ ਉਸ ਤੇ ਹੱਥ ਮਾਰ ਕੇ ਆਪਣੇ ਮੂੰਹਾਂ ਤੇ ਹੱਥਾਂ ਉੱਤੇ ਫੇਰ ਲਿਆ ਕਰੋ, ਬੇਸ਼ੱਕ ਅੱਲਾਹ ਨਰਮੀ ਕਰਨ ਵਾਲਾ ਤੇ ਵੱਡਾ ਬਖਸ਼ਣਹਾਰ ਹੈ।[90]

ਫੇਰ ਨਮਾਜ਼ ਪੜ੍ਹਨ ਵੇਲੇ ਬਿਲਕੁੱਲ ਨਸ਼ਾ ਨਾ ਕਰਨ ਦਾ ਹੁਕਮ ਸੂਰਤ ਅਲ-ਮਾਇਦਾ ਵਿੱਚ ਨਾਜ਼ਿਲ ਹੋਇਆ:

> ਹੇ ਈਮਾਨ ਲਿਆਉਣ ਵਾਲਿਓ! ਇਹ ਸ਼ਰਾਬ ਤੇ ਜੂਆ ਅਤੇ ਇਹ ਦੇਵ-ਅਸਥਾਨ ਤੇ ਫ਼ਾਲ-ਗੀਰੀ, ਇਹ ਸਾਰੇ ਗੰਦੇ ਸ਼ੈਤਾਨੀ ਕੰਮ ਹਨ, ਇਹਨਾਂ ਤੋਂ ਬਚੋ, ਆਸ ਹੈ ਕਿ ਤੁਹਾਨੂੰ ਸਫਲਤਾ ਪ੍ਰਾਪਤ ਹੋਵੇਗੀ। ਸ਼ੈਤਾਨ ਤਾਂ ਇਹ ਚਾਹੁੰਦਾ ਹੈ ਕਿ ਸ਼ਰਾਬ ਤੇ ਜੂਏ ਰਾਹੀਂ ਤੁਹਾਡੇ ਵਿਚਾਲੇ ਵੈਰ-ਵਿਰੋਧ ਪਾ ਦੇਵੇ ਅਤੇ ਤੁਹਾਨੂੰ ਅੱਲਾਹ ਦੇ ਸਿਮਰਨ ਤੇ ਨਮਾਜ਼ ਤੋਂ ਰੋਕ ਦੇਵੇ।[91]

ਅਗਲੇ ਹੁਕਮ ਰਾਹੀਂ ਪੂਰਨ ਤੌਰ ’ਤੇ ਨਸ਼ਾ ਨਾ ਕਰਨ ਦਾ ਆਦੇਸ਼ ਜਾਰੀ ਹੋਇਆ। ਇਸ ਉਪਰ ਟਿੱਪਣੀ ਕਰਦਿਆਂ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਹੁਣ ਇਸ ਅਖੀਰਲੇ ਹੁਕਮ ਦੇ ਆਉਣ ਤੋਂ ਪਹਿਲਾਂ ਹਜ਼ੂਰ ਨੇ ਇੱਕ ਖੁਤਬੇ (ਭਾਸ਼ਣ) ਵਿੱਚ ਲੋਕਾਂ ਨੂੰ ਸਾਵਧਾਨ ਕੀਤਾ ਸੀ ਕਿ ਅੱਲਾਹ ਤਆਲਾ ਨੂੰ ਸ਼ਰਾਬ ਬਹੁਤ ਜ਼ਿਆਦਾ ਨਾਪਸੰਦ ਹੈ ਇਹ ਕੋਈ ਅਣਹੋਣੀ ਨਹੀਂ ਹੋਵੇਗੀ ਕਿ ਇਸਦੇ ਪੂਰੀ ਤਰ੍ਹਾਂ ਹਰਾਮ ਹੋਣ ਦਾ ਹੁਕਮ ਆ ਜਾਵੇ ਸੋ ਜਿਨ੍ਹਾਂ ਲੋਕਾਂ ਕੋਲ ਵੀ ਸ਼ਰਾਬ ਮੌਜੂਦ ਹੋਵੇ ਉਹ ਉਸ ਨੂੰ ਵੇਚ ਦੇਣ। ਇਸ ਦੇ ਕੁਝ ਸਮੇਂ ਪਿੱਛੋਂ ਇਹ ਆਇਤ ਨਾਜ਼ਿਲ ਹੋਈ ਅਤੇ ਆਪ ਨੇ ਐਲਾਨ ਕਰ ਦਿੱਤਾ ਕਿ ਹੁਣ ਜਿਨ੍ਹਾਂ ਕੋਲ ਸ਼ਰਾਬ ਮੌਜੂਦ ਹੈ ਉਹ ਨਾ ਉਸ ਨੂੰ ਪੀ ਸਕਦੇ ਹਨ ਅਤੇ ਨਾ ਵੇਚ ਸਕਦੇ ਹਨ, ਸਗੋਂ ਉਹ ਉਸ ਨੂੰ ਨਸ਼ਟ ਕਰ ਦੇਣ। ਸੋ ਉਸ ਵੇਲੇ ਮਦੀਨੇ ਦੀਆਂ ਗਲੀਆਂ ਵਿੱਚ ਸ਼ਰਾਬ ਰੋੜ੍ਹ ਦਿੱਤੀ ਗਈ।[92]

---

90 4:43
91 5:90-91
92 *ਕੁਰਆਨ ਮਜੀਦ*, ਫੁੱਟ ਨੋਟ ਨੰ. 47, ਪੰਨਾ-209.

ਪਵਿੱਤਰ ਕੁਰਆਨ ਵਿੱਚ ਜਿੱਥੇ ਨਮਾਜ਼ ਪੜ੍ਹਨ ਤੋਂ ਪਹਿਲਾਂ ਸਰੀਰ ਦੀ ਸਫ਼ਾਈ ਅਤੇ ਨਸ਼ੇ ਤੋਂ ਪ੍ਰਹੇਜ਼ਗਾਰੀ ਦਾ ਜ਼ਿਕਰ ਹੈ ਉਥੇ ਇਹ ਵੀ ਦੱਸਿਆ ਹੈ ਕਿ ਤੁਹਾਡਾ ਪਹਿਰਾਵਾ ਕਿਵੇਂ ਦਾ ਹੋਵੇ। ਪਹਿਰਾਵੇ ਦਾ ਅਮਲ ਨਾਲ ਗੂੜ੍ਹਾ ਰਿਸ਼ਤਾ ਹੈ:

> ਹੇ ਆਦਮ ਦੇ ਪੁੱਤਰੋ! ਹਰੇਕ ਇਬਾਦਤ ਦੇ ਮੌਕੇ ਤੇ ਆਪਣੀ ਸਜਾਵਟ ਨਾਲ ਸਜੇ ਰਹੋ ਅਤੇ ਖਾਓ ਪੀਓ ਪਰ ਹੱਦੋਂ ਨਾ ਟੱਪੋ, ਅੱਲਾਹ ਹੱਦੋਂ ਟੱਪਣ ਵਾਲਿਆਂ ਨੂੰ ਪਸੰਦ ਨਹੀਂ ਕਰਦਾ।[93]

ਉਪਰੋਕਤ ਆਇਤ ਵਿਚ ਆਇਆ ਸ਼ਬਦ 'ਸਜਾਵਟ ਨਾਲ ਸਜੇ ਰਹੋ' ਦਾ ਭਾਵ ਸਹੀ ਤਰੀਕੇ ਨਾਲ ਵਸਤਰ ਪਾਉਣ ਤੋਂ ਹੈ ਨਾ ਕਿ ਘੱਟ ਵਸਤਰ ਪਾਉਣ ਤੋਂ :

> ਇੱਥੇ ਸਜਾਵਟ ਤੋਂ ਭਾਵ ਪੂਰੇ ਵਸਤਰ ਹਨ। ਅੱਲਾਹ ਦੀ ਇਬਾਦਤ ਵਾਸਤੇ ਖੜ੍ਹੇ ਹੋਣ ਲਈ ਕੇਵਲ ਇੰਨਾਂ ਹੀ ਕਾਫ਼ੀ ਨਹੀਂ ਹੈ ਕਿ ਆਦਮੀ ਸਿਰਫ਼ ਆਪਣਾ ਨੰਗ ਢਕ ਲਵੇ ਸਗੋਂ ਇਸਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ ਵਿਤ ਮੁਤਬ ਆਪਣੇ ਕੱਪੜੇ ਪਹਿਨੇ ਜਿਸ ਵਿੱਚ ਨੰਗ ਦਾ ਕੱਜਣ ਵੀ ਹੋਵੇ ਅਤੇ ਸਜਾਵਟ ਵੀ। ਜਿਵੇਂ ਕਿਸੇ ਪਤਵੰਤੇ ਨੂੰ ਮਿਲਣ ਲਈ ਆਦਮੀ ਵਧੀਆ ਤੇ ਸੁਹਣੇ ਕੱਪੜੇ ਪਾਉਂਦਾ ਹੈ ਇਸੇ ਤਰ੍ਹਾਂ ਰੱਬ ਦੀ ਇਬਾਦਤ ਲਈ ਵੀ ਉਸ ਨੂੰ ਚੰਗੇ ਕਪੜੇ ਪਾਉਣੇ ਚਾਹੀਦੇ ਹਨ।[94]

ਕੁਰਆਨ ਤਨ ਦੇ ਨਾਲ-ਨਾਲ ਅੰਦਰੂਨੀ ਪਾਕੀਜ਼ਗੀ ਨੂੰ ਵੀ ਉਭਾਰਦਾ ਹੈ। ਜੇਕਰ ਸਾਧਕ ਨੇ ਇਸ਼ਨਾਨ ਵੀ ਕਰ ਲਿਆ, ਨਸ਼ਾ ਵੀ ਨਹੀਂ ਕੀਤਾ, ਸਹੀ ਕੱਪੜੇ ਵੀ ਪਾਏ ਹਨ ਪਰ ਜੇਕਰ ਉਸਦੇ ਅੰਦਰੋਂ ਲੋਕਾਂ ਪ੍ਰਤੀ ਵੈਰ, ਈਰਖਾ ਖਤਮ ਨਹੀਂ ਹੁੰਦੀ ਤਾਂ ਉਸਦੇ ਕੀਤੇ ਸਾਰੇ ਕੰਮਾਂ ਦਾ ਕੋਈ ਫਾਇਦਾ ਨਹੀਂ ਹੈ ਕਿਉਂ ਕਿ ਅੱਲਾਹ ਨੂੰ ਉਹ ਬੰਦੇ ਪਸੰਦ ਹਨ ਜੋ ਬਾਹਰ ਦੇ ਨਾਲ-ਨਾਲ ਅੰਦਰੂਨੀ ਤੌਰ ਤੇ ਵੀ ਪਵਿੱਤਰ ਹੋਣ:

> ਉਸ ਵਿੱਚ ਅਜਿਹੇ ਲੋਕ ਹਨ ਜਿਹੜੇ ਪਾਕ ਰਹਿਣਾ ਪਸੰਦ ਕਰਦੇ ਹਨ ਤੇ ਅੱਲਾਹ ਨੂੰ ਪਾਕ ਰਹਿਣ ਵਾਲੇ ਹੀ ਪਸੰਦ ਹਨ।[95]
> ਆਪਣੇ ਕੱਪੜੇ ਪਾਕ ਰੱਖੋ। ਗੰਦਗੀ ਤੋਂ ਦੂਰ ਰਹੋ।[96]

ਪਵਿੱਤਰ ਕੁਰਆਨ ਦੱਸਦਾ ਹੈ ਕਿ ਵਿਰੋਧੀ ਨਮਾਜ਼ ਪੜ੍ਹਨ ਉਪਰ ਇਤਰਾਜ਼ ਕਰਦੇ ਸਨ। ਜਦੋਂ ਮੁਸਲਮਾਨਾਂ ਨੂੰ ਅਜਾਨ ਰਾਹੀਂ ਨਮਾਜ਼ ਵੱਲ ਸੱਦਿਆ ਜਾਂਦਾ ਸੀ ਤਾਂ ਕੁਝ ਮੁਨਾਫ਼ਿਕ ਉਸ ਆਵਾਜ਼ ਦੇ ਨਾਲ ਹੋਰ ਸ਼ਬਦ ਜੋੜ ਦਿੰਦੇ ਸਨ ਅਤੇ ਮਖੌਲ ਉਡਾਉਂਦੇ ਸਨ। ਨਮਾਜ਼ ਦੀ ਪੱਕਿਆਈ ਅਤੇ ਇਸਦੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਇਹ ਆਇਤਾਂ ਨਾਜ਼ਲ ਹੋਈਆਂ:

> ਜਦੋਂ ਤੁਸੀਂ ਨਮਾਜ਼ ਲਈ ਸੱਦਦੇ ਹੋ ਤਾਂ ਉਹ ਇਹਦਾ ਮਖੌਲ ਉਡਾਉਂਦੇ ਅਤੇ ਇਹਨੂੰ ਖੇਡ-ਤਮਾਸ਼ਾ ਬਣਾ ਲੈਂਦੇ ਹਨ। ਇਸਦਾ ਕਾਰਨ ਇਹ ਹੈ ਕਿ ਉਹ ਸੂਝਵਾਨ ਨਹੀਂ ਹਨ।[97]

**ਸ਼ਰਾਬ ਅਤੇ ਜੂਏ ਬਾਰੇ**

ਬੰਦਗੀ ਕਰਨ ਵਾਲਾ ਸ਼ਰਾਬ ਅਤੇ ਜੂਏ ਤੋਂ ਦੂਰ ਰਹਿੰਦਾ ਹੈ। ਕੁਰਆਨ ਦੱਸਦਾ ਹੈ ਕਿ ਇਹ ਦੋਵੇਂ ਚੀਜ਼ਾਂ ਸਮਾਜ ਨੂੰ ਖਤਮ ਕਰ ਰਹੀਆਂ ਹਨ। ਸ਼ਰਾਬ ਨਾਲ ਮਨੁੱਖ ਦੀ ਸੋਚਣ ਸ਼ਕਤੀ ਖ਼ਤਮ ਹੁੰਦੀ ਹੈ ਅਤੇ

---

[93] 7:31
[94] *ਕੁਰਆਨ ਮਜੀਦ,* ਫੁੱਟ ਨੋਟ ਨੰ. 7, ਪੰਨਾ-264.
[95] 9:108
[96] 74: 4-5
[97] 5:58

ਜੂਏ ਨਾਲ ਹੱਡ ਹਰਾਮੀ ਵਧਦੀ ਹੈ। ਬੇਸ਼ੱਕ ਇਨ੍ਹਾਂ ਦੇ ਫਾਇਦੇ ਹਨ ਜਿਵੇਂ ਜੋ ਸ਼ਰਾਬ ਵੇਚਦਾ ਹੈ ਅਤੇ ਜੋ ਜੂਆ ਜਿੱਤਦਾ ਹੈ ਉਸਨੂੰ ਪੈਸੇ ਮਿਲਦੇ ਹਨ ਪਰ ਇਹ ਦੋਵੇਂ ਸਾਡੇ ਸਮਾਜ ਦੀ ਬਿਹਤਰੀ ਨਹੀਂ ਕਰ ਸਕਦੇ ਇਸ ਲਈ ਇਨ੍ਹਾਂ ਤੋਂ ਦੂਰ ਰਹੋ:

> ਪੁੱਛਦੇ ਹਨ ਕਿ ਸ਼ਰਾਬ ਅਤੇ ਜੂਏ ਬਾਰੇ ਕੀ ਹੁਕਮ ਹੈ ਆਖ ਦਿਓ ਇਨ੍ਹਾਂ ਦੋਵਾਂ ਚੀਜ਼ਾਂ ਵਿੱਚ ਬੜੀ ਖਰਾਬੀ ਹੈ। ਭਾਵੇਂ ਇਨ੍ਹਾਂ ਦੇ ਵਿੱਚ ਲੋਕਾਂ ਲਈ ਕੁੱਲ ਫਾਇਦੇ ਹਨ ਪਰ ਇਨ੍ਹਾਂ ਦਾ ਗੁਨਾਹ ਇਹਨ੍ਹਾਂ ਦੇ ਫ਼ਾਇਦੇ ਨਾਲੋਂ ਕਿਤੇ ਵਧਕੇ ਹੈ।[98]

**ਦਿਸ਼ਾ**

ਨਮਾਜ਼ ਪੜ੍ਹਨ ਵੇਲੇ ਮੁਸਲਮਾਨ ਦਾ ਮੁਖ ਕਾਅਬੇ ਵੱਲ ਹੋਣਾ ਚਾਹੀਦਾ ਹੈ। ਰਵਾਇਤਾਂ ਦੱਸਦੀਆਂ ਹਨ ਕਿ ਸ਼ੁਰੂ ਵਿੱਚ ਹਜ਼ਰਤ ਮੁਹੰਮਦ (ਸ.) ਯੈਰੂਸ਼ਲਮ ਵੱਲ ਮੁਖ ਕਰਕੇ ਨਮਾਜ਼ ਪੜ੍ਹਦੇ ਸਨ। ਸੰਨ ਦੋ ਹਿਜਰੀ ਵਿੱਚ ਹੁਕਮ ਨਾਜ਼ਿਲ ਹੋਇਆ ਕਿ ਤੁਸੀਂ ਆਪਣਾ ਮੁਖ ਕਿਬਲੇ ਵੱਲ ਭਾਵ ਕਾਅਬ ਵੱਲ ਕਰਕੇ ਨਮਾਜ਼ ਪੜ੍ਹੋ। ਇਸ ਹੁਕਮ ਨਾਲ ਅਨੇਕ ਮੁਨਾਫ਼ਿਕਾਂ ਨੇ ਹੈਰਾਨੀ ਵੀ ਪ੍ਰਗਟ ਕੀਤੀ ਸੀ:

> ਮੂਰਖ ਲੋਕ ਜ਼ਰੂਰ ਆਖਣਗੇ, "ਇਨ੍ਹਾਂ ਨੂੰ ਕੀ ਹੋ ਗਿਆ ਹੈ ਕਿ ਪਹਿਲਾਂ ਜਿਸ ਕਿਬਲੇ ਵੱਲ ਮੂੰਹ ਕਰਕੇ ਇਹ ਨਮਾਜ਼ ਪੜ੍ਹਦੇ ਹੁੰਦੇ ਸਨ ਉਸ ਵੱਲੋਂ ਅਚਾਨਕ ਫਿਰ ਗਏ" ਹੇ ਨਬੀ! ਇਨ੍ਹਾਂ ਨੂੰ ਆਖੋ, "ਪੂਰਬ ਤੇ ਪੱਛਮ ਸਭੇ ਅੱਲਾਹ ਦੇ ਹਨ। ਉਹ ਜਿਸਨੂੰ ਚਾਹੁੰਦਾ ਹੈ ਸਿੱਧਾ ਰਾਹ ਵਿਖਾਂ ਦੇਂਦਾ ਹੈ।" ਅਤੇ ਇਸੇ ਤਰ੍ਹਾਂ ਤਾਂ ਅਸੀਂ ਤੁਹਾਨੂੰ ਮੁਸਲਮਾਨਾਂ ਨੂੰ ਉੱਤਮ ਦਰਜੇ ਦੀ ਉੱਮਤ ਬਣਾਇਆ ਹੈ ਤਾਂ ਜੋ ਤੁਸੀਂ ਸੰਸਾਰ ਦੇ ਲੋਕਾਂ ਉੱਤੇ ਗਵਾਹ ਬਣੋ ਅਤੇ ਰਸੂਲ ਤੁਹਾਡੇ ਉੱਤੇ ਗਵਾਹ ਹੋਵੇ।[99]

ਕੁਰਆਨ ਦੱਸਦਾ ਹੈ ਕਿ ਕਿਬਲੇ ਦਾ ਨਿਰਮਾਣ ਇਬਰਾਹੀਮ (ਅ.) ਨੇ ਅਤੇ ਯੈਰੂਸ਼ਲਮ ਦਾ ਨਿਰਮਾਣ ਬਾਦਸ਼ਾਹ ਸੁਲੇਮਾਨ (ਅ.) ਨੇ ਕਰਵਾਇਆ ਸੀ ਪਰੰਤੂ ਮੁਨਾਫ਼ਿਕ ਇਸ ਸੱਚਾਈ ਤੋਂ ਮੁਕਰ ਰਹੇ ਸਨ। ਉਹ ਕਾਅਬੇ ਦੀ ਪੁਰਾਤਨਤਾ ਬਾਰੇ ਸ਼ੱਕ ਕਰਦੇ ਸਨ। ਉਹ ਜਾਣਦੇ ਸਨ ਕਿਬਲੇ ਦੀ ਪੁਰਾਤਨਤਾ ਅਤੇ ਮਹਾਨਤਾ ਪਰ ਜਾਣ-ਬੁਝ ਕੇ ਇਨਕਾਰੀ ਬਣੇ ਹੋਏ ਸਨ। ਇਸ ਲਈ ਪੱਕੇ ਤੌਰ 'ਤੇ ਕਾਅਬੇ ਵੱਲ ਮੁਖ ਕਰਕੇ ਨਮਾਜ਼ ਪੜਨ ਦਾ ਹੁਕਮ ਨਾਜ਼ਿਲ ਹੋਇਆ :

> ਹੇ ਨਬੀ! ਇਹ ਤੁਹਾਡੇ ਮੂੰਹ ਦਾ ਮੁੜ-ਮੁੜ ਆਕਾਸ਼ ਵੱਲ ਉਠਣਾ ਅਸੀਂ ਵੇਖ ਰਹੇ ਹਾਂ। ਲਓ, ਅਸੀਂ ਉਸੇ ਕਿਬਲੇ ਵੱਲ ਤੁਹਾਨੂੰ ਮੋੜ ਦੇਂਦੇ ਹਾਂ ਜਿਸਨੂੰ ਤੁਸੀਂ ਪਸੰਦ ਕਰਦੇ ਹੋ। 'ਸਤਿਕਾਰ ਵਾਲੀ ਮਸੀਤ' ਵੱਲ ਮੂੰਹ ਫੇਰ ਦਿਓ। ਹੁਣ ਜਿਥੇ ਕਿਤੇ ਵੀ ਤੁਸੀਂ ਹੋਵੋ, ਉਸੇ ਵੱਲ ਮੂੰਹ ਕਰਕੇ ਨਮਾਜ਼ ਪੜਿਆ ਕਰੋ।[100]

ਅਤੇ

> ਤੁਸੀਂ ਜਿਸ ਥਾਂ ਤੋਂ ਵੀ ਹੋ ਕੇ ਲੰਘੋ, ਉਥੋਂ ਹੀ ਆਪਣਾ ਮੂੰਹ (ਨਮਾਜ਼ ਵੇਲੇ) 'ਸਤਿਕਾਰ ਯੋਗ ਮਸੀਤ' (ਕਾਅਬੇ) ਵੱਲ ਫੇਰ ਦਿਓ। ਕਿਉਂ ਜੋ ਇਹ ਤੁਹਾਡੇ ਰੱਬ ਦਾ ਬਿਲਕੁਲ ਸੱਚਾ ਫੈਸਲਾ ਹੈ ਤੇ ਅੱਲਾਹ ਤੁਹਾਡੇ ਅਮਲਾਂ ਤੋਂ ਬੇਖ਼ਬਰ ਨਹੀਂ ਹੈ ਅਤੇ ਜਿਥੋਂ ਦੀ ਵੀ ਤੁਸੀਂ ਲੰਘੋ, ਆਪਣਾ ਮੂੰਹ ਸਤਿਕਾਰ ਯੋਗ ਮਸੀਤ ਵੱਲ ਹੀ ਭੁਆਇਆ ਕਰੋ ਅਤੇ ਜਿੱਥੇ ਵੀ ਤੁਸੀਂ ਹੋਵੋ, ਉਸੇ ਵੱਲ ਮੂੰਹ ਕਰ ਕੇ ਨਮਾਜ਼ ਪੜ੍ਹੋ ਤਾਂ ਜੋ ਲੋਕਾਂ ਨੂੰ ਤੁਹਾਡੇ ਵਿਰੁਧ ਝਗੜਨ ਲਈ ਕੋਈ ਦਲੀਲ ਨਾ ਮਿਲੇ।[101]

---

98 2:219
99 2:142-143
100 2 : 144.
101 2: 150.

ਇਸਦਾ ਖੁਲਾਸਾ ਕਰਦਿਆਂ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਇਹ ਹੈ ਉਹ ਅਸਲ ਹੁਕਮ ਜਿਹੜਾ ਕਿਬਲੇ (ਉਪਾਸਨਾ-ਦਿਸ਼ਾ) ਦੀ ਤਬਦੀਲੀ ਸੰਬੰਧੀ ਦਿੱਤਾ ਗਿਆ ਸੀ। ਇਹ ਹੁਕਮ ਰਜਬ ਜਾਂ ਸ਼ਅਬਾਨ ਸੰਨ ਦੋ ਹਿਜਰੀ ਵਿੱਚ ਨਾਜ਼ਲ ਹੋਇਆ। ਹਜ਼ੂਰ ਸ. ਇੱਕ ਸਹਾਬੀ (ਮੁਸਲਮਾਨ ਸਾਥੀ) ਦੇ ਘਰ ਦਾਅਵਤ ਲਈ ਗਏ ਹੋਏ ਸਨ। ਉਥੇ ਜ਼ੁਹਰ ਦੀ ਨਮਾਜ਼ ਦਾ ਸਮਾਂ ਹੋ ਗਿਆ ਅਤੇ ਆਪ ਲੋਕਾਂ ਨੂੰ ਨਮਾਜ਼ ਪੜਾਉਣ ਲਈ ਖੜ੍ਹੇ ਹੋਏ। ਦੋ 'ਰਕਾਤਾਂ' ਪੜ੍ਹਾ ਚੁਕੇ ਸਨ ਕਿ ਤੀਜੀ 'ਰਕਾਤ' ਵਿਚ ਅਚਾਨਕ ਵਹੀ ਰਾਹੀਂ ਇਹ ਆਇਤ ਉਤਰੀ ਅਤੇ ਉਸ ਵੇਲੇ ਆਪ ਤੇ ਆਪ ਦੇ ਪਿੱਛੇ ਜਮਾਅਤ ਦੇ ਸਾਰੇ ਲੋਕਾਂ ਨੇ ਬੈਤੁਲ-ਮੁਕੱਦਿਸ ਵੱਲੋਂ ਕਾਅਬੇ ਵੱਲ ਮੂੰਹ ਫੇਰ ਲਿਆ। ਇਸ ਪਿੱਛੋਂ ਮਦੀਨੇ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਡੌਂਡੀ ਫੇਰ ਦਿੱਤੀ ਗਈ। ਇਹ ਜੋ ਫਰਮਾਇਆ ਕਿ 'ਅਸੀਂ ਤੁਹਾਡੇ ਮੂੰਹ ਦਾ ਘੜੀ-ਮੁੜੀ ਆਕਾਸ਼ ਵੱਲ ਉਠਣਾ ਵੇਖ ਰਹੇ ਹਾਂ' ਅਤੇ ਇਹ 'ਅਸੀਂ ਤੁਹਾਨੂੰ ਉਸ ਕਿਬਲੇ ਵੱਲ ਫੇਰ ਦਿੰਦੇ ਹਾਂ ਜਿਸ ਨੂੰ ਤੁਸੀਂ ਪਸੰਦ ਕਰਦੇ ਹੋ' ਇਸ ਤੋਂ ਇਹ ਸਾਫ ਪਤਾ ਲਗਦਾ ਹੈ ਕਿ ਕਿਬਲੇ ਦੀ ਤਬਦੀਲੀ ਦਾ ਹੁਕਮ ਆਉਣ ਤੋਂ ਪਹਿਲਾਂ ਨਬੀ (ਸ.) ਇਸ ਦੀ ਉਡੀਕ ਵਿੱਚ ਸਨ।[102]

ਸੋ ਹਜ਼ਰਤ ਮੁਹੰਮਦ ਸਾਹਿਬ (ਸ.) ਦੇ ਵੇਲੇ ਹੀ ਨਮਾਜ਼ ਦੀ ਦਿਸ਼ਾ ਤੈਅ ਹੋਈ। ਉਸ ਵੇਲੇ ਤੋਂ ਲੈ ਕੇ ਹੁਣ ਤੱਕ ਮੁਸਲਮਾਨ ਮੱਕੇ ਵੱਲ ਮੁਖ ਕਰਕੇ ਨਮਾਜ਼ ਪੜ੍ਹਦੇ ਹਨ। ਮੱਕੇ ਵੱਲ ਮੂੰਹ ਕਰਨ ਦਾ ਭਾਵ ਇਹ ਨਹੀਂ ਕਿ ਖ਼ੁਦਾ ਮੱਕੇ ਵਿੱਚ ਹੈ। ਉਹ ਸਾਰੀਆਂ ਦਿਸ਼ਾਵਾਂ ਵਿੱਚ ਹੈ। ਇਹ ਮੱਕੇ ਵੱਲ ਮੁਖ ਕਰਨਾ ਮੱਕੇ ਨੂੰ ਸਤਿਕਾਰ ਦੇਣ ਲਈ ਹੈ। ਇਸ ਨਾਲ ਮੁਸਲਮਾਨਾਂ ਵਿਚ ਇਕਜੁਟਤਾ ਵੀ ਪੈਦਾ ਹੁੰਦੀ ਹੈ :

> ਹੇ ਨਬੀ! ਇਹਨਾਂ ਨੂੰ ਆਖੋ ਕਿ ਮੇਰੇ ਰੱਬ ਨੇ ਤਾਂ ਸਚਾਈ ਤੇ ਇਨਸਾਫ਼ ਦਾ ਹੁਕਮ ਦਿੱਤਾ ਹੈ ਅਤੇ ਉਹਦਾ ਆਦੇਸ਼ ਤਾਂ ਇਹ ਹੈ ਕਿ ਹਰੇਕ ਇਬਾਦਤ ਵਿੱਚ ਆਪਣਾ ਰੁਖ ਠੀਕ ਰੱਖੋ ਅਤੇ ਉਸੇ ਨੂੰ ਸੱਦੋ ਆਪਣੇ ਧਰਮ ਨੂੰ ਉਸ ਦੇ ਲਈ ਖਾਲਸ ਕਰਕੇ। ਜਿਸ ਤਰ੍ਹਾਂ ਉਹਨੇ ਤੁਹਾਨੂੰ ਹੁਣ ਸਾਜਿਆ ਹੈ ਉਸੇ ਤਰ੍ਹਾਂ ਤੁਸੀਂ ਮੁੜ ਸੁਰਜੀਤ ਕੀਤੇ ਜਾਓਗੇ।[103]

ਕੁਰਆਨ ਹੌਲੀ-ਹੌਲੀ ਨਾਜ਼ਿਲ ਹੋਇਆ ਹੈ। ਇਸ ਵਿਚ ਸਮਾਜਿਕ ਘਟਨਾਵਾਂ ਦੇ ਚਿੱਤਰ ਸਾਫ਼ ਪਏ ਦਿਸਦੇ ਹਨ। ਇਨਕਾਰੀ, ਮੁਸਲਮਾਨਾਂ ਦੇ ਦੁਸ਼ਮਣ ਬਣ ਚੁੱਕੇ ਸਨ। ਨਿਤ ਦੀਆਂ ਲੜਾਈਆਂ ਨਾਲ ਮੁਸਲਮਾਨਾਂ ਦੀ ਨਮਾਜ਼ ਵਿਚ ਵਿਘਨ ਪੈਣਾ ਸੁਭਾਵਿਕ ਸੀ। ਇਸ ਸਮੇਂ 'ਸਲਾਤੇ ਖੌਫ਼' ਭਾਵ ਡਰ ਵੇਲੇ ਦੀ ਨਮਾਜ਼ ਪੜਨ ਦਾ ਹੁਕਮ ਜਾਰੀ ਹੋਇਆ ਕਿ ਬੇਸ਼ੱਕ ਜੰਗ ਦਾ ਵੇਲਾ ਹੋਵੇ, ਤੁਸੀਂ ਉਸ ਵੇਲੇ ਵੀ ਨਮਾਜ਼ ਪੜ੍ਹਨੀ ਹੈ। ਇਸਦਾ ਜ਼ਿਕਰ ਮੁਹੰਮਦ ਇਕਬਾਲ ਸ਼ਾਇਰਾਨਾ ਅੰਦਾਜ਼ ਵਿੱਚ ਕਰਦਾ ਹੈ :

> ਆ ਗਯਾ ਏਨ ਲੜਾਈ ਮੇਂ ਅਗਰ ਵਕਤ-ਏ-ਨਮਾਜ਼, ਕਿਬਲਾਰੂ ਹੋ ਕੇ ਜ਼ਮੀ ਬੋਸ ਹੁਈ ਕੌਮ-ਏ-ਹਿਜਾਜ਼,
> ਏਕ ਹੀ ਸਫ਼ ਮੇਂ ਖੜੇ ਹੋ ਗਏ ਮਹਿਮੂਦ-ਓ-ਅਯਾਜ਼, ਨ ਕੋਈ ਬੰਦਾ ਰਹਾ ਨਾ ਕੋਈ ਬੰਦਾ ਨਵਾਜ਼।[104]

ਪਵਿੱਤਰ ਕੁਰਆਨ ਦੱਸਦਾ ਹੈ ਕਿ ਜੰਗ ਦੌਰਾਨ ਨਮਾਜ਼ ਪੜਦਿਆਂ ਆਪਣੀਆਂ ਤਲਵਾਰਾਂ ਹੱਥਾਂ ਵਿੱਚ ਰੱਖੋ। ਇਹ ਨਾ ਹੋਵੇ ਕਿ ਤੁਹਾਨੂੰ ਨਿਹੱਥੇ ਦੇਖ ਕੇ ਵੈਰੀ ਤੁਹਾਡੇ ਉਪਰ ਹਮਲਾ ਕਰ ਦੇਵੇ:

> ਹੇ ਨਬੀ! ਜਦੋਂ ਤੁਸੀਂ ਮੁਸਲਮਾਨਾਂ ਵਿਚਾਲੇ ਹੋਵੋ ਅਤੇ (ਯੁੱਧ ਦੀ ਹਾਲਤ ਵਿੱਚ) ਉਹਨਾਂ ਨੂੰ ਨਮਾਜ਼ ਪੜ੍ਹਾਉਣ ਲਈ ਖੜ੍ਹੇ ਹੋਵੋ ਤਾਂ ਚਾਹੀਦਾ ਹੈ ਕਿ ਉਹਨਾਂ ਵਿੱਚੋਂ ਇੱਕ ਜੱਥਾ ਤੁਹਾਡੇ ਨਾਲ ਖਲੋਵੇ ਅਤੇ ਆਪਣੇ ਹਥਿਆਰ ਨਾਲ ਫੜੀਂ ਰੱਖੇ, ਫੇਰ ਜਦੋਂ ਉਹ ਸਿਜਦਾ ਕਰ ਲਵੇ ਤਾਂ ਪਿੱਛੇ ਚਲਾ ਜਾਵੇ ਅਤੇ ਦੂਜਾ ਜੱਥਾ

---

102 *ਕੁਰਆਨ ਮਜੀਦ,* ਫੁੱਟ ਨੋਟ ਨੰ. 46, ਪੰਨਾ-47.

103 7:29.

104 Kuldeep salil, *op.cit,*p-170.

ਜਿਸਨੇ ਹਾਲੇ ਨਮਾਜ਼ ਨਹੀਂ ਪੜ੍ਹੀ, ਆ ਕੇ ਤੁਹਾਡੇ ਨਾਲ ਪੜ੍ਹੇ ਅਤੇ ਉਹ ਵੀ ਚੁਕੰਨਾ ਰਹੇ ਅਤੇ ਆਪਣੇ ਹਥਿਆਰ ਫੜੀਂ ਰੱਖੇ, ਕਿਉਂ ਜੋ ਇਨਕਾਰੀ ਇਸ ਝਾਕ ਵਿੱਚ ਹਨ ਕਿ ਤੁਸੀਂ ਆਪਣੇ ਹਥਿਆਰਾਂ ਅਤੇ ਆਪਣੇ ਸਾਮਾਨ ਵੱਲੋਂ ਰਤਾ ਕੁ ਬੇਖ਼ਬਰ ਹੋਵੋ ਤਾਂ ਉਹ ਤੁਹਾਡੇ ਉੱਤੇ ਇੱਕਦਮ ਹੱਲਾ ਕਰ ਕੇ ਪੈ ਜਾਣ। ਪਰ ਹਾਂ ਜੇ ਤੁਸੀਂ ਵਰਖਾ ਕਾਰਨ ਦੁੱਖ ਮਹਿਸੂਸ ਕਰੋ ਜਾਂ ਬਿਮਾਰ ਹੋਵੋ ਤਾਂ ਹਥਿਆਰ ਰੱਖ ਦੇਣ ਵਿੱਚ ਕੋਈ ਦੋਸ਼ ਨਹੀਂ; ਪਰ ਫੇਰ ਵੀ ਚੁਕੰਨੇ ਰਹੋ। ਵਿਸ਼ਵਾਸ ਰੱਖੋ ਕੇ ਅੱਲਾਹ ਨੇ ਇਨਕਾਰੀਆਂ ਲਈ ਹੀਣਤ ਭਰਿਆ ਅਜ਼ਾਬ ਤਿਆਰ ਕਰ ਛੱਡਿਆ ਹੈ। ਫੇਰ ਜਦੋਂ ਨਮਾਜ਼ ਤੋਂ ਵਿਹਲੇ ਹੋ ਜਾਓ ਤਾਂ ਖੜ੍ਹੇ, ਬੈਠੇ ਅਤੇ ਲੇਟੇ, ਹਰੇਕ ਹਾਲ ਵਿੱਚ ਅੱਲਾਹ ਨੂੰ ਯਾਦ ਕਰਦੇ ਰਹੋ ਅਤੇ ਜਦੋਂ ਖਤਰਾ ਟਲ ਜਾਵੇ ਤਾਂ ਪੂਰੀ ਨਮਾਜ਼ ਪੜੋ। ਨਮਾਜ਼ ਅਸਲ ਵਿਚ ਅਜਿਹਾ ਫ਼ਰਜ਼ ਹੈ ਜਿਹੜਾ ਸਮੇਂ ਦੀ ਪਾਬੰਦੀ ਨਾਲ ਈਮਾਨ ਵਾਲਿਆਂ ਲਈ ਲਾਜ਼ਮੀ ਕਰ ਦਿੱਤਾ ਗਿਆ[105]

ਪਵਿੱਤਰ ਕੁਰਆਨ ਜਿਥੇ ਹਰ ਹਾਲਤ ਵਿੱਚ ਨਮਾਜ਼ ਪੜ੍ਹਨ ਦੀ ਪਾਬੰਦੀ ਦਾ ਜ਼ਿਕਰ ਕਰਦਾ ਹੈ ਉਥੇ ਉਹ ਇਹ ਵੀ ਦੱਸਦਾ ਹੈ ਕਿ ਜੇਕਰ ਕੋਈ ਮੁਸ਼ਕਿਲ ਹੋਵੇ ਜਾਂ ਤੁਸੀਂ ਸਫ਼ਰ ਵਿੱਚ ਹੋਵੋ ਜਾਂ ਤੁਹਾਨੂੰ ਇਹ ਡਰ ਹੋਵੇ ਕਿ ਕੋਈ ਵੈਰੀ ਤੁਹਾਨੂੰ ਕੋਈ ਨੁਕਸਾਨ ਪਹੁੰਚਾ ਸਕਦਾ ਹੈ ਤਾਂ ਤੁਸੀਂ ਆਪਣੀ ਨਮਾਜ਼ ਸੰਖੇਪ ਕਰ ਦਿਓ। ਇਤਿਹਾਸ ਦੱਸਦਾ ਹੈ ਕਿ ਹਜ਼ਰਤ ਮੁਹੰਮਦ (ਸ.) ਤੋਂ ਬਾਅਦ ਆਏ ਚਾਰ ਖਲੀਫਿਆਂ ਵਿੱਚੋਂ ਤਿੰਨਾਂ ਦੀ ਮੌਤ ਵਿਰੋਧੀਆਂ ਵੱਲੋਂ ਕੀਤੇ ਹਮਲਿਆਂ ਨਾਲ ਹੋਈ ਸੀ ਅਤੇ ਇਹ ਹਮਲੇ ਉਨ੍ਹਾਂ ਉਪਰ ਨਮਾਜ਼ ਪੜ੍ਹਦਿਆਂ ਹੀ ਹੋਏ ਸਨ। ਇਥੇ ਇਹ ਦੱਸਣ ਦਾ ਭਾਵ ਏਨਾ ਕੁ ਹੈ ਕਿ ਜੰਗ ਦੇ ਹਾਲਾਤ ਵਿਚ ਬੰਦਗੀ ਕਰਦਿਆਂ ਆਪਣੀ ਸਵੈ ਰੱਖਿਆ ਵੀ ਕਰਨੀ ਹੈ। ਅਜਿਹੀ ਹਾਲਤ ਵਿੱਚ ਸੰਖੇਪ ਨਮਾਜ਼ ਪੜ੍ਹੋ:

ਜਦੋਂ ਤੁਸੀਂ ਲੋਕ ਸਫ਼ਰ ਲਈ ਨਿਕਲੋ ਤਾਂ ਇਸ ਵਿੱਚ ਕੋਈ ਦੋਸ਼ ਨਹੀਂ ਜੇ ਤੁਸੀਂ ਨਮਾਜ਼ ਨੂੰ ਸੰਖੇਪ ਕਰ ਦਿਓ (ਖ਼ਾਸ ਕਰਕੇ) ਜਦੋਂ ਤੁਹਾਨੂੰ ਸ਼ੰਕਾ ਹੋਵੇ ਕਿ ਕਾਫ਼ਰ ਤੁਹਾਨੂੰ ਸਤਾਉਣਗੇ ਕਿਉਂ ਜੋ ਉਹ ਖੁੱਲਮ-ਖੁੱਲ੍ਹਾ ਤੁਹਾਡੀ ਦੁਸ਼ਮਣੀ 'ਤੇ ਤੁਲੇ ਹੋਏ ਹਨ।[106]

ਪਵਿੱਤਰ ਕੁਰਆਨ ਨਮਾਜ਼ ਨੂੰ ਦ੍ਰਿੜਤਾ ਨਾਲ ਧਾਰਨ ਅਤੇ ਇਸਨੂੰ ਯਾਦ ਕਰਨ ਦਾ ਹੁਕਮ ਵੀ ਦਿੰਦਾ ਹੈ:

ਜਿਹੜੇ ਲੋਕ ਕਿਤਾਬ ਦੀ ਪਾਬੰਦੀ ਕਰਦੇ ਹਨ ਜਿਹਨਾਂ ਨੇ ਨਮਾਜ਼ ਕਾਇਮ ਕਰ ਛੱਡੀ ਹੈ, ਬੇਸ਼ੱਕ ਅਜਿਹੇ ਚਰਿੱਤਰਵਾਨ ਲੋਕਾਂ ਦਾ ਬਦਲਾ ਅਸੀਂ ਅਜਾਈਂ ਨਹੀਂ ਗੁਆਵਾਂਗੇ।[107]

ਅਤੇ

ਉਸ ਵੇਲੇ ਅਸੀਂ ਇਹਨਾਂ ਨੂੰ ਆਖਿਆ ਸੀ ਕਿ ਜੋ ਕਿਤਾਬ ਅਸੀਂ ਤੁਹਾਨੂੰ ਦੇ ਰਹੇ ਹਾਂ ਉਸ ਨੂੰ ਦ੍ਰਿੜਤਾ ਨਾਲ ਫੜੋ ਅਤੇ ਜੋ ਕੁਝ ਉਸ ਵਿੱਚ ਲਿਖਿਆ ਹੈ ਉਸਨੂੰ ਯਾਦ ਰੱਖੋ। ਆਸ ਹੈ ਕਿ ਤੁਸੀਂ ਪੁੱਠੀ ਚਾਲ ਤੋਂ ਬਚੇ ਰਹੋਗੇ।[108]

ਕੁਰਆਨ ਵਿੱਚ ਨਮਾਜ਼ਾਂ ਦੇ ਸਮੇਂ ਵੀ ਦਿੱਤੇ ਗਏ ਹਨ। ਇਨ੍ਹਾਂ ਸਮਿਆਂ ਬਾਰੇ ਅਬੁਲ ਹਸਨ ਨਦਵੀ ਦਾ ਕਹਿਣਾ ਹੈ, "ਨਮਾਜ਼ ਦੇ ਇਹਨਾਂ ਘੰਟਿਆਂ ਨੂੰ ਨਿਸ਼ਚਿਤ ਕਰਨ ਦਾ ਇਕ ਕਾਰਣ ਇਹ ਵੀ ਸੀ ਕਿ ਉਸ ਸਮੇਂ ਵੀ ਬਹੁਦੇਵਵਾਦੀ ਆਪਣੇ ਝੂਠੇ ਦੇਵਤਿਆਂ ਸੂਰਜ, ਤਾਰੇ, ਪੱਥਰ ਅਤੇ ਅੱਗ ਦੀ ਪੂਜਾ ਕਰਦੇ ਸਨ। ਇਸ ਤਰ੍ਹਾਂ ਇਕ ਰੱਬ ਦੀ ਬੰਦਗੀ ਕਰਨ ਦੇ ਘੰਟੇ ਨਿਸ਼ਚਿਤ ਕੀਤੇ ਗਏ।"[109] ਇਸਦਾ ਭਾਵ ਇ

105 4:102-103
106 4:101
107 7:170
108 7:171
109 One of the reason for the marking out of these hours is that the polytheists used to worship their false deities like the sun, the stars, the stones and the fire, at that very time. Hence the same hours were fixed for the worship of the one God. Nadwi, *op. cit.* p-15.

ਪ੍ਰਤੀਤ ਹੁੰਦਾ ਹੈ ਕਿ ਮੁਸਲਮਾਨ ਆਪਣਾ ਈਮਾਨ ਇਕ ਰੱਬ 'ਤੇ ਰੱਖਣ। ਇਸ ਲਈ ਜ਼ਰੂਰੀ ਸੀ ਕਿ ਉਹ ਬੁੱਤਪ੍ਰਸਤਾਂ ਤੋਂ ਦੂਰੀ ਬਣਾਕੇ ਰੱਖਣ। ਈਮਾਨ ਵਾਲਿਆਂ ਇਨਕਾਰੀਆਂ ਕੋਲੋਂ ਨੂੰ ਅਲਹਿਦਾ ਕਰਨ ਲਈ ਨਮਾਜ਼ਾਂ ਦੇ ਸਮੇ ਨਿਸ਼ਚਿਤ ਹੋਏ :

> ਨਮਾਜ਼ ਕਾਇਮ ਕਰੋ ਸੂਰਜ ਢਲਣ ਤੋਂ ਲੈ ਕੇ ਰਾਤ ਦੇ ਹਨੇਰੇ ਤੀਕ ਆਓ ਅਤੇ ਅੰਮ੍ਰਿਤ ਵੇਲੇ ਕੁਰਆਨ ਨੂੰ ਵੀ ਜ਼ਰੂਰ ਪੜ੍ਹਿਆ ਕਰੋ ਕਿਉਂ ਜੋ ਅੰਮ੍ਰਿਤ ਵੇਲੇ ਦੇ ਕੁਰਆਨ ਪੜ੍ਹਨ ਉੱਤੇ ਗਵਾਹੀ ਦਿੱਤੀ ਜਾਂਦੀ ਹੈ। ਰਾਤ ਵੇਲੇ ਤਹੱਜ਼ੁਦ ਪੜ੍ਹੋ। ਇਹ ਤੁਹਾਡੇ ਲਈ ਹੋਰ ਵਾਧੂ (ਨਫਲ) ਹੈ। ਅਸੰਭਵ ਨਹੀਂ ਕਿ ਤੁਹਾਡਾ ਰੱਬ ਤੁਹਾਨੂੰ ਸ਼ਲਾਘਾਯੋਗ ਸਥਾਨ ਤੇ ਪੁਚਾ ਦੇਵੇ।[110]

ਤਹੱਜ਼ੁਦ ਕੀ ਹੈ? ਰਾਤ ਨੂੰ ਸੌਣ ਤੋਂ ਬਾਅਦ ਸਾਡੀ ਸਾਰਿਆਂ ਦੀ ਇਕ ਵਾਰ ਜ਼ਰੂਰ ਅੱਖ ਖੁੱਲਦੀ ਹੈ, ਇਸ ਵਕਤ ਪੜੀ ਜਾਣ ਵਾਲੀ ਨਮਾਜ਼, ਤਹੱਜ਼ੁਦ ਦੀ ਨਮਾਜ਼ ਕਹਾਉਂਦੀ ਹੈ:

> ਤਹੱਜ਼ੁਦ ਦਾ ਅਰਥ ਨੀਂਦਰ ਤੋੜ ਕੇ ਉੱਠਣਾ ਹੈ। ਸੋ ਰਾਤ ਦੇ ਸਮੇਂ 'ਤਹੱਜ਼ੁਦ ਕਰਨ' ਦਾ ਮਤਲਬ ਇਹ ਹੈ ਕਿ ਰਾਤ ਦਾ ਇੱਕ ਹਿੱਸਾ ਸੌਂ ਲੈਣ ਪਿੱਛੋਂ ਫੇਰ ਉਠ ਕੇ ਨਮਾਜ਼ ਪੜ੍ਹੀ ਜਾਵੇ।[111]

> ਸੋ ਹੇ ਨਬੀ! ਜੋ ਗੱਲਾਂ ਇਹ ਲੋਕ ਬਣਾਉਂਦੇ ਹਨ ਉਹਨਾਂ ਤੇ ਸਬਰ ਕਰੋ ਅਤੇ ਆਪਣੇ ਰੱਬ ਦੀ ਉਸਤਤ ਦੇ ਨਾਲ-ਨਾਲ ਉਸਦਾ ਸਿਮਰਨ ਕਰੋ ਸੂਰਜ ਚੜ੍ਹਨ ਤੋਂ ਪਹਿਲਾਂ ਤੇ ਡੁੱਬਣ ਤੋਂ ਪਹਿਲਾਂ। ਰਾਤ ਦੀਆਂ ਘੜੀਆਂ ਵਿੱਚ ਵੀ ਸਿਮਰਨ ਕਰੋ ਤੇ ਦਿਨ ਦੇ ਕੰਢਿਆਂ ਤੇ ਵੀ, ਸ਼ਾਇਦ ਕਿ ਤੁਸੀਂ ਰਾਜ਼ੀ ਹੋ ਜਾਓ।[112]

ਤਹੱਜੁਦ ਦੀ ਮਹੱਤਤਾ ਹਜ਼ਰਤ ਮੁਹੰਮਦ (ਸ.) ਦੇ ਜੀਵਨ ਵਿਚ ਖ਼ਾਸ ਸੀ। ਉਹ ਆ ਪਇਸ ਅਮਲ ਨੂੰ ਦੁਹਰਾਉਂਦੇ ਸਨ :

> ਇਸ ਬਾਬਤ ਪਵਿੱਤਰ ਹਦੀਸ ਦਾ ਕਥਨ ਹੈ ਕਿ ਹਜ਼ਰਤ ਅਲੀ ਫੁਰਮਾਉਂਦੇ ਹਨ ਕਿ ਨਬੀ (ਜਿਨ੍ਹਾਂ ਨੂੰ ਅੱਲਾਹ ਨੇ ਵਰੋਸਾਇਆ ਤੇ ਜਿਨ੍ਹਾਂ ਦੀ ਸੁਰੱਖਿਆ ਕੀਤੀ) ਇਕ ਵਾਰ ਅੱਧੀ ਰਾਤ ਦੀ ਨਮਾਜ਼ ਸਮੇਂ ਸਾਡੇ ਘਰ ਆਏ ਤੇ ਉਨ੍ਹਾਂ ਨੇ ਮੈਨੂੰ ਤੇ ਫਾਤਮਾ ਨੂੰ ਕਿਹਾ ਕਿ ਤੁਸੀਂ ਦੋਵੇਂ ਤਹੱਜੁਦ ਦੀ ਨਮਾਜ਼ ਨਹੀਂ ਪੜ੍ਹਦੇ। ਨਬੀ ਦੇ ਇਸ ਬਚਨ ਦੀ ਵਿਸ਼ੇਸ਼ ਸਿਖਿਆ ਇਹ ਹੈ ਕਿ ਜ਼ਿੰਮੇਵਾਰ ਤੇ ਵੱਡੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਧੀਨ ਲੋਕਾਂ ਨੂੰ ਤਹੱਜੁਦ ਦੀ ਨਮਾਜ਼ ਪੜ੍ਹਨ ਲਈ ਤਿਆਰ ਕਰਨ।[113]

> ਸੋ ਤੁਸੀਂ ਸਵੇਰ ਵੇਲੇ ਤੇ ਸ਼ਾਮ ਵੇਲੇ ਅੱਲਾਹ ਦੀ ਪਾਕੀ ਦੇ ਗੁਣ ਗਾਇਆ ਕਰੋ। ਅਕਾਸ਼ਾਂ ਤੇ ਧਰਤੀ ਵਿੱਚ ਉਸੇ ਦੀ ਉਸਤਤ ਹੋ ਰਹੀ ਹੈ ਅਤੇ (ਉਸਦੀ ਪਾਕੀ ਬਿਆਨ ਕਰੋ) ਤੀਜੇ ਪਹਿਰ ਜਦੋਂ ਤੁਹਾਡੇ ਉੱਤੇ 'ਜ਼ੁਹਰ' ਦਾ ਵੇਲਾ ਆਉਂਦਾ ਹੈ।[114]

ਤਹੱਜੁਦ ਦੀ ਨਮਾਜ਼, ਇਸ਼ਾ ਦੀ ਨਮਾਜ਼ ਤੋਂ ਬਾਅਦ ਆਉਂਦੀ ਹੈ। ਹਰ ਵਿਅਕਤੀ ਦੀ ਅੱਖ ਰਾਤ ਨੂੰ ਜ਼ਰੂਰ ਖੁੱਲਦੀ ਹੈ ਉਸਦੇ ਜ਼ਿਹਨ ਵਿੱਚ ਅਨੇਕ ਚਿੰਤਾਵਾਂ ਘਰ ਕਰੀ ਬੈਠੀਆਂ ਹਨ। ਚਿੰਤਾ ਵਿੱਚ ਨੀਦ ਵੀ ਨਹੀਂ ਆਉਦੀ। ਇਸ ਲਈ ਚੰਗਾ ਹੈ ਕਿ ਬੰਦਾ ਵਾਧੂ ਗੱਲਾਂ ਸੋਚਣ ਦੀ ਥਾਂ 'ਤੇ ਨਮਾਜ਼ ਪੜ੍ਹੇ:

---

110 17:78-79.

111 *ਕੁਰਆਨ ਮਜੀਦ,* ਫੁਟ ਨੋਟ ਨੰ. 35, ਪੰਨਾ-494.

112 20:130

113 *ਰਾਹੇ ਅਮਲ,* ਪੰਨਾ-188.

114 30:17-18

ਉਸ ਡਾਢੇ ਜ਼ੋਰਾਵਰ ਤੇ ਮਿਹਰਬਾਨ ਉਤੇ ਭਰੋਸਾ ਕਰੋ ਜਿਹੜਾ ਤੁਹਾਨੂੰ ਉਸ ਵੇਲੇ ਵੇਖ ਰਿਹਾ ਹੁੰਦਾ ਹੈ ਜਦੋਂ ਤੁਸੀਂ ਉਠਦੇ ਹੋ ਅਤੇ ਸਿਜਦਾ ਕਰਨ ਵਾਲਿਆਂ ਵਿੱਚ ਤੁਹਾਡੀ ਹਿਲਜੁਲ ਉਤੇ ਨਜ਼ਰ ਰੱਖਦਾ ਹੈ। ਉਹ ਸਾਰਾ ਕੁਝ ਸੁਣਨ ਤੇ ਜਾਣਨ ਵਾਲਾ ਹੈ।[115]

ਇਨ੍ਹਾਂ ਨਮਾਜ਼ਾਂ ਨੂੰ ਤਸਬੀਹ ਕਰਨਾ ਵੀ ਕਹਿੰਦੇ ਹਨ:

'ਰੱਬ ਦੀ ਉਸਤਤ ਦੇ ਨਾਲ-ਨਾਲ ਉਸ ਦੀ ਤਸਬੀਹ' ਕਰਨ ਤੋਂ ਭਾਵ ਨਮਾਜ਼ ਹੈ। ਉਸ ਦੇ ਨਿਯਤ ਸਮਿਆਂ ਬਾਰੇ ਇੱਥੇ ਵੀ ਇਸ਼ਾਰਾ ਕਰ ਦਿੱਤਾ ਗਿਆ ਹੈ। ਸੂਰਜ ਨਿਕਲਣ ਤੋਂ ਪਹਿਲਾਂ ਫਜਰ ਦੀ ਨਮਾਜ਼, ਸੂਰਜ ਲਹਿਣ ਤੋਂ ਪਹਿਲਾਂ ਅਸਰ ਦੀ ਨਮਾਜ਼ ਅਤੇ ਰਾਤ ਦੀਆਂ ਘੜੀਆਂ ਵਿੱਚ ਇਸ਼ਾ ਤੇ ਤਹੱਜੁਦ ਦੀ ਨਮਾਜ਼। ਰਹੇ ਦਿਨ ਦੇ ਕੰਢੇ ਤਾਂ ਉਹ ਤਿੰਨ ਹੋ ਸਕਦੇ ਹਨ, ਇੱਕ ਕੰਢਾ ਸਵੇਰ ਹੈ, ਦੂਜਾ ਸੂਰਜ ਦੇ ਢਲਣ ਦਾ ਸਮਾਂ ਅਤੇ ਤੀਜਾ ਕੰਢਾ ਸੰਝ। ਸੋ ਦਿਨ ਦੇ ਕੰਢਿਆਂ ਤੋਂ ਭਾਵ ਫ਼ਜਰ, ਜ਼ੁਹਰ ਅਤੇ ਮਗਰਿਬ ਦੀ ਨਮਾਜ਼ ਹੋ ਸਕਦੀ ਹੈ।[116]

ਕੁਰਆਨ ਵਿੱਚ 'ਸਲਾਤੁਲ-ਵੁਸਤਾ' ਨਮਾਜ਼ ਦਾ ਵੀ ਜ਼ਿਕਰ ਹੈ। ਇਸਨੂੰ ਅਸਰ ਦੀ ਨਮਾਜ਼ ਆਖਦੇ ਹਨ:

ਵਸਤਾ ਦਾ ਅਰਥ ਵਿਚਕਾਰਲੀ ਨਮਾਜ਼ ਵੀ ਹੋ ਸਕਦੀ ਹੈ, ਅਜਿਹੀ ਨਮਾਜ਼ ਵੀ ਜਿਹੜੀ ਠੀਕ ਸਮੇਂ 'ਤੇ ਪੂਰੀ ਨਿਮਰਤਾ ਅਤੇ ਅੱਲਾਹ ਵੱਲ ਧਿਆਨ ਲਾ ਕੇ ਪੜ੍ਹੀ ਗਈ ਹੋਵੇ ਅਤੇ ਜਿਸ ਵਿੱਚ ਨਮਾਜ਼ ਦੀਆਂ ਸਾਰੀਆਂ ਸਿਫ਼ਤਾਂ ਮੌਜੂਦ ਹੋਣ। ਜਿਨ੍ਹਾਂ ਵਿਆਖਿਆਕਾਰਾਂ ਨੇ ਇਸ ਤੋਂ ਭਾਵ ਵਿਚਕਾਰਲੀ ਨਮਾਜ਼ ਲਿਆ ਹੈ। ਉਹ ਆਮ ਤੌਰ ਤੇ ਇਸ ਦੇ ਭਾਵ ਅਸਰ ਦੀ ਨਮਾਜ਼ ਲੈਂਦੇ ਹਨ।[117]

ਪਵਿੱਤਰ ਕੁਰਆਨ ਦੱਸਦਾ ਹੈ ਕਿ ਆਪਣੀਆਂ ਨਮਾਜ਼ਾਂ ਦੀ ਰਾਖੀ ਕਰੋ ਵਿਸ਼ੇਸ਼ ਕਰਕੇ ਅਜਿਹੀ ਨਮਾਜ਼ ਦੀ ਜੋ ਨਮਾਜ਼ ਦੀਆਂ ਸਿਫ਼ਤਾਂ ਦਾ ਸਮੂਹ ਹੋਵੇ। ਪਵਿੱਤਰ ਕੁਰਆਨ ਵਿੱਚ ਵਾਰ-ਵਾਰ ਨਮਾਜ਼ ਦੀ ਤਾਉਮਰ ਕਾਇਮੀ ਦਾ ਜ਼ਿਕਰ ਹੈ ਅਤੇ ਨਮਾਜ਼ ਦੀ ਕਿਤੇ ਵੀ ਛੋਟ ਨਹੀਂ ਹੈ। ਜਦ ਤੱਕ ਸਰੀਰ ਤੰਦਰੁਸਤ ਹੈ ਉਦੋਂ ਤੱਕ ਨਮਾਜ਼, ਬਿਨ੍ਹਾਂ ਨਾਗਾ ਪੜੋ:

ਹੇ ਨਬੀ! ਮੇਰੇ ਜੋ ਬੰਦੇ ਈਮਾਨ ਲਿਆਏ ਹਨ ਉਹਨਾਂ ਨੂੰ ਆਖ ਦਿਓ ਕਿ ਨਮਾਜ਼ ਕਾਇਮ ਕਰਨ ਅਤੇ ਜੋ ਕੁਝ ਅਸਾਂ ਉਹਨਾਂ ਨੂੰ ਦਿੱਤਾ ਹੈ ਉਸ ਵਿੱਚੋਂ ਐਲਾਨੀਆਂ ਤੇ ਲੁਕਵੇਂ ਤੌਰ ਤੇ (ਭਲਾਈ ਦੇ ਰਾਹ ਵਿੱਚ) ਖ਼ਰਚ ਕਰਨ ਇਸ ਤੋਂ ਪਹਿਲਾਂ ਕਿ ਉਹ ਦਿਹਾੜਾ ਆ ਜਾਵੇ ਜਿਸ ਵਿੱਚ ਨਾ ਵੇਚ ਖਰੀਦ ਹੋਵੇਗੀ ਤੇ ਨਾ ਮਿੱਤਰਤਾ ਪੁੱਗ ਸਕੇਗੀ।[118]

ਨਮਾਜ਼ ਨਾ ਪੜ੍ਹਨ ਵਾਲਿਆਂ ਨੂੰ ਸਖ਼ਤ ਤਾੜਨਾ ਹੈ:

ਫੇਰ ਤਬਾਹੀ ਹੈ ਉਹਨਾਂ ਨਮਾਜ਼ ਪੜ੍ਹਨ ਵਾਲਿਆਂ ਲਈ ਜਿਹੜੇ ਆਪਣੀ ਨਮਾਜ਼ ਤੋਂ ਅਣਗਹਿਲੀ ਵਰਤਦੇ ਹਨ।[119]

ਨਮਾਜ਼ ਪੂਰੇ ਦਿਲ ਅਤੇ ਦਿਮਾਗ ਨਾਲ ਪੜ੍ਹਨੀ ਚਾਹੀਦੀ ਹੈ। ਨਮਾਜ਼ ਨੂੰ ਬੋਝ ਜਾਂ ਗਲੋਂ ਲਾਹੁਣ ਵਾਲਾ ਕੰਮ ਨਹੀਂ ਸਮਝਣਾ ਚਾਹੀਦਾ। ਵਿਸ਼ਵਾਸ ਤੋਂ ਖਾਲੀ ਲੋਕਾਂ ਦੀ ਪੜ੍ਹੀ ਨਮਾਜ਼ ਅਤੇ ਕੀਤਾ ਦਾਨ ਕਿਸੇ ਕੰਮ ਨਹੀਂ ਆਵੇਗਾ:

---

115 26:218 ਤੋਂ 220.
116 *ਕੁਰਆਨ ਮਜੀਦ,* ਫੁੱਟ ਨੋਟ ਨੰ. 36 ਪੰਨਾ-553.
117 *ਉਹੀ,* ਫੁਟ ਨੋਟ ਨੰ. 84 ਪੰਨਾ-73.
118 14:31.
119 107:4-5

> ਉਹਨਾਂ ਦੇ ਦਾਨ ਕੀਤੇ ਹੋਏ ਮਾਲ ਕਬੂਲ ਨਾ ਹੋਣ ਦਾ ਇਸ ਤੋਂ ਛੁੱਟ ਕੋਈ ਕਾਰਨ ਨਹੀਂ ਹੈ ਕਿ ਉਹਨਾਂ ਨੇ ਅੱਲਾਹ ਤੇ ਉਸਦੇ ਰਸੂਲ ਨਾਲ ਇਨਕਾਰ ਦੀ ਨੀਤੀ ਅਪਣਾਈ ਹੈ, ਨਮਾਜ਼ ਲਈ ਆਉਂਦੇ ਹਨ ਤਾਂ ਜਕੋ ਤਕੀ ਨਾਲ ਆਉਂਦੇ ਹਨ ਤੇ ਰੱਬ ਦੇ ਰਾਹ ਵਿਚ ਖਰਚ ਕਰਦੇ ਹਨ ਤਾਂ ਰੋ ਪਿੱਟ ਕੇ ਖ਼ਰਚ ਕਰਦੇ ਹਨ।[120]

ਪਵਿੱਤਰ ਕੁਰਆਨ ਦੇਖਾ ਦੇਖੀ ਨਮਾਜ਼ ਪੜ੍ਹਨ ਵਾਲਿਆਂ ਨੂੰ ਵੀ ਵਰਜਦਾ ਹੈ। ਅਜਿਹੇ ਲੋਕ ਕੇਵਲ ਲੋਕਾਂ ਨੂੰ ਦਿਖਾਉਣ ਲਈ ਹੀ ਨਮਾਜ਼ ਪੜ੍ਹਦੇ ਹਨ:

> ਜਦੋਂ ਇਹ ਨਮਾਜ਼ ਲਈ ਉੱਠਦੇ ਹਨ ਤਾਂ ਉੱਸਲਵੱਟੇ ਲੈਂਦੇ ਹੋਏ ਕੇਵਲ ਲੋਕਾਂ ਨੂੰ ਵਿਖਾਉਣ ਲਈ ਉੱਠਦੇ ਹਨ ਅਤੇ ਅੱਲਾਹ ਨੂੰ ਘੱਟ ਹੀ ਯਾਦ ਕਰਦੇ ਹਨ।[121]

**ਜੁਮੇ ਦੀ ਨਮਾਜ਼**

ਹਫ਼ਤੇ ਦੇ ਹਰ ਸ਼ੁਕਰਵਾਰ ਸਾਰੇ ਮੁਸਲਮਾਨ ਮਸੀਤ ਵਿੱਚ ਦੁਪਹਿਰ ਵੇਲੇ ਜੋਹਰ ਦੀ ਨਮਾਜ਼ ਪੜ੍ਹਦੇ ਹਨ। ਇਹ ਸਮੂਹਿਕ ਰੂਪ ਵਿਚ ਪੜ੍ਹੀ ਜਾਂਦੀ ਹੈ। ਇੱਕ ਤਾਂ ਇਹ ਪਤਾ ਲੱਗਦਾ ਹੈ ਕਿ ਕੁਰਆਨ ਪ੍ਰਤੀ ਕਿਸੇ ਦਾ ਉਚਾਰਣ ਗਲਤ ਤਾਂ ਨਹੀਂ। ਦੂਜਾ ਮੁਸਲਮਾਨਾਂ ਵਿੱਚ ਜਮਾਤ ਰਾਹੀਂ ਭਾਈਚਾਰਾ ਵੀ ਉਤਪੰਨ ਹੁੰਦਾ ਹੈ। ਹਜ਼ਰਤ ਮੁਹੰਮਦ (ਸ.) ਨੇ ਇੱਕਲੇ ਨਮਾਜ਼ ਪੜ੍ਹਨ ਨਾਲੋਂ ਜਮਾਤ ਦੁਆਰਾ ਪੜ੍ਹੀ ਨਮਾਜ਼ ਦਾ ਸਵਾਬ (ਬਦਲਾ) 27 ਗੁਣਾਂ ਦੱਸਿਆ ਹੈ। ਜੋ ਲੋਕ ਹੋਰਾਂ ਨੂੰ ਦਿਖਾਉਣ ਲਈ ਨਮਾਜ਼ ਪੜ੍ਹਦੇ ਹਨ। ਉਨ੍ਹਾਂ ਦੀ ਨਮਾਜ਼ ਵਿਖਾਵੇ ਦੀ ਹੈ। ਅਜਿਹੀ ਨਮਾਜ਼ ਅੱਲਾਹ ਨੂੰ ਚੰਗੀ ਨਹੀਂ ਲੱਗਦੀ। ਪਵਿੱਤਰ ਕੁਰਆਨ ਵਿਚ ਜੁਮੇ ਦੀ ਨਮਾਜ਼ ਦੀ ਖਾਸ ਮਹੱਤਤਾ ਹੈ। ਯਹੂਦੀਆਂ ਲਈ ਸਨਿਚਰਵਾਰ ਦਾ ਦਿਨ, ਇਸਾਈਆਂ ਲਈ ਐਤਵਾਰ ਦਾ ਦਿਨ ਅਤੇ ਮੁਸਲਮਾਨਾਂ ਲਈ ਜੁਮੇ ਭਾਵ ਸ਼ੁਕਰਵਾਰ ਦਾ ਦਿਨ ਖਾਸ ਮਹੱਤਵ ਰੱਖਦਾ ਹੈ। ਇਸ ਦਿਨ ਦੀ ਮਹੱਤਤਾ ਲੋਕਾਂ ਨੂੰ ਬੰਦਗੀ ਵੱਲ ਪ੍ਰੇਰਣ ਲਈ ਹੈ। ਜੁਮੇ ਦੇ ਦਿਹਾੜੇ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਇਹ ਮਦੀਨੇ ਦੇ ਮੁਢਲੇ ਦਿਨਾਂ ਦੀ ਘਟਨਾ ਹੈ। ਸੀਰੀਆ ਤੋਂ ਵਪਾਰੀਆਂ ਦਾ ਇੱਕ ਕਾਫਲਾ ਠੀਕ ਜੁਮੇ ਦੀ ਨਮਾਜ਼ ਵੇਲੇ ਆਇਆ ਅਤੇ ਉਨ੍ਹਾਂ ਢੋਲ-ਢਮੱਕੇ ਵਜਾਉਣੇ ਸ਼ੁਰੂ ਕੀਤੇ ਤਾਂ ਜੋ ਬਸਤੀ ਦੇ ਲੋਕਾਂ ਨੂੰ ਉਨ੍ਹਾਂ ਦੇ ਆਉਣ ਦਾ ਪਤਾ ਲੱਗ ਜਾਵੇ। ਹਜ਼ਰਤ (ਸ.) ਉਸ ਵੇਲੇ ਖੁਤਬਾ (ਭਾਸ਼ਣ) ਦੇ ਰਹੇ ਸਨ। ਢੋਲ-ਢਮੱਕਿਆਂ ਦਾ ਰੌਲਾ ਸੁਣਕੇ ਲੋਕ ਬੇਚੈਨ ਹੋ ਗਏ ਅਤੇ 12 ਆਦਮੀਆਂ ਤੋਂ ਛੁੱਟ ਬਾਕੀ ਸਾਰੇ ਹੀ ਕਾਫਲੇ ਵੱਲ ਉਲਰ ਗਏ।[122]

ਇਸ ਘਟਨਾ ਤੋਂ ਬਾਅਦ ਕੁਰਆਨ ਦੀਆਂ ਆਇਤਾਂ ਨਾਜ਼ਿਲ ਹੋਈਆਂ :

> ਹੇ ਈਮਾਨ ਲਿਆਉਣ ਵਾਲਿਓ! ਜਦੋਂ ਤੁਹਾਨੂੰ ਜੁਮੇ ਦੇ ਦਿਹਾੜੇ ਨਮਾਜ਼ ਲਈ ਸੱਦਿਆ ਜਾਵੇ ਤਾਂ ਅੱਲਾਹ ਦੇ ਜ਼ਿਕਰ ਵੱਲ ਦੌੜੋ ਅਤੇ ਵੇਚ ਖਰੀਦ ਛੱਡ ਦਿਓ। ਇਹ ਤੁਹਾਡੇ ਲਈ ਵਧੇਰੇ ਚੰਗਾ ਹੈ ਜੇ ਤੁਸੀਂ ਜਾਣੋ। ਫੇਰ ਜਦੋਂ ਨਮਾਜ਼ ਪੂਰੀ ਹੋ ਜਾਵੇ ਤਾਂ ਧਰਤੀ ਉੱਤੇ ਖਿਲਰ ਜਾਓ ਅਤੇ ਅੱਲਾਹ ਦੇ ਫਜ਼ਲ ਦੀ ਭਾਲ ਕਰੋ। ਅੱਲਾਹ ਨੂੰ ਬਹੁਲਤਾ ਨਾਲ ਯਾਦ ਕਰਦੇ ਰਹੋ, ਸ਼ਾਇਦ ਕਿ ਤੁਸੀਂ ਸਫਲਤਾ ਨੂੰ ਪ੍ਰਾਪਤ ਹੋ ਸਕੋ। ਜਦੋਂ ਉਹਨਾਂ ਨੇ ਵਣਜ ਵਪਾਰ ਅਤੇ ਖੇਡ-ਤਮਾਸ਼ਾ ਹੁੰਦਿਆਂ ਵੇਖਿਆ ਤਾਂ ਉਸ ਵੱਲ ਉੱਲਰ ਪਏ ਤੇ ਤੁਹਾਨੂੰ ਖਲੋਤਿਆਂ ਛੱਡ ਦਿੱਤਾ। ਇਹਨਾਂ ਨੂੰ ਆਖੋ ਕਿ ਜੋ ਕੁਝ ਅੱਲਾਹ ਕੋਲ ਹੈ ਉਹ ਖੇਡ-ਤਮਾਸ਼ੇ ਤੇ ਵਣਜ ਵਪਾਰ ਨਾਲੋਂ ਕਿਤੇ ਚੰਗੇਰਾ ਹੈ ਅਤੇ ਅੱਲਾਹ ਸਾਰਿਆਂ ਤੋਂ ਚੰਗਾ ਰੋਜ਼ੀ ਦਵੇਣਹਾਰ ਹੈ।[123]

---

120 9:54
121 4:142
122 *ਕੁਰਆਨ ਮਜੀਦ,* ਫੁਟ ਨੋਟ ਨੰ. 10, ਪੰਨਾ-1007.
123 62:9,-11.

ਉਪਰੋਕਤ ਵਾਕ ਰਾਹੀਂ ਇਹ ਪਤਾ ਚੱਲਦਾ ਹੈ ਕਿ ਸਾਰੇ ਦੁਨਿਆਵੀ ਕੰਮਾਂ-ਕਾਰਾਂ ਤੋਂ ਉਤਮ ਨਮਾਜ਼ ਹੈ। ਕੰਮ-ਕਾਰ ਵੀ ਜ਼ਰੂਰੀ ਹਨ ਪਰ ਨਮਾਜ਼ ਵੱਲ ਪਰਤਣਾ ਬੰਦੇ ਦੇ ਦਿਲ ਨੂੰ ਦੁਨੀਆਦਾਰੀ ਤੋਂ ਮੁਕਤ ਕਰਾਉਣ ਵਿੱਚ ਸਹਾਇਤਾ ਕਰਦਾ ਹੈ। ਮਨੁੱਖ ਨੂੰ ਸਮਝ ਪੈਂਦੀ ਹੈ ਕਿ ਮੇਰੇ ਨਾਲ ਨਿਭਣ ਵਾਲੀ ਜੇ ਕੋਈ ਵਸਤੂ ਹੈ ਤਾਂ ਉਹ ਨਮਾਜ਼ ਹੀ ਹੈ। ਅਜਿਹੇ ਸਾਧਕ ਕੰਮ-ਕਾਰ ਵਿਚੋਂ ਵੀ ਬੰਦਗੀ ਲਈ ਸਮਾਂ ਕੱਢ ਲੈਦੇਂ ਹਨ :

> ਉਹਨਾਂ ਵਿੱਚ ਅਜਿਹੇ ਲੋਕ ਸੰਝ-ਸਵੇਰ ਉਸਦਾ ਸਿਮਰਨ ਕਰਦੇ ਹਨ ਜਿਹਨਾਂ ਨੂੰ ਵਣਜ-ਵਪਾਰ ਤੇ ਵੇਚ-ਖਰੀਦ ਅੱਲਾਹ ਦੀ ਯਾਦ ਤੋਂ ਨਮਾਜ਼ ਕਾਇਮ ਕਰਨ ਤੇ ਜ਼ਕਾਤ ਦੇਣ ਤੋਂ ਅਵੇਸਲਾ ਨਹੀਂ ਕਰ ਦਿੰਦੀ।[124]

ਪਵਿੱਤਰ ਕੁਰਆਨ ਵਿਚ ਈਦ ਵਾਲੇ ਦਿਨ ਨਮਾਜ਼ ਪੜ੍ਹਨ ਦੀ ਵੀ ਖਾਸ ਮਹੱਤਤਾ ਹੈ। ਈਦ ਸਾਲ ਵਿੱਚ ਦੋ ਵਾਰ ਆਉਂਦੀ ਹੈ। ਇਸ ਦਿਨ ਸਾਰੇ ਮੁਸਲਮਾਨ ਇਕੱਠੇ ਨਮਾਜ਼ ਪੜ੍ਹਦੇ ਹਨ ਅਤੇ ਗਲੇ ਮਿਲਦੇ ਹਨ:

### ਜਨਾਜ਼ੇ ਦੀ ਨਮਾਜ਼

ਮੌਤ ਇੱਕ ਅਜਿਹਾ ਸੱਚ ਹੈ ਜੋ ਹਰ ਬੰਦੇ ਤੇ ਵਰਤਣਾ ਹੈ। ਮੁਸਲਮਾਨ ਦੀ ਮੌਤ ਉਪਰ ਉਸਦੇ ਜਨਾਜ਼ੇ ਨਾਲ ਜਾ ਕੇ ਮ੍ਰਿਤਕ ਨੂੰ 'ਸਪੁਰਦ-ਏ-ਖ਼ਾਕ' ਕਰਨ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਨਮਾਜ਼, ਜਨਾਜ਼ੇ ਦੀ ਨਮਾਜ਼ ਹੈ। ਬੰਦਗੀ ਦੇ ਸਾਧਨਾ ਪੰਧ ਵਿੱਚ ਜਨਾਜ਼ੇ ਦੀ ਨਮਾਜ਼ ਦਾ ਵੀ ਖਾਸ ਮਹੱਤਵ ਹੈ ਪਰ ਜੋ ਲੋਕ ਅੱਲਾਹ ਅਤੇ ਪੈਗੰਬਰ (ਸ.) 'ਤੇ ਈਮਾਨ ਨਹੀਂ ਲਿਆਏ ਤਾਂ ਅਜਿਹੇ ਲੋਕਾਂ ਦੀ ਜਨਾਜ਼ੇ ਦੀ ਨਮਾਜ਼ ਨਾ ਪੜ੍ਹਨ ਦਾ ਆਦੇਸ਼ ਹੈ, ਕਿਉਂਕਿ ਜੇਕਰ ਇਨਕਾਰੀ ਇਹ ਗੱਲ ਨਹੀਂ ਮੰਨਦੇ ਕਿ ਰੱਬ ਇੱਕ ਹੈ ਤਾਂ ਮੁਸਲਮਾਨ ਉਨ੍ਹਾਂ ਤੋਂ ਦੂਰ ਹੀ ਰਹਿਣ:

> ਅੱਗੋਂ ਉਹਨਾਂ ਵਿਚੋਂ ਜੇ ਕੋਈ ਮਰ ਜਾਵੇ ਤਾਂ ਉਹਦੇ ਜਨਾਜ਼ੇ ਦੀ ਨਮਾਜ਼ ਵੀ ਤੁਸਾਂ ਕਦੇ ਨਹੀਂ ਪੜ੍ਹਨੀ ਤੇ ਨਾ ਹੀ ਕਦੇ ਉਹਦੀ ਕਬਰ 'ਤੇ ਖੜੋਣਾ, ਕਿਉਂ ਜੋ ਉਹਨਾਂ ਨੇ ਅੱਲਾਹ ਤੇ ਉਹਦੇ ਰਸੂਲ ਨਾਲ ਇਨਕਾਰ ਦੀ ਨੀਤੀ ਅਪਣਾਈ ਹੈ ਅਤੇ ਉਹ ਮੋਏ ਹਨ ਇਸ ਹਾਲਤ ਵਿੱਚ ਕਿ ਉਹ ਨਾਫ਼ਰਮਾਨ ਸਨ।[125]

### ਮੂਸਾ ਵੇਲੇ ਨਮਾਜ਼ ਦਾ ਜ਼ਿਕਰ

ਕੁਰਆਨ ਜਾਣਕਾਰੀ ਦਿੰਦਾ ਹੈ ਕਿ ਮੂਸਾ ਵੇਲੇ ਵੀ ਨਮਾਜ਼ ਪੜ੍ਹਨ ਦਾ ਆਦੇਸ਼ ਜਾਰੀ ਹੋਇਆ ਸੀ :

> ਅਸਾਂ ਮੂਸਾ ਤੇ ਉਹਦੇ ਭਰਾ ਨੂੰ ਸੈਨਤ ਕੀਤੀ ਕਿ ਮਿਸਰ ਵਿੱਚ ਕੁਝ ਮਕਾਨ ਆਪਣੀ ਕੌਮ ਲਈ ਪ੍ਰਾਪਤ ਕਰ ਲਓ ਤੇ ਆਪਣੇ ਉਹਨਾਂ ਮਕਾਨਾਂ ਨੂੰ ਕਿਬਲਾ ਬਣਾ ਲਓ ਤੇ ਨਮਾਜ਼ ਕਾਇਮ ਕਰੋ ਅਤੇ ਈਮਾਨ ਵਾਲਿਆਂ ਨੂੰ ਖੁਸ਼ਖਬਰੀ ਸੁਣਾ ਦਿਓ।[126]

ਮੁਸਲਮਾਨਾਂ ਅਤੇ ਕਾਫ਼ਿਰਾਂ (ਰੱਬ ਨੂੰ ਨਾ ਮੰਨਣ ਵਾਲਾ) ਵਿਚਾਲੇ ਕੇਵਲ ਇਹ ਅੰਤਰ ਹੈ ਕਿ ਮੁਸਲਮਾਨ ਨਮਾਜ਼ ਪੜਦਾ ਹੈ ਅਤੇ ਕਾਫ਼ਰ ਇਸ ਤੋਂ ਪਾਸਾ ਵੱਟਦਾ ਹੈ। ਵਾਰ-ਵਾਰ ਚੰਗੀਆਂ ਗੱਲਾਂ ਨੂੰ ਦੁਹਰਾਉਣ ਨਾਲ ਮਨੁੱਖ ਵਿੱਚ ਬੁਰਾਈਆਂ ਨਾਲ ਲੜਨ ਦੀ ਸ਼ਕਤੀ ਪੈਦਾ ਹੁੰਦੀ ਹੈ। ਇਸ ਨਾਲ ਮਨੁੱਖ ਵਿਚ

---

[124] 24:37
[125] 9:84.
[126] 10:87.

ਬੁਰੇ ਕੰਮਾਂ ਤੋਂ ਸ਼ਰਮ ਅਤੇ ਪ੍ਰਹੇਜ਼ਗਾਰੀ ਪੈਦਾ ਹੁੰਦੀ ਹੈ। ਇੱਕ ਨਮਾਜ਼ ਤੋਂ ਬਾਅਦ ਮੁਸਲਮਾਨ ਦੇ ਜ਼ਿਹਨ ਵਿੱਚ ਦੂਜੀ ਨਮਾਜ਼ ਦਾ ਖਿਆਲ ਪੈਦਾ ਹੋਣਾ ਸ਼ੁਰੂ ਹੁੰਦਾ ਹੈ। ਚੰਗੇ ਖਿਆਲ ਹੀ ਚੰਗੇ ਅਮਲਾਂ ਨੂੰ ਜਨਮ ਦਿੰਦੇ ਹਨ। ਕਿਸੇ ਵਿਅਕਤੀ ਨੂੰ ਬਦਲਣ ਲਈ ਜ਼ਰੂਰੀ ਹੈ ਉਸਦੇ ਖਿਆਲ ਬਦਲ ਦਿੱਤੇ ਜਾਣ। ਨਮਾਜ਼ ਕੇਵਲ ਮੌਖਿਕ ਸਾਧਨਾ ਨਹੀਂ ਸਗੋਂ ਪੜ੍ਹੀਆਂ ਆਇਤਾਂ ਨੂੰ ਅਮਲਾਂ ਵਿੱਚ ਢਾਲਣ ਦਾ ਨਾਮ ਹੈ। ਸੱਚਾ ਮੁਸਲਮਾਨ ਨਮਾਜ਼ ਤੋਂ ਕਿਸੇ ਵੇਲੇ ਵੀ ਦੂਰ ਨਹੀਂ ਹੁੰਦਾ। ਜੇਕਰ ਉਹ ਸਫ਼ਰ ਵਿੱਚ ਹੋਵੇ ਜਾਂ ਕਿਸੇ ਮੁਸ਼ਕਿਲ ਵਿੱਚ ਤਾਂ ਵੀ ਉਸ ਨੂੰ ਨਮਾਜ਼ ਪੜ੍ਹਨ ਦਾ ਆਦੇਸ਼ ਹੈ :

> ਆਪਣੀਆਂ ਨਮਾਜ਼ਾਂ ਦੀ ਰਾਖੀ ਕਰੋ ਵਿਸ਼ੇਸ ਕਰਕੇ ਅਜਿਹੀ ਨਮਾਜ਼ ਦੀ ਜੋ ਨਮਾਜ਼ ਦੀਆਂ ਸਿਫਤਾਂ ਦਾ ਸਮੂਹ ਹੋਵੇ। ਅੱਲਾਹ ਦੇ ਸਾਹਮਣੇ ਇਸ ਤਰ੍ਹਾਂ ਖਲੋਵੋ ਜਿਵੇਂ ਆਗਿਆਕਰ ਗੁਲਾਮ ਖਲੋਂਦੇ ਹਨ। ਬਦਅਮਨੀ ਦੀ ਹਾਲਤ ਹੋਵੇ ਤਾਂ ਭਾਵੇਂ ਪੈਦਲ ਹੋਵੋ ਜਾਂ ਸਵਾਰ ਜਿਵੇਂ ਵੀ ਸੰਭਵ ਹੋਵੇ ਪੜੋ ਅਤੇ ਜਦੋਂ ਅਮਨ ਹੋ ਜਾਵੇ ਤਾਂ ਅੱਲਾਹ ਨੂੰ ਉਸ ਤਰ੍ਹਾਂ ਯਾਦ ਕਰੋ ਜਿਵੇਂ ਤੁਹਾਨੂੰ ਸਿਖਾਇਆ ਹੈ, ਜਿਸ ਨੂੰ ਤੁਸੀਂ ਪਹਿਲਾਂ ਨਹੀਂ ਜਾਣਦੇ ਸੀ।[127]

ਜੇ ਕੋਈ ਵਿਅਕਤੀ ਕਿਸੇ ਕਾਰਨ ਨਮਾਜ਼ ਦੇ ਵੇਲੇ ਤੋਂ ਖੁੰਝ ਜਾਵੇ ਜਾਂ ਭੁੱਲ ਜਾਵੇ ਤਾਂ ਉਸ ਕਾਰਨ ਪੜ੍ਹੀ ਜਾਣ ਵਾਲੀ ਨਮਾਜ਼ ਨੂੰ 'ਕਜ਼ਾ ਦੀ ਨਮਾਜ਼' ਕਿਹਾ ਜਾਂਦਾ ਹੈ। ਬਿਮਾਰੀ ਦੀ ਹਾਲਤ ਵਿੱਚ ਜੇ ਵਿਅਕਤੀ ਖੜ੍ਹਾ ਹੋ ਕੇ ਨਮਾਜ਼ ਨਹੀਂ ਪੜ ਸਕਦਾ ਹੈ ਤਾਂ ਬੈਠ ਕੇ ਪੜੇ। ਜੇ ਬੈਠ ਕੇ ਨਹੀਂ ਪੜ ਸਕਦਾ ਤਾਂ ਲੇਟ ਕੇ ਪੜ੍ਹੇ।

**ਰੋਜ਼ਾ**

ਕੁਰਆਨ ਵਿੱਚ ਰੋਜ਼ੇ ਨੂੰ 'ਸੋਮ' (Sawm)[128] ਕਿਹਾ ਹੈ। ਇਹ ਹਿਜਰੀ ਕੈਲੰਡਰ ਦੇ ਨੌਵੇਂ ਮਹੀਨੇ ਰਮਜ਼ਾਨ ਵਿਚ ਰੱਖੇ ਜਾਂਦੇ ਹਨ। ਇਸ ਪੂਰੇ ਮਹੀਨੇ ਵਿਚ ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਢਲਣ ਤੋਂ ਬਾਅਦ ਖਾਣਾ ਖਾਇਆ ਜਾਂਦਾ ਹੈ ਅਤੇ ਇਸ ਦਰਮਿਆਨ ਕੁਝ ਵੀ ਖਾਣਾ-ਪੀਣਾ ਨਹੀਂ ਹੈ। ਰਿਪਿਨ ਅਨੁਸਾਰ:

> ਰਮਜ਼ਾਨ ਦੇ ਮਹੀਨੇ ਵਿਚ ਕੁਰਆਨ ਪੜ੍ਹਨ ਦਾ ਖਾਸ ਸਥਾਨ ਹੈ। ਪੂਰੇ ਮਹੀਨੇ ਕੁਰਆਨ ਪੜ੍ਹਨ ਲਈ ਇਸਦੇ ਤੀਹ ਪਾਰੇ ਜਾਂ ਹਿੱਸੇ ਕੀਤੇ ਗਏ ਹਨ ਤਾਂ ਜੋ ਇਕ ਦਿਨ ਵਿਚ ਇਕ ਪਾਰਾ ਪੜ੍ਹਿਆ ਜਾ ਸਕੇ ਜਦੋਂ ਮਹੀਨਾ ਪੂਰਾ ਹੁੰਦਾ ਹੈ ਤਾਂ ਮੁਸਲਿਮ ਈਦ-ਉਲ-ਫਿਤਰ ਮਨਾਉਂਦੇ ਹਨ ਜੋ ਕਿ ਮੁਸਲਮਾਨਾਂ ਦਾ ਖਾਸ ਤਿਉਹਾਰ ਹੈ।[129]

ਪਵਿੱਤਰ ਕੁਰਆਨ ਦਾ ਕਥਨ ਹੈ:

> ਹੇ ਈਮਾਨ ਲਿਆਉਣ ਵਾਲਿਓ। ਤੁਹਾਡੇ ਉੱਤੇ ਰੋਜ਼ੇ ਫਰਜ਼ ਕਰ ਦਿੱਤੇ ਗਏ ਜਿਵੇਂ, ਤੁਹਾਥੋਂ ਪਹਿਲੇ ਨਬੀਆਂ ਦੇ ਪੈਰੋਕਾਰਾਂ ਉੱਤੇ ਫਰਜ਼ ਕੀਤੇ ਗਏ ਸਨ। ਇਸ ਨਾਲ ਆਸ ਹੈ ਕਿ ਤੁਹਾਡੇ ਵਿਚ ਪ੍ਰਹੇਜ਼ਗਾਰੀ ਦਾ ਗੁਣ ਪੈਦਾ ਹੋਵੇਗਾ। ਕੁਝ ਨਿਯਤ ਦਿਨਾਂ ਦੇ ਰੋਜ਼ੇ ਹਨ। ਜੇ ਤੁਹਾਡੇ ਵਿਚੋਂ ਕੋਈ ਬਿਮਾਰ ਹੋਵੇ ਜਾਂ ਸਫ਼ਰ ਵਿੱਚ ਹੋਵੇ ਤਾਂ ਦੂਜੇ ਦਿਨਾਂ ਵਿੱਚ ਓਨੀ ਹੀ ਗਿਣਤੀ ਪੂਰੀ ਕਰ ਲਵੇ ਅਤੇ ਜਿਹੜੇ ਲੋਕ ਰੋਜ਼ਾ ਰੱਖਣ ਦੀ ਹਿੰਮਤ ਹੁੰਦਿਆਂ (ਨਾ ਰੱਖਣ) ਤਾਂ ਉਹ ਬਦਲਾ ਦੇਣ। ਇੱਕ ਰੋਜ਼ੇ ਦਾ ਬਦਲਾ ਇਕ ਮੁਥਾਜ ਨੂੰ ਭੋਜਨ ਕਰਾਉਣਾ ਹੈ

[127] 2:238-239.

[128] Abdul Haq Ansari, *op.cit*, P.20.

[129] It is considered especially meritorious to read the whole of the Qura'n during the month of Ramadan. To facilitate this, the text has been divided into 30 equal sections. One for each day of the month. when the fasting month is over, the 'id-al-fitar celebration is held; this is the major festival of the Muslim year, Rippon, *op.cit,* p-95.

> ਅਤੇ ਜਿਹੜਾ ਆਪਣੀ ਮਰਜ਼ੀ ਨਾਲ ਕੁਝ ਵਧੇਰੇ ਭਲਾਈ ਕਰੇ ਤਾਂ ਉਸ ਲਈ ਚੰਗੇਰਾ ਹੈ। ਪਰ ਜੇ ਤੁਸੀਂ ਜਾਣੋ ਤਾਂ ਤੁਹਾਡੇ ਹੱਕ ਵਿਚ ਚੰਗਾ ਇਹੋ ਹੀ ਹੈ ਕਿ ਤੁਸੀਂ ਰੋਜ਼ਾ ਰੱਖੋ। ਰਮਜ਼ਾਨ ਉਹ ਮਹੀਨਾ ਹੈ ਜਿਸ ਵਿਚ ਕੁਰਆਨ ਉਤਾਰਿਆ ਗਿਆ ਜਿਹੜਾ ਲੋਕਾਂ ਲਈ ਸਰਾਸਰ ਹਿਦਾਇਤ ਹੈ ਅਤੇ ਅਜਿਹੀਆਂ ਸਪਸ਼ਟ ਸਿੱਖਿਆਵਾਂ ਉੱਤੇ ਆਧਾਰਿਤ ਹੈ ਜੋ ਸਿੱਧਾ ਰਾਹ ਦਰਸਾਉਣ ਵਾਲੀਆਂ ਅਤੇ ਕੂੜ ਤੇ ਸੱਚ ਦਾ ਅੰਤਰ ਸਪਸ਼ਟ ਕਰ ਦੇਣ ਵਾਲੀਆਂ ਹਨ। ਸੋ ਹੁਣ ਤੋਂ ਜਿਹੜਾ ਵਿਅਕਤੀ ਇਸ ਮਹੀਨੇ ਨੂੰ ਪ੍ਰਾਪਤ ਹੋਵੇ ਉਸ ਲਈ ਜ਼ਰੂਰੀ ਹੈ ਕਿ ਇਸ ਪੂਰੇ ਮਹੀਨੇ ਦੇ ਰੋਜ਼ੇ ਰੱਖੇ ਅਤੇ ਜੇ ਕੋਈ ਬਿਮਾਰ ਹੋਵੇ ਜਾਂ ਸਫ਼ਰ 'ਤੇ ਹੋਵੇ ਤਾਂ ਉਹ ਦੂਜੇ ਦਿਨਾਂ ਵਿੱਚ ਰੋਜ਼ਿਆਂ ਦੀ ਗਿਣਤੀ ਪੂਰੀ ਕਰ ਲਵੇ। ਅੱਲਾਹ ਤੁਹਾਡੇ ਨਾਲ ਨਰਮੀ ਵਰਤਣਾ ਚਾਹੁੰਦਾ ਹੈ, ਸਖ਼ਤੀ ਕਰਨਾ ਨਹੀਂ ਚਾਹੁੰਦਾ। ਇਸ ਲਈ ਇਹ ਤਰੀਕਾ ਤੁਹਾਨੂੰ ਦੱਸਿਆ ਜਾ ਰਿਹਾ ਹੈ ਤਾਂ ਜੋ ਤੁਸੀਂ ਰੋਜ਼ਿਆਂ ਦੀ ਗਿਣਤੀ ਪੂਰੀ ਕਰ ਸਕੋ ਅਤੇ ਜਿਹੜੀ ਹਦਾਇਤ ਅੱਲਾਹ ਨੇ ਤੁਹਾਨੂੰ ਬਖ਼ਸ਼ੀ ਹੈ, ਉਸ ਉੱਤੇ ਅੱਲਾਹ ਦੀ ਵਡਿਆਈ ਨੂੰ ਮੰਨਦਿਆਂ ਹੋਇਆ ਉਸਦਾ ਪ੍ਰਗਟਾਵਾ ਕਰੋ ਅਤੇ ਧੰਨਵਾਦੀ ਬਣੋ।[130]

ਹਰ ਬਾਲਗ ਮੁਸਲਮਾਨ ਮਰਦ ਅਤੇ ਔਰਤ ਲਈ ਸਾਲ ਦੇ ਬਾਰ੍ਹਾਂ ਮਹੀਨਿਆਂ ਵਿੱਚੋਂ ਰਮਜ਼ਾਨ ਦੇ ਮਹੀਨੇ ਵਿਚ ਵਿਚ ਰੋਜ਼ੇ ਰੱਖਣੇ ਫਰਜ਼ ਹਨ। ਹੋਰ ਸਾਧਨਾਵਾਂ ਵਿੱਚ ਤਾਂ ਜ਼ਾਹਰੀ ਤੌਰ 'ਤੇ ਪਤਾ ਲੱਗਦਾ ਹੈ ਪਰ ਰੋਜ਼ਾ ਅਜਿਹਾ ਅਮਲ ਹੈ ਜਿਸ ਦਾ ਪਤਾ ਰੋਜ਼ਾ ਰੱਖਣ ਵਾਲੇ ਨੂੰ ਅਤੇ ਰੱਬ ਨੂੰ ਹੁੰਦਾ ਹੈ। ਰੋਜ਼ਾ ਪ੍ਰਹੇਜ਼ਗਾਰੀ ਹੈ। ਇਹ ਅੰਨ ਦਾ ਤਿਆਗ ਨਹੀਂ ਸਗੋਂ ਆਪਣੇ ਆਪ ਉਪਰ ਅਤੇ ਆਪਣੀਆਂ ਇੱਛਾਵਾਂ ਤੇ ਕਾਬੂ ਪਾ ਕੇ ਬੁਰਿਆਈ ਦਾ ਤਿਆਗ ਕਰਨਾ ਹੈ। ਬੁਰਾ ਜਾਂ ਭੈੜਾ ਨਾ ਬੋਲਣਾ ਜ਼ੁਬਾਨ ਦਾ ਰੋਜ਼ਾ ਹੈ, ਚੁਗਲੀਆਂ ਅਤੇ ਹੋਰ ਬੁਰੀਆਂ ਗੱਲਾਂ ਨਾ ਸੁਣਨੀਆਂ ਕੰਨਾਂ ਦਾ ਰੋਜ਼ਾ ਹੈ, ਇਵੇਂ ਹੱਥਾਂ ਨਾਲ ਬੁਰਾ ਕੰਮ ਨਾ ਕਰਨਾ, ਪੈਰਾਂ ਨਾਲ ਬੁਰੇ ਪਾਸੇ ਨਾ ਜਾਣਾ, ਰੋਜ਼ੇ ਦੇ ਅਹਿਮ ਗੁਣ ਹਨ। ਮੁਹੰਮਦ (ਸ.) ਸਾਹਿਬ ਦਾ ਕਥਨ ਹੈ, "ਜਿਸ ਕਿਸੇ ਨੇ ਝੂਠ ਬੋਲਣਾ ਅਤੇ ਝੂਠ ਤੇ ਕਾਰਜ ਕਰਨਾ ਹੀ ਨਾ ਛੱਡਿਆ ਤਾਂ ਉਸ ਦਾ ਖਾਣਾ, ਪਾਣੀ ਛੁਡਾ ਦੇਣ ਦੀ ਅੱਲਾਹ ਨੂੰ ਕੋਈ ਲੋੜ ਨਹੀਂ।"[131] ਪੂਰੇ ਮਹੀਨੇ ਰੋਜ਼ੇ ਰੱਖਣ ਦਾ ਹੁਕਮ ਪਹਿਲਾਂ ਨਹੀਂ ਆਇਆ ਸੀ। ਇਸ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ, "ਹਜ਼ਰਤ ਮੁਹੰਮਦ (ਸ.) ਨੇ ਸ਼ੁਰੂ ਵਿਚ ਮੁਸਲਮਾਨਾਂ ਨੂੰ ਹਰ ਮਹੀਨੇ ਕੇਵਲ ਤਿੰਨ ਦਿਨਾਂ ਦੇ ਰੋਜ਼ੇ ਰੱਖਣ ਦੀ ਹਦਾਇਤ ਫਰਮਾਈ ਸੀ ਪਰ ਇਹ ਰੋਜ਼ੇ ਫ਼ਰਜ਼ ਨਹੀਂ ਸਨ। ਫਿਰ ਸੰਨ ਦੋ ਹਿਜਰੀ ਵਿਚ ਰਮਜ਼ਾਨ ਮਹੀਨੇ ਦੇ ਰੋਜ਼ਿਆਂ ਦਾ ਇਹ ਹੁਕਮ ਕੁਰਆਨ 'ਚ ਨਾਜ਼ਲ ਹੋਇਆ ਪਰ ਇਸ ਵਿਚ ਇੰਨੀ ਛੋਟ ਦਿੱਤੀ ਗਈ ਕਿ ਜਿਹੜੇ ਲੋਕ ਰੋਜ਼ਾ ਰੱਖਣ ਦੀ ਸਮਰਥਾ ਰੱਖਦੇ ਹੋਣ ਅਤੇ ਫਿਰ ਵੀ ਨਾ ਰੱਖਣ। ਉਹ ਹਰ ਰੋਜ਼ੇ ਦੇ ਬਦਲੇ ਇੱਕ ਗ਼ਰੀਬ ਨੂੰ ਰੋਟੀ ਖੁਆ ਦਿਆ ਕਰਨ।"[132] ਰੋਜ਼ੇ ਦਾ ਅਸਰ ਦੋ ਤਰਫਾ ਹੁੰਦਾ ਹੈ। ਇਸ ਨਾਲ ਸਾਨੂੰ ਭੁੱਖਿਆ ਦੀ ਭੁੱਖ ਦਾ ਪਤਾ ਲੱਗਦਾ ਹੈ ਅਤੇ ਦੂਜਾ ਆਪਣੀ ਭੁੱਖ ਨੂੰ ਕਾਬੂ ਕਰਨ ਦੀ ਤਾਕਤ ਮਿਲਦੀ ਹੈ ਜਿਵੇਂ ਪਾਣੀ ਵਿੱਚ ਤਰਨ ਲਈ ਜ਼ਰੂਰੀ ਹੈ ਕਿ ਪਾਣੀ ਵਿੱਚ ਪ੍ਰਵੇਸ਼ ਕੀਤਾ ਜਾਵੇ, ਗਰਮੀ ਦੀ ਤਪਸ ਉਪਰ ਮੰਥਨ ਏ.ਸੀ ਕਮਰਿਆਂ ਵਿੱਚ ਬਹਿ ਕੇ ਨਹੀਂ ਕੀਤਾ ਜਾ ਸਕਦਾ। ਇੱਕ ਰੱਜਿਆ ਹੋਇਆ ਅਤੇ ਸੁੱਖਾਂ ਵਿੱਚ ਗ੍ਰਸਿਆ ਵਿਅਕਤੀ ਭੁੱਖ ਅਤੇ ਹੋਰਾਂ ਦੀਆਂ ਜ਼ਰੂਰਤਾਂ ਨੂੰ ਨਹੀਂ ਸਮਝ ਸਕਦਾ ਰੋਜ਼ਾ ਸਵੈ ਚਿੰਤਨ ਹੈ। ਸ਼ੁਰੂ ਵਿੱਚ ਰੋਜ਼ੇ ਹਰ ਮਹੀਨੇ ਕੇਵਲ ਤਿੰਨ

---

130 2:183 ਤੋਂ 185.

131 ਮੁਹੰਮਦ ਇਰਸ਼ਾਦ (ਡਾ.), *ਉਹੀ*, ਪੰਨਾ-293.

132 *ਕੁਰਆਨ ਮਜੀਦ*, ਫੁਟ ਨੋਟ ਨੰ. 56, ਪੰਨਾ-56.

ਰੱਖਣ ਦੀ ਹਦਾਇਤ ਸੀ। ਸੰਨ 2 ਹਿਜਰੀ ਵਿਚ ਰਮਜ਼ਾਨ ਦੇ ਮਹੀਨੇ ਰੋਜ਼ਿਆਂ ਦਾ ਹੁਕਮ ਕੁਰਆਨ ਵਿੱਚ ਨਾਜ਼ਲ ਹੋਇਆ। ਰੋਜ਼ਿਆਂ ਦੇ ਦਿਨਾਂ ਵਿੱਚ ਸੂਰਜ ਚੜ੍ਹਨ ਤੋਂ ਪਹਿਲਾ ਅਤੇ ਸੂਰਜ ਡੁੱਬਣ ਤੋਂ ਬਾਅਦ ਅੰਨ ਗ੍ਰਹਿਣ ਕਰਿਆ ਜਾਂਦਾ ਹੈ। ਇਹ ਅਜਿਹਾ ਅਭਿਆਸ ਹੈ ਜੋ ਮਨੁੱਖ ਨੂੰ ਆਪਣੇ ਆਪ ਉਪਰ, ਬੁਰਾਈਆਂ ਉਪਰ ਅਤੇ ਆਪਣੇ ਮਨ ਦੇ ਖਿਆਲਾਂ ਉਪਰ ਕਾਬੂ ਕਰਨਾ ਸਿਖਾਉਂਦਾ ਹੈ। ਪੈਗੰਬਰ ਮੁਹੰਮਦ (ਸ) ਦਾ ਕਥਨ ਹੈ:

> ਰੋਜ਼ਾ ਢਾਲ ਹੈ ਅਤੇ ਜਦ ਤੁਹਾਡੇ ਵਿਚੋਂ ਕਿਸੇ ਦੇ ਰੋਜ਼ੇ ਦਾ ਦਿਨ ਹੋਵੇ ਤਾਂ ਉਹ ਆਪਣੇ ਮੂੰਹੋਂ ਕੋਈ ਅਸ਼ਲੀਲ ਸ਼ਬਦ ਨਾ ਕੱਢੇ, ਤੇ ਨਾ ਰੌਲਾ ਰੱਪਾ ਪਾਵੇ ਤੇ ਨਾ ਗਾਲ੍ਹਾਂ ਕੱਢੇ। ਜੇਕਰ ਕੋਈ ਹੋਰ ਬੰਦਾ ਲੜਾਈ ਕਰਨ ਲਈ ਤਿਆਰ ਹੋਵੇ ਤਾਂ ਉਸ ਰੋਜ਼ੇਦਾਰ ਨੂੰ ਸੋਚਣਾ ਅਤੇ ਯਾਦ ਕਰਨਾ ਚਾਹੀਦਾ ਹੈ ਕਿ ਮੈਂ ਤਾਂ ਰੋਜ਼ਦਾਰ ਹਾਂ। ਮੈਂ ਕਿਸ ਤਰ੍ਹਾਂ ਗਾਲ੍ਹ ਕੱਡ ਸਕਦਾ ਹਾਂ ਤੇ ਕਿਵੇਂ ਲੜ ਸਕਦਾ ਹੈ।[133]

ਬੰਦਗੀ ਤੋਂ ਹੀਣੇ ਮਨੁੱਖ ਆਪਣੀ ਜ਼ਿੰਦਗੀ ਨੂੰ ਕੇਵਲ ਖਾਣ, ਪੀਣ ਅਤੇ ਪਾਣ ਹੰਢਾਣ ਵਿਚ ਗੁਜ਼ਾਰ ਦਿੰਦੇ ਹਨ :

> ਉਸਦਾ ਕੰਮ ਕੇਵਲ ਖਾਣ ਤੋਂ ਲੈ ਕੇ ਜੰਗਲਪਾਣੀ ਜਾਣ ਤਕ ਹੈ। ਇਸ ਦਰਮਿਆਨ ਉਹ ਆਪਣਾ ਸਾਰਾ ਜੀਵਨ ਗੁਜ਼ਾਰ ਦਿੰਦਾ ਹੈ। ਉਹ ਪਸ਼ੂਆਂ ਵਾਂਗ ਜਿਊਂਦਾ ਹੈ ਅਤੇ ਖਾਣ ਦੀ ਤੀਬਰ ਇੱਛਾ ਉਸਦੀ ਮੱਤ ਮਾਰ ਦਿੰਦੀ ਹੈ। ਉਹ ਖਾਂਦਾ ਹੈ ਤਾਂ ਕਿ ਹੋਰ ਕਮਾਵੇ ਅਤੇ ਕਮਾਉਂਦਾ ਹੈ ਤਾਂ ਕਿ ਹੋਰ ਖਾਵੇ। ਕਮਾਉਣਾ ਅਤੇ ਖਰਚਣਾ, ਖਾਣਾ ਅਤੇ ਐਸ਼ੋ ਇਸ਼ਰਤ ਵਿਚ ਹੀ ਉਹ ਸਾਰੀ ਜ਼ਿੰਦਗੀ ਬਰਬਾਦ ਕਰਦਾ ਹੈ।[134]

ਰੋਜ਼ੇ ਖੁਸ਼ੀ ਅਤੇ ਤਨਦੇਹੀ ਨਾਲ ਨਿਭਾਉਣੇ ਚਾਹੀਦੇ ਹਨ। ਕੁਰਆਨ ਨੇ ਯਾਤਰੀ ਨੂੰ, ਰੋਗੀ ਨੂੰ, ਮਹਾਵਾਰੀ ਦੌਰਾਨ ਔਰਤ ਨੂੰ, ਬਾਲਕ ਨੂੰ, ਬਿਰਧ ਜਾਂ ਉਹ ਜਿਸ ਵਿੱਚ ਰੋਜ਼ਾ ਰੱਖਣ ਦੀ ਸਮਰੱਥਾ ਨਹੀਂ ਹੈ, ਨੂੰ ਰੋਜ਼ਿਆਂ ਤੋਂ ਛੋਟ ਦਿੱਤੀ ਹੈ ਪਰ ਨਾਲ ਹੀ ਇਹ ਹਿਦਾਇਤ ਵੀ ਦਿੱਤੀ ਹੈ ਕਿ ਸਰੀਰ ਠੀਕ ਹੋਣ ਤੇ ਰੋਜ਼ੇ ਰੱਖ ਲਏ ਜਾਣ। ਰੋਜ਼ੇ ਰੱਖਣ ਦਾ ਹੁਕਮ ਬੇਸ਼ੱਕ ਸੰਨ ਦੋ ਹਿਜਰੀ ਵਿੱਚ ਨਾਜ਼ਲ ਹੋਇਆ ਪਰ ਪਵਿੱਤਰ ਕੁਰਆਨ ਦੱਸਦਾ ਹੈ ਕਿ ਰੋਜ਼ਿਆਂ ਦਾ ਹੁਕਮ ਪੁਰਾਣਾ ਚੱਲਿਆ ਆ ਰਿਹਾ ਹੈ:

> ਹੇ ਈਮਾਨ ਲਿਆਉਣ ਵਾਲਿਓ! ਤੁਹਾਡੇ ਉੱਤੇ ਰੋਜ਼ੇ ਫ਼ਰਜ ਕਰ ਦਿੱਤੇ ਗਏ, ਜਿਵੇਂ ਤੁਹਾਥੋਂ ਪਹਿਲੇ ਨਬੀਆਂ ਦੇ ਪੈਰੋਕਾਰਾਂ ਉੱਤੇ ਫਰਜ਼ ਕੀਤੇ ਗਏ ਸਨ। ਇਸ ਨਾਲ ਆਸ ਹੈ ਕਿ ਤੁਹਾਡੇ ਵਿੱਚ ਪਰਹੇਜ਼ਗਾਰੀ ਦਾ ਗੁਣ ਪੈਦਾ ਹੋਵੇਗਾ।[135]

ਇਸ ਆਇਤ ਤੋਂ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ। ਇੱਕ ਤਾਂ ਇਹ ਕਿ ਰੋਜ਼ਾ ਅਜਿਹੀ ਇਬਾਦਤ ਹੈ ਜੋ ਪਹਿਲਾਂ ਤੋਂ ਰੱਬ ਦੇ ਬੰਦੇ ਕਰਦੇ ਆਏ ਹਨ। ਦੂਜਾ ਇਹ ਕਿ ਇਸਦਾ ਮੰਤਵ ਪ੍ਰਹੇਜ਼ਗਾਰੀ ਧਾਰਨ ਕਰਨਾ ਹੈ। ਜਿਸ ਬੰਦੇ ਨੇ ਆਪਣੀ ਭੁੱਖ ਨੂੰ ਕਾਬੂ ਕਰ ਲਿਆ ਉਹ ਹੋਰ ਵਿਕਾਰਾਂ ਜਾਂ ਮੰਦ ਭਾਵਨਾਵਾਂ ਨੂੰ ਵੀ ਸਹਿਜੇ ਕਾਬੂ ਕਰ ਸਕਦਾ ਹੈ। ਰੱਬ ਤੋਂ ਮੁਨਕਰ ਆਪਣੇ ਲਈ ਇਧਰ-ਉਧਰ ਭੱਜੇ ਫਿਰਦੇ ਹਨ। ਲੋਕ ਆਪਣਾ ਪੇਟ ਭਰਨ ਖਾਤਰ ਹੋਰਾਂ ਦਾ ਨੁਕਸਾਨ ਕਰਦੇ ਹਨ। ਰੋਜ਼ਾ, ਮਨ ਵਿਚ ਦੂਜਿਆਂ

---

[133] *ਰਾਹੇ ਅਮਲ,* ਪੰਨਾ-41.

[134] His sphere of activity extends only from the dining room to the toilet between which his whole life is spent. He lives solely for animal gratification and his keenness for everything except food is blunted. He eats so that he may earn more and earns. so that he may eat more. Earning and spending, eating and luxuriating he lays waste his life. Nadwi, *op.cit, p*-77.

[135] 2:183

ਦੇ ਦੁਖ ਦਾ ਅਹਿਸਾਸ ਕਰਾਉਂਦਾ ਹੈ। ਭੁੱਖਿਆਂ ਦੀ ਭੁੱਖ ਕਿਵੇਂ ਦੀ ਹੁੰਦੀ ਹੈ, ਇਹ ਰੋਜ਼ਾ ਰੱਖਕੇ ਪਤਾ ਚੱਲਦਾ ਹੈ। ਮਹਿਮੂਦ ਹਸਨ ਲਿਖਦਾ ਹੈ:

> ਰੋਜ਼ੇ ਦਾ ਹੋਰ ਪਹਿਲੂ ਇਹ ਹੈ ਕਿ ਰੋਜ਼ਾ ਆਦਮੀ ਨੂੰ ਸਮਾਜ ਦੇ ਗ਼ਰੀਬ ਵਰਗ ਦੀਆਂ ਮੁਸ਼ਕਿਲਾਂ ਨੂੰ ਮਹਿਸੂਸ ਕਰਨ ਦੇ ਕਾਬਲ ਬਣਾਉਂਦਾ ਹੈ। ਕੁਝ ਘੰਟਿਆਂ ਦੀ ਭੁੱਖ, ਭੁੱਖ ਬਾਰੇ ਅਤੇ ਗ਼ਰੀਬੀ ਬਾਰੇ ਅਹਿਸਾਸ ਕਰਾਉਂਦੀ ਹੈ।[136]

ਰਮਜ਼ਾਨ ਉਹ ਮਹੀਨਾ ਹੈ ਜਿਸ ਵਿਚ ਕੁਰਆਨ ਉਤਰਿਆ ਸੀ। ਰਮਜ਼ਾਨ ਦੇ ਪੂਰੇ ਮਹੀਨੇ ਰੋਜ਼ੇ ਰੱਖੇ ਜਾਂਦੇ ਹਨ :

> ਰਮਜ਼ਾਨ ਉਹ ਮਹੀਨਾ ਹੈ ਜਿਸ ਵਿੱਚ ਕੁਰਆਨ ਉਤਾਰਿਆ ਗਿਆ ਜਿਹੜਾ ਲੋਕਾਂ ਲਈ ਸਰਾਸਰ ਹਦਾਇਤ ਹੈ ਅਤੇ ਅਜਿਹੀਆਂ ਸਪਸ਼ਟ ਸਿਖਿਆਵਾਂ ਉਤੇ ਆਧਾਰਿਤ ਹੈ ਜੋ ਸਿੱਧਾ ਰਾਹ ਦਰਸਾਉਣ ਵਾਲੀਆਂ ਅਤੇ ਕੂੜ ਤੇ ਸੱਚ ਦਾ ਅੰਤਰ ਸਪਸ਼ਟ ਕਰ ਦੇਣ ਵਾਲੀਆਂ ਹਨ। ਸੋ ਹੁਣ ਤੋਂ ਜਿਹੜਾ ਵਿਅਕਤੀ ਇਸ ਮਹੀਨੇ ਨੂੰ ਪ੍ਰਾਪਤ ਹੋਵੇ, ਉਸ ਲਈ ਜ਼ਰੂਰੀ ਹੈ ਕਿ ਇਸ ਪੂਰੇ ਮਹੀਨੇ ਦੇ ਰੋਜ਼ੇ ਰੱਖੇ ਅਤੇ ਜੇ ਕੋਈ ਬਿਮਾਰ ਹੋਵੇ ਜਾਂ ਸਫ਼ਰ 'ਤੇ ਹੋਵੇ ਤਾਂ ਉਹ ਦੂਜੇ ਦਿਨਾਂ ਵਿੱਚ ਰੋਜ਼ਿਆਂ ਦੀ ਗਿਣਤੀ ਪੂਰੀ ਕਰ ਲਵੇ। ਅੱਲਾਹ ਤੁਹਾਡੇ ਨਾਲ ਨਰਮੀ ਵਰਤਣਾ ਚਾਹੁੰਦਾ ਹੈ, ਸਖਤੀ ਕਰਨਾ ਨਹੀਂ ਚਾਹੁੰਦਾ। ਇਸ ਲਈ ਇਹ ਤਰੀਕਾ ਤੁਹਾਨੂੰ ਦੱਸਿਆ ਜਾ ਰਿਹਾ ਹੈ ਤਾਂ ਜੋ ਤੁਸੀਂ ਰੋਜ਼ਿਆਂ ਦੀ ਗਿਣਤੀ ਪੂਰੀ ਕਰ ਸਕੋ ਅਤੇ ਜਿਹੜੀ ਹਦਾਇਤ ਅੱਲਾਹ ਨੇ ਤੁਹਾਨੂੰ ਬਖਸ਼ੀ ਹੈ, ਉਸ ਉੱਤੇ ਅੱਲਾਹ ਦੀ ਵਡਿਆਈ ਨੂੰ ਮੰਨਦਿਆਂ ਹੋਇਆਂ ਉਸਦਾ ਪ੍ਰਗਟਾਵਾ ਕਰੋ ਅਤੇ ਧੰਨਵਾਦੀ ਬਣੋ।[137]

ਪਵਿੱਤਰ ਕੁਰਆਨ ਦੱਸਦਾ ਹੈ ਕਿ ਰੋਜ਼ਿਆਂ ਦੇ ਦਿਨਾਂ ਦੀ ਗਿਣਤੀ ਤੀਹ ਹੈ। ਹਰ ਮੁਸਲਿਮ ਲਈ ਲਾਜ਼ਮੀ ਹੈ ਕਿ ਉਹ ਇਸ ਪੂਰੇ ਮਹੀਨੇ ਦੇ ਰੋਜ਼ੇ ਰੱਖੇ ਪਰ ਜੇਕਰ ਕੋਈ ਬਿਮਾਰ ਹੈ ਜਾਂ ਸਫ਼ਰ ਵਿੱਚ ਹੈ ਤਾਂ ਉਹ ਹੋਰ ਦਿਨਾਂ ਵਿੱਚ ਇਨੇ ਹੀ ਰੋਜ਼ੇ ਰੱਖੇ। ਪਵਿੱਤਰ ਕੁਰਆਨ ਖੋਲ੍ਹ-ਖੋਲ੍ਹ ਕੇ ਦੱਸਦਾ ਹੈ ਕਿ ਤੁਸੀਂ ਰੋਜ਼ਿਆਂ ਵਿੱਚ ਕਿਹੜੀਆਂ-ਕਿਹੜੀਆਂ ਗੱਲਾਂ ਦਾ ਪ੍ਰਹੇਜ਼ ਕਰਨਾ ਹੈ, ਰੋਜ਼ਾ ਕਦੋਂ ਸ਼ੁਰੂ ਹੋਵੇਗਾ ਅਤੇ ਕਦੋਂ ਖ਼ਤਮ ਹੋਵੇਗਾ:

> ਤੁਹਾਡੇ ਲਈ ਰੋਜ਼ਿਆਂ ਦੇ ਜ਼ਮਾਨੇ ਵਿੱਚ ਰਾਤਾਂ ਨੂੰ ਆਪਣੀਆਂ ਪਤਨੀਆਂ ਕੋਲ ਜਾਣਾ ਜਾਇਜ਼ ਕਰ ਦਿੱਤਾ ਗਿਆ ਹੈ। ਉਹ ਤੁਹਾਡੇ ਲਈ ਲਿਬਾਸ ਹਨ ਅਤੇ ਤੁਸੀਂ ਉਨ੍ਹਾਂ ਲਈ ਲਿਬਾਸ ਹੋ। ਅੱਲਾਹ ਨੂੰ ਪਤਾ ਚੱਲ ਗਿਆ ਕਿ ਤੁਸੀਂ ਲੋਕ ਚੁੱਪ ਕੀਤਿਆਂ ਆਪਣੇ ਆਪ ਨਾਲ ਖਿਆਨਤ ਕਰ ਰਹੇ ਸੀ। ਪਰ ਉਸ ਨੇ ਤੁਹਾਡਾ ਕਸੂਰ ਮੁਆਫ਼ ਕਰ ਦਿੱਤਾ ਅਤੇ ਤੁਹਾਨੂੰ ਖ਼ਿਮਾ ਬਖਸ਼ੀ। ਸੋ ਹੁਣ ਤੁਸੀਂ ਆਪਣੀਆਂ ਪਤਨੀਆਂ ਨਾਲ ਰਾਤਾਂ ਗੁਜ਼ਾਰੋ ਤੇ ਜੋ ਆਨੰਦ ਅੱਲਾਹ ਨੇ ਤੁਹਾਡੇ ਲਈ ਜਾਇਜ਼ ਕਰ ਦਿੱਤਾ ਹੈ। ਉਸ ਨੂੰ ਪ੍ਰਾਪਤ ਕਰੋ ਅਤੇ ਰਾਤਾਂ ਨੂੰ ਖਾਓ-ਪੀਓ ਇਥੋਂ ਤੀਕ ਕਿ ਤੁਹਾਨੂੰ ਪਹੁ ਫੁੱਟਣ ਵੇਲੇ ਕਾਲੀ ਧਾਰੀ ਤੋਂ ਚਿੱਟੀ ਧਾਰੀ ਸਾਫ਼ ਦਿੱਸ ਪਵੇ। ਉਦੋਂ ਇਹ ਸਾਰੇ ਕੰਮ ਛੱਡਕੇ ਰਾਤ ਤੀਕ ਆਪਣਾ ਰੋਜ਼ਾ ਪੂਰਾ ਕਰੋ ਅਤੇ ਜਦੋਂ ਤੁਸੀਂ ਮਸੀਤਾਂ ਵਿੱਚ 'ਇਅਤਕਾਫ਼' 'ਚ ਬੈਠੇ ਹੋਵੋ ਤਾਂ ਪਤਨੀਆਂ ਨਾਲ ਸੰਭੋਗ ਨਾ ਕਰੋ। ਇਹ ਅੱਲਾਹ ਦੀਆਂ ਨਿਯਤ ਕੀਤੀਆਂ ਹੋਈਆਂ ਹੱਦਾਂ ਹਨ, ਇਨ੍ਹਾਂ ਦੇ ਨੇੜੇ ਨਾ ਜਾਓ। ਇਸ ਤਰ੍ਹਾਂ ਅੱਲਾਹ ਆਪਣੇ ਆਦੇਸ਼ ਲੋਕਾਂ ਲਈ ਖੋਲ੍ਹ-ਖੋਲ੍ਹ ਕੇ ਵਰਨਣ ਕਰਦਾ ਹੈ, ਆਸ ਹੈ ਕਿ ਤਾਂ ਉਹ ਭੈੜੇ ਵਤੀਰੇ ਤੋਂ ਬਚਣਗੇ।[138]

---

[136] There is another aspect of fasting which enables man to share the feelings of the poorer sections of society. toreman hungry for certain hours helps man to taste hunger and understand the meaning of poverty. Mehmood Hasan, *op.cit,* p-190.

[137] 2:185.

[138] 2:187

ਇਹ ਸਾਲਾਨਾ ਅਭਿਆਸ ਨੂੰ ਕਰਨਾ ਹਰ ਮੁਸਲਿਮ ਲਈ ਲਾਜ਼ਮੀ ਕਰਾਰ ਹੈ। ਪਵਿੱਤਰ ਕੁਰਆਨ ਦੱਸਦਾ ਹੈ ਕਿ ਜੇਕਰ ਕੋਈ ਵਿਅਕਤੀ ਆਪ ਰੋਜ਼ੇ ਨਹੀਂ ਰੱਖ ਸਕਦਾ ਤਾਂ ਉਸ ਲਈ ਵੀ ਇਕ ਰਸਤਾ ਹੈ:

> ਜੇ ਤੁਹਾਡੇ ਵਿਚੋਂ ਕੋਈ ਬਿਮਾਰ ਹੋਵੇ ਜਾਂ ਸਫ਼ਰ ਵਿੱਚ ਹੋਵੇ ਤਾਂ ਦੂਜੇ ਦਿਨਾਂ ਵਿੱਚ ਉਨੀ ਹੀ ਗਿਣਤੀ ਪੂਰੀ ਕਰ ਲਵੇ ਅਤੇ ਜਿਹੜੇ ਲੋਕ ਰੋਜ਼ਾ ਰੱਖਣ ਦੀ ਹਿੰਮਤ ਹੁੰਦਿਆਂ ਹੋਇਆ (ਨਾ ਰੱਖਣ) ਤਾਂ ਉਹ ਬਦਲਾ (ਫਿਦੀਆ) ਦੇਣ। ਇੱਕ ਰੋਜ਼ੇ ਦਾ ਬਦਲਾ ਇੱਕ ਮੁਥਾਜ ਨੂੰ ਭੋਜਨ ਕਰਾਉਣਾ ਹੈ ਅਤੇ ਜਿਹੜਾ ਆਪਣੀ ਮਰਜ਼ੀ ਨਾਲ ਕੁਝ ਵਧੇਰੇ ਭਲਾਈ ਕਰੇ ਤਾਂ ਇਹ ਉਸੇ ਲਈ ਚੰਗੇਰਾ ਹੈ। ਪਰ ਜੇ ਤੁਸੀਂ ਚਾਹੋ ਤਾਂ ਤੁਹਾਡੇ ਹੱਕ ਵਿੱਚ ਚੰਗਾ ਇਹੋ ਹੀ ਹੈ ਕਿ ਤੁਸੀਂ ਰੋਜ਼ਾ ਰੱਖੋ।[139]

ਕਈ ਵਾਰ ਲੋਕ ਅੱਲਾਹ ਦੀ ਝੂਠੀ ਸਹੁੰ ਖਾ ਲੈਂਦੇ ਹਨ। ਅਜਿਹੇ ਲੋਕਾਂ ਨੂੰ ਅੱਲਾਹ ਦੀ ਖਾਧੀ ਝੂਠੀ ਸਹੁੰ ਮੁਆਫ਼ ਕਰਵਾਉਣੀ ਚਾਹੀਦੀ ਹੈ। ਇਸ ਮੁਆਫ਼ੀ ਲਈ ਉਸ ਬੰਦੇ ਨੂੰ ਰੋਜ਼ੇ ਰੱਖਣੇ ਚਾਹੀਦੇ ਹਨ:

> (ਅਜਿਹੀ ਸਹੁੰ ਭੰਗ ਕਰਨ ਦਾ) ਉਤਰਵਾਓ ਇਹ ਹੈ ਕਿ ਦਸ ਮੁਥਾਜਾਂ ਨੂੰ ਉਹ ਔਸਤ ਦਰਜ਼ੇ ਦਾ ਭੋਜਨ ਕਰਾਓ, ਜਿਹਾ ਤੁਸੀਂ ਆਪਣੇ ਘਰਦਿਆਂ ਨੂੰ ਕਰਵਾਉਂਦੇ ਹੋ ਜਾਂ ਉਹਨਾਂ ਨੂੰ ਕੱਪੜੇ ਪਹਿਨਾਓ, ਜਾਂ ਇਕ ਗੁਲਾਮ ਆਜ਼ਾਦ ਕਰੋ ਅਤੇ ਜਿਹੜਾ ਇਹਦੀ ਸਮਰੱਥਾ ਨਾ ਰੱਖਦਾ ਹੋਵੇ, ਉਹ ਤਿੰਨ ਦਿਨਾਂ ਦੇ ਰੋਜ਼ੇ ਰੱਖੇ। ਇਹ ਤੁਹਾਡੀਆਂ ਸਹੁੰਆਂ ਦਾ ਉਤਰਵਾਓ ਹੈ ਜਦੋਂ ਕਿ ਤੁਸੀਂ ਸਹੁੰ ਖਾ ਕੇ ਤੋੜ ਦਿਓ। ਆਪਣੀਆਂ ਸਹੁੰਆਂ ਦੀ ਰਾਖੀ ਕਰਿਆ ਕਰੋ। ਇਸ ਤਰ੍ਹਾਂ ਅੱਲਾਹ ਆਪਣੇ ਆਦੇਸ਼ ਤੁਹਾਡੇ ਲਈ ਸਪਸ਼ਟ ਕਰਦਾ ਹੈ ਸ਼ਾਇਦ ਕਿ ਤੁਸੀਂ ਧੰਨਵਾਦ ਕਰੋ।[140]

ਉਪਰੋਕਤ ਵਿੱਚ ਦੱਸਿਆ ਹੈ ਕਿ ਜੇਕਰ ਕੋਈ ਵਿਅਕਤੀ ਦਸ ਮੁਥਾਜਾਂ ਨੂੰ ਭੋਜਨ ਨਾ ਕਰਾ ਸਕੇ, ਕੱਪੜੇ ਨਾ ਲੈ ਕੇ ਦੇ ਸਕੇ ਜਾਂ ਕਿਸੇ ਨੂੰ ਆਜ਼ਾਦ ਨਾ ਕਰਵਾ ਸਕੇ ਤਾਂ ਉਸਨੂੰ ਚਾਹੀਦਾ ਹੈ ਕਿ ਤਿੰਨ ਦਿਨਾਂ ਦੇ ਰੋਜ਼ੇ ਰੱਖੇ। ਇਸ ਨਾਲ ਉਸਦੀ ਸਹੁੰ ਮੁਆਫ਼ ਹੋ ਸਕਦੀ ਹੈ। ਇਸ ਤਰ੍ਹਾਂ ਹੀ ਜੇਕਰ ਕਿਸੇ ਵਿਅਕਤੀ ਨੇ ਇਹਰਾਮ ਬੰਨਿਆ ਹੋਵੇ ਅਤੇ ਉਸ ਕੋਲੋਂ ਕੋਈ ਜਾਨਵਰ ਮਾਰਿਆ ਜਾਵੇ ਤਾਂ ਇਸਦੀ ਭੁੱਲ ਬਖਸ਼ੀ ਲਈ ਵੀ ਉਸ ਵਿਅਕਤੀ ਨੂੰ ਰੋਜ਼ੇ ਰੱਖਣੇ ਪੈਣਗੇ। ਜੇਕਰ ਕੋਈ ਇੱਕ ਈਮਾਨ ਵਾਲਾ ਦੂਜੇ ਈਮਾਨ ਵਾਲੇ ਦਾ ਗ਼ਲਤੀ ਨਾਲ ਕਤਲ ਕਰ ਦੇਵੇ ਤਾਂ ਉਹ ਆਪਣਾ ਗੁਨਾਹ ਮੁਆਫ਼ ਕਰਵਾਉਣ ਲਈ ਮੋਮਿਨ ਨੂੰ ਆਜ਼ਾਦ ਕਰਵਾਏ ਜਾਂ ਉਸ ਕਤਲ ਦਾ ਮੁਨਾਸਬ ਮੁੱਲ ਦੇਵੇ। ਜੇਕਰ ਉਹ ਇਹ ਵੀ ਨਹੀਂ ਕਰ ਸਕਦਾ ਤਾਂ ਉਹ ਦੋਂ ਮਹੀਨਿਆਂ ਦੇ ਰੋਜ਼ੇ ਰੱਖੇ, "ਰੋਜ਼ੇ ਲਗਾਤਾਰ ਰੱਖੇ ਜਾਣ, ਉਨ੍ਹਾਂ ਦੇ ਵਿਚਾਲੇ ਨਾਗਾ ਨਾ ਹੋਵੇ। ਜੇ ਕੋਈ ਬੰਦਾ ਸ਼ਰਈ ਮਜ਼ਬੂਰੀ ਤੋਂ ਬਿਨ੍ਹਾਂ ਇੱਕ ਰੋਜ਼ਾ ਵੀ ਵਿਚੋਂ ਛੱਡ ਦੇਵੇ ਤਾਂ ਨਵੇਂ ਸਿਰਿਓ ਰੋਜ਼ਿਆਂ ਦਾ ਸਿਲਸਿਲਾ ਸ਼ੁਰੂ ਕਰਨਾ ਪਵੇਗਾ।"[141] ਕੁਰਆਨ ਦੱਸਦਾ ਹੈ:

> ਫੇਰ ਜਿਸ ਨੂੰ ਗੁਲਾਮ ਨਾ ਮਿਲ ਸਕੇ ਉਹ ਉਪਰੋਥਲੀ ਦੋ ਮਹੀਨਿਆਂ ਦੇ ਰੋਜ਼ੇ ਰੱਖੇ। ਇਹ ਇਸ ਗੁਨਾਹ ਉੱਤੇ ਅੱਲਾਹ ਤੋਂ ਤੌਬਾ ਕਰਨ ਦਾ ਤਰੀਕਾ ਹੈ ਅਤੇ ਅੱਲਾਹ ਸਭੇ ਕੁਝ ਜਾਨਣ ਵਾਲਾ ਤੇ ਡੂੰਘੀ ਸਿਆਣਪ ਵਾਲਾ ਹੈ।[142]

---

[139] 2:184

[140] 5:89

[141] *ਕੁਰਆਨ ਮਜੀਦ,* ਫੁਟ ਨੋਟ ਨੰ. 67, ਪੰਨਾ-159.

[142] 4:92.

ਪਵਿੱਤਰ ਕੁਰਆਨ ਦੀ ਇਕ ਸੂਰਤ 'ਅਲ-ਕਦਰ' ਹੈ। ਇਹ ਉਸ ਰਾਤ ਬਾਰੇ ਹੈ ਜਦੋਂ ਕੁਰਆਨ ਨਾਜ਼ਿਲ ਹੋਇਆ ਸੀ:

> ਅਸੀਂ ਇਸ (ਕੁਰਆਨ) ਨੂੰ 'ਸ਼ਬੇ-ਕਦਰ' ਵਿੱਚ ਉਤਾਰਿਆ ਹੈ ਤੇ ਤੁਸੀਂ ਕੀ ਜਾਣੋ ਕਿ ਸਬੇ-ਕਦਰ ਕੀ ਹੈ, 'ਕਦਰ' ਵਾਲੀ ਰਾਤ ਹਜ਼ਾਰ ਮਹੀਨਿਆਂ ਤੋਂ ਵਧੇਰੇ ਚੰਗੀ ਹੁੰਦੀ ਹੈ। ਉਸ ਵਿੱਚ ਫਰਿਸ਼ਤੇ ਅਤੇ ਰੂਹ (ਜਿਬਰਾਈਲ) ਆਪਣੇ ਰੱਬ ਦੀ ਆਗਿਆ ਨਾਲ ਹਰੇਕ ਹੁਕਮ ਲੈ ਕੇ ਉਤਰਦੇ ਹਨ। ਉਹ ਰਾਤ ਪਹੁ ਫੁਟਾਲੇ ਤਕ ਪੂਰਨ ਰੂਪ ਵਿਚ ਸਲਾਮਤੀ ਹੈ।[143]

ਮੌਲਾਨਾ ਜਲੀਲ ਅਹਿਸਨ ਨਦਵੀਂ ਰਮਜ਼ਾਨ ਦੇ ਮਹੀਨੇ ਨੂੰ 'ਸਬਰ' ਦਾ ਮਹੀਨਾ ਦੱਸਦਿਆਂ ਲਿਖਦੇ ਹਨ:

> ਜਿਹੜਾ ਆਦਮੀ ਇਸ ਮਹੀਨੇ ਵਿਚ ਦਿਲੀ ਪ੍ਰਸੰਨਤਾ ਨਾਲ ਇਕ ਨੇਕੀ ਦਾ ਕੰਮ ਕਰੇਗਾ ਤਾਂ ਉਹ ਅਜਿਹਾ ਹੋਵੇਗਾ, ਜਿਵੇਂ ਕਿ ਰਮਜ਼ਾਨ (ਮੁਸਲਮਾਨੀ ਕੈਲੰਡਰ ਦਾ ਨੌਵਾਂ ਮਹੀਨਾ) ਤੋਂ ਛੁੱਟ ਦੂਜਿਆਂ ਮਹੀਨਿਆਂ ਵਿਚ ਜ਼ਰੂਰੀ ਨਮਾਜ਼ ਪੜ੍ਹੀ ਹੋਵੇ ਅਤੇ ਜਿਹੜਾ ਆਦਮੀ ਇਸ ਮਹੀਨੇ ਵਿੱਚ ਜ਼ਰੂਰੀ ਨਮਾਜ਼ ਪੜ੍ਹੇਗਾ ਤਾਂ ਉਹ ਆਦਮੀ ਅਜਿਹਾ ਹੋਵੇਗਾ ਜਿਵੇਂ ਕਿ ਰਮਜ਼ਾਨ ਦੇ ਮਹੀਨੇ ਤੋਂ ਛੁੱਟ ਕਿਸੇ ਹੋਰ ਮਹੀਨੇ ਵਿਚ ਕਿਸੇ ਨੇ ਸੱਤਰ ਨਮਾਜ਼ਾਂ ਪੜ੍ਹੀਆਂ ਹੋਣ ਅਤੇ ਇਹ ਸਬਰ ਦਾ ਮਹੀਨਾ ਹੈ। ਸਬਰ (ਸੰਤੋਖ) ਦੇ ਮਹੀਨੇ ਦਾ ਫਲ ਸਵਰਗ ਹੈ। ਇਹ ਸਮਾਜ ਦੇ ਅਨਾਥਾਂ ਤੇ ਲੋੜਵੰਦ ਲੋਕਾਂ ਦੇ ਨਾਲ ਹਮਦਰਦੀ ਕਰਨ ਦਾ ਮਹੀਨਾ ਹੈ। ਸਬਰ ਸੰਤੋਖ ਦਾ ਮਹੀਨਾ ਹੋਣ ਦਾ ਮਨੋਰਥ ਇਹ ਹੈ ਕਿ ਈਮਾਨਦਾਰ ਨੂੰ ਰੋਜ਼ਿਆਂ ਰਾਹੀਂ ਖ਼ੁਦਾ ਦੇ ਰਾਹ ਤੇ ਪੱਕੇ ਇਰਾਦੇ ਨਾਲ ਚਲਣ ਅਤੇ ਇੱਛਾਵਾਂ ਉੱਤੇ ਕਾਬੂ ਪਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ।[144]

ਪਵਿੱਤਰ ਕੁਰਆਨ ਦੱਸਦਾ ਹੈ ਕਿ ਕਿਹੜੀਆਂ ਚੀਜ਼ਾਂ ਤੁਹਾਡੇ ਖਾਣਯੋਗ ਹਨ ਅਤੇ ਕਿਹੜੀਆਂ ਖਾਣਯੋਗ ਨਹੀਂ ਹਨ:

> ਹੇ ਈਮਾਨ ਲਿਆਉਣ ਵਾਲਿਓ! ਜੇ ਤੁਸੀਂ ਸੱਚਮੁੱਚ ਰੱਬ ਦੇ ਆਗਿਆਕਾਰ ਹੋ ਤਾਂ ਜਿਹੜੀਆਂ ਪਾਕ ਵਸਤਾਂ ਅਸਾਂ ਤੁਹਾਨੂੰ ਬਖਸ਼ੀਆਂ ਹਨ ਉਹਨਾਂ ਨੂੰ ਬੇਝਿਜਕ ਹੋ ਕੇ ਖਾਓ ਅਤੇ ਅੱਲਾਹ ਦਾ ਸ਼ੁਕਰ ਕਰੋ।ਅੱਲਾਹ ਵੱਲੋਂ ਜੇ ਕੋਈ ਬੰਧੇਜ ਤੁਹਾਡੇ ਉਤੇ ਹੈ ਤਾਂ ਉਹ ਇਹ ਹੈ ਕਿ ਮੁਰਦਾਰ ਨਾ ਖਾਓ, ਲਹੂ ਤੋਂ ਅਤੇ ਸੂਰ ਦੇ ਮਾਸ ਤੋਂ ਬਚੋ ਅਤੇ ਕੋਈ ਅਜਿਹੀ ਚੀਜ਼ ਨਾ ਖਾਓ ਜਿਸ 'ਤੇ ਅੱਲਾਹ ਤੋਂ ਛੁੱਟ ਕਿਸੇ ਹੋਰ ਦਾ ਨਾਂ ਲਿਆ ਗਿਆ ਹੋਵੇ।[145]

ਈਮਾਨ ਲਿਆਉਣ ਵਾਲੇ ਨਮਾਜ਼ ਪੜ੍ਹਦੇ ਹਨ, ਨਿਮਰਤਾ ਧਾਰਨ ਕਰਦੇ ਹਨ, ਵਾਧੂ ਗੱਲਾਂ ਨਹੀਂ ਕਰਦੇ ਅਤੇ ਆਪਣੇ ਗੁਪਤ ਅੰਗਾਂ ਦੀ ਰਾਖੀ ਕਰਦੇ ਹਨ।

### ਖੁਰਾਕ

ਬੰਦਗੀ ਦੇ ਅਮਲ ਵਿਚ ਜਿਥੇ ਰੋਜ਼ਿਆਂ ਦਾ ਖਾਸ ਮਹੱਤਵ ਹੈ। ਉਥੇ ਇਹ ਪੱਖ ਵੀ ਵਿਚਾਰਿਆ ਗਿਆ ਹੈ ਕਿ ਤੁਹਾਡੀ ਖ਼ੁਰਾਕ ਕਿਹੋ ਜਿਹੀ ਹੋਵੇ। ਮੁਹੰਮਦ (ਸ.) ਦੀ ਨਬੱਵੁਤ ਤੋਂ ਪਹਿਲਾਂ ਕੁਝ ਜਾਨਵਰ ਮੰਨ ਲਏ ਗਏ ਸਨ ਜਿਨ੍ਹਾਂ ਉਪਰ ਸਵਾਰੀ ਕਰਨੀ ਜਾਂ ਭਾਰ ਢੋਆ ਹਰਾਮ ਮੰਨਿਆ ਗਿਆ ਸੀ। ਇਹ ਵੀ ਮੰਨਦੇ ਸਨ ਕਿ ਪਸ਼ੂਆਂ ਦੇ ਢਿੱਡਾਂ ਵਿਚ ਜੋ ਕੁਝ ਹੈ ਮਰਦਾਂ ਲਈ ਹੈ, ਔਰਤਾਂ ਲਈ ਨਹੀਂ:

---

143 97:1-5.
144 *ਰਾਹੇ ਅਮਲ,* ਪੰਨਾ-40.
145 2:172

> ਆਖਦੇ ਹਨ ਕਿ ਜੋ ਕੁਝ ਇਹਨਾਂ ਪਸ਼ੂਆਂ ਦੇ ਢਿੱਡਾਂ ਵਿਚ ਹੈ ਇਹ ਸਾਡੇ ਮਰਦਾਂ ਲਈ ਰਾਖਵਾਂ ਹੈ ਅਤੇ ਸਾਡੀਆਂ ਇਸਤਰੀਆਂ ਉਤੇ ਹਰਾਮ, ਪਰ ਜੇ ਉਹ ਮੁਰਦਾ ਹੋਵੇ ਤਾਂ ਦੋਵੇਂ ਉਹਦੇ ਛਕਣ ਵਿਚ ਸ਼ਾਮਲ ਹੋ ਸਕਦੇ ਹਨ। ਇਹ ਗੱਲਾਂ ਜਿਹੜੀਆਂ ਉਹਨਾਂ ਨੇ ਘੜ ਲਈਆਂ ਹਨ ਇਹਨਾਂ ਦਾ ਬਦਲਾ ਅੱਲਾਹ ਉਹਨਾਂ ਨੂੰ ਦੇ ਕੇ ਛੱਡੇਗਾ। ਬੇਸ਼ੱਕ ਉਹ ਵੱਡਾ ਸਿਆਣਾ ਹੈ ਤੇ ਸਾਰੀਆਂ ਗੱਲਾਂ ਦੀ ਉਹਨੂੰ ਖ਼ਬਰ ਹੈ।[146]

ਕੁਰਆਨ ਸਪੱਸ਼ਟ ਕਰਦਾ ਹੈ ਕਿ ਪਸ਼ੂਆਂ ਨੂੰ ਉਸਨੇ ਪੈਦਾ ਕੀਤਾ, ਸਵਾਰੀ ਅਤੇ ਢੋਅ-ਢੁਆਈ ਲਈ ਅਤੇ ਖਾਣ ਵਿਛਾਉਣ ਲਈ। ਲੋਕਾਂ ਨੇ ਆਪ ਹੀ ਇਹ ਗੱਲਾਂ ਬਣਾ ਲਈਆਂ ਸਨ ਕਿ ਕੁਝ ਪਸ਼ੂ ਸਾਡੇ ਲਈ ਹਰਾਮ ਹਨ:

> ਤੁਹਾਡੇ ਉਤੇ ਹਰਾਮ ਕੀਤਾ ਗਿਆ ਮੁਰਦਾਰ, ਲਹੂ, ਸੂਰ ਦਾ ਮਾਸ, ਉਹ ਪਸ਼ੂ ਜਿਹੜਾ ਅੱਲਾਹ ਦੇ ਨਾਂ ਤੋਂ ਛੁੱਟ ਕਿਸੇ ਹੋਰ ਦੇ ਨਾਂ 'ਤੇ ਹਲਾਲ ਕੀਤਾ ਗਿਆ ਹੋਵੇ, ਉਹ ਜਿਹੜਾ ਗਲ ਘੁੱਟ ਕੇ, ਜਾਂ ਸੱਟ ਖਾ ਕੇ ਉਚਿਆਈ ਤੋਂ ਡਿੱਗ ਕੇ, ਜਾਂ ਟੱਕਰ ਖਾ ਕੇ ਮੋਇਆ ਹੋਵੇ, ਜਾਂ ਜਿਸਨੂੰ ਕਿਸੇ ਪਾੜੂ ਪਸ਼ੂ ਨੇ ਚੀਰਿਆ-ਪਾੜਿਆ ਹੋਵੇ-ਛੁੱਟ ਉਸਤੋਂ ਜਿਹਨੂੰ ਤੁਸੀਂ ਜਿਉਂਦਾ ਵੇਖ ਕੇ ਹਲਾਲ ਕਰ ਲਿਆ ਹੋਵੇ ਅਤੇ ਉਹ ਜਿਹੜਾ ਕਿਸੇ ਦੇ ਅਸਥਾਨ ਉਤੇ ਹਲਾਲ ਕੀਤਾ ਗਿਆ ਹੋਵੇ। ਇਹ ਵੀ ਤੁਹਾਡੇ ਲਈ ਨਾਜ਼ਾਇਜ਼ ਹੈ ਕਿ ਕਾਨੀਆਂ ਨਾਲ ਆਪਣੀ ਕਿਸਮਤ ਮਾਲੂਮ ਕਰੋ। ਇਹ ਸਭੇ ਕੰਮ ਨਾਫ਼ਰਮਾਨੀ ਦੇ ਹਨ। ਅੱਜ ਕਾਫ਼ਿਰਾਂ ਨੂੰ ਤੁਹਾਡੇ ਧਰਮ ਵਲੋਂ ਪੂਰੀ ਨਿਰਾਸ਼ਾ ਹੋ ਚੁੱਕੀ ਹੈ ਸੋ ਤੁਸੀਂ ਉਹਨਾਂ ਕੋਲੋਂ ਨਾ ਡਰੋ ਸਗੋਂ ਮੈਥੋਂ ਡਰੋ। ਅੱਜ ਮੈਂ ਤੁਹਾਡੇ ਧਰਮ ਨੂੰ ਤੁਹਾਡੇ ਲਈ ਮੁਕੰਮਲ ਕਰ ਦਿੱਤਾ ਹੈ, ਆਪਣੀ ਨਿਆਮਤ ਤੁਹਾਡੇ ਉੱਤੇ ਪੂਰੀ ਕਰ ਛੱਡੀ ਹੈ ਅਤੇ ਤੁਹਾਡੇ ਲਈ ਇਸਲਾਮ ਨੂੰ ਤੁਹਾਡੇ ਧਰਮ ਵਜੋਂ ਸਵੀਕਾਰ ਕਰ ਲਿਆ ਹੈ। ਇਸ ਲਈ ਹਲਾਲ ਅਤੇ ਹਰਾਮ ਦੀਆਂ ਜੋ ਪਾਬੰਦੀਆਂ ਤੁਹਾਡੇ ਉਤੇ ਲਾਈਆਂ ਗਈਆਂ ਹਨ, ਉਹਨਾਂ ਦੀ ਪਾਲਣਾ ਕਰੋ। ਹਾਂ ਜਿਹੜਾ ਵਿਅਕਤੀ ਭੁੱਖ ਤੋਂ ਮਜ਼ਬੂਰ ਹੋ ਕੇ ਇਹਨਾਂ ਚੋਂ ਕੋਈ ਚੀਜ਼ ਖਾ ਲਵੇ, ਬਿਨ੍ਹਾਂ ਇਸਤੋਂ ਕਿ ਗੁਨਾਹ ਵੱਲ ਉਸ ਦੀ ਰੁਚੀ ਹੋਵੇ ਤਾਂ ਬੇਸ਼ੱਕ ਅੱਲਾਹ ਵੱਡਾ ਬਖਸ਼ਣਹਾਰ ਅਤੇ ਰਹਿਮ ਫੁਰਮਾਉਣ ਵਾਲਾ ਹੈ।[147]

### 4. ਜ਼ਕਾਤ

ਪਵਿੱਤਰ ਕੁਰਆਨ ਦੀਆਂ ਅਨੇਕ ਤੁਕਾਂ ਵਿੱਚ ਨਮਾਜ਼ ਅਤੇ ਜ਼ਕਾਤ ਦਾ ਜ਼ਿਕਰ ਇਕੱਠਾ ਆਇਆ ਹੈ। 'ਜ਼ਕਾਤ' ਅਮੀਰਾਂ ਦੀ ਦੌਲਤ ਉਪਰ ਗਰੀਬਾਂ ਦੇ ਹੱਕ ਨੂੰ ਕਿਹਾ ਜਾਂਦਾ ਹੈ। ਸਮਾਜ ਵਿੱਚ ਅਸੀਂ ਇਹ ਪਾੜਾ ਦੇਖਦੇ ਹਾਂ ਕਿ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗਰੀਬ ਹੋਰ ਗਰੀਬ। ਇਸ ਪਾੜੇ ਨੂੰ ਖਤਮ ਕਰਨ ਲਈ ਜ਼ਕਾਤ ਹੈ। ਜ਼ਕਾਤ ਗਰੀਬਾਂ ਅਤੇ ਲੋੜਵੰਦਾਂ ਨੂੰ ਆਤਮ ਨਿਰਭਰ ਬਣਾਉਂਦੀ ਹੈ। ਪਵਿੱਤਰ ਕੁਰਆਨ ਦਾ ਜ਼ਕਾਤ ਬਾਰੇ ਕਥਨ ਹੈ:

> ਇਹ ਸਦਕੇ ਤਾਂ ਅਸਲ ਵਿੱਚ ਗਰੀਬਾਂ ਅਤੇ ਮੁਥਾਜਾਂ ਲਈ ਹਨ ਅਤੇ ਉਹਨਾਂ ਲੋਕਾਂ ਲਈ ਜਿਹੜੇ ਸਦਕਿਆਂ ਦੇ ਕੰਮ 'ਤੇ ਨਿਯੁਕਤ ਹਨ ਤੇ ਉਹਨਾਂ ਲਈ ਜਿਹਨਾਂ ਦੇ ਦਿਲ ਜੋੜਨ ਦੀ ਚਾਹਨਾ ਹੋਵੇ। ਨਾਲ ਹੀ ਗਰਦਨਾਂ ਛੁਡਵਾਉਣ ਵਿਚ ਕਰਜ਼ਦਾਰਾਂ ਦੀ ਸਹਾਇਤਾ ਕਰਨ ਵਿੱਚ, ਅੱਲਾਹ ਦੇ ਰਾਹ ਵਿਚ ਅਤੇ ਮੁਸਾਫਰਾਂ ਦੀ ਸੇਵਾਦਾਰੀ ਵਿੱਚ ਵਰਤੋਂ ਲਈ ਹਨ। ਇਹ ਇਕ ਫਰਜ਼ ਹੈ ਅੱਲਾਹ ਵੱਲੋਂ ਅਤੇ ਅੱਲਾਹ ਸਭ ਕੁਝ ਜਾਣਨ ਵਾਲਾ ਅਤੇ ਡੂੰਘੀ ਸਿਆਣਪ ਵਾਲਾ ਹੈ।[148]

---

[146] 6:139.
[147] 15:3.
[148] 9:60

ਮਹਿਮੂਦ ਹਸਨ ਲਿਖਦੇ ਹਨ ਕਿ ਹਜ਼ਰਤ ਮੁਹੰਮਦ (ਸ.) ਨੇ ਲੋੜਵੰਦਾਂ ਦੀ ਮਦਦ ਕਰਨ ਬਾਰੇ ਆਪਣੀ ਪਤਨੀ ਨੂੰ ਕਿਹਾ ਸੀ, "ਹੇ ਆਇਸ਼ਾ! ਗਰੀਬ ਨੂੰ ਬਿਨਾ ਕੁਝ ਦਿੱਤੇ ਦਰਵਾਜ਼ੇ ਤੋਂ ਨਾ ਮੋੜ। ਇੱਕ ਦਿਨ ਕਿਆਮਤ ਦਾ ਆਵੇਗਾ। ਗਰੀਬ ਨੂੰ ਪਿਆਰ ਕਰੋ, ਉਨਾਂ ਨੂੰ ਨੇੜੇ ਲਿਆਓ। ਕਿਆਮਤ ਵਾਲੇ ਦਿਨ ਖੁਦਾ ਉਨਾਂ ਨੂੰ ਵੀ ਆਪਣੇ ਨੇੜ੍ਹੇ ਲਿਆਵੇਗਾ'"।[149] ਜ਼ਕਾਤ ਸਹੀ ਤਾਂ ਮੰਨੀ ਜਾਂਦੀ ਹੈ ਜੇਕਰ ਬਿਨ੍ਹਾ ਕਿਸੇ ਵਡਿਆਈ ਅਤੇ ਲਾਲਚ ਤੋਂ ਦਿੱਤੀ ਜਾਵੇ। ਇਸ ਗੱਲ ਦਾ ਵੀ ਧਿਆਨ ਰੱਖਣਾ ਪੈਂਦਾ ਹੈ ਕਿ ਜ਼ਕਾਤ ਪ੍ਰਾਪਤ ਕਰਨ ਵਾਲਾ ਕਿਤੇ ਇਸ ਦੀ ਵਰਤੋਂ ਸ਼ਰਾਬ ਅਤੇ ਜੂਏ ਲਈ ਨਾ ਕਰੇ। ਜੋ ਵਿਅਕਤੀ ਕੰਜੂਸ, ਲਾਲਚੀ ਅਤੇ ਦੌਲਤ ਇਕੱਠੀ ਕਰਨ ਵਿੱਚ ਲੱਗੇ ਹਨ। ਉਨ੍ਹਾਂ ਬਾਰੇ ਅਬੁਲ ਹਸਨ ਅਲੀ ਨਦਵੀ ਲਿਖਦੇ ਹਨ:

> ਜਿਸ ਨੂੰ ਰੱਬ ਨੇ ਦੌਲਤ ਦਿੱਤੀ ਪਰ ਉਸ ਵਿਅਕਤੀ ਨੇ ਜ਼ਕਾਤ ਨਹੀਂ ਦਿੱਤੀ ਤਾਂ ਉਨ੍ਹਾਂ ਦੀ ਇਕੱਠੀ ਕੀਤੀ ਦੌਲਤ ਇੱਕ ਦਿਨ (ਫੈਸਲੇ ਵਾਲੇ ਦਿਨ) ਉਨਾਂ ਨੂੰ ਆਪ ਤੰਗ ਕਰੇਗੀ। ਦੌਲਤ ਦੋ ਮੂੰਹਾ ਸੱਪ ਬਣ ਜਾਵੇਗੀ ਅਤੇ ਲਪੇਟਾ ਮਾਰ ਕੇ ਉਸ ਵਿਅਕਤੀ ਦੇ ਗਲੇ ਨੂੰ ਲਿਪਟ ਜਾਵੇਗੀ। ਉਸ ਨੂੰ ਆਪਣੇ ਜਬਾੜਿਆਂ ਵਿੱਚ ਜਕੜ ਕੇ ਕਹੇਗੀ-ਹਾਂ ਮੇਰੀ ਤੇਰੀ ਦੌਲਤ ਹਾਂ, ਮੈਂ ਤੇਰੀ ਦੌਲਤ ਹਾਂ, ਮੈਂ ਤੇਰਾ ਖਜ਼ਾਨਾ ਹਾਂ।"[150]

ਜ਼ਕਾਤ ਦਾ ਮੰਤਵ ਲੋੜਵੰਦਾਂ ਦੀ ਮਦਦ ਕਰਨਾ ਹੈ। ਇਹ ਮਦਦ ਕਿਸੇ ਵਡਿਆਈ ਲਈ ਨਹੀਂ ਸਗੋਂ ਆਪਣੇ ਅਤੇ ਦੂਜਿਆਂ ਦੇ ਭਲੇ ਲਈ ਹੈ। ਇਸ ਸਾਲਾਨਾ ਦੇ ਅਭਿਆਸ ਨਾਲ ਮਨੁੱਖੀ ਮਨ ਸ਼ੈਤਾਨ ਦੀ ਪਕੜ ਤੋਂ ਮੁਕਤ ਹੋ ਜਾਂਦਾ ਹੈ। ਇਸ ਨਾਲ ਮਨ ਵਿੱਚ ਦੈਵੀ ਗੁਣ ਪ੍ਰਫੁੱਲਿਤ ਹੁੰਦੇ ਹਨ। ਮਨ ਵਿੱਚ ਗਰੀਬਾਂ ਅਤੇ ਲੋੜਵੰਦਾਂ ਦੀ ਮਦਦ ਕਰਨ ਦੀ ਭਾਵਨਾ ਉਤਪੰਨ ਹੁੰਦੀ ਹੈ। ਜ਼ਕਾਤ ਦੀ ਮਿਕਦਾਰ ਬਾਰੇ ਡਾ. ਮੁਹੰਮਦ ਇਰਸ਼ਾਦ ਲਿਖਦੇ ਹਨ:

> ਮਨੁੱਖ ਦੀਆਂ ਆਪਣੀਆਂ ਜੀਵਨ ਲੋੜਾਂ ਦੀ ਪੂਰਤੀ ਤੋਂ ਬਾਅਦ ਜਿਹੜਾ ਧਨ ਉਸ ਪਾਸ ਵਾਧੂ ਬਚ ਜਾਂਦਾ ਹੈ ਜੇ ਉਸ ਦਾ ਮੁੱਲ ਸਾਢੇ ਸੱਤ ਤੋਲੇ ਸੋਨਾ ਜਾਂ 52 ਤੋਲੇ ਚਾਂਦੀ ਦੇ ਮੁੱਲ ਦੇ ਬਰਾਬਰ ਹੋਵੇ ਅਤੇ ਅਜਿਹੇ ਧਨ ਤੇ ਇੱਕ ਪੂਰਾ ਵਰ੍ਹਾ ਬੀਤ ਜਾਵੇ ਤਾਂ ਹਰ ਮੁਸਲਮਾਨ ਲਈ ਇਸ ਵਾਧੂ ਧਨ ਵਿੱਚੋਂ ਢਾਈ ਪ੍ਰਤੀਸ਼ਤ ਵਾਰਸ਼ਿਕ ਦੇ ਹਿਸਾਬ ਨਾਲ ਗਰੀਬਾਂ, ਵਿਧਵਾਵਾਂ ਅਤੇ ਲੋੜਵੰਦਾਂ ਨੂੰ ਦਾਨ ਕਰਨਾ ਜ਼ਰੂਰੀ ਹੋ ਜਾਂਦਾ ਹੈ।[151]

ਜ਼ਕਾਤ ਬਾਰੇ ਕੁਰਆਨ ਦਾ ਕਥਨ ਹੈ:

> ਸਾਕ ਸਬੰਧੀ ਨੂੰ ਉਸਦਾ ਹੱਕ ਦਿਓ ਤੇ ਮੁਥਾਜ ਅਤੇ ਮੁਸਾਫਿਰ ਨੂੰ ਉਸ ਦਾ ਹੱਕ, ਫਜ਼ੂਲ ਖਰਚੀ ਨਾ ਕਰੋ। ਫਜ਼ੂਲ ਖਰਚੀ ਕਰਨ ਵਾਲੇ ਸ਼ੈਤਾਨ ਦੇ ਭਰਾ ਹਨ ਅਤੇ ਸ਼ੈਤਾਨ ਆਪਣੇ ਰੱਬ ਦਾ ਨਾਸ਼ੁਕਰਾ ਹੈ। ਜੇ ਉਹਨਾਂ ਤੋਂ (ਅਰਥਾਤ ਲੋੜਵੰਦ ਸਾਕ ਸਬੰਧੀਆਂ, ਮੁਥਾਜਾਂ ਤੇ ਰਾਹੀਆਂ, ਮੁਸਾਫਿਰਾਂ) ਤੋਂ ਤੁਹਾਨੂੰ ਕੰਨੀ ਕਤਰਾਉਣੀ ਪਵੇ ਇਸ ਕਾਰਨ ਕਿ ਹਾਲਾਂ ਤੁਸੀਂ ਅੱਲਾਹ ਦੀ ਉਸ ਮਿਹਰ ਦੀ ਭਾਲ ਕਰ ਰਹੇ ਹੋ ਜਿਸ ਦੇ ਤੁਸੀ ਆਸਵਾਨ ਹੋ ਤਾਂ ਉਹਨਾਂ ਨੂੰ ਨਰਮਾਈ ਨਾਲ ਜਵਾਬ ਦੇ ਦਿਓ। ਨਾ ਤਾਂ ਆਪਣਾ ਹੱਥ ਗਰਦਨ ਗਲ ਬੰਨ੍ਹੀ ਰੱਖੋ ਤੇ ਨਾ ਉਸ ਨੂੰ ਉੱਕਾ ਹੀ ਖੁੱਲ੍ਹਾ ਛੱਡ ਦਿਓ ਕਿ ਭੰਡੀ ਕਰਵਾ ਕੇ ਤੇ ਬੇਵੱਸ ਹੋ ਕੇ ਰਹਿ ਜਾਓ।[152]

---

[149] "The Prophet Muhammad once said to his wife: O Ayesha turn not the poor person away from the door without giving him something although it will be a date. O Ayesha love the poor and let them come near Thee, God will bring Thee nearer to himself on the day of Resurrection." Mehmood Hasan, *op.cit,* P.191.

[150] "He on whom God bestowed wealth and he did not pay the Zakat, his wealth will be brought on the day of judgment in the shape of snake which will have two tongues and it will be thrown round his neck. It will seize him between its jaws and say - I am your wealth, I am your wealth, I am your treasure." Nadwi, *op.cit,* P.109.

[151] ਮੁਹੰਮਦ ਇਰਸ਼ਾਦ, (ਡਾ.), *ਉਹੀ,* ਪੰਨਾ-294

[152] 17:26 ਤੋਂ 29.

ਉਹ ਖੇਤ ਜੋ ਕੁਦਰਤੀ ਸੋਮਿਆਂ ਜਿਵੇਂ ਵਰਖਾ, ਨਦੀ, ਦਰਿਆ ਤੋਂ ਪਲਦੇ ਹਨ ਅਤੇ ਜਿੰਨ੍ਹਾਂ ਉਪਰ ਕੋਈ ਖਰਚ ਨਹੀਂ ਹੈ, ਉਸ ਵਿਚੋਂ ਦਸਵਾਂ ਹਿੱਸਾ ਅਤੇ ਖਰਚ ਨਾਲ ਪਾਲੀਆਂ ਫਸਲਾਂ ਵਿਚੋਂ ਵੀਹਵਾਂ ਹਿੱਸਾ ਕੱਢੋ।[153] ਜ਼ਕਾਤ ਦਾ ਧਨ ਕਿਸੇ ਅਚਨਚੇਤ ਦੁਰਘਟਨਾ ਜਿਵੇਂ ਹੜ੍ਹ, ਭੂਚਾਲ, ਸੋਕਾ, ਭਿਆਨਕ ਬਿਮਾਰੀ ਵੇਲੇ ਵੀ ਲੋਕ ਹਿੱਤ ਵਿੱਚ ਵਰਤਿਆ ਜਾ ਸਕਦਾ ਹੈ ਕਿਉਂਕਿ ਜ਼ਕਾਤ ਲੋੜਵੰਦਾਂ ਅਤੇ ਗਰੀਬਾਂ ਲਈ ਹੀ ਹੈ। ਜ਼ਕਾਤ ਅਮੀਰ ਅਤੇ ਗ਼ਰੀਬ ਦੇ ਪਾੜੇ ਨੂੰ ਮੇਟਦੀ ਹੈ। ਬੰਦਗੀ ਕਰਨ ਵਾਲਾ ਆਪਣੇ ਮਾਲ ਨੂੰ ਨਿੱਜੀ ਨਹੀਂ ਸਮਝਦਾ। ਉਹ ਇਸ ਮਾਲ ਉਪਰ ਗ਼ਰੀਬਾਂ, ਅਨਾਥਾਂ ਅਤੇ ਲੋੜਵੰਦਾਂ ਦਾ ਵੀ ਹੱਕ ਸਮਝਦਾ ਹੈ। ਜ਼ਕਾਤ ਅਜਿਹੀ ਇਬਾਦਤ ਹੈ ਜੋ ਸਮਾਜ ਦੇ ਦੱਬੇ-ਕੁਚਲੇ ਲੋਕਾਂ ਲਈ ਜੀਵਨ ਦਾ ਸਹਾਰਾ ਬਣਦੀ ਹੈ:

> ਹਜ਼ਰਤ ਆਇਸ਼ਾ (ਜਿਨ੍ਹਾਂ ਤੋਂ ਖੁਦਾ ਰਾਜ਼ੀ ਹੋਇਆ) ਕਹਿੰਦੇ ਹਨ ਕਿ ਮੈਂ ਅੱਲ੍ਹਾ ਦੇ ਰਸੂਲ (ਜਿਨ੍ਹਾਂ ਨੂੰ ਅੱਲ੍ਹਾ ਨੇ ਵਰੋਸਾਇਆ ਤੇ ਜਿਨ੍ਹਾਂ ਦੀ ਸੁਰੱਖਿਆ ਕੀਤੀ) ਨੂੰ ਇਹ ਫ਼ਰਮਾਉਂਦੇ ਸੁਣਿਆ ਕਿ ਜਿਸ ਮਾਲ ਵਿਚੋਂ ਜ਼ਕਾਤ ਨਾ ਕੱਢੀ ਜਾਵੇ ਤੇ ਉਹ ਉਸੇ ਮਾਲ ਵਿਚ ਮਿਲੀ ਰਹੇ ਤਾਂ ਉਹ ਮਾਲ ਨੂੰ ਬਰਬਾਦ ਕਰ ਦਿੰਦੀ ਹੈ। ਬਰਬਾਦ ਕਰਨ ਦਾ ਭਾਵ ਇਹ ਨਹੀਂ ਕਿ ਜਿਹੜਾ ਆਦਮੀ ਜ਼ਕਾਤ ਨਾ ਦੇਵੇ ਅਤੇ ਆਪ ਹੀ ਖਾ ਲਵੇ ਤਾਂ ਇਹ ਜ਼ਰੂਰੀ ਹੈ ਕਿ ਉਸ ਦੀ ਪੂੰਜੀ ਬਰਬਾਦ ਹੋ ਜਾਵੇਗੀ ਸਗੋਂ ਤਬਾਹੀ ਦਾ ਭਾਵ ਤਾਂ ਇਹ ਹੈ ਕਿ ਉਹ ਮਾਲ ਜਿਸਤੋਂ ਲਾਭ ਪ੍ਰਾਪਤ ਕਰਨ ਦਾ ਉਸ ਦਾ ਕੋਈ ਹੱਕ ਨਹੀਂ ਸੀ ਤੇ ਜਿਹੜਾ ਕਿ ਗ਼ਰੀਬਾਂ ਦਾ ਹੀ ਹਿੱਸਾ ਸੀ ਉਸ ਨੇ ਖਾ ਕੇ ਆਪਣੇ ਧਰਮ ਤੇ ਈਮਾਨ ਨੂੰ ਬਰਬਾਦ ਕੀਤਾ। ਇਮਾਨ-ਅਹਿਮਦ ਹੰਬਲ ਦੇ ਪੁੱਤਰ ਨੇ ਇਹੀ ਦੱਸਿਆ ਕਿ ਅਜਿਹਾ ਵੀ ਦੇਖਣ ਵਿਚ ਆਇਆ ਹੈ ਕਿ ਜ਼ਕਾਤ ਦੀ ਰਕਮ ਖਾਣ ਵਾਲੇ ਦੀ ਪੂਰੀ ਪੂੰਜੀ ਤੁਰੰਤ ਹੀ ਬਰਬਾਦ ਹੋ ਗਈ।[154]

ਜ਼ਕਾਤ ਦਾ ਹੁਕਮ ਸੰਨ ਨੌਂ ਹਿਜਰੀ ਵਿੱਚ ਨਾਜ਼ਲ ਹੋਇਆ:

> ਨਮਾਜ਼ ਕਾਇਮ ਕਰੋ, ਜ਼ਕਾਤ ਦਿਓ ਅਤੇ ਜਿਹੜੇ ਲੋਕ ਮੇਰੇ ਅੱਗੇ ਝੁਕ ਰਹੇ ਹਨ ਉਨ੍ਹਾਂ ਨਾਲ ਤੁਸੀਂ ਵੀ ਝੁਕ ਜਾਓ।[155]

ਕੁਰਆਨ ਵਿੱਚ ਨਮਾਜ਼ ਅਤੇ ਜ਼ਕਾਤ ਦਾ ਹੁਕਮ ਨਾਲੋ-ਨਾਲ ਅਨੇਕ ਥਾਂ ਤੇ ਆਇਆ ਹੈ:

> ਨਮਾਜ਼ ਕਾਇਮ ਕਰੋ, ਜ਼ਕਾਤ ਦਿਓ ਅਤੇ ਰਸੂਲ ਦੀ ਆਗਿਆ ਦਾ ਪਾਲਣ ਕਰੋ।[156]

ਕੁਰਆਨ ਵਿਚ ਇਸਲਾਮ ਦੀ ਪ੍ਰੀਭਾਸ਼ਾ ਦਿੰਦਿਆਂ ਨਮਾਜ਼ ਅਤੇ ਜ਼ਕਾਤ ਨੂੰ ਨਾਲੋ-ਨਾਲ ਰੱਖਿਆ ਗਿਆ ਹੈ:

> ਉਹਨਾਂ ਲੋਕਾਂ ਨੂੰ ਇਸ ਤੋਂ ਛੁੱਟ ਕੋਈ ਹੁਕਮ ਨਹੀਂ ਦਿੱਤਾ ਗਿਆ ਸੀ ਕਿ ਆਪਣੇ ਦੀਨ (ਧਰਮ) ਨੂੰ ਨਿਰੋਲ ਉਸੇ ਲਈ ਰਾਖਵਾਂ ਕਰ ਕੇ ਤੇ ਬਿਲਕੁਲ ਇਕਾਗਰ ਹੋ ਕੇ ਅੱਲਾਹ ਦੀ ਬੰਦਗੀ ਕਰਨ, ਨਮਾਜ਼ ਕਾਇਮ ਕਰਨ ਅਤੇ ਜ਼ਕਾਤ ਦੇਣ। ਇਹੋ ਹੀ ਅਤਿਅੰਤ ਸਹੀ ਤੇ ਠੀਕ ਧਰਮ ਹੈ।[157]

ਜ਼ਕਾਤ ਰਾਹੀਂ ਕੰਜੂਸੀ ਅਤੇ ਜ਼ਮ੍ਹਾਖੋਰੀ ਦੋਵੇਂ ਮਿਟ ਜਾਂਦੇ ਹਨ। ਕਈ ਆਇਤਾਂ ਵਿੱਚ ਇਹ ਦੱਸਿਆ ਹੈ ਕਿ ਜ਼ਕਾਤ ਵਿਆਜ਼ ਨੂੰ ਖ਼ਤਮ ਕਰ ਦਿੰਦੀ ਹੈ ਅਤੇ ਇਸ ਨਾਲ ਮਨੁੱਖਾਂ ਵਿੱਚ ਧਨ ਜੋੜਨ ਦੀ ਲਾਲਸਾ ਹੋਰ ਨਹੀਂ ਵਧਦੀ:

---

153 ਰਾਹੇ ਅਮਲ, ਪੰਨਾ-39.
154 *ਉਹੀ*, ਪੰਨੇ 38-9.
155 2:43
156 24:56
157 98:5.

> ਅਤੇ ਅੱਲਾਹ ਕਿਸੇ ਨਾਸ਼ੁਕਰੇ ਭੈੜੇ ਅਮਲਾਂ ਵਾਲੇ ਨੂੰ ਪਸੰਦ ਨਹੀਂ ਕਰਦਾ। ਹਾਂ, ਜੋ ਲੋਕ ਈਮਾਨ ਲੈ ਆਉਣ, ਭਲੇ ਕਰਮ ਕਮਾਉਣ, ਨਮਾਜ਼ ਕਾਇਮ ਕਰਨ ਅਤੇ ਜ਼ਕਾਤ ਦੇਣ, ਉਨ੍ਹਾਂ ਦਾ ਬਦਲਾ ਬੇਸ਼ੱਕ ਉਨ੍ਹਾਂ ਦੇ ਰੱਬ ਕੋਲ ਹੈ ਅਤੇ ਉਨ੍ਹਾਂ ਨੂੰ ਕੋਈ ਡਰ ਤੇ ਕੋਈ ਚਿੰਤਾ ਨਹੀਂ ਹੋਵੇਗੀ।[158]

ਕੁਰਆਨ ਦੱਸਦਾ ਹੈ ਕਿ ਧਨ ਦੌਲਤ ਅੱਲਾਹ ਵੱਲੋਂ ਦਿੱਤੀ ਗਈ ਹੈ ਜੋ ਵਿਅਕਤੀ ਸਭ ਕੁਝ ਦੇ ਹੁੰਦਿਆਂ ਕੰਜੂਸੀ ਕਰਦੇ ਹਨ। ਉਹ ਇਕ ਦਿਨ ਪਛਤਾਉਣਗੇ:

> ਜਿਨ੍ਹਾਂ ਲੋਕਾਂ ਨੂੰ ਅੱਲਾਹ ਨੇ ਆਪਣੀ ਮਿਹਰ ਨਾਲ ਨਿਵਾਜਿਆ ਹੈ ਅਤੇ ਫੇਰ ਕੰਜੂਸੀ ਤੋਂ ਕੰਮ ਲੈਂਦੇ ਹਨ ਉਹ ਇਸ ਭਰਮ ਵਿਚ ਨਾ ਰਹਿਣ ਕਿ ਇਹ ਕੰਜੂਸੀ ਉਹਨਾਂ ਲਈ ਚੰਗੀ ਹੈ। ਨਹੀਂ, ਇਹ ਉਹਨਾਂ ਦੇ ਹੱਕ ਵਿਚ ਬਹੁਤ ਭੈੜੀ ਹੈ।[159]

ਪਵਿੱਤਰ ਕੁਰਆਨ ਦੱਸਦਾ ਹੈ ਕਿ ਬੰਦਗੀ ਕਰਨ ਵਾਲਿਆਂ ਦਾ ਸਮਾਜਿਕ ਨਾਤਾ ਉਨ੍ਹਾਂ ਨਾਲ ਹੈ ਜੋ ਨਮਾਜ਼ ਅਤੇ ਜ਼ਕਾਤ ਦੇ ਪਾਬੰਦ ਹਨ। ਇਨ੍ਹਾਂ ਤੋਂ ਸੱਖਣੇ ਧਰਮ ਭਰਾ ਨਹੀਂ ਹੋ ਸਕਦੇ। ਜੇਕਰ ਕੋਈ ਇਨਕਾਰੀ ਹਜ਼ਰਤ ਮੁਹੰਮਦ (ਸ.) ਦੀ ਮੁਖਾਲਫ਼ਤ ਛੱਡਕੇ, ਨਮਾਜ਼ ਅਤੇ ਜ਼ਕਾਤ ਦਾ ਪਾਬੰਦ ਹੁੰਦਾ ਹੈ ਤਾਂ ਉਹ ਤੁਹਾਡਾ ਧਰਮ ਭਰਾ ਹੈ:

> ਸੋ ਜੇ ਇਹ ਤੌਬਾ ਕਰ ਲੈਣ, ਨਮਾਜ਼ ਕਾਇਮ ਕਰਨ ਅਤੇ ਜ਼ਕਾਤ ਦੇਣ ਤਾਂ ਤੁਹਾਡੇ ਧਰਮ ਭਰਾ ਹਨ ਅਤੇ ਜਾਣਨ ਵਾਲਿਆਂ ਲਈ ਅਸੀਂ ਆਪਣੇ ਆਦੇਸ਼ ਸਪਸ਼ਟ ਕਰ ਦਿੰਦੇ ਹਾਂ।[160]

ਈਮਾਨ ਦੇ ਧਾਰਨੀ ਜ਼ਕਾਤ ਦੇਣ ਵਾਲੇ ਹਨ ਜੋ ਵਿਅਕਤੀ ਉਪਰੋ-ਉਪਰੋ ਕਹਿਣ ਕਿ ਅਸੀਂ ਈਮਾਨ ਵਾਲੇ ਹਾਂ ਪਰ ਉਹ ਜ਼ਕਾਤ ਨਾ ਦੇਣ, ਉਹ ਰੱਬ ਦੀ ਨਜ਼ਰ ਵਿਚ ਈਮਾਨ ਵਾਲੇ ਨਹੀਂ ਹੋ ਸਕਦੇ। ਈਮਾਨ ਵਾਲਾ ਬਣਨ ਲਈ ਆਪਣੇ ਵਿਹਾਰ ਵਿੱਚ ਵੀ ਈਮਾਨ ਨੂੰ ਲਿਆਉਣਾ ਜ਼ਰੂਰੀ ਹੈ:

> ਜ਼ਰੂਰ ਹੀ ਸਫ਼ਲਤਾ ਪ੍ਰਾਪਤ ਕੀਤੀ ਹੈ ਈਮਾਨ ਲਿਆਉਣ ਵਾਲਿਆਂ ਨੇ ਜਿਹੜੇ ਆਪਣੀ ਨਮਾਜ਼ ਵਿੱਚ ਨਿਮਰਤਾ ਧਾਰਨ ਕਰਦੇ ਹਨ, ਵਿਅਰਥ ਗੱਲਾਂ ਤੋਂ ਦੂਰ ਰਹਿੰਦੇ ਹਨ, ਜ਼ਕਾਤ ਦਾ ਵਤੀਰਾ ਅਪਣਾਉਂਦੇ ਹਨ।[161]

ਕਈ ਵਾਰ ਜ਼ਕਾਤ ਦੇਣ ਵੇਲੇ ਬੰਦੇ ਵਿੱਚ ਗੁਮਾਨ ਆ ਜਾਂਦਾ ਹੈ ਕਿ ਮੈਂ ਕਿਸੇ ਗ਼ਰੀਬ, ਮੁਹਤਾਜ ਦੀ ਮਦਦ ਕੀਤੀ ਹੈ। ਜੇਕਰ ਉਹ ਨਾ ਵੀ ਆਪਣੇ ਮਨ ਵਿਚ ਇਹ ਗੱਲ ਲਿਆਵੇ ਤਾਂ ਵੀ ਲੋਕ ਉਸ ਨੂੰ ਕਹਿ-ਕਹਿ ਕੇ ਉਸ ਵਿਚ ਵਡੱਤਣ ਲਿਆ ਦਿੰਦੇ ਹਨ। ਇਸ ਲਈ ਕੁਰਆਨ ਨੇ ਖੁਲ੍ਹੇਆਮ ਕੀਤੀ ਮਦਦ ਨਾਲੋਂ ਚੁਪ ਚਪੀਤੇ ਕਿਸੇ ਗ਼ਰੀਬ ਦੀ ਕੀਤੀ ਮਦਦ ਨੂੰ ਵਧੇਰੇ ਚੰਗਾ ਕਰਾਰ ਦਿੱਤਾ ਹੈ। ਅਜਿਹੀ ਜ਼ਕਾਤ ਬੰਦੇ ਦੀਆਂ ਬੁਰਾਈਆਂ ਨੂੰ ਧੋ ਦਿੰਦੀ ਹੈ:

> ਜੇ ਪੁੰਨ-ਦਾਨ ਐਲਾਨੀਆ ਕਰੋ ਤਾਂ ਇਹ ਵੀ ਚੰਗਾ ਹੈ ਪਰ ਜੇ ਲੁਕਾ ਕੇ ਲੋੜਵੰਦਾਂ ਨੂੰ (ਦਾਨ) ਦਿਓ ਤਾਂ ਇਹ ਤੁਹਾਡੇ ਹੱਕ ਵਿਚ ਵਧੇਰੇ ਚੰਗਾ ਹੈ। ਤੁਹਾਡੀਆਂ ਬਹੁਤ ਸਾਰੀਆਂ ਬੁਰਾਈਆਂ ਇਸ ਵਤੀਰੇ ਨਾਲ ਮਿਟ ਜਾਂਦੀਆਂ ਹਨ। ਅਤੇ ਜੋ ਕੁਝ ਤੁਸੀਂ ਕਰਦੇ ਹੋ ਅੱਲਾਹ ਹਰ ਹਾਲ 'ਚ ਉਸ ਤੋਂ ਜਾਣੂ ਹੈ।[162]

---

[158] 2:277

[159] 3: 180.

[160] 9:11

[161] 23:1-4

[162] 2:271

> ਇਹ ਸਦਕੇ ਤਾਂ ਅਸਲ ਵਿਚ ਗ਼ਰੀਬਾਂ ਤੇ ਮੁਥਾਜਾਂ ਲਈ ਹਨ ਤੇ ਉਹਨਾਂ ਲੋਕਾਂ ਲਈ ਜਿਹੜੇ ਸਦਕਿਆਂ ਦੇ ਕੰਮ 'ਤੇ ਨਿਯੁਕਤ ਹਨ ਤੇ ਉਹਨਾਂ ਲਈ ਜਿਹਨਾਂ ਦੇ ਦਿਲ ਜੋੜਨ ਦੀ ਚਾਹਨਾ ਹੋਵੇ। ਨਾਲ ਹੀ ਇਹ ਗਰਦਨਾਂ ਛੁਡਵਾਉਣ ਵਿੱਚ, ਕਰਜ਼ਦਾਰਾਂ ਦੀ ਸਹਾਇਤਾ ਵਿੱਚ, ਅੱਲਾਹ ਦੇ ਰਾਹ ਵਿਚ ਅਤੇ ਮੁਸਾਫ਼ਰਾਂ ਦੀ ਸੇਵਾਦਾਰੀ ਵਿਚ ਵਰਤੋਂ ਲਈ ਹਨ। ਇਹ ਇਕ ਫ਼ਰਜ਼ ਹੈ ਅੱਲਾਹ ਵਲੋਂ ਅਤੇ ਅੱਲਾਹ ਸਭ ਕੁਝ ਜਾਣਨ ਵਾਲਾ ਤੇ ਡੂੰਘੀ ਸਿਆਣਪ ਵਾਲਾ ਹੈ।[163]

ਉਪਰੋਕਤ ਕਥਨ ਵਿਚ ਜ਼ਿਕਰ ਆਇਆ ਹੈ ਲੋੜਵੰਦ ਲੋਕਾਂ, ਮੁਸਲਮਾਨਾਂ ਦੇ ਵੈਰੀ, ਨਵੇਂ ਬਣਨ ਵਾਲੇ ਮੁਸਲਮਾਨ, ਅੱਲਾਹ ਦੇ ਲਈ ਲੜ੍ਹਨ ਵਾਲਿਆਂ ਲਈ ਅਤੇ ਮੁਸਾਫ਼ਰਾਂ ਨੂੰ ਜ਼ਕਾਤ ਦੇਣੀ ਹੈ। ਪਵਿੱਤਰ ਕੁਰਆਨ ਹਜ਼ਰਤ ਮੁਹੰਮਦ (ਸ.) ਰਾਹੀਂ ਦੱਸਦਾ ਹੈ ਕਿ ਜੇਕਰ ਕੋਈ ਵਿਰੋਧੀ ਇਸਲਾਮ ਵਿਚ ਆਉਣਾ ਚਾਹੇ ਅਤੇ ਆਪਣੇ ਕਸੂਰਾਂ ਨੂੰ ਮੰਨ ਲਵੇ ਤਾਂ ਤੁਸੀਂ ਉਨ੍ਹਾਂ ਦੀ ਕਮਾਈ ਵਿਚੋਂ ਜ਼ਕਾਤ ਲਓ ਅਤੇ ਉਨ੍ਹਾਂ ਦੀ ਦੌਲਤ ਨੂੰ ਪਾਕ ਕਰੋ। ਜ਼ਕਾਤ ਦੌਲਤ ਦੀ ਪਾਕੀਜ਼ਗੀ ਲਈ ਹੈ:

> ਹੇ ਨਬੀ! ਤੁਸੀਂ ਉਹਨਾਂ ਦੇ ਮਾਲਾਂ ਵਿਚੋਂ 'ਸਦਕਾ' (ਪੁੰਨ-ਦਾਨ) ਲੈ ਕੇ ਉਹਨਾਂ ਨੂੰ ਪਾਕ ਕਰੋ ਤੇ (ਨੇਕੀ ਦੇ ਰਾਹ ਵਿੱਚ) ਉਹਨਾਂ ਨੂੰ ਵਧਾਓ ਤੇ ਉਹਨਾਂ ਦੇ ਹੱਕ ਵਿੱਚ ਰਹਿਮਤ ਦੀ ਦੁਆ ਕਰੋ, ਕਿਉਂਜੋ ਤੁਹਾਡੀ ਦੁਆ ਉਹਨਾਂ ਲਈ ਤਸੱਲੀ ਤੇ ਸ਼ਾਂਤੀ ਦਾ ਕਾਰਨ ਸਿੱਧ ਹੋਵੇਗੀ, ਅੱਲਾਹ ਸਭੇ ਕੁਝ ਸੁਣਦਾ ਤੇ ਜਾਣਦਾ ਹੈ।[164]

ਜ਼ਕਾਤ ਦੇਣ ਵਾਲਾ ਬੰਦਾ ਅੱਲਾਹ ਦੇ ਨਜ਼ਦੀਕ ਪਹੁੰਚਦਾ ਹੈ:

> ਅਤੇ ਇਹਨਾਂ ਦੇ ਬੱਦੂਆਂ ਵਿਚ ਕੁਝ ਲੋਕ ਅਜਿਹੇ ਵੀ ਹਨ ਜਿਹੜੇ ਅੱਲਾਹ ਤੇ ਪਰਲੋਕ ਦੇ ਦਿਨ 'ਤੇ ਈਮਾਨ ਰੱਖਦੇ ਹਨ ਤੇ ਜੋ ਕੁਝ ਖ਼ਰਚ ਕਰਦੇ ਹਨ ਉਸਨੂੰ ਅੱਲਾਹ ਦੇ ਨਿਕਟਵਰਤੀ ਬਣਨ ਦਾ ਤੇ ਰਸੂਲ ਵਲੋਂ ਮਿਹਰ ਭਰੀਆਂ ਅਸੀਸਾਂ ਲੈਣ ਦਾ ਸਾਧਨ ਬਣਾਉਂਦੇ ਹਨ। ਹਾਂ! ਉਹ ਜ਼ਰੂਰ ਹੀ ਉਹਨਾਂ ਲਈ ਨਿਕਟਵਰਤੀ ਬਣਨ ਦਾ ਸਾਧਨ ਹੈ ਤੇ ਅੱਲਾਹ ਅਵੱਸ਼ ਉਹਨਾਂ ਨੂੰ ਆਪਣੀ ਮਿਹਰ ਵਿੱਚ ਪ੍ਰਵੇਸ਼ ਕਰਾਏਗਾ, ਨਿਰਸੰਦੇਹ ਅੱਲਾਹ ਖਿਮਾ ਬਖਸ਼ਣ ਵਾਲਾ ਤੇ ਰਹਿਮ ਫ਼ਰਮਾਉਣ ਵਾਲਾ ਹੈ।[165]

ਜ਼ਕਾਤ ਦੇਣ ਨਾਲ ਮਾਲ ਵਧਦਾ ਹੈ:

> ਜੋ ਕੋਈ ਅੱਲਾਹ ਦੇ ਰਾਹ ਵਿੱਚ ਖਰਚ ਕਰਦਾ ਹੈ ਅੱਲਾਹ ਉਸਨੂੰ ਦੁੱਗਣਾ ਵਧਾਉਂਦਾ ਹੈ। ਆਖਰ ਇਹਨਾਂ ਉੱਤੇ ਕੀ ਬਿੱਝ ਆ ਪੈਂਦੀ ਹੈ ਜੇ ਇਹ ਅੱਲਾਹ ਤੇ ਆਖ਼ਰਤ ਦੇ ਦਿਨ ਉੱਤੇ ਈਮਾਨ ਲੈ ਆਉਂਦੇ ਅਤੇ ਜੋ ਕੁੱਝ ਅੱਲਾਹ ਨੇ ਦਿੱਤਾ ਹੈ, ਉਸ ਵਿਚੋਂ ਖਰਚ ਕਰਦੇ। ਜੇ ਇਹ ਇੰਜ ਕਰਦੇ ਤਾਂ ਅੱਲਾਹ ਕੋਲੋਂ ਇਹਨਾਂ ਦੀ ਨੇਕੀ ਦਾ ਹਾਲ ਲੁਕਿਆ ਨਹੀਂ ਰਹਿ ਜਾਣਾ ਸੀ। ਅੱਲਾਹ ਕਿਸੇ ਉੱਤੇ ਭੋਰਾ-ਭਰ ਵੀ ਜ਼ੁਲਮ ਨਹੀਂ ਕਰਦਾ। ਜੇ ਕੋਈ ਇੱਕ ਨੇਕੀ ਕਰੇ ਤਾਂ ਅੱਲਾਹ ਉਸਨੂੰ ਦੂਣਾ ਕਰ ਦੇਂਦਾ ਹੈ ਅਤੇ ਫੇਰ ਆਪਣੇ ਵਲੋਂ ਵੱਡਾ ਬਦਲਾ ਦਿੰਦਾ ਹੈ।[166]

ਜ਼ਕਾਤ ਰਾਹੀਂ ਮਨੁੱਖ ਨੇਕੀ ਦੇ ਰਾਹ 'ਤੇ ਤੁਰਦਾ ਹੈ। ਉਸ ਵਿਚੋਂ ਪਦਾਰਥਾਂ ਪ੍ਰਤੀ ਮੋਹ ਘੱਟਦਾ ਹੈ:

> ਤੁਸੀਂ ਨੇਕੀ ਤੀਕ ਨਹੀਂ ਪੁੱਜ ਸਕਦੇ ਜਦੋਂ ਤੀਕ ਕਿ ਆਪਣੀਆਂ ਉਹ ਵਸਤਾਂ (ਰੱਬ ਦੇ ਰਾਹ ਵਿਚ) ਖਰਚ ਨਹੀਂ ਕਰੋਗੇ ਜਿਹੜੀਆਂ ਤੁਹਾਨੂੰ ਪਿਆਰੀਆਂ ਲਗਦੀਆਂ ਹਨ ਅਤੇ ਜੋ ਕੁਝ ਤੁਸੀਂ ਖਰਚ ਕਰੋਗੇ ਅੱਲਾਹ ਉਸ ਤੋਂ ਬੇਖ਼ਬਰ ਨਹੀਂ ਹੋਵੇਗਾ।[167]

ਇੱਕਠਾ ਕੀਤਾ ਧਨ ਖੜ੍ਹੇ ਪਾਣੀ ਵਾਂਗ ਹੈ। ਖੜ੍ਹੋਤਾ ਪਾਣੀ ਬਦਬੂ ਮਾਰਦਾ ਹੈ ਪਰੰਤੂ ਚੱਲਦਾ ਪਾਣੀ ਸਾਫ਼ ਰਹਿੰਦਾ ਹੈ ਇਸ ਤਰ੍ਹਾਂ ਜ਼ਕਾਤ ਰਾਹੀਂ ਦੌਲਤ ਚੱਲਦੀ ਰਹਿੰਦੀ ਹੈ। ਜੇਕਰ ਅਜਿਹਾ ਵਤੀਰਾ ਸਾਡੇ

---

[163] 9:60
[164] 9:103
[165] 9:99
[166] 4:39-40
[167] 3: 92.

ਸਮਾਜ ਵਿੱਚ ਆ ਜਾਵੇ ਤਾਂ ਕੋਈ ਵੀ ਵਿਅਕਤੀ ਗ਼ਰੀਬ ਅਤੇ ਦੁਖੀ ਨਹੀਂ ਰਹੇਗਾ। ਪਵਿੱਤਰ ਕੁਰਆਨ ਦੱਸਦਾ ਹੈ ਕਿ ਜ਼ਕਾਤ ਦੌਲਤ ਨੂੰ ਵਧਾਉਣ ਦਾ ਉੱਤਮ ਤਰੀਕਾ ਹੈ:

> ਜਿਹੜਾ ਵਿਆਜ਼ ਤੁਸੀਂ ਦਿੰਦੇ ਹੋ ਤਾਂ ਜੋ ਲੋਕਾਂ ਦੇ ਮਾਲਾਂ ਵਿੱਚ ਰਲਕੇ ਉਸ ਵਿੱਚ ਵਾਧਾ ਹੋ ਜਾਵੇ, ਅੱਲਾਹ ਦੀ ਦ੍ਰਿਸ਼ਟੀ ਵਿੱਚ ਉਹ ਨਹੀਂ ਵਧਦਾ ਸਗੋਂ ਜਿਹੜੀ ਜ਼ਕਾਤ ਤੁਸੀਂ ਅੱਲਾਹ ਦੀ ਪ੍ਰਸੰਨਤਾ ਪ੍ਰਾਪਤ ਕਰਨ ਵਾਸਤੇ ਦਿੰਦੇ ਹੋ, ਉਸ ਦੇ ਦੇਣ ਵਾਲੇ ਅਮਲ ਵਿੱਚ ਆਪਣਾ ਮਾਲ ਵਧਾਉਂਦੇ ਹਨ।[168]

ਜ਼ਕਾਤ ਵਾਧੇ ਦਾ ਵਣਜ ਹੈ। ਕੁਰਆਨ ਜ਼ਕਾਤ ਦੇ ਪਿਛੋਕੜ ਤੋਂ ਜਾਣੂ ਕਰਵਾਉਂਦਾ ਹੈ :

> ਯਾਦ ਕਰੋ, ਇਸਰਾਈਲ ਦੀ ਸੰਤਾਨ ਤੋਂ ਅਸੀਂ ਪੱਕਾ ਪ੍ਰਣ ਲਿਆ ਸੀ ਕਿ ਅੱਲਾਹ ਤੋਂ ਛੁੱਟ ਕਿਸੇ ਦੀ ਬੰਦਗੀ ਨਾ ਕਰਨਾ, ਮਾਂ ਪਿਓ ਨਾਲ, ਸਾਕ-ਸਬੰਧੀਆਂ ਨਾਲ, ਯਤੀਮਾਂ ਤੇ ਮੁਥਾਜਾਂ ਨਾਲ ਸੁਹਣਾ ਵਿਵਹਾਰ ਕਰਨਾ, ਲੋਕਾਂ ਨੂੰ ਭਲੀ ਗੱਲ ਆਖਣਾ, ਨਮਾਜ਼ ਕਾਇਮ ਕਰਨਾ ਅਤੇ ਜ਼ਕਾਤ ਦੇਣਾ ਪਰ ਥੋੜ੍ਹੇ ਆਦਮੀਆਂ ਤੋਂ ਛੁੱਟ ਤੁਸੀਂ ਸਾਰੇ ਇਸ ਪ੍ਰਣ ਤੋਂ ਫਿਰ ਗਏ ਅਤੇ ਹੁਣ ਤੀਕ ਫਿਰੇ ਹੋਏ ਹੋ।[169]

ਪਵਿੱਤਰ ਕੁਰਆਨ ਪੁਰਾਣੇ ਪੈਗੰਬਰਾਂ ਦੀਆਂ ਸਾਖੀਆਂ ਰਾਹੀਂ ਦੱਸਦਾ ਹੈ ਕਿ ਜ਼ਕਾਤ ਬੰਦਗੀ ਦਾ ਅਟੁੱਟ ਅੰਗ ਹੈ। ਇਸ ਲਈ ਇਸਨੂੰ ਧਾਰਨ ਕਰਨਾ ਅਤਿ ਜ਼ਰੂਰੀ ਹੈ। ਕਾਨਾਫੂਸੀਆਂ ਨਾ ਕਰੋ ਪਰ ਹਾਂ ਜੇਕਰ ਉਸ ਵਿਚ ਅਸੀਂ ਕਿਸੇ ਨੂੰ ਜ਼ਕਾਤ ਦੇਣ ਲਈ ਪ੍ਰੇਰਦੇ ਹਾਂ ਤਾਂ ਅਜਿਹਾ ਕਰਨਾ ਵਾਜਬ ਹੈ:

> ਲੋਕਾਂ ਦੀਆਂ ਗੁਪਤ ਕਾਨਾਫੂਸੀਆਂ ਵਿੱਚ ਆਮ ਕਰਕੇ ਕੋਈ ਭਲਾਈ ਨਹੀਂ ਹੁੰਦੀ। ਹਾਂ ਜੇ ਕੋਈ ਗੁਪਤ ਰੂਪ ਵਿੱਚ ਪੁੰਨਦਾਨ ਲਈ ਕਿਸੇ ਨੂੰ ਪ੍ਰੇਰਨਾ ਦੇਵੇ ਜਾਂ ਕਿਸੇ ਨੇਕ ਕੰਮ ਲਈ ਜਾਂ ਲੋਕਾਂ ਦੇ ਮਸਲਿਆਂ ਨੂੰ ਸੁਆਰਨ ਲਈ ਕਿਸੇ ਨੂੰ ਕੁਝ ਆਖੇ ਤਾਂ ਇਹ ਬੇਸ਼ੱਕ ਭਲੀ ਗੱਲ ਹੈ ਅਤੇ ਜਿਹੜਾ ਕੋਈ ਅੱਲਾਹ ਦੀ ਰਜ਼ਾ ਲੱਭਣ ਲਈ ਅਜਿਹਾ ਕਰੇਗਾ ਉਹਨੂੰ ਅਸੀਂ ਵੱਡਾ ਇਨਾਮ ਦੇਵਾਂਗੇ।[170]

ਪਵਿੱਤਰ ਕੁਰਆਨ ਦੱਸਦਾ ਹੈ ਕਿ ਮਨੁੱਖ ਕੋਲ ਜੋ ਕੁਝ ਵੀ ਮਾਲ-ਦੌਲਤ ਹੈ, ਇਹ ਉਸਨੂੰ ਅੱਲਾਹ ਨੇ ਦਿੱਤੀ ਹੈ। ਬੰਦਗੀ ਕਰਨ ਵਾਲਾ ਦੌਲਤ ਨੂੰ ਆਪਣੀ ਨਾ ਸਮਝੇ। ਉਹ ਇਹ ਸਮਝੇ ਕਿ ਇਹ ਦੌਲਤ ਅੱਲਾਹ ਵੱਲੋਂ ਦਿੱਤੀ ਗਈ ਹੈ ਅਤੇ ਅੱਲਾਹ ਲਈ ਹੀ ਖਰਚ ਹੋਣੀ ਚਾਹੀਦੀ ਹੈ। ਬੰਦਗੀ ਦਾ ਇਹ ਪੱਖ ਸਮਾਜ ਨੂੰ ਆਰਥਿਕ ਤੌਰ ਤੇ ਬਰਾਬਰ ਕਰਦਾ ਹੈ। ਅਸੀਂ ਮੂੰਹ ਤੋਂ ਜਿੰਨਾ ਮਰਜ਼ੀ ਕਹੀ ਜਾਈਏ ਕਿ ਸਮਾਜ ਬਰਾਬਰ ਹੋਣਾ ਚਾਹੀਦਾ ਹੈ ਪਰ ਜੇ ਅਮਲੀ ਤੌਰ 'ਤੇ ਅਸੀਂ ਕੁਝ ਨਾ ਕਰੀਏ ਤਾਂ ਅਜਿਹੀ ਗੱਲ ਅੱਲਾਹ ਨੂੰ ਨਹੀਂ ਭਾਉਂਦੀ ਕਿਉਂਕਿ ਇਕ ਦਿਨ ਮਾਲ-ਅਸਬਾਬ, ਦੋਸਤੀਆਂ, ਸਾਡੇ ਰਸੂਖ ਕਿਸੇ ਕੰਮ ਨਹੀਂ ਆਉਣਗੇ ਪਰ ਦੌਲਤ ਨਾਲ ਕੀਤੀ ਕਿਸੇ ਲੋੜਵੰਦ ਦੀ ਮਦਦ ਹਮੇਸ਼ਾ ਨਾਲ ਰਹੇਗੀ:

> ਹੇ ਈਮਾਨ ਲਿਆਉਣ ਵਾਲਿਓ! ਜੋ ਕੁੱਝ ਮਾਲ-ਮਤਾ ਅਸਾਂ ਤੁਹਾਨੂੰ ਦਿੱਤਾ ਹੈ, ਉਸ ਵਿੱਚੋਂ ਖਰਚ ਕਰੋ, ਇਸ ਤੋਂ ਪਹਿਲਾਂ ਕਿ ਉਹ ਦਿਨ ਆਵੇ ਜਿਸ ਦਿਨ ਨਾ ਵੇਚ-ਖਰੀਦ ਹੋ ਸਕੇਗੀ, ਨਾ ਦੋਸਤੀ ਕੰਮ ਆਵੇਗੀ ਤੇ ਨਾ ਹੀ ਸਿਫ਼ਾਰਸ਼ ਚੱਲੇਗੀ ਅਤੇ ਜ਼ਾਲਮ ਅਸਲ ਵਿੱਚ ਉਹੋ ਹੀ ਹਨ ਜਿਹੜੇ 'ਕੁਫ਼ਰ' ਦਾ ਵਤੀਰਾ ਅਪਣਾਉਂਦੇ ਹਨ।[171]

ਕੁਰਆਨ ਅਨੁਸਾਰ ਈਮਾਨ ਦੇ ਰਾਹ ਤੁਰਨ ਵਾਲੇ ਬਖਸ਼ਿਸ਼ਾਂ ਦੇ ਮਾਲਕ ਹਨ :

> ਨਿਰਸੰਦੇਹ ਜਿਹੜੀਆਂ ਬੀਬੀਆਂ ਤੇ ਜਿਹੜੇ ਪੁਰਸ਼ ਮੁਸਲਮਾਨ ਹਨ, ਈਮਾਨ ਵਾਲੇ ਹਨ, ਆਗਿਆਕਾਰ ਹਨ, ਸਚਿਆਰ ਹਨ, ਧੀਰਜਵਾਨ, ਅੱਲਾਹ ਦੇ ਅੱਗੇ ਝੁਕਣ ਵਾਲੇ ਹਨ, ਸਦਕਾ (ਪੁੰਨ-ਦਾਨ) ਕਰਨ ਵਾਲੇ

---

168 30:39
169 2:83
170 4:114
171 2:254

ਹਨ, ਰੋਜ਼ੇ ਰੱਖਣ ਵਾਲੇ ਹਨ, ਆਪਣੀਆਂ ਗੁਪਤ ਇੰਦਰੀਆਂ ਦੀ ਰਾਖੀ ਕਰਨ ਵਾਲੇ ਹਨ ਅਤੇ ਅੱਲਾਹ ਦਾ ਬਹੁਲਤਾ ਨਾਲ ਸਿਮਰਨ ਕਰਨ ਵਾਲੇ ਹਨ, ਅੱਲਾਹ ਨੇ ਉਹਨਾਂ ਵਾਸਤੇ ਬਖਸ਼ਿਸ਼ ਤੇ ਵੱਡਾ ਬਦਲਾ ਤਿਆਰ ਕਰ ਛੱਡਿਆ ਹੈ।[172]

ਜ਼ਕਾਤ ਦੇਣ ਦੇ ਮਾਮਲੇ ਵਿੱਚ ਮਰਦ ਅਤੇ ਔਰਤ ਬਰਾਬਰ ਹਨ। ਇਸ ਵਿਚ ਨਬੀ ਦੀਆਂ ਪਤਨੀਆਂ ਤਕ ਨੂੰ ਕੋਈ ਛੋਟ ਨਹੀਂ ਹੈ। ਅਗਲੀਆਂ ਆਇਤਾਂ ਹ. ਮੁਹੰਮਦ (ਸ) ਦੀਆਂ ਪਤਨੀਆਂ ਦੇ ਸਬੰਧ ਵਿੱਚ ਹਨ ਜੋ ਸਮਝੀ ਬੈਠੀਆਂ ਸਨ ਕਿ ਸ਼ਾਇਦ ਨਬੀ ਦੀਆਂ ਪਤਨੀਆਂ ਹੋਣ ਕਰਕੇ ਸਾਨੂੰ ਜ਼ਕਾਤ ਦੇਣ ਤੋਂ ਕੋਈ ਛੂਟ ਹੋਵੇਗੀ। ਕੁਰਆਨ ਦੱਸਦਾ ਹੈ ਕਿ ਨਮਾਜ਼ ਪੜ੍ਹਨ ਅਤੇ ਜ਼ਕਾਤ ਦੇਣ ਵਿਚ ਕੋਈ ਛੂਟ ਨਹੀਂ ਹੈ:

ਨਮਾਜ਼ ਕਾਇਮ ਕਰੋ, ਜ਼ਕਾਤ ਦਿਓ ਅਤੇ ਅੱਲਾਹ ਤੇ ਉਸਦੇ ਰਸੂਲ ਦੀ ਆਗਿਆ ਦਾ ਪਾਲਣ ਕਰੋ। ਅੱਲਾਹ ਤਾਂ ਇਹ ਚਾਹੁੰਦਾ ਹੈ ਕਿ ਤੁਹਾਥੋਂ ਨਬੀ ਦੇ ਘਰ ਵਾਲਿਆਂ ਤੋਂ ਗੰਦਗੀ ਦੂਰ ਕਰ ਦੇਵੇ ਅਤੇ ਤੁਹਾਨੂੰ ਪੂਰੀ ਤਰ੍ਹਾਂ ਪਾਕ ਕਰ ਦੇਵੇ। ਯਾਦ ਰੱਖੋ ਅੱਲਾਹ ਦੀਆਂ ਆਇਤਾਂ ਅਤੇ ਯੁਕਤੀ ਭਰਪੂਰ ਉਹ ਗੱਲਾਂ ਜਿਹੜੀਆਂ ਤੁਹਾਡੇ ਘਰਾਂ ਵਿੱਚ ਸੁਣਾਈਆਂ ਜਾਂਦੀਆਂ ਹਨ। ਬੇਸ਼ੱਕ ਅੱਲਾਹ ਸੂਖਮਦਰਸ਼ੀ ਤੇ ਖਬਰਦਾਰ ਹੈ।[173]

ਕੁਰਆਨ ਨੇ ਬਹੁਤ ਸਖ਼ਤ ਸਬਦਾਂ ਵਿੱਚ ਤਾੜਨਾ ਵੀ ਕੀਤੀ ਹੈ ਕਿ ਜੋ ਜ਼ਕਾਤ ਨਹੀਂ ਦਿੰਦਾ ਉਹ ਇਕ ਦਿਨ ਬਰਬਾਦ ਹੋਵੇਗਾ। ਜ਼ਕਾਤ ਬੰਦੇ ਉੱਤੇ ਵੱਡਾ ਫਰਜ਼ ਹੈ:

ਬਰਬਾਦੀ ਹੈ ਉਹਨਾਂ ਮੁਸ਼ਰਕਾਂ ਲਈ ਜਿਹੜੇ ਜ਼ਕਾਤ ਨਹੀਂ ਦਿੰਦੇ ਤੇ ਪਰਲੋਕ ਦਾ ਇਨਕਾਰ ਕਰਦੇ ਹਨ।[174]

ਕੁਰਆਨ ਵਿਚ ਉਨ੍ਹਾਂ ਲੋਕਾਂ ਦੇ ਬਿਆਨ ਵੀ ਅੰਕਿਤ ਹਨ ਜੋ ਜ਼ਕਾਤ ਤੋਂ ਇਹ ਕਹਿ ਕੇ ਟਾਲਾ ਵੱਟਦੇ ਹਨ ਕਿ ਅਸੀਂ ਕੌਣ ਹਾਂ ਕਿਸੇ ਨੂੰ ਕੁਝ ਦੇਣ ਵਾਲੇ, ਅੱਲਾਹ ਆਪੇ ਹੀ ਦੇਵੇਗਾ। ਇਹ ਗੱਲ ਆਪਣੇ ਆਪ ਵਿੱਚ ਖੁਦਾ ਦੀ ਨਾਫ਼ਰਮਾਨੀ ਹੈ। ਅੱਲਾਹ ਨੇ ਬੰਦਿਆਂ ਨੂੰ ਬੰਦਿਆਂ ਦਾ ਦੁਖ ਵੰਡਣ ਲਈ ਭੇਜਿਆ ਹੈ। ਉਨ੍ਹਾਂ ਉਪਰ ਹਕੂਮਤ ਚਲਾਉਣ ਲਈ ਨਹੀਂ ਭੇਜਿਆ:

ਜਦੋਂ ਇਹਨਾਂ ਨੂੰ ਆਖਿਆ ਜਾਂਦਾ ਹੈ ਕਿ ਅੱਲਾਹ ਨੇ ਜੋ ਰਿਜ਼ਕ ਤੁਹਾਨੂੰ ਬਖਸ਼ਿਆ ਹੈ ਉਸ ਵਿੱਚੋਂ ਕੁਝ ਉਸ ਦੇ ਰਾਹ ਵਿੱਚ ਵੀ ਖਰਚ ਕਰੋ ਤਾਂ ਇਹ ਲੋਕ ਜਿਨ੍ਹਾਂ ਇਨਕਾਰ ਕੀਤਾ ਹੈ ਈਮਾਨ ਲਿਆਉਣ ਵਾਲਿਆਂ ਨੂੰ ਉੱਤਰ ਦਿੰਦੇ ਹਨ, "ਕੀ ਅਸੀਂ ਉਹਨਾਂ ਨੂੰ ਖਵਾਈਏ ਜਿਹਨਾਂ ਨੂੰ ਜੇ ਅੱਲਾਹ ਚਾਹੁੰਦਾ ਤਾਂ ਅਪਾ ਖਵਾ ਦਿੰਦਾ। ਤੁਸੀਂ ਤਾਂ ਉੱਕਾ ਹੀ ਕੁਰਾਹੇ ਜਾ ਪਏ ਹੋ।[175]

ਕੁਝ ਲੋਕ ਲੋਕਾਂ ਦੇ ਧਨ ਨੂੰ ਚਲਾਕੀਆਂ ਨਾਲ ਖਾਂਦੇ ਹਨ ਅਤੇ ਉਨ੍ਹਾਂ ਨੂੰ ਅੱਲਾਹ ਦੇ ਰਾਹ ਤੋਂ ਰੋਕਦੇ ਹਨ। ਉਨ੍ਹਾਂ ਨੂੰ ਭਿਆਨਕ ਸਜ਼ਾਵਾਂ ਮਿਲਣਗੀਆਂ :

ਹੇ ਈਮਾਨ ਲਿਆਉਣ ਵਾਲਿਓ! ਇਹਨਾਂ ਕਿਤਾਬ ਵਾਲਿਆਂ ਦੇ ਬਹੁਤੇ ਧਰਮ-ਗਿਆਨੀਆਂ ਤੇ ਸੰਸਾਰ ਤਿਆਗੀ ਸਾਧਾਂ, ਸੰਤਾਂ ਦਾ ਹਾਲ ਇਹ ਹੈ ਕਿ ਉਹ ਲੋਕਾਂ ਦੇ ਮਾਲ ਅਯੋਗ ਢੰਗਾਂ ਨਾਲ ਖਾਂਦੇ ਹਨ ਤੇ ਉਹਨਾਂ ਨੂੰ ਅੱਲਾਹ ਦੇ ਰਾਹੋਂ ਵਰਜਦੇ ਹਨ। ਦੁਖਦਾਈ ਸਜ਼ਾ ਦੀ ਖੁਸ਼ਖਬਰੀ ਦਿਓ ਉਹਨਾਂ ਨੂੰ ਜਿਹੜੇ ਸੋਨਾ ਚਾਂਦੀ ਜੋੜ ਕੇ ਰੱਖਦੇ ਹਨ ਤੇ ਉਸਨੂੰ ਅੱਲਾਹ ਦੇ ਰਾਹ ਵਿਚ ਖਰਚ ਨਹੀਂ ਕਰਦੇ। ਇੱਕ ਦਿਨ ਆਵੇਗਾ ਕਿ ਇਸੇ ਸੋਨੇ-ਚਾਂਦੀ 'ਤੇ ਨਰਕ ਦੀ ਅੱਗ ਭੜਕਾਈ ਜਾਵੇਗੀ ਅਤੇ ਫੇਰ ਇਸੇ ਨਾਲ ਉਹਨਾਂ ਦੇ ਮੱਥਿਆਂ

[172] 33:35
[173] 33:34
[174] 41:7
[175] 36:47

> ਵੱਖੀਆਂ ਤੇ ਪਿੱਠਾਂ ਨੂੰ ਦਾਗਿਆਂ ਜਾਵੇਗਾ- ਇਹ ਹੈ ਕਿ ਉਹ ਖਜ਼ਾਨਾ ਜਿਹੜਾ ਤੁਸਾਂ ਆਪਣੇ ਲਈ ਜੋੜਿਆ ਸੀ, ਲਓ ਹੁਣ ਆਪਣੇ ਜੋੜੇ ਹੋਏ ਧਨ ਦਾ ਸਵਾਦ ਵੇਖੋ।[176]

ਕੁਰਆਨ ਦੱਸਦਾ ਹੈ ਕਿ ਮਾੜਾ ਮਾਲ ਜ਼ਕਾਤ ਲਈ ਨਾ ਦਿਓ ਅਤੇ ਚੰਗਾ ਮਾਲ ਖੁਦ ਨਾ ਰੱਖੋ। ਅਸੀਂ ਉਹ ਮਾਲ ਜਾਂ ਵਸਤੂ ਹੀ ਦੇਈਏ ਜਿਸਦੀ ਆਸ ਸਾਨੂੰ ਵੀ ਹੋਵੇ ਕਿਉਂਕਿ ਇਹ ਖਰਚ ਅੱਲਾਹ ਲਈ ਹੈ:

> ਹੇ ਈਮਾਨ ਲਿਆਉਣ ਵਾਲਿਓ! ਜੋ ਮਾਲ ਤੁਸਾਂ ਕਮਾਏ ਹਨ ਅਤੇ ਜੋ ਕੁਝ ਅਸਾਂ ਧਰਤੀ ਚੋਂ ਤੁਹਾਡੇ ਲਈ ਕੱਢਿਆ ਹੈ, ਉਸ ਵਿਚੋਂ ਵਧੀਆ ਹਿੱਸਾ ਰੱਬ ਦੇ ਰਾਹ ਵਿੱਚ ਖਰਚ ਕਰੋ। ਇਉਂ ਨਾ ਹੋਵੇ ਕਿ ਉਸਦੇ ਰਸਤੇ ਵਿਚ ਦੇਣ ਲਈ ਮਾੜੀ ਤੋਂ ਮਾੜੀ ਚੀਜ਼ ਛਾਂਟਣ ਦੇ ਯਤਨ ਕਰਨ ਲੱਗੋ, ਜਦੋਂ ਕਿ ਉਹੀ ਚੀਜ਼ ਜੇ ਕੋਈ ਤੁਹਾਨੂੰ ਦੇਵੇ ਤਾਂ ਤੁਸੀਂ ਕਦੇ ਵੀ ਉਸਨੂੰ ਲੈਣਾ ਪਸੰਦ ਨਾ ਕਰੋਗੇ ਛੁੱਟ ਇਸ ਤੋਂ ਕਿ ਉਸਨੂੰ ਕਬੂਲਣ ਵਿਚ ਤੁਸੀਂ ਦੇਖੀ-ਅਣਦੇਖੀ ਕਰ ਜਾਓ। ਤੁਹਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਅੱਲਾਹ ਬੇਪਰਵਾਹ ਹੈ ਅਤੇ ਸੁਹਣੀਆਂ ਸਿਫ਼ਤਾਂ ਵਾਲਾ ਹੈ।[177]

ਪਵਿੱਤਰ ਕੁਰਆਨ ਦੱਸਦਾ ਹੈ ਕਿ ਬੰਦਗੀ ਕਰਨ ਵਾਲੇ ਦਾ ਵਿਹਾਰਕ ਜੀਵਨ ਕਿਵੇਂ ਦਾ ਹੈ:

> ਨੇਕੀ ਇਹ ਨਹੀਂ ਕਿ ਤੁਸਾਂ ਆਪਣੇ ਮੂੰਹ ਚੜ੍ਹਦੇ ਵੱਲ ਕਰ ਲਏ ਜਾਂ ਲਹਿੰਦੇ ਵੱਲ, ਸਗੋਂ ਨੇਕੀ ਇਹ ਹੈ ਕਿ ਆਦਮੀ ਅੱਲਾਹ ਨੂੰ ਆਖ਼ਰਤ ਦੇ ਦਿਨ ਨੂੰ, ਫ਼ਰਿਸ਼ਤਿਆਂ ਨੂੰ, ਉਸ ਦੀ ਉਤਾਰੀ ਹੋਈ ਕਿਤਾਬ ਨੂੰ ਅਤੇ ਉਸਦੇ ਪੈਗੰਬਰਾਂ ਨੂੰ ਦਿਲੋਂ ਮੰਨੇ ਅਤੇ ਅੱਲਾਹ ਦੀ ਮੁਹੱਬਤ ਵਿਚ ਆਪਣਾ ਮਨਭਾਉਂਦਾ ਮਾਲ ਰਿਸ਼ਤੇਦਾਰਾਂ ਅਤੇ ਯਤੀਮਾਂ ਉੱਤੇ, ਮੁਥਾਜਾਂ ਤੇ ਮੁਸਾਫਰਾਂ ਉੱਤੇ, ਸਹਾਇਤਾ ਲਈ ਹੱਥ ਅੱਡਣ ਵਾਲਿਆਂ ਅਤੇ ਗੁਲਾਮਾਂ ਦੀ ਰਿਹਾਈ ਉੱਤੇ ਖਰਚ ਕਰੇ, ਨਮਾਜ਼ ਕਾਇਮ ਕਰੇ ਤੇ ਜ਼ਕਾਤ ਦੇਵੇ ਅਤੇ ਭਲੇ ਮਾਣਸ ਤਾਂ ਉਹ ਹਨ ਕਿ ਜਦੋਂ ਪ੍ਰਣ ਕਰਨ ਤਾਂ ਉਸ ਨੂੰ ਪੂਰਾ ਕਰਨ, ਕਰੜਾਈ ਤੇ ਕਸ਼ਟ ਸਮੇਂ ਅਤੇ ਸਚਾਈ ਤੇ ਕੂੜ ਦੀ ਜੰਗ ਵਿਚ ਸਬਰ ਤੋਂ ਕੰਮ ਲੈਣ। ਇਹ ਹਨ ਸਚਿਆਰ ਅਤੇ ਇਹੋ ਲੋਕ ਰੱਬ ਦਾ ਡਰ ਭਓ ਮੰਨਣ ਵਾਲੇ ਹਨ।[178]

ਪਵਿੱਤਰ ਕੁਰਆਨ ਨੇ ਜ਼ਕਾਤ ਨੂੰ ਸਮਾਜ ਵਿਚ ਬਰਾਬਰਤਾ ਲਿਆਉਣ ਲਈ ਸ਼ੁਰੂ ਕੀਤਾ ਸੀ। ਇਸ ਦੇ ਨਾਲ ਦਾ ਮਿਲਦਾ-ਜੁਲਦਾ ਸ਼ਬਦ 'ਉਸਰ' ਹੈ। 'ਉਸਰ' ਜ਼ਕਾਤ ਦਾ ਹੀ ਇਹ ਅੰਗ ਹੈ। ਪਵਿੱਤਰ ਕੁਰਆਨ ਦੱਸਦਾ ਹੈ ਕਿ ਖਾਣ-ਪੀਣ ਦੀਆਂ ਚੀਜ਼ਾਂ ਵੀ ਵੰਡ ਲੈਣੀਆਂ ਚਾਹੀਦੀਆਂ ਹਨ:

> ਉਹ ਅੱਲਾਹ ਹੀ ਹੈ ਜਿਸਨੇ ਤਰ੍ਹਾਂ-ਤਰ੍ਹਾਂ ਦੇ ਬਾਗ ਬਗੀਚੇ ਛੱਪਰਾਂ ਉੱਤੇ ਚਾੜ੍ਹੇ ਹੋਏ ਅਤੇ ਬਿਨਾਂ ਛੱਪਰਾਂ ਦੇ ਚਾੜ੍ਹੇ ਪੈਦਾ ਕੀਤੇ, ਖਜ਼ੂਰਾਂ ਦੇ ਬਾਗ ਅਤੇ ਪੈਲੀਆਂ ਉਗਾਈਆਂ ਜਿਹਨਾਂ ਤੋਂ ਭਾਂਤ-ਭਾਂਤ ਦੇ ਖਾਧ ਪਦਾਰਥ ਪ੍ਰਾਪਤ ਹੁੰਦੇ ਹਨ, ਜੈਤੂਨ ਤੇ ਅਨਾਰ ਦੇ ਦਰਖਤ ਪੈਦਾ ਕੀਤੇ ਜਿਹਨਾਂ ਦੇ ਫਲ ਰੰਗ-ਰੂਪ ਵਿਚ ਰਲਦੇ-ਮਿਲਦੇ ਤੇ ਸੁਆਦ ਵਿੱਚ ਵੱਖੋ-ਵੱਖਰੇ ਹੁੰਦੇ ਹਨ। ਖਾਓ ਇਹਨਾਂ ਦੀ ਉਪਜ ਜਦੋਂ ਕਿ ਇਹਨਾਂ ਤੋਂ ਫਲ ਉਤਰਨ ਅਤੇ ਅੱਲਾਹ ਦਾ ਹੱਕ ਅਦਾ ਕਰੋ ਜਦੋਂ ਇਹਨਾਂ ਦੀ ਵਾਢੀ ਕਰੋ। ਹੱਦੋਂ ਨਾ ਟੱਪੋ ਕਿ ਅੱਲਾਹ ਹੱਦੋਂ ਟੱਪਣ ਵਾਲਿਆਂ ਨੂੰ ਪਸੰਦ ਨਹੀਂ ਕਰਦਾ।[179]

ਪਵਿੱਤਰ ਕੁਰਆਨ ਅੱਲਾਹ ਦੇ ਰਾਹ ਵਿਚ ਮਾਲ ਖ਼ਰਚ ਕਰਨ ਵਾਲਿਆਂ ਦੀ ਉਦਾਹਰਣ ਵੀ ਦਿੰਦਾ ਹੈ:

> ਜਿਹੜੇ ਲੋਕ ਆਪਣੇ ਮਾਲ ਅੱਲਾਹ ਦੇ ਰਾਹ ਵਿਚ ਖਰਚ ਕਰਦੇ ਹਨ, ਉਨ੍ਹਾਂ ਦੇ ਖਰਚ ਦੀ ਉਦਾਹਰਣ ਅਜਿਹੀ ਹੈ ਜਿਵੇਂ ਇਕ ਦਾਣਾ ਬੀਜਿਆ ਜਾਵੇ ਅਤੇ ਉਸ ਚੋਂ ਸੱਤ ਸਿੱਟੇ ਨਿਕਲਣ ਤੇ ਹਰੇਕ ਸਿੱਟੇ ਵਿਚ ਸੌ-ਸੌ ਦਾਣੇ ਹੋਣ। ਇਸ ਤਰ੍ਹਾਂ ਅੱਲਾਹ ਜਿਸ ਦੇ ਅਮਲ ਨੂੰ ਚਾਹੁੰਦਾ ਹੈ ਵਧਾ ਦਿੰਦਾ ਹੈ। ਉਹ ਵੱਡੀ ਗੁੰਜਾਇਸ਼ ਵਾਲਾ ਤੇ ਜਾਣਨਹਾਰ ਹੈ।[180]

ਅਤੇ

[176] 9:34-35
[177] 2:267
[178] 2:177
[179] 6:141
[180] 2:261

ਇਸਦੇ ਉਲਟ ਜਿਹੜੇ ਲੋਕ ਆਪਣੇ ਮਾਲ ਕੇਵਲ ਰੱਬ ਦੀ ਰਜ਼ਾ ਲਈ ਮਨ ਦੀ ਤਸੱਲੀ ਨਾਲ ਖਰਚ ਕਰਦੇ ਹਨ, ਉਨ੍ਹਾਂ ਦੇ ਖਰਚ ਦੀ ਉਦਾਹਰਣ ਇੰਜ ਹੈ ਜਿਵੇਂ ਕਿਸੇ ਪਠਾਰ ਉੱਤੇ ਇਕ ਬਾਗ ਹੋਵੇ। ਜੇ ਮੋਹਲੇਧਾਰ ਮੀਂਹ ਵਰ੍ਹੇ ਤਾਂ ਦੂਣਾ ਫਲ ਦੇਵੇ ਅਤੇ ਜੇ ਜ਼ੋਰਾਂ ਦੀ ਵਰਖਾ ਨਾ ਵੀ ਹੋਵੇ ਤਾਂ ਇੱਕ ਹਲਕੀ ਜਿਹੀ ਫੁਹਾਰ ਹੀ ਉਸ ਲਈ ਬਥੇਰੀ ਹੋ ਜਾਵੇ। ਤੁਸੀਂ ਜੋ ਕੁਝ ਵੀ ਕਰਦੇ ਹੋ, ਸਭ ਅੱਲਾਹ ਦੀ ਨਜ਼ਰ ਵਿਚ ਹੈ।[181]

ਪਵਿੱਤਰ ਕੁਰਆਨ ਵਿਚ ਸਾਖੀਆਂ ਵੀ ਹਨ ਜੋ ਸਿਧ ਕਰਦੀਆਂ ਹਨ ਕਿ ਸਾਡੀ ਕਮਾਈ ਉਪਰ ਲੋੜਵੰਦਾਂ ਦਾ ਹੱਕ ਹੈ। ਇੱਕ ਬਾਗ ਦੇ ਮਾਲਕ ਦੋ ਭਰਾ ਰਾਤ ਨੂੰ ਇਹ ਮਤਾ ਪਕਾ ਕੇ ਸੌਂ ਗਏ ਕਿ ਕੱਲ੍ਹ ਨੂੰ ਅਸੀਂ ਬਾਗ ਦੇ ਫਲ ਤੋੜਾਂਗੇ ਅਤੇ ਕਿਸੇ ਵੀ ਮੁਹਤਾਜ ਨੂੰ ਉਸ ਬਾਗ ਵਿੱਚ ਦਾਖਲ ਨਹੀਂ ਹੋਣ ਦਿਆਂਗੇ। ਰੱਬ ਵੱਲੋਂ ਰਾਤ ਨੂੰ ਹੀ ਉਸ ਬਾਗ ਦਾ ਇਹ ਹਾਲ ਕਰ ਦਿੱਤਾ ਗਿਆ ਜਿਵੇਂ ਵਾਢੀ ਹੋਈ ਹੋਵੇ। ਉਹ ਸਵੇਰੇ ਉੱਠੇ ਅਤੇ ਬਾਗ ਨੂੰ ਦੇਖਕੇ ਕਹਿੰਦੇ ਹਨ ਕਿ ਕਿਤੇ ਅਸੀਂ ਕਿਸੇ ਹੋਰ ਬਾਗ ਵਿੱਚ ਤਾਂ ਨਹੀਂ ਆ ਗਏ। ਅਖੀਰ ਉਨ੍ਹਾਂ ਨੇ ਰੱਬ ਤੋਂ ਮੁਆਫੀ ਮੰਗੀ।[182] ਜ਼ਕਾਤ ਦਾ ਬਦਲਾ ਰੱਬ ਵੱਲੋਂ ਹੈ। ਬੰਦਾ ਬੰਦਿਆਂ ਨੂੰ ਜ਼ਕਾਤ ਦਿੰਦਾ ਹੈ ਅਤੇ ਉਸਦਾ ਬਦਲਾ ਅੱਲਾਹ ਵੱਲੋਂ ਦਿੱਤਾ ਜਾਂਦਾ ਹੈ। ਇਸ ਲਈ ਇਸਨੂੰ ਕਰਜ਼ਾ ਵੀ ਕਿਹਾ ਗਿਆ ਹੈ। ਬੰਦਾ ਜ਼ਕਾਤ ਲੋਕਾਂ ਨੂੰ ਖੁਸ਼ ਕਰਨ ਲਈ ਨਹੀਂ ਸਗੋਂ ਅੱਲਾਹ ਨੂੰ ਖੁਸ਼ ਕਰਨ ਨੂੰ ਦਿੰਦਾ ਹੈ। ਇਸਨੂੰ ਅੱਲਾਹ ਨੂੰ ਕਰਜ਼ਾ ਦੇਣਾ ਕਹਿੰਦੇ ਹਨ ਅਤੇ ਅੱਲਾਹ ਕਰਜ਼ਾ ਮੋੜਦਾ ਹੈ:

ਜੇ ਤੁਸੀਂ ਅੱਲਾਹ ਨੂੰ ਸੋਹਣਾ ਕਰਜ਼ਾ ਦਿਓ ਤਾਂ ਉਹ ਤੁਹਾਨੂੰ ਕਈ ਗੁਣਾਂ ਵਧਾ ਕੇ ਦੇਵੇਗਾ ਅੰਤ ਤੁਹਾਡੀਆਂ ਭੁੱਲਾਂ ਬਖਸ ਦੇਵੇਗਾ। ਅੱਲਾਹ ਵੱਡਾ ਕਦਰਦਾਨ ਤੇ ਨਰਮ ਸੁਭਾ ਵਾਲਾ ਹੈ। ਉਹ ਗੁਪਤ ਤੇ ਪ੍ਰਗਟ ਹਰੇਕ ਚੀਜ਼ ਦਾ ਜਾਣਨਹਾਰ ਹੈ ਅਤੇ ਵੱਡਾ ਜ਼ੋਰਾਵਰ ਤੇ ਯੁਕਤੀਮਾਨ ਹੈ।[183]

ਤੁਹਾਡੇ ਚੋਂ ਕੌਣ ਹੈ ਜਿਹੜਾ ਅੱਲਾਹ ਨੂੰ ਸੁਹਣਾ ਕਰਜ਼ਾ ਦੇਵੇ ਤਾਂ ਜੋ ਅੱਲਾਹ ਉਸ ਨੂੰ ਕਈ ਗੁਣਾਂ ਵਧਾ ਕੇ ਮੋੜੇ? ਘਟਾਉਣਾ ਵੀ ਅੱਲਾਹ ਦੇ ਵੱਸ ਵਿੱਚ ਹੀ ਹੈ ਤੇ ਵਧਾਉਣਾ ਵੀ ਅਤੇ ਉਸੇ ਵੱਲ ਤੁਸਾਂ ਪਰਤ ਕੇ ਜਾਣਾ ਹੈ।[184]

ਇਸਦਾ ਖੁਲਾਸਾ ਕਰਦਿਆਂ ਅਬੁਲ ਆਲਾ ਮੌਦੂਦੀ ਲਿਖਦੇ ਹਨ:

'ਸੁਹਣੇ ਕਰਜ਼ੇ ਤੋਂ ਭਾਵ ਨਿਰੋਲ ਨੇਕੀ ਦੀ ਭਾਵਨਾ ਨਾਲ ਨਿਰਸੁਆਰਥ ਰਹਿੰਦਿਆਂ ਅੱਲਾਹ ਦੇ ਰਾਹ ਵਿਚ ਮਾਲ ਖਰਚ ਕਰਨਾ ਹੈ। ਉਸ ਨੂੰ ਅੱਲਾਹ ਤਾਅਲਾ ਆਪਣੇ ਸਿਰ ਉਧਾਰ ਦੱਸਦਾ ਹੈ ਅਤੇ ਵਾਅਦਾ ਕਰਦਾ ਹੈ ਕਿ ਮੈਂ ਨਾ ਕੇਵਲ ਮੂਲ ਅਦਾ ਕਰਾਂਗਾ ਸਗੋਂ ਇਸ ਤੋਂ ਕਈ ਗੁਣਾਂ ਵੱਧ ਦੇਵਾਂਗਾ।[185]

ਜੋ ਵਿਅਕਤੀ ਲੋੜਵੰਦਾਂ ਦੀ ਮਦਦ ਨਹੀਂ ਕਰਦੇ ਉਹ ਆਖ਼ਰਤ ਵਾਲੇ ਦਿਨ ਪਛਤਾਉਣਗੇ ਅਤੇ ਅਹਿਸਾਸ ਕਰਨਗੇ ਕਿ ਉਨ੍ਹਾਂ ਨੇ ਕਿੰਨੀ ਭਾਰੀ ਗਲਤੀ ਕੀਤੀ ਸੀ। ਉਨਾਂ ਦਾ ਹਾਲ ਕੁਰਆਨ ਵਿਚ ਇਸ ਪ੍ਰਕਾਰ ਅੰਕਿਤ ਹੈ :

ਜਿਸਦਾ ਕਰਮ ਪੱਤਰ ਉਸਦੇ ਖੱਬੇ ਹੱਥ ਵਿਚ ਦਿੱਤਾ ਜਾਵੇਗਾ ਉਹ ਆਖੇਗਾ ਕਿੰਨਾ ਚੰਗਾ ਹੁੰਦਾ ਕਿ ਮੇਰਾ ਕਰਮ ਪੱਤਰ ਮੈਨੂੰ ਨਾ ਦਿੱਤਾ ਗਿਆ ਹੁੰਦਾ ਅਤੇ ਮੈਂ ਨਾ ਜਾਣਦਾ ਕਿ ਮੇਰਾ ਲੇਖਾ ਕੀ ਹੈ। ਕਾਸ਼! ਮੇਰੀ ਉਹੀਓ ਮੌਤ (ਜਿਹੜੀ ਦੁਨੀਆ ਵਿਚ ਆਈ ਸੀ) ਝਗੜਾ ਮੁਕਾ ਦੇਣ ਵਾਲੀ ਹੋ ਨਿਬੜਦੀ। ਅੱਜ ਮੇਰਾ ਧਨ ਮੇਰੇ ਕੁਝ ਕੰਮ ਨਾ ਆਇਆ। ਮੇਰੀ ਸਾਰੀ ਸੱਤਾ ਸਮਾਪਤ ਹੋ ਗਈ। (ਹੁਕਮ ਹੋਵੇਗਾ) ਫੜ ਲਓ ਇਸਨੂੰ ਤੇ ਇਸ ਦੀ ਗਰਦਨ ਵਿਚ ਸੰਗਲ ਪਾ ਦਿਓ, ਫੇਰ ਇਸ ਨੂੰ ਨਰਕ ਵਿਚ ਝੋਕ ਦਿਓ ਤੇ ਇਸਨੂੰ ਸੱਤਰ ਹੱਥ ਲੰਮੀ ਜ਼ੰਜੀਰ ਵਿਚ ਜਕੜ ਦਿਓ। ਇਹ ਨਾ ਅੱਲਾਹ-ਮਹਾਨ ਤੇ ਸਰਵਉੱਚ ਉੱਤੇ ਈਮਾਨ ਲਿਆਉਂਦਾ ਸੀ

---

[181] 2:265

[182] ਦੇਖੋ ਸੂਰਤ 68:17-33.

[183] 64:16-18

[184] 2:245

[185] *ਕੁਰਆਨ ਮਜੀਦ*, ਫੁੱਟ ਨੋਟ ਨੰ. 86, ਪੰਨਾ-74.

ਅਤੇ ਹੀ ਮੁਥਾਜ ਨੂੰ ਖਾਣਾ ਖੁਆਉਣ ਦੀ ਪ੍ਰੇਰਨਾ ਦਿੰਦਾ ਸੀ। ਸੋ ਅੱਜ ਨਾ ਇਥੇ ਇਹਦਾ ਕੋਈ ਦਰਦੀ ਹੈ ਤੇ ਨਾ ਜ਼ਖਮਾਂ ਦੇ ਧੋਣ ਤੋਂ ਛੁੱਟ ਇਸਦੇ ਲਈ ਕੋਈ ਭੋਜਨ ਹੈ ਜਿਸਨੂੰ ਅਪਰਾਧੀਆਂ ਤੋਂ ਛੁੱਟ ਹੋਰ ਕੋਈ ਨਹੀਂ ਖਾਂਦਾ।[186]

ਉਹ ਬੰਦੇ ਹੀ ਪਰਵਾਨ ਹੋਣਗੇ ਜੋ ਰੱਬ ਦੀ ਖੁਸ਼ੀ ਲਈ ਜ਼ਕਾਤ ਦਿੰਦੇ ਹਨ। :

ਉਹ ਤਾਂ ਕੇਵਲ ਆਪਣੇ ਉਸ ਰੱਬ ਦੀ ਰਜ਼ਾਅ ਲਈ ਇਹ ਕੰਮ ਕਰਦਾ ਹੈ-ਜਿਹੜਾ ਸਭਨਾਂ ਤੋਂ ਉੱਚਾ ਹੈ ਅਤੇ ਜ਼ਰੂਰ ਉਹ (ਉਸ ਤੋਂ) ਖੁਸ਼ ਹੋਵੇਗਾ।[187]

ਪਵਿੱਤਰ ਕੁਰਆਨ ਵਿੱਚ ਅਜਿਹੇ ਮਨੁੱਖਾਂ ਦਾ ਵੀ ਜ਼ਿਕਰ ਹੈ ਜੋ ਰੱਬ ਤੋਂ ਧਨ ਮੰਗਦੇ ਸਨ ਪਰ ਜਦੋਂ ਧਨ ਦੀ ਪ੍ਰਾਪਤੀ ਹੋਈ ਤਾਂ ਮੂੰਹ ਫੇਰ ਲਿਆ ਅਤੇ ਕਿਸੇ ਦੀ ਮਦਦ ਨਾ ਕੀਤੀ :

ਉਹਨਾਂ ਵਿਚੋਂ ਕੁਝ ਅਜਿਹੇ ਵੀ ਹਨ ਜਿਹਨਾਂ ਨੇ ਅੱਲਾਹ ਨੂੰ ਬਚਨ ਦਿੱਤਾ ਸੀ ਕਿ ਜੇ ਉਸਨੇ ਆਪਣੇ ਫ਼ਜਲੋਂ ਸਾਨੂੰ ਨਿਵਾਜਿਆ ਤਾਂ ਅਸੀਂ ਪੁੰਨ-ਦਾਨ ਕਰਾਂਗੇ ਤੇ ਭਲੇ ਬਣ ਕੇ ਰਹਾਂਗੇ। ਪਰ ਜਦੋਂ ਅੱਲਾਹ ਨੇ ਆਪਣੀ ਕਿਰਪਾਲਤਾ ਨਾਲ ਉਹਨਾਂ ਨੂੰ ਧਨਵਾਨ ਬਣਾ ਦਿੱਤਾ ਤਾਂ ਉਹ ਸੂਮਪੁਣੇ ਤੇ ਉਤਰ ਆਏ ਤੇ ਆਪਣੇ ਬਚਨੋਂ ਅਜਿਹੇ ਫਿਰੇ ਕਿ ਉਹਨਾਂ ਨੂੰ ਇਸ ਦੀ ਪਰਵਾਹ ਤਕ ਨਹੀਂ ਹੈ।[188]

ਜੰਗ ਦੌਰਾਨ ਪ੍ਰਾਪਤ ਹੋਏ ਮਾਲ ਵਿਚੋਂ ਅੱਲਾਹ, ਯਤੀਮਾਂ ਅਤੇ ਲੋੜਵੰਦਾਂ ਲਈ ਜ਼ਰੂਰ ਕੱਢੋ:

ਤੁਸੀਂ ਜਾਣ ਲਓ ਕਿ ਜੋ ਕੁਝ ਗ਼ਨੀਮਤ (ਵੈਰੀ ਦਾ ਧਨ) ਦੇ ਰੂਪ ਵਿਚ ਤੁਸੀਂ ਪ੍ਰਾਪਤ ਕੀਤਾ ਹੈ। ਉਸਦਾ ਪੰਜਵਾਂ ਭਾਗ ਅੱਲਾਹ ਤੇ ਉਸਦੇ ਰਸੂਲ ਲਈ ਅਤੇ ਸਾਕ ਸਬੰਧੀਆਂ, ਯਤੀਮਾਂ, ਮੁਥਾਜਾਂ ਤੇ ਮੁਸਾਫਰਾਂ ਲਈ ਹੈ।[189]

## 5. ਹੱਜ

'ਹੱਜ' ਯਾਤਰਾ ਨੂੰ ਕਿਹਾ ਜਾਂਦਾ ਹੈ। ਇੱਕ ਮੁਲਸਮਾਨ ਲਈ 'ਹੱਜ' ਬਹੁਤ ਜ਼ਰੂਰੀ ਹੈ,"ਜ਼ੁਲਹਿੱਜਾ ਮਹੀਨੇ ਦੀਆਂ ਨਿਯਤ ਤਾਰੀਖਾਂ ਵਿਚ ਕਾਅਬੇ ਦੇ ਜੋ ਦਰਸ਼ਨ ਕੀਤੇ ਜਾਂਦੇ ਹਨ ਉਸਦਾ ਨਾਂ 'ਹੱਜ' ਹੈ ਅਤੇ ਇਨ੍ਹਾਂ ਤੋਂ ਛੁੱਟ ਦੂਜੇ ਕਿਸੇ ਸਮੇਂ ਜਿਹੜੀ ਜ਼ਿਆਰਤ ਕੀਤੀ ਜਾਵੇ, ਉਹ 'ਉਮਰਾ' ਹੈ।"[190] ਹਜ਼ਰਤ ਮੁਹੰਮਦ ਨੂੰ ਸੁਪਨਾ ਆਇਆ ਸੀ:

ਅਸਲ ਵਿੱਚ ਅੱਲਾਹ ਨੇ ਆਪਣੇ ਪੈਗੰਬਰ ਨੂੰ ਸੱਚਾ ਸੁਪਨਾ ਵਿਖਾਇਆ ਸੀ ਜਿਹੜਾ ਠੀਕ-ਠੀਕ ਸਚਾਈ ਅਨੁਸਾਰ ਸੀ। ਜੇ ਅੱਲਾਹ ਨੇ ਚਾਹਿਆ ਤਾਂ ਤੁਸੀਂ ਜ਼ਰੂਰ ਸਤਿਕਾਰਯੋਗ ਮਸੀਤ (ਕਾਅਬੇ) ਵਿੱਚ ਨਿਸ਼ਚਿੰਤਾਂ ਪੂਰਵਕ ਪ੍ਰਵੇਸ਼ ਕਰੋਗੇ। ਆਪਣੇ ਸਿਰ ਮੁਨਾਓਗੇ ਤੇ ਵਾਲ ਕਟਵਾਉਗੇ ਅਤੇ ਤੁਹਾਨੂੰ ਕੋਈ ਸਹਿਮ ਨਹੀਂ ਹੋਵੇਗਾ। ਉਹ ਉਸ ਗੱਲ ਤੋਂ ਜਾਣੂ ਸੀ ਜਿਸਨੂੰ ਤੁਸੀਂ ਨਹੀਂ ਜਾਣਦੇ ਸੀ। ਇਸ ਲਈ ਉਹ ਸੁਪਨਾ ਸਾਕਾਰ ਹੋਣ ਤੋਂ ਪਹਿਲਾਂ ਉਸਨੇ ਇਹ ਨੇੜੇ ਦੀ ਫ਼ਤਿਹ ਤੁਹਾਨੂੰ ਬਖ਼ਸ਼ਿਸ਼ ਕਰ ਦਿੱਤੀ।[191]

'ਹੱਜ' ਸਵੈ ਮੰਥਨ ਹੈ। ਅਕਸਰ ਹੀ ਅਸੀਂ ਬਹੁਤੀਆਂ ਗੱਲਾਂ ਰੀਸ ਵਿਚੋਂ ਸਿੱਖੀਆਂ ਹਨ। ਮਾਂ ਦੀ ਬੋਲੀ ਦੀ ਰੀਸ ਨੇ ਸਾਨੂੰ ਬੋਲਣਾ ਸਿਖਾਇਆ। ਧਰਮ ਚੰਗਿਆਂ ਦੀ ਰੀਸ ਕਰਨ ਦਾ ਉਪਦੇਸ਼ ਦਿੰਦਾ ਹੈ। ਹੱਜ ਹ. ਇਬਰਾਹੀਮ (ਅ.) ਅਤੇ ਬੀਬੀ ਹਾਜਰਾ ਦੀ ਰੀਸ ਹੈ। ਇਸਲਾਮ ਵਿੱਚ ਹ. ਇਬਰਾਹੀਮ (ਅ) ਦਾ

---

186 69:25-37.
187 92:20-21.
188 9:75-76.
189 8:41.
190 *ਕੁਰਆਨ ਮਜੀਦ*, ਫੁਟ ਨੋਟ ਨੰ. 50, ਪੰਨਾ-50.
191 48:27.

ਜ਼ਿਕਰ ਆਉਂਦਾ ਹੈ ਜਿੰਨ੍ਹਾਂ ਦੇ ਜੀਵਨ ਦੀ ਤਰਜ਼ ’ਤੇ ਹੀ ਹੱਜ ਕੀਤਾ ਜਾਂਦਾ ਹੈ। ਅੱਲਾਹ ਨੇ ਹ. ਇਬਰਾਹੀਮ (ਅ) ਦੀ ਕਰੜੀ ਪ੍ਰੀਖਿਆ ਲਈ ਅਤੇ ਉਨ੍ਹਾਂ ਨੂੰ ‘ਖਲੀਲ ਉਲਾਹ’ ਭਾਵ ਅੱਲਾਹ ਦਾ ਦੋਸਤ ਕਿਹਾ। ਉਹ ਨੇਕ ਸਨ ਅਤੇ ਹਰ ਮੁਸਲਮਾਨ ਇਸ ਅਭਿਆਸ ਰਾਹੀਂ ਅਹਿਸਾਸ ਕਰਦਾ ਹੈ ਅਤੇ ਨੇਕ ਬਣਨਾ ਚਾਹੁੰਦਾ ਹੈ। ਜਦੋਂ ਇਕ ਮੁਸਲਮਾਨ ਕੋਲ ਹੱਜ ਕਰਨ ਦੇ ਸਾਧਨ ਮੌਜੂਦ ਹੋ ਜਾਣ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਹੱਜ ਕਰੇ। ਜ਼ਿੰਦਗੀ ਵਿੱਚ ਇੱਕ ਵਾਰ ਹੱਜ ਕਰਨਾ ਲਾਜ਼ਮੀ ਹੈ।ਹੱਜ ਮੁਸਲਮਾਨ ਦੇ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਅੱਗੇ ਹੱਜ ਦੇ ਅੰਗ ਦੱਸੇ ਜਾ ਰਹੇ ਹਨ ਜੋ ਹ. ਇਬਰਾਹੀਮ (ਅ.) ਦੇ ਜੀਵਨ ਵਿੱਚ ਘਟੀਆਂ ਘਟਨਾਵਾਂ ਤੇ ਅਧਾਰਿਤ ਹਨ:

1. ਹ. ਇਬਰਾਹੀਮ (ਅ.) ਬਿਨ੍ਹਾਂ ਸੀਤੇ ਚਿੱਟੇ ਕੱਪੜਿਆਂ ਦਾ ਬਾਣਾ ਪਹਿਨਦੇ ਸਨ।ਹਾਜੀ ਉਨ੍ਹਾਂ ਦੀ ਨਕਲ ਤੇ ਅਹਿਰਾਮ ਪਹਿਨਦੇ ਹਨ।
2. ਹ. ਇਬਰਾਹੀਮ (ਅ) ਨੂੰ ਜਦੋਂ ਅੱਲਾਹ ਨੇ ਪੁੱਤਰ ਦੀ ਕੁਰਬਾਨੀ ਲਈ ਹੁਕਮ ਦਿੱਤਾ ਤਾਂ ਆਪ ਜਦੇ ਤਿਆਰ ਹੋ ਗਏ ਅਤੇ ਕਿਹਾ-ਅੱਲਾਹ ਹੱਮਾ ਲੱਬੇਕ, ਭਾਵ ਹੇ ਅੱਲਾਹ ਮੈਂ ਹਾਜ਼ਿਰ ਹਾਂ।
3. ਹ. ਇਬਰਾਹੀਮ ਜਦੋਂ ਪੁੱਤਰ ਦੀ ਕੁਰਬਾਨੀ ਕਰਨ ਨਿਕਲੇ ਤਾਂ ਸ਼ੈਤਾਨ ਨੇ ਆਪ ਨੂੰ ਬੱਚਿਆਂ ਦੀ ਮੁਹੱਬਤ ਯਾਦ ਕਰਵਾ ਕੇ ਰੋਕਣ ਦਾ ਯਤਨ ਕੀਤਾ। ਇਉਂ ਆਪ ਨੇ ਤਿੰਨ ਵਾਰ ਉਸ ਉਪਰ ਪੱਥਰ ਸੁੱਟ ਕੇ ਸ਼ੈਤਾਨ ਨੂੰ ਲਾਹਨਤ ਪਾਈ। ਹਾਜੀ ਵੀ ਸ਼ੈਤਾਨ ਦੇ ਪੱਥਰ ਮਾਰਦੇ ਹਨ।
4. ਹ. ਇਬਰਾਹੀਮ (ਅ.) ਨੇ ਪੁੱਤਰ ਦੀ ਕੁਰਬਾਨੀ ਤੋਂ ਪਹਿਲਾਂ ਅੱਲਾਹ ਦੇ ਘਰ ਦੇ ਸੱਤ ਚੱਕਰ ਲਾਏ। ਹਾਜੀ ਵੀ ਇਸ ਤਰਜ਼ ‘ਤੇ ਪਰਕਰਮਾ ਕਰਦੇ ਹਨ।
5. ਜਦੋਂ ਹ. ਇਬਰਾਹੀਮ (ਅ) ਪੁੱਤਰ ਦੀ ਗਰਦਨ ਤੇ ਛੁਰੀ ਫੇਰਨ ਲੱਗੇ ਤਾਂ ਅੱਲਾਹ ਨੇ ਆਪਣੀ ਰਹਿਮਤ ਨਾਲ ਉਸਨੂੰ ਹਟਾ ਕੇ ਦੁੰਬਾ ਰੱਖ ਦਿੱਤਾ। ਇਉਂ ਹਾਜੀ ਵੀ ਜਾਨਵਰ ਦੀ ਕੁਰਬਾਨੀ ਦਿੰਦੇ ਹਨ।
6. ਉਸ ਵਕਤ ਦੀ ਪਰੰਪਰਾ ਅਨੁਸਾਰ ਕਿਸੇ ਦਾ ਦਾਸ ਬਣਨ ਲਈ ਵਾਲ ਕਟਵਾਉਣੇ ਪੈਂਦੇ ਸਨ। ਆਪ ਇਬਰਾਹੀਮ (ਅ.) ਨੇ ਵਾਲ ਕਟਵਾਏ ਅਤੇ ਖੁਦਾ ਦੇ ਗੁਲਾਮ ਬਣੇ। ਹਾਜੀ ਵੀ ਵਾਲ ਕਟਵਾਉਂਦੇ ਹਨ।
7. ਅਰਾਫ਼ਾਤ ਅਤੇ ਮੁਜਦਲਿਫਾ ਦੇ ਮੈਦਾਨਾਂ ਵਿੱਚ ਹ. ਇਬਰਾਹੀਮ (ਅ) ਨੇ ਅੱਲਾਹ ਤੋਂ ਤੌਬਾ ਕੀਤੀ ਅਤੇ ਅੱਲਾਹ ਦੇ ਹੁਕਮ ਅਨੁਸਾਰ ਚੱਲਣ ਦਾ ਪ੍ਰਣ ਲਿਆ। ਹਾਜੀ ਵੀ ਇਸ ਤਰ੍ਹਾਂ ਹੀ ਕਰਦੇ ਹਨ।
8. ਬੀਬੀ ਹਾਜਰਾ ਅਤੇ ਇਸਮਾਈਲ ਨੂੰ ਜਦੋਂ ਹ. ਇਬਰਾਹੀਮ (ਅ.) ਰੇਗਿਸਤਾਨ ਵਿੱਚ ਛੱਡ ਗਏ ਤਾਂ ਖਜੂਰਾਂ ਅਤੇ ਪਾਣੀ ਖਤਮ ਹੋ ਗਿਆ। ਬੀਬੀ ਹਾਜਰਾ ਨੇ ਪਾਣੀ ਦੀ ਭਾਲ ਵਿੱਚ ਸਫ਼ਾ ਅਤੇ ਮਰਵਾ ਦੀਆਂ ਪਹਾੜੀਆਂ ਉਪਰ ਸੱਤ ਚੱਕਰ ਲਾਏ। ਬੀਬੀ ਹਾਜਰਾ ਦੇ ਅਜਿਹਾ ਕਰਨ ਕਰਕੇ ਹਾਜੀ ਵੀ ਇਨ੍ਹਾਂ ਪਹਾੜੀਆਂ ਦੇ ਚੱਕਰ ਲਾਉਂਦੇ ਹਨ।[192]

ਮਹਿਮੂਦ ਹਸਨ ਹੱਜ ਦੇ ਬਾਹਰੀ ਰੂਪ ਦੀ ਮਹੱਤਤਾ ਬਾਰੇ ਲਿਖਦੇ ਹਨ:

> ਹੱਜ ਬਹੁਤ ਹੀ ਵਧੀਆ ਅੰਤਰਰਾਸ਼ਟਰੀ ਧਾਰਮਿਕ ਇਕੱਠ ਹੈ ਜਿਸ ਨਾਲ ਵਿਚਾਰਾਂ ਦਾ ਆਦਾਨ ਪ੍ਰਦਾਨ ਹੁੰਦਾ ਹੈ। ਇਹ ਲੋਕਾਂ ਨੂੰ ਇਕ ਦੂਜੇ ਨੂੰ ਜਾਣਨ ਦਾ ਵਧੀਆ ਮੌਕਾ ਮੁਹੱਈਆ ਕਰਵਾਉਂਦਾ ਹੈ। ਅਲੱਗ-ਅਲੱਗ ਦੇਸ਼ਾਂ, ਰੰਗਾਂ ਅਤੇ ਖੇਤਰਾਂ ਦੇ ਲੋਕ ਇੱਕ ਦੂਜੇ ਦੀਆਂ ਮੁਸ਼ਕਿਲਾਂ ਨੂੰ ਸਮਝਦੇ ਹਨ। ਇਹ ਵੱਖ-ਵੱਖ ਖੇਤਰਾਂ ਦੇ ਮੁਸਲਮਾਨਾਂ ਵਿੱਚ ਭਾਈਚਾਰੇ ਦੀ ਭਾਵਨਾ ਵਧਾਉਂਦਾ ਹੈ ਅਤੇ ਸਮਝ ਦਿੰਦਾ ਹੈ ਕਿ ਉਹ ਇੱਕ ਅੰਤਰਰਾਸ਼ਟਰੀ ਪਰਿਵਾਰ ਹਨ।[193]

ਹਰ ਧਰਮ ਦਾ ਆਪਣਾ ਕੇਂਦਰੀ ਸਥਾਨ ਹੈ। ਇਸਲਾਮ ਦਾ ਕੇਂਦਰੀ ਸਥਾਨ ਮੱਕੇ ਵਿੱਚ ‘ਕਾਅਬਾ’ ਹੈ। ਇਹ ਰੱਬ ਦਾ ਘਰ ਅਤੇ ਅਮਨ ਦਾ ਸਥਾਨ ਹੈ ਜਿਸਦਾ ਨਿਰਮਾਣ ਹਜ਼ਰਤ ਇਬਰਾਹੀਮ (ਅ.) ਨੇ

---

[192] ਮੁਹੰਮਦ ਹਬੀਬ ਅਤੇ ਸਤਿੰਦਰ ਸਿੰਘ ਰੰਧਾਵਾ, *ਇਸਲਾਮ ਸੰਖੇਪ ਸਰਵੇਖਣ*, ਪੰਨੇ-19-20.

[193] "The Haj gathering has been a very useful international religious forum for the exchange of views. It provides people with an invaluable opportunity to know one another. It develops the feeling of brotherliness among the Muslims of different regions and impresses upon the mind and sense of belonging to an international family." Mehmood Hasan, *op.cit,* P.191.

ਕਰਵਾਇਆ ਸੀ। ਬਹੁਤ ਮੁਸ਼ਕਿਲਾਂ ਤੋਂ ਬਾਅਦ ਇਸ ਘਰ ਵਿਚ ਇਕ ਰੱਬ ਦੀ ਇਬਾਦਤ ਹੋਣ ਲੱਗੀ ਹੈ। ਕਾਅਬੇ ਦੇ ਹੱਜ ਬਾਰੇ ਪਵਿੱਤਰ ਕੁਰਆਨ ਦੱਸਦਾ ਹੈ:

> ਅਤੇ ਇਹ ਕਿ ਅਸਾਂ ਇਸ ਘਰ (ਕਾਅਬੇ) ਨੂੰ ਲੋਕਾਂ ਲਈ ਕੇਂਦਰ ਅਤੇ ਅਮਨ ਦਾ ਸਥਾਨ ਨਿਯਤ ਕੀਤਾ ਸੀ ਅਤੇ ਲੋਕਾਂ ਨੂੰ ਹੁਕਮ ਦਿੱਤਾ ਸੀ ਕਿ ਇਬਰਾਹੀਮ ਜਿਸ ਥਾਂ ਇਬਾਦਤ ਲਈ ਖਲੋਂਦਾ ਹੈ ਉਸ ਥਾਂ ਨੂੰ ਸਥਾਈ ਰੂਪ 'ਚ ਨਮਾਜ਼ ਦਾ ਸਥਾਨ ਬਣਾ ਲਓ ਅਤੇ ਇਬਰਾਹੀਮ ਤੇ ਇਸਮਾਈਲ ਨੂੰ ਤਾਕੀਦ ਕੀਤੀ ਸੀ ਕਿ ਮੇਰੇ ਇਸ ਘਰ ਨੂੰ 'ਤਵਾਫ਼' (ਪਰਕਰਮਾ), ਐਤਕਾਫ, ਰੁਕੂਅ ਅਤੇ ਸਿਜਦੇ ਕਰਨ ਵਾਲਿਆਂ ਲਈ ਪਾਕ ਰੱਖੋ।[194]

ਪਵਿੱਤਰ ਕੁਰਆਨ ਵਿੱਚ ਸੂਰਤ ਨੰਬਰ 22 ਹੱਜ ਉਪਰ ਹੈ। ਉਸ ਵਿਚ ਜ਼ਿਕਰ ਹੈ:

> ਯਾਦ ਕਰੋ ਉਹ ਸਮਾਂ ਜਦੋਂ ਕਿ ਅਸਾਂ ਇਬਰਾਹੀਮ ਲਈ (ਇਸ ਆਦੇਸ਼ ਨਾਲ) ਇਸ ਘਰ (ਕਾਅਬਾ) ਦੀ ਥਾਂ ਨਿਯਤ ਕੀਤੀ ਸੀ ਕਿ ਮੇਰੇ ਨਾਲ ਕਿਸੇ ਚੀਜ਼ ਨੂੰ ਸ਼ਰੀਕ ਨਾ ਕਰੋ। ਮੇਰੇ ਘਰ ਨੂੰ ਪਰਕਰਮਾ ਕਰਨ, ਖਲੋਤੇ ਰਹਿਣ, ਝੁਕਣ ਤੇ ਸਿਜਦੇ ਕਰਨ ਵਾਲਿਆਂ ਵਾਸਤੇ ਪਾਕ ਰੱਖੋ। ਲੋਕਾਂ ਵਿੱਚ ਹੱਜ ਲਈ ਆਮ ਐਲਾਨ ਕਰ ਦਿਓ ਕਿ ਉਹ ਤੁਹਾਡੇ ਕੋਲ ਹਰੇਕ ਦੂਰ ਦੁਰਾਡੇ ਸਥਾਨ ਤੋਂ ਪੈਦਲ ਤੇ ਊਠਾਂ 'ਤੇ ਸਵਾਰ ਹੋ ਕੇ ਆਉਣ, ਤਾਂ ਜੋ ਉਹ ਲਾਭ ਵੇਖਣ ਜੋ ਇੱਥੇ ਉਹਨਾਂ ਲਈ ਰੱਖੇ ਗਏ ਹਨ।[195]

ਪਵਿੱਤਰ ਕੁਰਆਨ ਨੇ ਹਰ ਬੰਦੇ ਨੂੰ ਕਾਅਬੇ ਦਾ ਹੱਜ ਕਰਨ ਦਾ ਉਪਦੇਸ਼ ਦਿੱਤਾ ਹੈ:

> ਲੋਕਾਂ ਉੱਤੇ ਅੱਲਾਹ ਦਾ ਇਹ ਹੱਕ ਹੈ ਕਿ ਜੋ ਇਸ ਘਰ ਤੀਕ ਪੁੱਜਣ ਦੀ ਸਮਰਥਾ ਰਖਦਾ ਹੋਵੇ ਉਹ ਇਸਦਾ ਹੱਜ ਕਰੇ ਅਤੇ ਜਿਹੜਾ ਕੋਈ ਇਸ ਆਦੇਸ਼ ਦੀ ਪਾਲਣਾ ਤੋਂ ਇਨਕਾਰ ਕਰੇ ਤਾਂ ਉਸਨੂੰ ਜਾਣ ਲੈਣਾ ਚਾਹੀਦਾ ਹੈ ਕਿ ਅੱਲਾਹ ਸਾਰੇ ਸੰਸਾਰ ਵਾਲਿਆਂ ਤੋਂ ਬੇਪਰਵਾਹ ਹੈ।[196]

ਪਵਿੱਤਰ ਕੁਰਆਨ ਨੇ ਹੱਜ ਕਰਨ ਬਾਰੇ ਕੁਝ ਖਾਸ ਦਿਨ ਦੱਸੇ ਹਨ ਜੋ ਚੰਨ ਦੇ ਘਟਣ ਵਧਣ ਨਾਲ ਸਬੰਧਿਤ ਹਨ:

> ਹੇ ਨਬੀ! ਲੋਕ ਤੁਹਾਥੋਂ ਚੰਨ ਦੇ ਘਟਦੇ ਵਧਦੇ ਹੋਏ ਰੂਪਾਂ ਬਾਰੇ ਪੁੱਛਦੇ ਹਨ। ਆਖ ਦਿਓ ਕਿ ਇਹ ਲੋਕਾਂ ਲਈ ਮਿਤੀਆਂ ਨਿਰਧਾਰਤ ਕਰਨ ਦੀਆਂ ਅਤੇ ਹੱਜ ਦੀਆਂ ਨਿਸ਼ਾਨੀਆਂ ਹਨ ਅਤੇ ਉਹਨਾਂ ਨੂੰ ਆਖੋ ਕਿ ਇਹ ਕੋਈ ਨੇਕੀ ਦਾ ਕੰਮ ਨਹੀਂ ਹੈ ਕਿ ਤੁਸੀਂ ਆਪਣੇ ਘਰਾਂ ਵਿੱਚ ਪਿਛਲੇ ਪਾਸਿਓ ਪ੍ਰਵੇਸ਼ ਕਰਦੇ ਹੋ। ਨੇਕੀ ਤਾਂ ਅਸਲ ਵਿੱਚ ਇਹ ਹੈ ਕਿ ਅੱਲਾਹ ਦੀ ਨਾਰਾਜ਼ੀ ਤੋਂ ਬਚੋ। ਸੋ ਤੁਸੀਂ ਆਪਣੇ ਘਰਾਂ ਵਿੱਚ ਬੂਹਿਆਂ ਰਾਹੀਂ ਆਇਆ ਕਰੋ। ਪਰ ਅੱਲਾਹ ਤੋਂ ਡਰਦੇ ਰਹੋ ਸ਼ਾਇਦ ਕਿ ਤੁਹਾਨੂੰ ਸਫ਼ਲਤਾ ਪ੍ਰਾਪਤ ਹੋ ਜਾਵੇ।[197]

ਹੱਜ ਪ੍ਰਹੇਜ਼ਗਾਰੀ ਸਿਖਾਉਂਦਾ ਹੈ। ਹੱਜ ਕਰਦਿਆਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

> ਹੱਜ ਦੇ ਮਹੀਨਿਆਂ ਨੂੰ ਸਾਰੇ ਜਾਣਦੇ ਹਨ। ਜਿਹੜਾ ਵਿਅਕਤੀ ਉਹਨਾਂ ਨਿਯਤ ਮਹੀਨਿਆਂ ਵਿੱਚ ਹੱਜ ਦਾ ਇਰਾਦਾ ਕਰੇ ਉਸਨੂੰ ਸੁਚੇਤ ਰਹਿਣਾ ਚਾਹੀਦਾ ਹੈ ਕਿ ਹੱਜ ਦੇ ਸਮੇਂ ਵਿੱਚ ਉਸ ਤੋਂ ਕੋਈ ਕਾਮ ਵਾਸ਼ਨਾ ਦਾ ਕਾਰਜ, ਕਿਸੇ ਹੱਦ ਦੀ ਉਲੰਘਣਾ ਅਤੇ ਕੋਈ ਲੜਾਈ-ਝਗੜੇ ਦੀ ਗੱਲ ਨਾ ਵਾਪਰੇ ਅਤੇ ਜੋ ਨੇਕ ਕੰਮ ਤੁਸੀਂ ਕਰੋਗੇ ਉਹ ਅੱਲਾਹ ਦੇ ਗਿਆਨ ਵਿੱਚ ਹੋਵੇਗਾ। ਹੱਜ ਦੇ ਸਫ਼ਰ ਲਈ ਰਾਹ ਦਾ ਖਰਚ ਲੈ ਜਾਓ ਅਤੇ ਸਭ ਤੋਂ ਚੰਗੇਰਾ ਰਾਹ ਦਾ ਖਰਚ ਗੁਨਾਹਾਂ ਤੋਂ ਬਚਣਾ ਹੈ। ਸੋ ਹੇ ਸੂਝਵਾਨੋ! ਮੇਰੀ ਅਵੱਗਿਆ ਤੋਂ ਬਚੋ ਅਤੇ ਜੇ ਹੱਜ ਦੇ ਨਾਲੋਂ-ਨਾਲ ਤੁਸੀਂ ਆਪਣੇ ਰੱਬ ਦਾ ਫਜ਼ਲ ਵੀ ਢੂੰਡਦੇ ਜਾਓ ਤਾਂ ਇਸ ਵਿਚ ਤੁਹਾਡੇ ਸਿਰ ਕੋਈ ਦੋਸ਼ ਨਹੀਂ।[198]

---

194 2:125.
195 22:26-27.
196 3:97.
197 2:189.
198 2:197.

ਹੱਜ ਦੌਰਾਨ ਅਰਾਫ਼ਾਤ ਅਤੇ ਮੁਜਦਲਿਫ਼ਾ ਦੇ ਚੱਕਰ ਲਾਉਣ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ:

> ਹਜ਼ਰਤ ਇਬਰਾਹੀਮ ਅ. ਅਤੇ ਹਜ਼ਰਤ ਇਸਮਾਈਲ ਅ. ਦੇ ਸਮਿਆਂ ਤੋਂ ਅਰਬ ਵਿੱਚ ਹੱਜ ਦਾ ਆਮ ਢੰਗ ਇਹ ਸੀ ਕਿ ਜ਼ਿਲਹਿੱਜਾ ਦੀ 9 ਤਾਰੀਖ ਨੂੰ 'ਮਿਨਾ' ਤੋਂ (ਅਰਾਫਾਤ) ਜਾਂਦੇ ਸਨ ਅਤੇ ਰਾਤ ਨੂੰ ਉਥੋਂ ਪਰਤ ਕੇ 'ਮੁਜਦਲਿਫ਼ਾ' ਵਿਚ ਠਹਿਰਦੇ ਸਨ। ਪਰ ਬਾਅਦ ਵਿੱਚ ਜਦੋਂ ਕੁਰੈਸ਼ ਦੀ ਚੌਧਰ ਬੱਝ ਗਈ ਤਾਂ ਉਨ੍ਹਾਂ ਕਿਹਾ ਕਿ ਅਸੀਂ ਹਰਮ (ਕਾਅਬਾ) ਵਾਲੇ ਹਾਂ, ਇਹ ਗੱਲ ਸਾਡੇ ਰੁਤਬੇ ਨੂੰ ਨਹੀਂ ਸੋਭਦੀ ਕਿ ਅਸੀਂ ਆਮ ਅਰਬ ਵਾਲਿਆਂ ਨਾਲ ਅਰਾਫ਼ਾਤ ਤੱਕ ਜਾਈਏ। ਸੋ ਉਨ੍ਹਾਂ ਨੇ ਆਪਣੀ ਠੁੱਕ ਲਈ ਇਹ ਨਿਯਮ ਬਣਾਇਆ ਕਿ ਮੁਜਦਲਿਫਾ ਤਕ ਜਾ ਕੇ ਹੀ ਪਰਤ ਆਉਂਦੇ ਸਨ ਅਤੇ ਆਮ ਲੋਕਾਂ ਨੂੰ ਅਰਾਫ਼ਾਤ ਤਕ ਜਾਣ ਲਈ ਛੱਡ ਦਿੰਦੇ ਸਨ। ਇਸ ਆਇਤ ਵਿੱਚ ਉਨ੍ਹਾਂ ਦੇ ਇਸੇ ਅਭਿਮਾਨ ਤੇ ਘੁਮੰਡ ਦਾ ਬੁੱਤ ਤੋੜਿਆ ਗਿਆ ਹੈ।[199]

ਕਿਸੇ ਹੋਰ ਸਮੇਂ ਨਿਸ਼ਚਿਤ ਮਿਤੀਆਂ ਤੋਂ ਬਿਨਾਂ ਕੀਤੇ ਜਾਣ ਵਾਲੇ ਹੱਜ ਨੂੰ 'ਉਮਰਾ' ਕਹਿੰਦੇ ਹਨ। ਜੇਕਰ ਕੋਈ ਵਿਅਕਤੀ ਸਰੀਰਕ ਤੌਰ 'ਤੇ ਠੀਕ ਨਹੀਂ ਤਾਂ ਉਸਨੂੰ ਹੱਜ ਦੀਆਂ ਰਸਮਾਂ ਤੋਂ ਛੋਟ ਹੈ:

> ਅੱਲਾਹ ਦੀ ਰਜ਼ਾ ਲਈ ਜਦੋਂ ਹੱਜ ਅਤੇ ਉਮਰੇ ਦੀ ਨੀਅਤ ਕਰ ਲਓ ਤਾਂ ਉਸ ਨੂੰ ਪੂਰਾ ਕਰੋ ਅਤੇ ਕਿਤੇ ਘੇਰੇ ਵਿੱਚ ਆ ਜਾਓ ਤਾਂ ਜੋ ਕੁਰਬਾਨੀ ਵੀ ਮਿਲ ਸਕੇ, ਰੱਬ ਦੀ ਹਜ਼ੂਰੀ ਵਿੱਚ ਪੇਸ਼ ਕਰ ਦਿਓ ਅਤੇ ਜਦੋਂ ਤੀਕ ਕੁਰਬਾਨੀ ਆਪਣੇ ਸਥਾਨ ਤੇ ਨਾ ਪੁੱਜ ਜਾਵੇ ਉਸ ਵੇਲੇ ਤੱਕ ਆਪਣੇ ਸਿਰ ਨਾ ਮੁੰਨਵਾਓ। ਪਰ ਜਿਹੜਾ ਵਿਅਕਤੀ ਬਿਮਾਰ ਹੋਵੇ ਜਾਂ ਉਸਨੂੰ ਸਿਰ ਦੀ ਕੋਈ ਤਕਲੀਫ ਹੋਵੇ ਅਤੇ ਇਸ ਕਾਰਨ ਆਪਣਾ ਸਿਰ ਮੁੰਨਵਾ ਲਵੇ, ਤਾਂ ਉਸਨੂੰ ਚਾਹੀਦਾ ਹੈ ਕਿ ਬਦਲੇ ਵਜੋਂ ਰੋਜ਼ੇ ਰੱਖੇ ਜਾਂ ਪੁੰਨ-ਦਾਨ ਕਰੇ ਜਾਂ ਕੁਰਬਾਨੀ ਕਰੇ। ਫੇਰ ਜਦ ਤੁਹਾਨੂੰ ਅਮਨ ਨਸੀਬ ਹੋ ਜਾਵੇ (ਅਤੇ ਤੁਸੀਂ ਹੱਜ ਤੋਂ ਪਹਿਲਾਂ ਮੱਕੇ ਅੱਪੜ ਜਾਓ) ਤਾਂ ਜਿਹੜਾ ਵਿਅਕਤੀ ਤੁਹਾਡੇ ਵਿਚੋਂ ਹੱਜ ਦਾ ਸਮਾਂ ਆਉਣ ਤੀਕ 'ਉਮਰੇ' ਦਾ ਲਾਭ ਉਠਾਵੇ, ਉਹ ਆਪਣੀ ਹਿੰਮਤ ਅਨੁਸਾਰ ਕੁਰਬਾਨੀ ਦੇਵੇ ਅਤੇ ਜੇ ਕੁਰਬਾਨੀ ਉਪਲਬਧ ਨਾ ਹੋਵੇ ਤਾਂ ਤਿੰਨ ਰੋਜ਼ੇ ਹੱਜ ਦੇ ਦਿਨਾਂ ਵਿੱਚ ਤੇ ਸੱਤ ਘਰ ਅੱਪੜ ਕੇ, ਇਸ ਤਰ੍ਹਾਂ ਪੂਰੇ ਦਸ ਰੋਜ਼ੇ ਰੱਖ ਲਵੇ ਇਹ ਛੋਟ ਉਨ੍ਹਾਂ ਲੋਕਾਂ ਲਈ ਹੈ ਜਿਹਨਾਂ ਦੇ ਘਰ ਸਤਿਕਾਰ ਯੋਗ ਮਸੀਤ (ਕਾਅਬੇ) ਦੇ ਨੇੜ੍ਹੇ ਨਾ ਹੋਣ। ਅੱਲਾਹ ਦੇ ਇਹਨਾਂ ਹੁਕਮਾਂ ਦੀ ਉਲੰਘਣਾ ਤੋਂ ਬਚੋ ਅਤੇ ਚੰਗੀ ਤਰ੍ਹਾਂ ਜਾਣ ਲਓ ਕਿ ਅੱਲਾਹ ਕਰੜੀ ਸਜ਼ਾ ਦੇਣ ਵਾਲਾ ਹੈ।[200]

## ਇਹਰਾਮ

ਹਾਜੀ ਇਹਰਾਮ ਭਾਵ ਬਿਨਾਂ ਸੀਤੇ ਕੱਪੜੇ ਪਹਿਨਦੇ ਸਨ। ਇਹਰਾਮ ਦੀ ਹਾਲਤ ਵਿੱਚ ਮੁਸਲਮਾਨਾਂ ਲਈ ਕਈ ਨਸੀਹਤਾਂ ਹਨ:

> ਸ਼ਿਕਾਰ ਭਾਵੇਂ ਆਦਮੀ ਆਪ ਕਰੇ ਜਾਂ ਕਿਸੇ ਦੂਜੇ ਦੀ ਸ਼ਿਕਾਰ ਵਿੱਚ ਸਹਾਇਤਾ ਕਰੇ ਦੋਵੇਂ ਗੱਲਾਂ 'ਇਹਰਾਮ' ਦੀ ਹਾਲਤ ਵਿਚ ਮਨ੍ਹਾਂ ਹਨ ਨਾਲੇ ਜੇ ਇਹਰਾਮ ਬੰਨ੍ਹਣ ਵਾਲੇ ਲਈ ਸ਼ਿਕਾਰ ਮਾਰਿਆ ਗਿਆ ਹੋਵੇ ਤਾਂ ਵੀ ਉਸਨੂੰ ਖਾਣਾ ਇਹਰਾਮ ਬੰਨਣ ਵਾਲੇ ਲਈ ਜਾਇਜ਼ ਨਹੀਂ ਹੈ ਪਰ ਹਾਂ ਜੇ ਕਿਸੇ ਨੇ ਆਪਣੇ ਲਈ ਆਪ ਸ਼ਿਕਾਰ ਕੀਤਾ ਹੋਵੇ ਅਤੇ ਫੇਰ ਉਸ ਵਿੱਚੋਂ ਮੁਹਰਿਮ (ਇਹਰਾਮ ਬੰਨਣ ਵਾਲੇ) ਵਿਅਕਤੀ ਨੂੰ ਵੀ ਤੁਹਫੇ ਵਜੋਂ ਕੁਝ ਦੇ ਦੇਵੇ ਤਾਂ ਉਸ ਦੇ ਖਾਣ ਵਿਚ ਕੋਈ ਹਰਜ਼ ਨਹੀਂ। ਦੁਖ ਦੇਣ ਵਾਲੇ ਅਰਥਾਤ ਮਾਰੂ ਜਾਨਵਰਾਂ ਦਾ ਮਾਮਲਾ ਇਸ ਹੁਕਮ ਤੋਂ ਜੁਦਾ ਹੈ। ਸੱਪ, ਬਿੱਛੂ, ਹਲਕਿਆ ਕੁੱਤਾ ਅਤੇ ਅਜਿਹੇ ਦੂਜੇ ਜਾਨਵਰ ਜਿਹੜੇ ਮਨੁੱਖ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਨ, ਇਹਰਾਮ ਦੀ ਹਾਲਤ ਵਿੱਚ ਮਾਰੇ ਜਾ ਸਕਦੇ ਹਨ।[201]

ਪਵਿੱਤਰ ਕੁਰਆਨ ਦੱਸਦਾ ਹੈ ਕਿ ਹੱਜ ਹ. ਇਬਰਾਹੀਮ (ਅ.) ਅਤੇ ਬੀਬੀ ਹਾਜਰਾ ਦੀ ਕਦਮ ਪੈੜ ਦੀ ਨਕਲ ਹੈ। ਇਸ ਲਈ ਜਦੋਂ ਬੰਦਾ ਇਹਰਾਮ ਬੰਨ੍ਹ ਲਵੇ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਸ਼ਿਕਾਰ ਨਾ ਕਰੇ:

---

199 *ਕੁਰਆਨ ਮਜੀਦ,* ਫੁੱਟ ਨੋਟ ਨੰ. 65 ਪੰਨਾ-61.

200 2:196.

201 *ਕੁਰਆਨ ਮਜੀਦ,* ਫੁੱਟ ਨੋਟ ਨੰ. 48, ਪੰਨਾ 210.

> ਹੇ ਈਮਾਨ ਲਿਆਉਣ ਵਾਲਿਓ! ਬੰਧੇਜਾਂ ਦੀ ਪੂਰੀ ਤਰ੍ਹਾਂ ਪਾਬੰਦੀ ਕਰੋ। ਤੁਹਾਡੇ ਲਈ ਚੌਖੁਰਾਂ ਦੀ ਕਿਸਮ ਦੇ ਸਭੇ ਪਸ਼ੂ ਹਲਾਲ ਕੀਤੇ ਗਏ, ਛੁੱਟ ਕਿ ਉਹਨਾਂ ਤੋਂ ਜਿਹੜੇ ਅੱਗੇ ਚੱਲ ਕੇ ਤੁਹਾਨੂੰ ਦੱਸੇ ਜਾਣਗੇ। ਪਰ 'ਇਹਰਾਮ' ਦੀ ਹਾਲਤ ਵਿਚ ਸ਼ਿਕਾਰ ਨੂੰ ਆਪਣੇ ਲਈ ਹਲਾਲ ਨਾ ਸਮਝ ਲਓ, ਬੇਸ਼ੱਕ ਅੱਲਾਹ ਜੋ ਚਾਹੁੰਦਾ ਹੈ ਹੁਕਮ ਦੇਂਦਾ ਹੈ।[202]

ਇਸੇ ਤਰ੍ਹਾਂ ਇਹਰਾਮ ਦੀ ਹਾਲਤ ਵਿਚ ਸਮੁੰਦਰ ਦਾ ਸ਼ਿਕਾਰ ਜਾਇਜ਼ ਹੈ ਪਰ ਥਲ ਦੇ ਸ਼ਿਕਾਰ ਦੀ ਮਨਾਹੀ ਹੈ:

> ਪਰ ਥਲ ਦਾ ਸ਼ਿਕਾਰ, ਜਦੋਂ ਤੀਕ ਕਿ ਤੁਸੀਂ 'ਇਹਰਾਮ' ਦੀ ਹਾਲਤ ਵਿਚ ਹੋਵੋ, ਤੁਹਾਡੇ ਲਈ ਹਰਾਮ ਕੀਤਾ ਗਿਆ ਹੈ। ਸੋ ਬਚੋ ਉਸ ਅੱਲਾਹ ਦੀ ਨਾ-ਫ਼ਰਮਾਨੀ ਤੋਂ ਜਿਸਦੀ ਹਜ਼ੂਰੀ ਵਿੱਚ ਤੁਹਾਨੂੰ ਸਭਨਾਂ ਨੂੰ ਘੇਰ ਕੇ ਪੇਸ਼ ਕੀਤਾ ਜਾਵੇਗਾ।[203]

### ਸਫ਼ਾ ਤੇ ਮਰਵਾ

ਪਵਿੱਤਰ ਕੁਰਆਨ ਸਫ਼ਾ ਤੇ ਮਰਵਾ ਦੀਆਂ ਪਹਾੜੀਆਂ 'ਤੇ ਚੱਕਰ ਲਾਉਣ ਬਾਰੇ ਦੱਸਦਾ ਹੈ:

> ਬੇਸ਼ੱਕ 'ਸਫਾ' ਅਤੇ 'ਮਰਵਾ' (ਦੀਆਂ ਪਹਾੜੀਆਂ) ਅੱਲਾਹ ਦੀਆਂ ਨਿਸ਼ਾਨੀਆਂ ਵਿੱਚੋਂ ਹਨ। ਸੋ ਜਿਹੜਾ ਵਿਅਕਤੀ ਕਾਅਬੇ ਦਾ ਹੱਜ ਜਾਂ ਉਮਰਾ ਕਰੇ, ਉਸ ਉਤੇ ਕੋਈ ਦੋਸ਼ ਨਹੀਂ ਕਿ ਉਹ ਇਨ੍ਹਾਂ ਦੋਵਾਂ ਪਹਾੜੀਆਂ ਵਿਚਕਾਰ ਤੇਜ਼ੀ ਨਾਲ ਫੇਰੀਆਂ ਲਾਵੇ ਅਤੇ ਜਿਹੜਾ ਵਿਅਕਤੀ ਖੁਸ਼ੀ ਨਾਲ ਕੋਈ ਭਲਾਈ ਦਾ ਕੰਮ ਕਰੇਗਾ, ਅੱਲਾਹ ਉਸ ਨੂੰ ਜਾਣਦਾ ਹੈ ਅਤੇ ਉਹ ਉਸ ਦੀ ਕਦਰ ਕਰਨ ਵਾਲਾ ਹੈ।[204]

### ਕੁਰਬਾਨੀ

ਕੁਰਬਾਨੀ ਦੀ ਰਸਮ ਹੱਜ ਦੀ ਜ਼ਰੂਰੀ ਰਸਮ ਹੈ। ਮੁਸਲਮਾਨਾਂ ਵਿੱਚ ਇਹ ਭਰਮ ਸੀ ਕਿ ਕੁਰਬਾਨੀ ਦੇ ਪਸ਼ੂ ਤੋਂ ਕੋਈ ਕੰਮ ਨਾ ਲਿਆ ਜਾਵੇ ਜਿਵੇਂ ਨਾ ਉਸ ਉਪਰ ਸਵਾਰੀ ਕੀਤੀ ਜਾਵੇ, ਨਾ ਉਸ ਉਪਰ ਵਜ਼ਨ ਲੱਦਿਆ ਜਾਵੇ, ਨਾ ਉਸਦਾ ਦੁੱਧ ਪੀਤਾ ਜਾਵੇ। ਪਵਿੱਤਰ ਕੁਰਆਨ ਨੇ ਇਸ ਭਰਮ ਨੂੰ ਤੋੜਿਆ ਹੈ:

> ਤੁਹਾਨੂੰ ਇੱਕ ਨਿਯਤ ਸਮੇਂ ਤੱਕ ਉਹਨਾਂ (ਕੁਰਬਾਨੀ ਦੇ ਜਾਨਵਰਾਂ) ਤੋਂ ਲਾਭ ਉਠਾਉਣ ਦਾ ਹੱਕ ਹੈ। ਫੇਰ ਉਹਨਾਂ (ਦੇ ਕੁਰਬਾਨ ਕਰਨ) ਦੀ ਥਾਂ ਤੇ ਉਸੇ ਪੁਰਾਤਨ ਘਰ ਦੇ ਕੋਲ ਹੈ। ਹਰੇਕ ਸਮੁਦਾਇ ਲਈ ਅਸਾਂ ਕੁਰਬਾਨੀ ਦਾ ਇੱਕ ਤਰੀਕਾ ਨਿਰਧਾਰਿਤ ਕਰ ਛੱਡਿਆ ਹੈ ਤਾਂ ਜੋ (ਉਸ ਸਮੁਦਾਇ ਦੇ) ਲੋਕ ਉਹਨਾਂ ਪਸ਼ੂਆਂ ਉੱਤੇ ਅੱਲਾਹ ਦਾ ਨਾਂ ਲੈਣ ਜਿਹੜੇ ਉਹਨਾਂ ਨੂੰ ਬਖਸ਼ੇ ਹਨ। (ਇਹਨਾਂ ਵੱਖ-ਵੱਖ ਤਰੀਕਿਆਂ ਪਿੱਛੇ ਉਦੇਸ਼ ਕੀ ਹੈ) ਸੋ ਤੁਹਾਡਾ ਇਸ਼ਟ ਇੱਕੋ ਹੀ ਇਸ਼ਟ ਪੂਜਮਾਨ ਹੈ ਅਤੇ ਉਸੇ ਦੇ ਤੁਸੀਂ ਆਗਿਆਕਾਰ ਬਣੋ।[205]
>
> (ਕੁਰਬਾਨੀ) ਦੇ ਊਠਾਂ ਨੂੰ ਅਸੀਂ ਤੁਹਾਡੇ ਲਈ ਅੱਲਾਹ ਦੀਆਂ (ਭਗਤੀ ਦੀਆਂ) ਨਿਸ਼ਾਨੀਆਂ ਵਿੱਚ ਸ਼ਾਮਲ ਕੀਤਾ ਹੈ। ਤੁਹਾਡੇ ਲਈ ਉਹਨਾਂ ਵਿੱਚ ਭਲਾਈ ਹੈ। ਸੋ ਉਹਨਾਂ ਨੂੰ ਖੜ੍ਹਾ ਕਰਕੇ ਉਹਨਾਂ ਉੱਤੇ ਅੱਲਾਹ ਦਾ ਨਾਂ ਲਓ। ਜਦੋਂ (ਕੁਰਬਾਨੀ ਮਗਰੋਂ) ਉਹਨਾਂ ਦੇ ਪਾਸੇ ਧਰਤੀ ਤੇ ਟਿਕ ਜਾਣ ਤਾਂ ਉਹਨਾਂ ਵਿਚੋਂ ਆਪ ਵੀ ਖਾਓ, ਉਹਨਾਂ ਨੂੰ ਵੀ ਖੁਆਓ ਜਿਹੜੇ ਸਬਰ ਸ਼ੁਕਰ ਕਰੀਂ ਬੈਠੇ ਹਨ ਅਤੇ ਉਹਨਾਂ ਨੂੰ ਵੀ ਜੋ ਆਪਣੀਆਂ ਲੋੜਾਂ ਪ੍ਰਗਟਾਉਣ। ਇਹਨਾਂ ਜਾਨਵਰਾਂ ਨੂੰ ਅਸੀਂ ਇਸ ਤਰ੍ਹਾਂ ਤੁਹਾਡੇ ਲਈ ਕਾਬੂ ਕੀਤਾ ਹੈ ਤਾਂ ਜੋ ਤੁਸੀਂ ਧੰਨਵਾਦੀ ਬਣੋ। ਨਾ ਉਹਨਾਂ ਦੇ ਮਾਸ ਅੱਲਾਹ ਕੋਲ ਅੱਪੜਦੇ ਹਨ ਤੇ ਨਾ ਹੀ ਲਹੂ, ਪਰ ਉਸ ਕੋਲ ਤੁਹਾਡੇ ਦਿਲ ਦੀ ਸੰਜਮਤਾ ਪੁੱਜਦੀ ਹੈ। ਉਸਨੇ ਉਹਨਾਂ ਨੂੰ ਇਸ ਤਰ੍ਹਾਂ ਤੁਹਾਡੇ ਲਈ ਵੱਸ ਵਿੱਚ ਕੀਤਾ ਹੈ ਤਾਂ ਜੋ

---

[202] 5:1.
[203] 5:96.
[204] 2:158.
[205] 22:33-34.

> ਉਸ ਦੀ ਬਖਸ਼ਿਸ਼ ਕੀਤੀ ਹਦਾਇਤ ਉਤੇ ਤੁਸੀਂ ਉਸ ਦੀ ਵਡਿਆਈ ਵਰਣਨ ਕਰੋ। ਹੇ ਨਬੀ! ਸੁਹਣੇ ਅਮਲਾਂ ਵਾਲਿਆਂ ਨੂੰ ਖ਼ੁਸ਼ਖਬਰੀ ਸੁਣਾ ਦਿਓ।[206]

ਕੁਰਬਾਨੀ ਦੇ ਜਾਨਵਰਾਂ ਦਾ ਮਾਸ ਅਤੇ ਲਹੂ ਅੱਲਾਹ ਕੋਲ ਨਹੀਂ ਪਹੁੰਚਦਾ:

> ਨਾ ਉਹਨਾਂ ਦੇ ਮਾਸ ਅੱਲਾਹ ਕੋਲ ਅੱਪੜਦੇ ਹਨ ਤੇ ਨਾ ਹੀ ਲਹੂ ਪਰ ਉਸ ਕੋਲ ਤੁਹਾਡੇ ਦਿਲ ਦੀ ਸੰਜਮਤਾ ਪੁੱਜਦੀ ਹੈ।[207]

**ਪ੍ਰਕਰਮਾ**

ਕੁਰਬਾਨੀ ਤੋਂ ਬਾਅਦ ਕਾਅਬੇ ਦੀ ਪ੍ਰਕਰਮਾ ਦੀ ਵਾਰੀ ਆਉਂਦੀ ਹੈ। ਇਸ ਬਾਰੇ ਦੱਸਿਆ ਹੈ:

> ਅਤੇ ਕੁਝ ਨਿਸ਼ਚਿਤ ਦਿਨਾਂ ਵਿੱਚ ਉਹਨਾਂ ਪਸ਼ੂਆਂ ਉੱਤੇ ਅੱਲਾਹ ਦਾ ਨਾਂ ਲੈਣ ਜੋ ਉਸਨੇ ਉਹਨਾਂ ਨੂੰ ਬਖਸ਼ਿਸ਼ ਕੀਤੇ ਹਨ। ਆਪ ਵੀ ਖਾਣ ਤੇ ਭੁੱਖੇ-ਨੰਗੇ ਮੁਥਾਜ ਨੂੰ ਵੀ ਦੇਣ, ਫੇਰ ਆਪਣੀ ਮੈਲ-ਕੁਚੈਲ ਦੂਰ ਕਰਨ, ਆਪਣੀਆ, ਸੁੱਖਣਾਂ ਪੂਰੀਆਂ ਕਰਨ ਅਤੇ ਇਸ ਪੁਰਾਤਨ ਘਰ ਦੀ ਪਰਕਰਮਾ ਕਰਨ।[208]
>
> ਇਹ ਹੈ ਅਸਲ ਗੱਲ (ਇਸਨੂੰ ਸਮਝ ਲਓ) ਅਤੇ ਜੋ ਕੋਈ ਅੱਲਾਹ ਦੇ ਨਿਸ਼ਚਿਤ ਕੀਤੇ ਹੋਏ (ਭਗਤੀ ਨਾਲ ਸਬੰਧਤ) ਨਿਸ਼ਾਨਾਂ ਦਾ ਸਤਿਕਾਰ ਕਰੇ ਤਾਂ ਇਹ ਦਿਲਾਂ ਦੀ ਪਰਹੇਜ਼ਗਾਰੀ ਤੋਂ ਹੈ।[209]

ਪਵਿੱਤਰ ਕੁਰਆਨ ਨੇ ਰੱਬ ਤੋਂ ਇਨਕਾਰੀਆਂ ਨੂੰ ਕਾਅਬੇ ਵਿੱਚ ਪ੍ਰਵੇਸ਼ ਕਰਨ ਦੀ ਸਖ਼ਤ ਮਨਾਹੀ ਕੀਤੀ। ਬਹੁਤ ਮੁਸ਼ਕਿਲਾਂ ਤੋਂ ਬਾਅਦ ਬੁੱਤਪ੍ਰਸਤੀ ਤੋਂ ਮੁਕਤ ਹੋਇਆ ਅੱਲਾਹ ਦਾ ਘਰ ਕਿਤੇ ਬੁੱਤਪੂਜਕਾਂ ਦੇ ਦਾਖਲੇ ਨਾਲ ਮੁੜ ਕੁਰੀਤੀਆਂ ਸ਼ਿਕਾਰ ਨਾ ਹੋ ਜਾਵੇ :

> ਹੇ ਈਮਾਨ ਲਿਆਉਣ ਵਾਲਿਓ! ਮੁਸ਼ਰਕ ਅਪਵਿੱਤਰ ਹਨ, ਇਸ ਵਰ੍ਹੇ ਮਗਰੋਂ ਇਹ ਸਤਿਕਾਰਯੋਗ ਮਸੀਤ (ਕਾਅਬੇ) ਦੇ ਲਾਗੇ ਵੀ ਨਾ ਢੁੱਕਣ। ਜੇ ਤੁਹਾਨੂੰ ਹੱਥ ਤੰਗ ਹੋਣ ਦਾ ਡਰ ਹੈ ਤਾਂ ਅਸੰਭਵ ਨਹੀਂ ਕਿ ਅੱਲਾਹ ਚਾਹੇ ਤਾਂ ਤੁਹਾਨੂੰ ਆਪਣੇ ਫ਼ਜ਼ਲੋ ਧਨਵਾਨ ਬਣਾ ਦੇਵੇ, ਅੱਲਾਹ ਵੱਡਾ ਜਾਣਨਹਾਰ ਤੇ ਸਿਆਣਾ ਹੈ। ਯੁੱਧ ਕਰੋ ਕਿਤਾਬ ਵਾਲਿਆਂ 'ਚੋਂ ਉਹਨਾਂ ਲੋਕਾਂ ਦੇ ਵਿਰੁੱਧ ਜਿਹੜੇ ਅੱਲਾਹ ਤੇ ਆਖ਼ਰਤ ਦੇ ਦਿਹਾੜੇ ਉੱਤੇ ਈਮਾਨ ਨਹੀਂ ਲਿਆਉਂਦੇ, ਜੋ ਕੁਝ ਅੱਲਾਹ ਤੇ ਉਸਦੇ ਰਸੂਲ ਨੇ ਹਰਾਮ ਕਰ ਦਿੱਤਾ ਹੈ ਉਹਨੂੰ ਹਰਾਮ ਨਹੀਂ ਮੰਨਦੇ ਅਤੇ ਸੱਚੇ ਧਰਮ ਨੂੰ ਆਪਣਾ ਧਰਮ ਨਹੀਂ ਬਣਾਉਂਦੇ।[210]

ਹੱਜ ਦੇ ਮੌਕੇ ਤੇ ਵੱਖ-ਵੱਖ ਇਲਾਕਿਆਂ ਦੇ ਮੁਸਲਮਾਨ ਹਾਜ਼ਰ ਹੁੰਦੇ ਹਨ ਅਤੇ ਆਪਸੀ ਵਿਚਾਰ ਵਟਾਂਦਰੇ ਦੁਆਰਾ ਦਰਪੇਸ਼ ਮੁਸ਼ਕਿਲਾਂ ਦੇ ਹੱਲ ਵੀ ਲੱਭਦੇ ਹਨ। ਹੱਜ ਦਾ ਮਕਸਦ ਇਹ ਹੈ ਕਿ ਜਿੱਥੇ ਇਸ ਨਾਲ ਇਸਲਾਮ ਪ੍ਰਤੀ ਪੂਰਨ ਸਮਰਪਣ ਅਤੇ ਪ੍ਰਹੇਜ਼ਗਾਰੀ ਪੈਦਾ ਹੁੰਦੀ ਹੈ ਉਥੇ ਭਰਾਤਰੀ ਭਾਵ ਦੀਆਂ ਤੰਦਾਂ ਹੋਰ ਪੀਡੀਆਂ ਹੁੰਦੀਆਂ ਹਨ। ਹੱਜ ਸਵੈ-ਮੰਥਨ ਹੈ। ਹੱਜ ਦੀ ਇੱਛਾ ਮਨ ਵਿੱਚ ਆਉਣ ਨਾਲ ਹੀ ਨੇਕ ਭਾਵਨਾਵਾਂ ਉਤਪੰਨ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅਜਿਹੀਆਂ ਭਾਵਨਾਵਾਂ ਪਵਿੱਤਰਤਾ, ਆਤਮ-ਸਮਰਪਣ, ਇੱਕ ਰੱਬ ਦੀ ਹੋਂਦ ਵਰਗੇ ਅਨੇਕ ਗੁਣਾਂ ਨੂੰ ਜਨਮ ਦਿੰਦੀਆਂ ਹਨ। ਹੱਜ ਆਗਿਆ ਪਾਲਣ ਦਾ ਰਸਤਾ ਹੈ।

---

206 22:36-37.
207 22:37.
208 22:28-29.
209 22:32.
210 9:28-29.

ਉਪਰੋਕਤ ਪੰਜ ਥੰਮਾਂ ਤੋਂ ਇਲਾਵਾ ਰਾਹ-ਏ-ਅਮਲ ਵਿਚ ਤਕਵਾ, ਤਵੱਕੁਲ, ਸਬਰ, ਸ਼ੁਕਰ, ਜ਼ਿਕਰ, ਗ਼ੁਨਾਹਾਂ ਤੋਂ ਮੁਆਫ਼ੀ ਅਤੇ ਤੌਬਾ ਵੀ ਆਉਂਦੇ ਹਨ। ਇਹ ਪੰਜ ਥੰਮਾਂ ਤੋਂ ਭਿੰਨ ਨਹੀਂ ਹਨ ਸਗੋਂ ਇਕ ਦੂਜੇ ਵਿਚ ਸਮੋਏ ਹੋਏ ਹਨ। ਇਨ੍ਹਾਂ ਬਾਰੇ ਸੰਖੇਪ ਵਿਚਾਰ ਕੀਤੀ ਜਾ ਰਹੀ ਹੈ।

**ਤਕਵਾ**

ਤਕਵਾ ਦਾ ਅਰਥ ਰੱਬ ਦਾ ਡਰ ਮੰਨਣਾ ਹੈ। ਇਸ ਡਰ ਵਿਚ ਕੰਬਣੀ ਨਹੀਂ ਹੈ। ਬੰਦਾ ਆਪ ਆਪਣੇ ਫ਼ਰਜ਼ਾਂ ਦਾ ਖਿਆਲ ਰੱਖਦਾ ਹੈ। ਉਹ ਮੰਨਦਾ ਹੈ ਕਿ ਅੱਲਾਹ ਉਨ੍ਹਾਂ ਨੂੰ ਦੇਖ ਰਿਹਾ ਹੈ। ਰੱਬ ਦਾ ਡਰ ਮੰਨਣਾ ਉਸਦੀ ਅਧੀਨਗੀ ਨੂੰ ਪ੍ਰਵਾਨ ਕਰਨਾ ਹੈ:

> ਹੇ ਈਮਾਨ ਲਿਆਉਣ ਵਾਲਿਓ! ਅੱਲਾਹ ਤੋਂ ਡਰੋ ਜਿਹਾ ਕਿ ਉਸਤੋਂ ਡਰਨਾ ਚਾਹੀਦਾ ਹੈ। ਤੁਹਾਨੂੰ ਮੌਤ ਆਵੇ ਤਾਂ ਇਸ ਹਾਲ ਵਿਚ ਕੀ ਤੁਸੀਂ ਆਗਿਆਕਾਰ ਹੋਵੋ। ਸਭੇ ਰਲ ਮਿਲ ਕੇ ਅੱਲਾਹ ਦੀ ਰੱਸੀ ਨੂੰ ਦ੍ਰਿੜ੍ਹਤਾ ਪੂਰਵਕ ਫੜ੍ਹ ਲਓ ਅਤੇ (ਆਪੋ ਵਿਚਾਲੇ) ਫੁੱਟ ਨਾ ਪਾਓ। ਅੱਲਾਹ ਦੇ ਉਸ ਅਹਿਸਾਨ ਨੂੰ ਚੇਤੇ ਰੱਖੋ ਜਿਹੜਾ ਉਸਨੇ ਤੁਹਾਡੇ ਉੱਤੇ ਕੀਤਾ ਹੈ।[211]

ਕੁਰਆਨ ਦੱਸਦਾ ਹੈ ਕਿ ਸ਼ੈਤਾਨ ਬੰਦਿਆਂ ਨੂੰ ਐਵੇਂ ਡਰਾਉਂਦਾ ਹੈ। ਤੁਸੀਂ ਸ਼ੈਤਾਨ ਤੋਂ ਨਹੀਂ, ਅੱਲਾਹ ਤੋਂ ਡਰਨਾ ਹੈ। ਮੁਸਲਮਾਨਾਂ ਨੇ ਇਸ ਕਥਨ ਦੀ ਪਾਲਣਾ ਪੂਰੀ ਤਰ੍ਹਾਂ ਕੀਤੀ। ਇਸ ਅਹਿਸਾਸ ਦੀ ਸਰਬੁਲੰਦੀ ਬਾਰੇ ਮੌਲਾਨਾ ਖ਼ਲੀਲ-ਉਰ-ਰਹਿਮਾਨ ਲਿਖਦੇ ਹਨ, "ਭਾਵੇਂ ਬਜ਼ਾਰ ਸ਼ਰਾਰਤ ਅਤੇ ਬੁਰਾਈ ਦੇ ਅੱਡੇ ਹਨ ਪ੍ਰੰਤੂ ਸਹਾਬੀਆਂ ਦੇ ਤਕਵੇ ਅਤੇ ਰੱਬੀ ਡਰ-ਭਉ ਨੇ ਬਜ਼ਾਰਾਂ ਨੂੰ ਵੀ ਮਸਜਿਦਾਂ ਬਣਾ ਦਿੱਤਾ ਸੀ, ਬਜ਼ਾਰ ਜਾਂਦੇ ਹੋਏ ਵੀ ਆਖ਼ਰਤ ਦਾ ਧਿਆਨ ਰੱਖਦੇ ਸਨ।"[212]

**ਅੱਲਾਹ ਤੋਂ ਡਰਨ ਬਾਰੇ ਕੁਰਆਨ ਦੀਆਂ ਤੁਕਾਂ**

> ਅੱਲਾਹ ਨੇ ਤੁਹਾਨੂੰ ਜਿਹੜੀ ਦਾਤ ਬਖ਼ਸ਼ੀ ਹੈ ਉਹਦਾ ਧਿਆਨ ਰੱਖੋ ਅਤੇ ਉਸ ਪੱਕੇ ਇਕਰਾਰ ਨੂੰ ਨਾ ਭੁੱਲੋ ਜਿਹੜਾ ਉਹਨੇ ਤੁਹਾਥੋਂ ਲਿਆ ਹੈ, ਅਰਥਾਤ ਤੁਹਾਡਾ ਇਹ ਕਥਨ ਕਿ "ਅਸਾਂ ਸੁਣਿਆ ਅਤੇ ਅਧੀਨਗੀ ਨੂੰ ਸਵੀਕਾਰ ਕੀਤਾ। ਜੇ ਅੱਲਾਹ ਤੋਂ ਡਰੋ ਅੱਲਾਹ ਦਿਲਾਂ ਦੇ ਭੇਤਾਂ ਤੱਕ ਨੂੰ ਜਾਣਦਾ ਹੈ।[213]
>
> ਹੇ ਆਦਮ ਦੇ ਪੁੱਤਰੋ! ਚੇਤੇ ਰੱਖੋ, ਜੇ ਤੁਹਾਡੇ ਕੋਲ ਆਪ ਤੁਹਾਡੇ ਵਿਚੋਂ ਹੀ ਅਜਿਹੇ ਰਸੂਲ਼ ਆਉਣ ਜਿਹੜੇ ਤੁਹਾਨੂੰ ਮੇਰੀਆਂ ਆਇਤਾਂ ਸੁਣਾ ਰਹੇ ਹੋਣ, ਤਾਂ ਜਿਹੜਾ ਕੋਈ ਅਵੱਗਿਆ ਤੋਂ ਬਚੇਗਾ ਤੇ ਆਪਣੇ ਰਵੱਈਏ ਨੂੰ ਸੁਆਰ ਲਏਗਾ ਉਸਨੂੰ ਕੋਈ ਡਰ ਤੇ ਚਿੰਤਾ ਨਹੀਂ ਹੋਵੇਗੀ।[214]
>
> ਜਿਹੜੇ ਲੋਕ ਬਿਨ-ਡਿੱਠਿਆਂ ਆਪਣੇ ਰੱਬ ਤੋਂ ਡਰਦੇ ਹਨ, ਬੇਸ਼ੱਕ ਉਹਨਾਂ ਲਈ ਬਖਸਿਸ਼ ਤੇ ਵੱਡਾ ਬਦਲਾ ਹੈ।[215]
>
> ਅੱਲਾਹ ਨੇ ਉੱਤਮ ਬਾਣੀ ਉਤਾਰੀ ਹੈ, ਇਕ ਅਜਿਹੀ ਕਿਤਾਬ ਜਿਸਦੇ ਸਾਰੇ ਅੰਸ਼ ਰਲਦੇ-ਮਿਲਦੇ ਹਨ ਅਤੇ ਜਿਸ ਵਿੱਚ ਮੁੜ-ਮੁੜ ਵਾਰਤਾਵਾਂ ਦੁਹਰਾਈਆਂ ਗਈਆਂ ਹਨ। ਉਸਨੂੰ ਸੁਣ ਕੇ ਉਹਨਾਂ ਲੋਕਾਂ ਦੇ ਲੂੰਕੰਡੇ ਖੜੇ ਹੋ ਜਾਂਦੇ ਹਨ ਜਿਹੜੇ ਆਪਣੇ ਰੱਬ ਤੋਂ ਡਰਨ ਵਾਲੇ ਹਨ ਅਤੇ ਫੇਰ ਉਹਨਾਂ ਦੇ ਸਰੀਰ ਤੇ ਉਹਨਾਂ ਦੇ ਦਿਲ ਨਰਮ ਹੋ ਕੇ ਅੱਲਾਹ ਦੇ ਸਿਮਰਨ ਵੱਲ ਪ੍ਰੇਰਿਤ ਹੋ ਜਾਂਦੇ ਹਨ। ਇਹ ਅੱਲਾਹ ਦੀ ਹਦਾਇਤ ਹੈ, ਇਸ

---

[211] 3:102-103.
[212] ਮੌਲਾਨਾ ਖਲੀਲ ਉਰ ਰਹਿਮਾਨ ਆਜ਼ਮੀ (ਅਨੁ.), *ਨਮਾਜ਼,* ਪੰਨਾ-19.
[213] 5:7.
[214] 7:35.
[215] 67:12.

ਨਾਲ ਉਹ ਜਿਸਨੂੰ ਚਾਹੁੰਦਾ ਹੈ ਰਾਹੇ ਪਾਉਂਦਾ ਹੈ ਅਤੇ ਜਿਸਨੂੰ ਅੱਲਾਹ ਹੀ ਰਾਹੇ ਨਾ ਪਾਵੇ ਉਸਦੇ ਲਈ ਫੇਰ ਕੋਈ ਰਾਹ ਦਰਸਾਉਣ ਵਾਲਾ ਨਹੀਂ ਹੈ।[216]

**ਤਵੱਕੁਲ ਭਾਵ ਖ਼ੁਦਾ ਉੱਤੇ ਭਰੋਸਾ**

ਰੱਬ ਉਪਰ ਭਰੋਸਾ ਕਰਨਾ ਬੰਦਗੀ ਦਾ ਵੱਡਾ ਗੁਣ ਹੈ। ਭਰੋਸੇ ਬਗੈਰ ਰੱਬ ਦੇ ਰਾਹ 'ਤੇ ਤੁਰਨਾ ਅਸੰਭਵ ਹੈ:

> ਹਜ਼ਰਤ ਉਮਰ (ਜਿਨ੍ਹਾਂ ਤੋਂ ਖ਼ੁਦਾ ਰਾਜ਼ੀ ਹੋਇਆ) ਨੇ ਕਿਹਾ ਕਿ ਮੈਂ ਅੱਲ੍ਹਾ ਦੇ ਰਸੂਲ (ਜਿਨ੍ਹਾਂ ਨੂੰ ਅੱਲ੍ਹਾ ਨੇ ਵਰੋਸਾਇਆ ਤੇ ਜਿਨ੍ਹਾਂ ਦੀ ਸੁਰੱਖਿਆ ਕੀਤੀ) ਨੂੰ ਇਹ ਫੁਰਮਾਉਂਦੇ ਸੁਣਿਆ ਕਿ ਜੇ ਤੁਸੀਂ ਲੋਕ ਅੱਲ੍ਹਾ ਉੱਤੇ ਭਰੋਸਾ ਕਰੋਗੇ ਤਾਂ ਉਹ ਤੁਹਾਨੂੰ ਨਿੱਤ ਖਾਣ-ਪੀਣ ਨੂੰ ਦੇਵੇਗਾ, ਜਿਵੇਂ ਕਿ ਉਹ ਚਿੜੀਆਂ ਨੂੰ ਦੈਨਿਕ ਚੋਗਾ ਦਿੰਦਾ ਹੈ। ਸਵੇਰ ਵੇਲੇ ਜਦ ਉਹ ਚੋਗੇ ਦੀ ਭਾਲ ਵਿਚ ਆਪਣੇ ਆਹਲਣਿਆਂ ਵਿਚੋਂ ਤੁਰਦੀਆਂ ਹਨ ਤਾਂ ਉਨ੍ਹਾਂ ਦੇ ਪੇਟ ਖ਼ਾਲੀ ਹੋਏ ਹੁੰਦੇ ਹਨ ਅਤੇ ਸੰਝ ਨੂੰ ਜਦ ਉਹ ਆਪਣੇ ਆਹਲਣਿਆਂ ਵਿਚ ਵਾਪਸ ਆਉਂਦੀਆਂ ਹਨ ਤਾਂ ਉਨ੍ਹਾਂ ਦੇ ਪੇਟ ਭਰੇ ਹੁੰਦੇ ਹਨ।[217]

ਅੱਲਾਹ 'ਤੇ ਭਰੋਸੇ ਬਾਰੇ ਨਮੂਨੇ ਵਜੋਂ ਹੇਠ ਲਿਖੀਆਂ ਆਇਤਾਂ ਦਿੱਤੀਆਂ ਜਾ ਰਹੀਆਂ ਹਨ:

> ਅੱਲਾਹ ਤੁਹਾਡੀ ਮਦਦ ਉੱਤੇ ਹੋਵੇ ਤਾਂ ਕੋਈ ਸ਼ਕਤੀ ਵੀ (ਤੁਹਾਡੇ ਉੱਤੇ ਗ਼ਾਲਬ ਨਹੀਂ ਆ ਸਕਦੀ ਅਤੇ ਉਹ ਤੁਹਾਨੂੰ ਛੱਡ ਦੇਵੇ ਤਾਂ ਇਸ ਪਿਛੋਂ ਕੌਣ ਹੈ ਜੋ ਤੁਹਾਡੀ ਸਹਾਇਤਾ ਕਰ ਸਕਦਾ ਹੋਵੇ ਸੋ ਜਿਹੜੇ ਸੱਚੇ ਈਮਾਨ ਵਾਲੇ ਹਨ ਉਹਨਾਂ ਨੂੰ ਅੱਲਾਹ ਉੱਤੇ ਹੀ ਭਰੋਸਾ ਰੱਖਣਾ ਚਾਹੀਦਾ ਹੈ।[218]
> ਸਬੂਤ ਤਾਂ ਅੱਲਾਹ ਦੀ ਆਗਿਆ ਨਾਲ ਹੀ ਆ ਸਕਦਾ ਹੈ ਤੇ ਅੱਲਾਹ ਉੱਤੇ ਹੀ ਈਮਾਨ ਵਾਲਿਆਂ ਨੂੰ ਭਰੋਸਾ ਕਰਨਾ ਚਾਹੀਦਾ ਹੈ। ਅਸੀਂ ਕਿਉਂ ਨਾ ਅੱਲਾਹ 'ਤੇ ਭਰੋਸਾ ਕਰੀਏ ਜਦੋਂ ਕਿ ਸਾਡੇ ਜੀਵਨ ਦੀਆਂ ਰਾਹਾਂ ਵਿੱਚ ਉਸਨੇ ਸਾਡੀ ਅਗਵਾਈ ਕੀਤੀ ਹੈ। ਜਿਹੜੇ ਤਸੀਹੇ ਤੁਸੀਂ ਸਾਨੂੰ ਦੇ ਰਹੇ ਹੋ ਉਹਨਾਂ 'ਤੇ ਅਸੀਂ ਸਬਰ ਕਰਾਂਗੇ ਅਤੇ ਭਰੋਸਾ ਕਰਨ ਵਾਲਿਆਂ ਦਾ ਭਰੋਸਾ ਅੱਲਾਹ 'ਤੇ ਹੀ ਹੋਣਾ ਚਾਹੀਦਾ ਹੈ।[219]

ਅੱਲਾਹ ਜਨਮ ਮਰਨ ਤੋਂ ਰਹਿਤ ਹੈ। ਇਸ ਲਈ ਉਸ ਉਪਰ ਭਰੋਸਾ ਕਰੋ। ਪੈਗੰਬਰ ਨੇ ਵੀ ਤਵੱਕੁਲ ਦਾ ਪ੍ਰਚਾਰ ਕੀਤਾ ਸੀ। ਅੱਗੇ ਉਹ ਆਇਤਾਂ ਦਿੱਤੀਆਂ ਜਾ ਰਹੀਆਂ ਹਨ ਜੋ ਪੈਗ਼ੰਬਰ ਰਾਹੀਂ ਅੱਲਾਹ ਉਪਰ ਭਰੋਸਾ ਲਿਆਉਣ ਦੇ ਪ੍ਰਚਾਰ ਨੂੰ ਸਪਸ਼ੱਟ ਕਰਦੀਆਂ ਹਨ :

> ਬੇਸ਼ੱਕ ਉਹ ਵੱਡਾ ਜ਼ੋਰਾਵਰ ਤੇ ਸਿਆਣਾ ਹੈ। ਹੇ ਨਬੀ! ਤੁਹਾਡੇ ਅਤੇ ਤੁਹਾਡੇ ਪੈਰੋਕਾਰ ਈਮਾਨ ਵਾਲਿਆਂ ਵਾਸਤੇ ਤਾਂ ਕੇਵਲ ਅੱਲਾਹ ਹੀ ਕਾਫੀ ਹੈ।[220]

> (ਹੇ ਨਬੀ!) ਕੀ ਅੱਲਾਹ ਆਪਣੇ ਬੰਦੇ ਲਈ ਕਾਫੀ ਨਹੀਂ ਹੈ। ਇਹ ਲੋਕ ਉਸ ਤੋਂ ਛੁੱਟ ਹੋਰਨਾਂ ਤੋਂ ਤੁਹਾਨੂੰ ਡਰਾਉਂਦੇ ਹਨ।[221]

ਪਵਿੱਤਰ ਕੁਰਆਨ ਵਿੱਚ ਰੱਬ ਦੇ ਭਰੋਸੇ ਬਾਰੇ ਜ਼ਿਕਰ ਕਰਦਿਆਂ ਇਤਿਹਾਸਕ ਤੱਥਾਂ ਨੂੰ ਵੀ ਆਧਾਰ ਬਣਾਇਆ ਗਿਆ ਹੈ। ਹਜ਼ਰਤ ਮੁਹੰਮਦ (ਸ.) ਦੇ ਜੀਵਨ ਵਿਚ ਉਹੁਦ ਦੀ ਜੰਗ ਹੋਈ ਸੀ। ਇਸ ਜੰਗ ਵਿੱਚ ਮੁਸਲਮਾਨਾਂ ਦਾ ਸਿਦਕ ਪਰਖਿਆ ਗਿਆ ਸੀ। ਦੁਸਮਣਾਂ ਨੇ ਇੱਕੋ ਸਮੇਂ ਦੋ ਪਾਸਿਆਂ ਤੋਂ ਮੁਸਲਮਾਨਾਂ ਉਪਰ ਹਮਲਾ ਕਰ ਦਿੱਤਾ ਸੀ। ਮੁਸਲਮਾਨ ਆਲੇ-ਦੁਆਲੇ ਖਿਲਰ ਗਏ ਸਨ ਅਤੇ ਹਜ਼ਰਤ ਮੁਹੰਮਦ (ਸ.) ਉਹਨਾਂ ਨੂੰ ਅੱਲਾਹ ਦਾ ਵਾਸਤਾ ਪਾ ਕੇ ਦੁਬਾਰਾ ਮੈਦਾਨ ਵੱਲ ਆਉਣ ਲਈ ਕਹਿ ਰਹੇ ਸਨ:

---

216 39:23.
217 *ਰਾਹੇ ਅਮਲ*, ਪੰਨਾ-166.
218 3:160.
219 14:12.
220 8:64.
221 39:36.

ਚਾਰੇ ਪਾਸੇ ਦੁਸ਼ਮਣਾਂ ਦੀ ਭੀੜ ਸੀ, ਆਪ ਦੇ ਕੋਲ ਸਿਰਫ ਦਸ-ਬਾਰਾਂ ਆਦਮੀ ਰਹਿ ਗਏ ਸਨ ਪਰ ਅੱਲਾਹ ਦਾ ਰਸੂਲ ਇੰਨੀ ਔਖੀ ਘੜੀ ਤੇ ਵੀ ਆਪਣੀ ਥਾਂ ਪਹਾੜ ਵਾਂਗ ਜੰਮਿਆ ਹੋਇਆ ਸੀ ਅਤੇ ਨੱਸਣ ਵਾਲਿਆਂ ਨੂੰ ਬੁਲਾ ਰਿਹਾ ਸੀ,"ਇਕਯਾ ਇਬਦੱਲਾਹ,'ਇਕੱਯਾ ਇਬਦੱਲਾਹ," (ਅੱਲਾਹ ਦੇ ਬੰਦਿਓ ਮੇਰੇ ਵੱਲ ਆਓ, ਅੱਲਾਹ ਦੇ ਬੰਦਿਓ ਮੇਰੇ ਵੱਲ ਆਓ।[222]

ਉਪਰੋਕਤ ਘਟਨਾ ਬਾਰੇ ਪਵਿੱਤਰ ਕੁਰਆਨ ਦਾ ਕਥਨ ਹੈ:

ਯਾਦ ਕਰੋ ਜਦੋਂ ਤੁਸੀਂ ਨੱਸੇ ਜਾ ਰਹੇ ਸੀ, ਕਿਸੇ ਵੱਲ ਮੁੜ ਕੇ ਵੇਖਣ ਦੀ ਸੁਰਤ ਵੀ ਤੁਹਾਨੂੰ ਨਹੀਂ ਸੀ ਅਤੇ ਰਸੂਲ ਤੁਹਾਡੇ ਪਿੱਛੇ ਤੁਹਾਨੂੰ ਸੱਦ ਰਿਹਾ ਸੀ। ਉਸ ਵੇਲੇ ਤੁਹਾਡੇ ਇਸ ਵਤੀਰੇ ਦਾ ਬਦਲਾ ਅੱਲਾਹ ਨੇ ਇਹ ਦਿੱਤਾ ਕਿ ਤੁਹਾਨੂੰ ਲੋਹੜੇ ਦੇ ਕਸ਼ਟ ਦਿੱਤੇ ਤਾਂ ਜੋ ਅਗਾਂਹ ਲਈ ਤੁਹਾਨੂੰ ਇਹ ਸਿਖਿਆ ਮਿਲੇ ਕਿ ਜੋ ਕੁਝ ਤੁਹਾਡੇ ਹੱਥੋਂ ਨਿਕਲ ਜਾਵੇ ਜਾਂ ਜਿਹੜੀ ਔਕੜ ਤੁਹਾਡੇ ਸਿਰ ਆ ਪਵੇ, ਉਸ ਉੱਤੇ ਤੁਸੀਂ ਚਿੰਤਾ ਨਾ ਕਰੋ। ਅੱਲਾਹ ਨੂੰ ਤੁਹਾਡੇ ਸਾਰੇ ਅਮਲਾਂ ਦੀ ਖ਼ਬਰ ਹੈ।[223]

**ਸਬਰ**

ਅਮਲ ਨਾਲ ਸਬਰ ਪੈਦਾ ਹੁੰਦਾ ਹੈ। ਕੁਰਆਨ ਉਨ੍ਹਾਂ ਸ਼ਖਸ਼ੀਅਤਾਂ ਦੀਆਂ ਮਿਸਾਲਾਂ ਵੀ ਦਿੰਦਾ ਹੈ ਜਿੰਨ੍ਹਾਂ ਨੇ ਸਬਰ ਧਾਰਨ ਕੀਤਾ ਸੀ। ਸਬਰ ਮਨੁੱਖ ਵਿਚ ਦੈਵੀ ਗੁਣਾਂ ਦਾ ਸੰਚਾਰ ਕਰਦਾ ਹੈ। ਪਵਿੱਤਰ ਕੁਰਆਨ ਦੱਸਦਾ ਹੈ ਕਿ ਅੱਲਾਹ ਬੰਦੇ ਨੂੰ ਮੁਸ਼ਕਿਲਾਂ ਵਿਚ ਪਾ ਕੇ ਉਸਦੀ ਪਰਖ ਕਰਦਾ ਹੈ। ਇਸ ਪਰਖ ਵਿਚ ਸਬਰ ਵਾਲੇ ਹੀ ਕਾਮਯਾਬ ਹੁੰਦੇ ਹਨ :

ਹੇ ਈਮਾਨ ਲਿਆਉਣ ਵਾਲਿਓ ! ਸਬਰ ਅਤੇ ਨਮਾਜ਼ ਤੋਂ ਸਹਾਇਤਾ ਲਓ। ਅੱਲਾਹ ਸਬਰ ਕਰਨ ਵਾਲਿਆਂ ਦੇ ਅੰਗ-ਸੰਗ ਹੈ ਅਤੇ ਜਿਹੜੇ ਲੋਕ ਅੱਲਾਹ ਦੇ ਰਾਹ ਵਿੱਚ ਮਾਰੇ ਜਾਣ ਉਨ੍ਹਾਂ ਨੂੰ ਮੁਰਦਾ ਨਾ ਆਖੋ, ਅਜਿਹੇ ਲੋਕ ਤਾਂ ਅਸਲ ਵਿੱਚ ਜਿਉਂਦੇ ਹਨ, ਪਰ ਤੁਸੀਂ ਉਹਨਾਂ ਦੇ ਜੀਵਨ ਨੂੰ ਸਮਝ ਨਹੀਂ ਸਕਦੇ ਅਤੇ ਅਸੀਂ ਜ਼ਰੂਰ ਹੀ ਤੁਹਾਨੂੰ ਸਹਿਮ, ਭੁੱਖ-ਦੁੱਖ, ਜਾਨ-ਮਾਲ ਦਾ ਹਾਣ ਤੇ ਆਮਦਨੀਆਂ ਦਾ ਘਾਟਾ ਦੇ ਕੇ ਤੁਹਾਡੀ ਪਰੀਖਿਆ ਲਵਾਂਗੇ। ਇਹਨਾਂ ਹਾਲਤਾਂ ਵਿੱਚ ਜਿਹੜੇ ਲੋਕ ਜਮੇ ਰਹਿਣ ਅਤੇ ਜਦ ਕੋਈ ਮੁਸੀਬਤ ਆ ਪਵੇ ਤਾਂ ਆਖਣ ਕਿ "ਅਸੀਂ ਅੱਲਾਹ ਦੇ ਹੀ ਹਾਂ ਅਤੇ ਅੱਲਾਹ ਵੱਲ ਹੀ ਅਸਾਂ ਪਰਤ ਕੇ ਜਾਣਾ ਹੈ" ਉਸ ਨੂੰ ਖੁਸਖ਼ਬਰੀ ਦੇ ਦਿਓ। ਉਨ੍ਹਾਂ 'ਤੇ ਉਨ੍ਹਾਂ ਦੇ ਰੱਬ ਵਲੋਂ ਵੱਡੀਆਂ ਮਿਹਰਾਂ ਹੋਣਗੀਆਂ, ਉਸ ਦੀ ਰਹਿਮਤ ਉਨ੍ਹਾਂ ਉੱਤੇ ਛਾਂ ਕਰੇਗੀ ਅਤੇ ਅਜਿਹੇ ਲੋਕ ਹੀ ਸਿੱਧੇ ਰਾਹ 'ਤੇ ਹਨ।[224]

ਉਪਰੋਕਤ ਕਥਨ ਤੋਂ ਸਪਸ਼ਟ ਹੁੰਦਾ ਹੈ ਕਿ ਸਬਰ ਬੰਦੇ ਦੀ ਅਜਿਹੀ ਅਵਸਥਾ ਹੈ ਜਿਸ ਵਿਚ ਉਹ ਮੰਨਦਾ ਹੈ ਕਿ ਜੇਕਰ ਸੁੱਖ ਉਸ ਵਲੋਂ ਮਿਲਦੇ ਹਨ ਤਾਂ ਦੁੱਖ ਵੀ ਉਸ ਵੱਲੋਂ ਹੀ ਮਿਲਦੇ ਹਨ :

ਇਸ ਭੈੜ ਤੋਂ ਪਾਕ ਜੇ ਕੋਈ ਹਨ ਤਾਂ ਸਿਰਫ ਉਹ ਲੋਕ ਜਿਹੜੇ ਸਬਰ ਤੋਂ ਕੰਮ ਲੈਣ ਵਾਲੇ ਤੇ ਸੁਕਰਮੀ ਹਨ ਅਤੇ ਉਹੀ ਹਨ ਜਿਹਨਾਂ ਲਈ ਬਖ਼ਸ਼ਿਸ਼ ਵੀ ਹੈ ਤੇ ਵੱਡਾ ਇਨਾਮ ਵੀ।[225]
ਸਬਰ ਤੋਂ ਕੰਮ ਲੈ, ਅੱਲਾਹ ਨੇਕੀ ਕਰਨ ਵਾਲਿਆਂ ਦਾ ਫਲ ਕਦੇ ਅਜਾਈ ਨਹੀਂ ਗੁਆਉਂਦਾ।[226]
ਸੋ ਹੇ ਨਬੀ ! ਤੂੰ ਉਸ ਦੀ ਬੰਦਗੀ ਕਰ ਤੇ ਉਸੇ 'ਤੇ ਭਰੋਸਾ ਰੱਖ, ਜੋ ਕੁਝ ਤੁਸੀਂ ਲੋਕ ਕਰ ਰਹੇ ਹੋ ਤੇਰਾ ਰੱਬ ਉਸ ਤੋਂ ਬੇਖ਼ਬਰ ਨਹੀਂ ਹੈ।[227]

ਕੁਰਆਨ ਵਾਰ-ਵਾਰ ਦ੍ਰਿੜ ਕਰਾਉਂਦਾ ਹੈ ਕਿ ਨਮਾਜ਼ ਦੇ ਨਾਲ-ਨਾਲ ਸਬਰ ਦਾ ਵੀ ਖਾਸ ਮਹੱਤਵ ਹੈ :

ਸਬਰ ਤੇ ਨਮਾਜ਼ ਤੋਂ ਮਦਦ ਲਓ, ਬੇਸ਼ੱਕ ਨਮਾਜ਼ ਇੱਕ ਵੱਡਾ ਔਖਾ ਕੰਮ ਹੈ।[228]

---

222 *ਕੁਰਆਨ ਮਜੀਦ,* ਫੁਟ ਨੋਟ ਨੰ. 31, ਪੰਨਾ-119.
223 3:153.
224 2:153-157.
225 11:11.
226 11:115.
227 11:123.
228 2:45.

> ਜਦੋਂ ਉਹਨਾਂ ਧੀਰਜ ਤੋਂ ਕੰਮ ਲਿਆ ਤੇ ਸਾਡੀਆਂ ਆਇਤਾਂ ਉਤੇ ਭਰੋਸਾ ਕੀਤਾ ਤਾਂ ਅਸੀਂ ਉਹਨਾਂ ਵਿਚੋਂ ਅਜਿਹੇ ਆਗੂ ਪੈਦਾ ਕੀਤੇ ਜਿਹੜੇ ਸਾਡੇ ਆਦੇਸ਼ ਨਾਲ ਉਹਨਾਂ ਦੀ ਅਗਵਾਈ ਕਰਦੇ ਸਨ।[229]

ਮੌਲਾਨਾ ਜਲੀਲ ਅਹਿਸਨ ਨਦਵੀ ਲਿਖਦੇ ਹਨ:

> ਜਿਹੜਾ ਆਦਮੀ ਪ੍ਰੀਖਿਆ ਵਿਚ ਪੈਣ ਤੇ ਸਬਰ ਕਰਦਾ ਹੈ ਉਹ ਉਸ ਸਮੇਂ ਤਕ ਸਬਰ ਨਹੀਂ ਕਰ ਸਕਦਾ ਜਦ ਤਕ ਉਸਨੂੰ ਖੁਦਾ ਉੱਤੇ ਵਿਸ਼ਵਾਸ ਤੇ ਭਰੋਸਾ ਨਾ ਹੋਵੇ, ਉਹ ਆਦਮੀ ਬਿਲਕੁਲ ਸਬਰ ਨਹੀਂ ਕਰ ਸਕਦਾ ਜਿਸ ਵਿਚ ਸੰਤੋਖ ਦੇ ਗੁਣ ਨਹੀਂ ਹਨ। ਇਸੇ ਤਰ੍ਹਾਂ ਧਿਆਨ ਦੇਣ ਤੇ ਪਤਾ ਲਗੇਗਾ ਕਿ ਸੰਤੋਖ ਦੇ ਗੁਣ ਆਪਣੇ ਨਾਲ ਕਿਤਨੀਆਂ ਖੂਬੀਆਂ ਇਕੱਤਰ ਕਰਦੇ ਹਨ।[230]

**ਸ਼ੁਕਰ**

ਅੱਲਾਹ ਦੀ ਬੰਦਗੀ ਅੱਲਾਹ ਦਾ ਸ਼ੁਕਰਾਨਾ ਹੈ। ਅੱਲਾਹ ਨੇ ਧਰਤੀ, ਆਕਾਸ਼, ਪਾਣੀ ਅਤੇ ਹੋਰ ਖਾਧ ਪਦਾਰਥ ਮਨੁੱਖਾਂ ਨੂੰ ਦਿੱਤੇ ਹਨ। ਇਨ੍ਹਾਂ ਵਸਤੂਆਂ ਲਈ ਅੱਲਾਹ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ:

> ਤੁਸੀਂ ਇਹਨਾਂ ਕੋਲੋਂ ਪੁੱਛੋ ਕਿ ਧਰਤੀ ਅਤੇ ਅਕਾਸ਼ਾਂ ਦੀ ਰਚਨਾ ਕਿਸ ਨੇ ਰਚਾਈ ਹੈ, ਤਾਂ ਇਹ ਜ਼ਰੂਰ ਆਖਣਗੇ ਕਿ ਅੱਲਾਹ ਨੇ ਆਖੋ ਸੋਭਾ ਅੱਲਾਹ ਲਈ ਹੀ ਹੈ ਪਰ ਇਨ੍ਹਾਂ ਵਿਚੋਂ ਵਧੇਰੇ ਲੋਕ ਜਾਣਦੇ ਨਹੀਂ ਹਨ।[231]

ਅੱਲਾਹ ਨੇ ਕਿੰਨੀਆਂ ਨਿਆਮਤਾਂ ਨਾਲ ਬੰਦੇ ਨੂੰ ਨਿਵਾਜ਼ਿਆ ਹੈ ਪਰ ਮਨੁੱਖ ਨਾ-ਸ਼ੁਕਰਾ ਰਹਿੰਦਾ ਹੈ:

> ਅਸੀਂ ਤੁਹਾਨੂੰ ਧਰਤੀ 'ਤੇ ਅਧਿਕਾਰਾਂ ਨਾਲ ਵਸਾਇਆ ਅਤੇ ਤੁਹਾਡੇ ਲਈ ਇਥੇ ਜੀਵਨ ਸਮੱਗਰੀ ਉਪਲਬਧ ਕੀਤੀ, ਪਰ ਤੁਸੀਂ ਲੋਕ ਘੱਟ ਹੀ ਸ਼ੁਕਰ ਕਰਦੇ ਹੋ[232]

ਪਵਿੱਤਰ ਕੁਰਆਨ ਦੱਸਦਾ ਹੈ ਕਿ ਤੁਸੀਂ ਸ਼ੰਕਿਆਂ ਵਿਚ ਨਾ ਪਓ ਅਤੇ ਰੱਬ ਦੇ ਸ਼ੁਕਰ ਗੁਜ਼ਾਰ ਬਣੋ। ਸ਼ੁਕਰ ਕਰਨਾ ਵੀ ਰੱਬੀ ਯਾਦ ਹੈ। ਰੱਬ ਨੂੰ ਯਾਦ ਕਰਨ ਵਾਲੇ ਹੀ ਉਸਦਾ ਸ਼ੁਕਰ ਕਰਦੇ ਹਨ। ਜੇਕਰ ਸ਼ੁਕਰ ਕਰਨ ਦੀ ਹਾਲਤ ਬੰਦੇ ਦੀ ਰਹੇਗੀ ਤਾਂ ਉਸ ਵਿਚ ਚੌਵੀਂ ਘੰਟੇ ਚੰਗੇ ਗੁਣ ਭਾਰੂ ਰਹਿਣਗੇ:

> ਸੋ ਤੁਸੀਂ ਮੈਨੂੰ ਯਾਦ ਰੱਖੋ, ਮੈਂ ਤੁਹਾਨੂੰ ਯਾਦ ਰੱਖਾਂਗਾ ਅਤੇ ਮੇਰਾ ਸ਼ੁਕਰ ਅਦਾ ਕਰੋ, ਮੇਰੀਆਂ ਨਿਆਮਤਾਂ ਦੀ ਬੇਕਦਰੀ ਨਾ ਕਰੋ।[233]

ਰੱਬ ਦਾ ਸ਼ੁਕਰ ਕਰਨ ਦਾ ਸਾਰੇ ਪੈਗੰਬਰਾਂ ਨੇ ਪ੍ਰਚਾਰ ਕੀਤਾ ਹੈ। ਪਵਿੱਤਰ ਕੁਰਆਨ ਦੱਸਦਾ ਹੈ ਕਿ ਰੱਬ ਦਾ ਸ਼ੁਕਰ ਕਰਨ ਵਾਲੇ ਕਿਸੇ ਲੋੜਵੰਦ ਨੂੰ ਨਹੀਂ ਝਿੜਕਦੇ। ਉਹ ਰੱਬ ਦੀਆਂ ਨਿਆਮਤਾਂ ਦਾ ਵਰਨਣ ਕਰਦੇ ਹਨ:

> ਇਸ ਲਈ ਯਤੀਮ ਉੱਤੇ ਕਰੜਾਈ ਨਾ ਕਰੋ, ਮੰਗਤੇ ਨੂੰ ਨਾ ਝਿੜਕੋ ਅਤੇ ਆਪਣੇ ਰੱਬ ਦੀ ਨਿਆਮਤ ਨੂੰ ਪ੍ਰਗਟ ਕਰੋ।[234]

ਕੁਰਆਨ ਨੇ ਜ਼ਿੰਦਗੀ ਦੇ ਦੋ ਰਾਹ ਦੱਸੇ ਹਨ- ਸ਼ੁਕਰ ਵਾਲਾ ਅਤੇ ਇਨਕਾਰ ਵਾਲਾ। ਇਸ ਲਈ ਇਹ ਫੈਸਲਾ ਬੰਦੇ ਉਪਰ ਹੈ ਕਿ ਉਸਨੇ ਕਿਹੜਾ ਰਾਹ ਚੁਣਨਾ ਹੈ:

> ਅਸੀਂ ਉਸਨੂੰ ਰਾਹ ਦਰਸਾ ਦਿੱਤਾ, ਹੁਣ ਭਾਵੇਂ ਸ਼ੁਕਰ ਕਰਨ ਵਾਲਾ ਬਣੇ ਜਾਂ ਇਨਕਾਰੀ।[235]

---

229 32:24.
230 *ਰਾਹੇ ਅਮਲ*, ਪੰਨਾ-163.
231 31:25.
232 7:10.
233 2:152.
234 93:09-11.

ਝੂਠੀਆਂ ਸ਼ਕਤੀਆਂ ਦੀ ਥਾਂ 'ਤੇ ਅੱਲਾਹ ਦੀ ਬੰਦਗੀ ਕਰੋ। ਪਵਿੱਤਰ ਕੁਰਆਨ ਦੀ ਇੱਕ ਸੂਰਤ 'ਲੁਕਮਾਨ' ਦੇ ਨਾਮ ਹੇਠ ਹੈ। ਲੁਕਮਾਨ ਹਕੀਮ ਸੀ। ਕੁਰਆਨ ਦੱਸਦਾ ਹੈ ਕਿ ਉਸਨੇ ਵੀ ਰੱਬ ਦਾ ਸ਼ੁਕਰ ਕਰਨ ਦਾ ਸੁਨੇਹਾ ਦਿੱਤਾ ਸੀ।[236] ਅੱਲਾਹ ਬੇਪਰਵਾਹ ਹੈ, ਉਸਨੂੰ ਕੋਈ ਫਿਕਰ ਨਹੀਂ ਕਿ ਇਨਕਾਰੀ ਉਸਦਾ ਵਿਰੋਧ ਕਰਨ ਪਰ ਜੇਕਰ ਉਸਦੇ ਬੰਦੇ ਉਸਦਾ ਸ਼ੁਕਰ ਨਾ ਕਰਨ ਤਾਂ ਇਹ ਗੱਲ ਅੱਲਾਹ ਨੂੰ ਗਵਾਰਾ ਨਹੀਂ ਹੈ। ਅੱਲਾਹ ਆਪਣੇ ਬੰਦਿਆਂ 'ਤੋਂ ਸ਼ੁਕਰ ਦੀ ਆਸ ਕਰਦਾ ਹੈ:

> ਜੇ ਤੁਸੀਂ ਇਨਕਾਰ ਕਰੋ ਤਾਂ ਅੱਲਾਹ ਤੁਹਾਥੋਂ ਬੇਪਰਵਾਹ ਹੈ, ਪਰ ਉਹ ਆਪਣੇ ਬੰਦਿਆਂ ਲਈ ਇਨਕਾਰ ਨੂੰ ਪਸੰਦ ਨਹੀਂ ਕਰਦਾ ਅਤੇ ਜੇ ਤੁਸੀਂ ਸ਼ੁਕਰ ਕਰੋ ਤਾਂ ਉਸਨੂੰ ਉਹ ਤੁਹਾਡੇ ਲਈ ਪਸੰਦ ਕਰਦਾ ਹੈ। ਕੋਈ ਭਾਰ ਚੁੱਕਣ ਵਾਲਾ ਕਿਸੇ ਦੂਜੇ ਦਾ ਭਾਰ ਨਹੀਂ ਚੁੱਕੇਗਾ। ਅੰਤ ਨੂੰ ਤੁਸੀਂ ਸਾਰਿਆਂ ਨੇ ਆਪਣੇ ਰੱਬ ਵੱਲ ਪਰਤਣਾ ਹੈ। ਫੇਰ ਉਹ ਤੁਹਾਨੂੰ ਦੱਸ ਦੇਵੇਗਾ ਕਿ ਤੁਸੀਂ ਕੀ ਕਰਦੇ ਰਹੇ ਹੋ। ਉਹ ਤਾਂ ਦਿਲਾਂ ਦਾ ਹਾਲ ਤਕ ਜਾਣਦਾ ਹੈ।[237]

ਪਵਿੱਤਰ ਕੁਰਆਨ ਪੈਗੰਬਰ ਮੂਸਾ ਦਾ ਹਵਾਲਾ ਦੇ ਕੇ ਦੱਸਦਾ ਹੈ ਕਿ ਰੱਬ ਦੇ ਤੁਹਾਡੇ ਉਪਰ ਬਹੁਤ ਅਹਿਸਾਨ ਹਨ। ਅੱਲਾਹ ਨੇ ਤੁਹਾਡੇ ਪੂਰਵਜਾਂ ਨੂੰ ਮਿਸਰ ਦੀ ਗੁਲਾਮੀ ਤੋਂ ਆਜ਼ਾਦ ਕਰਵਾਇਆ ਪਰ ਤੁਸੀਂ ਨਾਸ਼ੁਕਰੇ ਨਿਕਲੇ। ਤੁਹਾਨੂੰ ਰੱਬ ਦਾ ਸ਼ੁਕਰ ਕਰਨਾ ਚਾਹੀਦਾ ਹੈ:

> ਮੂਸਾ ਨੇ ਆਖਿਆ ਕਿ " ਜੇ ਤੁਸੀਂ ਇਨਕਾਰ ਕਰੋ ਤੇ ਧਰਤੀ ਦੇ ਸਾਰੇ ਵਸਨੀਕ ਵੀ ਕਾਫ਼ਰ ਬਣ ਜਾਣ ਤਾਂ ਅੱਲਾਹ ਵੱਡਾ ਬੇਪਰਵਾਹ ਤੇ ਆਪੇ ਆਪ ਸਲਾਹਿਆ ਹੋਇਆ ਹੈ। "[238]

ਮਨੁੱਖ ਦਾ ਸੁਭਾਅ ਅਜਿਹਾ ਹੈ ਕਿ ਜਦੋਂ ਇਸ ਕੋਲ ਸੁਖ ਆਉਂਦੇ ਹਨ ਤਾਂ ਇਹ ਨਾਸ਼ੁਕਰਾ ਹੋ ਜਾਂਦਾ ਹੈ:

> ਤੁਸਾਂ ਵੇਖਿਆ ਉਹਨਾਂ ਲੋਕਾਂ ਨੂੰ ਜਿਹਨਾਂ ਨੂੰ ਅੱਲਾਹ ਦੀ ਨਿਆਮਤ ਮਿਲੀ ਸੀ ਤੇ ਉਹਨਾਂ ਉਸ ਨੂੰ ਨਾਸ਼ੁਕਰੀ ਨਾਲ ਬਦਲ ਲਿਆ।[239]
>
> ਸੋ ਤੁਸੀਂ ਮੈਨੂੰ ਯਾਦ ਰੱਖੋ, ਮੈਂ ਤੁਹਾਨੂੰ ਯਾਦ ਰੱਖਾਂਗਾ ਅਤੇ ਮੇਰਾ ਸ਼ੁਕਰ ਅਦਾ ਕਰੋ, ਮੇਰੀਆਂ ਨਿਆਮਤਾਂ ਦੀ ਬੇਕਦਰੀ ਨਾ ਕਰੋ।[240]

ਪਵਿੱਤਰ ਕੁਰਆਨ ਉਦਾਹਰਣਾਂ ਸਮੇਤ ਨਾਸ਼ੁਕਰਿਆਂ ਦੀ ਹਾਲਤ ਬਾਰੇ ਦੱਸਦਾ ਹੈ:

> ਅੱਲਾਹ ਇੱਕ ਬਸਤੀ ਦੀ ਉਦਾਹਰਣ ਦਿੰਦਾ ਹੈ। ਉਹ ਅਮਨ ਤੇ ਚੈਨ ਨਾਲ ਜੀਵਨ ਬਤੀਤ ਕਰ ਰਹੀ ਸੀ ਅਤੇ ਹਰ ਪਾਸਿਓਂ ਉਸਨੂੰ ਬਹੁਲਤਾ ਨਾਲ ਰਿਜ਼ਕ ਪਹੁੰਚ ਰਿਹਾ ਸੀ ਕਿ ਉਸ ਨੇ ਅੱਲਾਹ ਦੀਆਂ ਨਿਆਮਤਾਂ ਦੀ ਨਾਸ਼ੁਕਰੀ ਕਰਨੀ ਸ਼ੁਰੂ ਕਰ ਦਿੱਤੀ। ਤਾਂ ਫੇਰ ਅੱਲਾਹ ਨੇ ਉਸਦੇ ਵਸਨੀਕਾਂ ਨੂੰ ਉਹਨਾਂ ਦੀਆਂ ਕਰਤੂਤਾਂ ਦਾ ਇਹ ਫ਼ਲ ਚਖਾਇਆ ਕਿ ਭੁੱਖ ਤੇ ਸਹਿਮ ਦੀਆਂ ਮੁਸੀਬਤਾਂ ਨੇ ਉਹਨਾਂ ਨੂੰ ਆ ਘੇਰਿਆ। ਉਹਨਾਂ ਕੋਲ ਉਹਨਾਂ ਦੀ ਆਪਣੀ ਕੌਮ ਵਿਚੋਂ ਇਕ ਰਸੂਲ ਆਇਆ। ਪਰ ਉਹਨਾਂ ਨੇ ਉਸਨੂੰ ਝੁਠਲਾ ਦਿੱਤਾ। ਅਤੇ ਅਜ਼ਾਬ ਨੇ ਉਹਨਾਂ ਨੂੰ ਆ ਦਬੋਚਿਆ ਜਦੋਂ ਕਿ ਉਹ ਜ਼ਾਲਮ ਬਣ ਚੁੱਕੇ ਸਨ।[241]

## ਜ਼ਿਕਰ

ਕੁਰਆਨ ਦਾ ਅਭਿਆਸ ਇਹ ਹੈ ਕਿ ਜਦੋਂ ਵੀ ਬੁਰੀਆਂ ਤਾਕਤਾਂ ਜਾਂ ਬੁਰੇ ਖਿਆਲ ਤੁਹਾਡੇ 'ਤੇ

---

[235] 76:3.
[236] ਦੇਖੋ, 31:12.
[237] 39:7.
[238] 14:8.
[239] 14:28.
[240] 2: 152.
[241] 16:112-113.

ਭਾਰੂ ਹੋਣ ਤਾਂ ਤੁਸੀਂ ਅੱਲਾਹ ਵੱਲ ਜਾਓ ਅਤੇ ਦੁਆ ਕਰੋ:

> ਜੇ ਤੁਸੀਂ ਸ਼ੈਤਾਨ ਵੱਲੋਂ ਕੋਈ ਉਕਸਾਹਟ ਮਹਿਸੂਸ ਕਰੋ ਤਾਂ ਅੱਲਾਹ ਦੀ ਸ਼ਰਣ ਮੰਗ ਲਓ। ਉਹ ਵੱਡਾ ਸੁਣਨਹਾਰ ਤੇ ਜਾਣਨਹਾਰ ਹੈ।[242]

ਜ਼ਿਕਰ ਵਿਚ ਖ਼ੁਦਾ ਦੇ ਗੁਣਾਂ ਨੂੰ ਯਾਦ ਕੀਤਾ ਜਾਂਦਾ ਹੈ:

> ਇਹ ਰਾਤ ਦਿਨ, ਸੂਰਜ ਤੇ ਚੰਨ ਅੱਲਾਹ ਦੀਆਂ ਨਿਸ਼ਾਨੀਆਂ ਵਿੱਚੋਂ ਹਨ। ਸੂਰਜ ਤੇ ਚੰਨ ਨੂੰ ਮੱਥਾ ਨਾ ਟੇਕਿਆ ਕਰੋ ਸਗੋਂ ਉਸ ਅੱਲਾਹ ਨੂੰ ਸਿਜਦਾ ਕਰੋ ਜਿਸਨੇ ਉਹਨਾਂ ਨੂੰ ਸਾਜਿਆ ਹੈ ਜੇ ਤੁਸੀਂ ਅਸਲੋਂ ਉਸੇ ਦੀ ਉਪਾਸਨਾ ਕਰ ਵਾਲੇ ਹੋ।[243]

ਜ਼ਿਕਰ ਕਰਦਿਆਂ ਨਮਾਜ਼ ਨੂੰ ਸੌਖ ਨਾਲ ਪੜ੍ਹਣਾ ਚਾਹੀਦਾ ਹੈ। ਕਾਹਲਪੁਣਾ ਅਤੇ ਸਰੀਰ ਨੂੰ ਦੁਖ ਦੇਣਾ ਅੱਲਾਹ ਨੂੰ ਚੰਗਾ ਨਹੀਂ ਲੱਗਦਾ:

> ਹੇ ਨਬੀ! ਤੁਹਾਡਾ ਰੱਬ ਜਾਣਦਾ ਹੈ ਕਿ ਤੁਸੀਂ ਕਦੇ ਲਗਭਗ ਦੋ ਤਿਹਾਈ ਰਾਤ, ਕਦੇ ਅੱਧੀ ਰਾਤ ਕਦੇ ਇੱਕ ਤਿਹਾਈ ਰਾਤ ਬੰਦਗੀ ਵਿਚ ਖੜ੍ਹੋਤੇ ਰਹਿੰਦੇ ਹੋ ਅਤੇ ਤੁਹਾਡੇ ਸਾਥੀਆਂ ਵਿਚੋਂ ਵੀ ਇੱਕ ਟੋਲੀ ਇਹੋ ਕੰਮ ਕਰਦੀ ਹੈ। ਅੱਲਾਹ ਹੀ ਰਾਤ ਅਤੇ ਦਿਨ ਦਾ ਲੇਖਾ ਰਖਦਾ ਹੈ। ਉਸ ਨੂੰ ਪਤਾ ਹੈ ਕਿ ਤੁਸੀਂ ਲੋਕ ਸਮਿਆਂ ਦੀ ਠੀਕ ਗਿਣਤੀ ਨਹੀਂ ਕਰ ਸਕਦੇ, ਸੋ ਉਸ ਨੇ ਤੁਹਾਡੇ ਉੱਤੇ ਮਿਹਰ ਕੀਤੀ; ਹੁਣ ਜਿੰਨਾ ਕੁਰਆਨ ਸੌਖ ਨਾਲ ਪੜ੍ਹ ਸਕਦੇ ਹੋ ਪੜ੍ਹ ਲਿਆ ਕਰੋ। ਉਸ ਨੂੰ ਪਤਾ ਹੈ ਕਿ ਤੁਹਾਡੇ ਵਿਚੋਂ ਕੁੱਝ ਰੋਗੀ ਹੋਣਗੇ, ਕੁੱਝ ਲੋਕ ਅੱਲਾਹ ਦੀ ਕਿਰਪਾਲਤਾ ਦੀ ਭਾਲ ਵਿਚ ਸਫਰ ਕਰਦੇ ਹਨ ਅਤੇ ਕੁੱਝ ਹੋਰ ਲੋਕ ਅੱਲਾਹ ਦੇ ਰਾਹ ਵਿਚ ਯੁੱਧ ਕਰਦੇ ਹਨ। ਇਸ ਲਈ ਜਿੰਨਾ ਕੁਰਆਨ ਸੌਖ ਨਾਲ ਪੜ੍ਹਿਆ ਜਾ ਸਕੇ, ਪੜ੍ਹ ਲਿਆ ਕਰੋ, ਨਮਾਜ਼ ਕਾਇਮ ਕਰੋ, ਜ਼ਕਾਤ ਦਿਓ ਅਤੇ ਅੱਲਾਹ ਨੂੰ ਸੋਹਣਾ ਕਰਜ਼ਾ ਦਿੰਦੇ ਰਹੋ।[244]

> ਕੁਰਆਨ ਈਮਾਨ ਵਾਲਿਆਂ ਲਈ ਫਾਇਦੇ ਵਾਲਾ ਹੈ ਪਰ ਇਨਕਾਰੀਆਂ ਲਈ ਅੱਖਾਂ ਦੀ ਪੱਟੀ ਹੈ (41:44)

ਮਨੁੱਖ ਅੱਲਾਹ ਨੂੰ ਬਿਪਤਾ ਵਿੱਚ ਯਾਦ ਕਰਦਾ ਹੈ। ਬਿਪਤਾ ਟਲਦਿਆਂ ਹੀ ਅੱਲਾਹ ਦੇ ਰਾਹ ਤੋਂ ਟਲ ਜਾਂਦਾ ਹੈ। ਕਿੰਨੇ ਹੀ ਪੈਗੰਬਰ ਇਸ ਧਰਤੀ ‘ਤੇ ਭੇਜੇ ਗਏ ਪਰ ਇਨਕਾਰੀਆਂ ਦੇ ਸਵਾਲ ਬਰਕਰਾਰ ਰਹੇ ਅਤੇ ਉਨ੍ਹਾਂ ਦੀ ਤਸੱਲੀ ਨਾ ਹੋਈ। ਇਬਰਾਹੀਮ ਸਿੱਧੇ ਰਸਤੇ ਤੇ ਸੀ। ਉਸਨੇ ਪਿਤਰੀ ਧਰਮ ਦਾ ਤਿਆਗ ਕਰਕੇ ਇਕ ਅੱਲਾਹ ਦੀ ਬੰਦਗੀ ਕੀਤੀ ਅਤੇ ਹੋਰਨਾਂ ਨੂੰ ਇਸ ਰਾਹ ਤੇ ਆਉਣ ਲਈ ਪ੍ਰੇਰਿਆ ਅਤੇ ਅੱਲਾਹ ਨੂੰ ਯਾਦ ਕਰਨ ਨੂੰ ਕਿਹਾ। ਅੱਲਾਹ ਨੂੰ ਵਾਰ-ਵਾਰ ਯਾਦ ਕਰਨ ਦਾ ਨਾਮ ‘ਜ਼ਿਕਰ’ ਹੈ। ਕੁਰਆਨ ਨੂੰ ਵੀ ਵਾਰ-ਵਾਰ ਪੜਨ ਕਰਕੇ ‘ਜ਼ਿਕਰ’ ਕਿਹਾ ਗਿਆ ਹੈ। ਰੱਬ ਦੀ ਯਾਦ ਬਾਰੇ ਹਦੀਸ ਦੱਸਦੇ ਹਨ:

> ਨਬੀ (ਜਿਨ੍ਹਾਂ ਨੂੰ ਅੱਲ੍ਹਾ ਨੇ ਵਰੋਸਾਇਆ ਤੇ ਜਿਨ੍ਹਾਂ ਦੀ ਸੁਰੱਖਿਆ ਕੀਤੀ) ਨੇ ਕਿਹਾ ਕਿ ਅੱਲਾਹ ਫੁਰਮਾਉਂਦਾ ਹੈ ਕਿ ਜਦ ਮੇਰਾ ਦਾਸ ਮੈਨੂੰ ਯਾਦ ਕਰਦਾ ਹੈ ਅਤੇ ਮੇਰੀ ਯਾਦ ਵਿਚ ਜਦ ਉਸਦੇ ਦੋਵੇਂ ਬੁੱਲ੍ਹ ਹਿਲਦੇ ਹਨ ਤਾਂ ਉਸ ਸਮੇਂ ਮੈਂ ਉਸ ਦੇ ਨਾਲ ਹੁੰਦਾ ਹਾਂ। (ਉਸ ਦੇ ਨਾਲ ਹੁੰਦਾ ਹਾਂ) ਦਾ ਮੰਤਵ ਇਹ ਹੈ ਕਿ

---

[242] 41:36.
[243] 41:37.
[244] 73:20.

> ਅੱਲ੍ਹਾ ਉਸ ਆਦਮੀ ਨੂੰ ਆਪਣੀ ਸੁਰੱਖਿਆ ਤੇ ਦੇਖਭਾਲ ਵਿਚ ਲੈ ਲੈਂਦਾ ਹੈ ਅਤੇ ਉਸ ਨੂੰ ਬੁਰਾਈ ਤੇ ਅਵੱਗਿਆ ਤੋਂ ਬਚਾਉਂਦਾ ਹੈ।[245]

ਪਵਿੱਤਰ ਕੁਰਆਨ ਦੱਸਦਾ ਹੈ ਕਿ ਅੱਲਾਹ ਨੂੰ ਤਾਂ ਹਰ ਸਮੇਂ ਯਾਦ ਕਰਨਾ ਚਾਹੀਦਾ ਹੈ ਪਰ ਸਵੇਰ ਅਤੇ ਸ਼ਾਮ ਚੰਗੇ ਵੇਲੇ ਹਨ:

> ਹੇ ਈਮਾਨ ਲਿਆਉਣ ਵਾਲਿਓ ! ਅੱਲਾਹ ਦਾ ਬਹੁਲਤਾ ਨਾਲ ਸਿਮਰਨ ਕਰੋ ਅਤੇ ਸਵੇਰੇ-ਸ਼ਾਮ ਉਸਦੀ ਤਸਬੀਹ ਕਰਦੇ ਰਹੋ।[246]

ਰੱਬ ਦਾ ਜ਼ਿਕਰ ਚਿੰਤਾਵਾਂ ਨੂੰ ਦੂਰ ਕਰਦਾ ਹੈ :

> ਅਜਿਹੇ ਹੀ ਲੋਕ ਹਨ ਉਹ ਜਿਹਨਾਂ ਨੇ (ਇਸ ਨਬੀ ਦੇ ਸੱਦੇ ਨੂੰ) ਪਰਵਾਨ ਕਰ ਲਿਆ ਹੈ ਅਤੇ ਉਹਨਾਂ ਦੇ ਹਿਰਦਿਆਂ ਨੂੰ ਅੱਲਾਹ ਦੇ ਸਿਮਰਨ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੈ।[247]
>
> ਹੇ ਨਬੀ ! ਆਪਣੇ ਰੱਬ ਦਾ ਫ਼ੈਸਲਾ ਆਉਣ ਤਕ ਧੀਰਜ ਤੋਂ ਕੰਮ ਲਓ। ਤੁਸੀਂ ਸਾਡੀਆਂ ਅੱਖਾਂ ਤੇ ਸਾਹਮਣੇ ਹੋ। ਤੁਸੀਂ ਜਦੋਂ ਉਠੋ ਤਾਂ ਆਪਣੇ ਰੱਬ ਦੀ ਉਸਤਤ ਦੇ ਨਾਲ ਉਸਦੀ ਤਸਬੀਹ ਕਰੋ। ਰਾਤ ਵੇਲੇ ਵੀ ਉਸਦੀ ਤਸਬੀਹ ਕਰਦੇ ਰਹੋ ਅਤੇ ਜਦੋਂ ਤਾਰੇ ਪਰਤਦੇ ਹਨ ਉਸ ਵੇਲੇ ਵੀ।[248]
>
> ਇਸ ਲਈ ਜਦੋਂ ਤੁਸੀਂ ਵਿਹਲੇ ਹੋ ਜਾਓ ਤਾਂ ਬੰਦਗੀ ਦੀ ਮਿਹਨਤ ਵਿੱਚ ਰੁੱਝ ਜਾਓ।[249]

ਅੱਲਾਹ ਦਾ ਜ਼ਿਕਰ ਸਵੇਰ-ਸ਼ਾਮ ਤੋਂ ਸ਼ੁਰੂ ਹੋ ਕੇ ਪੰਜ ਨਮਾਜ਼ਾਂ ਤੱਕ ਅਤੇ ਫੇਰ ਪੰਜ ਨਮਾਜ਼ਾਂ ਤੋਂ ਮੌਤ ਤੱਕ ਨਾਲ ਨਿਭਦਾ ਹੈ। ਇਸ ਲਈ ਕੁਰਆਨ ਕਹਿੰਦਾ ਹੈ ਕਿ ਮੌਤ ਤੱਕ ਉਸਦਾ ਜ਼ਿਕਰ ਕਰਦੇ ਰਹੋ:

> ਅਸੀਂ ਜਾਣਦੇ ਹਾਂ ਕਿ ਇਹ ਲੋਕ ਜਿਹੜੀਆਂ ਲੰਬੀਆਂ-ਬੁਝਾਰਤਾਂ ਤੁਹਾਨੂੰ ਮਾਰਦੇ ਹਨ ਉਹਨਾਂ ਨਾਲ ਤੁਹਾਡਾ ਦਿਲ ਕੁੜ੍ਹਦਾ ਹੈ। (ਇਹਦਾ ਇਲਾਜ਼ ਇਹ ਹੈ ਕਿ) ਆਪਣੇ ਰੱਬ ਦੀ ਉਸਤਤ ਕਰਦਿਆਂ ਹੋਇਆਂ ਉਹਦਾ ਜਾਪ ਕਰੋ, ਉਹਦੀ ਹਜ਼ੂਰੀ ਵਿੱਚ ਸਿਜਦਾ ਕਰੋ ਅਤੇ ਉਸ ਅਖ਼ੀਰੀ ਘੜੀ ਤੀਕ ਆਪਣੇ ਰੱਬ ਦੀ ਬੰਦਗੀ ਕਰਦੇ ਰਹੋ ਜਿਸਦਾ ਆਉਣਾ ਯਕੀਨੀ ਹੈ।[250]

ਰੱਬ ਨੂੰ ਯਾਦ ਨਾ ਕਰਨ ਵਾਲਿਆਂ ਦਾ ਮਿੱਤਰ, ਸ਼ੈਤਾਨ ਹੈ:

> ਜਿਹੜਾ ਵਿਅਕਤੀ ਅਤਿਅੰਤ ਮਿਹਰਬਾਨ ਰੱਬ ਦੇ ਸਿਮਰਨ ਤੋਂ ਉਪਾਖਿਆ ਕਰਦਾ ਹੈ। ਅਸੀਂ ਉਸ ਉਤੇ ਇੱਕ ਸ਼ੈਤਾਨ ਨਿਯੁਕਤ ਕਰ ਦਿੰਦੇ ਹਾਂ ਤੇ ਉਹ ਉਸਦਾ ਸਾਥੀ ਬਣ ਜਾਂਦਾ ਹੈ। ਇਹ ਸ਼ੈਤਾਨ ਅਜਿਹੇ ਲੋਕਾਂ ਨੂੰ ਸਿੱਧੇ ਰਾਹ ਤੇ ਆਉਣੋਂ ਰੋਕਦੇ ਹਨ ਅਤੇ ਉਹ ਆਪਣੀ ਥਾਂ ਇਹ ਸਮਝਦੇ ਹਨ ਕਿ ਅਸੀਂ ਠੀਕ ਜਾ ਰਹੇ ਹਾਂ। ਅੰਤ ਨੂੰ ਜਦੋਂ ਇਹ ਵਿਅਕਤੀ ਸਾਡੇ ਕੋਲ ਪੁੱਜੇਗਾ ਤਾਂ ਆਪਣੇ ਸ਼ੈਤਾਨ ਨੂੰ ਆਖੇਗਾ, ਕਾਸ਼ ! ਮੇਰੇ ਤੇ ਤੇਰੇ ਵਿਚਾਲੇ ਚੜ੍ਹਦੇ ਲਹਿੰਦੇ ਦੀ ਵਿੱਥ ਹੁੰਦੀ। ਤੂੰ ਤਾਂ ਬਹੁਤਾ ਹੀ ਭੈੜਾ ਸਾਥੀ ਨਿਕਲਿਆ।[251]
>
> ਲੋਕਾਂ ਵਿਚੋਂ ਕੋਈ ਅਜਿਹਾ ਹੈ ਜੋ ਕੰਢੇ ਤੇ ਰਹਿ ਕੇ ਅੱਲਾਹ ਦੀ ਬੰਦਗੀ ਕਰਦਾ ਹੈ।[252]

ਉਪਰੋਕਤ ਤੁਕ ਵਿਚ ਆਏ ਸ਼ਬਦ 'ਕੰਢੇ ਤੇ ਰਹਿ ਕੇ ਅੱਲਾਹ ਦੀ ਬੰਦਗੀ ਕਰਦਾ ਹੈ' ਦਾ ਅਰਥ ਹੈ :

> ਅਰਥਾਤ ਕੁਫ਼ਰ ਤੇ ਇਸਲਾਮ ਦੀ ਸਰਹੱਦ ਤੇ ਖੜੋ ਕੇ ਬੰਦਗੀ ਕਰਦਾ ਹੈ ਜਿਵੇਂ ਕੋਈ ਦੋ ਚਿੱਤੀ ਦਾ ਮਾਰਿਆ ਹੋਇਆ ਕਿਸੇ ਫੌਜ ਦੇ ਇੱਕ ਪਾਸੇ ਕੰਢੇ ਤੇ ਖੜ੍ਹਾ ਹੋਵੇ, ਜੇ ਜਿੱਤ ਹੁੰਦੀ ਵੇਖੇ ਤਾਂ ਨਾਲ ਆ ਰਲੇ ਅਤੇ ਹਾਰ ਹੁੰਦੀ ਵੇਖੇ ਤਾਂ ਚੁੱਪ-ਚਪੀਤੇ ਭੱਜ ਜਾਵੇ।[253]

---

245 *ਰਾਹੇ ਅਮਲ,* ਪੰਨਾ-191.
246 33:41.
247 13:28.
248 52:48-49.
249 94:7.
250 15:97-99.
251 43:36-38
252 22:11.

**ਮੁਆਫ਼ੀ ਮੰਗਣੀ**

ਅੱਲਾਹ ਤੋਂ ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗਣੀ ਸਾਧਕ ਵਿਚ ਨਿਮਰਤਾ ਅਤੇ ਅਧੀਨਗੀ ਨੂੰ ਪੈਦਾ ਕਰਦੀ ਹੈ। ਉਸ ਵਿਚ ਗੁਮਾਨ ਭਾਰੀ ਨਹੀਂ ਹੁੰਦਾ ਕਿ ਉਹ ਬਹੁਤ ਸਮਰੱਥ ਹੈ। ਰੱਬ ਤੋਂ ਮੁਆਫ਼ੀ ਮੰਗਣਾ ਰੱਬ ਅੱਗੇ ਆਪਣੇ ਗ਼ੁਨਾਹਾਂ ਦਾ ਆਪ ਇਕਬਾਲ ਕਰਨਾ ਹੈ। ਮਨੁੱਖ ਦੁਨੀਆ ਤੋਂ ਭੱਜ ਸਕਦਾ ਹੈ ਪਰ ਆਪਣੇ ਆਪ ਤੋਂ ਨਹੀਂ ਭੱਜ ਸਕਦਾ। ਇਸ ਅਵਸਥਾ ਵਿਚ ਮਨੁੱਖ ਆਪ ਆਪਣੇ ਗ਼ੁਨਾਹਾਂ ਬਾਰੇ ਦੱਸਦਾ ਹੈ ਅਤੇ ਮੁਆਫ਼ੀ ਮੰਗਦਾ ਹੈ। ਹੇਠ ਲਿਖੀਆਂ ਆਇਤਾਂ ਤੋਂ ਅੱਲਾਹ ਤੋਂ ਮੁਆਫ਼ੀ ਮੰਗਣ ਬਾਰੇ ਪਤਾ ਲੱਗਦਾ ਹੈ :

> ਅਜਿਹੇ ਭਲੇ ਲੋਕ ਅੱਲਾਹ ਨੂੰ ਡਾਢੇ ਪਿਆਰੇ ਲਗਦੇ ਹਨ ਅਤੇ ਜਿਹਨਾਂ ਦਾ ਹਾਲ ਇਹ ਹੈ ਕਿ ਜੇ ਕਦੇ ਕੋਈ ਅਸ਼ਲੀਲ ਕੰਮ ਉਹਨਾਂ ਤੋਂ ਹੋ ਜਾਂਦਾ ਹੈ ਜਾਂ ਕੋਈ ਗੁਨਾਹ ਕਰ ਕੇ ਉਹ ਆਪਣੇ ਉੱਤੇ ਜ਼ੁਲਮ ਕਰ ਬੈਠਦੇ ਹਨ ਤਾਂ ਝੱਟ ਅੱਲਾਹ ਉਹਨਾਂ ਨੂੰ ਯਾਦ ਆ ਜਾਂਦਾ ਹੈ ਅਤੇ ਉਸ ਕੋਲੋਂ ਉਹ ਆਪਣੇ ਕਸੂਰਾਂ ਲਈ ਖਿਮਾ ਚਾਹੁੰਦੇ ਹਨ ਕਿਉਂ ਜੋ ਅੱਲਾਹ ਤੋਂ ਛੁੱਟ ਹੋਰ ਕੌਣ ਹੈ ਜੋ ਗੁਨਾਹ ਮਾਫ਼ ਕਰ ਸਕਦਾ ਹੈ ਅਤੇ ਉਹ ਕਦੇ ਜਾਣ ਬੁਝ ਕੇ ਆਪਣੀ ਕਰਨੀ ਉੱਤੇ ਅੜੀ ਨਹੀਂ ਕਰਦੇ।[254]
> ਜੇ ਕੋਈ ਵਿਅਕਤੀ ਭੈੜਾ ਕੰਮ ਕਰ ਬੈਠੇ ਜਾਂ ਆਪਣੇ ਆਪ ਉੱਤੇ ਜ਼ੁਲਮ ਕਰ ਬੈਠੇ ਅਤੇ ਇਸ ਦੇ ਮਗਰੋਂ ਅੱਲਾਹ ਤੋਂ ਖਿਮਾਂ ਲਈ ਬੇਨਤੀ ਕਰੇ ਤਾਂ ਅੱਲਾਹ ਨੂੰ ਬਖਸ਼ਣਹਾਰ ਤੇ ਮਿਹਰਬਾਨ ਵੇਖੇਗਾ।[255]

> ਤੁਸੀਂ ਵਿਸ਼ਵਾਸ਼ਘਾਤੀ ਲੋਕਾਂ ਵੱਲੋਂ ਲੜਨ ਵਾਲੇ ਨਾ ਬਣੋ ਅਤੇ ਅੱਲਾਹ ਤੋਂ ਖਿਮਾ ਦੀ ਬੇਨਤੀ ਕਰੋ। ਉਹ ਡਾਢਾ ਬਖ਼ਸ਼ਣਹਾਰ ਤੇ ਰਹਿਮ ਫ਼ਰਮਾਉਣ ਵਾਲਾ ਹੈ।[256]

ਸੂਰਤ *ਅਨ-ਨਸਰ* ਉਹ ਆਖਰੀ ਸੂਰਤ ਹੈ ਜੋ ਹਜ਼ਰਤ ਮੁਹੰਮਦ (ਸ.) ਉਪਰ ਮੁਕੰਮਲ ਰੂਪ ਵਿਚ ਉਤਰੀ ਅਤੇ ਇਸਤੋਂ ਬਾਅਦ ਕੋਈ ਹੋਰ ਸੂਰਤ ਮੁਕੰਮਲ ਰੂਪ ਵਿਚ ਨਹੀਂ ਉਤਰੀ ਸੀ। ਇਸ ਵਿਚ ਅੱਲਾਹ ਤੋਂ ਗੁਨਾਹਾਂ ਦੀ ਤੌਬਾ ਮੰਗਣ ਬਾਰੇ ਕਥਨ ਹਨ :

> ਉਸਤੋਂ ਬਖ਼ਸ਼ਿਸ ਦੀ ਦੁਆ ਮੰਗੋ। ਬੇਸ਼ੱਕ ਉਹ ਵੱਡਾ ਤੌਬਾ ਕਬੂਲਣ ਵਾਲਾ ਹੈ।[257]

> ਹੇ ਨਬੀ! ਆਖੋ, ਰੱਬਾ ਮੇਰਿਆ! ਖਿਮਾ ਬਖ਼ਸ ਦੇ ਤੇ ਮਿਹਰ ਕਰ, ਤੂੰ ਸਭਨਾਂ ਮਿਹਰ ਕਰਨ ਵਾਲਿਆਂ ਤੋਂ ਚੰਗਾ ਮਿਹਰਬਾਨ ਹੈ।[258]

**ਤੌਬਾ**

ਪਵਿੱਤਰ ਕੁਰਆਨ ਵਿੱਚ ਤੌਬਾ ਨੂੰ ਵਿਸ਼ੇਸ ਮਹੱਤਵ ਦਿੱਤਾ ਗਿਆ ਹੈ। ਰੱਬ ਦੀ ਅਧੀਨਗੀ ਤੌਬਾ ਰਾਹੀਂ ਪ੍ਰਸਾਰਿਤ ਹੁੰਦੀ ਹੈ। ਕਈ ਵਿਅਕਤੀ ਕੁਰਆਨ ਅਤੇ ਉਸਦੇ ਸੰਦੇਸ਼ ਤੋਂ ਮੁਨਕਰ ਹੋਏ ਰਹਿੰਦੇ ਹਨ। ਉਹ ਆਪਣੇ ਇਸ ਅੜੀਅਲ ਸੁਭਾਅ ਨੂੰ ਛੱਡ ਕੇ ਅੱਲਾਹ ਦੀ ਸ਼ਰਣ ਵਿਚ ਆ ਜਾਂਦੇ ਹਨ ਅਤੇ ਤੌਬਾ ਕਰਦੇ ਹਨ ਕਿ ਉਹ ਕਦੇ ਅੱਲਾਹ ਦਾ ਰਾਹ ਨਹੀਂ ਤਿਆਗਣਗੇ:

> ਨਰ ਜਿਹੜੇ ਇਸ ਨੀਤੀ ਨੂੰ ਤਿਆਗ ਦੇਣ, ਆਪਣੀ ਕਾਰਜ ਵਿਧੀ ਨੂੰ ਸੁਧਾਰ ਲੈਣ ਤੇ ਜੋ ਕੁਝ ਲੁਕਾਉਂਦੇ ਸਨ ਉਸਨੂੰ ਬਿਆਨ ਕਰਨ ਲੱਗ ਪੈਣ, ਉਨ੍ਹਾਂ ਨੂੰ ਮੈਂ ਖਿਮਾ ਕਰ ਦਿਆਂਗਾ ਅਤੇ ਮੈਂ ਵੱਡਾ ਖਿਮਾ ਕਰਨ ਵਾਲਾ ਤੇ ਰਹਿਮ ਫਰਮਾਉਣ ਵਾਲਾ ਹਾਂ।[259]

---

[253] *ਕੁਰਆਨ ਮਜੀਦ*, ਫੁਟ ਨੋਟ ਨੰ-1, ਪੰਨਾ-574.
[254] 3:135-136.
[255] 4:110.
[256] 4:106.
[257] 110:3.
[258] 23:118.
[259] 2:160.

> ਸੋ ਛੇਤੀ ਹੀ ਉਹਨਾਂ ਨੂੰ ਗੁੰਮਰਾਹੀ ਦਾ ਫਲ ਭੋਗਣਾ ਪਏਗਾ ਪਰ ਜਿਹੜੇ ਤੌਬਾ ਕਰ ਲੈਣ, ਈਮਾਨ ਲੈ ਆਉਣ ਅਤੇ ਭਲੇ ਕਰਮਾਂ ਦੀ ਨੀਤੀ ਅਪਨਾ ਲੈਣ ਉਹ ਸਵਰਗ ਵਿੱਚ ਪ੍ਰਵੇਸ਼ ਕਰਨਗੇ। ਉਹਨਾਂ ਦਾ ਭੋਰਾ ਭਰ ਵੀ ਹੱਕ ਨਹੀਂ ਮਾਰਿਆ ਜਾਵੇਗਾ।[260]

ਪਵਿੱਤਰ ਕੁਰਆਨ ਦੱਸਦਾ ਹੈ ਕਿ ਮਨੁੱਖ ਤੋਂ ਗਲਤੀਆਂ ਹੋਈਆਂ ਹਨ ਅਤੇ ਉਹ ਉਨ੍ਹਾਂ ਗਲਤੀਆਂ ਲਈ ਸ਼ਰਮਸਾਰ ਹੈ। ਜੇਕਰ ਬੰਦਾ ਰੱਬ ਅੱਗੇ ਪਿਛਲੀਆਂ ਕੀਤੀਆਂ ਗਲਤੀਆਂ ਦੀ ਮੁਆਫ਼ੀ ਮੰਗਦਾ ਹੈ ਅਤੇ ਅੱਗੇ ਤੋਂ ਅਜਿਹੇ ਗੁਨਾਹ ਨਾ ਕਰਨ ਦੀ ਤੌਬਾ ਕਰਦਾ ਹੈ ਤਾਂ ਅੱਲਾਹ ਉਸ ਬੰਦੇ ਨੂੰ ਬਖਸ਼ ਦਿੰਦਾ ਹੈ:

> ਪਰ ਹਾਂ ਜਿਹੜਾ ਤੌਬਾ ਕਰ ਲਵੇ ਤੇ ਨੇਕ ਕਰਮ ਕਮਾਵੇ, ਫੇਰ ਸਿੱਧੇ ਰਾਹ ਤੁਰਦਾ ਰਹੇ ਉਸ ਲਈ ਮੈਂ ਵੱਡਾ ਬਖ਼ਸ਼ਣਹਾਰ ਹਾਂ।[261]

ਤੌਬਾ ਕਰਨ ਵਾਲੇ ਦੀਆਂ ਸਾਰੀਆਂ ਬੁਰਾਈਆਂ ਅੱਲਾਹ ਮੁਆਫ਼ ਕਰ ਦਿੰਦਾ ਹੈ ਪਰ ਸ਼ਰਤ ਇਹ ਹੈ ਕਿ ਉਹ ਦੁਬਾਰਾ ਉਨ੍ਹਾਂ ਗ਼ਲਤੀਆਂ ਨੂੰ ਨਾ ਦੁਹਰਾਵੇ :

> ਛੁੱਟ ਇਸ ਤੋਂ ਕਿ ਕੋਈ (ਇਹਨਾਂ ਗੁਨਾਹਾਂ ਤੋਂ ਮਗਰੋਂ) ਤੌਬਾ ਕਰ ਚੁੱਕਾ ਹੋਵੇ ਅਤੇ ਈਮਾਨ ਲਿਆ ਕੇ ਭਲੇ ਕਰਮ ਕਮਾਉਣ ਲੱਗਾ ਹੋਵੇ। ਅਜਿਹੇ ਲੋਕਾਂ ਦੀਆਂ ਬੁਰਾਈਆਂ ਨੂੰ ਅੱਲਾਹ ਭਲਾਈਆਂ ਵਿੱਚ ਬਦਲ ਦੇਵੇਗਾ ਅਤੇ ਉਹ ਵੱਡਾ ਬਖ਼ਸ਼ਣਹਾਰ ਤੇ ਮਿਹਰਬਾਨ ਹੈ। ਜੋ ਵਿਅਕਤੀ ਤੌਬਾ ਕਰ ਕੇ ਭਲੇ ਕੰਮ ਕਰਨ ਲੱਗਦਾ ਹੈ ਉਹ ਤਾਂ ਅੱਲਾਹ ਵੱਲ ਮੁੜ ਆਉਂਦਾ ਹੈ ਜਿਹਾ ਕਿ ਮੁੜਨਾ ਚਾਹੀਦਾ ਹੈ(ਅਤੇ ਰਹਿਮਾਨ ਦੇ ਬੰਦੇ ਉਹ ਹਨ)[262]

## ਨਮੂਨੇ ਵਜੋਂ ਆਇਤਾਂ :

> ਉਹੀ ਹੈ ਜਿਹੜਾ ਆਪਣੇ ਬੰਦਿਆਂ ਕੋਲੋਂ ਤੌਬਾ ਕਬੂਲਦਾ ਹੈ ਅਤੇ ਬੁਰਾਈਆਂ ਨੂੰ ਮਾਫ਼ ਕਰਦਾ ਹੈ, ਜਦੋਂ ਕਿ ਤੁਹਾਡੇ ਸਾਰੇ ਕੰਮਾਂ ਬਾਰੇ ਉਸ ਨੂੰ ਜਾਣਕਾਰੀ ਪ੍ਰਾਪਤ ਹੈ।[263]
> ਫੇਰ ਜਿਹੜਾ ਜ਼ੁਲਮ ਕਰਨ ਪਿਛੋਂ ਤੌਬਾ ਕਰੇ ਅਤੇ ਆਪਣੇ ਆਪ ਨੂੰ ਸੁਆਰ ਲਵੇ ਤਾਂ ਅੱਲਾਹ ਦੀ ਮਿਹਰ ਭਰੀ ਨਜ਼ਰ ਮੁੜ ਉਸ ਵੱਲ ਫਿਰ ਜਾਵੇਗੀ। ਅੱਲਾਹ ਵੱਡਾ ਬਖ਼ਸ਼ਣਹਾਰ ਅਤੇ ਰਹਿਮ ਫਰਮਾਉਣ ਵਾਲਾ ਹੈ।[264]

> ਪਰ ਤੌਬਾ ਉਹਨਾਂ ਲੋਕਾਂ ਵਾਸਤੇ ਨਹੀਂ ਹੈ ਜਿਹੜੇ ਭੈੜੇ ਕੰਮ ਕਰੀਂ ਚਲੇ ਜਾਂਦੇ ਹਨ ਇਥੋਂ ਤੀਕ ਕਿ ਉਹਨਾਂ ਚੋਂ ਜਦੋਂ ਕਿਸੇ ਦੀ ਮੌਤ ਦਾ ਵੇਲਾ ਆ ਪੁੱਜਦਾ ਹੈ, ਉਸ ਵੇਲੇ ਉਹ ਆਖਦਾ ਹੈ ਕਿ ਹੁਣ ਮੈਂ ਤੌਬਾ ਕੀਤੀ ਅਤੇ ਇਸੇ ਤਰ੍ਹਾਂ ਤੌਬਾ ਉਹਨਾਂ ਲੋਕਾਂ ਵਾਸਤੇ ਵੀ ਨਹੀਂ ਹੈ ਜੋ ਮਰਦੇ ਦਮ ਤਕ ਨਾਫ਼ਰਮਾਨ ਰਹਿਣ ਅਜਿਹੇ ਲੋਕਾਂ ਲਈ ਤਾਂ ਅਸਾਂ ਦੁਖਦਾਈ ਸਜ਼ਾ ਤਿਆਰ ਕਰ ਛੱਡੀ ਹੈ।[265]

> ਜੇ ਤੁਹਾਡੇ ਵਿਚੋਂ ਕੋਈ ਨਾ ਸਮਝੀ ਨਾਲ ਕੋਈ ਬੁਰਾਈ ਕਰ ਬੈਠਾ ਹੋਵੇ ਫੇਰ ਉਸਦੇ ਪਿਛੋਂ ਤੌਬਾ ਕਰੇ ਅਤੇ ਅਤੇ ਆਪਣਾ ਸੁਧਾਰ ਕਰ ਲਵੇ ਤਾਂ ਉਹ ਉਸਨੂੰ ਖਿਮਾ ਬਖ਼ਸ਼ਦਾ ਹੈ ਅਤੇ ਮਿਹਰ ਭਰਿਆ ਵਰਤਾਵਾ ਕਰਦਾ ਹੈ।[266]
> ਹੇ ਨਬੀ! ਇਹਨਾਂ ਕਾਫ਼ਿਰਾਂ ਨੂੰ ਆਖੋ ਕਿ ਜੇ ਇਹ ਹੁਣ ਵੀ ਬਾਜ਼ ਆ ਜਾਣ ਤਾਂ ਜੋ ਕੁਝ ਪਹਿਲਾਂ ਹੋ ਚੁੱਕਾ ਹੈ ਉਸ ਨੂੰ ਮਾਫ਼ ਕਰ ਦਿੱਤਾ ਜਾਵੇਗਾ, ਪਰ ਜੇ ਇਹ ਮੁੜ ਉਸੇ ਪਿਛਲੀ ਨੀਤੀ ਨੂੰ ਅਪਣਾਉਗੇ ਤਾਂ ਬੀਤੀਆਂ ਕੌਮਾਂ ਨਾਲ ਜੋ ਕੁਝ ਬਣ ਚੁੱਕੀ ਹੈ ਉਹ ਸਾਰੇ ਜਾਣਦੇ ਹਨ।[267]

---
[260] 19:60.
[261] 20:82.
[262] 25:70-71.
[263] 42:25.
[264] 5:39.
[265] 4:18.
[266] 6:54.
[267] 8:38.

ਪਵਿੱਤਰ ਕੁਰਆਨ ਬੰਦੇ ਦੇ ਸਰੂਪ ਬਾਰੇ ਦੱਸਦਾ ਹੈ ਕਿ ਬੰਦਾ ਕਿਵੇਂ ਦਾ ਹੋਣਾ ਚਾਹੀਦਾ ਹੈ। ਰੱਬ ਦੇ ਬੰਦੇ ਆਕੜ ਕੇ ਨਹੀਂ ਤੁਰਦੇ, ਉਹ ਅਗਿਆਨੀਆਂ ਨਾਲ ਬਹਿਸ ਨਹੀਂ ਕਰਦੇ, ਉਹ ਦਿਨ ਰਾਤ ਰੱਬ ਦੀ ਇਬਾਦਤ ਵਿਚ ਲੱਗੇ ਰਹਿੰਦੇ ਹਨ, ਦਿਨ-ਰਾਤ ਰੱਬ ਦੇ ਸਿਜਦਿਆਂ ਵਿਚ ਬਿਤਾਉਂਦੇ ਹਨ ਅਤੇ ਰੱਬ ਅੱਗੇ ਦੁਆ ਕਰਦੇ ਹਨ ਕਿ ਤੂੰ ਸਾਨੂੰ ਨਰਕ ਤੋਂ ਬਚਾ। ਉਹ ਨਾ ਤਾਂ ਫਜ਼ੂਲ ਖਰਚ ਕਰਦੇ ਹਨ ਅਤੇ ਨਾ ਹੀ ਕੰਜੂਸ ਹਨ। ਉਹ ਕੇਵਲ ਅੱਲਾਹ ਨੂੰ ਪੁਕਾਰਦੇ ਹਨ, ਕਿਸੇ ਦਾ ਕਤਲ ਅਤੇ ਵਿਭਚਾਰ ਨਹੀਂ ਕਰਦੇ।ਸਾਰੇ ਹੀ ਦੈਵੀ ਗੁਣ ਇਬਾਦਤ ਵਾਲੇ ਵਿੱਚ ਸਹਿਜੇ ਹੀ ਘਰ ਕਰ ਜਾਂਦੇ ਹਨ, ਬਸ਼ਰਤੇ ਉਸਦਾ ਈਮਾਨ ਡਾਂਵਾਡੋਲ ਨਾ ਹੋਵੇ। ਇਬਾਦਤ ਕਰਨ ਵਾਲਾ ਕਿਸੇ ਨਾਲ ਨਫ਼ਰਤ ਨਹੀਂ ਕਰਦਾ, ਕਿਸੇ ਨਾਲ ਈਰਖਾ ਨਹੀਂ ਕਰਦਾ, ਉਹ ਆਪਣੇ ਮਾਲ ਨੂੰ ਲੋੜਵੰਦਾਂ ਵਿੱਚ ਵੰਡਦਾ ਹੈ, ਉਹ ਗੁਸੈਲਾ ਅਤੇ ਹੰਕਾਰੀ ਨਹੀਂ ਹੁੰਦਾ। ਉਸਦਾ ਦਿਲ ਨਰਮ ਹੁੰਦਾ ਹੈ, ਉਹ ਕੰਜੂਸ ਅਤੇ ਲਾਲਚੀ ਨਹੀਂ ਹੁੰਦਾ, ਉਹ ਰੱਬ ਦਾ ਹਰਦਮ ਸ਼ੁਕਰਗੁਜ਼ਾਰ ਰਹਿੰਦਾ ਹੈ। ਉਹ ਮਾਂ-ਬਾਪ ਦਾ ਅਗਿਆਕਾਰੀ ਹੋਰਾਂ ਨੂੰ ਸ਼ੁਭ ਇੱਛਾਵਾਂ ਦੇਣ ਵਾਲਾ ਅਤੇ ਦਿਆਲੂ ਹੁੰਦਾ ਹੈ। ਉਹ ਨਿਆਂ ਕਰਦਾ ਹੈ ਅਤੇ ਸਿੱਧੇ ਰਸਤੇ 'ਤੇ ਚੱਲਦਾ ਹੈ। ਮੁਸ਼ਕਿਲ ਵਿੱਚ ਸਬਰ ਤੋਂ ਕੰਮ ਲੈਂਦਾ ਹੈ। ਹੋਰਾਂ ਦੇ ਗੁਨਾਹਾਂ ਨੂੰ ਮਾਫ਼ ਕਰਦਾ ਹੈ।

**ਸਮਾਜਿਕ ਅਮਲ**

ਇਹ ਅਮਲ ਸਿੱਧਾ ਸਮਾਜ ਨਾਲ ਜੁੜਿਆ ਹੈ। ਸਮਾਜ ਸਾਡਾ ਹੈ। ਇਸਨੂੰ ਸੁਹਣਾ ਵੀ ਅਸੀਂ ਬਣਾਉਣਾ ਹੈ ਅਤੇ ਵਿਗਾੜਨਾ ਵੀ ਅਸੀਂ ਹੀ ਹੈ। ਜੇਕਰ ਸਮਾਜ ਵਿਚ ਅਮੀਰ ਗ਼ਰੀਬ ਦੇ ਫਰਕ ਸਮੇਤ ਸਮਾਜਿਕ ਢਾਂਚਾ ਵਿਗੜ ਰਿਹਾ ਹੈ ਤਾਂ ਇਸ ਢਾਂਚੇ ਨੂੰ ਸਹੀ ਕਰਨਾ ਬੰਦਿਆਂ ਦੇ ਫ਼ਰਜ਼ ਹਨ। ਕਈ ਵਾਰੀ ਮਨ ਵਿਚ ਇਹ ਸਵਾਲ ਉੱਠਦਾ ਹੈ ਕਿ ਕੁਰਆਨ ਵਿੱਚ ਸਮਾਜਿਕ ਨੇਮਾਵਲੀ ਏਨੀ ਬਾਰੀਕੀ ਨਾਲ ਕਿਉਂ ਦਿੱਤੀ ਗਈ ਹੈ। ਇਸ ਦਾ ਜਵਾਬ ਇਹ ਹੈ ਕਿ ਜੇਕਰ ਧਰਮ ਵਿਅਕਤੀ ਦੇ ਅਮਲ ਦਾ ਹਿੱਸਾ ਨਹੀਂ ਬਣੇਗਾ ਤਾਂ ਓਪਰਾ ਪ੍ਰਤੀਤ ਹੋਵੇਗਾ। ਕੁਰਆਨ ਨੇ ਸਮਾਜਿਕ ਸਿੱਖਿਆਵਾਂ ਰਾਹੀ ਸਮਾਜ ਨੂੰ ਵਧੀਆ ਬਣਾਉਣ ਦਾ ਯਤਨ ਕੀਤਾ ਜਿਵੇਂ ਧੱਕੇ ਨਾਲ ਔਰਤਾਂ ਦੇ ਮਾਲ ਦੇ ਵਾਰਸ ਨਾ ਬਣੋ, ਬਿਨਾਂ ਸਹਿਮਤੀ ਦੇ ਉਨ੍ਹਾਂ ਦੀ ਮਹਿਰ ਨੂੰ ਨਾ ਖਾਓ। ਇਹ ਵਰਜਿਤ ਹੈ। ਜੇਕਰ ਉਹ ਕੋਈ ਅਜਿਹੀ ਗ਼ਲਤੀ ਕਰਨ ਜੋ ਕਿਰਦਾਰ ਨੂੰ ਧੱਬਾ ਲਾਵੇ ਤਾਂ ਸਖਤੀ ਕਰੋ। ਜੇਕਰ ਪਹਿਲੀ ਪਤਨੀ ਪਸੰਦ ਨਾ ਹੋਵੇ ਅਤੇ ਤੁਸੀਂ ਦੂਜੀ ਪਤਨੀ ਨਾਲ ਨਿਕਾਹ ਕਰਵਾਉਣਾ ਚਾਹੁੰਦੇ ਹੋਵੋ ਤਾਂ ਪਹਿਲੀ ਪਤਨੀ ਨੂੰ ਦਿੱਤੀਆਂ ਸੌਗਾਤਾਂ ਵਾਪਸ ਨਾ ਲਓ। ਈਮਾਨ ਵਾਲੇ ਮਰਦ, ਈਮਾਨ ਵਾਲੀਆਂ ਔਰਤਾਂ ਨਾਲ ਨਿਕਾਹ ਕਰਾਉਣ। ਸ਼ਾਦੀਸ਼ੁਦਾ ਔਰਤਾਂ ਸ਼ਾਦੀ ਦੀ ਹੱਦ ਵਿਚ ਰਹਿਣ। ਕਾਮ-ਤ੍ਰਿਪਤੀ ਲਈ ਚੋਰੀ ਛੁਪੇ ਰਿਸ਼ਤੇ ਨਾ ਬਣਾਉਣ। ਆਪਸੀ ਵਸਤੂਆਂ ਦੇ ਲੈਣ-ਦੇਣ ਵਿਚ ਰਜ਼ਾਮੰਦੀ ਜ਼ਰੂਰੀ ਹੈ। ਇਕ ਦੂਜੇ ਦੇ ਧਨ-ਪਦਾਰਥ ਅਣਹੱਕੇ ਢੰਗਾਂ ਨਾਲ ਨਾ ਖਾਓ। ਪਤੀ-ਪਤਨੀ ਦੇ ਰਿਸ਼ਤੇ ਵਿਚੋਂ ਸ਼ੱਕ ਸ਼ੁਬ੍ਹਾ ਕੱਢਣ ਲਈ ਯੋਗ ਬੰਦਿਆਂ ਨੂੰ ਸ਼ਾਮਿਲ ਕਰੋ ਜਿਹੜੇ ਤੁਹਾਡੇ ਰਿਸ਼ਤੇ ਨੂੰ ਸੁਆਰਨ। ਮਾਪਿਆਂ ਸਮੇਤ ਸਾਕ-ਸੰਬੰਧੀਆਂ, ਯਤੀਮਾਂ, ਮੁਥਾਜਾਂ, ਰਿਸ਼ਤੇਦਾਰਾਂ, ਗੁਆਂਢੀ, ਓਪਰੇ ਗੁਆਂਢੀ, ਮੁਸਾਫ਼ਿਰ, ਗ਼ੁਲਾਮ ਔਰਤਾਂ ਨਾਲ ਚੰਗਾ ਵਿਹਾਰ ਕਰੋ। ਜਿਊਂਦੇ ਜੀਅ ਆਪਣੀ ਵਿਰਾਸਤ

ਤਿਆਰ ਕਰਵਾਓ ਤਾਂ ਜੋ ਮਰਨ ਉਪਰੰਤ ਝਗੜੇ ਨਾ ਪੈਦਾ ਹੋਣ। ਇਹ ਹੁਕਮ ਉਸ ਵੇਲੇ ਨਾਜ਼ਲ ਹੋਏ ਜਦੋਂ ਸਾਡੇ ਸਮਾਜ ਵਿਚ ਅਜਿਹੇ ਨਿਯਮਾਂ ਦਾ ਕੋਈ ਵਜੂਦ ਨਹੀਂ ਸੀ। ਸਮਾਜਿਕ ਅਮਲਾਂ ਬਾਰੇ ਅੱਗੇ ਵਿਚਾਰ ਕੀਤੀ ਜਾ ਰਹੀ ਹੈ।

**ਬਹੁ ਵਿਆਹ**

ਮੁਹੰਮਦ (ਸ.) ਦੀ ਨਬੱਵੁਤ ਤੋਂ ਬਾਅਦ ਇਨਕਾਰੀਆਂ ਨੇ ਵਿਰੋਧ ਸ਼ੁਰੂ ਕਰ ਦਿੱਤਾ ਸੀ ਜੋ ਭੈੜੇ ਬੋਲਾਂ ਤੋਂ ਸ਼ੁਰੂ ਹੋ ਕੇ ਜੰਗ ਦੇ ਮੈਦਾਨ ਤੱਕ ਪਹੁੰਚ ਗਿਆ ਸੀ। ਅਨੇਕ ਮੁਸਲਮਾਨ ਮਰਦ ਲੜਾਈਆਂ ਵਿੱਚ ਸ਼ਹੀਦ ਹੋ ਰਹੇ ਸਨ। ਉਹ ਆਪਣੇ ਪਿੱਛੇ ਵਿਧਵਾ ਔਰਤਾਂ ਅਤੇ ਅਨਾਥ ਬੱਚਿਆਂ ਨੂੰ ਛੱਡ ਜਾਂਦੇ ਸਨ। ਇਸ ਹਾਲਤ ਵਿੱਚ ਅੱਲਾਹ ਨੇ ਹੁਕਮ ਦਿੱਤਾ ਕਿ ਤੁਸੀਂ ਉਨ੍ਹਾਂ ਔਰਤਾਂ ਵਿਚੋਂ ਕਿਸੇ ਚਾਰ ਨਾਲ ਨਿਕਾਹ ਕਰਵਾ ਲਓ। ਇਸਦੇ ਅਨੇਕ ਫਾਇਦੇ ਹੋਣਗੇ। ਇਸ ਨਾਲ ਅਨਾਥਾਂ ਨੂੰ ਸਹਾਰਾ ਮਿਲੇਗਾ, ਵਿਧਵਾ ਔਰਤਾਂ ਨੂੰ ਵੀ ਸਮਾਜਿਕ ਮਾਨ-ਸਨਮਾਨ ਮਿਲੇਗਾ ਅਤੇ ਮੁਸਲਮਾਨਾਂ ਦੀ ਗਿਣਤੀ ਵਿਚ ਵੀ ਇਜਾਫਾ ਹੋਵੇਗਾ। ਬਹੁ ਵਿਆਹ ਮੁਸਲਮਾਨ ਉੱਤੇ ਫ਼ਰਜ਼ ਨਹੀਂ ਹੈ। ਇਹ ਹਾਲਾਤਾਂ ਨੂੰ ਦੇਖਦਿਆਂ ਚੁੱਕਿਆ ਜਾਣ ਵਾਲਾ ਕਦਮ ਹੈ:

> ਜੇ ਤੁਹਾਨੂੰ ਡਰ ਹੋਵੇ ਕਿ ਯਤੀਮਾਂ ਨਾਲ ਇਨਸਾਫ਼ ਨਹੀਂ ਕਰ ਸਕੋਗੇ ਤਾਂ ਜਿਹੜੀਆਂ ਇਸਤਰੀਆਂ ਤੁਹਾਨੂੰ ਪਸੰਦ ਹੋਣ ਉਹਨਾਂ ਵਿਚੋਂ ਦੋ-ਦੋ, ਤਿੰਨ-ਤਿੰਨ ਅਤੇ ਚਾਰ-ਚਾਰ ਨਾਲ ਨਿਕਾਹ ਕਰ ਲਓ। ਪਰ ਜੇ ਤੁਹਾਨੂੰ ਸ਼ੰਕਾ ਹੋਵੇ ਕਿ ਉਹਨਾਂ ਨਾਲ ਨਿਆਂ ਨਹੀਂ ਕਰ ਸਕੋਗੇ ਤਾਂ ਫੇਰ ਇਕੋ ਪਤਨੀ ਰੱਖੋ ਜਾਂ ਉਹਨਾਂ ਇਸਤਰੀਆਂ ਨੂੰ ਪਤਨੀਆਂ ਬਣਾ ਲਓ ਜੋ ਤੁਹਾਡੇ ਕਬਜ਼ੇ 'ਚ ਆਈਆਂ ਹਨ, ਅਨਿਆਂ ਤੋਂ ਬਚਣ ਲਈ ਇਹ ਉਚਿਤ ਵਰਤਾਰੇ ਦੇ ਵਧੇਰੇ ਨੇੜ੍ਹੇ ਹੈ।[268]

ਉਪਰੋਕਤ ਕਥਨ ਤੋਂ ਸਪੱਸ਼ਟਤਾ ਮਿਲਦੀ ਹੈ ਕਿ ਇਸਲਾਮ ਵਿੱਚ ਬਹੁ ਵਿਆਹ ਜਿਸਮਾਨੀ ਨਹੀਂ ਹੈ। ਮੁਸਲਮਾਨ ਕੇਵਲ ਇੱਕ ਔਰਤ ਨਾਲ ਹੀ ਸ਼ਾਦੀ ਕਰੇ ਪਰ ਜੇ ਸਮਾਜਿਕ ਤੌਰ ‘ਤੇ ਉਸਨੂੰ ਕਿਸੇ ਨੂੰ ਸਹਾਰਾ ਦੇਣਾ ਪਵੇ ਤਾਂ ਇਹ ਵਧੀਆ ਤਰੀਕਾ ਹੈ। ਇਸ ਰਿਸ਼ਤੇ ਨੂੰ ਸਮਾਜ ਵੀ ਤਸਦੀਕ ਕਰਦਾ ਹੈ:

> ਅਸਲ ਵਿੱਚ ਇਹ ਆਇਤ ਨਾਜ਼ਿਲ ਤਾਂ ਹੋਈ ਸੀ ਕਿ ਲੜਾਈਆਂ ਵਿੱਚ ਸ਼ਹੀਦ ਹੋਣ ਵਾਲਿਆਂ ਦੇ ਜਿਹੜੇ ਬੱਚੇ ਯਤੀਮ ਰਹਿ ਗਏ ਸਨ ਉਨ੍ਹਾਂ ਦੇ ਮਸਲੇ ਨੂੰ ਹੱਲ ਕੀਤਾ ਜਾਵੇ। ਇਸ ਲਈ ਫ਼ਰਮਾਇਆ ਗਿਆ ਕਿ ਜੇ ਤੁਸੀਂ ਉਨ੍ਹਾਂ ਧੀਆਂ ਦੇ ਹੱਕ ਉਂਜ ਅਦਾ ਨਹੀਂ ਕਰ ਸਕਦੇ ਤਾਂ ਉਨ੍ਹਾਂ ਔਰਤਾਂ ਨਾਲ ਨਿਕਾਹ ਕਰ ਲਵੋ ਜਿਨ੍ਹਾਂ ਨਾਲ ਯਤੀਮ ਬੱਚੇ ਹਨ।[269]

ਨਿਕਾਹ ਵਕਤ ਮਰਦ ਆਪਣੀ ਹੋਣ ਵਾਲੀ ਬੀਵੀ ਦੀ ਸਹਿਮਤੀ ਨਾਲ ਕੁਝ ਪੈਸੇ ਸਤਿਕਾਰ ਵਜੋਂ ਉਸਨੂੰ ਦਿੰਦਾ ਹੈ ਜੋ ‘ਮਹਰ’ ਔਰਤ ਦਾ ਮੁੱਲ ਨਹੀਂ ਬਲਕਿ ਉਸਦਾ ਸਤਿਕਾਰ ਕਰਨ ਦਾ ਢੰਗ ਹੈ। ਇਸ ਤਰ੍ਹਾਂ ਹੀ ਜੋ ਯਤੀਮ ਬੱਚੇ ਤੁਹਾਡੀ ਦੇਖਭਾਲ ਵਿਚ ਹੋਣ ਉਨ੍ਹਾਂ ਦੇ ਮਾਲ ਨਾ ਖਾਓ:

---

[268] 4:3.

[269] *ਕੁਰਆਨ ਮਜੀਦ,* ਫੁਟ ਨੋਟ ਨੰ. 1, ਪੰਨਾ-132.

ਜਿਹੜੇ ਲੋਕ ਜ਼ੁਲਮ ਨਾਲ ਯਤੀਮਾਂ ਦੇ ਮਾਲ ਖਾਂਦੇ ਹਨ। ਅਸਲ ਵਿੱਚ ਉਹ ਆਪਣੇ ਢਿੱਡ ਅੱਗ ਨਾਲ ਭਰਦੇ ਹਨ ਅਤੇ ਉਹ ਜ਼ਰੂਰ ਹੀ ਨਰਕ ਦੇ ਮੱਚਦੇ ਹੋਏ ਭਾਂਬੜ ਵਿੱਚ ਸੁੱਟੇ ਜਾਣਗੇ।[270]

## ਅਪਰਾਧਾਂ ਦੀ ਸਜ਼ਾ

ਕੁਰਆਨ ਵਿਚ ਸ਼ਬਦ 'ਕਸਾਸ' ਆਉਂਦਾ ਹੈ ਜਿਸਦਾ ਅਰਥ ਹੈ, ਬਰਾਬਰ ਦਾ ਹੱਤਿਆ ਦੰਡ। ਪਵਿੱਤਰ ਕੁਰਆਨ ਨਿਆਂ ਦੇ ਸਰੂਪ ਨੂੰ ਤੌਰੇਤ ਦੇ ਆਧਾਰ ਤੇ ਪੇਸ਼ ਕਰਦਾ ਹੈ। ਅੱਖ ਦੇ ਬਦਲੇ ਅੱਖ, ਜਾਨ ਦੇ ਬਦਲੇ ਜਾਨ ਪਰ ਜੇਕਰ ਕੋਈ ਮਾਫ਼ ਕਰ ਦੇਵੇ ਤਾਂ ਇਹ ਅੱਲਾਹ ਦੀ ਨਜ਼ਰ ਵਿੱਚ ਭਲਾਈ ਹੈ:

> ਤੌਰੇਤ ਵਿਚ ਅਸਾਂ ਯਹੂਦੀਆਂ ਉਤੇ ਇਹ ਹੁਕਮ ਲਿਖ ਦਿੱਤਾ ਸੀ ਕਿ ਜਾਨ ਦੇ ਬਦਲੇ ਜਾਨ, ਅੱਖ ਦੇ ਬਦਲੇ ਅੱਖ, ਨੱਕ ਦੇ ਬਦਲੇ ਨੱਕ, ਕੰਨ ਦੇ ਬਦਲੇ ਕੰਨ, ਦੰਦ ਦੇ ਬਦਲੇ ਦੰਦ ਅਤੇ ਸਾਰੇ ਫੱਟਾਂ ਦੇ ਲਈ ਬਰਾਬਰ ਦਾ ਬਦਲਾ। ਫੇਰ ਜਿਹੜਾ ਬਦਲਾ ਲੈਣਾ ਮਾਫ਼ ਕਰ ਦੇਵੇ ਤਾਂ ਉਹ ਉਸਦੇ ਲਈ ਛੁਟਕਾਰੇ ਦਾ ਕਾਰਨ ਹੈ ਅਤੇ ਜਿਹੜੇ ਲੋਕ ਅੱਲਾਹ ਦੇ ਉਤਾਰੇ ਹੋਏ ਕਾਨੂੰਨ ਅਨੁਸਾਰ ਫੈਸਲਾ ਨਾ ਕਰਨ ਉਹੀਓ ਜ਼ਾਲਮ ਹਨ।[271]

ਇਸ ਬਾਰੇ ਮੌਲਾਨਾ ਅਬੁਲ ਕਲਾਮ ਆਜ਼ਾਦ ਲਿਖਦੇ ਹਨ:

> ਇਸ ਐਲਾਨ ਵਿੱਚ ਸਾਰੇ ਹੀ ਬਰਾਬਰ ਹਨ। ਮਨੁੱਖੀ ਸਮਾਜ ਵਿੱਚ ਨਾਬਰਾਬਰਤਾ ਦਾ ਕੁਰਆਨ ਵਿਰੋਧ ਕਰਦਾ ਹੈ। ਮਨੁੱਖੀ ਜ਼ਿੰਦਗੀ ਦੇ ਤਰਾਜੂ ਵਿੱਚ ਸਾਰੇ ਮਰਦ ਅਤੇ ਔਰਤਾਂ ਨਾਲ ਇੱਕੋ ਜਿਹਾ ਸਲੂਕ ਹੁੰਦਾ ਹੈ। ਸੋ ਇਸ ਲਈ ਮਨੁੱਖ ਦੇ ਕਤਲ ਬਦਲੇ ਕਤਲ ਹੈ, ਇਸ ਵਿੱਚ ਕੋਈ ਅੰਤਰ ਨਹੀਂ।[272]

ਜੇਕਰ ਕਤਲ ਹੋਏ ਵਿਅਕਤੀ ਦੇ ਵਾਰਸ ਕਤਲ ਬਦਲੇ ਕਤਲ ਦੀ ਥਾਂ ਉਸਦਾ ਅਰਥ ਦੰਡ ਲਾਉਣ ਤਾਂ ਇਸਦਾ ਭੁਗਤਾਨ ਕਰੋ।[273] ਅਰਬ ਦੇ ਲੋਕ ਨਿੱਤ-ਦਿਹਾੜੇ ਘਰੇਲੂ ਲੜਾਈਆਂ ਦੇ ਸ਼ਿਕਾਰ ਸਨ। ਕਤਲ ਵਰਗੇ ਅਪਰਾਧ ਆਮ ਸਨ। ਲੋਕ ਤੌਰੇਤ ਅਤੇ ਇੰਜੀਲ ਨੂੰ ਬਿਲਕੁੱਲ ਭੁੱਲ ਚੁੱਕੇ ਸਨ। ਚੋਰੀ ਦੀਆਂ ਘਟਨਾਵਾਂ ਆਮ ਸਨ। ਚੋਰੀ ਦੀ ਸਜ਼ਾ ਹੱਥ ਵੱਢਣਾ ਨਿਰਧਾਰਤ ਕੀਤੀ ਗਈ ਤਾਂ ਜੋ ਅਪਰਾਧੀ ਖੁੱਲੇਆਮ ਅਤੇ ਲੁਕ-ਛੁਪ ਕੇ ਅਪਰਾਧ ਨਾ ਕਰਨ:

> ਚੋਰ ਭਾਵੇਂ ਇਸਤਰੀ ਹੋਵੇ ਜਾਂ ਪੁਰਸ਼, ਦੋਹਾਂ ਦੇ ਹੱਥ ਵੱਢ ਦਿਓ।[274]

ਇਸ ਕਾਨੂੰਨ ਦਾ ਖੁਲਾਸਾ ਹੈ:

> ਪਹਿਲੀ ਚੋਰੀ ਤੇ ਸੱਜਾ ਹੱਥ ਵੱਢਿਆ ਜਾਵੇਗਾ। 'ਸਰਕਾ' (ਚੋਰੀ) ਕੇਵਲ ਉਸਨੂੰ ਮੰਨਿਆ ਜਾਵੇਗਾ ਕਿ ਆਦਮੀ ਕਿਸੇ ਦੇ ਧਨ ਪਦਾਰਥ ਨੂੰ ਉਸ ਦੀ ਰਾਖੀ ਚੋਂ ਕੱਢ ਕੇ ਆਪਣੇ ਕਬਜ਼ੇ ਵਿਚ ਕਰ ਲਵੇ। ਇੱਕ

---

[270] 4: 10.

[271] 5: 45.

[272] Here is a declaration that all men are equals. Thr *Qura'n* declares itself against the inqualities introduced in human society. In the scale of human life all are to be treated alike, both men and women. so, in the matter of retalitation for man-slaughter, life for life is the law, and no distinction or discrimination is permissible. *The Tarjuman-al-Qura'n,* vol-II, pp-72-73.

[273] 2:178-179.

[274] 5: 38.

ਢਾਲ ਦੇ ਮੁੱਲ ਤੋਂ ਘੱਟ ਦੀ ਚੋਰੀ ਤੇ ਹੱਥ ਨਹੀਂ ਵੱਢਿਆ ਜਾਵੇਗਾ ਮੁਹਤਬਰ ਰਵਾਇਤਾਂ ਅਨੁਸਾਰ ਹਜ਼ੂਰ (ਸ) ਦੇ ਜ਼ਮਾਨੇ ਵਿੱਚ ਇੱਕ ਢਾਲ ਦਾ ਮੁੱਲ ਦਿਰਹਮ ਹੁੰਦਾ ਸੀ ਅਤੇ ਉਸ ਸਮੇਂ ਦੇ ਦਿਰਹਮ ਵਿੱਚ 3 ਮਾਸ਼ੇ 1-1/2 ਰੱਤੀ ਚਾਂਦੀ ਹੋਇਆ ਕਰਦੀ ਸੀ। ਬਹੁਤ ਸਾਰੀਆਂ ਚੀਜ਼ਾਂ ਅਜਿਹੀਆਂ ਹਨ ਜਿੰਨ੍ਹਾਂ ਦੀ ਚੋਰੀ ਤੇ ਹੱਥ ਵੱਢਣ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ ਜਿਵੇਂ ਕਿ ਫਲ ਜਾਂ ਸਬਜ਼ੀ ਦੀ ਚੋਰੀ, ਖਾਣੇ ਦੀ ਚੋਰੀ, ਨਿੱਕੀਆਂ-ਮੋਟੀਆਂ ਚੀਜ਼ਾਂ ਦੀ ਚੋਰੀ, ਪੰਛੀ ਦੀ ਚੋਰੀ, ਬੈਤੁਲ-ਮਾਲ ਦੀ ਚੋਰੀ। ਮਤਲਬ ਇਹ ਹੈ ਕਿ ਇਸ ਪ੍ਰਕਾਰ ਦੀਆਂ ਚੋਰੀਆਂ ਵਿਚ ਹੱਥ ਨਹੀਂ ਵੱਢਿਆ ਜਾਵੇਗਾ। ਇਸ ਦਾ ਮਤਲਬ ਉੱਕਾ ਨਹੀਂ ਕਿ ਇਹ ਸਭੇ ਚੋਰੀਆਂ ਮਾਫ਼ ਹਨ।[275]

## ਔਰਤਾਂ ਉਪਰ ਝੂਠੇ ਇਲਜ਼ਾਮਾਂ ਅਤੇ ਵਿਭਚਾਰ ਦੀ ਸਜ਼ਾ

ਜਿਹੜੇ ਲੋਕ ਸੱਚੀਆਂ ਔਰਤਾਂ ਉਪਰ ਦੂਸ਼ਣ ਲਾਉਂਦੇ ਹਨ ਉਹ ਆਖ਼ਰਤ ਦੇ ਦਿਹਾੜੇ ਪਛਾਣੇ ਜਾਣਗੇ:

> ਜਿਹੜੇ ਲੋਕ ਸਤਵੰਤੀਆਂ, ਅਣਭੋਲ ਤੇ ਈਮਾਨ ਵਾਲੀਆਂ ਬੀਬੀਆਂ ਉੱਤੇ ਤੁਹਮਤਾਂ ਲਾਉਂਦੇ ਹਨ ਉਹਨਾਂ ਉਤੇ ਲੋਕ-ਪਰਲੋਕ ਵਿਚ ਫਿਟਕਾਰ ਪਾਈ ਗਈ ਅਤੇ ਉਹਨਾਂ ਲਈ ਵੱਡਾ ਅਜ਼ਾਬ ਹੈ।[276]

ਕੁਰਆਨ ਦੀ ਸੂਰਤ ਨੰ- 24 *ਅਨ-ਨੂਰ* ਵਿੱਚ ਦੱਸਿਆ ਹੈ ਕਿ ਜੇਕਰ ਕੋਈ ਮਰਦ ਜਾਂ ਔਰਤ ਵਿਭਚਾਰ ਕਰਦੇ ਫੜੇ ਜਾਣ ਤਾਂ ਸੌ ਕੋੜੇ ਮਾਰੋ। ਅਜਿਹੇ ਲੋਕਾਂ ਤੋਂ ਦੂਰ ਰਹੋ। ਉਨ੍ਹਾਂ ਨਾਲ ਸ਼ਾਦੀ ਨਾ ਕਰਾਓ। ਜੇਕਰ ਕੋਈ ਵਿਅਕਤੀ ਔਰਤ ਉਪਰ ਵਿਭਚਾਰ ਦਾ ਦੋਸ਼ ਲਾਵੇ ਤਾਂ ਇਸਦੀ ਪੁਸ਼ਟੀ ਲਈ ਚਾਰ ਗਵਾਹਾਂ ਦੀ ਜ਼ਰੂਰਤ ਹੈ। ਜੇਕਰ ਉਹ ਚਾਰ ਗਵਾਹ ਨਹੀਂ ਲੈ ਕੇ ਆਉਂਦਾ ਤਾਂ ਉਸਦੇ ਅੱਸੀ ਕੋੜੇ ਮਾਰੋ। ਜੇਕਰ ਕੋਈ ਮਰਦ ਆਪਣੀ ਔਰਤ ਉਪਰ ਅਤੇ ਔਰਤ ਆਪਣੇ ਮਰਦ ਉਪਰ ਵਿਭਚਾਰ ਦਾ ਦੋਸ਼ ਲਾਵੇ ਪਰ ਉਨ੍ਹਾਂ ਕੋਲ ਗਵਾਹੀ ਕੋਈ ਨਾ ਹੋਵੇ ਤਾਂ ਉਹ ਚਾਰ ਵਾਰ ਅੱਲਾਹ ਦੀ ਸਹੁੰ ਖਾ ਕੇ ਕਹੇ ਕਿ ਇਹ ਸੱਚ ਹੈ ਅਤੇ ਪੰਜਵੀਂ ਵਾਰ ਕਹੇ ਕਿ ਅੱਲਾਹ ਮੇਰੇ ਤੇ ਲਾਹਨਤ ਪਾਵੇ, ਜੇ ਮੈਂ ਝੂਠਾ ਹੋਵਾਂ। ਇਸ ਤਰੀਕੇ ਨਾਲ ਪਤਨੀ ਵੀ ਆਪਣੇ ਆਪ ਨੂੰ ਦੋਸ਼ ਮੁਕਤ ਕਰ ਸਕਦੀ ਹੈ। ਝੂਠੇ ਦੂਸ਼ਣ ਬੀਬੀ ਆਇਸ਼ਾ ਉਪਰ ਵੀ ਲੱਗੇ ਸਨ। ਪਰ ਵਿਰੋਧੀ ਗਵਾਹ ਪੇਸ਼ ਨਹੀਂ ਕਰ ਸਕੇ ਸਨ। ਉਹ ਆਪ ਝੂਠੇ ਸਾਬਤ ਹੋਏ ਸਨ। ਅਜਿਹੇ ਸਮੇਂ ਚੰਗੇ-ਭਲੇ ਈਮਾਨ ਵਾਲੇ ਵੀ ਮੁਨਾਫ਼ਿਕਾਂ ਦੀਆਂ ਗੱਲਾਂ ਸੁਣਨ ਲੱਗ ਪੈਂਦੇ ਹਨ ਅਤੇ ਈਮਾਨ ਵਾਲੀਆਂ ਔਰਤਾਂ ਨੂੰ ਬੁਰਾ ਸਮਝਦੇ ਹਨ। ਕੁਰਆਨ ਨੇ ਈਮਾਨ ਵਾਲਿਆਂ ਨੂੰ ਅਜਿਹਾ ਕਰਨ ਤੋਂ ਵਰਜਿਆ ਹੈ।

## ਵਿਰਾਸਤ

ਮਰਦ ਅਤੇ ਔਰਤ ਦਾ ਉਸ ਮਾਲ ਵਿੱਚ ਹਿੱਸਾ ਹੈ ਜੋ ਉਸਦੇ ਮਾਪੇ ਅਤੇ ਨੇੜ੍ਹੇ ਦੇ ਰਿਸ਼ਤੇਦਾਰ ਛੱਡ ਜਾਣ। ਕੁਰਆਨ ਨੇ ਵਿਰਾਸਤ ਵਿਚ ਮਰਦ ਨੂੰ ਵਧੇਰੇ ਹੱਕ ਦਿੱਤੇ ਹਨ ਕਿਉਂਕਿ ਵਧੇਰੇ ਸਮਾਜਿਕ ਜ਼ਿੰਮੇਵਾਰੀਆਂ ਮਰਦ ਹੀ ਪੂਰੀਆਂ ਕਰਦਾ ਹੈ। ਵਿਰਾਸਤ ਦੀ ਪੂਰੀ ਨੇਮਾਵਲੀ ਸਥਾਪਤ ਕੀਤੀ ਗਈ ਅਤੇ ਸਮਾਜਿਕ ਹਿੱਤਾਂ ਦਾ ਬਹੁਤ ਖਿਆਲ ਰੱਖਿਆ ਗਿਆ ਹੈ:

---

[275] *ਕੁਰਆਨ ਮਜੀਦ*, ਫੁਟ ਨੋਟ ਨੰ- 30, ਪੰਨਾ- 196.
[276] 24:23.

> ਜੇਕਰ ਜਾਇਦਾਦ ਦੇ ਮਾਲਕ ਦੀ ਮਲਕੀਅਤ ਮੌਤ ਤੋਂ ਬਾਅਦ ਦੂਸਰੇ ਦੇ ਹੱਥਾਂ ਵਿਚ ਜਾਂਦੀ ਹੈ ਤਾਂ ਇਹ ਉਸਦੀ ਜ਼ਿੰਮੇਵਾਰੀ ਹੈ ਕਿ ਉਹ ਜਿਉਂਦੇ ਜੀਅ ਫੈਸਲਾ ਕਰਕੇ ਜਾਵੇ ਕਿ ਕੌਣ ਉਸਦੇ ਜ਼ਿਆਦਾ ਨੇੜੇ ਤੇ ਪਿਆਰਾ ਹੈ। ਇਸ ਲਈ ਉਸਨੂੰ ਕਿਸੇ ਵੀ ਹਾਲਤ ਵਿਚ ਆਪਣੀ ਜ਼ਿੰਮੇਵਾਰੀ ਨਹੀਂ ਛੱਡਣੀ ਚਾਹੀਦੀ।[277]

### ਇਕਰਾਰਨਾਮਾ

ਪੈਸੇ ਦਾ ਲੈਣ-ਦੇਣ ਮੂੰਹ ਜ਼ੁਬਾਨੀ ਨਾ ਹੋਵੇ। ਜਿੰਨੇ ਸਮੇਂ ਲਈ ਪੈਸੇ ਲਓ ਉੱਨੇ ਸਮੇਂ ਤੱਕ ਪੈਸੇ ਵਾਪਸ ਕਰੋ। ਇਕਰਾਰਨਾਮਾ ਲਿਖਦੇ ਸਮੇਂ ਅਨਪੜ੍ਹ ਵਿਅਕਤੀ ਨੂੰ ਪੜ੍ਹਕੇ ਸੁਣਾਓ ਅਤੇ ਗਵਾਹ ਵਜੋਂ ਜ਼ਿੰਮੇਵਾਰ ਵਿਅਕਤੀਆਂ ਦੇ ਦਸਤਖਤ ਵੀ ਕਰਵਾਓ। ਪੈਸੇ ਦੇ ਲੈਣ-ਦੇਣ ਸਮੇਂ ਇਕਰਾਰਨਾਮਾ ਲਿਖਵਾਉਣਾ, ਗਵਾਹਾਂ ਦੇ ਦਸਤਖਤ ਕਰਵਾਉਣੇ, ਪੜ੍ਹ ਕੇ ਸੁਣਾਉਣਾ:

> ਇਸਤਰੀਆਂ ਦੇ ਅਧਿਕਾਰ ਮਰਦਾਂ ਵਾਂਗ ਹੀ ਹਨ। ਇਸਤਰੀਆਂ ਲਈ ਵੀ ਨਿਯਮ ਅਨੁਸਾਰ ਇਹੋ ਜਿਹੇ ਅਧਿਕਾਰ ਹਨ ਜਿਹੋ ਜਿਹੇ ਪੁਰਸ਼ਾਂ ਦੇ ਅਧਿਕਾਰ ਉਹਨਾਂ ਤੇ ਹਨ। ਪਰ ਪੁਰਸ਼ਾਂ ਨੂੰ ਉਹਨਾਂ ਉਤੇ ਇਕ ਦਰਜਾ ਹਾਸਿਲ ਹੈ ਅਤੇ ਸਭਨਾਂ ਉੱਤੇ ਅੱਲਾਹ ਵੱਡਾ ਜ਼ੋਰਾਵਰ ਤੇ ਦਾਨਾਈ ਵਾਲਾ ਮੌਜੂਦ ਹੈ।[278]

### ਤਲਾਕ

ਮਰਦ ਅਤੇ ਔਰਤ ਦਾ ਰਿਸ਼ਤਾ ਆਪਸੀ ਸਾਂਝ ਕਰਕੇ ਹੈ। ਜੇਕਰ ਇਸ ਸਾਂਝ ਵਿਚ ਕੋਈ ਤਰੇੜ ਆਉਂਦੀ ਹੈ ਤਾਂ ਪੂਰੀ ਕੋਸ਼ਿਸ਼ ਕੀਤੀ ਜਾਵੇ ਕਿ ਕਿਸੇ ਤਰ੍ਹਾਂ ਇਸ ਤਰੇੜ ਨੂੰ ਪੂਰਿਆ ਜਾਵੇ। ਯਕਦਮ ਨਾ ਤਾਂ ਰਿਸ਼ਤੇ ਬਣਾਉਣੇ ਚਾਹੀਦੇ ਹਨ ਅਤੇ ਨਾ ਤੋੜਨੇ ਚਾਹੀਦੇ ਹਨ। ਜੇਕਰ ਕੋਈ ਮੁਸ਼ਕਿਲ ਆਉਂਦੀ ਵੀ ਹੈ ਤਾਂ ਅੱਲਾਹ ਤਆਲਾ ਨੇ ਇਸ ਦੇ ਹੱਲ ਲਈ ਚਾਰ ਮਹੀਨਿਆਂ ਦਾ ਸਮਾਂ ਦਿੱਤਾ ਹੈ।

> ਅਜਿਹੇ ਵਿਗਾੜ ਲਈ ਅੱਲਾਹ ਤਾਅਲਾ ਨੇ ਚਾਰ ਮਹੀਨਿਆਂ ਦਾ ਸਮਾਂ ਨਿਸ਼ਚਿਤ ਕਰ ਦਿੱਤਾ ਕਿ ਜਾਂ ਤਾਂ ਇਸ ਸਮੇਂ ਵਿੱਚ ਸਬੰਧਾਂ ਵਿਚ ਸੁਧਾਰ ਕਰ ਲਵੋ ਨਹੀਂ ਤਾਂ ਪਤੀ-ਪਤਨੀ ਵਾਲਾ ਰਿਸ਼ਤਾ ਖਤਮ ਕਰ ਦਿਓ ਤਾਂ ਜੋ ਦੋਵੇਂ ਇਕ ਦੂਜੇ ਤੋਂ ਮੁਕਤ ਹੋ ਕੇ ਜਿਸ ਨਾਲ ਨਿਰਵਾਹ ਕਰ ਸਕਣ ਉਸ ਨਾਲ ਨਿਕਾਹ ਕਰ ਲੈਣ।[279]

ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਵਿਆਹ ਕਰਵਾ ਸਕਦੀਆਂ ਹਨ। ਇਨ੍ਹਾਂ ਨਿਯਮਾਂ ਨਾਲ ਔਰਤ ਦੀ ਬਿਹਤਰੀ ਸੋਚੀ ਗਈ ਹੈ। ਕੁਰਆਨ ਸਖ਼ਤੀ ਨਾਲ ਉਨ੍ਹਾਂ ਮਰਦਾਂ ਨੂੰ ਆਪਣੀ ਔਰਤ ਦੇ ਹੱਕ ਵਿਚ ਵਸੀਅਤ ਕਰਨ ਨੂੰ ਕਹਿੰਦਾ ਹੈ ਜੋ ਬਜ਼ੁਰਗ ਹਨ ਜਾਂ ਕਿਸੇ ਬਿਮਾਰੀ ਕਰਕੇ ਉਨ੍ਹਾਂ ਨੂੰ ਪਤਾ ਹੈ ਕਿ ਉਹ ਲੰਮਾ ਸਮਾਂ ਜੀਅ ਨਹੀਂ ਸਕਣਗੇ। ਪਤੀ ਦੀ ਮੌਤ ਤੋਂ ਬਾਅਦ ਔਰਤ ਨੂੰ ਘਰੋਂ ਨਾ ਕੱਢਿਆ ਜਾਵੇ।

### ਸੁਲ੍ਹਾ ਅਤੇ ਆਪਸੀ ਸਾਂਝ

ਜੇਕਰ ਈਮਾਨ ਵਾਲੇ ਆਪਸ ਵਿਚ ਲੜ ਪੈਣ ਤਾਂ ਉਹਨਾਂ ਵਿਚਾਲੇ ਸੁਲ੍ਹਾ ਕਰਵਾਓ:

---

[277] Although the property owned by one passes his death into other hands, it is the duty of its owner to think how it should be disturbed after him to the advantage of those near and dear to him, and he cannot by any means, divest himself of his responsibility. *Tarjuman-al-Qura'n*, vol-II, p-74.

[278] 2:228.

[279] *ਕੁਰਆਨ ਮਜੀਦ*, ਫੁਟ ਨੋਟ ਨੰ-76, ਪੰਨਾ-68.

> ਈਮਾਨ ਵਾਲੇ ਤਾਂ ਇਕ ਦੂਜੇ ਦੇ ਭਰਾ ਹਨ। ਆਪਣੇ ਭਰਾਵਾਂ ਵਿਚਾਲੇ ਸਬੰਧਾਂ ਨੂੰ ਠੀਕ-ਠਾਕ ਕਰੋ ਅਤੇ ਅੱਲਾਹ ਤੋਂ ਡਰੋ। ਆਸ ਹੈ ਕਿ ਤੁਹਾਡੇ ਤੇ ਮਿਹਰ ਕੀਤੀ ਜਾਵੇਗੀ।[280]

ਈਮਾਨ ਵਾਲੇ ਇਕ ਦੂਜੇ ਦਾ ਮਖੌਲ ਨਾ ਉਡਾਉਣ, ਨਾ ਇਕ ਦੂਜੇ ਦੇ ਨਾਂ ਰੱਖਣ, ਮਿਹਣੇ ਨਾ ਦੇਣ, ਚੁਗਲੀ ਨਾ ਕਰਨ। ਜਿਸਨੇ ਅਜਿਹਾ ਕੀਤਾ ਉਸਨੇ ਸਮਝੋ ਆਪਣੇ ਮਰੇ ਹੋਏ ਭਰਾ ਦਾ ਮਾਸ ਖਾਧਾ। ਆਪਸ ਵਿੱਚ ਇੱਕ ਦੂਜੇ ਨੂੰ ਮਿਹਣੇ ਨਾ ਦਿਓ ਤੇ ਨਾ ਇੱਕ ਦੂਜੇ ਦੀਆਂ ਖਿਝਾਂ ਪਕਾ ਕੇ ਛੇੜ-ਛਾੜ ਕਰੋ। ਜਿਹੜੇ ਲੋਕ ਇਸ ਗੱਲੋਂ ਬਾਜ਼ ਨਾ ਆਉਣ ਉਹ ਜ਼ਾਲਮ ਹਨ:

> ਹੇ ਲੋਕੋ! ਅਸਾਂ ਤੁਹਾਨੂੰ ਇੱਕ ਪੁਰਸ਼ ਤੇ ਇੱਕ ਇਸਤਰੀ ਤੋਂ ਸਾਜਿਆ ਅਤੇ ਫੇਰ ਤੁਹਾਡੀਆਂ ਕੌਮਾਂ ਤੇ ਬਰਾਦਰੀਆਂ ਬਣਾ ਦਿੱਤੀਆਂ ਤਾਂ ਜੋ ਤੁਸੀਂ ਇੱਕ ਦੂਜੇ ਨੂੰ ਪਛਾਣ ਲਓ।[281]

ਕਾਨਾਫੂਸੀ ਨਾ ਕਰੋ। ਇਹ ਬੜੀ ਹੀ ਭੈੜੀ ਆਦਤ ਹੈ ਕਿਉਂਕਿ ਉਸ ਵੇਲੇ ਅੱਲਾਹ ਹਾਜ਼ਰ ਹੁੰਦਾ ਹੈ। ਅਜਿਹੇ ਵਿਅਕਤੀਆਂ ਲਈ ਵੀ ਸਜ਼ਾ ਹੈ:

> ਉਹਨਾਂ ਲਈ ਨਰਕ ਹੀ ਬਥੇਰਾ ਹੈ। ਉਸੇ ਦਾ ਉਹ ਬਾਲਣ ਬਣਨਗੇ। ਉਨ੍ਹਾਂ ਦਾ ਅੰਤ ਬਹੁਤਾ ਹੀ ਭੈੜਾ ਹੈ।[282]

ਇਸ ਤਰ੍ਹਾਂ ਹੀ ਚੁਗਲੀਆਂ ਅਤੇ ਗੁਪਤ ਵਾਰਤਾ ਨਹੀਂ ਕਰਨੀ ਚਾਹੀਦੀ। ਇਨ੍ਹਾਂ ਦੀ ਥਾਂ ਨੇਕੀ ਅਤੇ ਪ੍ਰਹੇਜ਼ਗਾਰੀ ਦੀਆਂ ਗੱਲਾਂ ਕਰੋ:

> ਕਾਨਾਫੂਸੀ ਤਾਂ ਇੱਕ ਸ਼ੈਤਾਨੀ ਕੰਮ ਹੈ ਤੇ ਉਹ ਇਸ ਲਈ ਕੀਤੀ ਜਾਂਦੀ ਹੈ ਕਿ ਈਮਾਨ ਲਿਆਉਣ ਵਾਲੇ ਉਸ ਨਾਲ ਦਿਲਗੀਰ ਹੋਣ, ਜਦੋਂ ਕਿ ਅੱਲਾਹ ਦੇ ਹੁਕਮ ਤੋਂ ਬਿਨਾਂ ਉਹ ਉਹਨਾਂ ਨੂੰ ਕੁਝ ਵੀ ਹਾਣ ਨਹੀਂ ਪੁਚਾ ਸਕਦੀ। ਮੋਮਨਾਂ ਨੂੰ ਅੱਲਾਹ ਉੱਤੇ ਹੀ ਭਰੋਸਾ ਕਰਨਾ ਚਾਹੀਦਾ ਹੈ।[283]

**ਸਲੀਕਾ**

ਕੁਰਆਨ ਦੱਸਦਾ ਹੈ ਕਿ ਓਪਰੇ ਘਰਾਂ ਵਿੱਚ ਮੂੰਹ ਚੁੱਕ ਕੇ ਦਾਖਲ ਨਾ ਹੋਵੋ। ਪਹਿਲਾਂ ਆਗਿਆ ਲਓ, ਫੇਰ ਸਲਾਮ ਕਹੋ। ਜੇ ਘਰ ਦਾ ਮਾਲਕ ਆਗਿਆ ਦੇਵੇ ਤਾਂ ਅੰਦਰ ਜਾਓ ਜੇ ਇਨਕਾਰ ਕਰੇ ਤਾਂ ਵਾਪਸ ਪਰਤ ਆਓ। ਆਪਣੀਆਂ ਅੱਖਾਂ ਤੋਂ ਸਹੀ ਕੰਮ ਲਓ:

> ਹੇ ਨਬੀ! ਈਮਾਨ ਵਾਲੇ ਪੁਰਸ਼ਾਂ ਨੂੰ ਆਖੋ ਕਿ ਆਪਣੀਆਂ ਨਜ਼ਰਾਂ ਬਚਾ ਕੇ ਰੱਖਣ ਅਤੇ ਆਪਣੇ ਗੁਪਤ ਅੰਗਾਂ ਦੀ ਰਾਖੀ ਕਰਨ। ਇਹ ਉਹਨਾਂ ਲਈ ਵਧੇਰੇ ਸੁਚੱਜਾ ਤਰੀਕਾ ਹੈ, ਜੋ ਕੁਝ ਉਹ ਕਰਦੇ ਹਨ ਅੱਲਾਹ ਨੂੰ ਉਸਦੀ ਖ਼ਬਰ ਰਹਿੰਦੀ ਹੈ।[284]

ਨਬੀ ਦੇ ਘਰ ਜਾਣ ਸਮੇਂ ਵੀ ਖਾਸ ਧਿਆਨ ਰੱਖੋ :

---

[280] 49:10.
[281] 49:13.
[282] 58:8.
[283] 58:10.
[284] 24: 30.

> ਹੇ ਈਮਾਨ ਲਿਆਉਣ ਵਾਲਿਓ! ਨਬੀ ਦੇ ਘਰਾਂ ਵਿੱਚ ਬਿਨਾਂ ਆਗਿਆ ਦੇ ਨਾ ਆ ਵੜਿਆ ਕਰੋ। ਨਾ ਖਾਣ ਦਾ ਵੇਲਾ ਉਡੀਕਦੇ ਰਹੋ। ਹਾਂ, ਜੇ ਤੁਹਾਨੂੰ ਖਾਣ-ਪੀਣ ਤੇ ਸੱਦਿਆ ਜਾਵੇ ਤਾਂ ਜ਼ਰੂਰ ਆਓ। ਪਰ ਜਦ ਭੋਜਨ ਕਰ ਚੁੱਕੋ ਤਾਂ ਖਿੱਲਰ ਜਾਓ ਗੱਲੀਂ ਬਾਤੀ ਨਾ ਰੁੱਝੇ ਰਹੋ।[285]

ਈਮਾਨ ਵਾਲਾ ਮਰਦ, ਈਮਾਨ ਵਾਲੀ ਔਰਤ ਨਾਲ ਵਿਆਹ ਕਰਵਾਏ। ਨਬੀ ਦੀਆਂ ਪਤਨੀਆਂ ਕੋਲ ਉਹਨਾਂ ਦੇ ਪਿਓ, ਪੁੱਤਰ, ਭਰਾ, ਭਤੀਜੇ, ਭਣੇਵੇ ਆ ਸਕਦੇ ਹਨ। ਈਮਾਨ ਵਾਲੀਆਂ ਔਰਤਾਂ ਪਹਿਰਾਵੇ ਦਾ ਖਾਸ ਖਿਆਲ ਰੱਖਣ:

> ਹੇ ਨਬੀ! ਆਪਣੀਆਂ ਸੁਪਤਨੀਆਂ, ਸਪੁੱਤਰੀਆਂ ਅਤੇ ਈਮਾਨ ਵਾਲਿਆਂ ਦੀਆਂ ਇਸਤਰੀਆਂ ਨੂੰ ਆਖ ਦਿਓ ਕਿ ਆਪਣੇ ਉੱਤੇ ਆਪਣੀਆਂ ਚਾਦਰਾਂ ਦੇ ਪੱਲੇ ਲਮਕਾ ਲਿਆ ਕਰਨ। ਇਹ ਵਧੇਰੇ ਉਚਿਤ ਢੰਗ ਹੈ ਤਾਂ ਜੋ ਉਹ ਪਛਾਣ ਲਈਆਂ ਜਾਣ ਤੇ ਸਤਾਈਆਂ ਨਾ ਜਾਣ। ਅੱਲਾਹ ਵੱਡਾ ਬਖਸ਼ਣਹਾਰ ਤੇ ਮਿਹਰਬਾਨ ਹੈ।[286]

ਈਮਾਨ ਵਾਲੀਆਂ ਔਰਤਾਂ ਆਪਣਾ ਸਰੀਰ ਢੱਕ ਕੇ ਰੱਖਣ, ਨਜ਼ਰਾਂ ਬਚਾ ਕੇ ਰੱਖਣ, ਆਪਣੇ ਸੀਨਿਆਂ ਉਤੇ ਚਾਦਰਾਂ ਦੀ ਬੁੱਕਲ ਮਾਰਨ। ਆਪਣਾ ਹਾਰ ਸ਼ਿੰਗਾਰ ਪਤੀ, ਪਿਤਾ, ਪਤੀਆਂ ਦੇ ਪਿਤਾ, ਪੁੱਤਰ, ਪਤੀਆਂ ਦੇ ਪੁੱਤਰ, ਭਰਾ, ਭਤੀਜੇ, ਭਾਣਜੇ, ਸਹੇਲੀਆਂ, ਨੌਕਰਾਣੀ ਅਤੇ ਉਹ ਬਾਲਕ ਜੋ ਅਣਜਾਣ ਹਨ, ਨੂੰ ਦਿਖਾ ਸਕਦੀਆਂ ਹਨ। ਉਹ ਤੁਰਦਿਆਂ ਹੋਇਆਂ ਵੀ ਇਸ ਗੱਲ ਦਾ ਖਿਆਲ ਰੱਖਣ:

> ਉਹ ਆਪਣੇ ਪੈਰਾਂ ਨੂੰ ਦੱਬ ਕੇ ਧਰਤੀ ਉਤੇ ਮਾਰਦੀਆਂ ਹੋਈਆਂ ਨਾ ਤੁਰਿਆ ਕਰਨ ਕਿ ਆਪਣਾ ਜੋ ਹਾਰ-ਸ਼ਿੰਗਾਰ ਉਹਨਾਂ ਲੁਕਾ ਰੱਖਿਆ ਹੋਵੇ ਉਸਦਾ ਲੋਕਾਂ ਨੂੰ ਪਤਾ ਲੱਗ ਜਾਵੇ।[287]

ਅਣਵਿਆਹੇ ਵਿਆਹ ਕਰਾਉਣ, ਜੋ ਕੰਵਾਰਾ ਰਹਿਣਾ ਚਾਹੁੰਦੇ ਹੋਣ, ਉਹ ਜਤਿ-ਸਤਿ ਵਿਚ ਰਹਿਣ। ਪਵਿੱਤਰ ਕੁਰਆਨ ਵਿਚਲਾ ਸਮਾਜਿਕ ਢਾਂਚਾ ਬਾਕਮਾਲ ਹੈ। ਕੁਰਆਨ ਬਦਜ਼ੁਬਾਨੀ ਤੋਂ ਮਨ੍ਹਾਂ ਕਰਦਾ ਹੈ। ਉਹ ਗੱਲ ਕਰੋ ਜੋ ਤੱਥਾਂ ਤੇ ਆਧਾਰਿਤ ਹੈ। ਐਵੇਂ ਉਰਲੀਆਂ-ਪਰਲੀਆਂ ਨਾ ਮਾਰਿਆ ਕਰੋ। ਘਰਵਾਲੀਆਂ ਨੂੰ ਗੁੱਸੇ ਜਾਂ ਪਿਆਰ ਨਾਲ ਮਾਂ ਦੀ ਉਪਮਾ ਨਾ ਦਿਓ:

> ਅੱਲਾਹ ਨੇ ਕਿਸੇ ਵਿਅਕਤੀ ਦੇ ਧੜ ਵਿੱਚ ਦੋ ਦਿਲ ਨਹੀਂ ਬਣਾਏ, ਨਾ ਉਸਨੇ ਤੁਹਾਡੀਆਂ ਉਨ੍ਹਾਂ ਪਤਨੀਆਂ ਨੂੰ ਜਿਹਨਾਂ ਨਾਲ ਤੁਸੀਂ 'ਜਿਹਾਰ' ਕਰ ਬੈਠਦੇ ਹੋ ਤੁਹਾਡੀਆਂ ਮਾਵਾਂ ਬਣਾ ਦਿੱਤਾ ਹੈ ਅਤੇ ਨਾ ਹੀ ਉਸਨੇ ਤੁਹਾਡੇ ਪਾਲਕਾਂ ਨੂੰ ਤੁਹਾਡਾ ਸਕਾ ਪੁੱਤਰ ਬਣਾਇਆ ਹੈ।[288]

ਹੱਥੀਂ ਪਾਲੇ ਬੱਚਿਆਂ ਨੂੰ ਪੁੱਤਰ ਨਾ ਕਹੋ ਸਗੋਂ ਉਸ ਬੱਚੇ ਦੇ ਪਿਤਾ ਦਾ ਨਾਮ ਲੈ ਕੇ ਉਨ੍ਹਾਂ ਨੂੰ ਬੁਲਾਓ। ਤਹਿਜ਼ੀਬ ਤੋਂ ਸੱਖਣੀਆਂ ਜ਼ਬਾਨਾਂ ਕੈਂਚੀਆਂ ਹਨ:

> ਇਹੋ ਲੋਕ ਹਿਤਾਂ ਦੇ ਲੋਭੀ ਬਣਕੇ ਕੈਂਚੀ ਵਾਂਗ ਚਲਦੀਆਂ ਜ਼ੁਬਾਨਾਂ ਲੈ ਕੇ ਤੁਹਾਡੇ ਸੁਆਗਤ ਨੂੰ ਆ ਖਲੋਂਦੇ ਹਨ।[289]

---

[285] 33:53.
[286] 33:59.
[287] 24: 31.
[288] 33:4.

### ਨਬੀ ਅਤੇ ਪਤਨੀਆਂ ਦਾ ਜੀਵਨ

ਮੁਸਲਮਾਨ ਦਾ ਜੀਵਨ ਮੁਹੰਮਦ ਵਰਗਾ ਹੋਵੇ :

> ਵਾਸਤਵ ਵਿੱਚ ਤੁਹਾਡੇ ਲਈ ਅੱਲਾਹ ਦੇ ਰਸੂਲ ਵਿੱਚ ਇੱਕ ਉੱਤਮ ਨਮੂਨਾ ਸੀ।[290]

ਨਬੀ ਦੀਆਂ ਪਤਨੀਆਂ ਉਪਰ ਵੀ ਫ਼ਰਜ਼ ਹਨ। ਲੋਕ ਉਨ੍ਹਾਂ ਨੂੰ ਦੇਖਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦੇ ਹਨ। ਉਹ ਉੱਮਤ ਦੀਆਂ ਮਾਵਾਂ ਹਨ। ਉਨ੍ਹਾਂ ਦਾ ਜੀਵਨ ਹੋਰਾਂ ਲਈ ਚਾਨਣ ਮੁਨਾਰਾ ਹੈ। ਬੰਦਗੀ ਦੇ ਰਾਹ ਵਿਚ ਕੋਈ ਰਿਸ਼ਤਾ ਅਮਲ ਤੋਂ ਵੱਡਾ ਨਹੀਂ ਹੈ:

> ਨਬੀ ਦੀਓ ਪਤਨੀਓ! ਤੁਹਾਡੇ ਵਿੱਚੋਂ ਜਿਹੜੀ ਕੋਈ ਪ੍ਰਤੱਖ ਅਸ਼ਲੀਲ ਕੰਮ ਕਰੇਗੀ। ਉਸਨੂੰ ਦੂਹਰਾ ਅਜ਼ਾਬ ਦਿੱਤਾ ਜਾਵੇਗਾ। ਅੱਲਾਹ ਲਈ ਇਹ ਬਹੁਤ ਸੌਖਾ ਕੰਮ ਹੈ।[291]

ਅਤੇ

> ਨਬੀ ਦੀਓ ਪਤਨੀਓ! ਤੁਸੀਂ ਸਾਧਾਰਨ ਬੀਬੀਆਂ ਵਾਂਗ ਨਹੀਂ ਹੋ। ਜੇ ਤੁਸੀਂ ਰੱਬ ਤੋਂ ਡਰਨ ਵਾਲੀਆਂ ਹੋ ਤਾਂ ਦਬਵੀ ਜ਼ਬਾਨ ਨਾਲ ਗੱਲ ਨਾ ਕੀਤਾ ਕਰੋ ਕਿ ਦਿਲ ਦੇ ਵਿਕਾਰ ਵਿੱਚ ਫਸਿਆ ਕੋਈ ਵਿਅਕਤੀ ਲੋਭ ਵਿੱਚ ਆ ਡਿੱਗੇ, ਸਗੋਂ ਸਾਫ਼-ਸਿੱਧੀ ਗੱਲ ਕਰੋ। ਆਪਣੇ ਘਰਾਂ ਵਿੱਚ ਟਿਕੀਆਂ ਬੈਠੀਆਂ ਰਹੋ ਅਤੇ ਪੁਰਾਣੇ ਅਗਿਆਨ ਕਾਲ ਵਰਗਾ ਹਾਰ-ਸ਼ਿੰਗਾਰ ਨਾ ਵਿਖਾਉਂਦੀਆ ਫਿਰੋ। ਨਮਾਜ਼ ਕਾਇਮ ਕਰੋ, ਜ਼ਕਾਤ ਦਿਓ ਅਤੇ ਅੱਲਾਹ ਤੇ ਉਸਦੇ ਰਸੂਲ ਦੀ ਆਗਿਆ ਦਾ ਪਾਲਣ ਕਰੋ।[292]

ਈਮਾਨ ਵਾਲੇ ਤਹਿਜ਼ੀਬ ਦੇ ਮਾਲਕ ਹੋਣੇ ਚਾਹੀਦੇ ਹਨ। ਕਿਆਮਤ ਦੇ ਦਿਨ ਧੀ-ਪੁੱਤਰ ਜਾਂ ਧਨ-ਦੌਲਤ ਕਿਸੇ ਕੰਮ ਨਹੀਂ ਆਵੇਗੀ।

### ਪੂਰਾ ਤੋਲੋ

ਅੱਲਾਹ ਨੇ ਇਸ ਜਗਤ ਨੂੰ ਸੰਤੁਲਨ ਵਿੱਚ ਬਣਾਇਆ ਹੈ। ਇਸ ਲਈ ਮਨੁੱਖ ਵੀ ਸੰਤੁਲਨ ਵਿੱਚ ਰਹਿਣ ਇਹ ਜਗਤ ਰਚਨਾ ਤੱਕੜੀ ਵਾਂਗ ਹੈ। ਤੁਸੀਂ ਇਸ ਤੋਂ ਪ੍ਰੇਰਨਾ ਲੈ ਕੇ ਪੂਰਾ ਤੋਲੋ :

> ਇਨਸਾਫ ਨਾਲ ਠੀਕ-ਠਾਕ ਤੋਲੋ ਅਤੇ ਤੱਕੜੀ ਵਿੱਚ ਡੰਡੀ ਨਾ ਮਾਰੋ।[293]

> ਤਬਾਹੀ ਹੈ ਡੰਡੀ ਮਾਰਨ ਵਾਲਿਆਂ ਲਈ ਜਿਹਨਾਂ ਦਾ ਹਾਲ ਇਹ ਹੈ ਕਿ ਜਦ ਲੋਕਾਂ ਤੋਂ ਲੈਂਦੇ ਹਨ ਤਾਂ ਪੂਰਾ-ਪੂਰਾ ਲੈਂਦੇ ਹਨ ਅਤੇ ਜਦ ਉਹਨਾਂ ਨੂੰ ਮਿਣ ਕੇ ਜਾਂ ਤੋਲ ਕੇ ਦਿੰਦੇ ਹਨ ਤਾਂ ਘੱਟ ਦਿੰਦੇ ਹਨ।[294]

---

[289] 33:19.
[290] 33:21.
[291] 33:30.
[292] 33:32 ਤੇ 33.
[293] 55:9.
[294] 83:1-3.

**ਔਰਤਾਂ ਲਈ ਬੈਅਤ**

ਔਰਤਾਂ ਲਈ ਵੀ ਹੈ। ਕੁਰਆਨ ਦੱਸਦਾ ਹੈ ਕਿ ਮੁਹੰਮਦ (ਸ.) ਨੇ ਔਰਤਾਂ ਨੂੰ ਵੀ ਸਿੱਧੇ ਰਾਹ 'ਤੇ ਤੁਰਨ ਲਈ ਸੁਨੇਹਾ ਦਿੱਤਾ ਹੈ:

> ਹੇ ਨਬੀ! ਜਦੋਂ ਤੁਹਾਡੇ ਕੋਲ ਈਮਾਨ ਵਾਲੀਆਂ ਬੀਬੀਆਂ 'ਬੈਅਤ' ਕਰਨ ਲਈ ਆਉਣ ਅਤੇ ਇਸ ਗੱਲ ਦਾ ਪ੍ਰਣ ਕਰਨ ਕਿ ਉਹ ਅੱਲਾਹ ਦੇ ਨਾਲ ਕਿਸੇ ਨੂੰ ਸ਼ਰੀਕ ਨਹੀਂ ਬਣਾਉਣਗੀਆਂ, ਚੋਰੀ ਨਹੀਂ ਕਰਨਗੀਆਂ, ਵਿਭਚਾਰ ਨਹੀਂ ਕਰਨਗੀਆਂ, ਆਪਣੀ ਸੰਤਾਨ ਦੀ ਹੱਤਿਆ ਨਹੀਂ ਕਰਨਗੀਆਂ, ਆਪਣੇ ਹੱਥਾਂ-ਪੈਰਾਂ ਅੱਗੇ ਕੋਈ ਊਜ ਘੜ ਕੇ ਨਹੀਂ ਲਿਆਉਣਗੀਆਂ ਅਤੇ ਕਿਸੇ ਭਲੇ ਕੰਮ ਵਿੱਚ ਤੁਹਾਡੀ ਅਵੱਗਿਆ ਨਹੀਂ ਕਰਨਗੀਆਂ, ਤਾਂ ਉਹਨਾਂ ਤੋਂ ਬੈਅਤ ਲੈ ਲਓ ਅਤੇ ਉਹਨਾਂ ਦੇ ਹੱਕ ਵਿੱਚ ਬਖ਼ਸ਼ਿਸ਼ ਦੀ ਦੁਆ ਕਰੋ। ਬੇਸ਼ੱਕ ਅੱਲਾਹ ਵੱਡਾ ਬਖਸ਼ਣਹਾਰ ਤੇ ਮਿਹਰਬਾਨ ਹੈ।[295]

**ਜਹਾਦ**

ਕੁਰਆਨ ਵਿੱਚ ਜਹਾਦ ਦਾ ਖ਼ਾਸ ਸਥਾਨ ਹੈ। ਇਸ ਵਿਸ਼ੇ ਨੇ ਸਾਰੇ ਧਰਮਾਂ ਦੇ ਲੋਕਾਂ ਦੇ ਖਿਆਲ ਇਸਲਾਮ ਵੱਲ ਖਿੱਚੇ ਹਨ ਜਿਵੇਂ ਇਸਦਾ ਅਰਥ ਲੋਕਾਂ ਦੀ ਮਾਰ-ਕੁੱਟ ਜਾਂ ਕਤਲੋਗਾਰਤ ਹੈ। ਇਹ ਇਸਲਾਮ ਦਾ ਅਕੀਦਾ ਨਹੀਂ ਹੈ ਕਿ ਕਿਸੇ ਨੂੰ ਜ਼ਬਰਦਸਤੀ ਇਸਲਾਮ ਵਿੱਚ ਲਿਆਂਦਾ ਜਾਵੇ ਅਤੇ ਬੇਗੁਨਾਹ ਦਾ ਕਤਲ ਕੀਤਾ ਜਾਵੇ। ਜਹਾਦ ਅਜਿਹਾ ਅਮਲ ਹੈ ਜੋ ਕਾਇਰਤਾ ਅਤੇ ਬਹਾਦਰੀ ਦੇ ਸੰਤੁਲਨ ਨੂੰ ਪੇਸ਼ ਕਰਦਾ ਹੈ। ਇਸਦੇ ਗਲਤ ਅਰਥ ਹੁਕਮਰਾਨਾਂ ਨੇ ਜਾਂ ਸੌੜੀ ਸੋਚ ਵਾਲਿਆਂ ਨੇ ਸਮਾਜ ਨੂੰ ਦਿੱਤੇ ਹਨ। ਜਿਹਾਦ ਬਾਰੇ ਕੁਰਆਨ ਦਾ ਕਥਨ ਹੈ:

> ਤੁਸੀਂ ਅੱਲਾਹ ਦੇ ਰਾਹ ਵਿੱਚ ਉਨ੍ਹਾਂ ਲੋਕਾਂ ਨਾਲ ਲੜੋ ਜਿਹੜੇ ਤੁਹਾਡੇ ਨਾਲ ਲੜਦੇ ਹਨ, ਪਰ ਵਧੀਕੀ ਨਾ ਕਰੋ ਕਿਉਂ ਜੋ ਅੱਲਾਹ ਵਧੀਕੀ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ। ਉਨ੍ਹਾਂ ਨਾਲ ਲੜੋ ਜਿੱਥੇ ਵੀ ਤੁਹਾਡਾ ਉਨ੍ਹਾਂ ਨਾਲ ਟਾਕਰਾ ਹੋਵੇ ਅਤੇ ਉਨ੍ਹਾਂ ਨੂੰ ਕੱਢ ਦਿਓ ਜਿੱਥੋਂ ਉਨ੍ਹਾਂ ਨੇ ਤੁਹਾਨੂੰ ਕੱਢਿਆ ਹੈ, ਇਸ ਲਈ ਕਿ ਕਤਲ ਭਾਵੇਂ ਬੁਰਾ ਹੈ ਪਰ ਉਪੱਦਰ ਉਸ ਤੋਂ ਵੀ ਵਧੇਰੇ ਭੈੜਾ ਹੈ। ਅਤੇ ਕਾਅਬਾ ਸ਼ਰੀਫ਼ ਦੇ ਨੇੜੇ ਜਦੋਂ ਤੀਕ ਉਹ ਤੁਹਾਡੇ ਨਾਲ ਨਾ ਲੜ੍ਹਨ, ਤੁਸੀਂ ਵੀ ਨਾ ਲੜੋ ਪਰ ਜਦ ਉਹ ਉਥੇ ਵੀ ਲੜਨ ਤੋਂ ਨਾ ਜਕਣ ਤਾਂ ਤੁਸੀਂ ਵੀ ਬੇਝਿਜਕ ਹੋ ਕੇ ਉਨ੍ਹਾਂ ਨੂੰ ਮਾਰੋ ਕਿਉਂ ਜੋ ਅਜਿਹੇ ਇਨਕਾਰੀਆਂ ਦੀ ਇਹੋ ਸਜ਼ਾ ਹੈ। ਫੇਰ ਜੇ ਉਹ ਬਾਜ਼ ਆ ਜਾਣ ਤਾਂ ਯਾਦ ਰੱਖੋ ਕਿ ਅੱਲਾਹ ਬਖਸ਼ਣਹਾਰ ਤੇ ਰਹਿਮ ਫਰਮਾਉਣ ਵਾਲਾ ਹੈ।[296]

ਰੱਬ ਵੱਲੋਂ ਦਿੱਤਾ ਜੰਗ ਦਾ ਹੁਕਮ ਲੋਕਾਂ ਲਈ ਸਮਝਣਾ ਬਹੁਤ ਮੁਸ਼ਕਿਲ ਸੀ ਪਰ ਕੁਰਆਨ ਨੇ ਇਸਨੂੰ ਲਾਗੂ ਕੀਤਾ ਕਿਉਂਕਿ ਅੱਲਾਹ ਮਨੁੱਖਾਂ ਨਾਲੋਂ ਵਧੇਰੇ ਸਿਆਣਾ ਹੈ:

> ਤੁਹਾਨੂੰ ਜੰਗ ਦਾ ਹੁਕਮ ਦਿੱਤਾ ਗਿਆ ਹੈ ਅਤੇ ਉਹ ਤੁਹਾਨੂੰ ਬੁਰਾ ਲਗਦਾ ਹੈ ਹੋ ਸਕਦਾ ਹੈ ਕਿ ਇੱਕ ਚੀਜ਼ ਤੁਹਾਨੂੰ ਪਸੰਦ ਨਾ ਹੋਵੇ ਪਰ ਓਹੀਓ ਤੁਹਾਡੇ ਲਈ ਬਿਹਤਰ ਹੋਵੇ ਅਤੇ ਹੋ ਸਕਦਾ ਹੈ ਕਿ ਇੱਕ ਚੀਜ਼ ਤੁਹਾਨੂੰ ਪਸੰਦ ਹੋਵੇ ਪਰ ਉਹ ਤੁਹਾਡੇ ਲਈ ਬੁਰੀ ਹੋਵੇ। ਅੱਲਾਹ ਜਾਣਦਾ ਹੈ ਤੇ ਤੁਸੀਂ ਨਹੀਂ ਜਾਣਦੇ।[297]

ਪਵਿੱਤਰ ਕੁਰਆਨ ਦੱਸਦਾ ਹੈ ਕਿ ਤੁਸੀਂ ਉਦੋਂ ਲੜੋ ਜਦੋਂ ਕੋਈ ਕਾਅਬੇ ਦੀ ਸ਼ਾਂਤੀ ਨੂੰ ਭੰਗ ਕਰਦਾ ਹੈ, ਅੱਲਾਹ ਦੇ ਰਾਹੋਂ ਲੋਕਾਂ ਨੂੰ ਰੋਕਦਾ ਹੈ, ਰੱਬ ਨੂੰ ਨਹੀਂ ਮੰਨਦਾ, ਕਾਅਬੇ ਦਾ ਰਾਹ ਬੰਦ ਕਰਦਾ ਹੈ ਤਾਂ ਤੁਸੀਂ ਉਹਨਾਂ ਦਾ ਮੁਕਾਬਲਾ ਕਰੋ:

---

[295] 60:12.
[296] 2:190-192.
[297] 2:216.

ਜੋ ਲੋਕ ਅਜਿਹਾ ਨਹੀਂ ਕਰਦੇ ਉਹ ਨਰਕ ਦੇ ਹੱਕਦਾਰ ਹਨ ਪਰ ਜੋ ਉਨ੍ਹਾਂ ਜ਼ਾਲਮਾਂ ਦਾ ਮੁਕਾਬਲਾ ਕਰਦੇ ਹਨ ਉਹ ਸਹੀ ਰਾਹ 'ਤੇ ਹਨ। ਇਹਦੇ ਉਲਟ ਜਿਹੜੇ ਲੋਕ ਈਮਾਨ ਲਿਆਏ ਹਨ ਅਤੇ ਜਿਨ੍ਹਾਂ ਅੱਲਾਹ ਦੇ ਰਾਹ ਵਿੱਚ ਆਪਣਾ ਘਰ-ਬਾਰ ਛੱਡਿਆ ਅਤੇ 'ਜਹਾਦ' ਕੀਤਾ ਹੈ, ਉਹ ਅੱਲਾਹ ਦੀ ਮਿਹਰ ਦੇ ਜਾਇਜ਼ ਉਮੀਦਵਾਰ ਅਤੇ ਅਤੇ ਅੱਲਾਹ ਉਨ੍ਹਾਂ ਦੇ ਕਸੂਰਾਂ ਨੂੰ ਮੁਆਫ਼ ਕਰਨ ਵਾਲਾ ਤੇ ਆਪਣੀ ਮਿਹਰ ਉਨ੍ਹਾਂ ਨੂੰ ਨਿਵਾਜ਼ਣ ਵਾਲਾ ਹੈ।[298]

'ਜਹਾਦ' ਸ਼ਬਦ ਬਾਰੇ ਅਬੁਲ ਆਲਾ ਮੌਦੂਦੀ ਲਿਖਦੇ ਹਨ ਕਿ ਇਸਦਾ ਅਰਥ ਜੰਗ ਨਹੀਂ ਹੈ :

'ਜਹਾਦ' ਦੇ ਅਰਥ ਹਨ ਕਿਸੇ ਮੰਤਵ ਦੀ ਪ੍ਰਾਪਤੀ ਲਈ ਆਪਣੀ ਪੂਰੀ ਵਾਹ ਲਗਾ ਦੇਣਾ। ਇਸਦਾ ਅਰਥ ਕੇਵਲ ਲੜਾਈ ਜਾਂ ਯੁੱਧ ਨਹੀਂ ਹੈ। ਲੜਾਈ ਲਈ ਤਾਂ 'ਕਿਤਾਲ' ਦਾ ਸ਼ਬਦ ਆਉਂਦਾ ਹੈ। 'ਜਹਾਦ' ਇਸ ਤੋਂ ਵਧੇਰੇ ਵਿਆਪਕ ਅਰਥ ਰੱਖਦਾ ਹੈ ਅਤੇ ਇਸ ਵਿੱਚ ਲੜਾਈ ਸਮੇਤ ਹਰ ਕਿਸਮ ਦੀ ਜੱਦੋ-ਜਹਿਦ ਸ਼ਾਮਲ ਹੈ।[299]

ਮੌਲਾਨਾ ਅਬੁਲ ਕਲਾਮ ਆਜ਼ਾਦ ਨੇ 'ਜਹਾਦ' ਲਈ ਅੰਗਰੇਜ਼ੀ ਵਿੱਚ ਸ਼ਬਦ Struggle ਵਰਤਿਆ ਹੈ।[300] ਕੁਰਆਨ ਲੋਕਾਂ ਨੂੰ 'ਜਹਾਦ' ਬਾਰੇ ਪ੍ਰੇਰਦਿਆਂ ਦੱਸਦਾ ਹੈ। ਮੌਤ ਅੱਲਾਹ ਦੇ ਹੱਥ ਵਿੱਚ ਹੈ। ਕਈ ਈਮਾਨ ਤੋਂ ਸੱਖਣੇ ਕਹਿੰਦੇ ਹਨ ਕਿ ਜੇ ਅਸੀਂ ਜੰਗ ਵਿੱਚ ਨਹੀਂ ਜਾਵਾਗੇਂ ਤਾਂ ਸ਼ਾਇਦ ਮਰਾਂਗੇ ਨਹੀਂ। ਅੱਲਾਹ ਦੇ ਰਾਹ 'ਤੇ ਮਰਨਾ ਬਹੁਤ ਚੰਗਾ ਹੈ:

ਜੇ ਤੁਸੀਂ ਅੱਲਾਹ ਦੇ ਰਾਹ ਵਿੱਚ ਮਾਰੇ ਜਾਓ ਜਾਂ ਮਰ ਜਾਓ ਤਾਂ ਅੱਲਾਹ ਦੀ ਜੋ ਮਿਹਰ ਅਤੇ ਬਖਸ਼ਿਸ਼ ਤੁਹਾਡੇ ਹਿੱਸੇ ਆਵੇਗੀ ਉਹ ਉਨ੍ਹਾਂ ਸਮੂਹ ਵਸਤਾਂ ਨਾਲੋਂ ਵਧੇਰੇ ਚੰਗੀ ਹੈ ਜਿਹੜੀਆਂ ਇਹ ਲੋਕ ਜੋੜਦੇ ਹਨ। ਭਾਵੇਂ ਤੁਸੀਂ ਮਰੋ ਜਾਂ ਮਾਰੇ ਜਾਓ, ਹਰ ਹਾਲ ਵਿੱਚ ਤੁਸਾਂ ਸਭਨਾਂ ਨੇ ਸਿਮਟ ਕੇ ਜਾਣਾ ਅੱਲਾਹ ਵੱਲ ਹੀ ਹੈ।[301]

ਜਿਹੜੇ ਲੋਕ ਅੱਲਾਹ ਦੇ ਰਾਹ ਵਿੱਚ ਕਤਲ ਹੋਏ ਹਨ ਉਹਨਾਂ ਨੂੰ ਮੁਰਦਾ ਨਾ ਸਮਝੋ, ਉਹ ਤਾਂ ਹਕੀਕਤ ਵਿੱਚ ਜਿਉਂਦੇ ਹਨ, ਆਪਣੇ ਰੱਬ ਦੇ ਹਜ਼ੂਰ ਉਹਨਾਂ ਨੂੰ ਰਿਜ਼ਕ ਦਿੱਤਾ ਜਾਂਦਾ ਹੈ।[302]

ਸੋ ਸ਼ੈਤਾਨ ਦੇ ਸਾਥੀਆਂ ਵਿਰੁੱਧ ਜੰਗ ਕਰੋ ਅਤੇ ਵਿਸ਼ਵਾਸ ਰੱਖੋ ਕਿ ਸ਼ੈਤਾਨ ਦੀਆਂ ਚਾਲਾਂ ਅਸਲ ਵਿੱਚ ਬਹੁਤ ਕਮਜ਼ੋਰ ਹਨ।[303]

ਹੇ ਨਬੀ! ਇਹਨ੍ਹਾਂ ਨੂੰ ਆਖੋ ਕਿ ਜੇ ਤੁਸੀਂ ਮੌਤ ਜਾਂ ਕਤਲ ਤੋਂ ਨੱਸੋ ਤਾਂ ਇਹ ਨੱਸਣਾ ਤੁਹਾਡੇ ਵਾਸਤੇ ਕੁਝ ਵੀ ਲਾਹੇਵੰਦ ਸਿੱਧ ਨਹੀਂ ਹੋਵੇਗਾ। ਇਸ ਤੋਂ ਮਗਰੋਂ ਜੀਵਨ ਦੇ ਸੁਆਦ ਮਾਣਨ ਦਾ ਥੋੜ੍ਹਾ ਹੀ ਮੌਕਾ ਤੁਹਾਨੂੰ ਮਿਲ ਸਕੇਗਾ।[304]

**ਸ਼ਾਦੀ ਸ਼ੁਦਾ ਜ਼ਿੰਦਗੀ**

ਪਵਿੱਤਰ ਕੁਰਆਨ ਸਮਾਜਿਕ ਰਿਸ਼ਤਿਆਂ ਰਾਹੀਂ ਬੰਦਗੀ ਦੀ ਨੁਹਾਰ ਨੂੰ ਪੇਸ਼ ਕਰਦਾ ਹੈ। ਸਾਡੇ ਜੀਵਨ ਦੀਆਂ ਤਿੰਨ ਵੱਡੀਆਂ ਰਸਮਾਂ ਹਨ ਜਨਮ, ਵਿਆਹ ਅਤੇ ਮੌਤ। ਵਿਆਹ ਦੀ ਰਸਮ ਨਾਲ ਸਾਡਾ

---

[298] 2:218.
[299] *ਕੁਰਆਨ ਮਜੀਦ,* ਫੁੱਟ ਨੋਟ ਨੰ. 71, ਪੰਨਾ-66.
[300] *The Tarjuman ai-Qura'n,* vol-II, p-94.
[301] 3:157-158.
[302] 3:169.
[303] 4:76.
[304] 33.16.

ਸਮਾਜ ਨਾਲ ਰਿਸ਼ਤਾ ਗਹਿਰਾ ਹੁੰਦਾ ਹੈ। ਸ਼ਾਦੀ ਕਰਨ ਤੋਂ ਪਹਿਲਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਜਿਸ ਔਰਤ ਨਾਲ ਮੈਂ ਸ਼ਾਦੀ ਕਰਾਉਣ ਜਾ ਰਿਹਾ ਹਾਂ, ਕੀ ਉਹ ਈਮਾਨ ਵਾਲੀ ਹੈ ਕਿ ਨਹੀਂ। ਇਸ ਤਰ੍ਹਾਂ ਹੀ ਪਤੀ ਦੀ ਚੋਣ ਵੇਲੇ ਦੇਖਿਆ ਜਾਵੇ ਕਿ ਕੀ ਉਹ ਈਮਾਨ ਵਾਲਾ ਹੈ ਜਾਂ ਸ਼ਿਰਕ ਵਾਲਾ:

> ਤੁਸੀਂ ਮੁਸ਼ਰਿਕ ਇਸਤਰੀਆਂ ਨਾਲ ਕਦੇ ਵੀ ਵਿਆਹ ਨਾ ਕਰੋ ਜਦੋਂ ਤੀਕ ਕਿ ਉਹ ਈਮਾਨ ਨਾ ਲੈ ਆਉਣ। ਇੱਕ ਈਮਾਨ ਵਾਲੀ ਗੋਲੀ ਸ਼ਿਰਕ ਕਰਨ ਵਾਲੀ ਸਰੀਫ਼ਜ਼ਾਦੀ ਤੋਂ ਚੰਗੀ ਹੈ ਭਾਵੇਂ ਤੁਹਾਨੂੰ ਕਿੰਨੀ ਹੀ ਭਾਉਂਦੀ ਹੋਵੇ ਅਤੇ ਆਪਣੀਆਂ ਇਸਤਰੀਆਂ ਦੇ ਵਿਆਹ ਮੁਸ਼ਰਿਕ ਪੁਰਸ਼ਾਂ ਨਾਲ ਕਦੇ ਵੀ ਨਾ ਕਰਨਾ ਜਦੋਂ ਤੀਕ ਉਹ ਈਮਾਨ ਨਾ ਲੈ ਆਉਣ। ਇੱਕ ਮੋਮਿਨ ਗ਼ੁਲਾਮ ਮੁਸ਼ਰਿਕ ਸ਼ਰੀਫ਼ ਨਾਲੋਂ ਕਿਤੇ ਚੰਗਾ ਹੈ ਭਾਵੇਂ ਉਹ ਤੁਹਾਨੂੰ ਕਿੰਨਾ ਹੀ ਪਸੰਦ ਹੋਵੇ।[305]

## ਮਾਪਿਆਂ ਦਾ ਸਤਿਕਾਰ

ਬੰਦਗੀ ਕਰਨ ਵਾਲਾ ਮਾਪਿਆਂ ਨਾਲ ਸੁਹਣਾ ਵਿਹਾਰ ਕਰਦਾ ਹੈ:

> ਅਸਾਂ ਮਨੁੱਖ ਨੂੰ ਹਦਾਇਤ ਕੀਤੀ ਕਿ ਆਪਣੇ ਮਾਪਿਆਂ ਨਾਲ ਚੰਗਾ ਵਰਤਾਓ ਕਰੇ ਪਰ ਜੇ ਉਹ ਤੇਰੇ ਉੱਤੇ ਜ਼ੋਰ ਪਾਉਣ ਕਿ ਤੂੰ ਮੇਰੇ ਨਾਲ ਕਿਸੇ ਅਜਿਹੇ (ਇਸ਼ਟ) ਨੂੰ ਸ਼ਰੀਕ ਬਣਾਏ ਜਿਸਨੂੰ ਤੂੰ (ਮੇਰੇ ਭਾਈਵਾਲ ਵਜੋਂ) ਨਹੀਂ ਜਾਣਦਾ ਤਾਂ ਉਹਨਾਂ ਦੇ ਆਖੇ ਨਾ ਲੱਗ। ਮੇਰੇ ਹੀ ਵੱਲ ਤੁਸਾਂ ਸਾਰਿਆਂ ਨੇ ਪਰਤ ਕੇ ਆਉਣਾ ਹੋਵੇਗਾ ਤੇ ਜਿਹਨਾਂ ਭਲੇ ਕਰਮ ਕਮਾਏ ਹੋਣਗੇ ਉਹਨਾਂ ਨੂੰ ਅਸੀਂ ਜ਼ਰੂਰ ਹੀ ਭਲੇ ਪੁਰਸ਼ਾਂ ਨਾਲ ਰਲਾਵਾਂਗੇ।[306]

> ਤੇਰੇ ਰੱਬ ਨੇ ਫੈਸਲਾ ਕਰ ਦਿੱਤਾ ਹੈ ਕਿ ਤੁਸੀਂ ਲੋਕ ਉਸ ਤੋਂ ਛੁੱਟ ਹੋਰ ਕਿਸੇ ਦੀ ਬੰਦਗੀ ਨਾ ਕਰੋ। ਮਾਪਿਆਂ ਨਾਲ ਸੁਹਣਾ ਵਿਹਾਰ ਕਰੋ ਜੇ ਤੁਹਾਡੇ ਕੋਲ ਉਹਨਾਂ ਵਿੱਚੋਂ ਕੋਈ ਇੱਕ ਜਾਂ ਦੋਵੇਂ ਬਿਰਧ ਅਵਸਥਾ ਵਿੱਚ ਰਹਿਣ ਤਾਂ ਉਹਨਾਂ ਸਾਹਮਣੇ ਸੀ ਤਕ ਨਾ ਕਰੋ। ਨਾ ਹੀ ਉਹਨਾਂ ਨੂੰ ਝਿੜਕ ਕੇ ਉਤਰ ਦਿਓ, ਸਗੋਂ ਉਹਨਾਂ ਅੱਗੇ ਸਤਿਕਾਰ ਨਾਲ ਗੱਲ ਕਰੋ। ਨਿਮਰਤਾ ਤੇ ਮਿਹਰ ਨਾਲ ਉਹਨਾਂ ਦੇ ਸਾਹਮਣੇ ਨਿਵੇਂ ਰਹੋ ਅਤੇ ਅਰਦਾਸ ਕੀਤਾ ਕਰੋ ਕਿ "ਹੇ ਪਾਲਣਹਾਰ! ਇਹਨਾਂ ਤੇ ਮਿਹਰ ਫਰਮਾ ਜਿਸ ਤਰ੍ਹਾਂ ਇਹਨਾਂ ਨੇ ਮਿਹਰ ਮੁਹੱਬਤ ਨਾਲ ਨਿੱਕੇ ਹੁੰਦਿਆਂ ਮੈਨੂੰ ਪਾਲਿਆ ਸੀ।[307]

ਅਮਲ ਤੋਂ ਬਾਅਦ ਬਣਿਆ ਬੰਦਾ ਹੀ ਅਸਲ ਮਾਅਨਿਆਂ ਵਿਚ ਬੰਦਾ ਬਣਦਾ ਹੈ। ਅਜਿਹੇ ਬੰਦਿਆਂ ਨਾਲ ਹੀ ਧਰਤੀ ਉਪਰ ਪਿਆਰ ਅਤੇ ਇਨਸਾਫ਼ ਫੈਲ ਸਕਦਾ ਹੈ। ਅੱਗੇ ਕੁਰਆਨ ਦੀਆਂ ਉਹ ਆਇਤਾਂ ਦਿੱਤੀਆਂ ਜਾ ਰਹੀਆਂ ਹਨ ਜੋ ਦਰਸਾਂਦੀਆਂ ਹਨ ਕਿ ਆਮਲ ਬੰਦਾ ਕੀ ਕਰਦਾ ਹੈ:

> ਰਹਿਮਾਨ ਦੇ ਬੰਦੇ (ਅਸਲੀ) ਬੰਦੇ ਉਹ ਹਨ ਜਿਹੜੇ ਧਰਤੀ ਉੱਤੇ ਨਰਮਾਈ ਨਾਲ ਤੁਰਦੇ ਹਨ ਅਤੇ ਜਦੋਂ ਅਗਿਆਨੀ ਉਨ੍ਹਾਂ ਨਾਲ ਆਢਾ ਲਾਉਣ ਤਾਂ ਉਹ ਆਖ ਦਿੰਦੇ ਹਨ ਕਿ ਤੁਹਾਨੂੰ ਸਲਾਮ। ਜਿਹੜੇ ਆਪਣੇ ਰੱਬ ਦੀ ਹਜ਼ੂਰੀ ਵਿਚ ਸਿਜਦੇ ਕਰਦਿਆਂ ਅਤੇ ਖੜੋਤਿਆਂ ਰਾਤਾਂ ਬਿਤਾਉਂਦੇ ਹਨ। ਜਿਹੜੇ ਅਰਦਾਸਾਂ ਕਰਦੇ ਹਨ ਕਿ "ਸਾਡਿਆਂ ਰੱਬਾ! ਨਰਕ ਦੇ ਅਜ਼ਾਬ ਤੋਂ ਸਾਨੂੰ ਬਚਾ ਲੈ। ਉਸਦਾ ਅਜ਼ਾਬ ਤਾਂ ਜਾਨ ਦਾ ਗਾਲਾ ਹੈ। ਉਹ ਤਾਂ ਵੱਡਾ ਹੀ ਭੈੜਾ ਠਹਿਰਨ ਦਾ ਥਾਂ ਅਤੇ ਟਿਕਾਣਾ ਹੈ।" ਜਿਹੜੇ ਖਰਚ ਕਰਨ ਲੱਗਿਆਂ ਨਾ ਤਾਂ ਫ਼ਜ਼ੂਲਖਰਚੀ ਤੋਂ ਕੰਮ ਲੈਂਦੇ ਹਨ ਤੇ ਨਾ ਹੀ ਸੂਮਪੁਣਾ ਦਿਖਾਉਂਦੇ ਹਨ, ਸੋ ਉਨ੍ਹਾਂ ਦਾ ਖਰਚ ਦੋਹਾਂ ਆਖ਼ਰੀ ਹੱਦਾਂ ਦੇ ਵਿਚਾਲੇ ਸੰਤੁਲਿਨ 'ਤੇ ਟਿਕਿਆ ਰਹਿੰਦਾ ਹੈ। ਜਿਹੜੇ ਅੱਲਾਹ ਤੋਂ ਛੁੱਟ ਕਿਸੇ ਹੋਰ ਇਸ਼ਟ ਨੂੰ ਨਹੀਂ ਪੁਕਾਰਦੇ, ਅੱਲਾਹ ਦੀ ਹਰਾਮ ਕੀਤੀ ਹੋਈ ਕਿਸੇ ਜਿੰਦ ਨੂੰ ਅਣਹੱਕਾ ਕਤਲ ਨਹੀਂ ਕਰਦੇ ਅਤੇ ਨਾ ਵਿਭਚਾਰ ਕਰਦੇ ਹਨ-ਇਹ ਕੰਮ ਜਿਹੜਾ ਵੀ ਕਰੇਗਾ, ਉਹ ਆਪਣੇ ਪਾਪ ਦਾ ਫਲ ਭੋਗੇਗਾ,

[305] 2:221.
[306] 29:8-9.
[307] 17:22-29.

ਕਿਆਮਤ ਦੇ ਦਿਹਾੜੇ ਉਸਨੂੰ ਦੂਹਰਾ ਆਜ਼ਾਬ ਦਿੱਤਾ ਜਾਵੇਗਾ ਅਤੇ ਉਸੇ ਵਿਚ ਹੀ ਉਹ ਹਮੇਸ਼ਾ ਹੀਣਾ ਹੋ ਕੇ ਪਿਆ ਰਹੇਗਾ। ਛੁੱਟ ਇਸਤੋਂ ਕੀ ਕੋਈ (ਇਨ੍ਹਾਂ ਗੁਨਾਹਾਂ ਤੋਂ ਮਗਰੋਂ) ਤੌਬਾ ਕਰ ਚੁੱਕਾ ਹੋਵੇ ਅਤੇ ਈਮਾਨ ਲਿਆਕੇ ਭਲੇ ਕਰਮ ਕਮਾਉਣ ਲੱਗਾ ਹੋਵੇ। ਅਜਿਹੇ ਲੋਕਾਂ ਦੀਆਂ ਬੁਰਾਈਆਂ ਨੂੰ ਅੱਲਾਹ ਭਲਾਈਆਂ ਵਿਚ ਬਦਲ ਦੇਵੇਗਾ ਅਤੇ ਉਹ ਵੱਡਾ ਬਖਸ਼ਣਹਾਰ ਤੇ ਮਿਹਰਬਾਨ ਹੈ। ਜੋ ਵਿਅਕਤੀ ਤੌਬਾ ਕਰਕੇ ਭਲੇ ਕੰਮ ਕਰਨ ਲੱਗਦਾ ਹੈ ਉਹ ਤਾਂ ਅੱਲਾਹ ਵੱਲ ਮੁੜ ਆਉਂਦਾ ਹੈ ਜਿਹਾ ਕਿ ਮੁੜਨਾ ਚਾਹੀਦਾ ਹੈ-(ਅਤੇ ਰਹਿਮਾਨ ਦੇ ਬੰਦੇ ਉਹ ਹਨ) ਜਿਹੜੇ ਝੂਠੇ ਗਵਾਹ ਨਹੀਂ ਬਣਦੇ ਅਤੇ ਕਿਸੇ ਨਿਕੰਮੀ ਚੀਜ਼ ਕੋਲੋਂ ਲੰਘਣ ਤਾਂ ਭਲੇ ਪੁਰਖਾਂ ਵਾਂਗ ਲੰਘ ਜਾਂਦੇ ਹਨ। ਜਿੰਨ੍ਹਾਂ ਨੂੰ ਜੇ ਉਨ੍ਹਾਂ ਦੇ ਰੱਬ ਦੀਆਂ ਆਇਤਾਂ ਸੁਣਾਕੇ ਨਸੀਹਤ ਕੀਤੀ ਜਾਂਦੀ ਹੈ ਤਾਂ ਉਹ ਉਸ ਉਤੇ ਅੰਨ੍ਹੇ ਤੇ ਬੋਲੇ ਬਣਕੇ ਨਹੀਂ ਰਹਿ ਜਾਂਦੇ। ਜਿਹੜੇ ਅਰਦਾਸਾਂ ਕਰਿਆ ਕਰਦੇ ਹਨ "ਹੇ ਸਾਡਿਆਂ ਰੱਬਾ ! ਸਾਨੂੰ ਸਾਡੀਆਂ ਪਤਨੀਆਂ ਅਤੇ ਸੰਤਾਨਾਂ ਵੱਲੋਂ ਅੱਖਾਂ ਦੀ ਠੰਡਕ ਬਖਸ਼ਦੇ ਅਤੇ ਸਾਨੂੰ ਪ੍ਰਹੇਜ਼ਗਾਰਾਂ ਦਾ ਆਗੂ ਬਣਾ ਦੇ" -ਇਹ ਹਨ ਉਹ ਲੋਕ ਜਿੰਨ੍ਹਾਂ ਨੂੰ ਉਨ੍ਹਾਂ ਦੇ ਸਬਰ ਦਾ ਫਲ ਉੱਚੇ ਮਹਿਲਾਂ-ਮਾੜੀਆਂ ਦੇ ਰੂਪ ਵਿਚ ਦਿੱਤਾ ਜਾਵੇਗਾ। ਆਦਰ-ਸੂਚਕ ਸ਼ਬਦਾਂ ਤੇ ਸਲਾਮਾਂ ਨਾਲ ਉਨ੍ਹਾਂ ਦਾ ਸਵਾਗਤ ਹੋਵੇਗਾ ਅਤੇ ਉਹ ਸਦਾ ਉਥੇ ਰਹਿਣਗੇ। ਕਿੰਨਾ ਚੰਗਾ ਹੈ ਉਹ ਠਹਿਰਨ ਦਾ ਸਥਾਨ ਤੇ ਟਿਕਾਣਾ। [308]

ਇਸ ਆਇਤ ਦਾ ਮਨੁੱਖ ਹੀ ਕੁਰਆਨ ਦਾ ਆਦਰਸ਼ ਮਨੁੱਖ ਹੈ ਜੋ ਅਮਲ ਰਾਹੀਂ ਹੀ ਬਣ ਸਕਦਾ ਹੈ।

[308] 25: 63 ਤੋਂ 76.

# ਅਧਿਆਇ ਚੌਥਾ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦਗੀ ਦਾ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖਾ ਜਨਮ ਦਾ ਉਦੇਸ਼ ਬੰਦਗੀ ਕਰਨਾ ਹੈ। ਬੰਦਗੀ ਸ਼ਬਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ਬਾਰ੍ਹਾਂ ਵਾਰ ਵਰਤਿਆ ਗਿਆ ਹੈ। ਦਸ ਵਾਰ 'ਬੰਦਗੀ' ਲਿਖਿਆ ਹੈ ਅਤੇ ਦੋ ਥਾਵਾਂ ਤੇ 'ਦ' ਨੂੰ ਸਿਹਾਰੀ ਲਾ ਕੇ 'ਬੰਦਿਗੀ' ਲਿਖਿਆ ਹੈ। ਸਾਹਿਬ ਸਿੰਘ, ਭਾਈ ਵੀਰ ਸਿੰਘ, ਡਾ. ਗੁਰਚਰਨ ਸਿੰਘ ਅਤੇ ਮਹਾਨ ਕੋਸ਼ ਦੇ ਕਰਤਾ ਨੇ ਬੰਦਗੀ ਅਤੇ ਬੰਦਿਗੀ ਸ਼ਬਦ ਨੂੰ ਸਮਾਨਅਰਥਕ ਮੰਨਿਆ ਹੈ। ਜੇਕਰ ਦੋਹਾਂ ਸ਼ਬਦਾਂ ਵਿਚਕਾਰ ਕੋਈ ਬੁਨਿਆਦੀ ਫਰਕ ਹੁੰਦਾ ਤਾਂ ਵਿਦਵਾਨਾਂ ਵੱਲੋਂ ਜ਼ਰੂਰ ਟਿੱਪਣੀ ਦਿੱਤੀ ਜਾਣੀ ਸੀ। ਬੰਦਗੀ ਸ਼ਬਦ ਦੀ ਵਰਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਵਾਰ, ਗੁਰੂ ਰਾਮਦਾਸ ਜੀ ਨੇ ਇੱਕ ਵਾਰ, ਗੁਰੂ ਅਰਜਨ ਦੇਵ ਜੀ ਨੇ ਚਾਰ ਵਾਰ, ਭਗਤ ਕਬੀਰ ਜੀ ਨੇ ਤਿੰਨ ਵਾਰ, ਬਾਬਾ ਫ਼ਰੀਦ ਜੀ ਨੇ ਦੋ ਵਾਰ ਅਤੇ ਭਗਤ ਰਵਿਦਾਸ ਨੇ ਇਕ ਵਾਰ ਕੀਤੀ ਹੈ। ਪੰਕਤੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1. *ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ॥*[1]
2. *ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ॥*[2]
3. *ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥*[3]
4. *ਭਗਤਿ ਬੰਦਗੀ ਦੇਹਿ ਸਿਰਜਣਹਾਰ॥*[4]
5. *ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ॥*[5]
6. *ਜਿਸਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ॥*[6]
7. *ਬੰਦੇ ਬੰਦਗੀ ਇਕਤਿਆਰ॥*[7]
8. *ਬੰਦਉ ਹੋਇ ਬੰਦਗੀ ਗਹੈ॥ ਬੰਦਉ ਹੋਇ ਬੰਧ ਸੁਧਿ ਲਹੈ॥*[8]
9. *ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ॥*[9]
10. *ਸੇਖ ਫਰੀਦੈ ਖੈਰ ਦੀਜੈ ਬੰਦਗੀ॥*[10]
11. *ਆਖੀ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ॥*[11]
12. *ਕਰਿ ਬੰਦਿਗੀ ਛਾਡਿ ਮੈ ਮੇਰਾ॥ ਹਿਰਦੇ ਨਾਮੁ ਸਮਾਰਿ ਸਵੇਰਾ॥*[12]

---

[1] ਰਾਗ ਸਾਰੰਗ ਮ: ੧, 1242.
[2] ਰਾਗ ਤਿਲੰਗ ਮ: ੪, 726.
[3] ਰਾਗ ਤਿਲੰਗ ਮ: ੫, 724.
[4] ਰਾਗ ਰਾਮਕਲੀ ਮ: ੫, 897.
[5] ਰਾਗ ਮਾਰੂ ਮ: ੫, 1083.
[6] ਰਾਗ ਰਾਮਕਲੀ ਮ: ੫, 961.
[7] ਰਾਗ ਗਉੜੀ, ਭਗਤ ਕਬੀਰ, 338.
[8] ਰਾਗ ਗਉੜੀ, ਭਗਤ ਕਬੀਰ, 342.
[9] ਸਲੋਕ, ਭਗਤ ਕਬੀਰ, 1374.
[10] ਰਾਗ ਆਸਾ, ਸੇਖ ਫਰੀਦ, 488.
[11] ਸਲੋਕ, ਸੇਖ ਫ਼ਰੀਦ, 1383.
[12] ਰਾਗ ਸੋਰਠ, ਭਗਤ ਰਵਿਦਾਸ, 794.

ਬੰਦਗੀ ਦੇ ਸਰੂਪ ਦੇ ਅਨੇਕ ਪੱਖ ਹਨ ਪਰ ਜੇਕਰ ਉਪਰ ਆਈਆਂ ਪੰਕਤੀਆਂ ਦੇ ਆਧਾਰ ਤੇ ਬੰਦਗੀ ਦਾ ਸਰੂਪ ਕਥਨ ਕਰੀਏ ਤਾਂ ਉਸ ਵਿਚ ਹੇਠ ਲਿਖੇ ਪੱਖ ਆਉਂਦੇ ਹਨ:

1. ਬੰਦਗੀ ਉਤਮ ਕਰਮ ਹੈ।
2. ਬੰਦਗੀ ਰੱਬ ਨੂੰ ਚੰਗੀ ਲੱਗਦੀ ਹੈ।
3. ਬੰਦਗੀ ਅੰਤਿਮ ਸਾਹ ਤੱਕ ਕਰੋ।
4. ਬੰਦਗੀ ਦੀ ਦਾਤ ਮੰਗੋ।
5. ਬੰਦਗੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ।
6. ਬੰਦਗੀ ਕਰਨ ਲਈ ਤਿਆਰ ਹੋਵੋ।
7. ਬੰਦਾ ਬੰਦਗੀ ਲਈ ਹੈ।
8. ਬੰਦਗੀ ਦੁਖਾਂ ਦਾ ਨਾਸ ਕਰਦੀ ਹੈ।
9. ਜੀਵਨ ਬੰਦਗੀ ਲਈ ਹੈ।

ਇਸ ਨਾਲ ਭਾਵੇਂ ਬੰਦਗੀ ਦਾ ਸੰਪੂਰਨ ਸਰੂਪ ਸਪੱਸ਼ਟ ਨਹੀਂ ਹੁੰਦਾ ਪਰ ਕਾਫੀ ਹੱਦ ਤੱਕ ਇੱਕ ਖਾਕਾ ਜ਼ਰੂਰ ਤਿਆਰ ਹੋ ਜਾਂਦਾ ਹੈ ਜੋ ਬੰਦਗੀ ਦਾ ਸਰੂਪ ਸਮਝਣ ਵਿਚ ਸਹਾਈ ਸਾਬਤ ਹੁੰਦਾ ਹੈ।

**ਬੰਦਗੀ ਬਾਬਤ ਕੁਝ ਵਿਚਾਰ**

ਬੰਦਗੀ ਦਾ ਸਰੂਪ ਵਰਣਨ ਕਰਨਾ ਕਰੜਾ ਕਾਰਜ ਹੈ ਕਿਉਂਕਿ ਕੋਈ ਇਕ ਮੁਕੰਮਲ ਸਰੂਪ ਜਾਂ ਵਿਧਾਨ ਨਹੀਂ ਜਿਸ ਰਾਹੀਂ ਇਹ ਕਹਿ ਸਕੀਏ ਕਿ ਇਹ ਹੀ ਬੰਦਗੀ ਦਾ ਸਰੂਪ ਹੈ। ਹਰ ਵਿਚਾਰਵਾਨ ਇਸਨੂੰ ਆਪਣੇ ਢੰਗ ਤਰੀਕੇ ਨਾਲ ਪਰਿਭਾਸ਼ਿਤ ਕਰਦਾ ਆਇਆ ਹੈ ਅਤੇ ਕਰਦਾ ਰਹੇਗਾ। ਹਰ ਇਕ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਬੰਦਗੀ ਨੂੰ ਵੇਖਿਆ ਹੈ। ਪਰਿਭਾਸ਼ਿਤ ਢੰਗ ਦੇ ਵਖਰੇਵੇਂ ਦੇ ਬਾਵਜੂਦ ਵੀ ਇਸ ਗੱਲ ਉਪਰ ਤਾਂ ਸਭ ਦੀ ਸਹਿਮਤੀ ਹੈ ਕਿ ਬੰਦਗੀ ਦੋ ਤੋਂ ਸ਼ੁਰੂ ਹੋ ਕੇ ਇਕ ਵਿਚ ਇਕਰੂਪਤਾ ਨਾਲ ਸੰਪੂਰਨ ਹੁੰਦੀ ਹੈ। ਇਹ ਦੋ ਭਗਤ ਅਤੇ ਭਗਵਾਨ, ਮੁਰੀਦ ਅਤੇ ਪੀਰ, ਸਿੱਖ ਅਤੇ ਗੁਰੂ ਹਨ। ਅੰਦਰੂਨੀ ਤੌਰ 'ਤੇ ਇਹ ਆਤਮਾ ਅਤੇ ਪਰਮਾਤਮਾ ਵਿਚਕਾਰ ਮਿਲਾਪ ਦੀ ਵਿਧੀ ਹੈ। ਜੋ ਵਿਅਕਤੀ ਇਸ ਤੋਂ ਸੱਖਣੇ ਹਨ ਉਹ ਪਸ਼ੂਆਂ ਤੋਂ ਵੀ ਭੈੜੇ ਹਨ। ਬੰਦਗੀ ਕਰਨ ਵਾਲੇ ਨੂੰ ਹੀ ਬੰਦਾ ਕਿਹਾ ਹੈ।[13] ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਣ ਵਿਚ ਆਉਣ ਤੋਂ ਬਾਅਦ 'ਬੰਦਗੀਨਾਮਾ' ਨਾਮ ਦੀ ਰਚਨਾ ਲਿਖਕੇ ਗੁਰੂ ਜੀ ਨੂੰ ਭੇਟ ਕੀਤੀ। ਗੁਰੂ ਜੀ ਨੇ ਇਹ ਰਚਨਾ ਦਰਬਾਰ ਵਿਚ ਸੁਣੀ ਅਤੇ ਪ੍ਰਸੰਨ ਹੋ ਕੇ ਇਸਦਾ ਨਾਮ 'ਜ਼ਿੰਦਗੀਨਾਮਾ' ਰੱਖ ਦਿੱਤਾ। ਰਚਨਾ ਦਾ ਨਾਮ ਬਦਲਣ ਤੋਂ ਸੁਭਾਵਕ ਹੀ ਇਕ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਫਰਕ ਹੈ ਬੰਦਗੀ ਅਤੇ ਜ਼ਿੰਦਗੀ ਵਿਚ? ਅਸਲ ਵਿਚ ਵੱਡੇ ਬੰਦੇ ਡੂੰਘੀਆਂ ਗੱਲਾਂ ਨੂੰ ਸਰਲ ਭਾਸ਼ਾ ਵਿਚ ਬਿਆਨ ਕਰਦੇ ਹਨ। ਜ਼ਿੰਦਗੀ ਸ਼ਬਦ ਸਾਡੀ ਰੋਜ਼ਾਨਾ ਦੀ ਬੋਲਚਾਲ ਦਾ ਸ਼ਬਦ ਹੈ। ਆਮ ਲੋਕਾਂ ਨੂੰ ਬੰਦਗੀ ਵੱਲ ਰੁਚਿਤ ਕਰਨ ਲਈ ਅਤੇ ਬੰਦਗੀ ਦੀ ਮਹੱਤਤਾ ਦੱਸਣ ਲਈ ਜ਼ਿੰਦਗੀ ਸ਼ਬਦ ਵਰਤਿਆ ਗਿਆ ਹੈ। ਬੰਦਗੀ ਬਿਨਾਂ ਜ਼ਿੰਦਗੀ ਮੌਤ ਬਰਾਬਰ ਹੈ ਅਤੇ ਜ਼ਿੰਦਗੀ ਬਿਨਾਂ ਬੰਦਗੀ ਨਹੀਂ ਹੁੰਦੀ। ਇਹ ਖਿਆਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ *ਆਖਾ ਜੀਵਾ ਵਿਸਰੈ ਮਰਿ ਜਾਉ* ਦਾ ਪੂਰਕ ਹੈ। ਭਾਈ

[13] *ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ॥* ਰਾਗ ਆਸਾ ਮ:੧, 359.

ਨੰਦ ਲਾਲ ਜੀ ਦੱਸਦੇ ਹਨ ਕਿ ਸਭ ਕੁਝ ਬੰਦਗੀ ਦੀ ਬਦੌਲਤ ਹੈ ਬੰਦਗੀ ਬਿਨਾਂ ਜ਼ਿੰਦਗੀ ਸ਼ਰਮਿੰਦਗੀ ਹੈ।[14] ਭਗਤੀ ਜਾਂ ਬੰਦਗੀ ਗੁਰਬਾਣੀ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤਾਂ ਦਾ ਮੂਲ ਧੁਰਾ ਹੈ:

> ਭਗਤੀ ਤੱਤ ਦੀ ਪੜਚੋਲ ਲਈ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਨੂੰ ਮੁਖ ਆਧਾਰ ਵਜੋਂ ਸਹਿਜੇ ਹੀ ਅਪਨਾਇਆ ਜਾ ਸਕਦਾ ਹੈ ਅਤੇ ਵਿਸ਼ੇਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੋਂ ਪ੍ਰਗਟ ਹੋਈ ਸਿੱਖ ਧਰਮ ਦੇ ਸੰਦਰਭ ਵਿਚ ਭਗਤੀ ਭਾਵਨਾ ਦੇ ਸਰੂਪ ਨੂੰ ਸਮਝਿਆ ਜਾ ਸਕਦਾ ਹੈ।[15]

ਭਗਤ ਸਿੰਘ ਵੇਦੀ ਭਗਤੀ ਦੇ ਸਰੂਪ ਨੂੰ ਸੂਖਮ ਮੰਨਦੇ ਹਨ ਕਿਉਂਕਿ ਇਹ ਬਿਆਨ ਕਰਨਾ ਕਠਿਨ ਹੈ:

> ਕਰੁਣ, ਹਾਸ, ਕ੍ਰੋਧ ਅਤੇ ਰਤਿ ਆਦਿ ਸਥਾਈ ਭਾਵ ਭਾਵੇਂ ਕਿਤਨੇ ਹੀ ਸੂਖਮ ਕਿਉਂ ਨਾ ਹੋਣ ਪਰ ਅੰਗ ਸੰਚਾਲਣ ਅਤੇ ਅਨੁਭਾਵਾਂ ਦੁਆਰਾ ਉਨ੍ਹਾਂ ਦੀ ਹੋਣ ਵਾਲੀ ਅਭਿਵਿਅਕਤੀ ਤੋਂ ਉਨ੍ਹਾਂ ਦੇ ਸਰੂਪ ਦਾ ਪਤਾ ਲੱਗ ਜਾਂਦਾ ਹੈ। ਭਗਤੀ ਦਾ ਪ੍ਰਗਟਾਵਾ ਵੀ ਅੰਗ ਸੰਚਾਲਨ ਆਦਿ ਤੋਂ ਹੁੰਦਾ ਹੈ, ਪਰ ਇਸਦਾ ਸਬੰਧ ਮਨੁੱਖੀ ਆਤਮਾ ਨਾਲ ਵਧੇਰੇ ਹੋਣ ਕਾਰਨ ਇਸਦੇ ਸਰੂਪ ਨੂੰ ਪਰਿਭਾਸ਼ਿਤ ਕਰਨਾ ਕਠਨ ਹੈ।[16]

ਸ੍ਰੀ ਗੁਰੂ ਅਮਰਦਾਸ ਜੀ ਨੇ ਭਗਤਾਂ ਦੀ ਚਾਲ ਨੂੰ ਨਿਰਾਲੀ ਕਿਹਾ ਹੈ।[17] ਇਹ ਚਾਲ ਦੁਨੀਆ ਨਾਲੋਂ ਵੱਖਰੀ ਹੈ। ਭਗਤਾਂ ਅਤੇ ਸੰਸਾਰੀਆ ਦਾ ਮਾਰਗ ਅਲਹਿਦਾ ਹੈ। ਇੱਕ ਪਾਸੇ ਦੀਨ ਹੈ ਦੂਜੇ ਪਾਸੇ ਦੁਨੀਆ ਹੈ। ਭਗਤ ਦੀਨ ਦੀ ਪ੍ਰੋੜਤਾ ਕਰਦੇ ਹਨ। ਕਬੀਰ ਜੀ ਨੇ ਦੁਨੀਆ ਦੀ ਚਕਾਚੌਂਧ ਦੇਖ ਕੇ ਭਗਤੀ ਤੋਂ ਮੁਨਕਰ ਹੋਇਆਂ ਨੂੰ ਆਪਣੇ ਪੈਰਾਂ ਤੇ ਆਪ ਕੁਹਾੜੀ ਮਾਰਨ ਬਰਾਬਰ ਕਿਹਾ ਹੈ।[18] ਪਿਆਰਾ ਸਿੰਘ ਪਦਮ ਅਨੁਸਾਰ:

> ਜੇ ਬਹੁਤ ਖੁਲ੍ਹੇ ਅਰਥ ਲਈਏ ਤਾਂ ਇਹ ਸੰਕੇਤ ਭਗਤੀ-ਭਾਵ ਤੇ ਪ੍ਰੇਮ ਦਾ ਹੀ ਦੂਜਾ ਨਾਮ ਹੈ। ਰੱਬ ਦੇ ਪਿਆਰੇ ਉਸਦੀ ਭਗਤੀ ਜਾਂ ਬੰਦਗੀ ਨੂੰ ਹੀ ਸਰਬੋਤਮ ਧਰਮ ਮੰਨਦੇ ਹਨ। ਉਨ੍ਹਾਂ ਨੂੰ ਜ਼ਰ-ਜ਼ਮੀਨ, ਧਨ-ਦੌਲਤ, ਰਾਜ-ਭਾਗ ਜਾਂ ਦੁੱਧ-ਪੁੱਤ ਦੀ ਲਾਲਸਾ ਨਹੀਂ ਹੁੰਦੀ, ਉਹ ਕੇਵਲ ਤੇ ਕੇਵਲ ਉਸ ਪਰਭੂ ਦਾ ਸਿਮਰਨ ਜਾਂ ਬੰਦਗੀ ਦੀ ਹੀ ਮੰਗ ਕਰਦੇ ਹਨ।[19]

ਬੰਦਗੀ ਅਜਿਹਾ ਵਿਸ਼ਾ ਹੈ ਜੋ ਹਰ ਅਨੁਸ਼ਾਸਨ ’ਤੇ ਖਰਾ ਉਤਰਦਾ ਹੈ। ਇਸਦੀ ਦ੍ਰਿੜਤਾ ਨੂੰ ਪਕੇਰਾ ਕਰਦਿਆਂ ਗੁਰੂ ਸਾਹਿਬ ਸਖਤ ਸ਼ਬਦਾਂ ਵਿੱਚ ਆਖਦੇ ਹਨ ਕਿ ਬੰਦਗੀ ਵਿਹੂਣੇ ਕਿਉਂ ਸੰਸਾਰ ’ਤੇ

---

14 *ਈਂ ਹਮ ਅਜ਼ ਦੌਲਤਿ ਈਂ ਬੰਦਗੀਸਤ, ਜ਼ਿੰਦਗੀ-ਬੇ-ਬੰਦਗੀ ਸ਼ਰਮਿੰਦਗੀਸਤ*॥304॥ ਗੰਡਾ ਸਿੰਘ,(ਡਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨਾ-112.

15 ਜੋਧ ਸਿੰਘ, (ਡਾ.), *ਸਿੱਖ ਭਗਤੀ ਸਰੂਪ ਅਤੇ ਆਧਾਰ*, ਪੰਨਾ-18.

16 ਭਗਤ ਸਿੰਘ ਵੇਦੀ, *ਮੱਧਕਾਲੀਨ ਭਗਤੀ ਕਾਵਿ ਦਾ ਇਤਿਹਾਸ*, ਪੰਨਾ-3.

17 *ਭਗਤਾ ਕੀ ਚਾਲ ਨਿਰਾਲੀ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥ ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥ ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥ ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥* ਰਾਗ ਰਾਮਕਲੀ ਮ:੩, 918-919.

18 *ਕਬੀਰ ਦੀਨ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੇ ਹਾਥਿ॥* ਸਲੋਕ, ਭਗਤ ਕਬੀਰ, 1365.

19 ਪਦਮ, *ਗੁਰੂ ਦਰ*, ਪੰਨਾ-129.

ਆਏ ਹਨ।[20] ਅਜਿਹੇ ਭਗਤੀ ਤੋਂ ਦੂਰ ਲੋਕਾਂ ਨੂੰ ਪੱਥਰ ਵਰਗੇ ਕਥਨ ਕੀਤਾ ਹੈ। ਪੱਥਰ ਇੱਕ ਥਾਂ 'ਤੇ ਹੀ ਪਿਆ ਰਹਿੰਦਾ ਹੈ। ਉਹ ਨਾ ਤਾਂ ਪਾਣੀ ਵਿੱਚ ਗਲਦਾ ਹੈ ਅਤੇ ਨਾ ਹੀ ਢਲਦਾ ਹੈ।[21] ਬੰਦਗੀ ਮਨ ਦੀ ਖੋਜ ਭਾਵ ਸਵੈ ਪਛਾਣ ਹੈ। ਇਸ ਖੋਜ ਨੂੰ ਭਗਤ ਕਬੀਰ ਜੀ ਨੇ ਰੋਜ਼ਾਨਾ ਕਰਨ ਲਈ ਕਿਹਾ ਹੈ।[22] ਅਸੀਂ ਅਕਸਰ ਭਾਲ ਬਾਹਰੀ ਵਸਤੂਆਂ ਦੀ ਕਰਦੇ ਹਾਂ। ਆਪਣੀ ਭਾਲ ਕਰਨਾ ਹੀ ਬੰਦਗੀ ਹੈ। ਬੰਦਗੀ ਸਾਰੀ ਲੋਕਾਈ ਨੂੰ ਆਪਣਾ ਬਣਾਉਣ ਤੇ ਜ਼ੋਰ ਦਿੰਦੀ ਹੈ। ਅਸੀਂ ਰੱਬ ਤੋਂ ਨੇੜੇ ਹੁੰਦੇ ਵੀ ਦੂਰ ਹਾਂ। ਸਾਨੂੰ ਨਹੀਂ ਪਤਾ ਕਿ ਉਸ ਨਾਲ ਮਿਲਾਪ ਕਿਵੇਂ ਹੋਵੇਗਾ? ਇਸ ਮਿਲਾਪ ਵਿੱਚ ਅਨੇਕ ਬਾਧਾਵਾਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਵਿੱਥ ਨੂੰ ਇੱਕ ਸਮਾਜਿਕ ਉਦਾਹਰਣ ਨਾਲ ਬਿਆਨ ਕੀਤਾ ਹੈ ਕਿ ਹਉਮੈ ਰੂਪੀ ਬੁਰੀ ਸੱਸ ਆਤਮਾ ਰੂਪੀ ਨੂਹ ਨੂੰ ਵਸਣ ਨਹੀਂ ਦਿੰਦੀ ਅਤੇ ਪ੍ਰਭੂ ਪਤੀ ਨਾਲ ਮਿਲਾਪ ਨਹੀਂ ਕਰਨ ਦਿੰਦੀ।[23] ਬੰਦਗੀ ਵਿੱਚ ਸਭ ਤੋਂ ਪਹਿਲਾ ਗੁਰੂ ਦਾ ਸਥਾਨ ਆਉਂਦਾ ਹੈ। ਗੁਰੂ ਭੂਤ, ਵਰਤਮਾਨ ਅਤੇ ਭਵਿੱਖ ਦਾ ਗਿਆਤਾ ਹੈ। ਗੁਰੂ ਹੀ ਸਾਧਕ ਨੂੰ ਉਸਦੇ ਜੀਵਨ ਪ੍ਰਯੋਜਨ ਬਾਰੇ ਦੱਸਦਾ ਹੈ। ਸੱਚੇ ਗੁਰੂ ਬਿਨਾਂ ਖੁਆਰ ਹੋ ਕੇ ਸਾਧਕ ਕੁਰਾਹੇ ਪੈ ਜਾਂਦੇ ਹਨ।

ਅਰਦਮਨ ਸਿੰਘ ਬਾਗੜੀਆ ਲਿਖਦੇ ਹਨ, "ਸਿਖਮਤਿ ਬੜਾ ਸਿਧਾ ਤੇ ਸਰਲ ਧਰਮ ਹੈ। ਮੰਤ੍ਰਾਂ, ਜੰਤ੍ਰਾਂ, ਟੂਣੇ, ਟਾਮਣਾਂ ਤੇ ਫਿਲੋਸਾਫਿਕ ਜੋੜ ਤੋੜ, ਵਹਿਮਾਂ, ਭਰਮਾਂ, ਤਪਾਂ, ਸਾਧਨਾ, ਯਾ ਆਸਣ, ਸਮਾਧੀਆਂ ਵਗੈਰਾ ਨੁਮਾਇਸ਼ੀ ਭਗਤੀ ਯਾ ਕਰਮ ਕਾਂਡਾਂ ਦਾ ਮਾਰਗ ਨਹੀਂ ਹੈ।[24]" ਗੁਰੂ ਤੋਂ ਬਾਅਦ ਸੰਗਤ ਦਾ ਵਿਸ਼ੇਸ਼ ਸਥਾਨ ਹੈ। ਕਈ ਵਾਰ ਗੁਰੂ ਰਾਹੀਂ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਕਈ ਵਾਰ ਸੰਗਤ ਰਾਹੀਂ ਗੁਰੂ ਮਿਲਦਾ ਹੈ। ਇਹ ਕੋਈ ਪੱਕੀ ਬੰਦਿਸ਼ ਨਹੀਂ ਹੈ ਕਿ ਕਿਸਦੀ ਪ੍ਰਾਪਤੀ ਪਹਿਲਾ ਹੋਵੇਗੀ ਅਤੇ ਕਿਸਦੀ ਪ੍ਰਾਪਤੀ ਬਾਅਦ ਵਿੱਚ। ਸੰਗਤ ਗੁਰੂ ਦਾ ਹੀ ਰੂਪ ਹੈ। ਸੰਗਤ ਵਿੱਚ ਜਾ ਕੇ ਸਾਧਕ ਦੇ ਮਨ ਵਿੱਚ ਦੈਵੀ ਗੁਣਾਂ ਦਾ ਸੰਚਾਰ ਹੁੰਦਾ ਹੈ। ਭਜਨੀਕ ਪੁਰਸ਼ਾਂ ਦੀ ਸੰਗਤ ਸੁਖਦਾਈ ਹੁੰਦੀ ਹੈ। ਅਜਿਹੇ ਪੁਰਸ਼ਾਂ ਦੀ ਸੰਗਤ ਦੀ ਮੰਗ ਸਿੱਖ ਹਰ ਰੋਜ਼ ਅਰਦਾਸ ਵਿਚ ਕਰਦਾ ਹੈ ਕਿ *ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿੱਤ ਆਵੇ।* ਗੁਰਮੁਖਾਂ ਨੂੰ ਮਿਲ ਕੇ ਹੀ ਦੁਰਮਤ ਦਾ ਨਾਸ ਅਤੇ ਗੁਰਮਤ ਦਾ ਪ੍ਰਕਾਸ਼ ਹੁੰਦਾ ਹੈ।[25] ਸੰਗਤ ਵਿੱਚ ਰੱਬ ਦੇ ਪਿਆਰੇ ਵਾਸਾ ਕਰਦੇ ਹਨ। ਉਨ੍ਹਾਂ ਦੇ ਪ੍ਰਭਾਵ ਨਾਲ ਸਾਧਕ ਦੇ ਮਨ ਵਿਚ ਪਰਿਵਰਤਨ ਆ ਜਾਂਦਾ ਹੈ। ਸੰਗਤ ਵਿਚੋਂ ਹੀ ਖਾਲਕ ਨੂੰ ਖਲਕਤ ਵਿੱਚ ਦੇਖਣ ਦੀ ਸਮਝ ਮਿਲਦੀ ਹੈ। ਗੁਰੂ ਅਤੇ ਸੰਗਤ ਰਾਹੀਂ ਸਾਧਕ ਦੇ ਮਨ ਵਿਚ ਨਿਰਮਲ ਭਉ ਭਾਵ ਡਰ ਪੈਦਾ ਹੁੰਦਾ ਹੈ। ਸਾਧਕ ਦੇ ਮਨ ਵਿਚ ਇਹ ਡਰ

---

[20] *ਭਾਈ ਰੇ ਭਗਤਿਹੀਣ ਕਾਹੇ ਜਗਿ ਆਇਆ॥ ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ॥* ਰਾਗ ਸਿਰੀਰਾਗ ਮ:੧, 64.

[21] *ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥ ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥* ਰਾਗ ਬਿਲਾਵਲ ਮ:੯, 831

[22] *ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥*ਰਾਗ ਤਿਲੰਗ, ਭਗਤ ਕਬੀਰ, 727.

[23] *ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥* ਰਾਗ ਆਸਾ ਮ:੧, 355.

[24] ਅਰਦਮਨ ਸਿੰਘ ਬਾਗੜੀਆ, "ਸ਼ਬਦ ਕੀਰਤਨ ਮਰਿਆਦਾ", *ਨਾਨਕ ਪ੍ਰਕਾਸ਼ ਪੱਤ੍ਰਿਕਾ,* ਤਾਰਨ ਸਿੰਘ (ਸੰਪਾ.), ਪੰਨਾ-217.

[25] *ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥* ਰਾਗ ਗੂਜਰੀ ਮ:੫, 520.

ਭਾਰੂ ਰਹਿੰਦਾ ਹੈ ਕਿ ਮੇਰਾ ਮਾਲਕ ਨਾਲੋਂ ਰਿਸ਼ਤਾ ਨਾ ਟੁੱਟ ਜਾਵੇ। ਇਸ ਡਰ ਨਾਲ ਸਾਰੇ ਡਰਾਂ ਦਾ ਨਾਸ ਹੁੰਦਾ ਹੈ। ਇਸ ਡਰ ਵਿੱਚੋਂ ਹੀ ਪਿਆਰ ਉਪਜਦਾ ਹੈ। ਪਿਆਰ ਦੀ ਪ੍ਰਾਪਤੀ ਨਾਲ ਹੀ ਸਾਰੇ ਗੁਣ ਆਪ ਮੁਹਾਰੇ ਸਾਧਕ ਦੇ ਜੀਵਨ ਵਿਚ ਸ਼ਾਮਿਲ ਹੋਣ ਲੱਗ ਪੈਂਦੇ ਹਨ। ਅਜਿਹਾ ਪਿਆਰ ਕਰਨ ਵਾਲਾ ਸਾਧਕ ਹੀ ਰੱਬੀ ਮਿਹਰ ਦਾ ਪਾਤਰ ਬਣਦਾ ਹੈ। ਅਸਲ ਵਿੱਚ ਮਿਹਰ ਤਾਂ ਉਦੋਂ ਹੀ ਹੋ ਗਈ ਸੀ ਜਦੋਂ ਗੁਰੂ ਦੀ ਪ੍ਰਾਪਤੀ ਹੋਈ ਸੀ। ਪਰ ਹੌਲੀ-ਹੌਲੀ ਇਹ ਰਿਸ਼ਤਾ ਗਹਿਰਾ ਹੁੰਦਾ ਜਾਂਦਾ ਹੈ। ਸਾਧਕ ਰੱਬ ਨੂੰ ਪੂਰਨ ਸਮਰਪਿਤ ਹੋ ਜਾਂਦਾ ਹੈ। ਉਸਦਾ ਮਨ ਵੱਸ ਵਿਚ ਆ ਜਾਂਦਾ ਹੈ। ਮਨ ਦਾ ਵਸ ਵਿਚ ਆਉਣਾ ਪੂਰਨ ਕਿਰਪਾ ਦੀ ਨਿਸ਼ਾਨੀ ਹੈ।[26] ਮਨ ਵਸ ਵਿਚ ਆਉਣ ਨਾਲ ਸਾਧਕ ਵਿਚੋਂ ਸਾਰੀਆਂ ਖੋਟਾਂ ਚਲੀਆਂ ਜਾਂਦੀਆਂ ਹਨ। ਉਹ ਨਿਰਮਲ ਬਣ ਜਾਂਦਾ ਹੈ। ਆਪਾ ਭਾਵ ਮਿਟ ਜਾਂਦਾ ਹੈ। ਤੂੰ ਅਤੇ ਮੈਂ ਵਿਚਲਾ ਪਾੜਾ ਖਤਮ ਹੋ ਜਾਂਦਾ ਹੈ। ਅਜਿਹੇ ਮਿਲਾਪ ਤੋਂ ਬਾਅਦ ਪਛਾਣ ਨਹੀਂ ਰਹਿੰਦੀ ਕਿ ਕੌਣ ਰੱਬ ਹੈ ਅਤੇ ਸਾਧਕ ਕੌਣ। ਮੁਹੰਮਦ ਇਕਬਾਲ ਨੇ ਇਕ ਸ਼ੇਅਰ ਵਿਚ ਅਜਿਹੇ ਹੀ ਭਾਵ ਵਿਅਕਤ ਕੀਤੇ ਹਨ:

*ਏਕ ਹੀ ਸਫ ਮੇ ਖੜੇ ਹੋ ਗਏ ਮਹਮੂਦ-ਓ-ਅਯਾਜ਼, ਨ ਕੋਈ ਬੰਦਾ ਰਹਾ ਔਰ ਨ ਕੋਈ ਬੰਦਾ ਨਵਾਜ਼।*[27]

ਬੰਦਗੀ ਸਥੂਲਤਾ ਤੋਂ ਸੂਖਮਤਾ ਦਾ ਸਫਰ ਹੈ। ਫੁੱਲ ਫਲ ਬਣ ਜਾਂਦਾ ਹੈ, ਦੁੱਧ ਘਿਓ ਬਣ ਜਾਂਦਾ ਹੈ। ਕਬੀਰ ਜੀ ਨੇ ਇਸ ਸਫਰ ਨੂੰ ਰੋੜੇ ਤੋਂ ਰੱਬ ਤੱਕ ਦੇ ਸਫਰ ਨਾਲ ਬਿਆਨ ਕੀਤਾ ਹੈ। ਮੁੱਢ ਵਿਚ ਸਾਧਕ ਦਾ ਮਨ ਰੋੜੇ ਵਾਂਗ ਕਠੋਰ ਹੁੰਦਾ ਹੈ। ਆਉਂਦੇ-ਜਾਂਦੇ ਰਾਹਗੀਰਾਂ ਦੇ ਠੋਕਰ ਲੱਗਦੀ ਹੈ। ਅਭਿਆਸ ਨਾਲ ਮਨ ਆਪਣਾ ਵਜੂਦ ਮੁਕਾ ਕੇ ਖੇਹ ਬਣ ਜਾਂਦਾ ਹੈ। ਖੇਹ ਬਣ ਕੇ ਵੀ ਉਸਦੀ ਹਸਤੀ ਦੂਸਰਿਆਂ ਨੂੰ ਦੁੱਖ ਦਿੰਦੀ ਹੈ। ਖੇਹ ਤੋਂ ਉਹ ਪਾਣੀ ਵਰਗਾ ਸੁਭਾਅ ਅਖਤਿਆਰ ਕਰ ਲੈਂਦਾ ਹੈ ਪਰ ਪਾਣੀ ਵੀ ਕਦੇ ਗਰਮ ਕਦੇ ਠੰਡਾ ਹੁੰਦਾ ਰਹਿੰਦਾ ਹੈ। ਭਗਤ ਤਾਂ ਇੱਕ ਰਸ ਅਤੇ ਸਥਿਰ ਹੋਣਾ ਚਾਹੀਦਾ ਹੈ। ਅਖੀਰ ਸਾਧਕ ਪਾਣੀ ਤੋਂ ਬਾਅਦ ਰੱਬ ਵਰਗਾ ਹੋ ਜਾਂਦਾ ਹੈ।[28] ਹੌਲੀ-ਹੌਲੀ ਉਸ ਵਿੱਚ ਦੈਵੀ ਗੁਣ ਆ ਜਾਂਦੇ ਹਨ ਅਤੇ ਉਸਦਾ ਰੱਬ ਨਾਲ ਮਿਲਾਪ ਹੋ ਜਾਂਦਾ ਹੈ। ਮਿਲਾਪ ਤੋਂ ਬਾਅਦ ਕੁਝ ਵੀ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ। ਇਹ ਅਵਸਥਾ ਸੰਸਾਰ ਦੇ ਰਾਜ ਭੋਗਣ ਤੋਂ ਅਤੇ ਹਰ ਤਰ੍ਹਾਂ ਦੇ ਦੁਨਿਆਵੀਂ ਸੁੱਖ ਤੋਂ ਵੱਡੀ ਹੁੰਦੀ ਹੈ।[29] ਇਸ ਨੂੰ ਹੀ ਕਦੇ ਨਾ ਨਾਸ ਹੋਣ ਵਾਲੀ ਅਬਿਨਾਸੀ ਪਦਵੀ ਕਿਹਾ ਗਿਆ ਹੈ। ਗੁਰਮਤਿ ਨੇ ਬੰਦਗੀ ਨੂੰ ਆਪਣਾ ਮੂਲ ਪਛਾਣਨਾ, ਆਪੇ ਨੂੰ ਸਵਾਰਨਾ ਅਤੇ ਤੂੰ ਦੇ ਵਿੱਚ ਤੂੰ ਹੋ ਜਾਣਾ ਕਿਹਾ ਹੈ। ਅੱਗੇ ਬੰਦਗੀ ਦੇ ਸਰੂਪ ਦੇ ਅਹਿਮ ਅੰਗਾਂ 'ਤੇ ਵਿਚਾਰ ਕੀਤੀ ਜਾ ਰਹੀ ਹੈ।

---

26 *ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥ ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥* ਰਾਗ ਥਿਤੀ ਗਉੜੀ ਮ: ੫, 298.

27 Kuldeep salil, *Ibid,* p-170.

28 *ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥ ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥* ਸਲੋਕ ਕਬੀਰ, 1372.

29 *ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥* ਰਾਗ ਗਉੜੀ, ਕਬੀਰ, 336.

### ਗੁਰੂ ਅਤੇ ਪਰਮੇਸ਼ਵਰ

ਬੰਦਗੀ ਦੇ ਸਰੂਪ ਵਿਚ ਸਭ ਤੋਂ ਪਹਿਲਾ ਅੰਗ ਗੁਰੂ ਹੈ। ਗੁਰੂ ਮਨੁੱਖ ਨੂੰ ਉਸਦੇ ਉਦੇਸ਼ ਬਾਰੇ ਦੱਸਦਾ ਹੈ। ਗੁਰੂ ਤੋਂ ਬਗੈਰ ਭਗਤੀ ਦੀ ਸਮਝ ਨਹੀਂ ਪੈ ਸਕਦੀ।[30] ਭਾਈ ਗੁਰਦਾਸ ਜੀ ਨੇ ਸੱਚੇ ਸਤਿਗੁਰ ਦੀ ਵਡਿਆਈ ਦੇ ਨਾਲ-ਨਾਲ ਮਨਮੁਖ ਦੀ ਦਸ਼ਾ ਵੀ ਬਿਆਨ ਕੀਤੀ ਹੈ। ਮਨਮੁਖ ਸੱਚੇ ਗੁਰੂ ਨੂੰ ਛੱਡ ਕੇ ਬੰਦਿਆਂ ਨੂੰ ਹੀ ਰੱਬ ਮੰਨਣ ਲੱਗ ਪੈਂਦੇ ਹਨ। ਅੱਠੇ ਪਹਿਰ ਉਨ੍ਹਾਂ ਸਾਹਮਣੇ ਹੱਥ ਜੋੜ ਕੇ ਖੜੇ ਰਹਿੰਦੇ ਹਨ। ਉਨ੍ਹਾਂ ਨੂੰ ਸਲਾਮ ਕਰਦੇ ਹਨ। ਅਜਿਹੇ ਵਿਅਕਤੀਆਂ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਪੂਰੇ ਗੁਰੂ ਬਿਨਾਂ ਜੂਨਾਂ ਭੁਗਤਦੇ ਹਨ।[31] ਸਭ ਤੋਂ ਪਹਿਲਾਂ ਸਾਧਕ ਗੁਰੂ ਦੀ ਸ਼ਰਣ ਵਿਚ ਜਾਂਦਾ ਹੈ। ਗੁਰੂ ਸਾਧਕ ਨੂੰ ਨਾਮ ਦੀ ਦਾਤ ਦਿੰਦਾ ਹੈ ਅਤੇ ਆਪਣੇ ਲੜ ਲਾਉਂਦਾ ਹੈ। ਗੁਰੂ ਦੀ ਰਹਿਮਤ ਭਰੀ ਨਿਗਾਹ ਪੈਂਦੀ ਹੈ ਅਤੇ ਉਹ ਪ੍ਰਵਾਨ ਚੜ੍ਹਦਾ ਹੈ। ਗੁਰੂ ਰੱਬ ਅਤੇ ਮਨੁੱਖ ਵਿਚਾਲੇ ਪਈ ਦੂਰੀ ਨੂੰ ਮਿਟਾ ਕੇ ਪਰਮਾਤਮਾ ਨਾਲ ਮੇਲ ਕਰਵਾ ਦਿੰਦਾ ਹੈ। ਗੁਰਮਤਿ ਨੇ ਗੁਰੂ ਅਤੇ ਰੱਬ ਵਿਚਾਲੇ ਕੋਈ ਫਰਕ ਨਹੀਂ ਕੀਤਾ। ਗੁਰੂ ਅਤੇ ਪਰਮੇਸ਼ਵਰ ਇੱਕ ਹਨ।[32] ਗੁਰੂ ਦਾ ਨਿਰਗੁਨ ਰੂਪ ਪਰਮੇਸ਼ਵਰ ਹੈ ਅਤੇ ਪਰਮੇਸ਼ਵਰ ਦਾ ਸਰਗੁਨ ਸਰੂਪ ਗੁਰੂ ਹੈ। ਡਾ. ਦਰਸ਼ਨ ਸਿੰਘ ਲਿਖਦੇ ਹਨ:

> ਪੰਜਾਬੀ ਦੇ ਅਤੇ ਖਾਸ ਕਰਕੇ ਸਿੱਖ ਵਿਦਵਾਨਾਂ ਵਿਚ ਇਹ ਚਰਚਾ ਆਮ ਹੈ ਤੇ ਹੋ ਰਹੀ ਹੈ ਕਿ ਗੁਰੂ ਸਾਹਿਬ ਨਿਰਗੁਣਵਾਦੀ ਹਨ ਕਿ ਸਰਗੁਨਵਾਦੀ ਹਨ? ਕੋਈ ਇਕ ਪੱਖ ਨੂੰ ਪੂਰਦਾ ਹੈ ਅਤੇ ਕੋਈ ਦੂਜੇ ਨੂੰ। ਕਈ ਇਹ ਵੀ ਕਹਿੰਦੇ ਹਨ ਤੇ ਬਹੁਤੇ ਵਿਦਵਾਨ ਕਹਿੰਦੇ ਹਨ ਕਿ ਉਨ੍ਹਾਂ ਵਿਚੋਂ ਦੋਹਾਂ ਤਰ੍ਹਾਂ ਦੀ ਵਿਚਾਰਧਾਰਾ ਦੇ ਅੰਸ਼ ਮਿਲਦੇ ਹਨ। ਕਿਸੇ ਇਕ ਥਾਂ ਤੇ ਉਹ ਨਿਰਗੁਣਵਾਦੀ ਹਨ ਤੇ ਕਿਸੇ ਦੂਜੀ ਥਾਂ ਤੇ ਸਰਗੁਣਵਾਦੀ ਹਨ। ਗੁਰੂ ਸਾਹਿਬਾਨ ਬਾਰੇ ਉਨ੍ਹਾਂ ਦੀਆਂ ਇਨ੍ਹਾਂ ਧਾਰਨਾਵਾਂ ਮੈਂ ਹਾਮੀ ਨਹੀਂ? ਮੇਰੇ ਖਿਆਲ ਵਿਚ ਉਹ ਇਨ੍ਹਾਂ ਸਾਰਿਆਂ ਦਾਇਰਿਆਂ ਤੋਂ ਉਪਰ ਹਨ ਤੇ ਉਨ੍ਹਾਂ ਦਾ ਰੱਬ ਨਿਰਗੁਣ ਤੇ ਸਰਗੁਣ ਦੋਹਾਂ ਅਵਸਥਾਵਾਂ ਤੋਂ ਪਰ੍ਹੇ ਹੈ।[33]

ਅੱਖਾਂ ਨਾਲ ਰੱਬ ਗੁਰੂ ਦੇ ਰੂਪ ਵਿੱਚ ਦਿਸਦਾ ਹੈ। ਬੰਦਗੀ ਦੀ ਸ਼ੁਰੂਆਤ ਗੁਰੂ ਤੋਂ ਅਤੇ ਸੰਪੂਰਨਤਾ ਪਰਮੇਸ਼ਵਰ ਵਿੱਚ ਅਭੇਦਤਾ ’ਤੇ ਹੁੰਦੀ ਹੈ। ਗੁਰੂ ਨੂੰ ਸਮੁੰਦਰ ਅਤੇ ਉਸਦੀ ਸਿੱਖਿਆ ਨੂੰ ਨਦੀ ਵਾਂਗ ਕਿਹਾ ਗਿਆ ਹੈ।[34] ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲਪੁਰਖ ਨੇ ਕਿਹਾ ਸੀ ਕਿ ਤੁਸੀਂ ਗੁਰੂ ਪਰਮੇਸ਼ਵਰ ਹੋ ਅਤੇ ਮੈਂ ਪਾਰਬ੍ਰਹਮ ਪਰਮੇਸ਼ਵਰ ਹਾਂ। ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ? ਗੁਰੂ ਜੀ ਨੇ ਜਵਾਬ ਦਿੱਤਾ ਸੀ ਕਿ ਮੇਰਾ ਗੁਰੂ ਸ਼ਬਦ ਹੈ।[35] ਡਾ. ਰਤਨ ਸਿੰਘ ਜੱਗੀ ਲਿਖਦੇ

---

30 *ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥* ਰਾਗ ਸਿਰੀਰਾਗ, ਮ:੩, 31.

31 *ਸਤਿਗੁਰ ਸਾਹਿਬ ਛਡਿ ਕੈ ਮਨਮੁਖ ਹੋਇ ਬੰਦੇ ਦਾ ਬੰਦਾ। ਹੁਕਮੀ ਬੰਦਾ ਹੋਇ ਕੈ ਨਿਤ ਉਠਿ ਜਾਇ ਸਲਾਮ ਕਰੰਦਾ। ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ। ਗੁਰ ਪੂਰੇ ਵਿਣੁ ਜੂਨਿ ਭਵੰਦਾ।* ਅਮਰ ਸਿੰਘ ਚਾਕਰ (ਸੰਪਾ.) *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ-15/4.

32 *ਗੁਰੁ ਪਰਮੇਸਰ ਏਕੋ ਜਾਣੁ॥ਜੋ ਤਿਸੁ ਭਾਵੈ ਸੋ ਪਰਵਾਣੁ॥* ਰਾਗ ਗੋਂਡ ਮ: ੫, 864.

33 ਦਰਸ਼ਨ ਸਿੰਘ, (ਡਾ.), "ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਅਤੇ ਸੰਪਾਦਨਾ", *ਗੁਰੂ ਨਾਨਕ ਚਿੰਤਨ ਦੀ ਭੂਮਿਕਾ,* ਬਲਕਾਰ ਸਿੰਘ (ਡਾ. ਤੇ ਸੰਪਾ.),ਪੰਨਾ-162.

34 *ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥* ਰਾਗ ਮਾਝ ਮ: ੧, 150.

35 *ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* ਰਾਗ ਰਾਮਕਲੀ ਮ: ੧, 943.

ਹਨ, "ਵਾਸਤਵਿਕਤਾ ਦਾ ਜੋ ਗਿਆਨ ਗੁਰੂ ਨਾਨਕ ਦੇਵ ਜੀ ਨੂੰ ਹੋਣਾ ਸੀ, ਉਹ ਸਿਧਾ ਪਰਮਾਤਮਾ ਤੋਂ ਪ੍ਰਾਪਤ ਹੋ ਗਿਆ, ਅਜਿਹੇ ਵਿਚ ਉਨ੍ਹਾਂ ਨੂੰ ਸ਼ਰੀਰੀ ਗੁਰੂ ਦੀ ਲੋੜ ਹੀ ਨ ਰਹੀ। ਇਸੇ ਲਈ ਉਨ੍ਹਾਂ ਦੀ ਬਾਣੀ ਵਿਚ ਪਰਮਾਤਮਾ ਅਤੇ ਗੁਰੂ ਨੂੰ ਅਭਿੰਨ ਦੱਸਿਆ ਗਿਆ ਹੈ।"[36] ਸ਼ਬਦ ਦਾ ਕਦੇ ਨਾਸ ਨਹੀਂ ਹੁੰਦਾ। ਉਤਪਤੀ ਅਤੇ ਪਰਲੋ ਸ਼ਬਦ ਤੋਂ ਹੁੰਦੀ ਹੈ। ਸ਼ਬਦ ਹਰ ਥਾਂ ਵਿਆਪਕ ਹੈ। ਇਸ ਲਈ ਗੁਰੂ ਦਾ ਉਪਦੇਸ਼ ਸ਼ਬਦ ਹੀ ਹੁੰਦਾ ਹੈ। ਗੁਰਮਤਿ ਵਿੱਚ ਵਰਤੇ ਸ਼ਬਦ ਗੁਰਮੁਖ, ਗੁਰਸਿਖ ਗੁਰੂ ਦੀ ਮਹੱਤਤਾ ਨੂੰ ਪ੍ਰਗਟ ਕਰਦੇ ਹਨ। ਜੇਕਰ ਕੋਈ ਭਗਤੀ ਦੀ ਲੋਚਾ ਕਰਦਾ ਹੈ ਤਾਂ ਉਸਨੂੰ ਭਗਤੀ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਗੁਰੂ ਬਿਨਾਂ ਰਾਤਾਂ ਦੁਖਿਆਰੀਆਂ ਬਣ ਜਾਂਦੀਆਂ ਹਨ।[37] ਗੁਰੂ ਨੂੰ ਬੋਹਿਥ, ਪੌੜੀ ਵੀ ਕਿਹਾ ਗਿਆ ਹੈ। ਜਿਸ ਤਰ੍ਹਾਂ ਪੌੜੀ ਬਿਨਾਂ ਕਿਲ੍ਹੇ ਦੀ ਦੀਵਾਰ ਤੇ ਚੜ੍ਹਿਆ ਨਹੀਂ ਜਾ ਸਕਦਾ ਇਸ ਤਰ੍ਹਾਂ ਪਰਮਾਰਥ ਦਾ ਰਾਹ ਵੀ ਔਖਾ ਹੈ। ਗੁਰੂ ਬੇੜੀ ਹੈ, ਤੁਲਹਾ ਹੈ, ਸਾਗਰ ਹੈ, ਬੋਹਿਥ ਹੈ, ਤੀਰਥ ਹੈ।[38] ਗੁਰੂ ਨੂੰ ਸਹਾਰੇ ਵਜੋਂ ਚਿਤਰਿਆ ਗਿਆ ਹੈ। ਗੁਰਮਤਿ ਵਿੱਚ ਗੁਰੂ ਸਰਬ ਕਲਾ ਸਮਰੱਥ ਹੈ। ਇਸ ਸਮਰੱਥ ਗੁਰੂ ਨੂੰ ਪੂਰਾ ਗੁਰੂ, ਸੱਚਾ ਗੁਰੂ, ਸਤਿਗੁਰੂ ਵੀ ਕਿਹਾ ਗਿਆ ਹੈ। ਗੁਰੂ ਉਪਰ ਬਲਿਹਾਰੇ ਜਾਈਦਾ ਹੈ ਜੋ ਆਮ ਲੋਕਾਂ ਨੂੰ ਦੇਵਤਾ ਬਣਾ ਦਿੰਦਾ ਹੈ।[39] ਸੂਰਜ ਅਤੇ ਚੰਦਰਮਾ ਦੀ ਰੌਸ਼ਨੀ ਦੇ ਬਾਵਜੂਦ ਵੀ ਜਗਿਆਸੂ ਦੇ ਮਨ ਦਾ ਹਨੇਰਾ ਦੂਰ ਨਹੀਂ ਹੁੰਦਾ।[40] ਮਨ ਦੇ ਹਨੇਰੇ ਨੂੰ ਗੁਰੂ ਦੂਰ ਕਰਦਾ ਹੈ। ਜਿਸ ਤਰ੍ਹਾਂ ਜਲ ਨੂੰ ਜੁਗਤੀ ਨਾਲ ਕੁੰਭ ਵਿੱਚ ਸਮਾ ਲਿਆ ਜਾਂਦਾ ਹੈ ਇਸ ਤਰ੍ਹਾਂ ਹੀ ਮਨ ਵਿਚਲੇ ਗਿਆਨ ਨੂੰ ਗੁਰੂ ਪ੍ਰਗਟ ਕਰਦਾ ਹੈ।[41] ਗੁਰੂ ਹੀ ਦੱਸਦਾ ਹੈ ਕਿ ਤੇਰੇ ਜੀਵਨ ਦਾ ਕੀ ਮਨੋਰਥ ਹੈ। ਮਨੁੱਖਾ ਜਨਮ ਦੀ ਸਾਰਥਕਤਾ ਦਾ ਪਤਾ ਗੁਰੂ ਨੂੰ ਹੁੰਦਾ ਹੈ। ਗੁਰੂ ਗਿਆਨ ਦਾ ਸੁਰਮਾ ਦਿੰਦਾ ਹੈ ਜਿਸ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ।[42] ਬ੍ਰਹਮਾ, ਨਾਰਦ ਅਤੇ ਵਿਆਸ ਨੂੰ ਬੇਸ਼ੱਕ ਪੁਛ ਲਵੋ ਕਿ ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ।[43] ਗੁਰੂ ਰਾਹੀਂ ਅਕਾਲਪੁਰਖ ਵਿਚ ਅਭੇਦਤਾ ਪ੍ਰਾਪਤ ਹੁੰਦੀ ਹੈ। ਅਕਾਲਪੁਰਖ ਦਾ ਸਰੂਪ ਮੂਲਮੰਤ੍ਰ ਵਿੱਚ ਦਰਸਾਇਆ ਗਿਆ ਹੈ। ਇੱਕ ਪਰਮਾਤਮਾ ਸਾਰੀਆਂ ਸ਼ਕਤੀਆਂ ਦਾ ਕਰਤਾ ਹੈ। ਉਹ ਸੱਚਾ ਹੈ ਅਤੇ ਸ੍ਰਿਸ਼ਟੀ ਦੀ ਰਚਨਾ ਕਰਕੇ ਇਸ ਵਿੱਚ ਸਮਾਇਆ ਹੋਇਆ ਹੈ। ਉਹ ਨਿਰਭਉ ਅਤੇ ਨਿਰਵੈਰ ਹੈ। ਉਹ ਅਕਾਲ ਸਮੇਂ ਦੀ ਸੀਮਾਂ ਤੋਂ ਪਰ੍ਹੇ ਹੈ। ਉਹ ਅਜੂਨੀ ਅਤੇ ਆਪਣੇ ਆਪ ਤੋਂ ਪੈਦਾ ਹੋਇਆ ਹੈ। ਉਹ ਕਿਰਪਾ ਰੂਪੀ, ਸਾਰਿਆਂ ਦਾ ਮੂਲ ਹੈ:

---

[36] ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ*, ਪੰਨਾ-66.

[37] *ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥ ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ॥ਰਹਾਉ॥ ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ॥* ਰਾਗ ਸਿਰੀਰਾਗ ਮ: ੩, 31.

[38] *ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ॥ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ॥* ਰਾਗ ਸਿਰੀਰਾਗ ਮ:੧, 17.

[39] *ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥* ਰਾਗ ਆਸਾ ਮ: ੧, 462.

[40] *ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥* ਰਾਗ ਆਸਾ ਮ: ੨, 463.

[41] *ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥* ਰਾਗ ਆਸਾ ਮ: ੧, 469.

[42] *ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥* ਰਾਗ ਗਉੜੀ ਸੁਖਮਨੀ ਮ: ੫, 293.

[43] *ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥* ਰਾਗ ਸਿਰੀਰਾਗ ਮ: ੧, 59.

ਗੁਰੂ ਸਾਹਿਬ ਨੇ ਮੂਲਮੰਤ੍ਰ ਵਿੱਚ ਅਜਿਹਾ ਚਿਤ੍ਰ ਉਲੀਕਿਆ ਹੈ ਕਿ ਜੇ ਮਨੁੱਖ ਨੇ ਰੱਬ ਬਣਨਾ ਹੈ ਤਾਂ ਉਸਦੇ ਵਿਸ਼ੇਸ਼ ਗੁਣਾਂ ਨੂੰ ਧਾਰਨ ਕਰਨਾ ਲਾਜ਼ਮੀ ਸ਼ਰਤ ਹੈ। ਇਹ ਗੁਣ ਹਨ- ਏਕਤਾ, ਸੱਚਾਈ, ਗੂੰਜਦੀ ਚੇਤਨਤਾ, ਕਰਮਸ਼ੀਲਤਾ, ਵਿਆਪਕਤਾ, ਨਿਰਭੈਤਾ, ਨਿਰਵੈਰਤਾ (ਪ੍ਰੇਮ), ਜੋਨਿ ਮੁਕਤਤਾ, ਕਾਲ ਮੁਕਤਤਾ ਅਤੇ ਸੰਪੂਰਨ ਸੁਤੰਤਰਤਾ। ਇਹ ਧਰਮ ਦਾ ਬੀਜ ਮੰਤਰ ਹੈ, ਸਿੱਖੀ ਦੀ ਸਾਰੀ ਇਮਾਰਤ ਇਸੇ ਨਕਸ਼ੇ ਤੇ ਉਸਾਰੀ ਗਈ ਹੈ।[44]

ਗੁਰਬਾਣੀ ਦੇ ਸਾਰੇ ਸ਼ਬਦਾਂ ਦੀ ਸ਼ੁਰੂਆਤ ਵਿੱਚ ੴ ਦੇ ਨਾਲ ਗੁਰਪ੍ਰਸਾਦਿ ਜਾਂ ਸਤਿਗੁਰ ਪ੍ਰਸਾਦਿ ਸ਼ਬਦ ਆਇਆ ਹੈ। ਗੁਰੂ ਸਾਹਿਬ ਅਤੇ ਮਾਤਾਵਾਂ ਵੱਲੋਂ ਸਿੱਖ ਸੰਗਤਾਂ ਨੂੰ ਲਿਖੇ ਹੁਕਮਨਾਮਿਆਂ ਵਿੱਚ ਵਧੇਰੇ 'ਗੁਰੂ ਗੁਰੂ ਜਪਣਾ', 'ਗੁਰੂ ਸੰਗਤ ਦੀ ਬਹੁੜੀ ਕਰੇਗਾ', 'ਗੁਰੂ ਸਤਿ', 'ੴ ਸਤਿਗੁਰੂ ਜੀ', 'ਗੁਰੂ ਰਖੇਗਾ' ਸ਼ਬਦ ਆਏ ਹਨ ਜੋ ਸਿੱਧ ਕਰਦੇ ਹਨ ਕਿ ਗੁਰੂ ਸ਼ਬਦ ਨੂੰ ਸਰਬ ਕਲਾ ਸਮਰੱਥ ਦੇ ਅਰਥਾਂ ਵਿੱਚ ਵਰਤਿਆ ਗਿਆ ਹੈ।[45] ਗੁਰੂ ਸ਼ੰਕੇ ਨੂੰ ਨਵਿਰਤ ਕਰਦਾ ਹੈ। ਸਭਤੋਂ ਵੱਡਾ ਸ਼ੰਕਾ ਮਾਨਵਜਾਤੀ ਲਈ ਇਹ ਹੈ ਕਿ ਜੀਵਨ ਸਦੀਵੀਂ ਹੈ। ਇਹ ਸ਼ੰਕਾ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ ਜੋ ਭਰਮ ਪੈਦਾ ਕਰਦਾ ਹੈ ਅਤੇ ਯਥਾਰਥ ਦੀ ਸਮਝ ਨਹੀਂ ਹੋਣ ਦਿੰਦਾ। ਸਾਰੀ ਕਾਇਨਾਤ ਵਿਚ ਪਰਮਾਤਮਾ ਦਾ ਤੇਜ ਕੰਮ ਕਰ ਰਿਹਾ ਹੈ। ਅਨੇਕ ਦੇਵੀ ਦੇਵਤੇ ਉਸਦੇ ਅਧੀਨ ਹਨ। ਇਸ ਕਰਕੇ ਗੁਰੂ ਬਾਰੇ ਕਿਹਾ ਹੈ ਕਿ ਗੁਰੂ ਵਰਗਾ ਕੋਈ ਦੇਵਤਾ ਨਹੀਂ ਹੈ।[46] ਗੁਰੂ ਨੂੰ ਮਾਤਾ, ਪਿਤਾ ਕਹਿ ਕੇ ਵੀ ਸਲਾਹਿਆ ਗਿਆ ਹੈ।[47] ਗੁਰੂ ਦੀ ਸੇਵਾ ਹੀ ਰੱਬ ਦੀ ਸੇਵਾ ਹੈ। ਗੁਰੂ ਦੀ ਨਿੰਦਾ ਕਰਨ ਵਾਲੇ ਨੂੰ ਕਦੇ ਸੁੱਖ ਪ੍ਰਾਪਤ ਨਹੀਂ ਹੁੰਦਾ। ਸਰੀਰ ਦੇ ਹੁੰਦਿਆਂ ਵੀ ਗੁਰੂ ਸ਼ਬਦ ਰੂਪ ਹੁੰਦਾ ਹੈ ਜਿਸ ਤਰ੍ਹਾਂ ਦਸ ਪਾਤਸ਼ਾਹੀਆਂ ਸਰੀਰ ਕਰਕੇ ਸੰਸਾਰ ਤੇ ਵਿਚਰੀਆਂ ਹਨ। ਸਰੀਰ ਤਾਂ ਪਰਉਪਕਾਰ ਲਈ ਧਾਰਿਆ ਹੁੰਦਾ ਹੈ। ਸਰੀਰ ਗੁਰੂ ਨਹੀਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਸਾਹਿਬ ਦੀ ਪਾਵਨ ਧਰਤੀ ਤੇ ਗੁਰਿਆਈ ਸਦਾ ਵਾਸਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ ਜਿਸਮਾਨੀ ਗੁਰੂ ਦੀ ਲੋੜ ਖਤਮ ਕਰ ਦਿੱਤੀ ਸੀ। ਸਿੱਖ ਪੰਥ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਗੁਰੂ, ਸ਼ਬਦ ਰਾਹੀਂ ਹੀ ਜੀਵ ਦਾ ਭਲਾ ਕਰ ਦਿੰਦਾ ਹੈ। ਸਾਰੀਆਂ ਤਾਕਤਾਂ ਉਸਦੇ ਅਧੀਨ ਹਨ। ਉਸਦੀ ਵਡਿਆਈ ਕੀਤਿਆਂ ਉਹ ਵਧਦਾ ਨਹੀਂ ਅਤੇ ਉਸਨੂੰ ਘੱਟ ਕਹਿਣ ਨਾਲ ਉਹ ਘੱਟਦਾ ਨਹੀਂ। ਹੁੰਦਾ ਕੀ ਹੈ ਕਿ ਇਸ ਨਾਲ ਵਡਿਆਈ ਕਰਨ ਵਾਲਾ ਵੱਡਾ ਬਣ ਜਾਂਦਾ ਹੈ ਅਤੇ ਘਾਟੇ ਗਿਣਨ ਵਾਲਾ ਖੁਦ ਘੱਟਣ ਲੱਗ ਪੈਂਦਾ ਹੈ। ਉਹ ਸਾਰੇ ਜੀਵਾਂ ਦਾ ਮੂਲ ਹੈ। ਮਾਇਆ ਦੇ ਤਿੰਨ ਰੂਪ ਰਜੋ, ਤਮੋ ਅਤੇ ਸਤੋ ਉਸਦੇ ਅਧੀਨ ਹਨ। ਉਸਦਾ ਵਾਸਾ ਸਭਨਾਂ ਦੇ ਅੰਦਰ ਹੈ। ਉਸ ਵਿੱਚ ਸਾਰੇ ਗੁਣ ਹਨ। ਸਾਡਾ ਜੀਵਨ ਦਿਨ ਰਾਤ ਕਰਕੇ ਘਟ ਰਿਹਾ ਹੈ। ਇਸ ਲਈ ਗੁਰੂ ਨੂੰ ਮਿਲ ਕੇ ਮਨੁਖਾ ਜੀਵਨ ਸਫਲ ਕਰਨਾ ਚਾਹੀਦਾ ਹੈ।[48] ਗੁਰੂ ਰਾਹੀਂ ਹੀ ਪਰਮਾਤਮਾ ਮਿਲਦਾ ਹੈ।[49] ਗੁਰੂ ਬਿਨਾਂ ਮੈਲ ਨਹੀਂ ਉਤਰਦੀ।[50] ਗੁਰੂ ਗੁਣਾਂ ਦਾ ਖ਼ਜ਼ਾਨਾ ਹੈ। ਉਸਨੂੰ

---

44 ਪਦਮ, *ਗੁਰੂ ਘਰ*, ਪੰਨਾ- 11.

45 ਵਿਸਥਾਰ ਲਈ ਵੇਖੋ ਪੁਸਤਕ- *ਹੁਕਮਨਾਮੇ,* ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999.

46 ਗੁਰ ਜੈਸਾ ਨਾਹੀ ਕੋ ਦੇਵ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥ ਰਾਗ ਭੈਰਉ ਮ: ੫, 1142.

47 *ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥* ਰਾਗ ਗਉੜੀ ਮ: ੫, 250.

48 *ਅਉਧ ਘਟੈ ਦਿਨਸੁ ਰੈਣਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥* ਰਾਗ ਗਉੜੀ ਮ: ੫, 13.

49 *ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥* ਰਾਗ ਸਿਰੀਰਾਗ ਮ: ੧, 17.

50 *ਬਿਨੁ ਗੁਰ ਮੈਲ ਨ ਉਤਰੈ ਬਿਨੁ ਹਰਿ ਕਿਉ ਘਰਿ ਵਾਸੁ॥* ਰਾਗ ਸਿਰੀਰਾਗ ਮ: ੧, 18.

ਮਿਲਕੇ ਚੱਜ ਆਉਂਦਾ ਹੈ।[51] ਗੁਰਬਾਣੀ ਵਾਰ-ਵਾਰ ਗੁਰੂ ਦੀ ਸ਼ਰਨ ਵਿੱਚ ਜਾਣ ਦਾ ਹੁਕਮ ਦਿੰਦੀ ਹੈ। ਬੰਦੇ ਨੇ ਰੱਬੀ ਗੁਣਾਂ ਦਾ ਧਾਰਨੀ ਹੋਣਾ ਹੈ। ਉਸ ਸੇਵਕ ਦੇ ਹੀ ਕਾਰਜ ਰਾਸ ਹੁੰਦੇ ਹਨ ਜੋ ਆਪਣਾ ਮਨ ਗੁਰੂ ਨੂੰ ਵੇਚ ਦਿੰਦਾ ਹੈ।[52] ਗੁਰੂ ਸ਼ੰਕਿਆਂ ਦਾ ਨਾਸ ਕਰ ਦਿੰਦਾ ਹੈ। ਰੂਹਾਨੀਅਤ ਦੀਆਂ ਪੌੜੀਆਂ ਗੁਰੂ ਨਾਲ ਹੀ ਚੜ੍ਹੀਆਂ ਜਾਂਦੀਆਂ ਹਨ। ਗੁਰੂ ਸ਼ਬਦ ਸਾਡੀ ਆਮ ਬੋਲਚਾਲ ਵਿਚ ਵੀ ਪ੍ਰਚੱਲਿਤ ਹੈ। ਆਮ ਦੁਨੀਆਦਾਰੀ ਦੀਆਂ ਪੜ੍ਹਾਈਆਂ ਦੀ ਸਮਝ ਵੀ ਕਿਸੇ ਉਸਤਾਦ ਰਾਹੀਂ ਪੈਂਦੀ ਹੈ। ਪਰ ਉਸ ਉਸਤਾਦ ਦੀ ਕੋਈ ਹੱਦ ਹੈ। ਹਿਰਦੇ ਵਿਚਲੇ ਰਤਨ ਦਾ ਪਤਾ ਗੁਰੂ ਰਾਹੀਂ ਲੱਗਦਾ ਹੈ।[53] ਗੁਰਬਾਣੀ ਵਿੱਚ ਜਿਥੇ ਸੱਚੇ ਗੁਰੂ ਦੀ ਵਡਿਆਈ ਕੀਤੀ ਗਈ ਹੈ ਉਥੇ ਝੂਠਾ ਗੁਰੂ ਅੰਨ੍ਹੇ ਬਰਾਬਰ ਹੈ। ਉਸਦੇ ਸੇਵਕ ਵੀ ਅੰਨ੍ਹੇ ਭਾਵ ਅਗਿਆਨੀ ਹਨ।[54] ਝੂਠੇ ਗੁਰੂ ਨੂੰ ਕੱਚਾ ਗੁਰੂ ਵੀ ਕਿਹਾ ਗਿਆ ਹੈ। ਭਗਤ ਕਬੀਰ ਜੀ ਨੇ ਅਜਿਹੇ ਪਖੰਡੀ ਗੁਰੂ ਦੀ ਮਾਤਾ ਦਾ ਸਿਰ ਮੁੰਨਣ ਨੂੰ ਕਿਹਾ ਹੈ ਜੋ ਭਰਮ ਦਾ ਨਾਸ ਨਹੀਂ ਕਰਦਾ ਕਿਉਂਕਿ ਉਹ ਆਪ ਤਾਂ ਡੁੱਬਦਾ ਹੀ ਹੈ ਸਗੋਂ ਆਪਣੇ ਸੇਵਕਾਂ ਨੂੰ ਵੀ ਡੋਬ ਦਿੰਦਾ ਹੈ।[55] ਆਪ ਜੀ ਨੇ ਤਾਂ ਏਥੇ ਤੱਕ ਕਿਹਾ ਕਿ ਬ੍ਰਾਹਮਣ ਨੂੰ ਸਾਰਾ ਜਗਤ ਗੁਰੂ ਆਖਦਾ ਫਿਰਦਾ ਹੈ। ਉਹ ਸਾਰੇ ਜਗਤ ਦਾ ਗੁਰੂ ਹੋ ਸਕਦਾ ਹੈ ਪਰ ਭਗਤਾਂ ਦਾ ਗੁਰੂ ਨਹੀਂ ਹੈ ਕਿਉਂਕਿ ਉਹ ਆਪ ਹੀ ਉਲਝਿਆ ਪਿਆ ਹੈ।[56] ਗੁਰੂ ਸੁਜਾਖੇ ਅਤੇ ਸੁਲਝੇ ਹੋਏ ਦਾ ਨਾਮ ਹੈ। ਗੁਰੂ ਤੋਂ ਬਿਨਾਂ ਭਗਤੀ ਨਹੀਂ ਹੁੰਦੀ।[57] ਮਨ ਦੇ ਵਹਾਅ ਵੱਲ ਜਾਣਾ ਮਨਮੁਖਤਾ ਹੈ। ਗੁਰੂ ਵੱਲ ਜਾਣਾ ਗੁਰਮੁਖਤਾ ਹੈ। ਗੁਰੂ ਨੂੰ ਮਿਲਕੇ ਸਾਰੀਆਂ ਇੱਛਾਵਾਂ ਦੀ ਪੂਰਤੀ ਹੁੰਦੀ ਹੈ। ਸਤਿਗੁਰੂ ਤੋਂ ਬਿਨਾਂ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਜੂਨੀਆਂ ਵਿਚ ਭਟਕਣਾ ਪੈਂਦਾ ਹੈ।[58] ਪਰ ਨਾਲ ਇਹ ਵੀ ਹੈ ਕਿ ਗੁਰੂ ਦੀ ਸੇਵਾ ਕਰੜੀ ਹੈ। ਇਸ ਸੇਵਾ ਨੂੰ ਕਰਨ ਲਈ ਆਪਣਾ ਸਿਰ ਦੇਣਾ ਪੈਂਦਾ ਹੈ।[59] ਗੁਰੂ ਤੋਂ ਬਿਨਾਂ ਰੋਗ ਨਹੀਂ ਟੁੱਟਦਾ ਅਤੇ ਹਉਮੈਂ ਦੀ ਪੀੜ ਨਹੀਂ ਜਾਂਦੀ।[60] ਗੁਰੂ ਤੋਂ ਬਿਨਾਂ ਪਿਆਰ ਨਹੀ ਪੈਂਦਾ ਅਤੇ ਹਉਮੈਂ ਦੀ ਮੈਲ ਨਹੀਂ ਜਾਂਦੀ।[61] ਗੁਰੂ ਦੁਬਿਧਾ ਦਾ ਨਾਸ ਕਰਦਾ ਹੈ। ਬਿਨਾਂ ਗੁਰੂ ਤੋਂ ਗੁਣਾਂ ਦਾ ਪਤਾ ਨਹੀਂ ਲੱਗਦਾ ਅਤੇ ਬਿਨਾਂ ਗੁਣਾਂ ਤੋਂ ਭਗਤੀ ਨਹੀਂ ਹੁੰਦੀ।[62] ਗੁਰੂ ਦਾ ਸੁਭਾਅ ਸਦਾ ਪਰਉਪਕਾਰੀ ਹੈ। ਗੁਰਬਾਣੀ ਵਿੱਚ ਅਨੇਕ ਵਾਰ ਗੁਰੂ ਸ਼ਬਦ ਨਾਲ ਪ੍ਰਸਾਦਿ ਸ਼ਬਦ ਆਇਆ ਹੈ ਜਿਸਦਾ ਭਾਵ ਗੁਰੂ ਦੀ ਕਿਰਪਾ ਹੈ। ਗੁਰੂ ਪਰਉਪਕਾਰੀ ਹੈ ਅਤੇ ਜੀਵਨ ਦਾਨ ਦਿੰਦਾ ਹੈ। ਭੁੱਲਿਆਂ ਹੋਇਆਂ ਨੂੰ ਸਹੀ ਰਸਤੇ 'ਤੇ ਲਿਆਉਂਦਾ ਹੈ।

---

[51] *ਗੁਰ ਮਿਲਿ ਚਜੁ ਅਚਾਰ ਸਿਖੁ ਤੁਧੁ ਕਦੇ ਨ ਲਗੈ ਦੁਖੁ॥* ਰਾਗ ਸਿਰੀਰਾਗ ਮ: ੫, 50.

[52] *ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥* ਰਾਗ ਗਉੜੀ ਸੁਖਮਨੀ ਮ: ੫, 286.

[53] *ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥* ਰਾਗ ਜੈਤਸਰੀ ਮ: ੪, 696.

[54] *ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥* ਰਾਗ ਰਾਮਕਲੀ ਮ: ੩, 951.

[55] *ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥ ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ ਸਲੋਕ, ਭਗਤ ਕਬੀਰ, 1369-1370.*

[56] *ਕਬੀਰ ਬਾਮਨ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥ ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਉ ਮਾਹਿ॥* ਸਲੋਕ ਭਗਤ ਕਬੀਰ, 1377.

[57] *ਹੋਰ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥* ਰਾਗ ਸਿਰੀਰਾਗ ਮ: ੧, 22.

[58] *ਬਿਨੁ ਸਤਿਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥* ਰਾਗ ਸਿਰੀਰਾਗ ਮ: ੩, 26.

[59] *ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥* ਰਾਗ ਸਿਰੀਰਾਗ, ਮ: ੩, 27.

[60] *ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ॥* ਰਾਗ ਸਿਰੀਰਾਗ ਮ: ੩, 36.

[61] *ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ॥* ਸਿਰੀਰਾਗ ਮ: ੧, 60.

[62] *ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ॥* ਰਾਗ ਸਿਰੀਰਾਗ ਮ: ੩, 67.

ਗੁਰੂ ਬਿਨਾਂ ਗਤ ਨਹੀਂ ਹੈ।[63] ਗੁਰੂ ਦੇ ਦਰਸ਼ਨਾਂ ਵਿੱਚੋਂ ਜੀਵਨ ਮਿਲਦਾ ਹੈ। ਵੱਡੀ ਵਿਚਾਰ ਇਹ ਹੀ ਹੈ ਕਿ ਬਿਨਾਂ ਪੂਰੇ ਗੁਰਦੇਵ ਤੋਂ ਭਲਾ ਨਹੀਂ ਹੁੰਦਾ।[64] ਬਿਨਾਂ ਗੁਰੂ ਤੋਂ ਭਰਮ ਆਉਂਦਾ ਅਤੇ ਜਾਂਦਾ ਹੈ। ਕੀਤੀ ਸੇਵਾ ਵੀ ਸਫਲ ਨਹੀਂ ਹੁੰਦੀ, ਮਨ ਡੋਲਦਾ ਹੈ, ਤ੍ਰਿਪਤੀ ਨਹੀਂ ਹੁੰਦੀ, ਮਾਇਆ ਰੂਪੀ ਸੱਪ ਡੱਸਦਾ ਹੈ ਅਤੇ ਗੁਰੂ ਬਿਨਾਂ ਘਾਟਾ ਹੀ ਘਾਟਾ ਹੈ।[65] ਗੁਰਾਂ ਬਿਨਾਂ ਹਨੇਰਾ ਹੈ।

ਗੁਰੂ ਹੀ ਸ਼ਬਦ ਨੂੰ ਸੁਰਤ ਨਾਲ ਜੋੜਦਾ ਹੈ। ਗੁਰੂ ਹੀ ਪਰਮੇਸ਼ਵਰ ਹੈ।[66] ਬਿਨਾਂ ਗੁਰੂ ਤੋਂ ਪ੍ਰੇਮ ਭਗਤੀ ਪ੍ਰਾਪਤ ਨਹੀਂ ਹੁੰਦੀ।[67] ਗੁਰੂ ਗਰਬ ਦਾ ਨਿਵਾਰਣ ਕਰਦਾ ਹੈ। ਸਾਰੇ ਸੁਖਾਂ ਦਾ ਦਾਤਾ ਗੁਰੂ ਹੈ। ਅਨੇਕ ਲੋਕ ਰੱਬ ਦੀ ਭਾਲ ਕਰ ਰਹੇ ਹਨ ਪਰ ਗੁਰੂ ਬਿਨਾਂ ਪਹੁੰਚਿਆ ਨਹੀਂ ਜਾ ਸਕਦਾ।[68] ਜੋ ਵਿਅਕਤੀ ਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦੇ ਉਨ੍ਹਾਂ ਦਾ ਜੀਵਨ ਧ੍ਰਿਕਾਰਯੋਗ ਹੈ।[69] ਗੁਰੂ ਸਾਹਿਬ ਦੱਸਦੇ ਹਨ ਕਿ ਤੂੰ ਮੋਹ ਨੂੰ ਸਾੜ ਕੇ ਸਿਆਹੀ ਬਣਾ ਲੈ। ਮਤ ਦਾ ਕਾਗਜ਼ ਬਣਾ ਲੈ। ਪਿਆਰ ਨੂੰ ਕਲਮ ਬਣਾ ਲੈ, ਚਿੱਤ ਨੂੰ ਲਿਖਾਰੀ ਬਣਾ ਅਤੇ ਗੁਰੂ ਨੂੰ ਪੁਛ ਕਿ ਕੀ ਲਿਖਾਂ।[70] ਗੁਰੂ ਦੀ ਪਿਆਰ ਨਾਲ ਸੇਵਾ ਕਰ ਤਾਂ ਜੋ ਉਹ ਤੈਨੂੰ ਰੱਬ ਨਾਲ ਮਿਲਾ ਦੇਵੇ।[71] ਸਤਿਗੁਰ ਤੋਂ ਬਿਨਾਂ ਵਿਸ਼ਵਾਸ ਨਹੀਂ ਆਉਂਦਾ ਅਤੇ ਨਾਮ ਨਾਲ ਪਿਆਰ ਨਹੀਂ ਲੱਗਦਾ।[72] ਪਿਆਰ ਦੇ ਭੋਜਨ ਦੀ ਪ੍ਰਾਪਤੀ ਉਦੋਂ ਹੁੰਦੀ ਹੈ ਜਦੋਂ ਸਤਿਗੁਰ ਪ੍ਰਸੰਨ ਹੁੰਦਾ ਹੈ। ਹੋਰ ਸੁਆਦ ਚਲੇ ਜਾਂਦੇ ਹਨ ਅਤੇ ਹਰੀ ਰਸ ਮਨ ਵਿਚ ਵੱਸਦਾ ਹੈ।[73] ਗੁਰੂ ਦੇ ਸ਼ਬਦ ਰਾਹੀਂ ਦੂਜਾ ਭਾਉ ਚਲਾ ਜਾਂਦਾ ਹੈ।[74] ਗੋਂਡ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਹੈ ਕਿ ਹਮੇਸ਼ਾ ਗੁਰੂ, ਗੁਰੂ ਅਤੇ ਗੁਰੂ ਹੀ ਕਰਨਾ ਚਾਹੀਦਾ ਹੈ। ਗੁਰੂ ਬਿਨਾਂ ਮੇਰਾ ਕੋਈ ਨਹੀਂ ਹੈ। ਦਿਨ ਰਾਤ ਉਸਦੀ ਟੇਕ ਰੱਖੋ। ਗੁਰੂ ਦੀ ਦਾਤ ਨੂੰ ਕੋਈ ਮੇਟ ਨਹੀਂ ਸਕਦਾ। ਗੁਰੂ ਅਤੇ ਪਰਮੇਸ਼ਵਰ ਇੱਕ ਹਨ। ਜਿਨ੍ਹਾਂ ਦਾ ਮਨ ਗੁਰੂ ਚਰਨਾਂ ਵਿੱਚ ਲੱਗ ਜਾਂਦਾ ਹੈ, ਉਨ੍ਹਾਂ ਦੇ ਸਾਰੇ ਦੁਖ ਦਰਦ ਮਿਟ ਜਾਂਦੇ ਹਨ।[75]

### ਸੰਗਤ ਭਾਵ ਪ੍ਰਭੂ ਸ਼ਰਣ

ਬੰਦਗੀ ਵਿੱਚ ਸੰਗਤ ਦੀ ਬਹੁਤ ਮਹਾਨਤਾ ਹੈ। ਭਗਤ ਰਵਿਦਾਸ ਜੀ ਨੇ ਦੱਸਿਆ ਹੈ ਕਿ ਸੰਗਤ ਨਾਲ ਇਸ ਤਰ੍ਹਾਂ ਜੁੜੇ ਰਹੋ ਜਿਸ ਤਰ੍ਹਾਂ ਮਧੂਮੱਖੀਆਂ ਸ਼ਹਿਦ ਵਿੱਚ ਗੜੁੱਚ ਰਹਿੰਦੀਆਂ ਹਨ, ਉਹ ਸ਼ਹਿਦ ਤੋਂ

---

63 *ਐ ਜੀ ਜਨਮਿ ਮਰੈ ਆਵੈ ਫੁਨਿ ਜਾਵੈ॥ ਬਿਨੁ ਗੁਰ ਗਤਿ ਨਹੀ ਕਾਈ॥* ਰਾਗ ਗੂਜਰੀ ਮ: ੧, 504.

64 *ਬਿਨੁ ਗੁਰ ਪੂਰੇ ਨਾਹੀ ਉਧਾਰੁ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ॥* ਰਾਗ ਰਾਮਕਲੀ, ਮ: ੫, 886.

65 *ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨ ਪਵਈ ਥਾਇ॥ ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥ ਬਿਨੁ ਗੁਰ ਬਿਸੀਅਰੁ ਡਸੈ ਸਰਿ ਵਾਟ॥ ਨਾਨਕ ਗੁਰ ਬਿਨੁ ਘਾਟੈ ਘਾਟ॥* ਰਾਗ ਰਾਮਕਲੀ, ਮ: ੧, 942.

66 *ਬਿਨੁ ਗੁਰ ਪਰਮੇਸਰ ਕੋਈ ਨਾਹੀ॥* ਰਾਗ ਮਾਰੂ ਮ: ੧, 1028.

67 *ਬਿਨੁ ਗੁਰ ਭਗਤਿ ਨ ਭਾਉ ਹੋਇ॥* ਰਾਗ ਬਸੰਤ ਮ: ੧, 1170.

68 *ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ॥* ਰਾਗ ਦੇਵਗੰਧਾਰੀ ਮ:੫, 534.

69 *ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥* ਰਾਗ ਗੂਜਰੀ ਮ: ੪, 10.

70 *ਜਾਲਿ ਮਹਿ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ ਭਾਉ ਕਲਮ ਕਰਿ ਚਿਤ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥* ਰਾਗ ਸਿਰੀਰਾਗ ਮ: ੧, 16.

71 *ਸਤਿਗੁਰੁ ਸੇਵੀ ਭਾਉ ਕਰਿ ਮੈ ਪਿਰੁ ਦੇਹੁ ਮਿਲਾਇ॥* ਰਾਗ ਸਿਰੀਰਾਗ ਮ: , 38.

72 *ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ॥* ਰਾਗ ਸਿਰੀਰਾਗ, ਮ: ੩, 65.

73 *ਭਾਉ ਭੋਜਨੁ ਸਤਿਗੁਰ ਤੁਠੈ ਪਾਏ॥ ਅਨ ਰਸ ਚੂਕੈ ਹਰਿ ਰਸੁ ਮੰਨਿ ਵਸਾਏ॥* ਰਾਗ ਮਾਝ ਮ: ੩, 115.

74 *ਗੁਰ ਕੈ ਸਬਦਿ ਭਾਉ ਦੂਜਾ ਜਾਏ॥* ਰਾਗ ਮਾਝ ਮ: ੩, 126.

75 *ਗੁਰੂ ਗੁਰੂ ਗੁਰ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥ਗੁਰ ਕੀ ਟੇਕ ਰਹਹੁ ਦਿਨ ਰਾਤਿ॥ ਜਾ ਕੀ ਕੋਇ ਨ ਮੇਟੇ ਦਾਤਿ॥... ਗੁਰ ਚਰਣੀ ਜਾ ਕਾ ਮਨੁ ਲਾਗੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥* ਰਾਗ ਗੋਂਡ ਮ: ੫, 864.

ਅੱਕਦੀਆਂ ਨਹੀਂ ਹਨ।[76] ਸਾਧਕ ਨੂੰ ਸੰਗਤ ਵੱਲ ਜਾਣਾ ਚਾਹੀਦਾ ਹੈ। ਭਾਈ ਨੰਦ ਲਾਲ ਜੀ ਦੱਸਦੇ ਹਨ ਕਿ ਜਿਵੇਂ ਮੁਸਲਮਾਨ ਸ਼ੁੱਕਰਵਾਰ ਵਾਲੇ ਦਿਨ ਇਕੱਠੇ ਹੋ ਕੇ ਨਮਾਜ਼ ਪੜ੍ਹਦੇ ਹਨ ਇਸ ਤਰ੍ਹਾਂ ਸਿੱਖ ਧਰਮ ਵਿੱਚ ਸੰਗਤ ਵਿੱਚ ਜੁੜਕੇ ਰੱਬੀ ਰੰਗਾਂ ਨੂੰ ਮਾਣਿਆ ਜਾਂਦਾ ਹੈ।[77] ਸੰਗਤ ਇਕੱਠ ਨੂੰ ਕਹਿੰਦੇ ਹਨ। ਕੀ ਸਾਰੇ ਇਕੱਠਾਂ ਨੂੰ ਸੰਗਤ ਕਹਿ ਦੇਣਾ ਚਾਹੀਦਾ ਹੈ। ਇਸਦਾ ਜਵਾਬ ਗੁਰੂ ਜੀ ਨੇ ਆਪ ਦਿੱਤਾ ਹੈ ਕਿ ਸੰਗਤ ਉਹ ਹੈ ਜਿਥੇ ਕੇਵਲ ਇੱਕ ਅਕਾਲਪੁਰਖ ਦੀ ਵਡਿਆਈ ਕੀਤੀ ਜਾਵੇ ਜਾਂ ਗੁਣ ਗਾਏ ਜਾਣ।[78] ਭਾਈ ਗੁਰਦਾਸ ਜੀ ਨੇ ਸੰਗਤ ਨੂੰ ਦੋ ਤੋਂ ਸ਼ੁਰੂ ਹੋਇਆ ਮੰਨਿਆ ਹੈ। ਇੱਕਲਾ ਸਿੱਖ ਹੁੰਦਾ ਹੈ ਪਰ ਜਦੋਂ ਇੱਕ ਹੋਰ ਮਿਲ ਜਾਂਦਾ ਹੈ ਤਾਂ ਉਹ ਸੰਗਤ ਬਣ ਜਾਂਦੀ ਹੈ।[79] ਸਪੱਸ਼ਟ ਹੈ ਕਿ ਸ਼ੁਭ ਵਿਚਾਰਾਂ ਦੇ ਆਦਾਨ ਪ੍ਰਦਾਨ ਦਾ ਨਾਮ ਸੰਗਤ ਹੈ। ਸੰਗਤ ਲਈ ਕੋਈ ਪੱਕੀ ਥਾਂ ਨਿਸ਼ਚਿਤ ਨਹੀਂ ਹੈ ਪਰ ਜ਼ਿਆਦਾਤਰ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸੰਗਤ ਕੀਤੀ ਜਾਂਦੀ ਹੈ। ਭਾਈ ਸਾਹਿਬ ਨੇ ਰੋਜ਼ਾਨਾ ਸੰਗਤ ਵਿੱਚ ਆਉਣ ਦੇ ਨੇਮ ਨੂੰ ਸਲਾਹਿਆ ਹੈ। ਆਪ ਜੀ ਦੱਸਦੇ ਹੋ ਕਿ ਸੰਗਤ ਦੀ ਪ੍ਰੀਤ ਦਾਦਕਿਆਂ, ਨਾਨਕਿਆਂ, ਸਹੁਰਿਆਂ ਨਾਲੋਂ ਵਧੀਆ ਸਾਕ ਹੈ। ਆਪ ਜੀ ਨੇ ਸੰਗਤ ਨੂੰ ਨਾਨਕਿਆਂ ਅਤੇ ਦਾਦਕਿਆਂ ਨਾਲੋਂ ਵੀ ਜ਼ਿਆਦਾ ਸਨੇਹ ਵਾਲਾ ਦੱਸਿਆ ਹੈ।[80] ਭੱਟ ਕੀਰਤ ਨੇ ਸੰਗਤ ਨੂੰ ਉੱਤਮ ਪੰਥ ਦੱਸਿਆ ਹੈ। ਸੰਗਤ ਵਿੱਚੋਂ ਹੀ ਖ਼ਾਲਸੇ ਦਾ ਜਨਮ ਹੋਇਆ ਹੈ।[81] ਸਾਡੀਆਂ ਦਸ ਪਾਤਸ਼ਾਹੀਆਂ ਸੰਗਤ ਵਿੱਚੋਂ ਹੀ ਪ੍ਰਗਟ ਹੋਈਆਂ ਹਨ। ਸੰਗਤ ਜੀਵ ਦੇ ਮਨ ਦੀ ਮੈਲ ਨੂੰ ਦੂਰ ਕਰ ਦਿੰਦੀ ਹੈ। ਭਾਈ ਗੁਰਦਾਸ ਜੀ ਨੇ ਆਪਣੀ ਇਕ ਵਾਰ ਵਿਚ ਰਾਣੀ ਤਾਰਾ ਦਾ ਜ਼ਿਕਰ ਕੀਤਾ ਹੈ ਜਿਸਦੇ ਪੈਰਾਂ ਦੀ ਇਕ ਖੜਾਅ ਦੀ ਪ੍ਰਾਪਤੀ ਸੰਗਤ ਵੱਲੋਂ ਕੀਤੀ ਅਰਦਾਸ ਨਾਲ ਹੋਈ ਸੀ।[82] ਸੰਗਤ ਵਿਚ ਹਰੀ ਦੀ ਕਥਾ, ਕੀਰਤਨ ਅਤੇ ਅਰਦਾਸ ਕੀਤੀ ਜਾਂਦੀ ਹੈ। ਸੰਗਤ ਵਿੱਚ ਰੱਬ ਦਾ ਵਾਸਾ ਮੰਨਿਆ ਗਿਆ ਹੈ। ਇੱਕ ਹੋਰ ਕਬਿੱਤ ਵਿਚ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਚੋਰ ਨੂੰ ਪਤਾ ਹੁੰਦਾ ਹੈ ਕਿ ਜੇਕਰ ਮੈਂ ਚੋਰੀ ਕਰਦਾ ਫੜਿਆ ਗਿਆ ਤਾਂ ਮੈਨੂੰ ਮਾਰ ਪਵੇਗੀ ਪਰ ਚੋਰ ਮਾਰ ਦੇ ਡਰੋਂ ਚੋਰੀ ਕਰਨੀ ਨਹੀਂ ਛੱਡਦਾ। ਵੇਸਵਾ ਦੀ ਸੰਗਤ ਬੁਰੀ ਹੈ ਪਰ ਵਿਕਾਰੀ ਪੁਰਸ਼ ਵੇਸਵਾ ਦਾ ਸਾਥ ਨਹੀਂ ਛੱਡਦਾ। ਜੂਆ ਬੁਰਾ ਹੈ ਪਰ ਜੁਆਰੀ ਜੂਏ ਵਿਚ ਆਪਣੇ ਮਾਲ ਦੀ ਪ੍ਰਵਾਹ ਨਹੀਂ ਕਰਦਾ। ਨਸ਼ੇ ਦੀਆਂ ਲੱਖ ਬੁਰਾਈਆਂ ਦੇ ਬਾਵਜੂਦ ਅਮਲੀ ਅਮਲ ਨੂੰ ਨਹੀਂ ਛੱਡਦਾ। ਜੇਕਰ ਉਪਰੋਕਤ ਸਾਰੇ ਵਿਅਕਤੀ ਬੁਰੀਆਂ ਵਸਤੂਆਂ ਦੇ ਬੁਰੇ ਨਤੀਜਿਆਂ ਦੇ ਬਾਵਜੂਦ ਵੀ ਬੁਰਾਈ ਨਹੀਂ ਛੱਡਦੇ ਤਾਂ ਗੁਰੂ ਦਾ ਸਿੱਖ ਕਿਵੇਂ ਚੰਗੇ ਨਤੀਜੇ

---

76 *ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥* ਰਾਗ ਆਸਾ, ਭਗਤ ਰਵਿਦਾਸ, 486.

77 *ਰੂਜ਼ਿ ਜੁਮਆ ਮੋਮਨਾਨਿ ਪਾਕਬਾਜ਼ ਗਿਰਦ ਮੀ ਆਇੰਦ ਅਜ਼ ਬਹਿਰਿ ਨਿਮਾਜ਼॥ ਹਮਚੁਨਾਂ ਦਰ ਮਜ਼ਹਬਿ ਮਾ ਸਾਧ ਸੰਗ ਕਜ਼ ਮੁਹੱਬਤ ਬਾ-ਖ਼ੁਦਾ ਦਾਰੰਦ ਰੰਗ॥* ਡਾ. ਗੰਡਾ ਸਿੰਘ, *ਉਹੀ,* ਪੰਨਾ-79.

78 *ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥* ਰਾਗ ਸਿਰੀਰਾਗ ਮ: ੧, 72.

79 *ਇਕੁ ਸਿਖੁ ਦੁਇ ਸਾਧ ਸੰਗੁ ਪੰਜੀ ਪਰਮੇਸੁਰ।* ਵਾਰਾਂ ਭਾਈ ਗੁਰਦਾਸ, ਵਾਰ/ਪਉੜੀ- 3/19.

80 *ਨਹੀਂ ਦਦਸਾਰ ਪਿਤ ਪਿਤਾਮਾ ਪਰਪਿਤਾਮਾ ਸੁਜਨ ਕੁਟੰਬ ਸੁਤ ਬਾਧਵ ਨ ਭ੍ਰਾਤਾ ਹੈ। ਨਹੀ ਨਨਸਾਰ ਮਾਤਾ ਪਰਮਾਤਾ ਬਿਰਧਿ ਪਰਮਾਤਾ ਮਾਮੂ ਮਾਮੀ ਮਾਸੀ ਔ ਮੌਸਾ ਬਿਬਿਧ ਬਿਖਾਤਾ ਹੈ। ਨਹੀ ਸਸੁਰਾਰ ਸਾਸੁ ਸੁਸਰਾ ਸਾਰੋ ਅਉ ਸਾਰੀ ਨਹੀ ਬਿਰਤੀਸੁਰ ਮੈ ਜਾਚਿਕ ਨ ਦਾਤਾ ਹੈ। ਅਸਨ ਬਸਨ ਧਨ ਧਾਮ ਕਾਂਹੂ ਮੈ ਨ ਦੇਖਿਓ ਜੈਸਾ ਗੁਰਸਿਖ ਸਾਧਸੰਗਤ ਕੋ ਨਾਤਾ ਹੈ। 100।* ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼,* ਪੰਨਾ-27-8.

81 *ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।* ਅਮਰ ਸਿੰਘ (ਸੰਪਾ.), *ਉਹੀ,* ਪੰਨਾ- 436.

82 *ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ। ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ। ਰਾਜੇ ਡਿਠਾ ਚਲਿਤ ਇਹੁ ਏਹ ਖੜਾਵ ਹੈ ਚੋਜ ਵਿਡਾਣੀ। ਸਾਧਸੰਗਤਿ ਵਿਟਹੁ ਕੁਰਬਾਣੀ।* ਵਾਰਾਂ ਭਾਈ ਗੁਰਦਾਸ, ਵਾਰ/ਪਉੜੀ-10/6.

ਦੇਣ ਵਾਲੀ ਸੰਗਤ ਦਾ ਤਿਆਗ ਕਰੇ।[83] ਕਬੀਰ ਜੀ ਨੇ ਤਾਂ ਸਾਧਸੰਗਤ ਨੂੰ ਬੈਕੁੰਠ ਦਾ ਦਰਜਾ ਦਿੱਤਾ ਹੈ।[84] ਗੁਰੂ ਰਾਮ ਦਾਸ ਜੀ ਦੱਸਦੇ ਹਨ ਕਿ ਮੈਂ ਆਪਣਾ ਮਨ ਤਨ ਖੋਜਿਆ ਹੈ ਕਿ ਪਿਆਰਾ ਪ੍ਰੀਤਮ ਕਿਵੇਂ ਮਿਲੇ? ਅੱਗੇ ਗੁਰੂ ਸਾਹਿਬ ਨੇ ਇਸਦਾ ਹੱਲ ਦੱਸਿਆ ਹੈ ਕਿ ਤੁਸੀਂ ਸਤਸੰਗਤ ਵਿੱਚ ਜਾ ਕੇ ਦੱਸੋ ਕਿਉਂਕਿ ਪਰਮਾਤਮਾ ਸੰਗਤ ਵਿੱਚ ਹੀ ਵੱਸਦਾ ਹੈ।[85] ਸੰਗਤ ਵਿਚ ਆਉਣ ਦਾ ਅਰਥ ਇਹ ਹੈ ਕਿ ਜੀਵ ਸਮਝੇ ਕਿ ਮੈਂ ਰੱਬ ਦੀ ਸ਼ਰਣ ਵਿਚ ਆ ਗਿਆ ਹਾਂ। ਜਿਸਨੂੰ ਵੀ ਸਤਸੰਗਤ ਦੀ ਪ੍ਰਾਪਤੀ ਹੋਈ ਉਸਦਾ ਹੀ ਪਾਰ ਉਤਾਰਾ ਹੋਇਆ ਹੈ।[86] ਜਿਸ ਤਰ੍ਹਾਂ ਪਾਰਸ ਦੀ ਛੁਹ ਅਨੇਕ ਧਾਤਾਂ ਨੂੰ ਸੋਨਾ ਬਣਾ ਦਿੰਦੀ ਹੈ ਇਸ ਤਰ੍ਹਾਂ ਸੰਗਤ ਵੀ ਜੀਵ ਨੂੰ ਬਦਲ ਦਿੰਦੀ ਹੈ।[87] ਚੰਦਨ ਕੋਲ ਰਹਿਣ ਵਾਲਾ ਰਿੰਡ ਵੀ ਖੁਸ਼ਬੋਅ ਵੰਡਣ ਲੱਗ ਪੈਂਦਾ ਹੈ। ਇਸ ਤਰ੍ਹਾਂ ਸੰਗਤ ਜੀਵ ਨੂੰ ਬਦਲ ਦਿੰਦੀ ਹੈ।[88] ਸੰਗਤ ਪਾਠਸ਼ਾਲਾ ਹੈ ਜਿਥੇ ਹਰੀ ਦੇ ਗੁਣ ਗਾਉਣੇ ਸਿੱਖੇ ਜਾਂਦੇ ਹਨ।[89] ਸੰਗਤ ਦੇ ਪ੍ਰਭਾਵ ਨੂੰ ਬਿਆਨ ਕਰਨ ਲਈ ਗੁਰੂ ਜੀ ਨੇ ਚੰਦਨ, ਪਾਰਸ, ਗੰਗਾ ਦੀਆਂ ਉਦਾਹਰਣਾਂ ਦਿੱਤੀਆਂ ਹਨ। ਗੰਗਾ ਦੀ ਸੰਗਤ ਕੀਤੀ ਇੱਕ ਛੋਟੇ ਜਿਹੇ ਨਾਲੇ ਨੇ ਅਤੇ ਉਹ ਗੰਗਾ ਦਾ ਰੂਪ ਬਣ ਗਿਆ। ਚੰਦਨ ਦੀ ਸੰਗਤ ਕੀਤੀ ਦਰਖਤ ਨੇ, ਉਹ ਚੰਦਨ ਦਾ ਰੂਪ ਹੀ ਹੋ ਗਿਆ। ਪਾਰਸ ਦੀ ਸੰਗਤ ਕੀਤੀ ਪਿੱਤਲ ਨੇ ਤੇ ਉਹ ਸੋਨੇ ਦਾ ਰੂਪ ਹੋ ਗਿਆ। ਇਸ ਤਰ੍ਹਾਂ ਜੀਵ ਨੇ ਜਦੋਂ ਭਜਨੀਕ ਪੁਰਸ਼ਾਂ ਦੀ ਸੰਗਤ ਕੀਤੀ ਤਾਂ ਉਹ ਰੱਬ ਦਾ ਰੂਪ ਬਣ ਗਏ।[90] ਵਿਅਕਤੀ ਦੀ ਪਛਾਣ ਸੰਗਤ ਤੋਂ ਹੁੰਦੀ ਹੈ ਜੋ ਜਿਵੇਂ ਦੀ ਸੰਗਤ ਵਿੱਚ ਬੈਠਦਾ ਹੈ ਉਹੋ ਜਿਹਾ ਉਹ ਬਣ ਜਾਂਦਾ ਹੈ ਅਤੇ ਉਹੋ ਜਿਹਾ ਹੀ ਉਸ ਵਿਅਕਤੀ ਨੂੰ ਫਲ ਪ੍ਰਾਪਤ ਹੁੰਦਾ ਹੈ।[91] ਸੰਗਤ ਮਨ ਵਿੱਚ ਨਿਮਰਤਾ ਅਤੇ ਸਭ ਲਈ ਪਿਆਰ ਪੈਦਾ ਕਰਦੀ ਹੈ।[92] ਸੰਗਤ ਵਿੱਚ ਭਾਸ਼ਾ ਅਤੇ ਇਲਾਕੇ ਦੀ ਬੰਦਿਸ਼ ਤੋਂ ਬਿਨ੍ਹਾਂ ਬੈਠਿਆ ਜਾਂਦਾ ਹੈ। ਅਜਿਹੀ ਥਾਂ ਜਿਸ ਥਾਂ ਉਪਰ ਜਾਤ-ਪਾਤ ਜਾਂ ਕਿਸੇ ਹੋਰ ਪ੍ਰਕਾਰ ਦੀ ਨਫ਼ਰਤ ਦੀ ਬਦਬੋ ਨਹੀਂ ਉਹ ਥਾਂ ਛੱਡਣ ਵਾਲੀ ਨਹੀਂ ਹੈ।[93]

---

83 *ਮਾਰਬੇ ਕੋ ਤ੍ਰਾਸ ਦੇਖਿ ਚੋਰ ਨ ਤਜਤ ਚੋਰੀ,ਬਟਵਾਰਾ ਬਟਵਾਰੀ ਸੰਗਿ ਹੁਇ ਤਕਤ ਹੈ। ਬੇਸਵਾ ਰਤਿ ਬ੍ਰਿਥਾ ਭਏ ਮਨ ਮੈ ਨ ਸੰਕਾ ਮਾਨੈ, ਜੁਆਰੀ ਨ ਸਰਬਸੁ ਹਾਰੈ ਸੈ ਥਕਤ ਹੈ। ਅਮਲੀ ਨ ਅਮਲ ਤਜਤ ਜਿਉ ਧਿਕਾਰ ਕੀਏ,ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈ। ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ, ਗੁਰਸਿਖ ਸਾਧ ਸੰਗਿ ਛਾਡਿ ਕਿਉ ਸਕਤ ਹੈ॥323॥ ਕਬਿੱਤ ਸਵੈਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼,* ਪੰਨਾ- 83.

84 *ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੇ ਆਹਿ॥* ਰਾਗ ਗਉੜੀ, ਭਗਤ ਕਬੀਰ, 325.

85 *ਹਉ ਮਨੁ ਤਨੁ ਖੋਜੀ ਭਾਲਿ ਭਾਲਾਈ॥ ਕਿਉ ਪਿਆਰਾ ਪ੍ਰੀਤਮ ਮਿਲੈ ਮੇਰੀ ਮਾਈ॥ ਮਿਲਿ ਸਤਸੰਗਤਿ ਖੋਜ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥* ਰਾਗ ਮਾਝ ਮ: ੪, 94.

86 *ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥* ਰਾਗ ਗੂਜਰੀ ਮ: ੫, 10.

87 *ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥* ਰਾਗ ਗੂਜਰੀ ਮ: ੧, 505.

88 *ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥* ਰਾਗ ਗੋਂਡ ਮ: ੪, 861.

89 *ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥* ਰਾਗ ਕਾਨੜਾ ਮ: ੪, 1316.

90 *ਗੰਗਾ ਕੈ ਸੰਗਿ ਸਲਿਤਾ ਬਿਗਰੀ॥ ਸੋ ਸਲਿਤਾ ਗੰਗਾ ਹੋਇ ਨਿਬਰੀ॥ ਬਿਗਰਿਓ ਕਬੀਰਾ ਰਾਮ ਦੁਹਾਈ॥ ਸਾਚੁ ਭਇਓ ਅਨ ਕਤਹਿ ਨ ਜਾਈ॥ਰਹਾਉ॥ ਚੰਦਨ ਕੈ ਸੰਗਿ ਤਰਵਰੁ ਬਿਗਰਿਓ॥ ਸੋ ਤਰਵਰੁ ਚੰਦਨ ਹੋਇ ਨਿਬਰਿਓ॥ ਪਾਰਸ ਕੈ ਸੰਗਿ ਤਾਂਬਾ ਬਿਗਰਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥ ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰਾ ਰਾਮੈ ਹੋਇ ਨਿਬਰਿਓ॥* ਰਾਗ ਭੈਰਉ, ਭਗਤ ਕਬੀਰ, 1158.

91 *ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥ ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥* ਸਲੋਕ, ਭਗਤ ਕਬੀਰ, 1369.

92 *ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ਰਹਾਉ॥ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥* ਰਾਗ ਕਾਨੜਾ ਮ:੫, 1299.

93 *ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥ ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥* ਸਲੋਕ, ਭਗਤ ਕਬੀਰ, 1367.

ਗੁਰੂ ਸਾਹਿਬ ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਜਿਥੇ ਵੀ ਗਏ ਉਥੇ ਆਪ ਜੀ ਨੇ ਥਾਂ-ਥਾਂ ਸੰਗਤਾਂ ਸਥਾਪਿਤ ਕੀਤੀਆਂ। ਸੰਗਤਾਂ ਸਥਾਪਿਤ ਕਰਨ ਦੇ ਦੋ ਮਨੋਰਥ ਸਨ। ਪਹਿਲਾ ਸੀ ਕਿ ਭਾਈਚਾਰਾ ਵਧੇ ਅਤੇ ਦੂਜਾ ਸਾਡੀ ਰੂਹਾਨੀ ਤਰੱਕੀ ਵੀ ਹੋਵੇ। ਜਦੋਂ ਵਿਅਕਤੀ ਇਕੱਠੇ ਬੈਠਦੇ ਹਨ ਤਾਂ ਉਨ੍ਹਾਂ ਵਿੱਚ ਖਿਆਲਾਂ, ਵਿਸ਼ਵਾਸਾਂ ਅਤੇ ਧਰਮ ਦੀਆਂ ਸਾਂਝਾਂ ਪੈਦਾ ਹੁੰਦੀਆਂ ਹਨ। ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਇਕੱਠੇ ਬੈਠਣ ਦਾ ਬਹੁਤ ਲਾਭ ਹੈ। ਦੂਜਾ ਸਮਾਜ ਵਿੱਚ ਰਹਿ ਕੇ ਹੀ ਰੂਹਾਨੀਅਤ ਦੀ ਪ੍ਰਾਪਤੀ ਹੁੰਦੀ ਹੈ। ਸੰਗਤ ਦੀ ਪ੍ਰਾਪਤੀ ਭਾਗਾਂ ਵਾਲਿਆਂ ਨੂੰ ਹੁੰਦੀ ਹੈ ਅਤੇ ਸੰਗਤ ਤੋਂ ਬਗੈਰ ਮਨ ਵਿੱਚ ਮੈਲ ਭਰਨ ਲੱਗਦੀ ਹੈ।[94] ਗੁਰੂ ਦੀ ਸੰਗਤ ਦਾ ਵੱਡਾ ਸਥਾਨ ਹੈ। ਭਗਤ ਕਬੀਰ ਜੀ ਦੱਸਦੇ ਹਨ ਕਿ ਮਨਮੁਖਾਂ ਦੀ ਸੰਗਤ ਤਾਂ ਕੀ ਕਰਨੀ ਸਗੋਂ ਮਨਮੁਖ ਨੂੰ ਦੇਖਦੇ ਸਾਰ ਦੂਰੋਂ ਹੀ ਰਾਹ ਬਦਲ ਲੈਣਾ ਚਾਹੀਦਾ ਹੈ। ਮਨਮੁਖ ਕਾਲਖ ਵਾਲੇ ਬਰਤਨ ਵਰਗਾ ਹੈ। ਕਾਲਖ ਵਾਲਾ ਬਰਤਨ ਜੇਕਰ ਹੱਥਾਂ ਨੂੰ ਜਾਂ ਕੱਪੜੇ ਨੂੰ ਛੂਹ ਜਾਵੇ ਤਾਂ ਕੁਝ ਨਾ ਕੁਝ ਕਾਲਖ ਜ਼ਰੂਰ ਲੱਗ ਜਾਂਦੀ ਹੈ। ਇਸ ਤਰ੍ਹਾਂ ਬੁਰੇ ਵਿਅਕਤੀ ਦੀ ਸੰਗਤ ਕੁਝ ਨਾ ਕੁਝ ਬੁਰਾ ਪ੍ਰਭਾਵ ਜ਼ਰੂਰ ਛੱਡਦੀ ਹੈ।[95] ਬੁਰਿਆਂ ਦੀ ਸੰਗਤ ਕਰਨ ਨਾਲ ਧਰਮਰਾਜਾ ਪੁੱਛਦਾ ਹੈ ਕਿ ਤੂੰ ਕਿਉਂ ਬੁਰਿਆਂ ਕੋਲ ਬੈਠਾ ਸੀ। ਚੌਲਾਂ ਦੇ ਨਾਲ ਛਿਲਕਿਆਂ ਦੀ ਵੀ ਕੁਟਾਈ ਹੁੰਦੀ ਹੈ।[96] ਇਸ ਲਈ ਹਮੇਸ਼ਾਂ ਸਤਪੁਰਸ਼ਾਂ ਦੀ ਸੰਗਤ ਕਰਨੀ ਚਾਹੀਦੀ ਹੈ। ਚੋਰ ਦੀ ਸੰਗਤ ਚੋਰ ਬਣਾ ਦਿੰਦੀ ਹੈ। ਠੱਗ ਦੀ ਸੰਗਤ ਠੱਗ ਬਣਾ ਦਿੰਦੀ ਹੈ ਇਉਂ ਗੁਰੂ ਦੀ ਸੰਗਤ ਗੁਰੂ ਦਾ ਰੂਪ ਬਣਾ ਦਿੰਦੀ ਹੈ। ਵਿਅਕਤੀ ਸੰਗਤ ਤੋਂ ਜਾਣਿਆ ਜਾਂਦਾ ਹੈ। ਸਾਡੇ ਮਨ ਦੇ ਬੁਰੇ ਖਿਆਲ ਸੰਗਤ ਵਿੱਚ ਆ ਕੇ ਮੱਧਮ ਪੈ ਜਾਂਦੇ ਹਨ। ਇੱਕ ਅਨੁਸ਼ਾਸ਼ਨ ਦਾ ਜਨਮ ਹੁੰਦਾ ਹੈ। ਜਿਸ ਵਿੱਚ ਸਾਧਕ ਪ੍ਰਭੂ ਨੂੰ ਸੰਸਾਰ ਵਿੱਚ ਦੇਖਦਾ ਹੈ ਅਤੇ ਸਾਧਸੰਗਤ ਦੀ ਰੱਬ ਜਾਣ ਕੇ ਸੇਵਾ ਕਰਦਾ ਹੈ।

### ਭਉ

ਭਗਤੀ ਵਿੱਚ ਅਨੇਕ ਗੁਣ ਅਤੇ ਜਾਬਤਿਆਂ ਦਾ ਜ਼ਿਕਰ ਹੋਇਆ ਹੈ ਪਰ ਭੈ ਅਜਿਹਾ ਅਨੁਸ਼ਾਸਨ ਹੈ ਜਿਸਦਾ ਜ਼ਿਕਰ ਸਿੱਧੇ ਰੂਪ ਵਿੱਚ ਹੋਇਆ ਹੈ। ਗੁਰਮਤਿ ਨੇ ਦੋ ਤਰ੍ਹਾਂ ਦੇ ਡਰਾਂ ਦਾ ਜ਼ਿਕਰ ਕੀਤਾ ਹੈ। ਪਹਿਲਾ ਭੈ ਦੁਨਿਆਵੀ ਹੈ, ਜਿਸ ਵਿਚ ਸਮਾਜਿਕ ਡਰ ਆ ਜਾਂਦੇ ਹਨ। ਇਹ ਡਰ ਦੁਖਦਾਈ ਹਨ। ਚਿੰਤਾਵਾਂ ਇਸ ਡਰ ਦੀ ਹੀ ਉਪਜ ਹੁੰਦੀਆਂ ਹਨ। ਦੂਜਾ ਭੈ ਰੱਬ ਦਾ ਹੈ। ਇਸ ਡਰ ਦੀ ਅਣਹੋਂਦ ਕਾਰਨ ਸਾਰੇ ਡਰ ਵਿਆਪਦੇ ਹਨ। ਇਸ ਡਰ ਨੂੰ ਪ੍ਰਾਪਤ ਕਰ ਚੁੱਕਾ ਸਾਧਕ ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਕਿਸੇ ਨੂੰ ਡਰਾਉਂਦਾ ਹੈ।[97] ਇਸ ਕਰਕੇ ਹੀ ਭਗਤੀ ਨੂੰ ਭੈ ਭਗਤੀ ਕਿਹਾ ਜਾਂਦਾ ਹੈ। ਰੱਬ ਦੇ ਡਰ ਦੀ

---

94 *ਬਿਨੁ ਭਾਗਾ ਸਤਿਸੰਗਿ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥* ਰਾਗ ਮਾਝ ਮ: ੪, 95.

95 *ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥* ਸਲੋਕ ਭਗਤ ਕਬੀਰ, 1371.

96 *ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥* ਸਲੋਕ ਭਗਤ ਕਬੀਰ, 1375.

97 ਭੈ *ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* ਸਲੋਕ ਮ:੯, 1427.

ਪ੍ਰਾਪਤੀ ਤੋਂ ਬਾਅਦ ਸਾਰੇ ਡਰਾਂ ਤੋਂ ਛੁਟਕਾਰਾ ਮਿਲਦਾ ਹੈ।[98] ਗੁਰਸ਼ਰਨ ਕੌਰ ਜੱਗੀ ਲਿਖਦੇ ਹਨ, "ਗੁਰੂ ਨਾਨਕ ਬਾਣੀ ਵਿਚ 'ਭਉ' (ਡਰ) ਸ਼ਬਦ ਦੋ ਰੂਪਾਂ ਵਿਚ ਵਰਤਿਆ ਗਿਆ ਹੈ- ਇਕ ਦੁਨਿਆਵੀ ਭਉ ਲਈ ਅਤੇ ਦੂਜਾ ਅਧਿਆਤਮਿਕ ਭਉ ਲਈ। ਦੁਨਿਆਵੀ ਭਉ ਸੰਸਾਰਿਕ ਖਤਰਿਆਂ, ਦੁੱਖਾਂ ਤੋਂ ਉਤਪੰਨ ਹੁੰਦਾ ਹੈ, ਪਰਾਸਰੀਰਕ ਸ਼ਕਤੀਆਂ ਜਿਵੇਂ ਜਮ ਆਦਿ ਦਾ ਭਉ ਵੀ ਦੁਨਿਆਵੀ ਭਉ ਦੇ ਅੰਤਰਗਤ ਆਉਂਦਾ ਹੈ।"[99] ਭੈ ਭਗਤੀ ਤੋਂ ਬਿਨਾਂ ਤਰਿਆ ਨਹੀਂ ਜਾਂਦਾ।[100] ਕੋਈ ਵੀ ਅਨੁਸ਼ਾਸਨ ਜੀਵਨ ਵਿੱਚ ਉਦੋਂ ਆਉਂਦਾ ਹੈ ਜਦੋਂ ਅਨੁਸ਼ਾਸਨ ਦੇ ਸਿਰਜਕ ਪ੍ਰਤੀ ਡਰ ਹੋਵੇ। ਡਰ ਤੋਂ ਬਗੈਰ ਕੋਈ ਮਰਿਆਦਾ ਨਹੀਂ ਬਣਦੀ। ਗੁਰਮਤਿ ਅਨੁਸਾਰ ਪ੍ਰਭੂ ਦੇ ਡਰ ਵਿੱਚ ਕੰਬਣੀ ਨਹੀਂ, ਜ਼ਿੰਦਗੀ ਜਾਣ ਦਾ ਡਰ ਨਹੀਂ ਅਤੇ ਨਾ ਹੀ ਬਰਬਾਦੀ ਹੈ। ਇਸ ਡਰ ਵਿੱਚ ਨਿਡਰਤਾ, ਦਲੇਰੀ, ਕਾਮਯਾਬੀ ਅਤੇ ਖੁਸ਼ਹਾਲੀ ਹੈ। ਡਰ ਤੋਂ ਬਿਨ੍ਹਾਂ ਭਗਤੀ ਨਹੀਂ ਹੁੰਦੀ ਅਤੇ ਨਾਮ ਨਾਲ ਪਿਆਰ ਨਹੀਂ ਲੱਗਦਾ।[101] ਗੁਰਬਾਣੀ ਵਿੱਚ ਭੈ ਦੇ ਬਹੁਤ ਵਿਆਪਕ ਅਰਥ ਹਨ। ਭੈ ਨੂੰ ਗੁਰਮਤਿ ਨੇ ਹੁਕਮ ਦੇ ਅਰਥਾਂ ਵਿੱਚ ਵਰਤਿਆ ਹੈ। ਪਵਨ, ਦਰਿਆ, ਅਗਨੀ, ਧਰਤੀ, ਇੰਦਰ, ਧਰਮ ਰਾਜਾ, ਸੂਰਜ, ਚੰਦ, ਤਾਰੇ, ਸਿਧ, ਬੁਧ, ਨਾਥ, ਸੁਰ, ਆਕਾਸ਼, ਮਹਾਂਬਲੀ, ਸੂਰਮੇ, ਸ਼੍ਰਿਸਟੀ ਦਾ ਆਉਣਾ ਜਾਣਾ ਸਭ ਪਰਮਾਤਮਾ ਦੇ ਭੈ ਵਿਚ ਹੈ।[102] ਮਾਲਕ ਦੀ ਹੁਕਮ ਅਦੂਲੀ ਦਾ ਡਰ ਭਗਤ ਦੇ ਮਨ ਵਿੱਚ ਮਾਲਕ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਪੈਦਾ ਕਰਦਾ ਹੈ। ਜਿਸ ਤਰ੍ਹਾਂ ਮਾਂ ਦਾ ਬੱਚੇ ਨਾਲ ਪਿਆਰ ਡਰ ਪੈਦਾ ਕਰਦਾ ਹੈ ਕਿ ਸੌਂਦੇ ਸਮੇਂ ਬੱਚੇ ਨੂੰ ਕੋਈ ਖੜਾਕ ਸੁਣਾਈ ਨਾ ਦੇਵੇ। ਮਾਂ ਵਾਰ-ਵਾਰ ਨਿਗਰਾਨੀ ਰੱਖਦੀ ਹੈ। ਇਹ ਡਰ ਆਗਿਆਕਾਰ ਬਣਾਉਂਦਾ ਹੈ। ਇਹ ਡਰ ਪਿਆਰ ਵਾਲਾ ਹੈ ਅਤੇ ਇਸ ਬਿਨਾਂ ਕੋਈ ਪਾਰ ਨਹੀਂ ਉਤਰਦਾ।[103] ਭੈ ਨਾਲ ਭਉਜਲ ਲੰਘ ਜਾਈਦਾ ਹੈ, ਭੈ ਨਾਲ ਨਿਰਭਉ ਪ੍ਰਾਪਤ ਹੁੰਦਾ ਹੈ ਪਰੰਤੂ ਮਨਮੁਖ ਭੈ ਦੀ ਸਾਰ ਨਹੀਂ ਜਾਣਦੇ ਅਤੇ ਤ੍ਰਿਸ਼ਨਾ ਵਿੱਚ ਸੜਦੇ ਰਹਿੰਦੇ ਹਨ। ਜਿਨ੍ਹਾਂ ਅੰਦਰ ਰੱਬ ਦਾ ਡਰ ਨਹੀਂ ਉਨ੍ਹਾਂ ਅੰਦਰ ਰੱਬ ਲਈ ਪਿਆਰ ਵੀ ਪੈਦਾ ਨਹੀਂ ਹੋ ਸਕਦਾ। ਭੈ ਬਿਨ੍ਹਾਂ ਬੈਰਾਗ ਨਹੀਂ ਉਪਜਦਾ, ਭੈ ਬਿਨ ਭਰਮ ਨਹੀਂ ਮਿਟਦਾ ਅਤੇ ਭੈ ਬਿਨ ਭਗਤੀ ਨਹੀਂ ਹੁੰਦੀ ਅਤੇ ਨਾਮ ਨਾਲ ਪਿਆਰ ਨਹੀਂ ਲੱਗਦਾ। ਉਹ ਵਿਅਕਤੀ ਮੁਰਦਾ ਹਨ ਜਿਨ੍ਹਾਂ ਅੰਦਰ ਰੱਬ ਲਈ ਡਰ ਨਹੀਂ ਹੈ।[104] ਡਾ. ਜੱਗੀ ਲਿਖਦੇ ਹਨ, "ਸਪੱਸ਼ਟ ਹੈ ਕਿ ਗੁਰਮਤਿ ਵਿਚਲੀ ਧਰਮ ਸਾਧਨਾ ਵਿਚ 'ਨਿਰਮਲ ਭਉ' ਦਾ ਬਹੁਤ ਮਹੱਤਵ ਹੈ। ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਉਪਰ ਰਖਿਆ ਇਹ ਪਹਿਲਾ ਕਦਮ ਹੈ। ਇਸਤੋਂ ਇਲਾਵਾ ਸਮਾਜਿਕ ਜੀਵਨ ਵਿਚ ਵੀ ਇਸ ਭੈ ਦਾ ਮਹੱਤਵ ਕੋਈ ਘੱਟ ਨਹੀਂ।"[105]

---

98 *ਨਿਰਭਉ ਜਪੈ ਸਗਲ ਭਉ ਮਿਟੈ॥* ਰਾਗ ਗਉੜੀ ਮ: ੫, 293.
99 ਗੁਰਸ਼ਰਨ ਕੌਰ ਜੱਗੀ, *ਗੁਰੂ ਨਾਨਕ ਬਾਣੀ: ਪਰੇਮ ਭਗਤੀ ਦਾ ਸਰੂਪ*, ਪੰਨਾ- 274.
100 *ਬਿਨੁ ਭੈ ਭਗਤੀ ਤਰਨੁ ਕੈਸੇ॥* ਰਾਗ ਬਿਲਾਵਲ ਮ: ੫, 829.
101 *ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥* ਵਾਰ ਸੂਹੀ ਮ. ੩, 788.
102 *ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥ ਭੈ ਵਿਚਿ ਸੂਰਜ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥* ਰਾਗ ਆਸਾ ਮ: ੧, 464.
103 *ਬਿਨੁ ਭੈ ਕਿਨੈ ਨ ਪ੍ਰੇਮ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ॥* ਰਾਗ ਤੁਖਾਰੀ ਮ: ੪, 1116.
104 *ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ॥ ਨਾਨਕ ਮੁਇਆ ਦਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ॥* ਰਾਗ ਮਾਰੂ ਮ: ੩, 1093.
105 ਰਤਨ ਸਿੰਘ ਜੱਗੀ, *ਉਹੀ*, ਪੰਨਾ-93.

## ਪਿਆਰ ਦਾ ਅਰਥ, ਸਰੂਪ ਅਤੇ ਮਹੱਤਤਾ

ਸਮੁੱਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਪਿਆਰ ਦੀ ਬੋਲੀ ਹੈ। ੧ਓ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਸਮੁੱਚੀ ਬਾਣੀ ਦਾ ਕੇਂਦਰੀ ਤੱਤ ਹੀ ਪਿਆਰ ਹੈ। ਭਗਤ ਕਬੀਰ ਜੀ ਦੱਸਦੇ ਹਨ ਕਿ ਭਗਤੀ ਵਿਚ ਭੋਲੇ ਸੁਭਾਅ ਦਾ ਵਿਸ਼ੇਸ਼ ਮਹੱਤਵ ਹੈ।[106] ਉਹੀ ਪੁਰਖ ਸੁਜਾਨ ਹਨ ਜਿਨਾਂ ਨੇ ਰੱਬ ਨੂੰ ਪਿਆਰ ਨਾਲ ਸੇਵਿਆ ਹੈ।[107] ਗੁਰੂ ਸਾਹਿਬ ਨੇ ਰੱਬ ਅਤੇ ਮਨੁੱਖ ਵਿਚਾਲੇ ਪਈ ਵਿੱਥ ਨੂੰ ਦੂਰ ਕਰਨ ਲਈ ਪ੍ਰੇਮਾ ਭਗਤੀ ਦਾ ਉਪਦੇਸ਼ ਦਿੱਤਾ ਹੈ। ਗੁਰਬਾਣੀ ਵਿੱਚ ਪ੍ਰਭੂ ਪ੍ਰੀਤ ਪਾਉਣ ਦੇ ਢੰਗ ਵੀ ਦੱਸੇ ਗਏ ਹਨ। ਰੱਬ ਦੇ ਗੁਣ ਗਾਉਣੇ ਅਤੇ ਸੁਣਨੇ ਮਨ ਵਿੱਚ ਪਿਆਰ ਪੈਦਾ ਕਰਦੇ ਹਨ। ਅਸੀਂ ਪਿਆਰ ਵਾਲੇ ਦੀ ਹੀ ਗੱਲ ਸੁਣਦੇ ਹਾਂ ਅਤੇ ਮੰਨਦੇ ਹਾਂ। ਇਸ ਨਾਲ ਦੁਖ ਦੂਰ ਹੁੰਦੇ ਹਨ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ।[108] ਕਰਮਕਾਂਡ ਕਰਨ ਨਾਲੋਂ ਰੱਬ ਨੂੰ ਪਿਆਰ ਕਰਨ ਲਈ ਕਿਹਾ ਹੈ। ਰੱਬ ਨੂੰ ਅਰਪਣ ਕਰਨ ਵਾਲੀਆਂ ਹੋਰ ਵਸਤੂਆਂ ਤਾਂ ਬਾਜ਼ਾਰ ਚੋਂ ਮਿਲ ਸਕਦੀਆਂ ਹਨ ਪਰ ਪਿਆਰ ਬਾਜ਼ਾਰ ਚੋਂ ਨਹੀਂ ਮਿਲਦਾ। ਇਹ ਤਾਂ ਹਿਰਦੇ ਵਿੱਚੋਂ ਉਤਪੰਨ ਹੁੰਦਾ ਹੈ। ਰੱਬ ਦੀ ਭਗਤੀ ਪਿਆਰ ਹੈ। ਪਿਆਰ ਦੇ ਅਰਥ- ਪ੍ਰੇਮ, ਮੁਹੱਬਤ, ਪਯਾਰ ਅਤੇ ਪ੍ਰਿਯਤਾ ਹਨ।[109] ਗੁਰਬਾਣੀ ਵਿੱਚ ਭਾਉ, ਪ੍ਰੇਮ, ਪਿਆਰ, ਨੇਹੁ, ਪ੍ਰੀਤ, ਮੁਹੱਬਤ, ਇਸ਼ਕ ਆਦਿਕ ਸ਼ਬਦ ਇੱਕ ਦੂਜੇ ਦੇ ਪੂਰਕ ਅਤੇ ਸਮਾਨਅਰਥੀ ਹਨ। ਪ੍ਰੇਮ ਦਾ ਅਰਥ ਮੈਂ ਤੋਂ ਪਰ੍ਹੇ ਹੁੰਦਾ ਹੈ। ਇਹ ਸ਼ਬਦ ਰੱਬ ਨੂੰ ਪੂਰਨ ਤੌਰ 'ਤੇ ਸਮਰਪਿਤ ਹੋਣ ਦੀ ਸ਼ਾਹਦੀ ਭਰਦਾ ਹੈ:

> ਪੰਜਾਬੀ ਸਭਿਆਚਾਰ ਦਾ ਪ੍ਰਮੁਖ ਚਿੰਨ੍ਹ ਆਸ਼ਿਕੀ ਹੈ। ਬਾਬਾ ਫ਼ਰੀਦ ਦੇ ਸਲੋਕਾਂ ਵਿੱਚ ਇਸਨੂੰ 'ਨੇਹੁ' ਆਖਿਆ ਗਿਆ ਹੈ। ਇਹ 'ਨੇਹੁ' ਵਚਨਬੱਧਤਾ ਦੀ ਇੰਤਹਾ ਹੈ। ਜੇ ਮੀਂਹ ਪੈਨਦਾ ਹੋਵੇ, ਕੰਬਲੀ ਭਿੱਜ ਜਾਵੇ ਤਾਂ ਵੀ ਉਸ ਪ੍ਰਿਯ ਨੂੰ ਮਿਲਣਾ ਜ਼ਰੂਰ ਹੈ, ਨਹੀਂ ਤਾਂ 'ਨੇਹੁ' ਟੁੱਟ ਜਾਵੇਗਾ। ਇਹੀ ਵਚਨਬੱਧ ਇੰਤਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਗੁਰੂ ਅੰਗਦ ਦੇਵ ਜੀ ਦੇ ਸਬਦ ਵਿੱਚ ਹੈ।[110]

ਪਿਆਰ ਅਜਿਹਾ ਅਹਿਸਾਸ ਹੈ ਕਿ ਜਿਸ ਨੂੰ ਪਿਆਰ ਕਰੀਏ ਉਸਨੂੰ ਆਪਣਾ ਆਪਾ ਸੁਤੇਸਿਧ ਹੀ ਦਿੱਤਾ ਜਾਂਦਾ ਹੈ। ਬਾਬਾ ਫ਼ਰੀਦ ਜੀ ਨੇ ਬੰਦਗੀ ਨੂੰ ਮੁਹੱਬਤ ਦੱਸਿਆ ਹੈ ਕਿਉਂਕਿ ਮੁਹੱਬਤ ਦਿਲ ਤੋਂ ਹੁੰਦੀ ਹੈ। ਮੁਹੱਬਤ ਕਰਨ ਵਾਲੇ ਸੱਚੇ ਹਨ ਕਿਉਂਕਿ ਉਹ ਮੁਖ ਅਤੇ ਮਨ ਤੋਂ ਇੱਕ ਹਨ। ਉਹ ਕੱਚੇ ਹਨ ਜਿਨ੍ਹਾਂ ਦੇ ਮਨ ਅਤੇ ਮੁੱਖ ਹੋਰ ਹਨ।[111] ਆਪਣਾ ਆਪਾ ਰੱਬ ਨੂੰ ਦੇਣਾ ਹੀ ਪਿਆਰ ਹੈ। ਇਸ ਸਮਰਪਣ ਵਿੱਚ ਦੁਜੈਲਤਾ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਜੇ ਤੈਨੂੰ ਪਿਆਰ ਦੀ ਖੇਡ ਖੇਡਣ ਦਾ ਚਾਅ ਹੈ ਤਾਂ ਸਿਰ ਨੂੰ ਤਲੀ ਤੇ ਰੱਖਕੇ ਮੇਰੇ ਕੋਲ ਆਵੀਂ।[112] ਸਿਰ ਤਲੀ ਤੇ ਰੱਖਣ ਦਾ ਭਾਵ ਮੁੜ ਪਿਛਾਂਹ ਪੈਰ ਨਾ ਪਾਉਣ ਤੋਂ ਹੈ :

---

106 *ਕਹੁ ਕਬੀਰ ਭਗਤਿ ਕਰਿ ਪਾਇਆ॥ ਭੋਲੇ ਭਾਇ ਮਿਲੇ ਰਘੁਰਾਇਆ॥* ਰਾਗ ਗਉੜੀ, ਭਗਤ ਕਬੀਰ, 324.

107 *ਜਿਨ ਤੂ ਸੇਵਿਆ ਭਾਉ ਕਰਿ ਸੇਈ ਪੁਰਖ ਸੁਜਾਨ॥* ਰਾਗ ਸਿਰੀਰਾਗ, ਮ: ੫, 52.

108 *ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥* ਜਪੁ, 2.

109 *ਮਹਾਨ ਕੋਸ਼,* ਪੰਨਾ-768.

110 ਗੁਰਭਗਤ ਸਿੰਘ, (ਡਾ.), *ਵਿਸਮਾਦੀ ਪੂੰਜੀ,* ਪੰਨਾ-20.

111 *ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥ ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥* ਰਾਗ ਆਸਾ, ਸੇਖ ਫਰੀਦ, 488.

112 *ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥* ਸਲੋਕ ਵਾਰਾਂ ਤੇ ਵਧੀਕ, ਮ : ੧, 1412.

> ਪ੍ਰੇਮ ਭਗਤੀ ਦੀ ਲੋੜ ਕਿਉਂ ਪੈਂਦੀ ਹੈ। ਇਸ ਦੀ ਪ੍ਰੇਰਣਾ ਦਾ ਮੂਲ ਕਾਰਣ ਕੀ ਹੈ। ਇਸ ਪ੍ਰਸ਼ਨ ਦਾ ਉੱਤਰ ਸਪੱਸ਼ਟ ਹੈ ਕਿ ਪ੍ਰੇਮ ਕਰਨਾ ਮਨੁੱਖ ਦੀ ਬੁਨਿਆਦੀ ਬਿਰਤੀ ਹੈ। ਸੰਸਾਰਿਕ ਪ੍ਰਪੰਚ ਦੇ ਕਿਸੇ ਪ੍ਰਾਣੀ ਅਥਵਾ ਪ੍ਰਤਿਲਿੰਗੀ ਪਾਤਰ ਨਾਲ ਪ੍ਰੇਮ ਕਰਨ 'ਤੇ ਕਈ ਪ੍ਰਕਾਰ ਦੀਆਂ ਰੁਕਵਾਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪੈਰ-ਪੈਰ ਉੱਤੇ ਠੋਕਰਾਂ ਵੱਜਦੀਆਂ ਹਨ, ਨਿਰਾਸ਼ਾ ਅਤੇ ਅਸਫ਼ਲਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਘੁਟਨ ਤੋਂ ਸਾਤਵਿਕ ਰੁਚੀਆਂ ਵਾਲਾ ਸੰਵੇਦਨਸ਼ੀਲ ਵਿਅਕਤੀ ਤੰਗ ਆ ਜਾਂਦਾ ਹੈ। ਉਹ ਪ੍ਰੇਮ ਦੇ ਅਜਿਹੇ ਪਾਤਰ ਅਥਵਾ ਆਧਾਰ ਦੀ ਖੋਜ ਕਰਦਾ ਹੈ ਜੋ ਹਰ ਪੱਖੋਂ ਪੂਰਣ ਹੋਵੇ, ਸਥਾਈ ਹੋਵੇ ਨ ਮੁਕਣ ਵਾਲਾ ਆਨੰਦ ਪ੍ਰਾਪਤ ਕਰਨ ਵਾਲਾ ਹੋਵੇ।[113]

ਗੁਰਮਤਿ ਵਿੱਚ ਪਿਆਰ ਦੇ ਅਰਥ ਪੂਰਨ ਤੌਰ ’ਤੇ ਰੱਬ ਨੂੰ ਸਮਰਪਿਤ ਹੋਣਾ ਹੈ। ਇਹ ਅਜਿਹੀ ਭਾਵਨਾ ਹੈ ਜਿਸ ਨਾਲ ਸਾਰੀਆਂ ਹੀ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਿਆਰ ਕਰਨ ਵਾਲੇ ਵਿੱਚ ਨਿਰਮਲਤਾ, ਪਰਉਪਕਾਰ, ਸੇਵਾ ਆਦਿਕ ਗੁਣ ਆਪਣੇ ਆਪ ਹੀ ਆ ਜਾਂਦੇ ਹਨ। ਭਾਈ ਜੋਧ ਸਿੰਘ ਅਨੁਸਾਰ, “ਗਰੀਬੀ ਬਿਨਾਂ ਸਿੱਖੀ ਨਹੀਂ, ਪਰਉਪਕਾਰ ਤਾਂ ਹੀ ਹੋ ਸਕਦਾ ਹੈ ਜੇ ਪਹਲੋਂ ਨਿਰਮਾਣਤਾ ਆਵੇ, ਨਿਭਦਾ ਤਾਂ ਹੈ ਜੇ ਸਿਦਕ ਹੋਵੇ। ਸਿਦਕ ਲਈ ਗੁਰੂ ਨਾਲ ਪ੍ਰੇਮ ਦੀ ਡਾਢੀ ਲੋੜ ਹੈ, ਪ੍ਰੇਮ ਤੋਂ ਸਿਦਕ ਉਪਜਦਾ ਤੇ ਓਹਦੇ ਨਾਲ ਹੀ ਦ੍ਰਿੜ ਰਹਿੰਦਾ ਹੈ।”[114] ਭਾਈ ਨੰਦ ਲਾਲ ਜੀ ਦੱਸਦੇ ਹਨ ਕਿ ਕਿੱਡਾ ਸੁਭਾਗਾ ਹੈ ਉਹ ਦਿਲ, ਜਿਸਦੇ ਅੰਦਰ ਰੱਬ ਦਾ ਚਾਉ ਹੈ। ਵਾਸਤਵ ਵਿੱਚ ਉਹ ਰੱਬ ਦੇ ਪ੍ਰੇਮ ਦਾ ਧਾਰਨੀ ਹੋ ਜਾਂਦਾ ਹੈ।[115] ਰੱਬ ਦਾ ਪ੍ਰੇਮ ਤੈਨੂੰ ਰੱਬ ਦਾ ਹੀ ਰੂਪ ਬਣਾ ਦਿੰਦਾ ਹੈ ਅਤੇ ਦੋਹਾਂ ਜਹਾਨਾਂ ਵਿੱਚ ਉੱਚਾ ਅਤੇ ਸਿਰਕੱਢ ਬਣਾ ਦਿੰਦਾ ਹੈ।[116] ਰੱਬ ਦਾ ਪਿਆਰ ਸਭ ਨਾਲੋਂ ਉਚੇਰੀ ਵਸਤੂ ਹੈ। ਉਸਦਾ ਸਾਯਾ ਸਾਡੇ ਸਿਰਾਂ ਤੇ ਮਾਨੋ ਤਾਜ ਹੈ।[117] ਭਾਈ ਗੁਰਦਾਸ ਜੀ ਨੇ ਭਗਤੀ ਨੂੰ ਪ੍ਰੇਮ ਕਿਹਾ ਹੈ। ਇਸ ਪ੍ਰੇਮ ਦੀ ਅੰਦਰਲੀ ਖਿੱਚ ਨੂੰ ਬਿਆਨ ਕਰਨ ਲਈ ਦੀਵੇ ਅਤੇ ਪਤੰਗੇ ਦੀ, ਮੱਛੀ ਅਤੇ ਪਾਣੀ ਦੀ, ਮਿਰਗ ਅਤੇ ਨਾਦ ਦੀ, ਭੌਰੇ ਅਤੇ ਕਮਲ ਦੀ, ਚੰਦ ਅਤੇ ਚਕੋਰ ਦੀ, ਚਕਵੀ ਅਤੇ ਸੂਰਜ ਦੀ, ਪਤੀ ਅਤੇ ਪਤਨੀ ਦੀ, ਮਾਂ ਅਤੇ ਪੁੱਤ ਦੇ ਪਿਆਰ ਦੀ ਉਦਾਹਰਣ ਦਿੱਤੀ ਹੈ।[118] ਪਿਆਰ ਸਹਾਰੇ ਉੱਚਾ ਉਠਿਆ ਜਾਂਦਾ ਹੈ:

> ਜਦੋਂ ਸਾਧਕ ਕਿਸੇ ਨ ਕਿਸੇ ਕਾਰਣ ਕਰ ਕੇ ਪਰਮਾਤਮਾ ਨਾਲ ਪਰੇਮ ਪੈ ਜਾਂਦਾ ਹੈ ਤਾਂ ਉਸਦੇ ਸੰਸਾਰਿਕ ਬੰਧਨ ਢਿੱਲੇ ਪੈਣ ਲੱਗ ਜਾਂਦੇ ਹਨ। ਉਹ ਸੰਸਾਰਿਕਤਾ ਤੋਂ ਉੱਚਾ ਉਠ ਕੇ ਅਧਿਆਤਮਿਕ ਲੋਕ ਵਿਚ ਵਿਚਰਨ ਲੱਗਦਾ ਹੈ। ਉਸਨੂੰ ਫੇਰ ਭਗਤੀ ਦੇ ਕਿਸੇ ਤਰ੍ਹਾਂ ਦੇ ਸਾਧਨਾਂ ਦੀ ਲੋੜ ਨਹੀਂ ਰਹਿੰਦੀ। ਇਸ ਵਿਚ ਭਗਤੀ ਮਾਰਗ ਦੇ ਯਾਤਰੀ ਦਾ ਚਿੱਤ ਆਪਣੇ ਇਸ਼ਟ ਵਿੱਚ ਮਗਨ ਰਹਿੰਦਾ ਹੈ। ਇਹ ਭਗਤੀ ਰਹੱਸਪੂਰਣ ਹੈ।[119]

ਜਪੁਜੀ ਸਾਹਿਬ ਵਿੱਚ ਦੱਸਿਆ ਹੈ ਕਿ ਰੱਬ ਦੀ ਬੋਲੀ ਪਿਆਰ ਹੈ।[120] ਗੁਰੂ ਅਮਰਦਾਸ ਜੀ

---

113 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ-ਦੂਜਾ, ਪੰਨਾ-1195.

114 ਜੋਧ ਸਿੰਘ ਭਾਈ, (ਸੰਪਾ.) *ਸਿੱਖੀ ਕੀ ਹੈ?* ਪੰਨਾ-40.

115 *ਐ ਜ਼ਹੇ ਦਿਲ ਕਿ ਅੰਦਰਸ਼ ਸ਼ੋਕਸ਼ ਬਵਦ, ਦਰ ਹਕੀਕਤ ਸਾਹਿਬਿ ਜ਼ੌਕਸ਼ ਬਵਦ॥356॥* ਡਾ. ਗੰਡਾ ਸਿੰਘ, *ਉਹੀ,* ਪੰਨਾ-119.

116 *ਇਸ਼ਕਿ ਮੌਲਾ ਮਰ ਤੁਰਾ ਮੌਲਾ ਕੁਨਦ, ਦਰ ਦੋ ਆਲਮ ਪਿਹਤਰੋ ਔਲਾ ਕੁਨਦ॥460॥* *ਉਹੀ,* ਪੰਨਾ-131.

117 *ਸ਼ੌਕਿ ਮੌਲਾ ਅਜ਼ ਹਮਾ ਬਾਲਾ ਤਰ ਅਸਤ, ਸਾਯਾਇ ਊ ਬਰ ਸਰਿ ਮਾ ਅਫ਼ਸਰ ਅਸਤ॥16॥* *ਉਹੀ,* ਪੰਨਾ-79.

118 *ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ। ਮਿਰਗੁ ਨਾਦ ਵਿਸਮਾਦ ਹੈ ਭਵਰ ਕਵਲਿ ਵਸੰਦਾ। ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ। ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ। ਨਾਰਿ ਭਤਾਰ ਪਿਆਰ ਹੈ ਮਾਂ ਪੁਤੁ ਮਿਲੰਦਾ। ਆਪੇ ਆਪਿ ਵਰਤਦਾ ਗੁਰਮੁਖ ਪਰਚੰਦਾ।* ਵਾਰਾਂ ਭਾਈ ਗੁਰਦਾਸ, ਵਾਰ/ਪਉੜੀ- 2/17.

119 ਗੁਰਸ਼ਰਨ ਕੌਰ ਜੱਗੀ, *ਗੁਰੂ ਨਾਨਕ ਬਾਣੀ: ਪਰੇਮ ਭਗਤੀ ਦਾ ਸਰੂਪ,* ਪੰਨਾ-34.

120 *ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥* ਜਪੁ,2.

ਫੁਰਮਾਉਂਦੇ ਹਨ ਕਿ ਰੱਬ ਦੀ ਭਗਤੀ ਰੱਬ ਨਾਲ ਪਿਆਰ ਕਰਨਾ ਹੀ ਹੈ। ਜੋ ਵਿਅਕਤੀ ਪਿਆਰ ਤੋਂ ਸੱਖਣੇ ਹੋ ਕੇ ਭਗਤੀ ਦੀ ਗੱਲ ਕਰਦੇ ਹਨ ਉਹ ਪਾਖੰਡੀ, ਦੁਬਿਧਾ ਵਿੱਚ ਗ੍ਰਸੇ ਹੋਏ ਅਤੇ ਖੁਆਰ ਹੋ ਰਹੇ ਹਨ।[121] ਡਾ. ਜੋਧ ਸਿੰਘ ਅਨੁਸਾਰ:

> ਗੁਰੂ ਗ੍ਰੰਥ ਸਾਹਿਬ ਵਿੱਚ ਬੇਸ਼ੱਕ ਕੁਦਰਤ ਦੇ ਚੱਕਰੀ ਗੋਲਾਕਾਰ ਪ੍ਰਵਾਹ ਨੂੰ ਯੁਗਾਂ ਵਰ੍ਹਿਆਂ, ਮਹੀਨਿਆਂ ਅਤੇ ਹਫਤਿਆਂ ਵਿਚ ਵੰਡਿਆ ਹੋਇਆ ਮਹਿਸੂਸ ਕੀਤਾ ਗਿਆ ਹੈ ਪਰੰਤੂ ਸਮੇਂ ਸਥਾਨ ਦੀ ਇਹ ਵੰਡ ਸਿਖ ਨੂੰ ਵਧੇਰੇ ਪ੍ਰੇਮ ਪੂਰਨ ਭਗਤੀ ਵਿਚ ਲੀਨ ਅਤੇ ਜੀਵਨ ਦੀਆਂ ਸਚਾਈਆਂ ਪ੍ਰਤੀ ਵਧੇਰੇ ਜ਼ੁੰਮੇਦਾਰ ਹੋਣ ਦੀ ਪ੍ਰੇਰਨਾ ਦਿੰਦੀ ਹੈ। ਕੁਦਰਤ ਨਾਲ ਇਕਸੁਰ ਹੋ ਕੇ ਪਰਮਾਤਮਾ ਨੂੰ ਮਿਲਣ ਦੀ ਹਿਰਦੇ ਦੀ ਬਿਹਬਲਤਾ ਦਾ ਉਭਰਵਾ ਚਿੱਤਰ ਗੁਰੂ ਨਾਨਕ ਦੇਵ ਜੀ ਦੇ ਬਾਰਹ ਮਾਹ ਤੁਖਾਰੀ ਵਿਚ ਵੇਖਣ ਨੂੰ ਮਿਲਦਾ ਹੈ।.. ਪਿਆਰ ਵਿਚ ਬਿਹਬਲ ਆਤਮਾ ਦਾ ਭੌਰੇ, ਪਪੀਹੇ, ਡੱਡੂ, ਖਿੜੇ ਹੋਏ ਫੁੱਲਾਂ ਅਤੇ ਹਰੀਆਂ ਟਾਹਣੀਆਂ ਦੇ ਰੂਪ ਵਿਚ ਜ਼ਿਕਰ ਕੀਤਾ ਗਿਆ ਹੈ।[122]

ਰੱਬ ਦਾ ਪਿਆਰ ਜਨਮ ਮਰਣ ਦੇ ਡਰ ਨੂੰ ਖਤਮ ਕਰ ਦਿੰਦਾ ਹੈ।[123] ਉਹ ਵਡਭਾਗੀ ਹਨ ਜਿਨਾਂ ਦੇ ਮਨ ਵਿੱਚ ਅਜਿਹਾ ਪਿਆਰ ਹੈ।[124] ਬਾਬਾ ਦਾਤੂ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਦੱਸਦਿਆਂ ਕਿਹਾ ਸੀ ਕਿ ਗੁਣਾਂ ਦੇ ਬਿਨਾਂ ਕੌਣ ਪੂਜਾ ਕਰਦਾ ਹੈ, ਵਿੱਦਿਆ ਬਿਨਾਂ ਮਾਨ ਨਹੀਂ। ਜਿੱਤ ਬਿਨਾਂ ਸੂਰਮਾ ਕੀ, ਧਿਆਨ ਬਿਨਾਂ ਮਨ ਟਿਕ ਨਹੀਂ ਸਕਦਾ। ਬਿਨਾਂ ਸੰਤੋਖ ਤੋਂ ਸੁੱਖ ਨਹੀਂ, ਤਪ ਬਿਨਾਂ ਰਾਜ ਨਹੀਂ, ਸਤਿਗੁਰੂ ਬਿਨਾਂ ਗਿਆਨ ਨਹੀਂ, ਸ਼ਰਮ ਬਿਨਾਂ ਲਾਜ ਨਹੀਂ, ਜਹਾਜ਼ ਬਿਨਾਂ ਤਰਿਆ ਨਹੀਂ ਜਾਂਦਾ ਅਤੇ ਪ੍ਰੇਮ ਬਗੈਰ ਭਗਤੀ ਨਹੀਂ ਹੁੰਦੀ।[125] ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਪੰਜ ਪ੍ਰਕਾਰ ਦੀ ਸਿੱਖੀ ਦੱਸੀ ਹੈ। ਪਹਿਲੀ ਸਿੱਖੀ ਧੰਦੇ ਦੀ ਹੈ, ਦੂਜੀ ਸਿੱਖੀ ਦੇਖਾ ਦੇਖੀ ਦੀ ਹੈ, ਤੀਜੀ ਸਿੱਖੀ ਹਿਰਸ ਦੀ ਹੈ, ਚੌਥੀ ਸਿਦਕ ਦੀ ਹੈ ਅਤੇ ਪੰਜਵੀ ਸਿੱਖੀ ਪਿਆਰ ਦੀ ਹੈ।[126] ਪਿਆਰ ਦੀ ਭਗਤੀ ਵਿੱਚ ਪ੍ਰਧਾਨਤਾ ਅਤੇ ਇਕਮਿਕਤਾ ਨੂੰ ਸਿੱਧ ਕਰਨ ਲਈ ਭਗਤੀ ਸ਼ਬਦ ਨਾਲ ਭਾਇ, ਭਾਉ, ਪ੍ਰੇਮ ਵਿਸ਼ੇਸ਼ਣ ਲਾਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਸਦੇ ਹਨ ਕਿ ਬੇਸ਼ੱਕ ਪ੍ਰਭੂ ਪ੍ਰਾਪਤੀ ਲਈ ਅੱਖਾਂ ਬੰਦ ਕਰਕੇ ਬਗਲੇ ਵਾਂਗ ਸਮਾਧੀ ਲਾ ਕੇ ਬੈਠੇ ਰਹੋ, ਸੱਤਾਂ ਸਮੁੰਦਰਾਂ ਵਿੱਚ ਨਹਾਉਂਦੇ ਰਹੋ, ਤੁਹਾਡਾ ਲੋਕ ਅਤੇ ਪ੍ਰਲੋਕ ਬਿਰਥਾ ਚਲਾ ਜਾਵੇਗਾ। ਸੈਂਕੜੇ ਸਾਲ ਹੀ ਤੁਸੀਂ ਬਤੀਤ ਕਰ ਦਿੱਤੇ ਹਨ। ਸਾਰੇ ਧਿਆਨ ਨਾਲ ਸੁਣੋਂ, ਮੈਂ ਸੱਚ ਕਹਿ ਰਿਹਾ ਹਾਂ, ਮਾਲਕ ਦੀ ਪ੍ਰਾਪਤੀ ਉਨ੍ਹਾਂ ਨੇ ਕੀਤੀ ਹੈ ਜਿੰਨ੍ਹਾਂ ਨੇ ਉਸਨੂੰ ਪ੍ਰੇਮ ਕੀਤਾ ਹੈ।[127] ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਮੇਰੀ ਰੱਬ ਨਾਲੋਂ ਪ੍ਰੀਤ ਨਾ ਜਾਵੇ ਭਾਵੇਂ ਮੇਰੀ ਜਾਨ ਚਲੀ ਜਾਵੇ। ਕਿੰਨੇ ਹੀ ਲੋਕ ਇਸ ਪ੍ਰੀਤ ਤੋਂ

---

121 *ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ॥ ਪਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰ॥* ਰਾਗ ਸਿਰੀਰਾਗ ਮ: ੩, 28.

122 ਜੋਧ ਸਿੰਘ,( ਡਾ.), *ਉਹੀ,* ਪੰਨਾ-128.

123 *ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ॥* ਰਾਗ ਸਿਰੀਰਾਗ ਮ: ੫, 45.

124 *ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ॥* ਰਾਗ ਸਿਰੀਰਾਗ ਮ:੫, 51.

125 ਕਿਰਪਾਲ ਸਿੰਘ ਡਾ., *ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ,* ਭਾਗ ਦੂਜਾ, ਪੰਨਾ-179.

126 *ਧਧੇ ਕੀ ਇਕ ਦੇਖਾ ਦੇਖੀ। ਹਿਰਸੀ ਤ੍ਰੈ ਸਿਦਕੀ ਅਵਰੇਖੀ॥30॥ ਪੰਚਮ ਅਹੈ ਭਾਵ ਕੀ ਭਲੇ, ਪ੍ਰਥਮਾ ਇਮ ਜਿਮ ਭਾਈ ਚਲੇ। ਸਭਿ ਸਗੁਰੇ ਮੁਝ ਨਿਗੁਰਾ ਕਹੈ। ਲੇ ਸਿੱਖੀ ਧੰਧੇ ਕੀ ਅਹੈ॥31॥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਬਾਹਰਵੀਂ, ਵੀਰ ਸਿੰਘ ਭਾਈ (ਸੰਪਾ.), ਪੰਨਾ-5120.

127 *ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥* ਦਸਮ ਗ੍ਰੰਥ.

ਬਿਨ੍ਹਾਂ ਸੁਕ ਕੁਮਲਾ ਗਏ ਹਨ।[128] ਸੱਚੀ ਪ੍ਰੀਤ ਪਾਉਣ ਤੋਂ ਪਹਿਲਾਂ ਹਉਮੈ ਦੀ ਪ੍ਰੀਤ ਤਿਆਗਣੀ ਪੈਂਦੀ ਹੈ। ਦੂਜੇ ਨੰਬਰ ਤੇ ਲੋਕਾਂ ਦੀ ਰੀਤ ਤਿਆਗਣੀ ਪੈਂਦੀ ਹੈ।[129] ਪਰਾਇਆ ਤਨ, ਧਨ, ਨਿੰਦਾ ਨਾਲੋਂ ਪ੍ਰੀਤੀ ਤੋੜਨੀ ਪੈਂਦੀ ਹੈ।[130] ਭਗਤ ਅਤੇ ਭਗਵਾਨ ਵਿੱਚ ਪਿਆਰ ਦਾ ਹੀ ਰਿਸ਼ਤਾ ਹੈ। ਇਹ ਪਿਆਰ ਹੀ ਹੈ ਜਿਸ ਕਰਕੇ ਭਗਵਾਨ ਕਹਿੰਦਾ ਹੈ ਕਿ ਭਗਤ ਮੇਰੇ ਫੈਸਲਿਆਂ ਨੂੰ ਬਦਲ ਸਕਦੇ ਹਨ ਪਰ ਭਗਤਾਂ ਦੇ ਫੈਸਲਿਆਂ ਨੂੰ ਬਦਲਣਾ ਮੇਰੇ ਵੱਸ ਵਿੱਚ ਨਹੀਂ ਹੈ।[131] ਜਿਸ ਹਿਰਦੇ ਵਿੱਚ ਪ੍ਰੇਮ ਆ ਜਾਂਦਾ ਹੈ ਉਥੇ ਬੁਰੇ ਕੰਮਾਂ ਤੋਂ ਪਰਹੇਜ਼ਗਾਰੀ ਆਪ ਪੈਦਾ ਹੁੰਦੀ ਹੈ:

> ਸਾਰੇ ਨਿਯਮਾਂ ਦਾ ਸਾਰ ਤੱਤ ਪ੍ਰੇਮ ਹੈ ਜਿਦੇ ਵਿਚ ਸਾਰੇ ਹੀ ਅਧਿਆਤਲਿਕ ਅਤੇ ਵਿਹਾਰਕ ਨਿਯਮ ਸਮਾ ਜਾਂਦੇ ਹਨ। ਪ੍ਰੇਮ ਕਰਨ ਵਾਲਾ ਵਿਅਕਤੀ ਚੋਰੀ ਨਹੀਂ ਕਰ ਸਕਦਾ, ਉਹ ਨਫਰਤ ਨਹੀਂ ਕਰ ਸਕਦਾ ਅਤੇ ਕ੍ਰੋਧ ਉਸਦਾ ਨਾਸ ਨਹੀਂ ਕਰ ਸਕਦਾ। ਲੋਭ ਉਸਦੇ ਲਾਗੇ ਨਹੀਂ ਆ ਸਕਦਾ ਅਤੇ ਦਰਅਸਲ ਲੋਭ ਅਤੇ ਪ੍ਰੇਮ ਇਕੱਠੇ ਰਹਿ ਹੀ ਨਹੀ ਸਕਦੇ।[132]

ਉਪਰੋਕਤ ਕਥਨ ਦੀ ਪ੍ਰੋੜਤਾ ਕਰਦਿਆਂ ਡਾ. ਗੁਰਭਗਤ ਸਿੰਘ ਆਸ਼ਿਕੀ ਨੂੰ ਮਰ ਕੇ ਜਿਊਣਾ ਮੰਨਦੇ ਹਨ:

> ਆਸ਼ਿਕੀ ਭਾਵੇਂ ਪਵਿੱਤਰ ਗ੍ਰੰਥਾਂ ਦੀ ਹੈ ਅਤੇ ਭਾਵੇਂ ਕਿੱਸਾਕਾਰਾਂ ਦੇ ਨਾਇਕ ਨਾਇਕਾਵਾਂ ਦੀ। ਇਹ ਇੰਤਹਾ ਪਸੰਦੀ ਹੈ। ਜੀਵਨ ਦੀਆਂ ਸੀਮਾਵਾਂ ਨੂੰ ਲੰਘਣਾ ਹੈ। ਰਾਜਨੀਤੀ, ਅਰਥਚਾਰੇ ਅਤੇ ਸਮਾਜਿਕ ਰੀਤੀ ਰਿਵਾਜ਼ਾਂ ਨੇ ਜੋ ਭਸਮ ਕਰਨ ਵਾਲੀਆਂ ਤਾਰਾਂ ਲਾਈਆਂ ਹੋਈਆਂ ਹਨ, ਉਨ੍ਹਾਂ ਨੂੰ ਛੂਹ ਕੇ ਪਾਰ ਲੰਘਣਾ ਹੈ। ਇਸ ਘਾਤਕ ਪ੍ਰਕ੍ਰਿਆ ਵਿਚੋਂ ਲੰਘ ਕੇ ਸੁਰਜੀਤ ਹੋਣਾ ਹੈ। ਇਹ ਇਕ ਪ੍ਰਕਾਰ ਦੀ ਸ਼ਹਾਦਤ ਹੈ। ਮਰਜੀਵੜੇ ਬਣਨਾ ਹੈ।[133]

ਸੰਸਾਰ ਦੀ ਹਰ ਸ਼ੈਅ ਪ੍ਰਭੂ ਦੇ ਵੱਸ ਵਿੱਚ ਹੈ। ਪ੍ਰਭੂ ਭਗਤਾਂ ਦੇ ਅਧੀਨ ਹੈ। ਪਰਮਾਤਮਾ ਤੀਰਥਾਂ ਤੇ ਨਹਾਉਣ ਨਾਲ, ਧਰਤੀ ਦਾ ਚੱਕਰ ਲਾਉਣ ਨਾਲ, ਦਾਨ ਦੇਣ ਨਾਲ ਵੱਸ ਵਿੱਚ ਨਹੀਂ ਆਉਂਦਾ। ਭਗਵਾਨ ਨੂੰ ਵੱਸ ਵਿੱਚ ਕਰਨ ਵਾਲਾ ਪ੍ਰੇਮ ਹੈ।[134] ਭਗਤਾਂ ਨੂੰ ਭਗਵਾਨ ਅਤੇ ਭਗਵਾਨ ਨੂੰ ਭਗਤ ਪਿਆਰਾ ਹੈ।[135] ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਇਕ ਸਿੱਖ ਸੰਮਨ ਨੂੰ ਸੰਬੋਧਨ ਹੁੰਦਿਆਂ ਫੁਰਮਾਉਂਦੇ ਹਨ ਕਿ ਹੇ ਸੰਮਨ ਜੇ ਪਿਆਰ ਦੀ ਕੀਮਤ ਪੈਸਾ ਹੁੰਦੀ ਤਾਂ ਰਾਵਣ ਸ਼ਿਵ ਜੀ ਨੂੰ ਸਿਰ ਭੇਟ ਨਾ ਕਰਦਾ। ਰਾਵਣ ਦੇ ਸਿਰਾਂ ਦੀ ਹੋਂਦ ਪ੍ਰੇਮ ਕਰਕੇ ਹੈ।[136] ਸਾਹਿਬ ਸਿੰਘ ਨੇ ਸਿਰਾਂ ਦੀ ਗਿਣਤੀ ਗਿਆਰਾਂ ਦੱਸੀ ਹੈ। ਪਿਆਰ ਦਾ ਭਾਵ ਪਰਮਾਤਮਾ ਨੂੰ ਸਭ ਕੁਝ ਅਰਪਣ ਕਰਨਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜੇਕਰ ਪਿਆਰੇ ਨਾਲ ਪਿਆਰ

---

[128] *ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥ ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥* ਸਲੋਕ, ਸੇਖ ਫਰੀਦ, 1379.

[129] *ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥ ਦੁਤੀਆ ਤਿਆਗੀ ਲੋਗਾ ਰੀਤਿ॥* ਰਾਗ ਆਸਾ ਮਹਲਾ: ੫, 370.

[130] *ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤ ਨਿਵਾਰਿ॥* ਰਾਗ ਆਸਾ ਮਹਲਾ: ੫, 379.

[131] *ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥* ਰਾਗ ਸਾਰੰਗ, ਭਗਤ ਨਾਮਦੇਵ, 1253.

[132] ਜੋਧ ਸਿੰਘ,( ਡਾ.), *ਉਹੀ,* ਪੰਨਾ-134.

[133] ਗੁਰਭਗਤ ਸਿੰਘ, *ਉਹੀ*, ਪੰਨਾ- 22.

[134] *ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥ ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥* ਰਾਗ ਰਾਮਕਲੀ ਮ: ੫, 962.

[135] *ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਾਨ ਕਾ ਪਿਆਰਾ ॥* ਰਾਗ ਸੂਹੀ ਮਹਲਾ: ੫, 747.

[136] *ਸੰਮਨ ਜੌ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ॥ ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥* ਚਉਬੋਲੇ, ਮ: ੫, 1363.

ਹੋਵੇ ਤਾਂ ਉਸ ਅੱਗੇ ਮਰ ਜਾਈਏ ਭਾਵ ਆਪਣਾ ਆਪ ਅਰਪਣ ਕਰ ਦੇਈਏ।[137] ਗੁਰਸ਼ਰਨ ਕੌਰ ਜੱਗੀ ਲਿਖਦੇ ਹਨ:

> ਪ੍ਰੇਮ ਅਸਲ ਵਿਚ ਕੋਈ ਲੈਣ ਦੇਣ ਦਾ ਸੌਦਾ ਨਹੀਂ। ਇਹ ਭੋਗ ਅਤੇ ਵਿਲਾਸ ਦਾ ਸੁਪਨਾ ਨਹੀਂ। ਇਸ ਸੰਸਾਰ ਦਾ ਅਜਿਹਾ ਸਰਬੋਤਮ ਅਤੇ ਸਦੀਵੀ ਸਾਧਨ ਹੈ ਜੋ ਦਵੈਤ ਵਿਚ ਅਦਵੈਤ ਪੈਦਾ ਕਰ ਦਿੰਦਾ ਹੈ। ਪ੍ਰੇਮੀ-ਪ੍ਰੇਮਿਕਾ, ਪਤੀ-ਪਤਨੀ ਪ੍ਰੇਮ ਦੇ ਭਾਵ-ਬੰਧਨ ਵਿਚ ਬੰਨ੍ਹੇ ਜਾ ਕੇ ਦੁੱਧ ਅਤੇ ਪਾਣੀ ਵਾਂਗ ਘੁਲ ਮਿਲ ਜਾਂਦੇ ਹਨ।[138]

ਗੁਰੂ ਸਾਹਿਬ ਰੱਬੀ ਪ੍ਰੀਤ ਨੂੰ ਸੁੰਦਰਤਾ, ਉੱਚੀ ਕੁੱਲ, ਚਤੁਰਤਾ, ਗਿਆਨ, ਧਨਵਾਨ ਤੋਂ ਉੱਤਮ ਮੰਨਦੇ ਹਨ। ਉਹ ਵਿਅਕਤੀ ਮੁਰਦਾ ਹਨ ਜਿਨ੍ਹਾਂ ਅੰਦਰ ਪ੍ਰਭੂ ਪ੍ਰੀਤ ਨਹੀਂ ਹੈ।[139] ਪੰਜਵੇਂ ਪਾਤਸ਼ਾਹ ਤਾਂ ਕਹਿੰਦੇ ਹਨ ਕਿ ਮੈਂ ਪ੍ਰੇਮ ਤੋਂ ਸਾਰੇ ਜਪ, ਤਪ ਅਤੇ ਸੁੱਖਾਂ ਨੂੰ ਵਾਰ ਦੇਵਾਂ। ਪ੍ਰੀਤ ਨੂੰ ਬਹੁਤ ਜ਼ਰੂਰੀ ਦੱਸਿਆ ਹੈ।[140] ਇਕ ਘਟਨਾ ਜੋ ਨਾਮਦੇਵ ਜੀ ਨਾਲ ਸਬੰਧਿਤ ਹੈ ਅਤੇ ਗੁਰਬਾਣੀ ਵਿੱਚ ਦਰਜ ਹੈ ਕਿ ਇੱਕ ਵਾਰ ਨਾਮਦੇਵ ਜੀ ਦੀ ਛੱਪਰੀ ਢਹਿ ਗਈ। ਰੱਬ ਨੇ ਨਾਮਦੇਵ ਦੀ ਟੁੱਟੀ ਛੱਪਰੀ ਬਣਾ ਦਿੱਤੀ। ਦਿਨ ਚੜ੍ਹਿਆ ਤਾਂ ਗੁਆਂਢਣ ਨਾਮਦੇਵ ਤੋਂ ਪੁੱਛਦੀ ਹੈ, ਨਾਮਿਆਂ ਤੂੰ ਆਹ ਛੱਪਰੀ ਕਿਸ ਤੋਂ ਬਣਵਾਈ ਹੈ? ਮੈਨੂੰ ਤੂੰ ਉਸ ਤਰਖਾਣ ਬਾਰੇ ਦੱਸ, ਮੈਂ ਉਸਨੂੰ ਦੁੱਗਣੀ ਮਜ਼ਦੂਰੀ ਦੇ ਦਿਆਂਗੀ। ਨਾਮਦੇਵ ਨੇ ਆਖਿਆ ਉਹ ਤਰਖਾਣ ਪਰਮਾਤਮਾ ਹੈ ਜਿਸਨੇ ਸਮੁੰਦਰ ਨੂੰ ਵੀ ਆਪਣੇ ਹੁਕਮ ਵਿੱਚ ਬੰਨ੍ਹਿਆ ਹੋਇਆ ਹੈ। ਰਹੀ ਗੱਲ ਮਜ਼ਦੂਰੀ ਦੇਣ ਦੀ ਤਾਂ ਉਹ ਮਜ਼ਦੂਰੀ ਪ੍ਰੇਮ ਦੀ ਮੰਗਦਾ ਹੈ।[141] ਭਗਤਾਂ ਨੇ ਰਾਜ ਅਤੇ ਮੁਕਤੀ ਨੂੰ ਠੋਕਰ ਮਾਰ ਕੇ ਪ੍ਰਭੂ ਚਰਨਾਂ ਦੀ ਪ੍ਰੀਤ ਨੂੰ ਵਧੇਰੇ ਤਰਜੀਹ ਦਿੱਤੀ ਹੈ।[142] ਭਗਤੀ ਬਾਰੇ ਦੱਸਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਭਗਤੀ ਵਿੱਚ ਰੱਬ ਦਾ ਪਿਆਰ ਹੈ, ਸੰਜਮ ਹੈ ਅਤੇ ਸਦਾ ਸ਼ਬਦ ਵਿੱਚ ਲੀਨਤਾ ਹੈ ਅਜਿਹੀ ਭਗਤੀ ਰੱਬ ਨੂੰ ਚੰਗੀ ਲੱਗਦੀ ਹੈ।[143] ਭਗਤ ਰਵਿਦਾਸ ਜੀ ਪ੍ਰਭੂ ਪਿਆਰ ਵਿਚ ਭਿੱਜ ਕੇ ਪਰਮਾਤਮਾ ਨੂੰ ਕਹਿੰਦੇ ਹਨ ਕਿ ਹੇ ਪ੍ਰਭੂ, ਤੂੰ ਮਾਇਆ ਦਾ ਜਨਮਦਾਤਾ ਹੈਂ। ਇਸ ਧਰਤੀ ਦੇ ਹਰ ਵਿਅਕਤੀ ਨੂੰ ਤੂੰ ਮੋਹ ਦੀਆਂ ਫਾਹੀਆਂ ਵਿੱਚ ਜਕੜਿਆ ਹੋਇਆ ਹੈ। ਅਸੀਂ (ਭਗਤ) ਤਾਂ ਤੇਰੇ ਨਾਮ ਆਸਰੇ ਮੋਹ ਤੋਂ ਬਚ ਜਾਵਾਂਗੇ। ਮੈਨੂੰ ਦੱਸ ਤੂੰ ਕਿਹਦਾ ਨਾਮ ਜਪ ਕੇ ਸਾਡੀਆਂ ਪ੍ਰੇਮ ਦੀਆਂ ਫਾਹੀਆਂ ਤੋਂ ਬਚੇਗਾ।[144] ਇਸਦਾ

---

137 *ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥* ਰਾਗ ਸਿਰੀਰਾਗ ਮ: ੨, 83.

138 ਗੁਰਸ਼ਰਨ ਕੌਰ ਜੱਗੀ, *ਪ੍ਰੇਮ ਭਗਤੀ ਸਰੂਪ ਅਤੇ ਵਿਕਾਸ,* ਪੰਨਾ-17.

139 *ਅਤਿ ਸੁੰਦਰ ਕੁਲੀਨ ਚਤੁਰ ਮੁਖਿ ङिਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*ਰਾਗ ਗਉੜੀ ਮ:੫,ਪੰਨਾ- 253.

140 *ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥ ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ॥* ਚਉਬੋਲੇ ਮ:੫, 1364.

141 *ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥ ਰੀ ਬਾਈ ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥ ਹਮਾਰੀ ਬੇਢੀ ਪ੍ਰਾਨ ਅਧਾਰਾ॥ਰਹਾਉ॥ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥ ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥* ਰਾਗ ਸੋਰਠਿ, ਭਗਤ ਨਾਮਦੇਵ, 657.

142 *ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥* ਰਾਗ ਦੇਵਗੰਧਾਰੀ ਮ: ੫, 534.

143 *ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥ ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ॥* ਰਾਗ ਮਾਝ ਮ: ੩, 120.

144 *ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥* ਰਾਗ ਸੋਰਠਿ, ਰਵਿਦਾਸ, 658.

ਭਾਵ ਇਹ ਹੋਇਆ ਕਿ ਰੱਬੀ ਪਿਆਰ ਰੱਬੀ ਹੁਕਮ ਤੋਂ ਵੀ ਵੱਡਾ ਹੈ। ਕਿਤੇ-ਕਿਤੇ ਪ੍ਰੇਮ ਨੂੰ ਕਾਮ ਦੇ ਅਰਥਾਂ ਵਿਚ ਸਮਝ ਲਿਆ ਜਾਂਦਾ ਹੈ ਪਰ ਕਾਮ, ਪ੍ਰਾਪਤੀ ਅਤੇ ਨਿੱਜ ਨਾਲ ਜੁੜਿਆ ਹੋਇਆ ਹੈ:

> ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਾਮ ਦੀ ਭਾਵਨਾ ਮਨੁਖ ਦੀ ਆਦਿ ਅਤੇ ਪ੍ਰਮੁਖ ਪ੍ਰਵਿਰਤੀ ਹੈ ਅਤੇ ਕਾਮ ਦਾ ਸ਼ੁੱਧ, ਸਾਤਵਿਕ ਰੂਪ ਹੀ ਪ੍ਰੇਮ ਹੈ, ਜੋ ਮਨੁੱਖ ਜੀਵਨ ਨੂੰ ਪ੍ਰਾਣਾਵਾਨ ਬਣਾ ਕੇ ਉਸਨੂੰ ਪੂਰਣਤਾ ਦੇ ਮਾਰਗ ਤੇ ਅੱਗੁ ਵਧਾਉਂਦਾ ਹੋਇਆ ਸਚਿਦਾਨੰਦ ਵਿਚ ਲਿਵਲੀਨ ਕਰ ਦਿੰਦਾ ਹੈ। ਪ੍ਰੇਮ ਦਾ ਸੌਂਦਰਯ ਨਾਲ ਅਤਿ ਨਿਕਟ ਸੰਬੰਧ ਹੈ। ਦੋਵੇਂ ਇਕ ਦੂਜੇ ਤੇ ਨਿਰਭਰ ਕਰਦੇ ਹਨ, ਦੋਹਾਂ ਦੇ ਵਿਕਾਸ ਵਿਚ ਇਕ ਦੂਜੇ ਨੂੰ ਤ੍ਰਿਪਤੀ ਅਤੇ ਸਫਲਤਾ ਪ੍ਰਾਪਤ ਹੁੰਦੀ ਹੈ। ਪ੍ਰੇਮ ਦਾ ਵਿਸ਼ਾ ਬਹੁਤ ਵਿਆਪਕ ਹੈ। ਸੰਸਾਰ ਦੀਆਂ ਸਾਰੀਆਂ ਸੁੰਦਰ ਵਸਤੂਆਂ ਦੇ ਨਿਰਮਾਣ ਪਿਛੇ ਵਿਧਾਤਾ ਤੋਂ ਲੈ ਕੇ ਵਿਅਕਤੀ ਤਕ ਦਾ ਪ੍ਰੇਮ ਭਾਵ ਲੁਕਿਆ ਹੋਇਆ ਹੈ।[145]

ਗੁਰਬਾਣੀ ਵਿਚ ਅਨੇਕ ਤਰ੍ਹਾਂ ਦੀਆਂ ਪ੍ਰੀਤਾਂ ਦਾ ਜ਼ਿਕਰ ਹੈ। ਪਰ ਉਹ ਸਾਰੀਆਂ ਪ੍ਰੀਤਾਂ ਦੁਖਦਾਈ ਹਨ ਕਿਉਂਕਿ ਉਹ ਇਕਪਾਸੜ ਹਨ। ਕਾਮੀ ਅਤੇ ਵੇਸਵਾ ਦੇ ਪਿਆਰ ਵਿੱਚ ਲਾਲਚ ਅਤੇ ਹਵਸ ਹੈ। ਪਾਣੀ ਤੋਂ ਬਗੈਰ ਮੱਛੀ ਮਰਦੀ ਹੈ। ਕੀ ਕਦੀ ਮੱਛੀ ਤੋਂ ਬਿਨਾਂ ਵੀ ਪਾਣੀ ਮਰਿਆ ਹੈ? ਭੁੱਖਾ ਵਿਅਕਤੀ ਰੋਟੀ ਲਈ ਮਰਦਾ ਹੈ ਪਰ ਕਦੇ ਰੋਟੀ ਭੁੱਖੇ ਲਈ ਨਹੀਂ ਮਰਦੀ। ਪਿਆਸਾ ਖੂਹ ਕੋਲ ਜਾਂਦਾ ਹੈ ਪਰ ਕਦੇ ਖੂਹ ਪਿਆਸੇ ਕੋਲ ਨਹੀਂ ਆਉਂਦਾ। ਗੁਰਬਾਣੀ ਵਿਚ ਜੇਕਰ ਕੋਈ ਦੋਹੀਂ ਪਾਸੀ ਦੀ ਪ੍ਰੀਤ ਹੈ ਤਾਂ ਉਹ ਸਿੱਖ ਅਤੇ ਗੁਰੂ ਦੀ ਜਾਂ ਭਗਤ ਅਤੇ ਭਗਵਾਨ ਦੀ ਹੈ। ਜੇਕਰ ਸਿੱਖ ਗੁਰੂ ਵੱਲ ਇੱਕ ਕਦਮ ਪੁੱਟਦਾ ਹੈ ਤਾਂ ਗੁਰੂ ਉਸ ਵੱਲ ਕਰੋੜਾਂ ਕਦਮ ਪੁੱਟ ਕੇ ਆਉਂਦਾ ਹੈ।[146] ਗੁਰੂ ਸਾਹਿਬ ਦੱਸਦੇ ਹਨ ਕਿ ਜੇਕਰ ਪਿਆਰੇ ਨਾਲ ਪਿਆਰ ਹੋਵੇ ਤਾਂ ਉਸ ਅੱਗੇ ਮਰ ਜਾਈਏ ਭਾਵ ਆਪਣਾ ਆਪ ਅਰਪਣ ਕਰ ਦੇਈਏ। ਰੱਬ ਨਾਲ ਪ੍ਰੀਤ ਨਾ ਕਰਨ ਵਾਲੇ ਮੂਰਖ ਅਤੇ ਕੱਚੇ ਹਨ।[147] ਇਹ ਪ੍ਰੀਤ ਜੇ ਪ੍ਰਭੂ ਨਾਲ ਲੱਗ ਜਾਵੇ ਤਾਂ ਹਰ ਤਰ੍ਹਾਂ ਦੇ ਦੁੱਖ ਦਰਦ ਭੱਜ ਜਾਂਦੇ ਹਨ। ਪ੍ਰਭੂ ਦੀ ਪ੍ਰੀਤ ਸਦਾ ਸੁਖਦਾਈ ਹੁੰਦੀ ਹੈ।[148] ਸਰਦੂਲ ਸਿੰਘ ਕਵੀਸਰ ਲਿਖਦੇ ਹਨ:

> ਕਈ ਤਾਂ ਅਰਚਾ ਪੂਜਾ ਹੋਮ ਯੱਗ ਦੁਆਰਾ ਪਰਮਾਤਮਾ ਨੂੰ ਮਿਲਣ ਦਾ ਉਦਮ ਕਰਦੇ ਹਨ, ਕਈ ਵਿਦਿਆ ਪ੍ਰਾਪਤੀ ਦੁਆਰਾ। ਪਰ ਸਿੱਖੀ ਮਾਰਗ ਪ੍ਰੇਮਾ ਭਗਤੀ ਦਾ ਮਾਰਗ ਹੈ। ਗੁਰਮੁਖ, ਹਰੀ ਪ੍ਰੇਮ ਵਿਚ ਮਗਨ ਸਿੱਖ ਦੇ ਜੀਵਨ ਵਿਚ ਪ੍ਰੇਮ ਦਾ ਹੀ ਪਰਬਲ ਖੇਲ ਹੈ। ਅਸੀਂ ਇਥੇ ਦੱਸ ਦਈਏ ਕਿ ਸਿੱਖੀ ਦਾ ਪ੍ਰੇਮ ਭਗਤੀ ਵਾਲਾ ਮਾਰਗ ਹਿੰਦੂਆਂ ਦੇ ਵੈਸ਼ਨੋ ਮੱਤ ਤੇ ਮੁਸਲਮਾਨਾਂ ਦੇ ਸੂਫ਼ੀ ਮਤ ਤੋਂ ਉਤਪੰਨ ਤਾਂ ਹੋਇਆ ਹੈ ਪਰ ਇਸ ਵਿਚ ਇਨ੍ਹਾਂ ਦੋਹਾਂ ਦੇ ਉਹ ਭਰਮ ਨਹੀਂ ਜੋ ਇਨ੍ਹਾਂ ਵਿਚ ਇਨ੍ਹਾਂ ਦੇ ਪੁਰਾਣੇ ਧਰਮਾਂ ਰਾਹੀਂ ਆਏ ਹਨ। ਵੈਸਨੋ ਤੇ ਸੂਫੀ ਮਤ ਵਿਚ ਸੁਫਨਿਆਂ ਤੇ ਖਿਆਲੀ ਦੁਨੀਆਂ ਨੂੰ ਉੱਚ ਪਦਵੀ ਦਿੱਤੀ ਗਈ ਹੈ, ਹਾਲਾਂਕਿ ਇਹ ਘਾੜਤਾਂ ਜੋਸ਼ੀਲੇ ਮਨਾਂ ਤੇ ਤੱਤੇ ਦਿਲਾਂ ਦੀ ਘਾੜਤ ਹਨ। ਉਨ੍ਹਾਂ ਨੇ ਆਤਮਕ ਮੰਡਲਾਂ ਵਿਚ ਉਹ ਫ਼ਰਜ਼ੀ ਘਾੜਤਾਂ ਘੜੀਆ ਹਨ ਜਿੰਨ੍ਹਾਂ ਦੀ ਉੱਚੀ ਅਸਲੀਅਤ ਹੀ ਹੈ। ਸਿੱਖ ਇਨ੍ਹਾਂ ਭਰਮਾਂ ਵਹਿਮਾਂ ਦੇ ਆਲ-ਜਾਲ ਨੂੰ ਝਾੜ ਝੰਬ ਕੇ ਪਰੇ ਸੁਟਦਾ ਤੇ ਅਕਾਲਪੁਰਖ ਦੇ ਪ੍ਰੇਮ ਵਿਚ ਦਿਲੋਂ ਮਗਨ ਹੁੰਦਾ ਹੈ। ਬੱਸ ਇਹ ਉਸਦਾ ਜੀਵਨ ਮਨੋਰਥ ਹੈ।[149]

ਇਹ ਪ੍ਰੀਤ ਸਰੀਰਕ ਹਿਲਜੁਲ ਤੋਂ ਵੀ ਉੱਤਮ ਹੈ। ਪ੍ਰੀਤ ਹਮੇਸ਼ਾਂ ਕਾਰਜਸ਼ੀਲ ਰਹਿੰਦੀ ਹੈ। ਇਸ ਲਈ ਦੌੜ-ਭੱਜ ਦੀ ਜ਼ਰੂਰਤ ਨਹੀਂ ਹੈ। ਅਸਲ ਵਿਚ ਸਾਧਕ ਦੀ ਹਰ ਤਰ੍ਹਾਂ ਦੀ ਘਾਲ ਪ੍ਰੀਤ ਕਰਕੇ ਹੀ

---

145 ਗੁਰਸ਼ਰਨ ਕੌਰ ਜੱਗੀ, *ਪ੍ਰੇਮ ਭਗਤੀ ਸਰੂਪ ਅਤੇ ਵਿਕਾਸ,* ਪੰਨਾ-30.

146 *ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ, ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈ॥*111॥

147 *ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ॥* ਰਾਗ ਗਉੜੀ ਪੂਰਬੀ ਮ:੪, 169.

148 *ਜਾ ਕੀ ਪ੍ਰੀਤਿ ਸਦਾ ਸੁਖੁ ਹੋਇ॥* ਰਾਗ ਗਉੜੀ ਮ: ੫, 187.

149 ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪੰਨਾ-243.

ਥਾਇ ਪੈਂਦੀ ਹੈ। ਉਸ ਗ੍ਰਹਿਸਤੀ ਨੂੰ ਧ੍ਰਿਕਾਰ ਕਿਹਾ ਹੈ ਜੋ ਆਪਣੇ ਪਰਿਵਾਰ ਨਾਲ ਤਾਂ ਪ੍ਰੀਤ ਕਰਦਾ ਹੈ ਪਰ ਰੱਬ ਨਾਲ ਪ੍ਰੀਤ ਨਹੀਂ ਕਰਦਾ।[150] ਰੱਬ ਦੀ ਪ੍ਰੀਤ ਤੋਂ ਹੀਣਾ ਮਨੁੱਖ ਕਰੋੜਾਂ ਕਰਮ ਕਰਨ ਦੇ ਬਾਵਜੂਦ ਵੀ ਨਰਕ ਵਿੱਚ ਜਾਵੇਗਾ।[151] ਪ੍ਰਭੂ ਨਾਲ ਕੀਤੀ ਪ੍ਰੀਤ ਸਦਾ ਨਾਲ ਚੱਲਦੀ ਹੈ।[152] ਉਹ ਪਿਆਰ ਪਿਆਰ ਨਹੀਂ ਜਿਸ ਵਿੱਚ ਰੱਬੀ ਨਾਮ ਦੀ ਪ੍ਰੀਤ ਨਾ ਹੋਵੇ। ਪ੍ਰੇਮਾ ਭਗਤੀ ਨਾਲ ਸਦਾ ਆਨੰਦ ਪ੍ਰਾਪਤ ਹੁੰਦਾ ਹੈ। ਸਵਰਗ ਅਤੇ ਧਨ ਪ੍ਰਭੂ ਭਗਤੀ ਨਾਲੋਂ ਚੰਗੇ ਨਹੀਂ ਹਨ। ਪ੍ਰੀਤ ਬਿਨਾਂ ਸਾਰੇ ਕੀਤੇ ਕਰਮ ਬੇਕਾਰ ਹਨ। ਬਹੁਤੀਆਂ ਪ੍ਰੀਤਾਂ ਨਾਲੋਂ ਇਕ ਨਾਲ ਕੀਤੀ ਪ੍ਰੀਤ ਬਹੁਤ ਹੈ ਪਰ ਮਨੁੱਖੀ ਸੁਭਾਅ ਅਜਿਹਾ ਹੈ ਕਿ ਮਨੁੱਖ ਪ੍ਰਭੂ ਨਾਲ ਪ੍ਰੀਤ ਨਹੀਂ ਪਾਉਂਦਾ।[153] ਕਬੀਰ ਜੀ ਨੇ ਦੱਸਿਆ ਹੈ ਕਿ ਇਸ ਪਿਆਰ ਵਿੱਚ ਕਰਵਤ ਭਾਵ ਆਰੇ ਨਾਲ ਚੀਰੇ ਜਾਣਾ ਤਾਂ ਪ੍ਰਵਾਨ ਹੈ ਪਰ ਪਿਆਰੇ ਦੀ ਕਰਵਟ ਭਾਵ ਪਿੱਠ ਪ੍ਰਵਾਨ ਨਹੀਂ ਹੈ।[154] ਜਦੋਂ ਤੱਕ ਮਨ ਵਿੱਚ ਹੋਰ ਪ੍ਰੀਤਾਂ ਹਨ ਉਦੋਂ ਤੱਕ ਸੱਚੀ ਪ੍ਰੀਤ ਉਪਜ ਨਹੀਂ ਸਕਦੀ। ਗੁਰਬਾਣੀ ਨੇ ਰੱਬ ਬਿਨਾਂ ਜਿੰਨੀਆਂ ਵੀ ਪ੍ਰੀਤਾਂ ਅਤੇ ਰੀਤਾਂ ਹਨ, ਉਨਾਂ ਦੀ ਨਿਖੇਧੀ ਕੀਤੀ ਹੈ। ਹੋਰ ਪ੍ਰੀਤਾਂ ਨੂੰ ਦੁਤੀਆ ਭਾਉ, ਝੂਠੀ ਪ੍ਰੀਤ, ਦੂਜਾ ਭਾਉ ਸ਼ਬਦਾਂ ਨਾਲ ਬਿਆਨ ਕੀਤਾ ਹੈ। ਉਹ ਵਿਛੜੇ ਹੋਏ ਹਨ ਜਿਨ੍ਹਾਂ ਅੰਦਰ ਦੁਜੈਲੀ ਪ੍ਰੀਤ ਹੈ। ਮਨਮੁਖਾਂ ਨਾਲ ਪ੍ਰੀਤ ਟੁੱਟਦਿਆਂ ਸਮਾਂ ਨਹੀਂ ਲੱਗਦਾ ਅਤੇ ਇਸ ਵਿਚੋਂ ਵਿਕਾਰ ਜਨਮ ਲੈਂਦੇ ਹਨ। ਪ੍ਰੀਤ ਕਰਕੇ ਪ੍ਰਭੂ ਅਤੇ ਭਗਤ ਵਿੱਚ ਭੋਰਾ ਵੀ ਵਿੱਥ ਨਹੀਂ ਰਹਿੰਦੀ।[155] ਕਬੀਰ ਜੀ ਤਾਂ ਕਹਿੰਦੇ ਹਨ ਕਿ ਤੂੰ ਸਾਰਿਆਂ ਦੇ ਮਾਲਕ ਰੱਬ ਨਾਲ ਪ੍ਰੀਤ ਕਰ ਕਿਉਂਕਿ ਪੰਡਿਤ, ਰਾਜੇ ਅਤੇ ਜ਼ਿਮੀਦਾਰ ਕਿਸੇ ਕੰਮ ਨਹੀਂ ਆਉਂਦੇ।[156] ਇੱਕ ਪ੍ਰਭੂ ਨਾਲ ਪ੍ਰੀਤ ਕਰਕੇ ਹੋਰ ਦੁਬਿਧਾਵਾਂ ਚਲੇ ਜਾਂਦੀਆਂ ਹਨ। ਇਹ ਪ੍ਰੀਤ ਜਾਤ, ਵਰਨ ਅਤੇ ਕੁਲ ਤੋਂ ਉੱਤਮ ਹੈ। ਔਗੁਣ ਰਾਹ ਵਿੱਚ ਬਾਧਾ ਨਹੀਂ ਬਣਦੇ। ਕਬੀਰ ਜੀ ਕਹਿੰਦੇ ਹਨ ਕਿ ਮੇਰੀ ਪ੍ਰਭੂ ਨਾਲ ਪ੍ਰੀਤ ਪੈ ਗਈ ਹੈ ਅਤੇ ਲੋਕ ਮੈਨੂੰ ਇਸ ਪ੍ਰੀਤ ਤੋਂ ਵਰਜਦੇ ਹਨ। ਰੱਬ ਨਾਲ ਜੇ ਪ੍ਰੀਤੀ ਟੁੱਟ ਜਾਵੇ ਤਾਂ ਛੇਤੀ ਨਹੀਂ ਬਣਦੀ।[157] ਪ੍ਰੇਮ ਨਿਰੋਲ ਹੁੰਦਾ ਹੈ। ਇਸ ਵਿੱਚ ਲੋਭ, ਲਾਲਚ, ਮੋਹ, ਵੈਰ, ਮਤਲਬ ਪ੍ਰਸਤੀ ਵਰਗੀਆਂ ਮਿਲਾਵਟਾਂ ਨਹੀਂ ਹੁੰਦੀਆਂ। ਇਹ ਪ੍ਰੇਮ ਲੋਭ ਤੋਂ ਵੀ ਸਾਨੂੰ ਬਚਾਉਂਦਾ ਹੈ। ਇਹ ਪ੍ਰੀਤ ਸੌਖਿਆਂ ਪ੍ਰਾਪਤ ਨਹੀਂ ਹੁੰਦੀ। ਇਹ ਮਹਿੰਗੀ ਹੈ ਕਿਉਂਕਿ ਇਸਦੀ ਪ੍ਰਾਪਤੀ ਲਈ ਸਾਧਕ ਨੂੰ ਸਭ ਕੁਝ ਵਾਰਨਾ ਪੈਂਦਾ ਹੈ।[158] ਮੁਰਦਾ ਹੋ ਕੇ ਹੀ ਮੁਰੀਦ ਬਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪਿਆਰ ਦਾ ਪ੍ਰਗਟਾਵਾ ਕਰਦੇ ਹੋਏ

---

150 *ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ॥* ਰਾਗ ਗਉੜੀ ਮ: ੫, 233.

151 *ਨਾਮ ਸੰਗਿ ਮਨਿ ਪ੍ਰੀਤਿ ਨਾ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥* ਰਾਗ ਗਉੜੀ ਮ: ੫, 240.

152 *ਹੀਰ ਕੀ ਪ੍ਰੀਤਿ ਸਦਾ ਸੰਗ ਚਾਲੈ॥* ਰਾਗ ਗਉੜੀ ਮ: ੫, 240.

153 *ਆਦਿ ਅੰਤਿ ਜੋ ਰਾਖਨਹਾਰੁ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ॥* ਰਾਗ ਗਉੜੀ ਸੁਖਮਨੀ ਮ:੫, 267.

154 *ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥* ਰਾਗ ਆਸਾ, ਭਗਤ ਕਬੀਰ, 484.

155 *ਪ੍ਰੀਤਿ ਪ੍ਰੇਮ ਤਨੁ ਖੀਚਿ ਰਹਿਆ ਬੀਚੁ ਨ ਰਾਈ ਹੋਤ॥* ਚਉਬੋਲੇ ਮ: ੫, 1363.

156 *ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ॥ ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ॥* ਸਲੋਕ, ਭਗਤ ਕਬੀਰ, 1365.

157 *ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥ ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥* ਸਲੋਕ, ਉਹੀ, 1376.

158 *ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥* ਰਾਗ ਧਨਾਸਰੀ, ਭਗਤ ਰਵਿਦਾਸ, 694.

ਇਥੋਂ ਤੱਕ ਪਹੁੰਚ ਜਾਂਦੇ ਹਨ ਕਿ ਮੈਂ ਕਿਸੇ ਵੀ ਜੂਨ ਵਿੱਚ ਹੋਵਾਂ, ਚਾਹੇ ਮੈਂ ਹਰਨੀ, ਕੋਇਲ, ਮਛਲੀ, ਨਾਗਨ ਹੋਵਾਂ ਮੈਂ ਪ੍ਰਭੂ ਨਾਲੋਂ ਪ੍ਰੀਤ ਨਾ ਤੋੜਾਂ।[159] ਪ੍ਰੇਮ ਤਾਕਤ ਹੈ:

> ਪ੍ਰੇਮ ਜਗਤ ਦੀ ਮਹਾਂਬਲੀ ਸ਼ਕਤੀ ਹੈ। ਇਸਦਾ ਜੀਆਂ ਜੰਤਾਂ ਤੇ ਨਿਰਜਿੰਦ ਵਸਤਾਂ ਦੋਹਾਂ ਵਿਚ ਇਕਸਾਰ ਪਸਾਰਾ ਹੈ। ਕਈ ਤਾਂ ਕਹਿੰਦੇ ਹਨ ਕਿ ਜੇ ਇਹ ਸ਼ਕਤੀ ਨਾ ਹੁੰਦੀ ਤਾਂ ਸੰਸਾਰ ਰਚਨਾ ਨਾ ਹੁੰਦੀ। ਇਸ ਬਾਰੇ ਭਾਵੇਂ ਕੁਝ ਸ਼ੱਕ ਹੋਵੇ ਕਿ ਪ੍ਰੇਮ ਕਿਸ ਹੱਦ ਤੀਕ ਨਿਰਜਿੰਦ ਵਸਤਾਂ ਵਿਚ ਕੰਮ ਕਰਦਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਰ ਸਕਦਾ ਕਿ ਜੀਆਂ ਜੰਤਾਂ ਦੇ ਸੰਪਰਕ ਵਿਚ ਪ੍ਰੇਮ ਮਹਾਂਬਲੀ ਸ਼ਕਤੀ ਹੈ।[160]

ਭਾਈ ਗੁਰਦਾਸ ਜੀ ਆਪਣੇ ਕਬਿੱਤ ਵਿੱਚ ਦੱਸਦੇ ਹਨ ਕਿ ਜਿੰਨਾ ਮਰਜ਼ੀ ਜਤਨ ਕਰਕੇ ਮਠਿਆਈ ਨੂੰ ਲੁਕਾ ਲਵੋ ਕੀੜੀਆਂ ਪਹੁੰਚ ਜਾਂਦੀਆਂ ਹਨ। ਦੀਵਾ ਜਿੱਥੇ ਮਰਜ਼ੀ ਜਗਾ ਲਵੋ ਪਤੰਗੇ ਪਹੁੰਚ ਜਾਂਦੇ ਹਨ। ਇਕਾਂਤ ਵਿੱਚ ਵਸਦੇ ਕਮਲ ਕੋਲ ਭੌਰੇ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਜਿਹੜੇ ਗੁਰਸਿੱਖਾਂ ਦੇ ਮਨ ਵਿੱਚ ਪ੍ਰੇਮ ਪ੍ਰਗਟ ਹੁੰਦਾ ਹੈ। ਉਹ ਗੁਰੂ ਦੇ ਦਰਸ਼ਨਾਂ ਨੂੰ ਵਿਆਕੁਲ ਹੋ ਜਾਂਦੇ ਹਨ।[161] ਨਰੈਣ ਸਿੰਘ ਲਿਖਦੇ ਹਨ:

> ਉਹ ਅਕਲ ਨਿਰੰਜਨ ਦਾ ਪ੍ਰੇਮ, ਨਾਮ ਦੁਆਰਾ ਜਗਾ ਕੇ ਮਨ ਨੂੰ ਸ਼ਕਤੀਸ਼ਾਲੀ ਬਣਾਂਦੇ ਹਨ ਤੇ ਫਿਰ ਮਨ ਦੀ ਆਪਣੀ ਹੀ ਜਾਗ੍ਰਤੀ ਨਾਲ ਮਨ ਦੀਆਂ ਕਮਜ਼ੋਰੀਆਂ ਤੇ ਫਤਹਿ ਪਾਣਾ ਦੱਸਦੇ ਹਨ। ਇਹ ਐਸਾ ਕੁਦਰਤੀ ਤੇ ਸੁਖੈਨ ਰਾਹ ਹੈ ਜੋ ਨਿਰੇ ਸਾਧਾਂ, ਸਿਧਾਂ, ਯੋਗੀਆਂ ਤੇ ਨਾਥਾਂ ਲਈ ਰਾਖਵਾਂ ਨਹੀਂ। ਇਸ ਰਾਹ ਤੇ ਹਰ ਕੋਈ ਤੁਰ ਸਕਦਾ ਹੈ। ਇਹ ਪਰੇਮ ਭਗਤੀ ਦਾ ਮਾਰਗ ਹੈ, ਇਹ ਹੱਠਾਂ ਦਾ ਰਾਹ ਨਹੀਂ, ਇਹ ਆਪੇ ਨੂੰ ਕੋਹਣ ਦਾ ਰਾਹ ਨਹੀਂ। ਇਸਨੂੰ ਗੁਰੂ ਜੀ ਸਹਜ ਯੋਗ ਦਾ ਨਾਮ ਦਿੰਦੇ ਹਨ।[162]

### ਪਿਆਰ ਦਾ ਇਤਿਹਾਸਕ ਪਹਿਲੂ

ਖ਼ਾਲ਼ਸਾ ਪੰਥ ਦੀ ਸਾਜਨਾ ਨੇ ਪਿਆਰ ਨੂੰ ਕਲਪਨਾ ਦੀਆਂ ਉਡਾਣਾਂ ਤੋਂ ਯਥਾਰਥ ਰੂਪ ਵਿਚ ਪੇਸ਼ ਕਰਕੇ ਇਤਿਹਾਸਿਕ ਮਹੱਤਵ ਦਿੱਤਾ ਹੈ। ਗੁਰੂ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਕੀਤੀ। ਇਸ ਚੋਣ ਵਿਚ ਗੁਣਤੰਤਰ ਨੂੰ ਪ੍ਰਧਾਨਤਾ ਦਿੱਤੀ ਗਈ ਸੀ। ਇਸ ਚੋਣ ਦੀ ਕਸਵੱਟੀ ਬੇਗਾਨੇ ਮੋਢਿਆਂ ਤੇ ਨਹੀਂ ਸੀ। ਇਸ ਕਸਵੱਟੀ ਉਪਰ ਖ਼ਰਾ ਉਤਰਨ ਲਈ ਆਪ ਮਰਨਾ ਪੈਣਾ ਸੀ।[163] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਵਾਰ ਖ਼ਾਲਸਾ ਸ਼ਬਦ ਭਗਤ ਕਬੀਰ ਜੀ ਨੇ ਵਰਤਿਆ ਹੈ। ਆਪ ਅਨੁਸਾਰ ਉਹ ਹੀ ਖ਼ਾਲਸੇ ਹਨ ਜਿਨ੍ਹਾਂ ਨੇ ਪ੍ਰੇਮ ਭਗਤੀ ਨੂੰ ਜਾਣ ਲਿਆ ਹੈ।[164] ਗੁਰੂ ਜੀ ਨੇ ਉਨ੍ਹਾਂ ਮਰਜੀਵੜਿਆਂ ਨੂੰ ਪਿਆਰੇ ਕਿਹਾ ਜਿਨ੍ਹਾਂ ਨੇ ਪਿਆਰ ਵਿਚ ਆ ਕੇ ਮੈਨੂੰ ਆਪਣੇ ਸੀਸ ਦਿੱਤੇ ਸਨ। ਅਸੀਂ ਤਿੰਨ ਸੌ ਸਾਲ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਪਿਆਰੇ ਕਹਿਕੇ ਯਾਦ ਕਰਦੇ ਹਾਂ। ਅੱਜ ਵੀ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ, ਨਗਰ

---

159 *ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥* ਰਾਗ ਗਉੜੀ ਬੈਰਾਗਨ ਮ: ੧, 157.

160 ਕਵੀਸ਼ਰ, *ਉਹੀ,* ਪੰਨਾ-241.

161 *ਜੈਸੇ ਤਉ ਮਿਠਾਈ ਰਾਖੀਐ ਛਿਪਾਇ ਜਤਨ ਕੈ ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ। ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ ਪ੍ਰਗਟ ਪਤੰਗ ਤਾਮੈ ਸਹਜਿ ਸਮਾਤਿ ਹੈ। ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ ਮਧੁਕਰ ਮਧੁ ਉਚਵਨ ਤਹ ਜਾਤ ਹੈ। ਤੈਸਾ ਗੁਰਮੁਖਿ ਜਿਹ ਘਟ ਪ੍ਰਗਟਤ ਪ੍ਰੇਮ ਸਕਲ ਸੰਸਾਰੁ ਤਿਹਿ ਦੁਆਰ ਬਿਲਲਾਤ ਹੈ। ਕਬਿੱਤ ਸਵੈਯੈ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼,* ਪੰਨਾ-105.

162 ਨਰੈਣ ਸਿੰਘ, "ਸਿਧ ਗੋਸਟਿ ਦਾ ਪਿਛੋਕੜ", *ਨਾਨਕ ਪ੍ਰਕਾਸ਼ ਪੱਤ੍ਰਿਕਾ,* ਤਾਰਨ ਸਿੰਘ (ਸੰਪਾ.), ਪੰਨਾ- 77.

163 *ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥ ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥* ਰਾਗ ਰਾਮਕਲੀ, ਭਗਤ ਕਬੀਰ, 948.

164 *ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥* ਰਾਗ ਸੋਰਠ, ਭਗਤ ਕਬੀਰ, 655.

ਕੀਰਤਨ ਦੀ ਅਗਵਾਈ ਸਮੇਂ ਪੰਜ ਪਿਆਰਿਆਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਕੋਈ ਨਹੀਂ ਕਹਿੰਦਾ ਕਿ ਪੰਜ ਸਿੱਖ ਜਾਂ ਪੰਜ ਸਿੰਘ ਜਾਂ ਪੰਜ ਖ਼ਾਲਸੇ ਜਾਂ ਪੰਜ ਗੁਰਮੁਖ ਅੰਮ੍ਰਿਤ ਛਕਾਉਣਗੇ ਜਾਂ ਨਗਰ ਕੀਰਤਨ ਦੀ ਅਗਵਾਈ ਕਰਨਗੇ। ਸਾਡੇ ਕੋਲ ਅਨੇਕ ਸ਼ਬਦਾਂ ਦੇ ਹੁੰਦਿਆਂ ਵੀ ਪਿਆਰੇ ਸ਼ਬਦ ਨੂੰ ਤਵੱਜੋ ਦੇਣੀ ਪਿਆਰ ਦੀ ਇਤਿਹਾਸਿਕ ਮਹੱਤਤਾ ਨੂੰ ਉਜਾਗਰ ਕਰਦਾ ਹੈ। ਪਿਆਰ ਕਰਕੇ ਮਿਲਾਪ ਹੁੰਦਾ ਹੈ ਅਤੇ ਨਫ਼ਰਤ ਕਰਕੇ ਵਿਛੋੜਾ :

> ਸੁਕਰਾਤ ਤੋਂ ਪਹਿਲਾ ਦੇ ਅਤੇ ਬਾਅਦ ਦੇ ਬਹੁਤੇ ਗ੍ਰੀਕ ਫਿਲਾਸਫਰ ਇਹ ਮੰਨਦੇ ਹਨ ਕਿ ਸ੍ਰਿਸਟੀ ਰਚਨਾ ਦੇ ਸਮੇਂ ਵੱਖਰੇ-ਵੱਖਰੇ ਤੱਤਾਂ ਨੂੰ ਪਰਸਪਰ ਜੋੜੀ ਰਖਣ ਵਾਲੀ ਸ਼ਕਤੀ ਪ੍ਰੇਮ ਹੀ ਸੀ। ਵਿਰੋਧ ਇਨ੍ਹਾਂ ਤੱਤਾਂ ਨੂੰ ਇਕ ਦੂਜੇ ਤੋਂ ਦੂਰ ਲੈ ਜਾਂਦਾ ਹੈ। ... ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਸਥਿਤੀ ਨੂੰ ਸੰਜੋਗ ਅਤੇ ਵਿਯੋਗ ਰੂਪ ਕਿਹਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਏਸੇ ਨੂੰ ਹੀ 'ਆਕਰਖਨ' ਅਤੇ 'ਉਦਕਰਖਨ' ਆਖਦੇ ਹਨ। ਇਹ ਤੱਤ ਪਿਆਰ ਸਦਕਾ ਪਰਸਪਰ ਜੁੜਦੇ ਹਨ ਅਤੇ ਨਫਰਤ ਕਾਰਨ ਇਕ ਦੂਜੇ ਤੋਂ ਟੁੱਟਦੇ ਹਨ।[165]

### ਦੁਜੈਲੀ ਪ੍ਰੀਤ ਦਾ ਤਿਆਗ

ਬੰਦਗੀ ਵਿੱਚ ਜਿਥੇ ਪਿਆਰ ਅਤੇ ਸੱਚੇ ਪਿਆਰ ਬਾਰੇ ਜ਼ਿਕਰ ਹਨ ਉਥੇ ਇਸ ਵਿਚ ਝੂਠੀ ਪ੍ਰੀਤ ਦਾ ਖੰਡਨ ਵੀ ਕੀਤਾ ਹੈ। ਇਹ ਜ਼ਿਕਰ ਝੂਠੀ ਪ੍ਰੀਤ ਤੋਂ ਬਚਣ ਲਈ ਹੈ। ਉਹ ਕਲਮ ਸੜੇ, ਸਿਆਹੀ ਸੜੇ, ਕਾਗਜ਼ ਵੀ ਸੜੇ ਅਤੇ ਉਹ ਵੀ ਸੜੇ ਜਿਸਨੇ ਦੁਜੈਲੀ ਪ੍ਰੀਤ ਦਾ ਵਰਣਨ ਕੀਤਾ ਹੈ।[166] ਮਨ ਨੂੰ ਅਪਵਿੱਤਰ ਕਰਨ ਵਾਲਾ ਦੂਜਾ ਭਾਉ ਹੈ।[167] ਦੁਨਿਆਵੀ ਪਿਆਰ ਝੂਠ, ਲੋਭ, ਲਾਲਚ, ਵਸਤੂ ਪ੍ਰਾਪਤੀ ਅਤੇ ਮਤਲਬਪ੍ਰਸਤੀ ਤੱਕ ਸੀਮਤ ਰਹਿੰਦਾ ਹੈ। ਪਰ ਰੂਹਾਨੀ ਪਿਆਰ ਦੀ ਨੀਂਹ ਪਰਉਪਕਾਰ ਤੇ ਟਿਕੀ ਹੁੰਦੀ ਹੈ। ਬਾਬਾ ਫਰੀਦ ਜੀ ਨੇ ਦੁਨਿਆਵੀ ਪਿਆਰ ਨੂੰ ਇਉਂ ਦੱਸਿਆ ਹੈ ਜਿਵੇਂ ਤੇਜ਼ ਬਰਸਾਤ ਵਿੱਚ ਟੁੱਟਾ ਛੱਪਰ ਹੋਵੇ। ਛੱਪਰ ਦਾ ਆਸਰਾ ਲੈ ਕੇ ਬੈਠਾ ਪਰਿਵਾਰ ਮੀਂਹ ਵਿੱਚ ਭਿੱਜਦਾ ਹੈ। ਇਉਂ ਜਿਥੇ ਲੋਭ ਹੋਵੇ ਉਥੇ ਪਿਆਰ ਨਹੀਂ ਹੋ ਸਕਦਾ। ਲੋਭ ਵਾਲਾ ਪਿਆਰ ਝੂਠਾ ਹੈ।[168] ਸਵਾਰਥੀ ਪ੍ਰੇਮ ਥਾਂ-ਥਾਂ ਦਾ ਹੈ, ਇਸ ਵਿਚ ਬੇਚੈਨੀ, ਭੱਜ-ਦੌੜ ਅਤੇ ਅਸ਼ਾਂਤੀ ਹੈ। ਪਰਮਾਰਥੀ ਪ੍ਰੇਮ ਸ਼ਾਂਤ ਅਤੇ ਸਥਿਰ ਹੈ। ਸਵਾਰਥੀ ਪ੍ਰੇਮ ਥਾਂ-ਥਾਂ ਦਾ ਮੁਹਤਾਜ ਬਣਾ ਦਿੰਦਾ ਹੈ ਪਰ ਪਰਮਾਰਥ ਵਾਲਾ ਪ੍ਰੇਮ ਇੱਕ ਮਾਲਕ ਦਾ ਦਾਸ ਬਣਾ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਝੂਠੀ ਪ੍ਰੀਤ ਕਰਨ ਵਾਲਿਆਂ ਨੂੰ ਸੂਰ ਅਤੇ ਕੁੱਤੇ ਵਾਂਗ ਕਿਹਾ ਹੈ।[169] ਕੁੱਤਾ ਥਾਂ-ਥਾਂ ਜੂਠੇ ਭਾਂਡਿਆਂ ਵਿੱਚ ਮੂੰਹ ਮਾਰਦਾ ਹੈ ਅਤੇ ਸੂਰ ਥਾਂ-ਥਾਂ ਦੀ ਗੰਦਗੀ ਫਰੋਲਦਾ ਹੈ। ਇਹ ਉਨ੍ਹਾਂ ਦਾ ਔਗੁਣ ਨਹੀਂ, ਸੁਭਾਅ ਹੈ। ਇਸ ਸੁਭਾਅ ਨੂੰ ਮਨਮੁਖਾਂ ਦੀ ਥਾਂ-ਥਾਂ ਪ੍ਰੀਤੀ ਪਾਉਣ ਦੀ ਆਦਤ ਨਾਲ ਪਰਿਭਾਸ਼ਿਤ ਕਰਕੇ ਇੱਕ ਭਗਵਾਨ ਦੀ ਭਗਤੀ ਵੱਲ ਪ੍ਰੇਰਿਤ ਕੀਤਾ ਗਿਆ ਹੈ। ਝੂਠੀ ਪ੍ਰੀਤ ਨੂੰ ਗਧੇ ਦੇ ਸੁਆਹ ਵਿੱਚ

---

165 ਜੋਧ ਸਿੰਘ, (ਡਾ.), *ਉਹੀ,* ਪੰਨਾ-133.

166 *ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ॥ ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ॥* ਰਾਗ ਸਿਰੀਰਾਗ ਮ: ੩, 84

167 *ਮਨ ਕਾ ਸੂਤਕੁ ਦੂਜਾ ਭਾਉ॥ ਭਰਮੇ ਭੂਲੈ ਆਵਉ ਜਾਉ॥* ਰਾਗ ਗਉੜੀ ਗੁਆਰੇਰੀ, ਮ: ੩, 229.

168 *ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥* ਸਲੋਕ, ਸੇਖ ਫਰੀਦ, 1378.

169 *ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥* ਸਲੋਕ, ਮ: ੯, 1428.

ਲੇਟਣ ਬਰਾਬਰ ਕਿਹਾ ਹੈ। ਗਧਾ ਜਿਵੇਂ ਭਸਮ ਵਿੱਚ ਲੇਟਦਾ ਹੈ ਇਉਂ ਝੂਠੀ ਪ੍ਰੀਤੀ ਵਾਲੇ ਵਧੇਰੇ ਕਰਮਕਾਂਡ ਕਰਦੇ ਹਨ।[170] ਗੁਰਬਾਣੀ ਵਾਰ-ਵਾਰ ਝੂਠੀ ਪ੍ਰੀਤ ਤਿਆਗਣ ਅਤੇ ਸੱਚੀ ਪ੍ਰੀਤ ਨਿਭਾਉਣ ਦੀ ਗੱਲ ਕਰਦੀ ਹੈ। ਦੁਜੈਲਾ ਪ੍ਰੇਮ ਸੱਚੀ ਪ੍ਰੀਤ ਦੇ ਰਸਤੇ ਵਿੱਚ ਅੜਿੱਕਾ ਹੈ।[171] ਸੱਚੀ ਪ੍ਰੀਤ ਜੁਗਾਂ ਜੁਗਾਂ ਤੱਕ ਕਾਇਮ ਰਹਿੰਦੀ ਹੈ ਅਤੇ ਕਦੇ ਟੁੱਟਦੀ ਨਹੀਂ।[172] ਗੁਰਮੁਖਾਂ ਦੀ ਅਤੇ ਸਾਕਤਾਂ ਦੀ ਆਪਸ ਵਿਚ ਪ੍ਰੀਤ ਹੰਸ ਅਤੇ ਕਾਵਾਂ ਵਾਂਗ ਹੈ। ਇਹ ਪ੍ਰੀਤੀ ਨਿਭਦੀ ਨਹੀਂ ਹੈ। ਇਸ ਨਾਲ ਹਉਮੈ ਦਾ ਰੰਗ ਲੱਗਦਾ ਹੈ ਅਤੇ ਮਾਲਕ ਤੋਂ ਵਿਛੋੜਾ ਪੈਦਾ ਹੋ ਜਾਂਦਾ ਹੈ।[173] ਦੁਜੈਲਾ ਪਿਆਰ ਕਰਨ ਵਾਲੇ ਵੱਲੋਂ ਕੀਤੇ ਸਾਰੇ ਜਪ, ਤਪ, ਵਰਤ ਅਤੇ ਪੂਜਾ ਬਿਰਥੇ ਚਲੇ ਜਾਂਦੇ ਹਨ।[174]

### ਪਿਆਰ ਨੂੰ ਵਰਣਨ ਕਰਦੀਆਂ ਉਦਾਹਰਣਾਂ

ਗੁਰਬਾਣੀ ਨੇ ਅਨੇਕ ਉਦਾਹਰਣਾਂ ਨਾਲ ਰੱਬੀ ਪਿਆਰ ਨੂੰ ਪਰਿਭਾਸ਼ਿਤ ਕੀਤਾ ਹੈ। ਪਾਣੀ ਦਾ ਦੁੱਧ ਨਾਲ ਪਿਆਰ ਹੈ। ਜਦੋਂ ਦੁੱਧ ਉਬਾਲਿਆ ਜਾਂਦਾ ਹੈ ਤਾਂ ਪਾਣੀ ਪਹਿਲਾ ਸੜਦਾ ਹੈ। ਇਉਂ ਰੱਬ ਨਾਲ ਪ੍ਰੀਤ ਕਰਨੀ ਚਾਹੀਦੀ ਹੈ।[175] ਕੋਇਲ ਦੀ ਅੰਬ ਨਾਲ ਪ੍ਰੀਤ, ਚਕਵੀ ਦੀ ਸੂਰਜ ਨਾਲ, ਹਿਰਨ ਦੀ ਨਾਦ ਨਾਲ, ਔਰਤ ਦੀ ਪਤੀ ਨਾਲ, ਇਵੇਂ ਰੱਬ ਨਾਲ ਵੀ ਪ੍ਰੀਤ ਕਰਨੀ ਚਾਹੀਦੀ ਹੈ। ਇਸ ਪ੍ਰੀਤ ਬਾਰੇ ਕਬੀਰ ਜੀ ਕਹਿੰਦੇ ਹਨ ਕਿ ਭਾਵੇਂ ਕੋਈ ਮੇਰੇ ਤਨ ਨੂੰ ਚੀਰ ਦੇਵੇ ਤਾਂ ਵੀ ਮੈਂ ਰੱਬ ਨਾਲੋਂ ਪ੍ਰੀਤ ਨਾ ਤੋੜਾਂ।[176] ਪ੍ਰਭੂ ਦੇ ਗੁਣਾਂ ਨੂੰ ਦੇਖਕੇ ਪ੍ਰੀਤ ਵੱਧਦੀ ਜਾਂਦੀ ਹੈ।[177] ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਕਬੀਰ ਜੁਲਾਹੇ ਨੇ ਬੁਣਨਾ ਤਣਨਾ ਤਿਆਗ ਕੇ ਪ੍ਰਭ ਚਰਨਾਂ ਨਾਲ ਸੱਚੀ ਪ੍ਰੀਤ ਲਾਈ ਹੈ। ਇਸ ਪ੍ਰੀਤ ਨੇ ਕਬੀਰ ਜੀ ਨੂੰ ਗੁਣਾਂ ਵਾਲਾ ਬਣਾ ਦਿੱਤਾ ਹੈ। ਗੁਰਬਾਣੀ ਨੇ ਤਾਂ ਉਸ ਜੀਵਨ ਨੂੰ ਧ੍ਰਿਕਾਰ ਕਿਹਾ ਹੈ ਜਿਸ ਵਿੱਚ ਰੱਬ ਦੀ ਪ੍ਰੀਤ ਨਹੀਂ ਹੈ।[178] ਭਗਤ ਨਾਮਦੇਵ ਜੀ ਦੱਸਦੇ ਹਨ ਕਿ ਜਿਵੇਂ ਵੱਛੇ ਤੋਂ ਬਿਨਾਂ ਗਾਂ ਦੀ ਹਾਲਤ ਹੁੰਦੀ ਹੈ, ਪਾਣੀ ਤੋਂ ਬਿਨਾਂ ਮੱਛੀ ਦੀ ਹਾਲਤ ਹੁੰਦੀ ਹੈ ਅਜਿਹੀ ਹੀ ਹਾਲਤ ਨਾਮਦੇਵ ਦੀ ਰਾਮ ਦੇ ਨਾਮ ਬਿਨ੍ਹਾਂ ਹੋਈ ਹੈ। ਜਦੋਂ ਗਵਾਲਾ ਵੱਛੇ ਨੂੰ ਦੁੱਧ ਚੋਣ ਤੋਂ ਪਹਿਲਾ ਛੱਡਦਾ ਹੈ ਤਾਂ ਵੱਛਾ ਭੱਜ ਕੇ ਗਾਂ ਵੱਲ ਜਾਂਦਾ ਹੈ। ਉਸਦੀ ਦੁੱਧ ਨਾਲ ਪ੍ਰੀਤ ਹੈ ਤੇ ਉਹ ਘੁੱਟ-ਘੁੱਟ ਕੇ ਦੁੱਧ ਪੀਂਦਾ ਹੈ। ਕਾਮੁਕ ਵਿਅਕਤੀ ਦੀ ਪਰ ਨਾਰੀ ਨਾਲ ਪ੍ਰੀਤ ਹੈ ਇਉਂ ਨਾਮਦੇਵ ਦੀ ਵੀ ਪ੍ਰਭੂ ਨਾਲ ਪ੍ਰੀਤੀ ਹੈ।[179] ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜਦੋਂ ਬੁਰੇ ਬਚਨ ਜ਼ਬਾਨ ਤੋਂ ਨਿਕਲਦੇ ਹਨ ਤਾਂ ਸੱਚੀ ਪ੍ਰੀਤ ਟੁੱਟ ਜਾਂਦੀ ਹੈ।[180] ਜਿਸ ਕਾਰਨ ਪ੍ਰਭੂ ਰੂਪੀ ਪਤੀ ਨੇ ਦੁਰਮਤਿ

---

[170] *ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ॥* ਰਾਗ ਗਉੜੀ ਸੁਖਮਨੀ ਮ: ੫, 267.

[171] *ਜਿਨਾ ਅੰਦਰਿ ਦੂਜਾ ਭਾਉ ਹੈ ਤਿਨਾ ਗੁਰਮੁਖਿ ਪ੍ਰੀਤਿ ਨ ਹੋਇ॥* ਰਾਗ ਗਉੜੀ ਮ: ੪, 316. ਵ

[172] *ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ॥* ਆਸਾ ਮ: ੫, 431.

[173] *ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ॥* ਰਾਗ ਮਾਰੂ ਮ: ੫, 1094.

[174] *ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥* ਰਾਗ ਗਉੜੀ, ਭਗਤ ਕਬੀਰ, 324.

[175] *ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥ ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥* ਸਿਰੀਰਾਗ ਮ: ੧, 60.

[176] *ਜਉ ਤਨੁ ਚੀਰਹਿ ਅੰਗੁ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥* ਰਾਗ ਆਸਾ, ਭਗਤ ਕਬੀਰ, 484.

[177] *ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥* ਰਾਗ ਆਸਾ, ਭਗਤ ਧੰਨਾ, 487.

[178] *ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ॥* ਰਾਗ ਗੁਜਰੀ ਮ: ੩, 490.

[179] *ਜੈਸੇ ਬਿਖੈ ਹੇਤ ਪਰ ਨਾਰੀ॥ ਐਸੇ ਨਾਮੇ ਪ੍ਰੀਤਿ ਮੁਰਾਰੀ॥* ਰਾਗ ਗੋਂਡ, ਭਗਤ ਨਾਮਦੇਵ, 874.

[180] *ਟੂਟਿ ਪਰੀਤਿ ਗਈ ਬੁਰ ਬੋਲਿ॥ ਦੁਰਮਤਿ ਪਰਹਰਿ ਛਾਡੀ ਢੋਲਿ॥* ਰਾਗ ਰਾਮਕਾਲੀ ਦਖਣੀ ਮ: ੧, 933.

ਰੂਪੀ ਪਤਨੀ ਦਾ ਤਿਆਗ ਕਰ ਦਿੱਤਾ ਹੈ। ਗੁਰਮੁਖ ਸਦਾ ਪ੍ਰਭੂ ਨੂੰ ਧਿਆਉਂਦੇ ਹਨ ਕਿਉਂਕਿ ਉਨ੍ਹਾਂ ਅੰਦਰ ਪ੍ਰੀਤੀ ਹੈ।[181] ਗੁਰਬਾਣੀ ਵਿੱਚ ਦੁਰਯੋਧਨ ਅਤੇ ਬਿਦਰ ਦੀ ਸਾਖੀ ਰਾਹੀਂ ਪਿਆਰ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਪਿਆਰ ਵੱਸ ਭਗਵਾਨ ਕ੍ਰਿਸ਼ਨ, ਦੁਰਯੋਧਨ ਨੂੰ ਤਿਆਗ ਦਿੰਦੇ ਹਨ। ਪਰੰਤੂ ਬਿਦਰ ਕੋਲ ਪਿਆਰ ਹੈ ਜਿਸ ਸਦਕਾ ਬਿਦਰ ਭਗਵਾਨ ਨੂੰ ਪਿਆਰਾ ਲੱਗਦਾ ਹੈ। ਇਸ ਘਟਨਾ ਦਾ ਜ਼ਿਕਰ ਭਗਤ ਕਬੀਰ ਜੀ ਨੇ ਵੀ ਕੀਤਾ ਹੈ।[182] ਬਬੀਹਾ ਵੀ ਪਿਆਰ ਵਿੱਚ ਪ੍ਰਿਉ-ਪ੍ਰਿਉ ਕਰਦਾ ਹੈ। ਇਸ ਤਰ੍ਹਾਂ ਅਨੇਕ ਉਦਾਹਰਣਾਂ ਨਾਲ ਪਿਆਰ ਦੀ ਖਿੱਚ ਨੂੰ ਬਿਆਨ ਕੀਤਾ ਹੈ।

**ਬੰਦਗੀ ਦਾ ਗੁਣਾਤਮਿਕ ਸਰੂਪ**

ਬੰਦਗੀ ਗੁਣਾਂ ਨੂੰ ਵਿਹਾਜਣਾ ਹੈ। ਪਿਆਰ ਨਾਲ ਸਾਰੇ ਗੁਣ ਹਿਰਦੇ ਵਿਚ ਇਕੱਤਰ ਹੋਣ ਲੱਗ ਪੈਂਦੇ ਹਨ। ਬੰਦਗੀ ਗੁਣਾਂ ਦੀ ਖਾਣ ਅਤੇ ਸਾਗਰ ਹੈ। ਜਿਥੇ ਪਿਆਰ ਆ ਜਾਂਦਾ ਹੈ ਉਥੇ ਗੁਣ ਆ ਜਾਂਦੇ ਹਨ। ਪਿਆਰ ਚੁੰਬਕ ਦੀ ਤਰਾਂ ਕੰਮ ਕਰਦਾ ਹੈ ਜਿਸ ਦੀ ਖਿੱਚ ਨਾਲ ਗੁਣ ਆਪ ਮੁਹਾਰੇ ਇਕੱਤਰ ਹੋਣ ਲੱਗ ਜਾਂਦੇ ਹਨ। ਜਪੁਜੀ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਬਿਨਾਂ ਗੁਣਾਂ ਤੋਂ ਭਗਤੀ ਨਹੀਂ ਹੋ ਸਕਦੀ।[183] ਗੁਰੂ ਸਾਹਿਬ ਨੇ ਬੰਦਗੀ ਦਾ ਕੇਂਦਰੀ ਤੱਤ ਗੁਣਾਂ ਨੂੰ ਦੱਸਿਆ ਹੈ। ਆਪ ਜੀ ਨੇ ਫ਼ਰਮਾਇਆ ਕਿ ਗੁਣਾਂ ਦੀ ਸਾਂਝ ਕਰੋ ਅਤੇ ਔਗੁਣਾਂ ਨੂੰ ਛੱਡੋ।[184] ਔਗੁਣਾਂ ਨੂੰ ਗਲੇ ਦੀ ਫਾਹੀ ਕਿਹਾ ਗਿਆ ਹੈ।[185] ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ ਮੂਲਮੰਤ੍ਰ ਨਾਲ ਅਤੇ ਪਾਠ ਦੀ ਸੰਪੂਰਨਤਾ ਮੁੰਦਾਵਣੀ ਨਾਲ ਹੁੰਦੀ ਹੈ। ਮੂਲਮੰਤ੍ਰ ਦੱਸਦਾ ਹੈ ਕਿ ਇਸ ਵਿੱਚ ਕੀ ਕਿਹਾ ਜਾਵੇਗਾ ਅਤੇ ਮੁੰਦਾਵਣੀ ਦੱਸਦੀ ਹੈ ਕਿ ਇਸ ਵਿੱਚ ਕੀ ਕਿਹਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਥਾਲ ਵਾਂਗ ਕਿਹਾ ਗਿਆ ਹੈ। ਜਿਸ ਵਿੱਚ ਤਿੰਨ ਵਸਤੂਆਂ ਪਾਈਆਂ ਗਈਆਂ ਹਨ ਅਤੇ ਅੰਮ੍ਰਿਤ ਰੂਪੀ ਪਰਮੇਸ਼ਵਰ ਦਾ ਨਾਮ ਪਾਇਆ ਗਿਆ ਹੈ। ਜੋ ਵੀ ਵਿਅਕਤੀ ਇਨ੍ਹਾਂ ਵਸਤੂਆਂ ਨੂੰ ਛਕੇਗਾ ਉਸ ਦੀ ਤ੍ਰਿਪਤੀ ਹੋਵੇਗੀ। ਇਹ ਵਸਤੂਆਂ ਛੱਡਣ ਵਾਲੀਆਂ ਨਹੀਂ ਹਨ। ਇਹ ਹਨ- ਸਤ, ਸੰਤੋਖ ਅਤੇ ਵਿਚਾਰ।[186] ਸੋ ਬੰਦਗੀ ਵਿੱਚ ਉਪਰੋਕਤ ਤਿੰਨਾਂ ਗੁਣਾਂ ਦਾ ਹੋਣਾ ਵੀ ਜ਼ਰੂਰੀ ਹੈ। ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿੱਚ ਵੀ ਬੰਦਗੀ ਦੇ ਸਰੂਪ ਦੀ ਸਮਝ ਪੈਂਦੀ ਹੈ। ਸਵਾਲ ਹੈ ਕਿ ਉਹ ਕਿਹੜਾ ਅਖਰ ਹੈ, ਉਹ ਕਿਹੜਾ ਗੁਣ ਹੈ, ਉਹ ਕਿਹੜੀ ਮਣੀ ਹੈ? ਉਹ ਕਿਹੜਾ ਭੇਸ ਹੈ ਜਿਸਨੂੰ ਧਾਰਨ ਕਰਨ ਨਾਲ ਰੱਬ ਵੱਸ ਵਿੱਚ ਆਉਂਦਾ ਹੈ। ਇਸਦਾ ਜੁਆਬ ਹੈ ਕਿ ਨਿਮਰਤਾ ਰੂਪੀ ਅਖਰ, ਮੁਆਫ਼ ਕਰਨ ਵਾਲਾ ਗੁਣ ਅਤੇ ਮਿੱਠਾ ਬੋਲਣ ਵਾਲੀ ਮਣੀ ਹੈ, ਜੇਕਰ ਇਹ ਤਿੰਨ ਚੀਜ਼ਾਂ ਧਾਰਨ ਕਰ ਲਈਆਂ ਜਾਣ ਤਾਂ ਰੱਬ ਵੱਸ ਵਿੱਚ ਆ ਸਕਦਾ ਹੈ।[187] ਭਗਤ ਕਬੀਰ ਜੀ ਨੇ ਮੁਆਫ਼ ਕਰਨ ਦੇ ਗੁਣ ਨੂੰ ਰੱਬੀ ਗੁਣ

---

181 *ਗੁਰਮੁਖਿ ਸਦਾ ਧਿਆਈਐ ਅੰਦਰਿ ਹਰਿ ਪ੍ਰੀਤੀ॥* ਰਾਗ ਰਾਮਕਲੀ ਮ: ੩, 951.

182 *ਰਾਜਨ ਕਉਨੁ ਤੁਮਾਰੈ ਆਵੈ॥ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ ਰਹਾਉ॥* ਰਾਗ ਮਾਰੂ, ਭਗਤ ਕਬੀਰ, 1105.

183 *ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥* ਜਪੁ,1.

184 *ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥* ਰਾਗ ਸੂਹੀ ਮ: ੧, 766.

185 *ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥* ਰਾਗ ਸੋਰਠਿ ਮ: ੧, 595.

186 *ਥਾਲ ਵਿਚਿ ਤਿਨ ਵਸਤੂ ਪਇਓ ਸਤੁ ਸੰਤੋਖੁ ਵੀਚਾਰੋ॥ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥* ਮੁੰਦਾਵਣੀ ਮ: ੫, 1429.

187 *ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥*ਸਲੋਕ, ਸੇਖ ਫਰੀਦ, 1384.

ਦੱਸਦਿਆਂ ਕਿਹਾ ਹੈ ਕਿ ਜਿਥੇ ਖਿਮਾ ਹੈ ਉਥੇ ਰੱਬ ਆਪ ਹੈ।[188] ਭਗਤੀ ਨੂੰ ਗੁਣਾਂ ਦਾ ਇਕੱਠ ਹੋਣ ਕਰਕੇ ਹੀ ਭੰਡਾਰਾ ਵੀ ਕਿਹਾ ਗਿਆ ਹੈ। ਪੁਰਾਤਨ ਜਨਮਸਾਖੀ ਅਨੁਸਾਰ ਬਨਾਰਸ ਵਿਖੇ ਪੰਡਿਤ ਚਤੁਰਦਾਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਸੀ ਕਿ ਤੁਸੀਂ ਸਾਲਗਰਾਮ ਦੀ ਪੂਜਾ ਨਹੀਂ ਕਰਦੇ, ਤੁਸੀਂ ਤੁਲਸੀ ਦੀ ਮਾਲਾ ਵੀ ਨਹੀਂ ਪਾਈ ਹੋਈ, ਤੁਸੀਂ ਟਿੱਕਾ ਵੀ ਨਹੀਂ ਲਾਇਆ ਹੋਇਆ। ਤੁਸੀਂ ਕਿਵੇਂ ਦੇ ਭਗਤ ਹੋ ਅਤੇ ਤੁਹਾਡੀ ਭਗਤੀ ਕਿਵੇਂ ਦੀ ਹੈ? ਇਸਦੇ ਜੁਆਬ ਵਿੱਚ ਗੁਰੂ ਜੀ ਨੇ ਕਿਹਾ ਸੀ ਕਿ ਸਾਡਾ ਸਾਲਗਰਾਮ ਇੱਕ ਪਰਮਾਤਮਾ ਹੈ। ਚੰਗੇ ਕੰਮ ਕਰਨੇ ਤੁਲਸੀ ਦੀ ਮਾਲਾ ਫੇਰਨ ਵਾਂਗ ਹੈ। ਕਾਮ ਅਤੇ ਕਰੋਧ ਨਾਲ ਸਰੀਰ ਰੂਪੀ ਧਰਤੀ ਦੀ ਗੁਡਾਈ ਕਰੋ। ਜਿੰਨਾ-ਜਿੰਨਾ ਖੋਦੋਗੇ ਉੱਨਾ-ਉੱਨਾ ਸੁੱਖ ਪ੍ਰਾਪਤ ਹੋਵੇਗਾ। ਚਤੁਰਦਾਸ ਨੇ ਅਜਿਹੀ ਭਗਤੀ ਨੂੰ ਨਮਸਕਾਰ ਕੀਤੀ।[189] ਮਨੁੱਖੀ ਸਰੀਰ ਔਗੁਣਾਂ ਦਾ ਭਰਿਆ ਹੋਇਆ ਹੈ। ਇਨ੍ਹਾਂ ਔਗੁਣਾਂ ਦੀ ਮੈਲ ਰੱਬ ਦੇ ਗੁਣ ਗਾ ਕੇ ਦੂਰ ਹੁੰਦੀ ਹੈ। ਗੁਣ ਅਤੇ ਔਗੁਣ ਸਰੀਰ ਦੇ ਵਿੱਚ ਹੀ ਹਨ। ਇਹ ਇੱਕ ਥਾਂ ਤੇ ਹੀ ਰਹਿੰਦੇ ਹਨ। ਗੁਣਾਂ ਦੀ ਪਰਾਪਤੀ ਲਈ ਗੁਣਾਂ ਦੇ ਖਜ਼ਾਨੇ ਪ੍ਰਭੂ ਨਾਲ ਪ੍ਰੀਤੀ ਕਰਨੀ ਚਾਹੀਦੀ ਹੈ। ਬਹੁਤੇ ਲੋਕ ਔਗੁਣਾਂ ਦੀਆਂ ਗੱਠੜੀਆਂ ਬੰਨਦੇ ਪਏ ਹਨ ਪਰ ਗੁਣਾਂ ਦਾ ਗਾਹਕ ਕੋਈ ਵਿਰਲਾ ਹੈ।[190] ਸ੍ਰੀ ਗੁਰੂ ਨਾਨਕ ਦੇਵ ਜੀ ਉਸ ਜਨੇਊ ਨੂੰ ਅਸਲ ਮਾਅਨਿਆਂ ਵਿੱਚ ਜਨੇਊ ਮੰਨਦੇ ਹਨ ਜਿਸ ਵਿੱਚ ਦਇਆ ਦੀ ਕਪਾਹ ਹੋਵੇ, ਸੰਤੋਖ ਦਾ ਸੂਤ ਹੋਵੇ, ਜਤ ਦੀਆਂ ਗੰਢਾਂ ਮਾਰੀਆਂ ਹੋਣ ਅਤੇ ਸਤ ਦੇ ਵਟ ਚੜਾਏ ਹੋਣ। ਅਜਿਹਾ ਜਨੇਊ ਨਾ ਟੁੱਟਦਾ ਹੈ, ਨਾ ਮੈਲਾ ਹੁੰਦਾ ਹੈ, ਨਾ ਜਲਦਾ ਹੈ ਅਤੇ ਨਾ ਹੀ ਕਿਤੇ ਜਾਂਦਾ ਹੈ।ਉਹ ਵਿਅਕਤੀ ਧੰਨ ਹਨ ਜੋ ਇਹ ਜਨੇਊ ਗਲ ਵਿੱਚ ਪਾ ਕੇ ਚੱਲਦੇ ਹਨ।[191] ਉਪਰੋਕਤ ਗੁਣ ਕਿਸੇ ਬਾਜ਼ਾਰ ਵਿੱਚੋਂ ਨਹੀਂ ਮਿਲਦੇ। ਇਹ ਹਰ ਜੀਵ ਵਿੱਚ ਵਿਦਮਾਨ ਹੁੰਦੇ ਹਨ।

ਜਪੁਜੀ ਸਾਹਿਬ ਵਿੱਚ ਗੁਰੂ ਜੀ ਦੱਸਦੇ ਹਨ ਕਿ ਜਤ ਰੂਪੀ ਦੁਕਾਨ ਹੋਵੇ, ਧੀਰਜ ਰੂਪੀ ਸੁਨਿਆਰ ਹੋਵੇ, ਮਨੁੱਖ ਦੀ ਮੱਤ ਅਹਿਰਣ ਹੋਵੇ ਅਤੇ ਗਿਆਨ ਦਾ ਹਥੌੜਾ ਵੱਜੇ। ਡਰ ਰੂਪੀ ਫੂਕਣੀ, ਤਪ ਰੂਪੀ ਅਗਨੀ ਤੇ ਤਪਾਇਆ, ਪਿਆਰ ਦੇ ਭਾਂਡੇ ਵਿੱਚ ਅੰਮ੍ਰਿਤ ਰੂਪੀ ਨਾਮ ਨੂੰ ਢਾਲਿਆ ਜਾਵੇ। ਇਸ ਸੱਚੀ ਟਕਸਾਲ ਤੋਂ ਸੱਚੇ ਸ਼ਬਦ ਘੜੇ ਜਾਣਗੇ।[192] ਗੁਰੂ ਸਾਹਿਬ ਜਿਸ ਕਿਸੇ ਨੂੰ ਵੀ ਮਿਲੇ ਉਸਨੂੰ ਉਸਦੇ ਧਰਮ

---

[188] ਜਹਾ ਲੋਭੁ ਤਹ ਕਾਲ ਹੈ ਜਹਾ ਖਿਮਾ ਤਹ ਆਪਿ॥ ਸਲੋਕ, ਭਗਤ ਕਬੀਰ, 1372.

[189] As the recorded ancedote comes in the janamsakhi,pandit chattardas, adressing Guru Nanak as the bhakta, said, you are not worshipping a saligram. You are not having round your neck a rosary made out of the tulsi beads, you are having no mechanism for telling the beads you have not put on the frontal mark of gopichandan what sort of a bhaktaare you what sort of bhakti have you been blessed from god. The guru and his life long companion mardana giving his company on the rebeck, singing, in replyexhorted the learned Brahmins to conceive the supreme Being alone as the saligram and to accept honest work as the counting of the tulsi beads he further asked them to prepare a raft, out of meditation on the name, to sail all across the ocean of life and always look to the mercy or grace of the lord.continuing, he added that they should turn their bodies into the fields from which they should weed out all crop-killing growth with the hoes of kama krodha, the two powers which should be used rightly and with discrimination. Chattardas bowed to his form of bhakti, Taran singh, "The Sikh Idea of Bhakti," *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪੰਨਾ-44.

[190] *ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ॥ ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਇ ਹੋਇ॥*ਰਾਗ ਮਾਰੂ ਮ: ੩, 1092.

[191] *ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥ ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥* ਰਾਗ ਆਸਾ ਮ: ੧, 471.

[192] *ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥਿਆਰੁ॥ ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥* ਜਪੁ, 8.

ਵਿੱਚ ਪੱਕੇ ਹੋਣ ਦਾ ਉਪਦੇਸ਼ ਉਸਦੇ ਲਹਿਜੇ ਵਿੱਚ ਦਿੱਤਾ ਹੈ। ਹੋਰ ਮੱਤਾਂ ਨਾਲ ਸੰਵਾਦ ਰਚਾਉਂਦਿਆਂ ਹੋਇਆ ਵੀ ਆਪਣੀ ਵਿਚਾਰ ਚਰਚਾ ਦਾ ਧੁਰਾ ਗੁਣਾਂ ਨੂੰ ਰੱਖਿਆ ਹੈ ਕਿਉਂਕਿ ਗੁਣ ਅਜਿਹੀ ਤਾਕਤ ਹਨ ਜੋ ਸਮਾਜ ਨੂੰ ਬਦਲ ਸਕਦੇ ਹਨ। ਇਸ ਖਿਆਲ ਨਾਲ ਬੰਦਗੀ ਦਾ ਵਿਹਾਰਕ ਰੂਪ ਸਾਹਮਣੇ ਆਉਂਦਾ ਹੈ। ਪੰਡਿਤ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਪੰਡਿਤ ਜੀ ਤੁਸੀਂ ਲਕੀਰ ਖਿੱਚ ਕੇ ਚੌਂਕਾ ਪਵਿੱਤਰ ਸਮਝ ਲਿਆ ਹੈ ਪਰ ਕਿੰਨੀਆਂ ਹੀ ਬੁਰਾਈਆਂ ਤੁਹਾਡੇ ਮਨ ਵਿੱਚ ਘਰ ਕਰੀ ਬੈਠੀਆਂ ਹਨ।[193] ਉਨ੍ਹਾਂ ਨੂੰ ਕਿਵੇਂ ਬਾਹਰ ਕੱਢੋਗੇ। ਭਗਤ ਨਾਮਦੇਵ ਜੀ ਨੇ ਗੁਣਹੀਨ ਭਗਤਾਂ ਨੂੰ ਬਗਲਿਆਂ ਵਾਂਗ ਦੱਸਿਆ ਹੈ। ਉਹ ਵਿਅਕਤੀ ਸੱਪ ਵਾਂਗ ਹਨ ਜਿਸ ਤਰ੍ਹਾਂ ਸੱਪ ਨੇ ਕੁੰਜ ਉਤਾਰ ਦਿੱਤੀ ਪਰ ਜ਼ਹਿਰ ਨਹੀਂ ਉਤਾਰਿਆ ਜਾਂ ਛੱਡਿਆ।[194] ਇਉਂ ਝੂਠੇ ਭਗਤਾਂ ਨੇ ਕੱਪੜੇ ਬਦਲੇ ਹਨ ਪਰ ਮਨ ਵਿਚਲੇ ਔਗੁਣ ਜਿਉਂ ਦੇ ਤਿਉਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨ ਨੂੰ ਮੋਮ ਦੇ ਪਿਘਲਣ ਵਾਲੇ ਗੁਣ ਨਾਲ ਪਰਿਭਾਸ਼ਿਤ ਕੀਤਾ ਹੈ।[195] ਉਸਨੇ ਆਪਣੀ ਮੈਲ ਦੂਰ ਕਰ ਲਈ ਹੈ। ਮੁਸਲਮਾਨ ਦੀਆਂ ਨਮਾਜ਼ਾਂ ਵਿੱਚ ਸੱਚ, ਹਲਾਲ, ਖੈਰ, ਨੀਅਤ ਅਤੇ ਸਿਫ਼ਤ ਵਰਗੇ ਗੁਣ ਹੋਣੇ ਚਾਹੀਦੇ ਹਨ।[196] ਗੁਰੂ ਅਮਰਦਾਸ ਜੀ ਨੇ ਅੱਗ ਵਿੱਚ ਸੜਣ ਵਾਲੀ ਔਰਤ ਨੂੰ ਸਤੀ ਨਹੀਂ ਕਿਹਾ ਸਗੋਂ ਸਤੀ ਉਹ ਹੈ ਜੋ ਬਿਰਹਾ ਦਾ ਗੁਣ ਧਾਰਨ ਕਰਕੇ ਜੀਵਨ ਬਤੀਤ ਕਰਦੀ ਹੈ।[197] ਭਗਤ ਕਬੀਰ ਜੀ ਫ਼ੁਰਮਾਨ ਕਰਦੇ ਹਨ ਕਿ ਬਿਰਹਾ ਸੱਪ ਵਾਂਗ ਹੈ। ਇਹ ਜਿਸ ਮਨ ਵਿੱਚ ਵੱਸਦਾ ਹੈ ਉਥੇ ਕੋਈ ਮੰਤਰ ਕੰਮ ਨਹੀਂ ਕਰਦਾ। ਅਜਿਹਾ ਵਿਯੋਗੀ ਜੀਅ ਨਹੀਂ ਸਕਦਾ ਜੇ ਜਿਊਂਦਾ ਹੈ ਤਾਂ ਪਾਗਲਾਂ ਵਾਂਗ।[198] ਪ੍ਰੀਤ ਤੋਂ ਬਿਨਾਂ ਬਿਰਹਾ ਵਾਧੂ ਹੈ। ਪਹਿਲਾਂ ਪ੍ਰੀਤ ਪੈਂਦੀ ਹੈ ਅਤੇ ਬਿਰਹਾ ਬਾਅਦ ਵਿੱਚ ਜਨਮ ਲੈਂਦਾ ਹੈ। ਬਾਬਾ ਫ਼ਰੀਦ ਜੀ ਨੇ ਤਾਂ ਬਿਰਹੁ ਨੂੰ ਸੁਲਤਾਨ ਕਿਹਾ ਹੈ ਪਰ ਬਿਰਹਾ ਦਾ ਪਹਿਲਾ ਪੜਾਅ ਪ੍ਰੀਤ ਹੈ।[199] ਜੋਗੀ ਨੂੰ ਸੰਤੋਖ ਦੀਆਂ ਮੁੰਦਰਾਂ, ਸ਼ਰਮ ਪਤ ਦੀ ਝੋਲੀ, ਧਿਆਨ ਦੀ ਬਿਭੂਤ, ਜੁਗਤੀ ਰੂਪੀ ਡੰਡਾ ਧਾਰਨ ਕਰਨ ਲਈ ਕਿਹਾ ਹੈ।[200] ਸੱਚ ਵਰਤ ਹੈ, ਸੰਤੋਖ ਤੀਰਥ ਹੈ, ਗਿਆਨ ਧਿਆਨ ਇਸ਼ਨਾਨ ਹੈ, ਦਇਆ ਦੇਵਤਾ ਹੈ, ਖਿਮਾ ਜਪਮਾਲੀ ਹੈ, ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਵਾਲੇ ਮਾਣਸ ਪ੍ਰਧਾਨ ਹਨ। ਜੁਗਤੀ ਦੀ ਧੋਤੀ, ਸੁਰਤੀ ਦਾ ਚੌਕਾ, ਚੰਗੇ ਕੰਮਾਂ ਦਾ ਤਿਲਕ ਲਾਉਣਾ ਅਤੇ ਪਿਆਰ ਦਾ ਭੋਜਨ ਕਰਨ ਵਾਲੇ ਵਿਰਲੇ ਹਨ।[201] ਅਜਿਹੇ ਅਨੇਕਾਂ ਹੀ ਮੱਤਾਂ ਨਾਲ ਸੰਵਾਦ ਰਾਹੀਂ ਬੰਦਗੀ ਦੇ ਸਰੂਪ ਨੂੰ ਪਰਿਭਾਸ਼ਿਤ ਕੀਤਾ ਹੈ। ਗੁਰਮਤਿ ਵਿੱਚ ਲੋਕਤੰਤਰ ਨਾਲੋਂ ਗੁਣਤੰਤਰ ਦੀ ਪ੍ਰਧਾਨਤਾ ਹੈ। ਬਾਬਾ ਲਹਿਣਾ, ਬਾਬਾ ਅਮਰਦਾਸ, ਭਾਈ ਜੇਠਾ ਸਮੇਤ ਸਾਰੀਆਂ ਗੁਰੂ ਪਾਤਸ਼ਾਹੀਆਂ ਦੀ ਚੋਣ ਗੁਣ ਆਧਾਰਿਤ ਸੀ। ਸਾਰਾ ਸਿੱਖੀ ਜੀਵਨ ਹੀ ਗੁਣ ਆਧਾਰਿਤ ਹੈ।

---

193 *ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥ ਕਾਰੀ ਕਢੀ ਕਿਆ ਥੀਐ ਜਾਂ ਚਾਰੈ ਬੈਠੀਆ ਨਾਲਿ॥* ਰਾਗ ਸਿਰੀਰਾਗ ਮ: ੪, 91.

194 *ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥* ਰਾਗ ਆਸਾ, ਨਾਮਦੇਵ, 484.

195 *ਮੁਸਲਮਾਣੁ ਮੋਮ ਦਿਲ ਹੋਵੈ॥* ਮਾਰੂ ਮ: ੫, 1084.

196 *ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥* ਰਾਗ ਮਾਝ, ਮ: ੧, 141.

197 *ਸਤੀਆ ਏਹਿ ਨ ਆਖੀਅਨਿ ਜੋ ਮੜੀਆ ਲਗਿ ਜਲੰਨਿ॥ ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥* ਰਾਗ ਸੂਹੀ ਮ: ੩, 787.

198 *ਕਬੀਰ ਬਿਰਹੁ ਭੁਯੰਗਮ ਮਨਿ ਬਸੈ ਮੰਤੁ ਨ ਮਾਨੈ ਕੋਇ॥ ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥* ਸਲੋਕ, ਭਗਤ ਕਬੀਰ,1368.

199 *ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬੁ ਪ੍ਰੀਤਿ ਨ ਹੋਇ॥* ਰਾਗ ਸਿਰੀਰਾਗ ਮ: ੩, ਪੰਨਾ-83.

200 *ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥* ਜਪੁ, 6.

201 *ਸਚੁ ਵਰਤੁ ਸੰਤੋਖੁ ਤੀਰਥ ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥ ਭਾਉ ਭੋਜਨ ਨਾਨਕਾ ਵਿਰਲਾ ਤ ਕੋਈ ਕੋਇ॥* ਰਾਗ ਸਾਰੰਗ ਮ: ੧, 1245.

ਪਿਆਰਾ ਸਿੰਘ ਪਦਮ ਨੇ ਔਗੁਣਾਂ ਅਤੇ ਗੁਣਾਂ ਦੀ ਸਾਰਣੀ ਦਿੱਤੀ ਹੈ:

| ਔਗੁਣ | ਗੁਣ |
|---|---|
| 1. ਕਾਮ | ਜਤ, ਸਤ, ਸੰਜਮ |
| 2. ਕ੍ਰੋਧ | ਸਹਿਨਸ਼ੀਲਤਾ, ਖਿਮਾ |
| 3. ਲੋਭ | ਦਾਨ, ਤਿਆਗ |
| 4. ਮੋਹ | ਵੈਰਾਗ |
| 5. ਅਹੰਕਾਰ | ਨਿੰਮ੍ਰਤਾ, ਗ਼ਰੀਬੀ |
| 6. ਹਉਮੈ | ਪ੍ਰਭੂ-ਸ਼ਰਣ (ਹੁਕਮ) |
| 7. ਦੁਬਿਧਾ (ਦੂਜਾਭਾਵ) | ਸਮਦ੍ਰਿਸ਼ਟੀ |
| 8. ਆਸਾ ਤ੍ਰਿਸ਼ਨਾ | ਸਬਰ ਸੰਤੋਖ |
| 9. ਮਮਤਾ | ਨਿਰਲੇਪਤਾ |
| 10. ਦਵੈਖ | ਪ੍ਰੇਮ |
| 11. ਧਾਤੁ | ਲਿਵ, ਧਿਆਨ |
| 12. ਚਤੁਰਾਈ | ਨਿਸ਼ਕਪਟਤਾ, ਭੋਲਾਪਣ |
| 13. ਅਗਿਆਨ | ਗਿਆਨ |
| 14. ਭਰਮ | ਬਿਬੇਕ |
| 15. ਭੈ | ਨਿਰਭੈਤਾ |
| 16. ਕਪਟ,ਪ੍ਰਪੰਚ | ਨਿਸ਼ਕਪਟਤਾ |
| 17. ਈਰਖਾ | ਸੁਹਿਰਦਤਾ |
| 18. ਨਿੰਦਾ | ਗੁਣ, ਪ੍ਰਸੰਸਾ |
| 19. ਹਿੰਸਾ | ਅਹਿੰਸਾ, ਦਯਾ |
| 20. ਚੋਰੀ | ਕਿਰਤ-ਵਿਰਤ |
| 21. ਵਿਭਚਾਰ | ਸੀਲ, ਸਤ |
| 22. ਕੂੜ | ਸੱਚ |
| 23. ਆਲਸ | ਉੱਦਮ |
| 24. ਚਿੰਤਾ | ਅਚਿੰਤਤਾਈ |
| 25. ਹਠ | ਨਿਰਮਾਣਤਾ |
| 26. ਪਾਖੰਡ | ਈਮਾਨਦਾਰੀ, ਕਰਣੀ |
| 27. ਸੁਆਰਥ | ਪਰਉਪਕਾਰ |
| 28. ਜੂਠ, | ਅਪਵਿੱਤਰਤਾ ਸੁੱਚ, ਸ਼ੁੱਧੀ |
| 29. ਬਦਨੀਤੀ | ਨੇਕਨੀਤੀ |
| 30. ਅਕ੍ਰਿਤਘਣਤਾ | ਕ੍ਰਿਤੱਗਤਾ |
| 31. ਢੀਠਤਾ | ਲਾਜ, ਸ਼ਰਮ |
| 32. ਕ੍ਰਿਪਣਤਾ | ਉਦਾਰਤਾ |
| 33. ਕਾਇਰਤਾ | ਬੀਰਤਾ |
| 34. ਕਠੋਰਤਾ | ਕੋਮਲਤਾ |
| 35. ਪਰਾਧੀਨਤਾ | ਸੁਤੰਤ੍ਰਤਾ |
| 36. ਰਸ ਕਸ | ਸੰਜਮ |
| 37. ਵਾਦ ਵਿਵਾਦ | ਸ਼ਾਂਤੀ |
| 38. ਕਾਹਲ, ਚੰਚਲਤਾ | ਧੀਰਜ, ਸਹਿਜ |
| 39. ਬੇਪ੍ਰਤੀਤੀ (ਨਾਸਤਿਕਤਾ) | ਸ਼ਰਧਾ, ਵਿਸ਼ਵਾਸ, ਸਿਦਕ |
| 40. ਕੁਸੰਗਤਿ | ਸਤਿਸੰਗਤਿ [202] |

[202] ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨੇ-150-51.

ਪਿਆਰ ਅਤੇ ਗੁਣਾਂ ਦਾ ਆਪਸ ਵਿੱਚ ਗਹਿਰਾ ਰਿਸ਼ਤਾ ਹੈ। ਪ੍ਰੇਮ ਹੀ ਸਭ ਗੁਣਾਂ ਦਾ ਜਨਮਦਾਤਾ ਹੈ। ਪ੍ਰੇਮ ਦੀ ਕਹਾਣੀ ਅਕੱਥ ਹੈ। ਗੁਰਬਾਣੀ ਨੇ ਵਾਰ-ਵਾਰ ਪ੍ਰਭੂ ਪ੍ਰੀਤ ਦੀ ਗੱਲ ਕੀਤੀ ਹੈ। ਇਹ ਪ੍ਰੀਤ ਮਨ ਦੇ ਅਭਿਮਾਨਾਂ ਨੂੰ ਦੂਰ ਕਰਦੀ ਹੈ। ਇਸ ਪ੍ਰੀਤੀ ਨੇ ਦੁਰਮਤ ਦੀ ਰੀਤ ਨੂੰ ਦੂਰ ਕਰ ਦਿੱਤਾ ਹੈ। ਪ੍ਰੀਤ ਵਿੱਚ ਪ੍ਰਭੂ ਨੂੰ ਅੱਠੇ ਪਹਿਰ ਨੇੜੇ ਸਮਝਿਆ ਜਾਂਦਾ ਹੈ। ਸਾਧਕ ਅੱਠੇ ਪਹਿਰ ਪ੍ਰਭ ਦਾ ਨਾਮ ਜਪਦਾ ਹੈ ਅਤੇ ਉਸਨੂੰ ਯਾਦ ਕਰਦਾ ਹੈ। ਇਹ ਪ੍ਰੀਤ ਖਿੱਚ ਵਾਂਗ ਹੈ। ਇਸ ਖਿੱਚ ਰਾਹੀਂ ਹੀ ਪ੍ਰਭੂ ਪਿਆਰੇ ਪ੍ਰਭੂ ਨੂੰ ਆਪਣੇ ਮਨ ਦੇ ਹਾਲ ਭੇਜਦੇ ਹਨ। ਇਹ ਪ੍ਰੀਤ ਜਦੋਂ ਮਾਲਕ ਨਾਲ ਬਣ ਜਾਂਦੀ ਹੈ ਤਾਂ ਤੋੜਿਆਂ ਟੁੱਟਦੀ ਨਹੀਂ, ਛੁਡਾਇਆ ਇਹ ਛੁੱਟਦੀ ਨਹੀਂ। ਰੱਬ ਨਾਲ ਪ੍ਰੀਤ ਕਰਨ ਨਾਲ ਸਦਾ ਸੁਖ ਮਿਲਦਾ ਹੈ। ਕਦੇ ਦੁੱਖ ਨਹੀਂ ਲੱਗਦਾ। ਇਹ ਪ੍ਰੀਤ ਹਉਮੈ ਦੀ ਮੈਲ ਧੋਂਦੀ ਹੈ। ਇਸ ਪ੍ਰੀਤ ਨਾਲ ਨਿਰਮਲ ਹੋ ਜਾਈਦਾ ਹੈ। ਅਜਿਹਾ ਪ੍ਰੇਮ ਪ੍ਰਾਣਾਂ ਦਾ ਆਸਰਾ ਹੈ। ਇਸ ਪ੍ਰੀਤ ਨਾਲ ਸਾਰੇ ਖਜ਼ਾਨੇ ਮਿਲਦੇ ਹਨ। ਹਿਰਦੇ ਵਿੱਚ ਨਿਰਮਲ ਨਾਮ ਆਉਂਦਾ ਹੈ। ਇਹ ਪ੍ਰੀਤ ਸੋਭਾਵੰਤ ਹੈ। ਇਸ ਨਾਲ ਸਾਰੀਆਂ ਚਿੰਤਾਵਾਂ ਮਿਟਦੀਆਂ ਹਨ। ਇਹ ਪ੍ਰੀਤ ਜੀਵਾਂ ਨੂੰ ਤਾਰਦੀ ਹੈ। ਜਮ ਤੋਂ ਡਰ ਨਹੀਂ ਲੱਗਦਾ ਅਤੇ ਸਾਰਿਆਂ ਦਾ ਉਧਾਰ ਹੁੰਦਾ ਹੈ। ਪਰਮਾਤਮਾ ਨਾਲ ਰਹਿੰਦਾ ਹੈ। ਕਈ ਥਾਂ ਇਸ ਪ੍ਰੀਤ ਨੂੰ ਪੁਰਾਣੀ ਵੀ ਕਿਹਾ ਗਿਆ ਹੈ। ਭਾਵ ਇਹ ਹੈ ਕਿ ਇਹ ਪ੍ਰੀਤ ਬਹੁਤ ਲੰਮੀ ਉਡੀਕ ਤੋਂ ਬਾਅਦ ਬਣੀ ਹੈ। ਰੱਬ ਦੀ ਪ੍ਰੀਤ ਮਾਇਆ ਦੇ ਮੋਹ ਨੂੰ ਸਾੜ ਦਿੰਦੀ ਹੈ। ਗੁਰਬਾਣੀ ਨੇ ਅਨੇਕ ਉਦਾਹਰਣਾਂ ਨਾਲ ਇਸ ਪ੍ਰੀਤ ਦਾ ਵਰਣਨ ਕੀਤਾ ਹੈ ਜਿਵੇਂ ਅਮਲੀ, ਚੰਦ ਅਤੇ ਚਕੋਰੈ। ਇਸ ਪ੍ਰੀਤ ਨਾਲ ਕਾਮ, ਕਰੋਧ, ਨਿਵਰ ਜਾਂਦੇ ਹਨ। ਇਹ ਪ੍ਰੀਤ ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ। ਸੇਵਕ ਦੀ ਪ੍ਰੀਤ ਉਸ ਦੇ ਮਰਨ ਤੱਕ ਨਾਲ ਨਿਭਦੀ ਹੈ । ਇਹ ਨਹੀਂ ਕਿ ਇਹ ਖਤਮ ਹੋ ਜਾਵੇ। ਇਹ ਪ੍ਰੀਤ ਪਤਾਸਿਆਂ ਦੇ ਪਾਣੀ ਵਿੱਚ ਘੁਲਣ ਵਾਂਗ ਹੈ। ਪਤਾਸੇ ਆਪਣਾ ਆਪ ਗਵਾ ਕੇ ਪਾਣੀ ਦਾ ਹੀ ਰੂਪ ਹੋ ਜਾਂਦੇ ਹਨ। ਪਰ ਸਾਲਾਂ ਬੱਧੀ ਪੱਥਰ ਪਾਣੀ ਵਿੱਚ ਰਹਿਕੇ ਵੀ ਆਪਣਾ ਵਜੂਦ ਖਤਮ ਨਹੀਂ ਕਰਦੇ। ਪਿਆਰ ਦਾ ਭਾਵ ਆਪਣਾ ਆਪ ਮਿਟਾਕੇ ਰੱਬ ਨੂੰ ਸਮਰਪਿਤ ਹੋਣਾ ਹੈ। ਇਸ ਸਮਰਪਣ ਵਿੱਚੋਂ ਹੀ ਗੁਣ ਨਿਕਲਦੇ ਹਨ। ਗੁਣਾਂ ਨੂੰ ਪਕੜਣਾ ਅਤੇ ਔਗੁਣਾਂ ਦਾ ਤਿਆਗ ਕਰਨਾ ਹੀ ਬੰਦਗੀ ਹੈ। ਇਹ ਦੋਵੇਂ ਸਾਡੇ ਸਰੀਰ ਵਿੱਚ ਵਸਦੇ ਹਨ। ਪ੍ਰਭੂ ਪ੍ਰੀਤ ਨਾਲ ਹੀ ਔਗੁਣ ਗੁਣ ਬਣ ਜਾਂਦੇ ਹਨ। ਜਿਵੇਂ ਕਾਮ ਜਤ, ਸਤ ਅਤੇ ਸੰਜਮ ਦਾ ਰੂਪ ਧਾਰਨ ਕਰ ਜਾਂਦਾ ਹੈ। ਮੋਹ ਵੈਰਾਗ ਦਾ, ਕ੍ਰੋਧ ਸਹਿਣਸ਼ੀਲਤਾ ਅਤੇ ਖਿਮਾ ਦਾ, ਸਵਾਰਥ ਪਰਉਪਕਾਰ ਦਾ ਰੂਪ ਧਾਰਨ ਕਰ ਜਾਂਦੇ ਹਨ। ਸੋ ਬੰਦਗੀ ਦਾ ਸਰੂਪ ਪ੍ਰੇਮ ਅਤੇ ਗੁਣਾਂ ਨੂੰ ਵਿਹਾਜਣਾ ਹੈ। ਉਪਰੋਕਤ ਸਾਰਣੀ ਤੋਂ ਸਪੱਸ਼ਟ ਹੈ ਕਿ ਏਨੇ ਗੁਣਾਂ ਦਾ ਧਾਰਨੀ ਹੋਣਾ ਬੰਦਗੀ ਹੈ। ਗੁਣ ਅਤੇ ਔਗੁਣਾਂ ਦਾ ਇੱਕ ਥਾਂ ਤੇ ਹੀ ਟਿਕਾਣਾ ਹੈ। ਔਗੁਣ ਹੀ ਗੁਣ ਬਣ ਜਾਂਦੇ ਹਨ। ਸਾਡੀ ਊਰਜਾ ਦਾ ਸਕਾਰਾਤਮਿਕ ਹੋਣਾ ਗੁਣ ਹੈ ਅਤੇ ਨਾਕਾਰਤਮਿਕ ਹੋਣਾ ਔਗੁਣ ਹੈ।

### ਮਿਹਰ

ਰੱਬੀ ਮਿਹਰ ਤੋਂ ਬਗੈਰ ਬੰਦਗੀ ਨਹੀਂ ਹੁੰਦੀ। ਮਿਹਰ ਨਾਲ ਸਤਿਗੁਰ ਰੂਪੀ ਸੱਜਣ ਦੀ ਪ੍ਰਾਪਤੀ ਹੁੰਦੀ ਹੈ। ਮਿਹਰ ਉਹ ਕੁਝ ਵੀ ਕਰਵਾ ਦਿੰਦੀ ਹੈ ਜੋ ਭੱਜ ਨੱਠ ਨਾਲ ਨਹੀਂ ਮਿਲਦਾ।[203] ਬਾਬਾ ਫ਼ਰੀਦ ਜੀ

---

[203] *ਨਾਨਕ ਤਰੀਐ ਤੇਰੀ ਮਿਹਰ॥* ਰਾਗ ਰਾਮਕਲੀ ਮ: ੫, 893.

ਨੇ ਫ਼ਰਮਾਇਆ ਹੈ ਕਿ ਜਿਸਨੂੰ ਰੱਬ ਨੇ ਆਪ ਲੜ ਨਾਲ ਲਾ ਲਿਆ ਹੈ ਅਸਲ ਵਿੱਚ ਉਹ ਹੀ ਦਰਵੇਸ਼ ਹਨ। ਗੁਰਬਾਣੀ ਵਿੱਚ ਮਿਹਰ ਲਈ ਰਹਮ, ਰਹਿਮਤ, ਨਦਰਿ, ਕਿਰਪਾ, ਪ੍ਰਸ਼ਾਦਿ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਵਾਹਿਗੁਰੂ ਦੀ ਨਜ਼ਰ ਸਭ ਉਪਰ ਹੈ ਪਰ ਕਿਸੇ ਉਪਰ ਜ਼ਿਆਦਾ ਹੈ ਅਤੇ ਕਿਸੇ ਉਪਰ ਘੱਟ ਹੈ। ਸੰਗਤ ਵਿੱਚ ਆਉਣ ਨਾਲ ਅਤੇ ਗੁਰੂ ਦਾ ਹੁਕਮ ਮੰਨਣ ਨਾਲ ਮਿਹਰ ਦੀ ਪ੍ਰਾਪਤੀ ਹੁੰਦੀ ਹੈ। ਪਿਆਰ ਵਿੱਚ ਨਦਰਿ ਦਾ ਵਿਸ਼ੇਸ਼ ਸਥਾਨ ਹੈ। ਜਿਸ ਉਪਰ ਰੱਬ ਦੀ ਬਖਸ਼ਿਸ ਹੁੰਦੀ ਹੈ। ਉਨ੍ਹਾਂ ਨੂੰ ਇੱਕ ਰੱਬ ਦੇ ਪਿਆਰ ਦੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰੀਤੀ ਕਰਕੇ ਛਤੀਹ ਅੰਮ੍ਰਿਤ ਰੂਪੀ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ।[204] ਜਿਨਾਂ ਇੱਕ ਰੱਬ ਨੂੰ ਪਛਾਣ ਲਿਆ ਉਨ੍ਹਾਂ ਦੂਜਾ ਭਾਉ ਚੁਕਾ ਲਿਆ ਹੈ।[205] ਗੁਰੂ ਸਾਹਿਬ ਸਾਫ਼ ਕਹਿੰਦੇ ਹਨ ਕਿ ਬੰਦਗੀ ਉਹ ਹੀ ਕਰਦੇ ਹਨ ਜਿਨਾਂ ਉਪਰ ਤੇਰੀ ਨਦਰਿ ਹੈ।[206] ਰੱਬ ਦੀ ਬਖਸ਼ਿਸ਼ ਕਾਵਾਂ ਨੂੰ ਹੰਸ ਬਣਾ ਦਿੰਦੀ ਹੈ। ਕਾਂ ਪ੍ਰਤੀਕ ਹੈ ਮਨ ਦੀ ਕਾਲਖ ਦਾ ਅਤੇ ਹੰਸ ਪ੍ਰਤੀਕ ਹੈ ਸਾਫ਼ ਕੰਮਾਂ ਦਾ। ਭਾਵ ਇਹ ਹੈ ਕਿ ਮਿਹਰ ਨਾਲ ਬੁਰੇ ਕੰਮ ਕਰਨ ਵਾਲੇ ਚੰਗੇ ਕਰਮ ਕਰਨ ਲੱਗ ਜਾਂਦੇ ਹਨ। ਪਤੰਗ ਦੀ ਉਡਾਣ ਪਿੱਛੇ ਡੋਰੀ ਦਾ ਹੱਥ ਹੁੰਦਾ ਹੈ ਜਦੋਂ ਪਤੰਗ ਡੋਰੀ ਨਾਲੋਂ ਵੱਖ ਹੋ ਜਾਂਦਾ ਹੈ ਤਾਂ ਉਸ ਦੀ ਹਸਤੀ ਕੱਖਾਂ ਵਾਂਗ ਰੁਲਦੀ ਹੈ। ਇਉਂ ਰੱਬੀ ਮਿਹਰ ਕਰਕੇ ਸਾਧਕ ਉਚੇਰਾ ਹੁੰਦਾ ਹੈ। ਸਾਧਕ ਵਿੱਚ ਅਭਿਮਾਨ ਨਹੀਂ ਆਉਂਦਾ। ਰੂਹਾਨੀਅਤ ਦੀਆਂ ਪੌੜੀਆਂ ਚੜ੍ਹਨੀਆਂ ਅਤੇ ਪ੍ਰਾਪਤੀ ਪਿੱਛੇ ਰੱਬੀ ਮਿਹਰ ਦਾ ਹੀ ਹੱਥ ਹੁੰਦਾ ਹੈ। ਲੱਖਾਂ ਖੁਸ਼ੀਆਂ ਅਤੇ ਪਾਤਸ਼ਾਹੀਆਂ ਦੀ ਪ੍ਰਾਪਤੀ ਮਿਹਰ ਕਰਕੇ ਹੁੰਦੀ ਹੈ। ਇਹ ਮਿਹਰ ਪ੍ਰਭੂ ਸ਼ਰਣ ਵਿੱਚ ਜਾ ਕੇ ਪ੍ਰਾਪਤ ਹੁੰਦੀ ਹੈ। ਉਸਦੀ ਮਿਹਰ ਨਾਲ ਪਿੰਗਲੇ ਪਰਬਤ 'ਤੇ ਚੜ੍ਹ ਜਾਂਦੇ ਹਨ, ਮੂਰਖਾਂ ਨੂੰ ਅਕਲ ਆ ਜਾਂਦੀ ਹੈ, ਅਗਿਆਨੀ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਉਸਦੀ ਨਦਰ ਪੁੱਠੀ ਹੋਣ ਤੇ ਰਾਜੇ ਭਿਖਾਰੀ ਬਣ ਜਾਂਦੇ ਹਨ। ਭਾਈ ਗੁਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਗੁਰੂ ਜੀ ਨੇ ਪਹਿਲਾਂ ਰੱਬ ਤੋਂ ਬਖਸ਼ਿਸ਼ ਪ੍ਰਾਪਤ ਕੀਤੀ।[207] ਰੱਬ ਦੀ ਬਖਸ਼ਿਸ਼ ਵਿਚ ਨਾਪਤੋਲ ਨਹੀਂ ਹੁੰਦਾ ਕਿਉਂਕਿ ਜੇ ਪਰਮਾਤਮਾ ਸਾਡਾ ਨਾਪ ਤੋਲ ਕਰਨ ਲੱਗ ਪਵੇ ਤਾਂ ਸਾਡੇ ਪੱਲੇ ਕੱਖ ਨਹੀਂ ਪਵੇਗਾ। ਇਸ ਲਈ ਭਗਤ ਅਰਦਾਸ ਕਰਦਾ ਹੈ ਕਿ ਲੇਖਿਆਂ ਨਾਲ ਮੇਰਾ ਛੁਟਕਾਰਾ ਨਹੀਂ ਹੋਣਾ। ਇਸ ਕਰਕੇ ਤੂੰ ਬਖਸ਼ਿਸ਼ ਹੀ ਕਰ।[208] ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਹੇ ਪ੍ਰਭੂ ਤੂੰ ਕਿਰਪਾ ਕਰ ਮੇਰਾ ਗੁਣ ਔਗੁਣ ਨਾ ਵਿਚਾਰ ਕਿਉਂਕਿ ਮੇਰਾ ਜੀਵਨ ਤਾਂ ਮਿੱਟੀ ਦੇ ਡਲੇ ਵਾਂਗ ਹੈ। ਜਿੰਨਾ-ਜਿੰਨਾ ਇਸਨੂੰ ਧੋਵੋਗੇ ਉੰਨਾ-ਉੰਨਾ ਇਹ ਖੁਰਦਾ ਜਾਵੇਗਾ।[209] ਮਾਲਕ ਦੀ ਰਹਮਤ ਵਿੱਚ ਹੀ ਸੁਖ ਮਿਲਦਾ ਹੈ।[210] ਜਿਸ ਉਪਰ ਬਖਸ਼ਿਸ ਹੋ ਜਾਂਦੀ ਹੈ ਉਸਦਾ ਲੇਖਾ ਨਹੀਂ ਗਿਣਿਆ ਜਾਂਦਾ।[211]

---

204 *ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥* ਰਾਗ ਸਿਰੀਰਾਗ ਮ: ੧, 16.
205 *ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ॥* ਰਾਗ ਸਿਰੀਰਾਗ ਮ: ੩, 38.
206 *ਜਿਨ ਕਉ ਤੇਰੀ ਮਿਹਰ ਸੁ ਤੇਰੀ ਬੰਦਿਗੀ॥* ਰਾਗ ਰਾਮਕਲੀ ਮ: ੫, 961.
207 *ਪਹਿਲਾ ਬਾਬੇ ਪਾਯਾ ਬਖਸਦਰਿ ਪਿਛੋਂਦੇ ਫਿਰਿ ਘਾਲਿ ਕਮਾਈ॥* ਵਾਰਾਂ ਭਾਈ ਗੁਰਦਾਸ, ਵਾਰ/ਪਉੜੀ 1/24.
208 *ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥* ਰਾਗ ਗਉੜੀ ਬਾਵਨ ਅਖਰੀ, ਮ: ੫, 261.
209 *ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ॥ ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ॥* ਰਾਗ ਰਾਮਕਲੀ, ਮ: ੫, 882.
210 *ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ॥* ਰਾਗ ਤਿਲੰਗ ਮ: ੫, 724.
211 *ਜਾ ਕਉ ਅਪੁਨੀ ਕਰੈ ਬਖਸੀਸ॥ ਤਾ ਕਾ ਲੇਖਾ ਨ ਗਨੈ ਜਗਦੀਸ॥* ਰਾਗ ਗਉੜੀ ਸੁਖਮਨੀ ਮ: ੫, 277.

**ਹੁਕਮ ਮੰਨਣਾ ਅਤੇ ਮਰਨ ਕਬੂਲ ਕਰਨਾ**

ਹੁਕਮ ਮੰਨਣਾ ਮੌਤ ਕਬੂਲ ਕਰਨਾ ਹੈ। ਦੂਜੇ ਸ਼ਬਦਾਂ ਵਿਚ ਇੰਝ ਕਹਿ ਲਵੋ ਕਿ ਬੰਦਗੀ ਮੌਤ ਨੂੰ ਕਬੂਲ ਕਰ ਲੈਣ ਤੋਂ ਬਾਅਦ ਸ਼ੁਰੂ ਹੁੰਦੀ ਹੈ।[212] ਹੁਕਮ ਮੰਨਣਾ ਸਭ ਤੋਂ ਵੱਡੀ ਸੇਵਾ ਹੈ ਗੁਰੂ ਦੀ ਸ਼ਰਣ ਵਿੱਚ ਰਹਿਣ ਵਾਲੇ ਸੇਵਕ ਨੂੰ ਗੁਰੂ ਦਾ ਹੁਕਮ ਮੰਨਣਾ ਪੈਂਦਾ ਹੈ।[213] ਮਰਨ ਕਬੂਲ ਕਰਨ ਦਾ ਭਾਵ ਆਪਣੀਆਂ ਖਾਹਿਸ਼ਾਂ ਨੂੰ ਸੰਕੋਚਣਾ ਹੈ। ਇਹ ਜਾਣ ਲਵੇ ਕਿ ਇਕ ਨਾ ਇਕ ਦਿਨ ਮੌਤ ਆਉਣੀ ਹੀ ਆਉਣੀ ਹੈ। ਸੰਸਾਰ ਤੇ ਸਾਡਾ ਰਹਿਣਾ ਪ੍ਰਾਹੁਣਿਆਂ ਵਰਗਾ ਹੈ। ਮਰਨ ਕਬੂਲ ਦਾ ਭਾਵ ਇਹ ਵੀ ਹੈ ਕਿ ਸਿੱਖ ਨੇ ਆਪਣਾ ਆਪਾ ਗੁਰੂ ਨੂੰ ਅਰਪਣ ਕਰਨਾ ਹੈ। ਗੁਰੂ ਅਮਰਦਾਸ ਜੀ ਨੇ ਸਾਧਕ ਨੂੰ ਤਨ, ਮਨ ਅਤੇ ਧਨ ਗੁਰੂ ਨੂੰ ਅਰਪਣ ਕਰਕੇ ਫੇਰ ਹੁਕਮ ਮੰਨਣ ਲਈ ਕਿਹਾ ਹੈ।[214] ਮੁਰੀਦ ਨੂੰ ਮੁਰਦਾ ਹੋਣਾ ਪੈਂਦਾ ਹੈ। ਮਨਮੁਖ ਹਉਮੈਂ ਦੀ ਅੱਗ ਵਿਚ ਸੜ ਰਹੇ ਹਨ ਪਰ ਹੁਕਮ ਮੰਨਣ ਵਾਲੇ ਘੱਟ ਹਨ।[215] ਆਪ ਜੀ ਨੇ ਬੰਦਗੀ ਲਈ ਬੰਦੀ ਸ਼ਬਦ ਵੀ ਵਰਤਿਆ ਹੈ। ਭਗਤੀ ਵਿੱਚ ਰੱਬ ਲਈ ਪ੍ਰੇਮ ਅਤੇ ਉਸਦਾ ਹੁਕਮ ਮੰਨਣ ਦੀ ਡਾਢੀ ਲੋੜ ਦ੍ਰਿੜ ਕਰਵਾਈ ਗਈ ਹੈ। ਪ੍ਰੇਮ ਭਗਤੀ ਨਾਲ ਹੀ ਗੁਰਮੁਖਾਂ ਦਾ ਨਿਸਤਾਰਾ ਹੋਵੇਗਾ।[216] ਵਿਰਲੇ ਹੀ ਬੰਦੇ ਹੁਕਮ ਵਿਚ ਹਨ।[217] ਇਸਦੀ ਮਿਸਾਲ ਦੇਣੀ ਕੀ ਮੁਸ਼ਕਿਲ ਹੈ। ਮਰੀਜ਼ ਦੀ ਚੀਰਫਾੜ ਕਰਨ ਤੋਂ ਪਹਿਲਾ ਡਾਕਟਰ ਮਰੀਜ਼ ਨੂੰ ਬੇਹੋਸ਼ ਕਰਕੇ ਪੂਰਾ ਵਸ ਵਿੱਚ ਕਰ ਲੈਂਦਾ ਹੈ। ਇਸ ਤਰ੍ਹਾਂ ਜੇਕਰ ਕੋਈ ਸਾਧਕ ਉਪਰੋਂ-ਉਪਰੋਂ ਗੁਰੂ ਨੂੰ ਕਹੀ ਜਾਵੇ ਕਿ ਮੈਂ ਤੇਰਾ ਹਾਂ। ਇਸ ਨਾਲ ਪੂਰੀ ਬਖਸ਼ਿਸ਼ ਨਹੀਂ ਹੋਵੇਗੀ। ਦੋ ਬੀਬੀਆਂ ਬਾਜ਼ਾਰ ਵਿੱਚ ਜਾ ਕੇ ਲਾਲਾਰੀ ਨੂੰ ਕਹਿਣ ਲੱਗ ਪਈਆਂ ਕਿ ਸਾਡੀਆਂ ਚੁੰਨੀਆਂ ਰੰਗ ਦੇਵੋ। ਲਾਲਾਰੀ ਨੇ ਕਿਹਾ ਕਿ ਆਹ ਲਉ ਚਾਦਰ, ਸਿਰ ਤੇ ਲੈ ਲਓ ਅਤੇ ਚੁੰਨੀਆਂ ਮੈਂਨੂੰ ਦੇ ਦਿਓ। ਬੀਬੀਆਂ ਨੇ ਕਿਹਾ ਕਿ ਅਸੀਂ ਚੁੰਨੀਆਂ ਨਹੀਂ ਉਤਾਰਨੀਆਂ। ਇਉਂ ਕਰੋ ਸਿਰ ਉਪਰ ਹੀ ਰੰਗ ਦਿਓ। ਲਾਲਾਰੀ ਨੇ ਕਿਹਾ ਕਿ ਅਜਿਹਾ ਨਹੀਂ ਹੋ ਸਕਦਾ ਜੇਕਰ ਤੁਸੀਂ ਚੁੰਨੀਆਂ ਰੰਗਾਉਣਾ ਚਾਹੁੰਦੀਆਂ ਹੋ ਤਾਂ ਚੁੰਨੀਆਂ ਤਾਂ ਉਤਾਰਨੀਆਂ ਹੀ ਪੈਣਗੀਆਂ। ਇਸ ਪ੍ਰਸੰਗ ਰਾਹੀਂ ਇਹ ਸਿੱਖਿਆ ਮਿਲਦੀ ਹੈ ਕਿ ਜਿਸ ਦੇ ਪਿਆਰ ਦੀ ਮਨ ਵਿੱਚ ਆਸਾ ਹੋਵੇ ਉਸਨੂੰ ਪੂਰਾ ਸਮਰਪਿਤ ਹੋਣਾ ਪੈਂਦਾ ਹੈ। ਦੋ ਬੇੜੀਆਂ ਵਿਚ ਲੱਤਾਂ ਵਾਲਾ ਡੁੱਬਦਾ ਹੈ। ਪ੍ਰੇਮ ਭਗਤੀ ਵਿੱਚ ਪ੍ਰਵੇਸ਼ ਕਰਨ ਲਈ ਆਪਾ ਤਜਣਾ ਅਤੇ ਗੋਬਿੰਦ ਨੂੰ ਭਜਣਾ ਪੈਂਦਾ ਹੈ।[218] ਆਤਮ ਸਮਰਪਣ ਵਿੱਚ ਜਿਥੇ ਤਿਆਗ ਹੁੰਦਾ ਹੈ ਉਥੇ ਹੁਕਮ ਦੀ ਪ੍ਰਧਾਨਤਾ ਵੀ ਲਾਜ਼ਮੀ ਹੈ। ਦੋ ਗੱਲਾਂ ਦਾ ਮੇਲ ਨਹੀਂ ਹੈ ਕਿ ਸੇਵਕ ਗੁਰੂ ਨੂੰ ਨਮਸਕਾਰ ਵੀ ਕਰੇ ਅਤੇ ਹੁਕਮ ਵੀ ਨਾ ਮੰਨੇ। ਅਜਿਹਾ ਸੇਵਕ ਗੁਰੂ ਨੂੰ ਚੰਗਾ

---

[212] *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* ਰਾਗ ਮਾਰੂ, ਮ: ੫, 1102.

[213] *ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥* ਰਾਗ ਗਉੜੀ ਮ: ੫, 286.

[214] *ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥* ਰਾਗ ਰਾਮਕਲੀ ਮ: ੩, 918.

[215] *ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ। ਬੰਦੀ ਅੰਦਰਿ ਵਿਰਲੇ ਬੰਦੇ।* ਵਾਰਾਂ ਭਾਈ ਗੁਰਦਾਸ, ਵਾਰ/ਪਉੜੀ 5/15.

[216] *ਭਾਇ ਭਗਤਿ ਗੁਰਮੁਖਿ ਨਿਸਤਾਰਾ।* ਉਹੀ, ਵਾਰ 6 ਪਉੜੀ 4.

[217] *ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ।* ਉਹੀ, ਵਾਰ 6 ਪਉੜੀ 13.

[218] *ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ॥* ਰਾਗ ਥਿਤੀ ਗਉੜੀ, ਮ: ੫, 296.

ਨਹੀਂ ਲੱਗਦਾ।[219] ਦੂਜੇ ਪਾਸੇ ਕਈ ਸੇਵਕ ਆਪਣੇ ਗੁਰੂ ਉਪਰ ਸੰਕਟ ਆਇਆ ਦੇਖ ਕੇ ਗੁਰੂ ਦਾ ਸਾਥ ਛੱਡ ਜਾਂਦੇ ਹਨ। ਨਾਮਦੇਵ ਜੀ ਅਜਿਹੇ ਸੇਵਕਾਂ ਪ੍ਰਤੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਲਾਜ ਆਉਣੀ ਚਾਹੀਦੀ ਹੈ।[220] ਇਹ ਅਜਿਹਾ ਆਤਮ ਸਮਰਪਣ ਹੈ ਜਿਸ ਵਿੱਚ ਮਾਲਕ ਨੂੰ ਕਿਹਾ ਜਾਂਦਾ ਹੈ ਕਿ ਮੈਂ ਤੇਰੀ ਸ਼ਰਣ ਵਿੱਚ ਹਾਂ। ਹੁਣ ਤੂੰ ਭਾਵੇਂ ਰੱਖ ਭਾਵੇਂ ਮਾਰ।[221] ਭਗਤੀ ਨਿਮਾਣਾਪਣ ਹੈ। ਧ੍ਰੂ ਦੇ ਨਿਮਾਣੇਪਣ ਕਰਕੇ ਹੀ ਉਸਨੂੰ ਮਾਣ ਮਿਲਿਆ।[222] ਗੁਰਮੁਖਾਂ ਨੇ ਆਪਣਾ ਆਪ ਗਵਾ ਲਿਆ ਹੈ। ਇਸ ਸਮਰਪਣ ਦੀ ਭਾਵਨਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੁੱਤੇ ਦੇ ਸੁਭਾਅ ਨਾਲ ਬਿਆਨ ਕੀਤਾ ਹੈ। ਕਈ ਵਾਰ ਕੁੱਤਿਆਂ ਨੂੰ ਖੁਰਕ ਪੈ ਜਾਂਦੀ ਹੈ। ਕੁੱਤੇ ਦਾ ਮਾਲਕ ਉਸਨੂੰ ਘਰੋਂ ਬਾਹਰ ਕੱਢ ਦਿੰਦਾ ਹੈ, ਮਾਰਦਾ ਵੀ ਹੈ। ਪਰ ਕੁੱਤਾ ਆਪਣੇ ਮਾਲਕ ਦਾ ਦਰ ਨਹੀਂ ਛੱਡਦਾ। ਇਸ ਤਰ੍ਹਾਂ ਦਾ ਸਮਰਪਣ ਸਾਧਕ ਵਿਚ ਚਾਹੀਦਾ ਹੈ।[223] ਆਤਮ ਸਮਰਪਣ ਕਰਨ ਵਾਲਾ ਸਾਧਕ ਹੀ ਹੁਕਮ ਮੰਨਣ ਦੇ ਤਤਪਰ ਬਣਦਾ ਹੈ। ਜਿਸ ਸਾਧਕ ਦਾ ਮਨ ਡਾਂਵਾਡੋਲ ਹੈ ਉਹ ਹੁਕਮ ਕਿਥੋਂ ਮੰਨੇਗਾ? ਜਦੋਂ ਤੱਕ ਉਸਨੇ ਸਮਰਪਣ ਨਹੀਂ ਕੀਤਾ ਹੁੰਦਾ ਉਦੋਂ ਤੱਕ ਉਸ ਵਿੱਚ ਗੁਰੂ ਦਾ ਹੁਕਮ ਸੁਣਨ ਦੀ ਅਤੇ ਮੰਨਣ ਦੀ ਤਾਕਤ ਨਹੀਂ ਆਈ ਹੁੰਦੀ। ਹੁਕਮ ਵਿੱਚ ਹੀ ਸੁਖ ਮਿਲਦਾ ਹੈ। ਜਪੁਜੀ ਸਾਹਿਬ ਦੇ ਮੁੱਢ ਵਿਚ ਹੀ ਇਕ ਸਵਾਲ ਕੀਤਾ ਗਿਆ ਹੈ ਕਿ ਸਚਿਆਰ ਕਿਵੇਂ ਹੋਇਆ ਜਾਵੇ ਅਤੇ ਝੂਠ ਦੀ ਕੰਧ ਕਿਵੇਂ ਟੁੱਟੇ? ਇਸਦਾ ਜਵਾਬ ਹੈ ਕਿ ਹੁਕਮ ਅਨੁਸਾਰ ਜੀਵਨ ਬਤੀਤ ਕਰੋ। ਬੰਦਗੀ ਵਿਚ ਹੁਕਮ ਦੀ ਬਹੁਤ ਪ੍ਰਧਾਨਤਾ ਹੈ। ਸਾਧਕ ਗੁਰੂ ਦੇ ਹੁਕਮ ਵਿਚ ਟੋਕਾ ਟਾਕੀ ਨਾ ਕਰੇ। ਸਤਬਚਨ ਕਹਿ ਕੇ ਗੁਰੂ ਦੇ ਹੁਕਮ ਦੀ ਪਾਲਣਾ ਕਰੇ। ਆਤਮ ਸਮਰਪਣ ਆਗਿਆਕਾਰੀ ਬਣਾਉਂਦਾ ਹੈ। ਗੁਰੂ ਨੂੰ ਉਹ ਸਿੱਖ ਚੰਗੇ ਲੱਗਦੇ ਹਨ ਜੋ ਹੁਕਮ ਮੰਨਦੇ ਹਨ। ਸਾਧਕ ਨੇ ਗੁਰੂ ਦਾ ਹੁਕਮ ਮੰਨਣਾ ਹੈ। ਗੁਰੂ ਨੂੰ ਆਪਣੀ ਗੱਲ ਨਹੀਂ ਮਨਾਉਣੀ । ਜਦੋਂ ਤੱਕ ਹੁਕਮ ਨਹੀਂ ਮੰਨਿਆ ਜਾਂਦਾ ਉਦੋਂ ਤੱਕ ਦੁਖ ਰਹਿੰਦਾ ਹੈ।[224] ਸਿੱਖ ਨੇ ਹਾਥੀ ਵਾਂਗ ਹੁਕਮ ਰੂਪੀ ਅੰਕੁਸ਼ ਦੀ ਅਤੇ ਅਹਿਰਣ ਵਾਂਗ ਹੁਕਮ ਰੂਪੀ ਹਥੌੜਿਆਂ ਦੀ ਮਾਰ ਸਹਿਣੀ ਹੈ ਅਤੇ ਸਮਰਪਣ ਧਾਰਨ ਕਰਨਾ ਹੈ।[225] ਉਹ ਸਿੱਖ ਹੀ ਪੂਰ ਪਹੁੰਚਦੇ ਹਨ ਜੋ ਗੁਰੂ ਦੇ ਭਾਣੇ ਵਿਚ ਆਉਂਦੇ ਹਨ। ਜੋ ਆਪਣੀ ਮਰਜ਼ੀ ਨਾਲ ਚੱਲਦੇ ਹਨ, ਉਹ ਚੋਟਾਂ ਖਾਂਦੇ ਹਨ।[226] ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ

---

[219] *ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥* ਰਾਗ ਆਸਾ ਮ: ੧, 474.

[220] *ਸਾਹਿਬੁ ਸੰਕਟਵੈ ਸੇਵਕੁ ਭਜੈ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ॥* ਰਾਗ ਬਸੰਤ, ਭਗਤ ਨਾਮਦੇਵ, 1195.

[221] *ਅਬ ਹਮ ਚਲੀ ਠਾਕੁਰ ਪਹਿ ਹਾਰਿ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥* ਰਾਗ ਦੇਵਗੰਧਾਰੀ ਮ: ੪, 527.

[222] *ਹੋਇ ਨਿਮਾਣਾ ਭਗਤਿ ਕਰਿ ਗੁਰਮੁਖਿ ਧ੍ਰੂ ਹਰਿ ਦਰਸਨ ਪਾਇਆ। ਭਗਤ ਵਛਲ ਹੋਇ ਭੇਟਿਆ ਮਾਣੁ ਨਿਮਾਣੇ ਆਪਿ ਦਿਵਾਇਆ।* ਵਾਰ 4, ਪਉੜੀ 21.

[223] *ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥ ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥* ਸਲੋਕ ਮ: ੯, 1428.

[224] *ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥ ਗੁਰ ਮਿਲਿ ਹੁਕਮ ਪਛਾਣਿਆ ਤਬ ਹੀ ਤੇ ਸੁਖੀਆ॥* ਰਾਗ ਆਸਾ ਮ: ੫, 400.

[225] *ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥* ਰਾਗ ਸੋਰਠ ਮ: ੩, 647.

[226] *ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥* ਰਾਗ ਸੋਰਠ ਮ: ੩, 601.

ਕਿ ਅਸਲ ਪ੍ਰੇਮੀ ਉਹ ਹਨ ਜੋ ਮਾਲਕ ਨਾਲੋਂ ਮੁਖ ਨਹੀਂ ਮੋੜਦੇ। ਜਿਨ੍ਹਾਂ ਨੂੰ ਪ੍ਰੀਤੀ ਕਰਨ ਦੀ ਜਾਚ ਨਹੀਂ ਆਈ ਉਹ ਕੱਚੇ ਹਨ ਅਤੇ ਝੜਦੇ ਹਨ।[227]

**ਰੱਬੀ ਯਾਦ**

ਯਾਦ ਸਾਡੇ ਜੀਵਨ ਦਾ ਅਹਿਮ ਅੰਗ ਹੈ। ਸਾਡੇ ਜੀਵਨ ਦੇ ਸਾਰੇ ਕੰਮ ਹੀ ਯਾਦ ਉਪਰ ਟਿਕੇ ਹੋਏ ਹਨ। ਸਾਡੀ ਵਚਨਬੱਧਤਾ, ਇਕਰਾਰ, ਵਾਅਦਾ ਯਾਦ ਉਪਰ ਹੀ ਟਿਕਿਆ ਹੋਇਆ ਹੈ। ਰੱਬੀ ਯਾਦ ਹੀ ਸਿਮਰਨ ਹੈ। ਸਾਧਕ ਵੱਲੋਂ ਰੱਬ ਨੂੰ ਯਾਦ ਉਸਦੇ ਨਾਮ ਨਾਲ ਕੀਤਾ ਜਾਂਦਾ ਹੈ। ਇਸ ਕਰਕੇ ਗੁਰਮਤਿ ਵਿਚ ਭਗਤੀ ਨੂੰ ਨਾਮ ਭਗਤੀ ਕਿਹਾ ਹੈ। ਮਨੋਵਿਗਿਆਨਕ ਤੌਰ ਤੇ ਵੀ ਯਾਦ ਹੱਦਾਂ ਅਤੇ ਸਰਹੱਦਾਂ ਦੀ ਬੰਦਿਸ਼ ਤੋਂ ਬਿਨਾਂ ਪਿਆਰੇ ਤੱਕ ਪਹੁੰਚ ਜਾਂਦੀ ਹੈ। ਗੁਰਬਾਣੀ ਨੇ ਵਾਰ-ਵਾਰ ਰੱਬ ਨੂੰ ਯਾਦ ਕਰਨ ਅਤੇ ਉਸਦਾ ਨਾਮ ਜਪਣ ਦੀ ਗੱਲ ਕਹੀ ਹੈ। ਗੁਰੂ ਤੋਂ ਨਾਮ ਦੀ ਦਾਤ ਮੰਗੀ ਜਾਂਦੀ ਹੈ।[228] ਸਿਮਰਤੀਆਂ, ਵੇਦ, ਪੁਰਾਨ ਅਤੇ ਪੋਥੀਆਂ ਦਾ ਵੀ ਸਾਰ ਇਹ ਹੀ ਹੈ ਕਿ ਨਾਮ ਬਿਨਾਂ ਸਭ ਝੂਠ ਹੈ।[229] ਨਾਮ ਤੋਂ ਹੀ ਸਾਰੀ ਉਤਪਤੀ ਹੋਈ ਹੈ।[230] ਉਹ ਯਾਦ ਹੀ ਕੀ ਜਿਸ ਵਿਚ ਪਿਆਰਾ ਵਿਸਰਿਆ ਹੋਵੇ। ਯਾਦ ਪਿਆਰ ਨੂੰ ਹੋਰ ਪਕੇਰਾ ਬਣਾਉਂਦੀ ਹੈ। ਯਾਦ ਨਾ ਹੋਵੇ ਤਾਂ ਪਿਆਰ ਪਿਆਰ ਨਹੀਂ ਰਹਿੰਦਾ। ਭਾਈ ਨੰਦ ਲਾਲ ਜੀ ਨੇ ਰੱਬੀ ਪਿਆਰ ਨੂੰ ਹੀ ਰੱਬੀ ਯਾਦ ਕਿਹਾ ਹੈ। ਇਹ ਯਾਦ ਸੁਖ, ਭੁਖ ਅਤੇ ਦੁਖ ਤੋਂ ਪਰ੍ਹੇ ਹੁੰਦੀ ਹੈ। ਸਾਧਕ ਰੱਬ ਨੂੰ ਯਾਦ ਇਸ ਕਰਕੇ ਨਹੀਂ ਕਰ ਰਿਹਾ ਕਿ ਇਸ ਨਾਲ ਉਸਨੂੰ ਬਹੁਤ ਧਨ ਦੌਲਤ ਪ੍ਰਾਪਤ ਹੋਵੇਗੀ। ਉਹ ਤਾਂ ਬੰਦਗੀ ਮਾਲਕ ਦੀ ਖੁਸ਼ੀ ਲਈ ਕਰ ਰਿਹਾ ਹੈ। ਭਗਤ ਨਾਮਦੇਵ ਜੀ ਇਸ ਅਵਸਥਾ ਨੂੰ ਬਿਆਨ ਕਰਦਿਆਂ ਫ਼ਰਮਾਉਂਦੇ ਹਨ ਕਿ ਜੇ ਮੈਨੂੰ ਰਾਜ ਮਿਲੇ ਤਾਂ ਵੀ ਅਤੇ ਜੇ ਭੀਖ ਮੰਗਣੀ ਪਵੇ ਤਾਂ ਵੀ ਮਾਲਕ ਦੀ ਯਾਦ ਨਾ ਛੱਡਾਂ।[231] ਯਾਦ ਵਿਚ ਦੁਖ-ਦੁਖ ਨਹੀਂ ਰਹਿੰਦੇ। ਦੁਖ ਵੀ ਰੱਬ ਦੀਆਂ ਦਾਤਾਂ ਬਣ ਜਾਂਦੇ ਹਨ। ਰੱਬੀ ਯਾਦ ਕਿਵੇਂ ਦੀ ਹੋਵੇ। ਇਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਮਿਸਾਲ ਹੈ। ਗੁਰੂ ਜੀ ਨੇ ਪਿਤਾ ਦਾ ਪਿਆਰ, ਆਨੰਦਪੁਰ, ਮਾਤਾ, ਚਾਰ ਸਾਹਿਬਜ਼ਾਦੇ ਅਤੇ ਜਾਨਾਂ ਤੋਂ ਪਿਆਰੇ ਸਿੰਘ ਛੱਡ ਦਿੱਤੇ ਸਨ। ਮਾਛੀਵਾੜੇ ਦੇ ਜੰਗਲਾਂ ਵਿੱਚ, ਅਨੇਕ ਦੁਖਾਂ ਵਿਚ ਵੀ ਪ੍ਰਭੂ ਦੀ ਯਾਦ ਨਹੀਂ ਛੱਡੀ ਸੀ। ਆਪ ਜੀ ਨੇ ਆਪਣੇ ਆਪ ਨੂੰ ਮੁਰੀਦ ਕਿਹਾ ਅਤੇ ਰੱਬ ਨੂੰ 'ਮਿੱਤਰ ਪਿਆਰਾ' ਕਹਿ ਕੇ ਯਾਦ ਕੀਤਾ। ਰੱਬੀ ਯਾਦ ਬਿਨਾਂ, ਰਜਾਈਆਂ ਰੋਗ ਹਨ ਅਤੇ ਨਾਗਾਂ ਵਿੱਚ ਰਹਿਣ ਬਰਾਬਰ ਹਨ। ਸੁਰਾਹੀ ਸੂਲ ਵਾਂਗ ਹੈ, ਪਿਆਲਾ ਖੰਜਰ ਵਾਂਗ ਹੈ, ਜੀਵਨ ਜਿਉਣਾ ਕਸਾਈਆਂ ਦੇ ਜ਼ੁਲਮ ਸਹਿਣ ਬਰਾਬਰ ਹੈ। ਰੱਬੀ ਯਾਦ ਵਿੱਚ ਜ਼ਮੀਨ ਤੇ ਰਹਿਣਾ

---

[227] *ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥ ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ ਕਾਰਿ ਨ ਆਈ॥* ਸਲੋਕ ਵਾਰਾਂ ਤੇ ਵਧੀਕ ਮ: ੫, 1425.

[228] *ਵਿਸਰੁ ਨਾਹੀ ਦਾਤਾਰ ਅਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥*ਰਾਗ ਸੂਹੀ ਮ: ੫, 762.

[229] *ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥* ਰਾਗ ਸੂਹੀ ਮ: ੫, 761.

[230] *ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥* ਰਾਗ ਸੂਹੀ ਮ: ੩, 753.

[231] *ਜੌ ਰਾਜੁ ਦੇਹਿ ਤ ਕਵਨ ਬਡਾਈ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥ ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ॥ ਬਹੁਰਿ ਨ ਹੋਇ ਤੇਰਾ ਆਵਨ ਜਾਨੁ॥* ਰਾਗ ਗੂਜਰੀ, ਭਗਤ ਨਾਮਦੇਵ, 525.

ਮਨਜ਼ੂਰ ਹੈ ਅਤੇ ਯਾਦ ਬਿਨਾਂ ਖੁਸ਼ੀਆਂ ਭੱਠੀਆਂ ਵਿੱਚ ਪੈਣ ਬਰਾਬਰ ਹਨ।[232] ਭਾਈ ਨੰਦ ਲਾਲ ਜੀ ਨੇ ਪਿਆਰ ਨੂੰ ਯਾਦ ਕਿਹਾ ਹੈ। ਰੱਬ ਦੇ ਪਿਆਰ ਤੋਂ ਭਾਵ ਹੈ ਰੱਬੀ ਯਾਦ ਕਿਉਂਕਿ ਉਸਦੀ ਜਾਦੂ ਵਰਗੀ ਨਜ਼ਰ ਸਾਡੇ ਲਈ ਰਸਾਇਣ ਵਾਂਗ ਹੈ।[233] ਜੇਕਰ ਤੂੰ ਰੱਬ ਦੇ ਪਿਆਰ ਦਾ ਸਬਕ ਪੜ੍ਹਨਾ ਹੈ ਤਾਂ ਰੱਬ ਨੂੰ ਯਾਦ ਕਰ, ਤੂੰ ਬਸ ਰੱਬ ਦੀ ਯਾਦ ਕਰ।[234] ਹੇ ਭਾਈ ਕੀ ਤੈਨੂੰ ਪਤਾ ਹੈ ਰੱਬ ਦੀ ਯਾਦ ਕੀ ਹੁੰਦੀ ਹੈ ਅਤੇ ਇਨ੍ਹਾਂ ਸਾਰੇ ਦਿਲਾਂ ਵਿੱਚ ਕੌਣ ਵੱਸਦਾ ਹੈ।[235] ਜਦ ਤੈਨੂੰ ਪਤਾ ਲੱਗ ਗਿਆ ਕਿ ਸਾਰੇ ਦਿਲਾਂ ਵਿੱਚ ਰੱਬ ਵੱਸਦਾ ਹੈ ਤਾਂ ਤੂੰ ਹਰ ਦਿਲ ਦੀ ਇੱਜ਼ਤ ਕਰਨਾ ਤੇਰਾ ਮਨੋਰਥ ਹੋਣਾ ਚਾਹੀਦਾ ਹੈ।[236] ਇਹੀ ਰੱਬ ਦੀ ਯਾਦ ਹੈ, ਹੋਰ ਕੋਈ ਯਾਦ ਨਹੀਂ, ਜਿਸ ਕਿਸੇ ਨੂੰ ਅਜਿਹਾ ਫ਼ਿਕਰ ਨਹੀਂ ਉਹ ਖੁਸ਼ ਨਹੀਂ ਹੈ।[237] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਦੀ ਯਾਦ ਨੂੰ ਜੀਵਨ ਅਤੇ ਉਸਨੂੰ ਵਿਸਰਨ ਨੂੰ ਮੌਤ ਕਿਹਾ ਹੈ।[238] ਦੁਖ ਉਦੋਂ ਹੀ ਲੱਗਦੇ ਹਨ ਜਦੋਂ ਰੱਬ ਵਿਸਰ ਜਾਂਦਾ ਹੈ।[239]

### ਮਨ ਦਾ ਵਸੀਕਰਨ

ਮਨ ਸਾਡਾ ਕੇਂਦਰੀ ਧੁਰਾ ਹੈ। ਮਨ ਨੂੰ ਵਸ ਵਿਚ ਕਰਨਾ ਭਾਵ ਦੈਵੀ ਬਿਰਤੀ ਵਾਲਾ ਬਣਾਉਣਾ ਬੰਦਗੀ ਹੈ। ਮਨ ਬਹੁਤ ਸ਼ਕਤੀਸ਼ਾਲੀ ਅਤੇ ਸੂਖਮ ਹੈ। ਗੁਰਬਾਣੀ ਦੇ ਬਹੁਤੇ ਸੁਨੇਹੇ ਮਨ ਨੂੰ ਹੀ ਹਨ। ਮਨ ਪੰਛੀ ਵਰਗਾ ਹੈ। ਮਨ ਹਾਥੀ ਵਰਗਾ ਹੈ। ਮਨ ਡੱਡੂ ਵਰਗਾ ਹੈ। ਇਹ ਜਿਵੇਂ ਦੀ ਸੰਗਤ ਵਿਚ ਬੈਠਦਾ ਹੈ ਉਹੋ ਜਿਹੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਮਨ ਉਦੋਂ ਵੱਸ ਵਿਚ ਆਉਂਦਾ ਹੈ ਜਦੋਂ ਪੂਰਨ ਕਿਰਪਾ ਹੁੰਦੀ ਹੈ।[240] ਉਪਰ ਅਸੀਂ ਵਿਚਾਰਿਆ ਸੀ ਕਿ ਜੋ ਕਰੜੀ ਘਾਲ ਤੋਂ ਬਾਅਦ ਵੀ ਸੰਭਵ ਨਹੀਂ ਹੁੰਦਾ ਕਿਰਪਾ ਉਹ ਛੇਤੀ ਕਰਵਾ ਦਿੰਦੀ ਹੈ। ਮਨ ਇਕ ਰਸ ਹੋ ਜਾਂਦਾ ਹੈ। ਲੋਭ ਕਰਕੇ ਇਹ ਮਨ ਕਦੇ ਉਪਰ ਜਾਂਦਾ ਸੀ, ਕਦੇ ਥੱਲੇ ਜਾਂਦਾ ਸੀ। ਇਕ ਥਾਂ ਤੇ ਨਹੀਂ ਬੈਠਦਾ ਸੀ ਪਰ ਹੁਣ ਇਹ ਵੱਸ ਵਿਚ ਆ ਗਿਆ ਹੈ। ਇਸ ਨੂੰ ਨਿੱਜ ਘਰ ਵਿਚ ਵਾਸਾ ਪ੍ਰਾਪਤ ਕਰਨਾ ਵੀ ਕਹਿੰਦੇ ਹਨ। ਇਸ ਮਨ ਨੂੰ ਸਥਿਰਤਾ ਪ੍ਰਾਪਤ ਹੋਈ ਹੈ। ਹੁਣ ਇਸਦੀ ਭਟਕਣ ਖਤਮ ਹੋ ਗਈ ਹੈ। ਇਸਨੂੰ ਸਮਦ੍ਰਿਸ਼ਟੀ ਪ੍ਰਾਪਤ ਹੋਈ ਹੈ। ਪਰਾਇਆ ਧਨ ਅਤੇ ਤਨ ਇਸ ਉਪਰ ਕੋਈ ਅਸਰ ਨਹੀਂ ਕਰਦਾ। ਇਹ ਨਿਰਲੇਪ ਹੋ ਗਿਆ ਹੈ ਜਿਵੇਂ ਕਮਲ ਅਤੇ ਮੁਰਗਾਬੀ ਹੁੰਦੇ ਹਨ। ਇਸ ਮਨ ਨੂੰ ਗੁਰੂ ਦਾ ਸ਼ਬਦ ਰੂਪੀ ਪੈਖਰ ਪੈ ਗਿਆ ਹੈ। ਮਨ ਵਿੱਚ ਸ਼ਾਤੀ ਆ ਜਾਂਦੀ ਹੈ।

---

[232] *ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ। ਤੁਧੁ ਬਿਨੁ ਰੋਗ ਰਜਾਇਯਾ ਦਾ ਓਢਣੁ ਨਾਗ ਨਿਵਾਸਾ ਦਾ ਰਹਣਾ। ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਇਯਾ ਦਾ ਸਹਣਾ। ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆ ਦੇ ਰਹਣਾ।* ਰਤਨ ਸਿੰਘ ਜੱਗੀ, *ਸ੍ਰੀ ਦਸਮ ਗ੍ਰੰਥ ਸਾਹਿਬ ਪਾਠ ਸੰਪਾਦਨ ਅਤੇ ਵਿਆਖਿਆ,* ਪੰਨਾ-384.

[233] *ਸ਼ੌਕਿ ਮੌਲਾ ਮਾਅਨੀਏ ਜ਼ਿਕਰਿ ਖ਼ੁਦਾ ਸਤ, ਕਾਂ ਤਲਿਸਮਿ ਚਸ਼ਮ ਮਾ ਰਾ ਕੀਮੀਆ ਸਤ॥17॥* ਡਾ. ਗੰਡਾ ਸਿੰਘ, *ਉਹੀ,* ਪੰਨਾ-79.

[234] *ਗਰ ਤੂ ਮੀਖਾਨੀ ਜ਼ਿ ਇਸ਼ਕਿ ਹੱਕ ਸਬਕ ਯਾਦਿ ਹੱਕ ਕੁਨ ਯਾਦਿ ਹੱਕ ਕੁਨ ਯਾਦਿ ਹੱਕ॥* 78॥ ਉਹੀ, ਪੰਨਾ-86.

[235] *ਚੂੰ ਦਰੂਨਿ ਜੁਮਲਾ ਦਿਲਹਾ ਸਾਇ ਊ ਸਤ, ਖਾਨਾਇ ਦਿਲ ਮੰਜ਼ਲੋ ਮਾਵਾਇ ਊ ਸਤ॥*71॥ ਉਹੀ, ਪੰਨਾ- 86.

[236] *ਚੂੰ ਬਿਦਾਨਿਸਤੀ ਕਿ ਦਰ ਦਿਲਹਾ ਖ਼ੁਦਾ ਸਤ, ਪਸ ਤੁਰਾ ਆਦਾਬਿ ਹਰ ਦਿਲ ਮੁਕਾਮਾ ਸਤ॥81॥* ਉਹੀ, ਪੰਨਾ- 86.

[237] *ਯਾਦਿ ਹੱਕ ਈਨਾਸਤੋ ਦੀਗਰ ਯਾਦ ਨੀਸਤ, ਹਰ ਕਿਰਾ ਈਂ ਗ਼ਮ ਨ ਬਾਸ਼ਦ ਸ਼ਾਦ ਨੀਸਤ॥82॥* ਉਹੀ, ਪੰਨਾ- 86.

[238] *ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ॥* ਰਾਗ ਆਸਾ ਮ: ੧, 9.

[239] *ਦੁਖੁ ਤਦੇ ਜਾ ਵਿਸਰਿ ਜਾਵੈ॥ ਭੁਖ ਵਿਆਪੈ ਬਹੁ ਬਿਧਿ ਧਾਵੈ॥* ਰਾਗ ਮਾਝ ਮ: ੫, 98.

[240] *ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥ ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥* ਰਾਗ ਥਿਤੀ ਗਉੜੀ ਮ: ੫, 298.

ਕਾਹਲਪੁਣਾ ਖਤਮ ਹੋ ਜਾਂਦਾ ਹੈ। ਸਾਧਕ ਦਾ ਮਨ ਹਮੇਸ਼ਾ ਪਰਉਪਕਾਰ ਚਿਤਵਦਾ ਹੈ। ਇਹ ਆਪਣੇ ਭਲੇ ਨਾਲੋਂ ਦੂਸਰਿਆਂ ਦਾ ਭਲਾ ਸੋਚਦਾ ਹੈ। ਇਹ ਮਨ ਗੰਗਾ ਜਲ ਵਾਂਗ ਨਿਰਮਲ ਹੋ ਗਿਆ ਹੈ। ਅਜਿਹੇ ਸਾਧਕਾਂ ਦੇ ਪਿੱਛੇ ਰੱਬ ਲੱਗਿਆ ਹੋਇਆ ਹੈ।[241] ਕਬੀਰ ਜੀ ਨੇ ਮਨ ਨੂੰ ਵੱਸ ਵਿਚ ਆਉਣ ਤੋਂ ਬਾਅਦ ਦਾ ਪ੍ਰਸੰਗ ਵੀ ਬਿਆਨ ਕੀਤਾ ਹੈ। ਸਾਧਕ ਨੂੰ ਪਤਾ ਲੱਗਾ ਕਿ ਮਾਲਕ ਹਿਰਦੇ ਵਿਚ ਵਸਦਾ ਹੈ। ਸਾਧਕ ਨੇ ਮਨ ਨੂੰ ਮਨਾ ਲਿਆ ਹੈ। ਹੁਣ ਮਨ ਤਾਂ ਮੰਨ ਗਿਆ ਹੈ ਪਰ ਲੋਕ ਨਹੀਂ ਮੰਨਦੇ, ਪਤੀਜਦੇ ਨਹੀਂ ਹਨ। ਫੇਰ ਸਾਧਕ ਕੀ ਕਰੇ? ਸਾਧਕ ਲੋਕਾਂ ਦੀ ਪ੍ਰਵਾਹ ਨਾ ਕਰੇ। ਜੇ ਨਹੀਂ ਮੰਨਦੇ ਤਾਂ ਨਾ ਮੰਨਣ।[242] ਜਪੁਜੀ ਸਾਹਿਬ ਦੀਆਂ 12 ਤੋਂ 15 ਤੱਕ ਚਾਰ ਪੌੜੀਆਂ ਮੰਨਣ ਵਾਲਿਆਂ ਦਾ ਜ਼ਿਕਰ ਕਰਦੀਆਂ ਹਨ। ਮਨ ਦਾ ਮਕਸਦ ਹੀ ਮੰਨਣਾ ਹੁੰਦਾ ਹੈ। ਮੰਨਣ ਵਾਲੇ ਦੀ ਦਸ਼ਾ ਦੱਸੀ ਨਹੀਂ ਜਾ ਸਕਦੀ। ਜੇਕਰ ਕੋਈ ਇਸ ਅਵਸਥਾ ਨੂੰ ਬਿਆਨ ਵੀ ਕਰਨਾ ਚਾਹੁੰਦਾ ਹੈ ਤਾਂ ਨਿਰਾਸ਼ਾ ਹੀ ਹੱਥ ਲੱਗਦੀ ਹੈ। ਕਾਗਜ਼ ਅਤੇ ਕਲਮ ਨਾਲ ਵੀ ਇਹ ਅਵਸਥਾ ਲਿਖੀ ਨਹੀਂ ਜਾ ਸਕਦੀ। ਇਸਦਾ ਪਤਾ ਮੰਨਣ ਵਾਲੇ ਨੂੰ ਹੀ ਹੁੰਦਾ ਹੈ।[243] ਮਨ ਨੂੰ ਸੀਤਲਤਾ ਪ੍ਰਾਪਤ ਹੁੰਦੀ ਹੈ।[244] ਮਨ ਦੀ ਕਠੋਰਤਾ ਮਿਟ ਜਾਂਦੀ ਹੈ। ਮਨ ਨਰਮ ਹੋ ਜਾਂਦਾ ਹੈ। ਮਨ ਦੇ ਵੱਸ ਵਿਚ ਆਉਣ ਨੂੰ ਮਨ ਮਾਰਨਾ ਅਤੇ ਮਨ ਨੂੰ ਜਿੱਤਣਾ ਕਿਹਾ ਗਿਆ ਹੈ। ਮਨ ਦਾ ਜਿੱਤਣਾ ਇਸ ਤਰ੍ਹਾਂ ਹੈ ਜਿਵੇਂ ਕਿਸੇ ਸੂਰਮੇ ਨੇ ਜੱਗ ਜਿੱਤ ਲਿਆ ਹੋਵੇ।[245] ਜਦੋਂ ਮਨ ਇੱਕ ਨਾਲ ਜੁੜਦਾ ਹੈ ਤਾਂ ਇਸ ਵਿਚ ਇਕਾਗਰਤਾ ਆਉਂਦੀ ਹੈ। ਇਸਦਾ ਚਿਤ ਸਥਿਰ ਹੋ ਜਾਂਦਾ ਹੈ।[246] ਨਾਸਮਝ ਮਨ ਨੂੰ ਸਾਧਸੰਗਤ ਵਿੱਚੋਂ ਸਮਝ ਆ ਗਈ ਹੈ। ਹੁਣ ਇਹ ਡੋਲਦਾ ਨਹੀਂ ਅਤੇ ਸਤਿ ਵਿਚ ਲੀਨ ਹੋ ਗਿਆ ਹੈ।[247] ਗੁਰੂ ਦੀ ਕਿਰਪਾ ਨਾਲ ਇਹ ਮਨ ਸਥਿਰ ਹੋਇਆ ਹੈ ਅਤੇ ਇਸਨੂੰ ਰੱਜ ਆਇਆ ਹੈ।[248]

### ਬੰਦਗੀ ਸੁਭਾਅ ਹੈ

ਬੰਦਗੀ ਕੋਈ ਵੱਖਰੀ ਤਰ੍ਹਾਂ ਦਾ ਵਿਸ਼ਾ ਨਹੀਂ ਹੈ। ਇਹ ਅਜਿਹੀ ਲਗਨ ਹੈ ਜੋ ਪਰਮਾਤਮਾ ਵੱਲੋਂ ਆਪ ਹੀ ਸਾਰਿਆਂ ਦੇ ਅੰਦਰ ਲਾਈ ਹੋਈ ਹੈ। ਭਗਤੀ ਸੁਭਾਅ ਨਾਲ ਸਬੰਧਿਤ ਹੈ। ਗੁਰਮਤਿ ਅਨੁਸਾਰ ਭਗਤੀ ਸਾਰੇ ਤੱਤਾਂ ਵਿਚ ਵਿਦਮਾਨ ਹੈ। ਪਉਣ, ਪਾਣੀ, ਅਗਨੀ ਅਕਾਲਪੁਰਖ ਦੇ ਹੁਕਮ ਵਿਚ ਭਗਤੀ ਕਰ ਰਹੇ ਹਨ।[249] ਅਗਨੀ ਦਾ ਸੁਭਾਅ ਤੇਜ ਦਾ ਹੈ, ਜਲ ਦਾ ਸੁਭਾਅ ਠੰਡਕ ਦਾ ਹੈ, ਪੌਣ ਦਾ ਸੁਭਾਅ ਰੁਮਕਣ ਦਾ ਹੈ। ਜਲ ਦਾ ਸੁਭਾਅ ਪਿਆਸ ਸ਼ਾਂਤ ਕਰਨੀ ਅਤੇ ਜਵਾਲਾ ਦਾ ਸੁਭਾਅ ਨਿੱਘ ਦੇਣਾ ਹੈ। ਇਸ ਤਰ੍ਹਾਂ

---

241 *ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥* ਸਲੋਕ, ਭਗਤ ਕਬੀਰ, 1367.

242 *ਮਨ ਮਾਨੇ ਲੋਗੁ ਨ ਪਤੀਜੈ॥ ਨ ਪਤੀਜੈ ਤਉ ਕਿਆ ਕੀਜੈ॥* ਰਾਗ ਸੋਰਠ, ਭਗਤ ਕਬੀਰ, 656.

243 *ਮੰਨੇ ਕੀ ਗਤਿ ਕਹੀ ਨ ਜਾਇ॥ਜੇ ਕੋ ਕਹੈ ਪਿਛੈ ਪਛੁਤਾਇ॥ਕਾਗਦਿ ਕਲਮ ਨ ਲਿਖਣਹਾਰ॥ਮੰਨੇ ਕਾ ਬਹਿ ਕਰਨਿ ਵਿਚਾਰੁ॥ਐਸਾ ਨਾਮੁ ਨਿਰੰਜਨ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥* ਜਪੁ, 3.

244 *ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥* ਰਾਗ ਮਾਝ ਮ: ੫,103.

245 *ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥* ਜਪੁ, 6.

246 *ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ॥* ਰਾਗ ਸਿਰੀਰਾਗ ਮ: ੫, 44.

247 *ਮਨ ਅਸਮਝੁ ਸਾਧਸੰਗਿ ਪਤੀਆਨਾ॥ ਡੋਲਨ ਤੇ ਚੂਕਾ ਠਹਰਾਇਆ॥ ਸਤਿ ਮਾਹਿ ਲੇ ਸਤਿ ਸਮਾਇਆ॥* ਰਾਗ ਰਾਮਕਲੀ, ਮ: ੫, 890.

248 *ਗੁਰ ਪ੍ਰਸਾਦਿ ਮਨੁ ਅਸਥਿਰੁ ਹੋਵੈ ਅਨਦਿਨੁ ਹਰਿ ਰਸਿ ਰਹਿਆ ਅਘਾਈ॥ਰਹਾਉ॥* ਰਾਗ ਪ੍ਰਭਾਤੀ ਮ: ੩, 1333.

249 *ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ॥* ਰਾਗ ਰਾਮਕਲੀ ਮ: ੩, 948.

ਮਨੁੱਖ ਦਾ ਸੁਭਾਅ ਬੰਦਗੀ ਕਰਨਾ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਬੰਦਗੀ ਮਨੁੱਖੀ ਸੁਭਾਅ ਦਾ ਵੀ ਅਹਿਮ ਅੰਗ ਹੈ। ਇਸ ਤੋਂ ਬਿਨਾਂ ਮਨੁੱਖ-ਮਨੁੱਖ ਨਹੀਂ ਦਾਨਵ ਹੈ। ਕਹਿਣ ਦਾ ਭਾਵ ਇਹ ਹੈ ਕਿ ਹਰ ਸ਼ੈ ਦਾ ਕੋਈ ਨਾ ਕੋਈ ਸੁਭਾਅ ਹੁੰਦਾ ਹੈ। ਉਹ ਜਦੋਂ ਆਪਣੇ ਸੁਭਾਅ ਤੋਂ ਉਲਟ ਹੋ ਜਾਂਦਾ ਹੈ ਤਾਂ ਸਮਾਜ ਲਈ ਵੀ ਬਾਧਾ ਬਣਦਾ ਹੈ ਅਤੇ ਆਪਣਾ ਵੀ ਨੁਕਸਾਨ ਕਰਵਾ ਲੈਂਦਾ ਹੈ। ਗੁਰਮਤਿ ਨੇ ਬੰਦਗੀ ਕਰਨ ਵਾਲਿਆਂ ਨੂੰ ਹੰਸ ਕਿਹਾ ਹੈ। ਹੰਸ ਇੱਕ ਪੰਛੀ ਹੈ ਜੋ ਮੋਤੀਆਂ ਦਾ ਆਹਾਰ ਕਰਦਾ ਹੈ। ਉਸ ਦਾ ਖਾਣਾ ਡੱਡੀਆਂ, ਮੱਛੀਆਂ ਨਹੀਂ ਹਨ ਪਰ ਜੇਕਰ ਹੰਸ ਗੰਦਗੀ ਖਾਣ ਲੱਗ ਪਵੇ ਤਾਂ ਉਹ ਆਪਣੇ ਸੁਭਾਅ ਤੋਂ ਉਲਟ ਹੋ ਜਾਵੇਗਾ। ਅਜਿਹੇ ਸਾਧਕ ਜੋ ਬੰਦਗੀ ਦੇ ਸੁਭਾਅ ਤੋਂ ਉਲਟ ਹੋ ਗਏ ਹਨ। ਉਨ੍ਹਾਂ ਪ੍ਰਤੀ ਬਾਬਾ ਫ਼ਰੀਦ ਜੀ ਆਖਦੇ ਹਨ ਕਿ ਹੇ ਜੀਵ ਤੈਨੂੰ ਦਿਨ ਦਾ ਸੌ ਅਤੇ ਰਾਤ ਦਾ ਹਜ਼ਾਰ ਉਲਾਹਮਾ ਰੱਬ ਵੱਲੋਂ ਮਿਲਦਾ ਹੈ। ਤੂੰ ਸਿਫਤ ਸਲਾਹ ਛੱਡ ਦਿੱਤੀ ਹੈ ਜਿਵੇਂ ਕੋਈ ਹੰਸ ਮੋਤੀਆਂ ਦਾ ਖਾਣਾ ਛੱਡਕੇ ਕਰੰਗਾਂ ਨੂੰ ਮੂੰਹ ਮਾਰਦਾ ਹੋਵੇ।[250] ਮਨੁੱਖ ਦਾ ਮੂਲ਼ ਹੀ ਦੈਵੀ ਹੈ। ਇਹ ਮਨੁਖ ਉਪਰ ਥੋਪਿਆ ਹੋਇਆ ਕਾਰਜ ਨਹੀਂ ਹੈ। ਮਨੁੱਖ ਪਰਮਾਤਮਾ ਦੀ ਅੰਸ਼ ਹੈ। ਇਸ ਨੇ ਰੱਬ ਵਰਗੇ ਗੁਣਾਂ ਵਾਲਾ ਬਣਨਾ ਹੈ। ਇਹ ਅਜਿਹਾ ਸੁਭਾਅ ਹੈ ਜੋ ਪਰਮਾਤਮਾ ਵੱਲੋਂ ਹਰ ਪ੍ਰਾਣੀ ਮਾਤਰ ਵਿੱਚ ਪਾਇਆ ਗਿਆ ਹੈ। ਇਸ ਕਰਕੇ ਹੀ ਗੁਰਮਤਿ ਦਾ ਹਰ ਉਪਦੇਸ਼ ਮਨੁੱਖ ਨੂੰ ਉਸਦੇ ਪਿਛੋਕੜ ਦੀ ਯਾਦ ਦਿਵਾਉਂਦਾ ਹੈ। ਦੈਵੀ ਗੁਣਾਂ ਨੂੰ ਪ੍ਰਬਲ ਕਰਨਾ ਹੀ ਬੰਦਗੀ ਹੈ। ਦੇਵ ਅਤੇ ਦਾਨਵ ਦਾ ਪ੍ਰਸੰਗ ਬਹੁਤ ਪੁਰਾਣਾ ਹੈ। ਹਰ ਪ੍ਰਾਣੀ ਅੰਦਰ ਦੋ ਤਰ੍ਹਾਂ ਦੀਆਂ ਸ਼ਕਤੀਆਂ ਵਾਸਾ ਕਰਦੀਆਂ ਹਨ। ਚੰਗੇ ਬੁਰੇ ਖਿਆਲ ਹਰ ਵਿਅਕਤੀ ਦੇ ਮਨ ਅੰਦਰ ਆਉਂਦੇ ਹਨ। ਇਹ ਹੀ ਕਾਰਨ ਹੈ ਕਿ ਜੋ ਵਿਅਕਤੀ ਚੰਗੇ ਅਮਲ ਕਰਦੇ ਹਨ ਅਸੀਂ ਉਨ੍ਹਾਂ ਨੂੰ ਸਾਧੂ, ਗੁਰਮੁਖ ਆਖ ਦਿੰਦੇ ਹਾਂ ਅਤੇ ਜੋ ਵਿਅਕਤੀ ਬੁਰੇ ਕੰਮ ਕਰਦੇ ਹਨ ਅਸੀਂ ਉਨ੍ਹਾਂ ਨੂੰ ਚੋਰ, ਕਾਤਲ ਕਹਿ ਦਿੰਦੇ ਹਾਂ।

**ਗ੍ਰਹਿਸਤ**

ਗੁਰਮਤਿ ਵਿਚ ਬੰਦਗੀ ਦਾ ਬੂਟਾ ਸਮਾਜ ਦੇ ਧਰਾਤਲ 'ਤੇ ਪ੍ਰਫੁੱਲਿਤ ਹੁੰਦਾ ਹੈ। ਸਮਾਜ ਸਾਡਾ ਅਟੁੱਟ ਅੰਗ ਹੈ। ਗੁਰਮਤਿ ਵਿੱਚ ਸਮਾਜਿਕ ਵਿਹਾਰਕ ਜੀਵਨ ਲਈ ਪ੍ਰਚੱਲਿਤ ਸ਼ਬਦ ਗ੍ਰਹਿਸਤ ਹੈ। ਗੁਰੂ ਘਰ ਵਿਚ ਬਾਬਾ ਬੁੱਢਾ ਜੀ ਤੋਂ ਬਾਅਦ ਭਾਈ ਗੁਰਦਾਸ ਜੀ ਅਜਿਹੇ ਸਿੱਖ ਹਨ ਜਿਨ੍ਹਾਂ ਨੇ ਗੁਰੂ ਘਰ ਦੇ ਵਰਤੋਂ ਵਿਹਾਰ ਨੂੰ ਲੰਮਾ ਸਮਾਂ ਅੱਖੀਂ ਵੇਖਿਆ ਹੈ। ਭਾਈ ਗੁਰਦਾਸ ਜੀ ਗ੍ਰਹਿਸਤ ਨੂੰ ਛਿਲਕੇ ਵਾਂਗ ਦੱਸਦੇ ਹਨ। ਛਿਲਕਾ ਸ਼ਰਮ ਦਾ ਲਖਾਇਕ ਵੀ ਹੈ। ਚੌਲ ਉਪਰ ਚੜ੍ਹਿਆ ਛਿਲਕਾ ਬੀਜ ਨੂੰ ਜੰਮਣ ਵਿਚ ਮਦਦ ਕਰਦਾ ਹੈ। ਛਿਲਕੇ ਕਰਕੇ ਚੌਲ ਨੂੰ ਘੁਣ ਵੀ ਨਹੀਂ ਲੱਗਦਾ ਪਰ ਜੇਕਰ ਛਿਲਕਾ ਉਤਰ ਜਾਏ ਤਾਂ ਚੌਲ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਉਹ ਸਾਡੇ ਭੋਜਨ ਦਾ ਹਿੱਸਾ ਬਣ ਜਾਂਦਾ ਹੈ। ਇਸ ਤਰ੍ਹਾਂ ਗ੍ਰਹਿਸਤ ਛਿਲਕੇ ਵਾਂਗ ਗੁਰਮਤਿ ਦੇ ਪਾਂਧੀ ਦਾ ਮਾਰਗ ਦਰਸ਼ਨ ਕਰਦਾ ਹੈ।[251] ਇਕ ਹੋਰ ਥਾਂ ਭਾਈ ਸਾਹਿਬ ਜ਼ਿਕਰ ਕਰਦੇ ਹਨ

---

[250] *ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥* ਰਾਗ ਸੂਹੀ ਮ: ੧, 790.

[251] *ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋ,ਦੇਹ ਧਾਰ ਕਰਤ ਹੈ ਪਰਉਪਕਾਰ ਜੀ।*
*ਤੁਸ ਮੈ ਤੰਦੁਲ ਨਿਰਬਿਘਨ ਲਾਗੈ ਨ ਘੁਨੁ,ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ।*
*ਤੁਸ ਸੈ ਨਿਕਸਿ ਹੋਇ ਭਗਨ ਮਲੀਨ ਰੂਪ, ਸਵਾਦ ਕਰਵਾਇ ਰਾਧੈ ਰਹੈ ਨ ਸੰਸਾਰ ਜੀ।*

ਕਿ ਜੱਗ ਜਾਣਦਾ ਹੈ ਕਿ ਜਿਵੇਂ ਨਦੀਆਂ ਵਿਚੋਂ ਸੁਮੰਦਰ ਵੱਡਾ ਹੈ, ਪਰਬਤਾਂ ਚੋਂ ਸੁਮੇਰ ਵੱਡਾ ਹੈ, ਦਰਖਤਾਂ ਚੋਂ ਚੰਦਨ ਅਤੇ ਧਾਤਾਂ ਚੋਂ ਸੋਨਾ ਉੱਤਮ ਹੈ। ਪੰਛੀਆਂ ਚੋਂ ਹੰਸ ਅਤੇ ਸ਼ੇਰਾਂ ਚੋਂ ਬੱਬਰ ਸ਼ੇਰ ਉੱਤਮ ਹੈ। ਰਾਗਾਂ ਚੋਂ ਸਿਰੀਰਾਗ ਅਤੇ ਪੱਥਰਾਂ ਚੋਂ ਪਾਰਸ ਉੱਤਮ ਹੈ। ਗਿਆਨ ਧਿਆਨ ਗੁਰੂ ਦਾ ਉੱਤਮ ਹੈ। ਇਉਂ ਸਾਰੇ ਧਰਮਾਂ ਚੋਂ ਗ੍ਰਹਿਸਤ ਉੱਤਮ ਹੈ।[252] ਗ੍ਰਹਿਸਤ ਨਿੱਜ ਤੋਂ ਉੱਪਰ ਉੱਠ ਕੇ ਸਰਬੱਤ ਦਾ ਭਲਾ ਕਰਨ ਦਾ ਨਾਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਿੱਜ ਸਵਾਰਥ ਨੂੰ ਤਿਆਗਿਆ ਅਤੇ ਸਾਰੇ ਸੰਸਾਰ ਦੀ ਪੀੜ ਨੂੰ ਮਹਿਸੂਸ ਕਰਦਿਆਂ ਸੰਸਾਰ ਭ੍ਰਮਣ ਕੀਤਾ:

> ਆਪਣੀ ਸਾਰੀ ਪੂੰਜੀ ਲਾ ਕੇ ਸਾਧਾਂ ਨੂੰ ਭੰਡਾਰਾ ਕਰਵਾ ਦਿੱਤਾ ਆਪ ਖਾਲੀ ਹੱਥੀਂ ਹੀ ਘਰ ਵੱਲ ਪਰਤ ਆਇਆ। ਪਿਤਾ ਦਾ ਸਖਤ ਵਰਤਾਉ ਪਤਾ ਨਹੀਂ ਕਿਹੜੀ ਭਾਵਨਾ ਅਚੇਤ ਮਨ ਵਿੱਚ ਲੈ ਗਿਆ ਕਿ ਇਹ ਅਧੂਰੀ ਯਾਤਰਾ ਜੀਵਨ ਭਰ ਅਮੁੱਕ ਸਫ਼ਰ ਦੀ ਭੁੱਖ ਅਤੇ ਮੁਨਾਫੇ ਦੀ ਕਾਮਨਾ ਬਣ ਕੇ ਸਦਾ ਲਈ ਆਤਮਾ ਦਾ ਅੰਗ ਹੋ ਗਈ. . . ਬਾਦਸ਼ਾਹ ਦੇ ਭਰਾ ਅਤੇ ਸੂਬੇ ਦੇ ਹਾਕਿਮ ਦੌਲਤ ਖਾਂ ਲੋਧੀ ਦੀ ਮੋਦੀਗੀਰੀ ਹੀ ਨਹੀਂ ਤਿਲਾਂਜਲੀ ਦੇ ਕੇ ਛੱਡੀ ਸਗੋਂ ਘਰ ਬਾਰ, ਪਤਨੀ, ਦੋ ਪੁੱਤਰ, ਭੈਣ ਭਣਵਈਆਂ, ਮਾਤਾ, ਪਿਤਾ, ਪੂੰਜੀ, ਜਾਇਦਾਦ, ਅਸਾਸਾ ਜੋ ਵੀ ਸਬੰਧ ਨਿੱਜ ਨਾਲ ਜਕੜਨ ਵਾਲੇ ਸਨ ਸਭ ਤਿਆਗ ਦਿੱਤੇ। ਜੋ ਮਾਲ ਮਤਾਅ ਅੱਲੇ ਪੱਲੇ ਸੀ। ਗਰੀਬਾਂ, ਮੁਥਾਜਾਂ ਵਿੱਚ ਵੰਡ ਦਿੱਤਾ ਅਤੇ ਆਪ ਇਕੋਂ ਰੱਟ ਫੜ ਲਈ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ'।[253]

ਇਸ ਪ੍ਰਸੰਗ ਨੂੰ ਸਪੱਸ਼ਟ ਕਰਨ ਲਈ ਇੱਕ ਇਤਿਹਾਸਿਕ ਘਟਨਾ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਆਨੰਦਪੁਰ ਦੇ ਜੰਗ ਵੇਲੇ ਕਿਲ੍ਹੇ ਅੰਦਰ ਗੁਰੂ ਜੀ ਨਾਲ ਰਹਿ ਰਹੇ ਕੁਝ ਸਿੱਖਾਂ ਨੇ ਗ੍ਰਹਿਸਤ ਮੋਹ ਵਿੱਚ ਫਸ ਕੇ ਦਸ਼ਮੇਸ਼ ਜੀ ਨੂੰ ਬੇਨਤੀ ਕੀਤੀ ਸੀ ਕਿ ਸਾਨੂੰ ਵਾਪਸ ਘਰਾਂ ਨੂੰ ਜਾਣ ਦਿਓ ਕਿਉਂਕਿ ਏਥੇ ਰਹਿ ਕੇ ਅਸੀਂ ਅਤੇ ਸਾਡਾ ਪਰਿਵਾਰ ਦੋਹੇਂ ਖਤਰੇ ਵਿੱਚ ਹਨ। ਜੇ ਅਸੀਂ ਮਰ ਗਏ ਤਾਂ ਪਰਿਵਾਰ ਦਾ ਕੀ ਬਣੇਗਾ। ਸਿੱਖਾਂ ਨੇ ਇੱਕ ਬੇਦਾਵਾ ਲਿਖ ਕੇ ਦੇ ਦਿੱਤਾ ਕਿ ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਹਾਡੇ ਸਿੱਖ ਨਹੀਂ। ਸਮਾਂ ਪਾ ਕੇ ਜਦੋਂ ਉਨਾਂ ਨੂੰ ਨਿੱਜ ਨਾਲ ਜੁੜਿਆ ਗ੍ਰਹਿਸਤ ਜ਼ਹਿਰ ਵਾਂਗ ਲੱਗਾ ਤਾਂ ਉਨ੍ਹਾਂ ਨੇ ਇਸ ਦੇ ਮੋਹ ਤੋਂ ਨਿਰਲੇਪ ਹੋ ਕੇ ਸਮੁੱਚੀ ਮਾਨਵਤਾ ਦੇ ਭਲੇ ਖਾਤਰ ਖਿਦਰਾਣੇ ਦੀ ਢਾਬ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅੱਜ ਉਨਾਂ ਨੂੰ 'ਮੁਕਤੇ' ਕਹਿ ਕੇ ਯਾਦ ਕੀਤਾ ਜਾਂਦਾ ਹੈ ਜਿਸਦਾ ਭਾਵ ਹੈ ਉਹ ਵਿਅਕਤੀ ਜੋ ਪਰਿਵਾਰਿਕ ਬੰਧਨਾਂ ਤੋਂ ਅਤੇ ਨਿੱਜੀ ਖਾਹਸ਼ਾਂ ਤੋਂ ਮੁਕਤ ਹੋ ਚੁੱਕੇ ਹਨ। ਗ੍ਰਹਿਸਤ ਸ਼ਬਦ ਦੇ ਅਰਥ ਬਹੁਤ ਵਿਆਪਕ ਹਨ। ਸਿੱਖ ਗੁਰੂ ਸਾਹਿਬਾਨ ਨੇ ਜਿਸ ਗ੍ਰਹਿਸਤ ਦੀ ਪਾਲਣਾ ਕੀਤੀ ਉਸ ਵਿੱਚ ਮਨੁੱਖ ਉਪਰ ਆਪਣੇ ਪਰਿਵਾਰ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਵੀ ਹਨ। ਇਨ੍ਹਾਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣ ਲਈ ਗੁਰੂ ਜੀ ਆਪ ਸਮਾਜ ਵਿਚ ਵਿਚਰੇ ਸਨ ਤਾਂ ਕਿ

---

*ਗੁਰ ਉਪਦੇਸ਼ ਗੁਰਸਿਖ ਗ੍ਰਿਹਮੈ ਬੈਰਾਗੀ, ਗ੍ਰਿਹ ਤਜਿ ਬਨ ਖੰਡ ਹੋਤ ਨ ਉਧਾਰ ਜੀ॥121॥ ਕਬਿੱਤ ਸਵੈਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ,* ਪੰਨਾ-33.

252 *ਸਰਸਰਿਤਾ ਸਕਲ ਮੈ ਸਮੁੰਦ੍ਰ ਬਡੋ, ਮੇਰ ਮੈ ਸੁਮੇਰ ਬਡੋ ਜਗਤ ਬਖਾਨ ਹੈ।*
*ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,ਧਾਤ ਮੈ ਕਨਕ ਅਤਿ ਉਤਮ ਕੈ ਮਾਨਿ ਹੈ।*
*ਪੰਛੀਅਨ ਮੈ ਹੰਸੁ ਮ੍ਰਿਗ ਰਾਜਨ ਮੈ ਸਾਰਦੂਲ, ਰਾਗਨ ਮੈ ਸਿਰੀਰਾਗ ਪਾਰਸ ਪਖਾਨ ਹੈ।*
*ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ, ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ*।376। *ਉਹੀ*, ਪੰਨਾ-96.

253 ਦੇਵਿੰਦਰ ਸਿੰਘ ਵਿਦਿਆਰਥੀ, "ਅਨੰਤ ਪਦ ਦੀ ਯਾਤਰਾ", *ਗੁਰੂ ਨਾਨਕ ਚਿੰਤਨ ਦੀ ਭੂਮਿਕਾ*, ਬਲਕਾਰ ਸਿੰਘ (ਸੰਪਾ.), *ਪੰਨਾ-70.*

ਲੋਕਾਈ ਨੂੰ ਬੋਧ ਹੋਵੇ ਕਿ ਇਕ ਗ੍ਰਹਿਸਤੀ ਦੇ ਕੀ ਫਰਜ਼ ਹਨ। ਗੁਰੂ ਜੀ ਨੇ ਆਪ ਸਮਾਜ ਵਿੱਚ ਵਿਚਰ ਕੇ ਦੱਸਿਆ ਕਿ ਗ੍ਰਹਿਸਤੀ ਕਿਵੇਂ ਦਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਕੋਈ ਵਡੇਰਾ ਘਰੋਂ ਰੁੱਸ ਕੇ ਗਏ ਪੁੱਤਰ ਨੂੰ ਮਨਾਉਂਦਾ ਹੈ ਅਤੇ ਮੋੜ ਕੇ ਘਰ ਲਿਆਉਂਦਾ ਹੈ ਇਉਂ ਗੁਰੂ ਜੀ ਨੇ ਜੰਗਲਾਂ, ਪਰਬਤਾਂ ਦੀਆਂ ਕੰਦਰਾਂ ਵਿੱਚ ਬੈਠੇ ਸਾਧਕਾਂ ਨੂੰ ਸਮਾਜ ਨਾਲ ਜੋੜਿਆ। ਉਨ੍ਹਾਂ ਦੱਸਿਆ ਕਿ ਗ੍ਰਹਿਸਤ ਨਿੱਜ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਇਸ ਸੋਚ ਵਿਚੋਂ ਹੀ 'ਨਾ ਕੋ ਬੈਰੀ ਨਹੀ ਬੇਗਾਨਾ' ਦਾ ਭਰਾਤਰੀ ਭਾਵ ਪ੍ਰਗਟ ਹੁੰਦਾ ਹੈ। ਇਹ ਭਾਵ ਨਿੱਜ ਇੱਛਾਵਾਂ ਦੀ ਪੂਰਤੀ ਅਤੇ ਨਿੱਜ ਮੁਕਤੀ ਦੀ ਗੱਲ ਨਹੀਂ ਕਰਦਾ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਸਮਾਜ ਦੇ ਸ਼੍ਰੇਸ਼ਟ ਪੁਰਸ਼ ਕਹੇ ਜਾਂਦੇ ਸਿੱਧ ਸਮਾਜ ਨਾਲੋਂ ਨਾਤਾ ਤੋੜ ਕੇ ਪਰਬਤਾਂ ਵਿੱਚ ਛੁਪ ਗਏ ਸਨ ਅਤੇ ਜਗਤ ਦੇ ਪਾਰ ਉਤਾਰੇ ਲਈ ਕੋਈ ਨਜ਼ਰ ਨਹੀਂ ਸੀ ਆ ਰਿਹਾ।[254] ਸੰਨਿਆਸੀ ਲੋਕ ਗ੍ਰਹਿਸਤੀਆਂ ਦੇ ਘਰੋਂ ਮੰਗ ਕੇ ਖਾਂਦੇ ਸਨ ਅਤੇ ਉਨ੍ਹਾਂ ਨੂੰ ਹੀ ਬੁਰਾ ਕਹਿੰਦੇ ਸਨ। ਸੋ ਦੋਹਾਂ ਵਿਚਾਲੇ ਇੱਕ ਪਾੜਾ ਪੈ ਚੁੱਕਾ ਸੀ। ਸੰਨਿਆਸੀ ਸੰਨਿਆਸ ਨੂੰ ਕੇਵਲ ਗ੍ਰਹਿ ਤਿਆਗ ਮੰਨਕੇ ਗ੍ਰਹਿਸਤ ਨੂੰ ਬੁਰਾ ਕਹਿ ਰਹੇ ਸਨ ਅਤੇ ਗ੍ਰਹਿਸਤੀ ਗ੍ਰਹਿਸਤ ਨੂੰ ਨਿੱਜ ਨਾਲ ਜੋੜ ਕੇ ਜੀਵਨ ਗੁਜ਼ਾਰ ਰਹੇ ਸਨ। ਗੁਰਮਤਿ ਨੇ ਗ੍ਰਹਿਸਤੀਆਂ ਨੂੰ ਇਹ ਪੈਗਾਮ ਦਿੱਤਾ ਕਿ ਜਦੋਂ ਤੱਕ ਗ੍ਰਹਿਸਤੀ ਨਿੱਜ ਤੱਕ ਸੀਮਤ ਹੈ ਉਹ ਗ੍ਰਹਿਸਤ ਵਿੱਚ ਨਹੀਂ ਸਗੋਂ ਮੰਦ ਭਾਵਨਾਵਾਂ ਦੀ 'ਗ੍ਰਿਫ਼ਤ' ਵਿੱਚ ਹੈ। ਨਿੱਜਵਾਦ ਵਿੱਚ ਕੈਦ ਹੋਇਆ ਵਿਅਕਤੀ ਆਪਣੇ ਪਰਿਵਾਰ ਨੂੰ ਪਾਲਣ ਲਈ ਹਰ ਤਰਾਂ ਦੇ ਅਪਰਾਧਾਂ ਨੂੰ ਸਹੀ ਸਮਝ ਕੇ ਕਰੀ ਜਾਂਦਾ ਹੈ। ਅਜਿਹੇ ਅਪਰਾਧਾਂ ਤੋਂ ਕਮਾਏ ਧਨ ਨਾਲ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਤੋਂ ਕਬੀਰ ਜੀ ਨੇ ਵਰਜਿਆ ਹੈ ਅਤੇ ਕਿਹਾ ਹੈ ਕਿ ਇਸ ਦਾ ਨਤੀਜਾ ਤੈਨੂੰ ਭੁਗਤਣਾ ਪਵੇਗਾ।[255] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਾਇਆ ਹੱਕ ਖਾਣ ਨੂੰ ਹਿੰਦੂ ਲਈ ਗਊ ਦਾ ਮਾਸ ਖਾਣ ਬਰਾਬਰ ਅਤੇ ਮੁਸਲਮਾਨ ਲਈ ਸੂਰ ਦਾ ਮਾਸ ਖਾਣ ਬਰਾਬਰ ਕਿਹਾ ਹੈ।[256] ਦੂਜੇ ਪਾਸੇ ਸੰਨਿਆਸੀ ਕੇਵਲ ਗ੍ਰਹਿ ਤਿਆਗ ਨੂੰ ਸੰਨਿਆਸ ਮੰਨੀ ਬੈਠੇ ਸਨ। ਸੱਚਮੁੱਚ ਗ੍ਰਹਿ ਤਿਆਗ ਤੋਂ ਇਲਾਵਾ ਉਨ੍ਹਾਂ ਨੇ ਕੋਈ ਹੋਰ ਤਿਆਗ ਨਹੀਂ ਸੀ ਕੀਤਾ। ਉਨ੍ਹਾਂ ਦੇ ਮਨਾਂ ਵਿੱਚ ਹਰ ਤਰ੍ਹਾਂ ਦੇ ਵਿਕਾਰ ਘਰ ਕਰੀ ਬੈਠੇ ਸਨ। ਉਨ੍ਹਾਂ ਨੇ ਜਿਹੜੀਆਂ ਅਲਾਮਤਾਂ ਤੋਂ ਬਚਣ ਲਈ ਗ੍ਰਹਿ ਤਿਆਗ ਕੀਤਾ ਸੀ। ਉਹ ਸਾਰੀਆਂ ਅੰਤਰ ਮਨ ਵਿੱਚ ਉਨ੍ਹਾਂ ਨੂੰ ਘੇਰਾ ਪਾਈ ਬੈਠੀਆਂ ਸਨ। ਮਨ ਨੂੰ ਮਾਰਨ ਲਈ ਸਾਧਕ ਜੰਗਲ ਵਿੱਚ ਚਲਾ ਜਾਵੇ, ਘਾਹ ਫੂਸ ਦਾ ਆਹਾਰ ਕਰੇ ਤਾਂ ਵੀ ਉਸਦਾ ਮਨ ਵਿਕਾਰਾਂ ਤੋਂ ਮੁਕਤ ਨਹੀਂ ਹੋ ਸਕਦਾ।[257] ਮਨ ਦੇ ਵਸੀਕਰਣ ਲਈ ਗ੍ਰਹਿ ਤਿਆਗ ਦੀ ਕੋਈ ਲੋੜ ਨਹੀਂ ਹੈ। ਗੁਰਮਤਿ ਨੇ ਦੱਸਿਆ ਕਿ ਗ੍ਰਹਿਸਤੀ ਆਪਣੇ ਪਰਿਵਾਰ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਸਮਾਜ ਉੱਤੇ ਭੀੜ ਆ ਬਣੇ ਤਾਂ ਉਹ

---

[254] *ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ। ਜੋਗੀ ਗਿਆਨ ਵਿਹੂਣਿਆ ਨਿਸ ਦਿਨਿ ਅੰਗ ਲਗਾਏ ਛਾਰਾ। ਬਾਝੁ ਗੁਰੂ ਡੁਬਾ ਜਗੁ ਸਾਰਾ॥* ਵਾਰਾਂ ਭਾਈ ਗੁਰਦਾਸ, ਵਾਰ/ਪਉੜੀ 1/29.

[255] *ਬਹੁ ਪਰਪੰਚ ਕਰਿ ਪਰ ਧਨ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥ ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥* ਰਾਗ ਸੋਰਠ, ਕਬੀਰ, 556.

[256] *ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥* ਰਾਗ ਮਾਝ, ਮ:੧ , 141.

[257] *ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥* ਰਾਗ ਬਿਲਾਵਲ, ਕਬੀਰ,855.

ਕਾਹਦਾ ਗ੍ਰਹਿਸਤੀ ਜੋ ਡਰ ਕੇ ਅਤੇ ਪਰਿਵਾਰ ਦੇ ਮੋਹ ਵਿੱਚ ਗ੍ਰਸਿਆ ਹੋਇਆ ਇੱਕ ਪਾਸੇ ਬੈਠਾ ਰਹੇ। ਏਥੇ ਤਾਂ ਗ੍ਰਹਿਸਤੀ ਨੂੰ ਜੇਕਰ ਸਮਾਜਿਕ ਹਿੱਤਾਂ ਦੀ ਰਾਖੀ ਲਈ ਆਪਣਾ ਬਲੀਦਾਨ ਵੀ ਦੇਣਾ ਪਵੇ ਤਾਂ ਵੀ ਪਿੱਛੇ ਨਹੀਂ ਹਟਣਾ ਚਾਹੀਦਾ। ਇਸ ਦੀ ਮਿਸਾਲ ਨੌਵੇਂ ਗੁਰੂ ਜੀ ਦੀ ਸ਼ਹਾਦਤ ਤੋਂ ਮਿਲਦੀ ਹੈ। ਉਸ ਸਮੇਂ ਬਾਲ ਗੁਰੂ ਗੋਬਿੰਦ ਰਾਏ ਜੀ ਦੀ ਉਮਰ ਕੇਵਲ ਨੌ ਸਾਲ ਦੀ ਸੀ। ਗ੍ਰਹਿਸਤੀ ਨੂੰ ਪਤਨੀ, ਬੱਚਿਆਂ ਤੱਕ ਸਮਝਣਾ ਗ੍ਰਹਿਸਤ ਦੇ ਸੰਕੀਰਨ ਅਰਥ ਕਰਨ ਬਰਾਬਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਗ੍ਰਹਿਸਤੀ ਨੂੰ ਗੰਗਾ ਜਲ ਵਾਂਗ ਨਿਰਮਲ ਕਿਹਾ ਹੈ ਜੋ ਧਰਮ ਦੀ ਕਿਰਤ ਕਰਕੇ ਲੋੜਵੰਦਾਂ ਦੀ ਮਦਦ ਕਰਦਾ ਹੈ।[258] ਧਰਮ ਦੀ ਕਿਰਤ ਕਰਨ ਵਾਲਾ ਨੇਕ ਨੀਅਤ ਨਾਲ ਕਮਾਈ ਕਰਦਾ ਹੈ। ਉਹ ਆਪਣੀ ਕਮਾਈ ਵਿੱਚੋਂ ਲੋੜਵੰਦਾਂ ਦੀ ਮਦਦ ਕਰਦਾ ਹੈ। ਕਿਰਤ ਅਤੇ ਲੋੜਵੰਦਾਂ ਦੀ ਮਦਦ ਕਰਨੀ ਮਨੁੱਖ ਨੂੰ ਸਮਾਜ ਨਾਲ ਜੋੜਦੀ ਹੈ:

> ਵਿਹਲੜ ਅਤੇ ਅਪਾਹਜ ਵਿਚ ਫ਼ਰਕ ਹੈ। ਜੋ ਮਨੁੱਖ ਕੰਮ ਕਰਨ ਦੇ ਸਮਰੱਥ ਨਹੀਂ, ਉਸ ਦੀ ਹਮੇਸ਼ਾ ਮਦਦ ਕਰਨੀ ਹੈ ਪਰ ਜੋ ਕਰ ਸਕਦਾ ਹੈ, ਫਿਰ ਵੀ ਨਹੀਂ ਕਰਦਾ, ਉਸ ਨਾਲ ਵਾਸਤਾ ਨਹੀਂ। ਕਿਰਤ ਵਾਸਤਵ ਵਿਚ ਕਰਤਾਰੀ ਸ਼ਕਤੀ ਹੈ ਜੋ ਮਨੁੱਖ ਨੂੰ ਰੱਬ ਵਰਗਾ ਬਣਾਉਂਦੀ ਹੈ। ਕਿਰਤ ਤੋਂ ਭੱਜਣ ਵਾਲੇ ਲੋਕ ਨਾ ਸਰੀਰਕ ਤੌਰ ਤੇ ਤੰਦਰੁਸਤ ਹੁੰਦੇ ਹਨ ਨਾ ਮਾਨਸਿਕ ਤੌਰ ਤੇ ਸਬਲ।[259]

ਗ੍ਰਹਿਸਤੀ ਫਾਹੀ ਵੀ ਹੈ ਅਤੇ ਵਡਿਆਈ ਵੀ ਹੈ।[260] ਫਾਹੀ ਉਨ੍ਹਾਂ ਲਈ ਹੈ ਜੋ ਕੇਵਲ ਆਪਣੇ ਪਰਿਵਾਰ ਨੂੰ ਵੇਖ ਕੇ ਜਿਊਂਦੇ ਹਨ। ਅਜਿਹੇ ਸਵਾਰਥੀਆਂ ਲਈ ਗ੍ਰਹਿਸਤ ਫਾਹੀ ਹੈ।[261] ਜਦੋਂ ਸਾਧਕ ਗੁਰੂ ਰਾਹੀਂ ਗ੍ਰਹਿਸਤ ਨੂੰ ਸਮਝ ਕੇ ਜੀਵਨ ਜਿਊਂਦਾ ਹੈ ਤਾਂ ਇਹ ਗ੍ਰਹਿਸਤ ਉਸ ਸਾਧਕ ਲਈ ਹੀ ਨਹੀਂ ਸਗੋਂ ਸੰਪੂਰਨ ਜਨ ਸਮੂਹ ਲਈ ਮੁਕਤੀ ਦਾ ਕਾਰਨ ਬਣਦਾ ਹੈ। ਅਜਿਹਾ ਗ੍ਰਹਿਸਤੀ ਹੀ ਅਸਲ ਵਿੱਚ ਪੂਰਨ ਸੰਨਿਆਸੀ ਹੁੰਦਾ ਹੈ ਪਰ ਇਹ ਅਜਿਹਾ ਸੰਨਿਆਸ ਹੈ ਜੋ ਸਮਾਜ ਵਿੱਚ ਰਹਿ ਕੇ ਸਮਾਜ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਦਾ ਹੈ। ਆਪਣੀ ਤਾਕਤ ਨੂੰ ਸਮਾਜ ਦੇ ਭਲੇ ਵਿੱਚ ਲਾਉਂਦਾ ਹੈ। ਗੁਰੂ ਜੀ ਦੱਸਦੇ ਹਨ ਜੋਗੀ, ਭੋਗੀ ਅਤੇ ਕਾਪੜੀ ਦੇਸ ਦੇਸਾਂਤਰਾਂ ਵਿੱਚ ਫਿਰਦੇ ਹਨ। ਪੰਡਿਤ ਪਾਂਧੇ ਨਿੱਤ ਪੁਰਾਣਾਂ ਦਾ ਪਾਠ ਕਰਦੇ ਹਨ ਪਰ ਅੰਦਰਲੀ ਵਸਤੂ ਨੂੰ ਜਾਣ ਨਹੀਂ ਰਹੇ। ਇੱਕ ਤਪਸੀ ਤਪ ਕਰ ਰਹੇ ਹਨ।ਇੱਕ ਤੀਰਥਾਂ ਦੀ ਯਾਤਰਾ ਕਰ ਰਹੇ ਹਨ।ਅਜਿਹੇ ਉਦਾਸੀਆਂ ਦਾ ਕੀ ਫਾਇਦਾ ਹੈ। ਇੱਕ ਬ੍ਰਹਮਚਰਯ ਦਾ ਪਾਲਣ ਕਰਦੇ ਹਨ ਅਤੇ ਜਤੀ ਕਹਾਉਂਦੇ ਹਨ।ਇੱਕ ਗ੍ਰਹਿਸਤੀ ਘਰ ਵਿੱਚ ਹੀ ਗੁਰਮਤਿ ਰਾਹੀਂ ਨਾਮ,ਦਾਨ ਅਤੇ ਇਸ਼ਨਾਨ ਦ੍ਰਿੜ ਕਰਕੇ ਭਗਤੀ ਵੱਲ ਲੱਗੇ ਹੋਏ ਹਨ।[262] ਉਪਰੋਕਤ ਕਥਨ ਤੋਂ ਸਾਨੂੰ ਗ੍ਰਹਿਸਤੀ ਲਈ ਨਾਮ, ਦਾਨ ਅਤੇ

---

[258] *ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥ਪੁੰਨ ਦਾਨ ਕਾ ਕਰੈ ਸਰੀਰੁ॥ਸੋ ਗਿਰਹੀ ਗੰਗਾ ਕਾ ਨੀਰੁ॥* ਰਾਗ ਰਾਮਕਲੀ ਮ: ੧, 952.

[259] ਹਰਪਾਲ ਸਿੰਘ ਪੰਨੂ, "ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਰਹਿਤ ਮਰਿਆਦਾ", *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ,*, ਅਮਰਜੀਤ ਗਰੇਵਾਲ (ਸੰਪਾ.), ਪੰਨਾ-354.

[260] *ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥* ਰਾਗ ਧਨਾਸਰੀ ਮ: ੧, 661.

[261] *ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥ ਹੋਨੁ ਨ ਪਾਈਐ ਰਾਮ ਕੇ ਦਾਸਾ॥*ਰਾਗ ਗਉੜੀ ਗੁਆਰੇਰੀ ਮ: ੫, 180.

[262] *ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥ ਗੁਰ ਕਾ ਸਬਦੁ ਨ ਚੀਨਹਿ ਤਤੁ ਸਾਰੁ ਨਿਰੰਤਰੁ॥*
*ਪੰਡਿਤ ਪਾਧੇ ਜੋਇਸੀ ਨਿਤ ਪੜਹਿ ਪੁਰਾਣਾ॥ ਅੰਤਰਿ ਵਸਤ ਨ ਜਾਣਨੀ ਘਟਿ ਬ੍ਰਹਮ ਲੁਕਾਣਾ॥*
*ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ॥ ਆਪੁ ਨ ਚੀਨਹਿ ਤਾਮਸੀ ਕਾਹੇ ਭਇਆ ਉਦਾਸਾ॥*
*ਇਕਿ ਬਿੰਦ ਜਤਨ ਕਰ ਰਾਖਦੇ ਸੇ ਜਤੀ ਕਹਾਵਹਿ॥ ਬਿਨੁ ਗੁਰ ਸਬਦ ਨ ਛੁਟਹੀ ਭਰਮਿ ਆਵਹਿ ਜਾਵਹਿ॥*

ਇਸ਼ਨਾਨ ਦੀ ਪ੍ਰਪੱਕਤਾ ਦਾ ਪਤਾ ਲੱਗਦਾ ਹੈ। ਨਾਮ ਜਪਣਾ ਗ੍ਰਹਿਸਤੀ ਦਾ ਪਹਿਲਾ ਗੁਣ ਹੈ। ਗ੍ਰਹਿਸਤੀ ਆਪਣੇ ਘਰ ਵਿੱਚ ਆਪ ਵੀ ਪ੍ਰਭੂ ਭਗਤੀ ਕਰੇ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਪਾਸੇ ਲਾਵੇ। ਕਬੀਰ ਜੀ ਫੁਰਮਾਨ ਕਰਦੇ ਹਨ ਕਿ ਜੇਕਰ ਗ੍ਰਹਿਸਤੀਆਂ ਦੇ ਘਰਾਂ ਵਿੱਚ ਪ੍ਰਭੂ ਦਾ ਨਾਮ ਨਹੀਂ ਜਪਿਆ ਜਾਂਦਾ ਅਤੇ ਸੇਵਾ ਨਹੀਂ ਕੀਤੀ ਜਾਂਦੀ ਤਾਂ ਅਜਿਹਾ ਘਰ ਮੁਰਦਘਾਟ ਦੇ ਬਰਾਬਰ ਹੈ। ਅਜਿਹੇ ਪਰਿਵਾਰ ਦੇ ਮੈਂਬਰ ਭੂਤ ਬਰਾਬਰ ਹਨ।[263] ਗੁਰੂ ਜੀ ਦੱਸਦੇ ਹਨ ਕਿ ਕਲਯੁੱਗ ਵਿੱਚ ਜਿੰਨਾਂ ਨੇ ਜਨਮ ਲਿਆ ਹੈ। ਦੇਖਣ ਨੂੰ ਮਨੁੱਖ ਲੱਗਦੇ ਹਨ। ਪੁੱਤਰ ਅਤੇ ਧੀਆਂ ਜਿੰਨ ਸਮਾਨ ਹਨ। ਘਰਵਾਲੀ ਜਿੰਨਾਂ ਦੀ ਸਰਦਾਰ ਹੈ।[264] ਇਸ ਬਾਰੇ ਭਾਈ ਵੀਰ ਸਿੰਘ ਲਿਖਦੇ ਹਨ:

> ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਕਲਿਯੁਗ ਦੇ ਲੋਕ ਆਮ ਤੌਰ ਤੇ ਇਨਸਾਨ ਨਹੀਂ ਮਾਨੋ ਜਿੰਨ ਹਨ। ਜਿੰਨ ਮਾਨੁੱਖ ਬਣੇ ਹਨ। ਸ੍ਰੀ ਗੁਰੂ ਜੀ ਲੋਕਾਂ ਦੇ ਗਿਰੇ ਹੋਏ ਆਚਰਣ ਨੂੰ ਦੇਖ ਕੇ ਉਨ੍ਹਾਂ ਦੇ ਵਿਕਾਰੀ ਜੀਵਨਾਂ ਤੇ ਬਦੀਆਂ ਨੂੰ ਤੱਕ ਕੇ ਇਹ ਵਾਕ ਕਹਿ ਰਹੇ ਹਨ ਕਿ ਏਹ ਇਨਸਾਨ ਨਹੀਂ ਰਹੇ। ਹਿੰਦੀ ਲੋਕਾਂ ਦਾ ਆਚਰਣ ਤਦੋਂ ਬੀ ਬਹੁਤ ਨੀਵਾਂ ਸੀ। ਜਿੰਨ ਅਰਬੀ ਪਦ ਹੈ, ਅਰਥ ਹੈ ਭੂਤਾਂ ਪ੍ਰੇਤਾਂ ਤੋਂ ਇਕ ਹੋਰ ਦੁਰਸਾਧਯ ਭੂਤ ਸ੍ਰੇਣੀ।[265]

ਗ੍ਰਹਿਸਤੀਆਂ ਉਪਰ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹਨ ਕਿਉਂਕਿ ਉਨ੍ਹਾਂ ਰਾਹੀਂ ਪੈਦਾ ਹੋਏ ਬੱਚੇ ਕੱਲ੍ਹ ਦਾ ਭਵਿੱਖ ਹਨ। ਬੱਚੇ ਦੇ ਬਚਪਨ ਦਾ ਬਹੁਤਾ ਸਮਾਂ ਮਾਂ ਕੋਲ ਬੀਤਦਾ ਹੈ। ਇਸ ਕਰਕੇ ਭਗਤ ਕਬੀਰ ਜੀ ਨੇ ਮਾਪਿਆਂ ਵਿੱਚੋਂ ਮਾਤਾ ਨੂੰ ਖਾਸ ਤੌਰ ਤੇ ਤਾੜਨਾ ਕੀਤੀ ਹੈ ਕਿ ਤੂੰ ਆਪਣੇ ਬੱਚੇ ਨੂੰ ਰੱਬ ਵੱਲ ਲਾ ਜੇਕਰ ਤੇਰੀ ਕੁੱਖ ਤੋਂ ਜਨਮ ਲੈ ਕੇ ਬਾਲਕ ਰੱਬੀ ਗਿਆਨ ਦੀ ਵਿਚਾਰ ਨਹੀਂ ਕਰਦਾ ਤਾਂ ਤੇਰਾ ਵਿਧਵਾ ਹੋਣਾ ਹੀ ਠੀਕ ਸੀ।[266] ਗ੍ਰਹਿਸਤੀ ਨੇ ਪ੍ਰਭੂ ਦਾ ਨਾਮ ਲੈਣਾ ਹੈ ਅਤੇ ਧਰਮ ਦੀ ਕਿਰਤ ਕਰਕੇ ਵੰਡ ਕੇ ਵੀ ਛਕਣਾ ਹੈ:

> ਨਾਮ ਜਪਣ ਨਾਲ ਆਤਮਾ ਸ਼ੁੱਧ ਹੁੰਦੀ ਹੈ, ਕਿਰਤ ਨਾਲ ਸਰੀਰ ਅਤੇ ਵੰਡ ਕੇ ਛਕਣ ਦੀ ਰੀਤਿ ਨਾਲ ਮਨ ਸ਼ੁੱਧ ਹੁੰਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਨਾਮ ਸਿਮਰਨ ਆਤਮਕ ਰਹਿਤ ਹੈ, ਕਿਰਤ ਕਰਨਾ ਸਰੀਰਕ ਰਹਿਤ ਅਤੇ ਵੰਡ ਛਕਣਾ ਮਾਨਸਿਕ ਰਹਿਤ ਹੈ। ਦੂਜੇ ਦਾ ਭਲਾ ਚਾਹੁਣ ਵਾਲਾ ਨਿਸ਼ਕਾਮ ਪਰਉਪਕਾਰੀ ਸੁਭਾਅ ਹੀ ਬਾਕੀਆਂ ਨਾਲ ਵੰਡ ਕੇ ਖਾ ਸਕਦਾ ਹੈ, ਜੋ ਸ੍ਰੇਸ਼ਟਾਚਾਰ ਦਾ ਇਕ ਪ੍ਰਮੁੱਖ ਲੱਛਣ ਹੈ। ਇਹ ਦਾਨ ਤੋਂ ਉਚੇਰੀ ਅਵਸਥਾ ਹੈ, ਦਾਨ ਵਿਚ ਇਕ ਭਿਖਾਰੀ ਹੁੰਦਾ ਹੈ, ਦੂਜਾ ਦਾਤਾ, ਇਕ ਪਰਾਧੀਨ ਬਣ ਜਾਂਦਾ ਹੈ, ਦੂਜਾ ਮਾਲਕ ਪਰੰਤੂ ਵੰਡ ਛਕਣ ਦਾ ਗੁਣ ਸਮਾਨਤਾ ਤੇ ਬਰਾਬਰੀ ਦੇ ਭਾਵ ਪਰਿਪੱਕ ਕਰਦਾ ਹੈ।[267]

ਗ੍ਰਹਿਸਤੀ ਦਾ ਘਰ ਹਰ ਲੋੜਵੰਦ ਲਈ ਹੈ। ਰਹਿਤਨਾਮਾ ਪਰਮ ਸੁਮਾਰਗ ਦਾ ਕਥਨ ਹੈ:

---

*ਇਕ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਹਾਗੇ॥*
*ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ॥ ਨਾਨਕੁ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ॥* ਰਾਗ ਆਸਾ ਮ: ੧, 419.

263 *ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥* ਸਲੋਕ, ਕਬੀਰ, 1374.

264 *ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰ॥ ਪੁਤੁ ਜਿਨੂਰਾ ਧੀਆ ਜਿੰਨੂਰੀ ਜੋਰੂ ਜਿੰਨਾਂ ਦਾ ਸਿਕਦਾਰ॥* ਰਾਗ ਬਿਹਾਗੜਾ ਮ:੧, 556.

265 *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੋਥੀ ਸੱਤਵੀਂ, ਪੰਨਾ-3437.

266 *ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥* ਰਾਗ ਗਉੜੀ, ਕਬੀਰ, 328.

267 ਪਦਮ, *ਰਹਿਤਨਾਮੇ,* ਪੰਨਾ-14.

ਅਰੁ ਜੋ ਕੋਈ ਭੁੱਖਾ, ਨੰਗਾ ਅਰਥੀ ਹੋਇ ਤਾਂ ਉਸ ਨਾਲਿ ਨਾਲਿ ਆਪਣੀ ਵੰਡ ਵਿੱਚੋਂ ਜੋ ਕਿਛੁ ਸਾਹਿਬ ਦਿਤਾ ਹੋਇ ਸੋ ਵੰਡਿ ਖਾਇ, ਵੰਡਿ ਪਹਰੇ। ਅਰੁ ਕੰਮ ਕਿਸੈ ਕਾ ਜਾਨੈ ਜੋ ਮੁਝ ਤੇ ਹੋਤਾ ਹੈ ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ ਤਾਂ ਢਿੱਲ ਨਾ ਕਰੈ। ਆਪਣਾ ਕੰਮ ਛੋਡਿ ਕਰਿ ਉਸ ਪ੍ਰਾਨੀ ਕੇ ਕੰਮਿ ਕਉ ਉਠਿ ਖੜਾ ਹੋਇ ਜਾਣਿ ਨ ਦੇਇ। ਗੁਰੂ ਕਾ ਰੀਝਾਵਣਾ ਇਸੀ ਬਾਤ ਮੋ ਹੈ।[268]

### ਬੰਦਗੀ ਅਤੇ ਸ਼ਕਤੀ

ਰਾਜਸੀ ਅਤੇ ਰੂਹਾਨੀ ਦੋ ਤਰ੍ਹਾਂ ਦੀ ਸ਼ਕਤੀ ਹੈ। ਗੁਰੂ ਜੀ ਨੇ ਦੋਹਾਂ ਵਿਚ ਪਰਸਪਰ ਸੰਤੁਲਿਨ ਬਣਾਈ ਰੱਖਿਆ। ਇਸ ਨੂੰ ਮੀਰੀ-ਪੀਰੀ ਦੇ ਨਾਂ ਨਾਲ ਵੀ ਜਾਣਦੇ ਹਾਂ। ਪੀਰੀ ਸ਼ਬਦ ਭਗਤੀ ਦਾ ਅਤੇ ਮੀਰੀ ਸ਼ਬਦ ਸ਼ਕਤੀ ਦਾ ਸੂਚਕ ਹੈ। ਸ਼ਕਤੀ ਬੰਦਗੀ ਦੇ ਪਰਛਾਂਵਾ ਹੈ। ਪਹਿਲਾ ਬੰਦਗੀ ਹੈ ਫੇਰ ਸ਼ਕਤੀ ਹੈ। ਗੁਰਬਾਣੀ ਵਿਚ ਜੋਗੀ, ਕਾਜ਼ੀ ਅਤੇ ਬ੍ਰਾਹਮਣ ਪੀਰੀ ਦੇ ਤਹਿਤ ਅਤੇ ਰਾਜੇ, ਸਿਕਦਾਰ, ਚੌਧਰੀ, ਮੁਕੱਦਮ ਮੀਰੀ ਦੇ ਤਹਿਤ ਆਉਂਦੇ ਹਨ। ਬੰਦਗੀ ਰਹਿਤ ਸ਼ਕਤੀ ਜ਼ੁਲਮ ਦਾ ਕਾਰਨ ਬਣਦੀ ਹੈ ਅਤੇ ਬੰਦਗੀ ਸਹਿਤ ਸ਼ਕਤੀ ਦਇਆ, ਨਿਆਂ ਦੀ ਸਮਰਥਕ ਹੁੰਦੀ ਹੈ। ਇਸ ਕਰਕੇ ਹੀ ਰਾਜਸੀ ਤਾਕਤ ਦੇ ਦਾਅਵੇਦਾਰ ਰਾਜਿਆਂ ਨੂੰ ਗੁਰਬਾਣੀ ਨੇ ਨਿਆਂ ਕਰਨ ਦੀ ਸਿੱਖਿਆ ਦਿੱਤੀ ਹੈ।[269]

> ਕੀ ਪ੍ਰਯੋਜਨ ਸੀ ਭਗਤੀ ਤੇ ਸ਼ਕਤੀ ਨੂੰ ਇਕੱਠਾ ਕਰਨ ਵਿਚ? ਇਸ ਪ੍ਰਸ਼ਨ ਦਾ ਉਤਰ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਲੋਚਾ ਵਿਚੋਂ ਵੇਖਦੇ ਹਾਂ। 'ਭਗਤੀ' ਤੇ 'ਸ਼ਕਤੀ' ਨੂੰ ਇਕੱਠਾ ਕਰਕੇ ਖਾਲਸੇ ਨੇ ਸੰਸਾਰ ਲਈ ਕੁਝ ਕਰਨਾ ਹੈ। ਖਾਲਸਾ ਦਾ ਭਾਵ ਹੀ ਹੈ ਪਰਮਾਤਮਾ ਦੀ ਆਪਣੀ ਸੈਨਾ। ਜਿਵੇਂ 'ਖਾਲਸਾ ਜਮੀਨਾ' ਦਾ ਭਾਵ ਹੈ 'ਸ਼ਾਹੀ ਆਰਾਜ਼ੀ' ਖਾਲਸਾ ਵਾਹਿਗੁਰੂ ਦੀ ਫ਼ੌਜ ਹੈ ਤੇ ਸੰਸਾਰ 'ਤੇ ਉਸ ਨੇ ਸਦਾ ਹੀ ਕੋਈ ਕਰਮ ਕਰਨਾ ਹੈ, ਨਿਆਂ ਲਈ, ਧਰਮ ਲਈ। ਕਿਉਂਕਿ ਸੈਨਾਪਤੀ, ਗੁਰੂ ਗੋਬਿੰਦ ਸਿੰਘ ਜੀ ਅਕਾਲਪੁਰਖ ਦਾ ਵਿਸ਼ੇਸ ਹੁਕਮ ਲੈ ਕੇ ਵਿਸ਼ੇਸ ਕਾਰਜ ਸਾਧਣ ਲਈ ਹੀ ਜਗਤ ਵਿਚ ਆਏ ਸਨ।[270]

ਗੁਰਮਤਿ ਵਿੱਚ ਭਗਤੀ ਅਤੇ ਸ਼ਕਤੀ ਬਾਰੇ ਦੀਵਾਨ ਸਿੰਘ ਲਿਖਦੇ ਹਨ:

> ਸਿਖ ਧਰਮ ਵਿਚ ਨਿਰਸੰਦੇਹ ਪ੍ਰਥਮਕਤਾ ਅਤੇ ਪ੍ਰਧਾਨਤਾ ਭਗਤੀ ਦੀ ਹੈ। ਸ਼ਕਤੀ ਤਾਂ ਭਗਤੀ ਦੇ ਕਲਪ ਬ੍ਰਿਛ ਵਿਚੋਂ ਨਿਕਲੀ ਇੱਕ ਜ਼ਰੂਰੀ ਸ਼ਾਖ ਵਾਂਗ ਸਿੱਧ ਹੁੰਦੀ ਹੈ। ਗੁਰੂ ਸਾਹਿਬ ਨੇ ਸ਼ਕਤੀ ਦਾ ਭਗਤੀ ਉੱਤੇ ਕੋਈ ਆਰੋਪ ਜਾਂ ਵਾਧੂ ਇਜਾਫ਼ਾ ਨਹੀਂ ਕੀਤਾ। ਜੇ ਅਜਿਹਾ ਕੀਤਾ ਹੁੰਦਾ ਤਾਂ ਸਿੱਖ ਧਰਮ ਸ਼ਕਤੀ ਧਾਰਨ ਕਰਕੇ ਇੱਕ ਸੈਨਿਕ ਰਾਜ ਸੱਤਾ ਬਣ ਕੇ ਹੀ ਰਹਿ ਜਾਂਦਾ, ਕੋਈ ਧਾਰਮਿਕ ਜਥੇਬੰਦੀ, ਜਿਵੇਂ ਕਿ ਖਾਲਸਾ ਪੰਥ ਦੇ ਰੂਪ ਵਿੱਚ ਅਸੀਂ ਦੇਖਦੇ ਹਾਂ, ਨਾ ਹੁੰਦਾ।[271]

ਸ੍ਰੀ ਗੁਰੂ ਹਰਿਗੋਬਿੰਦ ਜੀ ਪਹਿਲੇ ਗੁਰੂ ਹਨ ਜਿਨ੍ਹਾਂ ਰੂਹਾਨੀ ਸ਼ਕਤੀ ਦੇ ਨਾਲ ਸ਼ਸ਼ਤਰਾਂ ਦੀ ਸ਼ਕਤੀ ਦੀ ਵਰਤੋਂ ਕਰਕੇ ਪਹਿਲੀ ਵਾਰ ਬੰਦਗੀ ਦੀ ਧਾਰਾ ਵਿੱਚ ਮਾਲਾ ਦੇ ਨਾਲ ਤਲਵਾਰ ਦੀ ਸੁਮੇਲਤਾ ਸਥਾਪਿਤ ਕੀਤੀ। ਅਜਿਹਾ ਨਹੀਂ ਸੀ ਕਿ ਤਲਵਾਰ ਦੀ ਸਿੱਖਿਆ ਨਾਲ ਰੂਹਾਨੀਅਤ ਦੂਰ ਹੋ ਗਈ ਸੀ:

> ਇਸ ਕਰਕੇ ਜਿਹੜੇ ਲੇਖਕ ਇਸ ਮਤ ਦੇ ਧਾਰਨੀ ਹਨ ਕਿ ਗੁਰੂ ਹਰਿ ਗੋਬਿੰਦ ਸਾਹਿਬ ਦੀ ਅਗਵਾਈ ਹੇਠ ਸਿੱਖ ਧਰਮ ਨੇ ਸ਼ਾਂਤਮਈ ਮਾਰਗ ਨੂੰ ਛੱਡ ਕੇ ਹਥਿਆਰਬੰਦ ਸੰਘਰਸ਼ ਦਾ ਮਾਰਗ ਅਪਣਾ ਲਿਆ ਸੀ ਤੇ

---

268 *ਉਹੀ,* ਪੰਨਾ-121.

269 *ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥* ਰਾਗ ਸਾਰੰਗ ਮ: ੧, 1240.

270 ਤਾਰਨ ਸਿੰਘ, *ਭਗਤੀ ਤੇ ਸਕਤੀ,* ਪੰਨਾ-10.

271 ਦੀਵਾਨ ਸਿੰਘ, *ਭਗਤੀ ਅਤੇ ਸ਼ਕਤੀ,* ਪੰਨੇ-20-1.

> ਇਉਂ ਸਿੱਖ ਧਰਮ ਦਾ ਲੜਾਕੀ ਸ਼ਕਤੀ ਵਿਚ ਪਰਿਵਰਤਨ (transformation) ਹੋ ਗਿਆ ਉਹ ਦਰੁਸਤ ਨਹੀਂ ਹਨ। ਸਿੱਖ ਧਰਮ ਦੇ ਸਿਧਾਂਤ ਉਹੀ ਸਨ, ਸੋਚ ਉਹੀ ਸੀ ਅਤੇ ਪਰਚਾਰ ਵੀ ਉਹੀ ਸੀ।[272]

ਪਹਿਲਾਂ ਦਰਬਾਰ ਸਾਹਿਬ ਕੀਰਤਨ ਹੁੰਦਾ ਸੀ ਉਪਰੰਤ ਅਕਾਲ ਤਖ਼ਤ ਵਿਖੇ ਗੰਭੀਰ ਮਸਲਿਆਂ ਉਪਰ ਵਿਚਾਰ ਕੀਤੀ ਜਾਂਦੀ ਸੀ। ਢਾਡੀਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ। ਦਰਬਾਰ ਸਾਹਿਬ ਦਾ ਕੀਰਤਨ ਰੂਹਾਨੀ ਤਸੱਲੀ ਕਰਵਾਉਂਦਾ ਅਤੇ ਅਕਾਲਤਖ਼ਤ ਦੀਆਂ ਵਾਰਾਂ ਬੀਰ ਰਸ ਪੈਦਾ ਕਰਦੀਆਂ ਸਨ। ਪਹਿਲੇ ਢਾਡੀ ਅਬਦੁੱਲੇ ਨੇ *ਪੱਗ ਤੇਰੀ ਕੀ ਜਹਾਂਗੀਰ ਦੀ* ਵਾਰ ਗਾ ਕੇ ਛੇਵੇਂ ਗੁਰੂ ਸਾਹਮਣੇ ਜਹਾਂਗੀਰ ਨੂੰ ਨਿਗੂਣਾ ਪੇਸ਼ ਕੀਤਾ ਸੀ। ਇਸ ਤਖ਼ਤ ਦੀ ਬਣਤਰ ਅਜਿਹੀ ਹੈ ਕਿ ਅਕਾਲਤਖ਼ਤ ਤੋਂ ਹਰਿਮੰਦਿਰ ਸਾਫ਼ ਦਿਸਦਾ ਹੈ। ਇਸਦਾ ਭਾਵ ਇਹ ਹੈ ਕਿ ਅਕਾਲਤਖ਼ਤ ਤੋਂ ਕੋਈ ਵੀ ਕਾਰਵਾਈ ਕਰਦਿਆਂ ਹਰਿਮੰਦਿਰ ਦਾ ਧਿਆਨ ਜ਼ਰੂਰ ਰੱਖਣਾ ਹੈ। ਆਪ ਜੀ ਨੇ ਦੋ ਤਲਵਾਰਾਂ ਪਹਿਨੀਆਂ ਸਨ ਜੋ ਮੀਰੀ ਅਤੇ ਪੀਰੀ ਦਾ ਪ੍ਰਤੀਕ ਸਨ। ਇਕ ਸਮਾਂ ਆਇਆ ਸੀ ਕਿ ਜਦੋਂ ਆਪ ਜੀ ਨੇ ਜੰਗ ਨਾ ਲੜਣ ਦਾ ਫੈਸਲਾ ਵੀ ਕੀਤਾ ਸੀ। ਇਸ ਫੈਸਲੇ ਪਿੱਛੇ ਇੱਕ ਹੀ ਕਾਰਨ ਸੀ ਕਿ ਸਿੱਖ ਧਰਮ ਵਿਚ ਸ਼ਸ਼ਤਰਾਂ ਦੀ ਵਰਤੋਂ ਦਾ ਤਜ਼ਰਬਾ ਨਵਾਂ-ਨਵਾਂ ਹੈ। ਕਿਤੇ ਇਸ ਮਾਰਗ ਤੇ ਚੱਲਦਿਆਂ ਸਿੱਖ ਬੰਦਗੀ ਦਾ ਰਾਹ ਨਾ ਭੁੱਲ ਜਾਣ। ਇਸ ਤੱਥ ਨੂੰ ਸੂਰਜ ਪ੍ਰਕਾਸ਼ ਦਾ ਕਰਤਾ ਬਾਬਾ ਗੁਰਦਿੱਤਾ ਜੀ ਦੇ ਹਵਾਲੇ ਨਾਲ ਲਿਖਦਾ ਹੈ।[273] ਇਸਦਾ ਪਤਾ ਸਾਨੂੰ ਸ੍ਰੀ ਗੁਰੂ ਹਰਿ ਰਾਇ ਜੀ ਦੇ ਜੀਵਨ ਤੋਂ ਵੀ ਲੱਗਦਾ ਹੈ। ਇੱਕ ਵਾਰ ਜਦੋਂ ਗੁਰੂ ਜੀ ਸੰਗਤਾਂ ਨਾਲ ਕਿਤੇ ਜਾ ਰਹੇ ਸਨ ਤਾਂ ਤੁਰਕਾਂ ਦੇ ਇਕ ਦਲ ਨੇ ਗੁਰੂ ਜੀ ਨੂੰ ਘੇਰ ਲਿਆ। ਗੁਰੂ ਜੀ ਨੇ ਆਪ ਮੁਕਾਬਲਾ ਕਰਨ ਨਾਲੋਂ ਭਾਈ ਗੋਰੇ ਨੂੰ ਲੜਣ ਦਾ ਆਦੇਸ਼ ਦਿੱਤਾ।[274] ਗੁਰਮਤਿ ਦਾ ਹੁਕਮ ਹੈ ਕਿ ਦੁੱਖਾਂ, ਭੁੱਖਾਂ ਅਤੇ ਸੁੱਖਾਂ ਵਿਚ ਬੰਦਗੀ ਪ੍ਰਧਾਨ ਰਹੇ। ਜਦੋਂ ਸਿੱਖ ਬੰਦਗੀ ਦੇ ਅਧੀਨ ਸ਼ਸ਼ਤਰਾਂ ਅਤੇ ਰਾਜ ਨੂੰ ਸਮਝਣ ਲੱਗ ਪਏ ਤਾਂ ਗੁਰੂ ਜੀ ਨੇ ਸ਼ਸ਼ਤਰਾਂ ਨੂੰ ਸਿੱਖੀ ਦਾ ਅਹਿਮ ਅੰਗ ਪ੍ਰਵਾਨ ਕਰ ਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸ਼ਤਰਾਂ ਨੂੰ ਪੀਰ ਦਾ ਦਰਜਾ ਦਿੱਤਾ।[275] ਕੇਵਲ ਇਹ ਹੀ ਨਹੀਂ ਕਿ ਰਾਜਸੱਤਾ ਹੀ ਬੰਦਗੀ ਦੇ ਅਧੀਨ ਹੁੰਦੀ ਹੈ ਸਗੋਂ ਜੀਵਨ ਦਾ ਹਰ ਕੰਮ ਜੇਕਰ ਬੰਦਗੀ ਦੇ ਅਧੀਨ ਹੋਵੇਗਾ ਤਾਂ ਉਹ ਸਮਾਜ ਲਈ ਸੁਖਦਾਈ ਹੋਵੇਗਾ। ਤਾਰਨ ਸਿੰਘ ਲਿਖਦੇ ਹਨ:

> ਉਹ ਬਾਬਰ ਸਾਹਮਣੇ ਡਟ ਗਏ, ਭਾਗੋ ਸਾਹਮਣੇ ਡਟ ਗਏ, ਚੋਰਾਂ ਧਾੜਵੀਆਂ ਸਾਹਮਣੇ ਡਟ ਗਏ, ਜ਼ਾਲਮ ਤੇ ਫੋਕੇ 'ਧਰਮ' ਸਾਹਮਣੇ ਡਟ ਗਏ। ਨਿਰਭੈਤਾ ਤੇ ਆਤਮਕ ਉੱਚਤਾ ਦਾ ਕੁਝ ਸਵਾਦ ਕੌਮ ਨੂੰ ਆਉਣ ਲੱਗਾ। ਗੁਰੂ ਅੰਗਦ ਸਾਹਿਬ 'ਹਮਾਯੂੰ' ਸਾਹਮਣੇ ਡਟ ਗਏ। ਗੁਰੂ ਅਮਰਦਾਸ ਜੀ 'ਅਕਬਰ' ਦੇ ਰਾਸ਼ਟਰ ਅਤੇ ਐਸ਼ਵਰਜ਼ ਤੋਂ ਅਪ੍ਰਭਾਵਿਤ ਰਹੇ। ਗੁਰੂ ਰਾਮਦਾਸ ਜੀ ਨੇ ਅਕਬਰ ਦੇ ਦਰਬਾਰ ਵਿਚ ਵੀ ਸਾਬਤ ਕਰ ਦਿੱਤਾ ਕਿ ਆਚਰਣ ਹੀਣ ਬ੍ਰਾਹਮਣ ਵਿਦਵਤਾ ਵਿਚ ਵੀ ਫੋਕੇ ਹਨ। ਗੁਰੂ ਅਰਜਨ ਸਾਹਿਬ ਸ਼ਹਿਨਸ਼ਾਹ ਦੀ

---

[272] ਸੁਖਦਿਆਲ ਸਿੰਘ (ਡਾ.), *ਸਿਰੀ ਅਕਾਲ ਤਖ਼ਤ ਸਾਹਿਬ* (1606-1982), ਪੰਨਾ-183.

[273] *ਰਣ ਤੇ ਸ਼ਾਂਤਿ ਬ੍ਰਿਤੀ ਅਬਿ ਭਏ। ਸੁਨਹਿ ਬਿਖੇਰਾ ਤੌਂ ਰਿਸ ਲਏ। ਠਾਂਢੇ ਭਏ ਕਰੇ ਥਿਰ ਲੋਚਨ। ਅਨਿਕ ਭਾਂਤਿ ਕੀ ਸੋਚਤਿ ਸੋਚਨ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ*, ਭਾਗ ਛੇਵਾਂ, ਅਜੀਤ ਸਿੰਘ ਔਲਖ, ਪੰਨਾ-853.

[274] *ਆਨਿ ਜੰਗ ਕੋ ਕਾਰਜ ਪਰਯੋ। ਹਮਹਿ ਪਿਤਾਮੇ ਬਰਜਨਿ ਕਰਯੋ। ਅਸਮੰਜਸ ਹੋਈ ਅਬਿ ਆਨਿ। ਖਰੇ ਬਿਚਾਰਯੋ ਗੁਰ ਭਗਵਾਨ।23। ਉਹੀ*, ਪੰਨਾ- 467.

[275] *ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ। ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ।* ਦਸਮ ਗ੍ਰੰਥ ਸਾਹਿਬ ਪਾਠ ਸੰਪਾਦਨ ਅਤੇ ਵਿਆਖਿਆ, ਪੋਥੀ ਪਹਿਲੀ, ਪੰਨਾ- 402.

ਮਰਜ਼ੀ ਵਿਰੁੱਧ ਵਗੇ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਰਾਜ ਤਖਤ ਹੀ ਕਾਇਮ ਕਰ ਲਿਆ। ਗੁਰੂ ਹਰਿ ਰਾਇ ਸਾਹਿਬ ਜੀ ਸ਼ਾਹੀ ਫੌਜ ਨੂੰ ਠੱਲ੍ਹਣ ਤੇ ਰੋਕਣ ਦੀ ਦਲੇਰੀ ਕਰ ਗਏ। ਗੁਰੂ ਹਰਿਕ੍ਰਿਸ਼ਨ ਜੀ ਨੇ ਸ਼ਾਹੀ ਸੱਦੇ ਤੇ ਸੰਮਨ ਨੂੰ ਤੁੱਛ ਅਤੇ ਹੇਚ ਕਰ ਦਿੱਤਾ। ਗੁਰੂ ਤੇਗ ਬਹਾਦਰ ਨੇ ਦਲ੍ਹੀਜ ਤੇ ਠੀਕਰ ਭੰਨ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੇ ਚਿੰਨ੍ਹ ਕੱਕਾਰ ਦੇ ਕੇ ਕੌਮ ਦੀ ਪੁਨਰ ਉਸਾਰੀ ਪੂਰੀ ਕਰ ਦਿੱਤੀ।[276]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਂ ਦੀ ਹਕੂਮਤ ਨਾਲੋਂ ਵੱਧ ਤਾਕਤਵਰ, ਦਲੇਰ ਅਤੇ ਨਿਆਂ ਪਸੰਦ ਸਨ। ਇਹ ਇਸ ਕਰਕੇ ਹੈ ਕਿ ਗੁਰੂ ਜੀ ਹਰ ਕੰਮ ਵਿਚ ਬੰਦਗੀ ਨੂੰ ਤਰਜੀਹ ਦਿੰਦੇ ਹਨ:

> ਗੁਰਬਾਣੀ ਦੀ ਵਿਚਾਰਧਾਰਾ ਸੱਤਾ ਵਿਹੂਣੇ ਵਰਗਾਂ, ਸਾਧਾਰਣ ਲੋਕਾਂ ਅਤੇ ਮਹਿਕੂਮ ਦੀ ਵਿਚਾਰਧਾਰਾ ਹੈ। ਆਮ ਲੋਕਾਈ ਦਾ ਪੱਖ ਪੂਰਣ ਵਾਲੀ ਇਹ ਵਿਚਾਰਧਾਰਾ ਹਰ ਕਿਸਮ ਦੇ ਦਮਨ ਅਤੇ ਸ਼ੋਸ਼ਣ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦੀ ਹੈ। ਇਕ ਪਾਸੇ ਇਹ ਮੁਗਲ ਸਾਮੰਤਵਾਦ ਦੀ ਕੱਟੜ ਮਜ਼੍ਹਬੀ ਨੀਤੀ ਅਤੇ ਆਰਥਿਕ ਲੁੱਟ-ਖਸੁੱਟ ਦਾ ਵਿਰੋਧ ਕਰਦੀ ਹੈ ਅਤੇ ਦੂਸਰੇ ਪਾਸੇ ਇਹ ਬ੍ਰਾਹਮਣਵਾਦੀ ਕਰਮਕਾਂਡ ਅਤੇ ਮਨੂਵਾਦੀ ਜਾਤੀ ਪ੍ਰਥਾ ਦਾ ਖੰਡਨ ਵੀ ਕਰਦੀ ਹੈ ਜੋ ਸਮਾਜ ਦੇ ਨੀਵੇਂ ਅਤੇ ਨਿਤਾਣੇ ਵਰਗਾਂ ਦੇ ਸਵੈਮਾਣ ਨੂੰ ਕੁਚਲਣ ਦਾ ਪਰਬੰਧ ਉਸਾਰਦਾ ਹੈ।[277]

ਦੂਜੇ ਪਾਸੇ ਵਕਤ ਦਾ ਬਾਦਸ਼ਾਹ ਔਰੰਗਜ਼ੇਬ, ਜੋ ਜਿਸਮਾਨੀ ਤੌਰ 'ਤੇ ਫ਼ੌਜਾਂ ਦਾ ਮਾਲਕ ਅਤੇ ਧਨਵਾਨ ਤਾਂ ਹੈ ਪਰ ਨਾ ਤਾਂ ਉਸਦਾ ਹਜ਼ਰਤ ਮੁਹੰਮਦ ਵਿਚ ਅਤੇ ਨਾ ਕੁਰਾਨ ਵਿਚ ਯਕੀਨ ਹੈ। ਇਸ ਦਾ ਜ਼ਿਕਰ ਦਸ਼ਮੇਸ਼ ਜੀ ਨੇ ਜ਼ਫ਼ਰਨਾਮੇ ਵਿਚ ਕੀਤਾ ਹੈ।[278] ਗੁਰੂ ਸਾਹਿਬ ਵੱਲੋਂ ਅਨੇਕ ਲੜਾਈਆਂ ਜਿੱਤਣ ਤੋਂ ਬਾਅਦ ਵੀ ਇੱਕ ਗਿੱਠ ਜ਼ਮੀਨ ਉਪਰ ਕਬਜ਼ਾ ਨਾ ਕਰਨਾ ਬੰਦਗੀ ਦੀ ਅਹਿਮੀਅਤ ਨੂੰ ਦ੍ਰਿੜ੍ਹ ਕਰਦਾ ਹੈ। ਸੋ ਇਹ ਕਹਿਣਾ ਠੀਕ ਹੋਵੇਗਾ:

> 1. ਭਗਤੀ ਹੀ ਸ਼ਕਤੀ ਦਾ ਸੋਮਾ ਹੈ। 2. ਭਗਤੀ ਤੋਂ ਵੱਖ ਹੋ ਕੇ ਸ਼ਕਤੀ ਕੇਵਲ ਰਾਜਸੀ ਸੱਤਾਵਾਦ ਰਹਿ ਜਾਂਦੀ ਹੈ ਤੇ ਝੱਟ ਖਤਮ ਹੋ ਜਾਂਦੀ ਹੈ ਜਿਵੇਂ ਮਹਾਰਾਜਾ ਰਣਜੀਤ ਸਿੰਘ ਦੀ ਰਾਜਸੀ ਸ਼ਕਤੀ, ਜੋ ਧਾਰਮਿਕ ਸੋਮੇ ਤੋਂ ਟੁੱਟ ਕੇ ਕੇਵਲ ਸੈਨਿਕ ਸ਼ਕਤੀਵਾਦ ਬਣ ਗਈ। 3. ਭਗਤੀ ਠੀਕ ਅਰਥਾਂ ਵਿਚ ਉਹ ਭਗਤੀ ਹੈ ਜਿਸ ਵਿਚ ਸਮਾਜਿਕ ਜ਼ਿੰਮੇਦਾਰੀ ਹੈ ਤੇ ਜੋ ਕੁਰਬਾਨੀ ਤੇ ਸ਼ਹੀਦੀ ਦੀ ਜਾਚ ਸਿਖਾਂਦੀ ਹੈ।[279]

ਇਹ ਸ਼ਕਤੀ ਜਦੋਂ ਸਮਾਜ ਵੱਲ ਮੁਖ ਕਰਦੀ ਹੈ ਤਾਂ ਸਮਾਜ ਨੂੰ ਸੁਖਦਾਈ ਬਣਾਉਂਦੀ ਹੈ। ਡਾ. ਮਨਮੋਹਨ ਸਿੰਘ ਲਿਖਦੇ ਹਨ:

> ਉੱਤਰੀ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਅਤੇ ਪੰਜਾਬੀ ਸਾਹਿਤ ਵਿਚ ਭਗਤੀ ਅੰਦੋਲਨ ਨੂੰ ਸਿਖਰ ਤੇ ਪੁਚਾਣ ਦਾ ਸਿਹਰਾ ਗੁਰੂ ਨਾਨਕ ਦੇਵ ਜੀ ਦੇ ਹੀ ਸਿਰ ਹੈ। ਉਹਨਾਂ ਤੋਂ ਪਹਿਲਾ ਭਗਤੀ ਅੰਦੋਲਨ ਵਧੇਰੇ ਧਾਰਮਕ, ਸੰਪਰਦਾਇਕ, ਨਿੱਜੀ ਅਤੇ ਅਧਿਆਤਮਕ ਖੇਤਰ ਤਕ ਹੀ ਸੀਮਤ ਸੀ। ਉਹਨਾਂ ਨੇ ਇਸਨੂੰ ਸਮਾਜਕ ਅਤੇ ਸਮੂਹਕ ਰੂਪ ਦੇ ਕੇ ਇਸਦੀ ਕਾਂਇਆ ਕਲਪ ਕਰ ਦਿੱਤੀ, ਅਜਿਹੀ ਕਾਇਆ ਕਲਪ ਕਿ ਇਸਦਾ ਸਿਖਰ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਵੇਖਦੇ ਹਾਂ, ਉਦੋਂ ਜਦੋਂ ਪੰਜਾਬ ਅਤੇ ਪੰਜਾਬੀ ਸਾਹਿਤ ਵਿਚ ਭਗਤੀ ਅੰਦੋਲਨ ਨੇ ਜੀਵਨਮਈ, ਸੰਘਰਸ਼ਮਈ ਰੂਪ ਧਾਰਣ ਕੀਤਾ ਅਤੇ ਸਿੱਧੇ ਤੇ ਪ੍ਰਤੱਖ ਰੂਪ ਵਿਚ ਰਾਜਨੀਤਿਕ ਜਾਮਾ ਪਹਿਨ ਕੇ ਸਮੇਂ ਦੀ ਜ਼ਾਲਮਾਨਾ ਹਕੂਮਤ ਦੇ ਵਿਰੁੱਧ ਜਹਾਦ ਖੜਾ ਕਰ

---

[276] ਤਾਰਨ ਸਿੰਘ, *ਭਗਤੀ ਅਤੇ ਸ਼ਕਤੀ,* ਪੰਨਾ-99.

[277] ਜਗਬੀਰ ਸਿੰਘ, (ਡਾ.) *ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ ਗੁਰੂ ਗ੍ਰੰਥ ਸਾਹਿਬ,* ਪੰਨਾ-212.

[278] *ਨ ਈਮਾਂ ਪ੍ਰਸਤੀ ਨ ਅਉਜ਼ਾਇ ਦੀਂ, ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ।੪੬।* ਪਦਮ, *ਜ਼ਫ਼ਰਨਾਮਾ,* ਪੰਨਾ- 57.

[279] ਦੀਵਾਨ ਸਿੰਘ, *ਉਹੀ,* ਪੰਨਾ-24.

ਦਿੱਤਾ, ਅਜਿਹਾ ਜਹਾਦ ਕਿ ਜਿਸਨੇ ਸਦੀਆਂ ਤੋਂ ਖੜੇ ਮੁਗਲ ਸਾਮਰਾਜ ਦੇ ਮਹਿਲ ਦੀਆਂ ਨੀਹਾਂ ਹੀ ਹਿਲਾ ਦਿੱਤੀਆਂ। ਗਹੁ ਨਾਲ ਵਾਚੀਏ ਤਾਂ ਅਸੀਂ ਇਸ ਸਿੱਟੇ ਤੇ ਅਪੜਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਸੰਚਾਲਿਤ ਇਸ ਭਗਤੀ ਅੰਦੋਲਨ ਨੇ ਜਿਥੇ ਮੁਗਲ ਸਲਤਨਤ ਦੀ ਤਬਾਹੀ ਦੇ ਸਾਮਾਨ ਪੈਦਾ ਕੀਤੇ, ਉਥੇ ਦੂਜੇ ਪਾਸੇ ਸਿੱਖ ਰਾਜ ਦੀ ਸਥਾਪਨਾ ਦੇ ਸਾਧਨ ਵੀ ਜੁਟਾਏ।[280]

ਆਪਣਾ ਬਲਿਦਾਨ ਦੇ ਕੇ ਵੀ ਸਮਾਜ ਦੀ ਰਾਖੀ ਕਰਦੀ ਹੈ ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀਤੀ ਸੀ।[281] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੰਗਜੂ ਸੰਘਰਸ਼ ਸਮਾਜਿਕ ਭਲਾਈ ਲਈ ਸੀ। ਸਾਡੇ ਇਤਿਹਾਸ ਵਿਚ ਵਰਣਿਤ ਸਾਰੇ ਸ਼ਹੀਦਾਂ ਨੇ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਸ ਆਪਾ ਵਾਰਨ ਦੀ ਨਿਡਰ ਭਾਵਨਾ ਪਿੱਛੇ ਬੰਦਗੀ ਹੀ ਸੀ। ਦੂਜੇ ਪਾਸੇ ਬੰਦਗੀ ਕਰਨ ਵਾਲੇ ਵਿਚ ਰੂਹਾਨੀ ਤਾਕਤਾਂ ਵੀ ਆਉਂਦੀਆਂ ਹਨ। ਬੰਦਗੀ ਕਰਨ ਵਾਲੇ ਨੂੰ ਨੌਂ ਨਿਧੀਆਂ ਅਤੇ ਅਠਾਰਾਂ ਸਿੱਧੀਆਂ ਦੀ ਪ੍ਰਾਪਤੀ ਹੁੰਦੀ ਹੈ।[282] ਇਨ੍ਹਾਂ ਸ਼ਕਤੀਆਂ ਦੇ ਹੁੰਦਿਆਂ ਵੀ ਆਪਣੇ ਆਪ ਨੂੰ ਵੱਡਾ ਨਾ ਸਮਝਣਾ ਤੇ ਆਪਣੇ ਆਪ ਉਤੇ ਪੂਰਨ ਕੰਟਰੋਲ ਰੱਖਣਾ ਬੰਦਗੀ ਹੈ:

> ਯੋਗ ਮੱਤ ਵਾਲਿਆਂ ਦੀ ਧਾਰਣਾ ਹੈ ਕਿ ਜਦੋਂ ਕੋਈ ਵਿਅਕਤੀ ਯੋਗ ਦਾ ਅਭਿਆਸ ਕਰਦਾ ਹੈ ਤਾਂ ਉਹ ਕੁਝ ਕੁ ਵਿਸ਼ੇਸ਼ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ। ਇਹ ਸ਼ਕਤੀਆਂ ਹੀ ਉਨ੍ਹਾਂ ਦੀ ਭਾਸ਼ਾ ਵਿਚ ਸਿੱਧੀਆਂ ਅਖਵਾਉਂਦੀਆਂ ਹਨ। ਇਨ੍ਹਾਂ ਦੀ ਗਿਣਤੀ ਅੱਠ ਮੰਨੀ ਜਾਂਦੀ ਹੈ 1. ਅਣਿਮਾ, ਅਣੂ ਵਾਂਗ ਬਹੁਤ ਛੋਟਾ ਹੋ ਜਾਣਾ 2. ਲਘਿਮਾ, ਹੌਲਾ ਹੋ ਕੇ ਉਡ ਜਾਣਾ 3. ਮਹਿਮਾ ਪਰਬਤ ਵਾਂਗ ਭਾਰੀ ਹੋ ਜਾਣਾ 4. ਪ੍ਰਾਪਤਿ, ਕਿਤੋਂ ਵੀ ਕੋਈ ਵਸਤੂ ਪ੍ਰਾਪਤ ਕਰ ਸਕਣਾ 5. ਪ੍ਰਾਕਾਮਯ, ਇੱਛਾ ਸ਼ਕਤੀ ਨੂੰ ਬੇਰੋਕ ਕਰ ਸਕਣਾ 6. ਵਸ਼ਿਤਵ, ਸਾਰਿਆਂ ਪ੍ਰਾਣੀਆਂ ਨੂੰ ਵਸ ਵਿਚ ਕਰ ਸਕਣਾ 7. ਈਸਿਤਵ, ਸਾਰਿਆਂ ਪਦਾਰਥਾਂ ਉਤੇ ਅਧਿਕਾਰ ਪ੍ਰਾਪਤ ਕਰ ਸਕਣਾ 8. ਯਥਾਕਾਮਾਵਸਾਯਿਤਾ, ਸਾਧਕ ਦੇ ਹਰ ਪ੍ਰਕਾਰ ਦੇ ਸੰਕਲਪਾਂ ਦਾ ਪੂਰਾ ਹੋ ਜਾਣਾ। ਸਿੱਧੀਆਂ ਤੋਂ ਇਲਾਵਾ ਰਿੱਧੀਆਂ ਅਤੇ ਨਿਧੀਆਂ ਦੀ ਪ੍ਰਾਪਤੀ ਦੀ ਕਲਪਨਾ ਵੀ ਕੀਤੀ ਹੈ।...ਪਰ ਨਾਮ ਸਾਧਨਾ ਦੇ ਮੁਕਾਬਲੇ ਇਹ ਸਭ ਕੁਝ ਨਿਰਾਰਥਕ ਹੈ।[283]

ਇੱਕ ਸਾਧਕ ਨੇ ਆਪਣੇ ਮੁਰਸ਼ਦ ਨੂੰ ਸਵਾਲ ਕੀਤਾ ਕਿ ਆਪ ਜੀ ਦੱਸਦੇ ਹੋ ਕਿ ਬੰਦਗੀ ਕਰਨ ਵਾਲਿਆਂ ਨੂੰ ਨੌਂ ਨਿਧੀਆਂ ਅਤੇ ਅਠਾਰਾਂ ਸਿਧੀਆਂ ਦੀ ਪ੍ਰਾਪਤੀ ਹੁੰਦੀ ਹੈ। ਜੇਕਰ ਮੇਰੇ ਵਿਚ ਇਹ ਸ਼ਕਤੀ ਆ ਜਾਵੇ ਤਾਂ ਮੈਂ ਆਪਣੇ ਦੁਸ਼ਮਣਾਂ ਤੋਂ ਗਿਣ-ਗਿਣ ਕੇ ਬਦਲੇ ਲਵਾਂ। ਮੁਰਸ਼ਦ ਨੇ ਕਿਹਾ- ਇਹ ਸ਼ਕਤੀ ਇਸ ਕਰਕੇ ਹੀ ਨਹੀਂ ਆਈ।

## ਬੰਦਗੀ ਅਤੇ ਕਕਾਰ

ਗੁਰਮਤਿ ਵਿਚ ਪੰਜ ਕੱਕਾਰਾਂ ਦੀ ਖ਼ਾਸ ਅਹਿਮੀਅਤ ਹੈ। ਅਠਾਰਵੀਂ ਸਦੀ ਦਾ ਸਿੱਖ ਧਰਮ ਦਾ ਸਾਰਾ ਇਤਿਹਾਸਿਕ ਢਾਂਚਾ ਕੱਕਾਰਾਂ ਦੀ ਬੁਨਿਆਦ 'ਤੇ ਹੀ ਖੜਾ ਹੈ। ਇਨ੍ਹਾਂ ਨੂੰ ਪੰਜ ਕੱਕੇ ਅਤੇ ਗੁਰਮਤਿ ਦੀ ਪੰਚ ਪ੍ਰਧਾਨੀ ਪ੍ਰਣਾਲੀ ਦਾ ਅਹਿਮ ਅੰਗ ਵੀ ਕਿਹਾ ਜਾਂਦਾ ਹੈ। ਇਹ ਹਨ- ਕੇਸ, ਕੰਘਾ, ਕੜਾ,

---

280 ਮਨਮੋਹਨ ਸਿੰਘ, (ਡਾ.), *ਗੁਰੂ ਨਾਨਕ ਅਤੇ ਭਗਤੀ ਅੰਦੋਲਨ*, ਪੰਨਾ-48.

281 *ਠੀਕਰ ਫੋਰਿ ਦਿਲੀਸ ਸਿਰਿ, ਪ੍ਰਭ ਪੁਰ ਕੀਯਾ ਪਯਾਨ॥ ਤੇਗ ਬਹਾਦਰ ਸੀ ਕ੍ਰਿਯਾ, ਕਰੀ ਨ ਕਿਨਹੂ ਆਨ॥੧੫॥* ਸਤਿਬੀਰ ਸਿੰਘ, *ਗੁਰੂ ਤੇਗ ਬਹਾਦਰ ਸਿਮ੍ਰਤੀ ਗ੍ਰੰਥ*, ਪੰਨਾ-18.

282 *ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥* ਰਾਗ ਸੋਰਠ ਮ: ੩, 649.

283 *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਧਨਾ ਦਾ ਸਰੂਪ*, ਪੰਨੇ 22-3.

ਕਿਰਪਾਨ ਅਤੇ ਕਛਹਿਰਾ। ਸਿੱਖ ਅਤੇ ਸਿੱਖੀ ਸਰੂਪ ਦੀਆਂ ਪੰਜ ਨਿਸ਼ਾਨੀਆਂ ਹਨ ਜਿੰਨ੍ਹਾਂ ਵਿਚੋਂ ਇਕ ਦੀ ਵੀ ਛੋਟ ਨਹੀਂ ਹੈ:

*ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼। ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼।*[284]

ਡਾ. ਦਰਸ਼ਨ ਸਿੰਘ ਅਨੁਸਾਰ:

> ਸਿਮਰਨ, ਸ਼ਬਦ ਸੁਰਤ ਵਿਚਾਰ, ਕੀਰਤਨ ਆਦਿ ਅੰਤਰੀਵੀ ਸਾਧਨਾ ਹੈ। ਇਨ੍ਹਾਂ ਦਾ ਸਿੱਧਾ ਸੰਬੰਧ ਮਨੁੱਖ ਦੇ ਅੰਦਰਲੇ ਆਪੇ ਮਨ ਦੀ ਸਾਧਨਾ ਨਾਲ ਹੈ। ਕੋਈ ਵੀ ਸਾਧਨਾ ਉਤਨੀ ਦੇਰ ਤੱਕ ਸਫਲ ਨਹੀਂ ਹੋ ਸਕਦੀ ਜਿਤਨੀ ਦੇਰ ਤੱਕ ਅੰਤਰੀਵੀ ਸਾਧਨਾ ਨੂੰ ਬਾਹਰੀ ਮਨੁੱਖੀ ਕਰਮ, ਵਿਵਹਾਰ ਨਾਲ ਸਫਲਤਾ ਪੂਰਵਕ ਜੋੜ ਨਹੀਂ ਦਿੱਤਾ ਜਾਂਦਾ। ਕਿਸੇ ਵੀ ਧਰਮ ਸਾਧਨਾ ਦੀ ਸਫਲਤਾ ਅਸਫਲਤਾ ਸਾਧਨਾ ਦੇ ਅੰਤਰੀਵੀ ਬਾਹਰੀ ਪੱਖਾਂ ਦੇ ਮੇਲ ਦੀ ਸਫਲਤਾ ਅਸਫਲਤਾ ਤੇ ਨਿਰਭਰ ਕਰਦੀ ਹੈ।[285]

ਕੱਕਾਰ ਗੁਰਮਤਿ ਦੇ ਪਾਂਧੀ ਦੀ ਅੰਦਰੂਨੀ ਅਤੇ ਬਾਹਰੀ ਜੀਵਨ ਜਾਚ ਹਨ। ਸਾਧਕ ਨੇ ਇਨ੍ਹਾਂ ਪੰਜਾਂ ਰਾਹੀਂ ਅੰਦਰੂਨੀ ਅਤੇ ਬਾਹਰੀ ਫ਼ਤਹਿ ਪ੍ਰਾਪਤ ਕਰਨੀ ਹੈ। ਸਾਡੇ ਸਰੀਰ ਵਿਚ ਇੱਕ ਕੇਸ ਹੀ ਅਜਿਹਾ ਅੰਗ ਹਨ ਜੋ ਵਾਰ-ਵਾਰ ਆਉਂਦੇ ਹਨ। ਸਰੀਰ ਦਾ ਕੋਈ ਵੀ ਅੰਗ ਕੱਟਿਆ ਜਾਵੇ ਤਾਂ ਦੁਬਾਰਾ ਨਹੀਂ ਆਉਂਦਾ ਪਰੰਤੂ ਕੇਸਾਂ ਨੂੰ ਜਿੰਨੀ ਵਾਰੀ ਕੱਟਿਆ ਜਾਂਦਾ ਹੈ। ਉਹ ਮੁੜ-ਮੁੜ ਆਉਂਦੇ ਹਨ ਕਿਉਂਕਿ ਇਹ ਜ਼ਰੂਰੀ ਹਨ। ਗੁਰਮਤਿ ਅਨੁਸਾਰ ਬੰਦਗੀ ਕਰਦਿਆਂ ਸਾਧਕ ਨੂੰ ਅਜਿਹੀ ਅਵਸਥਾ ਪ੍ਰਾਪਤ ਹੋਣੀ ਹੈ ਜਦੋਂ ਉਸਦੇ ਸਰੀਰ ਦੇ ਰੋਮ ਵੀ ਬੰਦਗੀ ਕਰਨ ਲੱਗ ਪੈਣਗੇ। ਇਸ ਲਈ ਹੀ ਰਹਿਤ ਮਰਿਆਦਾ ਵਿਚ ਕੇਸਾਂ ਨੂੰ ਕੱਟਣਾ ਕਤਲ ਕਰਨ ਦੇ ਬਰਾਬਰ ਮੰਨਿਆ ਗਿਆ ਹੈ। ਇਸ ਪਛਾਣ ਦੀ ਕਾਇਮੀ ਲਈ ਬੇਅੰਤ ਸਿੰਘਾਂ, ਸਿੰਘਣੀਆਂ ਅਤੇ ਬੱਚਿਆਂ ਨੇ ਸ਼ਹਾਦਤਾਂ ਦਿੱਤੀਆਂ ਹਨ ਜਿੰਨ੍ਹਾਂ ਨੂੰ ਅਸੀਂ ਰੋਜ਼ਾਨਾ ਅਰਦਾਸ ਰਾਹੀਂ ਯਾਦ ਕਰਦੇ ਹਾਂ। ਜ਼ਾਲਮ ਹੁਕਮਰਾਨ, ਸਿੱਖਾਂ ਸਾਹਮਣੇ ਪਹਿਲੀ ਸ਼ਰਤ ਹੀ ਕੇਸ ਕਟਾਉਣ ਦੀ ਰੱਖਦੇ ਸਨ। ਕੁਦਰਤ ਨੇ ਕੇਸਾਂ ਰਾਹੀਂ ਮਰਦ ਅਤੇ ਔਰਤ ਦੀ ਪਛਾਣ ਨਿਸ਼ਚਿਤ ਕੀਤੀ ਹੈ। ਦਾਹੜੀ ਅਤੇ ਮੁੱਛ ਅਣਖ ਦਾ ਵੀ ਪ੍ਰਤੀਕ ਹਨ। ਇਸ ਬਾਰੇ ਤਾਰਨ ਸਿੰਘ ਲਿਖਦੇ ਹਨ:

> ਕੱਕਾਰ ਅਸਲ ਵਿਚ ਸਤਿਆਗ੍ਰਹਿ ਹਨ, ਇਹ ਆਪਣੇ ਸਭਿਆਚਾਰ (culture) ਦੀ ਮਹਾਨਤਾ ਤੋਂ ਜਾਣੂ ਹੋਣ ਦਾ ਉਪਰਾਲਾ ਹਨ। ਇਹ ਆਤਮਕ ਅੰਦੋਲਨ ਹਨ। ਇਹ ਜਾਗਰਤੀ ਦੀ ਆਵਾਜ਼ ਹਨ। ਕੱਕਾਰ ਜਥੇਬੰਦ ਹੋਣ ਲਈ ਬੜਾ ਮਨੋਵਿਗਿਆਨਕ ਤੇ ਵਿਗਿਆਨਕ ਸਾਧਨ ਹਨ। ਇਹ ਸਿੱਧੀ ਸਾਦੀ ਫ਼ੌਜੀ ਵਰਦੀ ਹਨ। ਕੌਮ ਭੈਭੀਤ ਇਸੇ ਲਈ ਸੀ ਕਿ ਉਸ ਵਿਚ ਜਥੇਬੰਦੀ ਬਿਲਕੁਲ ਨਹੀਂ ਸੀ, ਘੋੜ ਸਵਾਰੀ ਬਿਲਕੁਲ ਨਹੀਂ ਸੀ, ਸ਼ਸ਼ਤਰ ਵਿਦਿਆ ਨਹੀਂ ਸੀ। ਕੱਕਾਰ ਹਕੂਮਤ ਵੱਲੋਂ ਐਸੀਆਂ ਲੱਗੀਆਂ ਪਾਬੰਦੀਆਂ ਦੇ ਵਿਰੁੱਧ ਆਵਾਜ਼ ਹੈ। ਸਿੱਖਾਂ ਦਾਅਵਾ ਕੀਤਾ ਕਿ ਅਸੀਂ ਫ਼ੌਜੀ ਪਹਿਰਾਵਾ ਰੱਖਾਗੇ, ਸ਼ਸ਼ਤਰ ਧਾਰਨ ਕਰਾਂਗੇ, ਘੋੜ ਸਵਾਰੀ ਕਰਾਂਗੇ, ਜਿਸਮਾਨੀ ਪਰੇਡ ਕਵੈਦ ਕਰਾਂਗੇ। ਅਸੀਂ ਹਕੂਮਤ ਦੇ ਐਸੇ ਅਨਿਆਈ ਕਾਨੂੰਨਾਂ ਨੂੰ ਤੋੜਨ ਦਾ ਪ੍ਰਣ ਕਰਦੇ ਹਾਂ। ਕੇਸ ਦਾਹੜੀ ਦਾ ਕਟਾਵਾ ਪਰਾਧੀਨਤਾ ਦਾ ਬੜਾ ਵੱਡਾ ਚਿੰਨ੍ਹ ਸੀ (ਹੁਣ ਤੇ ਫੈਸ਼ਨ ਹੈ) ਪਗੜੀ ਕਿਸੇ ਗ਼ੁਲਾਮ ਨੂੰ ਬੰਨਣ ਦੀ ਆਗਿਆ ਨਹੀਂ ਹੋ ਸਕਦੀ ਸੀ; ਇਹ ਰਾਜਿਆਂ, ਹਾਕਮਾਂ ਤੇ ਮੁਸਲਮਾਨਾਂ ਦਾ ਪਹਿਰਾਵਾ ਸੀ। ਸਿੱਖਾਂ ਦਾਅਵਾ ਕੀਤਾ ਕਿ ਅਸੀਂ ਕੇਸ, ਦਾਹੜੀ, ਮੁੱਛ ਰੱਖਾਂਗੇ ਅਤੇ ਦਸਤਾਰ ਸਜਾਵਾਂਗੇ। ਸ਼ਸਤਰ ਵਿੱਦਿਆ, ਕੇਸ, ਦਾਹੜੀ, ਮੁੱਛ ਤੇ ਦਸਤਾਰ ਸਾਰੇ ਸਾਡੇ ਮੂਲ ਸਭਿਆਚਾਰ

---

[284] ਪਦਮ, *ਰਹਿਤਨਾਮੇ*, ਪੰਨਾ-35.

[285] *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ*, ਪੰਨਾ-225.

> ਦੇ ਉੱਤਮ ਭਾਗ ਸਨ। ਸਿੱਖਾਂ ਕੋਈ ਨਵੀਂ ਗੱਲ ਨਹੀਂ ਕੀਤੀ, ਕੇਵਲ ਆਪਣੇ ਪੁਰਾਤਨ ਸਭਿਆਚਾਰ ਨੂੰ ਅਪਣਾਇਆ ਹੈ ਤੇ ਉਸ ਨੂੰ ਸਦਾ ਸਜੀਵ ਰੱਖਣ ਦਾ ਉਪਰਾਲਾ ਕੀਤਾ ਹੈ।[286]

ਉਪਰੋਕਤ ਕਥਨ ਮੁਤਾਬਕ ਪੰਜ ਕੱਕਾਰ ਸਿੱਖ ਕੌਮ ਨੂੰ ਇੱਕ ਕੇਂਦਰ ਤੇ ਇਕੱਤਰ ਕਰਦੇ ਹਨ। ਵੀਹਵੀਂ ਸਦੀ ਵਿਚ ਜਦੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜਦੇ ਚਾਰ ਵਿਦਿਆਰਥੀਆਂ ਨੇ ਇਸਾਈ ਧਰਮ ਅਪਨਾ ਲਿਆ ਸੀ ਤਾਂ ਸਿੱਖ ਧਰਮ ਵਿਚ ਸਿੰਘ ਸਭਾ ਲਹਿਰ ਦਾ ਆਗਾਜ਼ ਹੋਇਆ ਸੀ। ਕੱਕਾਰ ਆਜ਼ਾਦੀ ਦਾ ਚਿੰਨ੍ਹ ਹਨ। ਜਦੋਂ ਸਾਧਕ ਇਨ੍ਹਾਂ ਪੰਜਾਂ ਨੂੰ ਅਮਲੀ ਜਾਮਾ ਪਹਿਨਾ ਦਿੰਦਾ ਹੈ ਤਾਂ ਇਹ ਪੰਜੇ ਵਿਕਾਰਾਂ ਤੋਂ ਵੀ ਆਜ਼ਾਦ ਕਰਵਾ ਦਿੰਦੇ ਹਨ। ਸਰੀਰ ਦੇ ਬਾਹਰੀ ਅੰਗਾਂ ਦੀ ਅੰਦਰੂਨੀ ਅੰਗਾਂ ਨਾਲ ਸੁਮੇਲਤਾ ਅਤਿ ਜ਼ਰੂਰੀ ਹੈ:

> ਸਾਰੇ ਗੁਣਾਂ ਨੂੰ ਕੋਮਲ ਜਜ਼ਬਾਤ ਦੇ ਬਾਕੀ ਜੀਵਨ ਪਹਿਲੂਆਂ ਨਾਲ ਸਮਿਲਤ ਕਰਕੇ ਇਕ ਸਮੁੱਚੀ ਜਥੇਬੰਦੀ ਵਿਚ ਪਰੋਣ ਦਾ ਨਾਉਂ ਗੁਰਮਤਿ ਹੈ। ਇਸੇ ਲਈ ਕੋਰਾ ਪ੍ਰੇਮ, ਸੱਖਣੀ ਸੇਵਾ, ਹਉਮੈ ਭਰਿਆਂ ਦਾਨ, ਤੋਤਾ ਰਟਣ ਨਾਮ ਇਸ ਜੀਵਨ ਨੂੰ ਮੁਕੰਮਲ ਨਹੀਂ ਕਰ ਸਕਦਾ। ਇਸ ਦਾ ਕਮਾਲ ਸਾਰੇ ਗੁਣਾਂ ਦੀ ਵਿਚ ਇਸ ਲਈ ਕੀਰਤਨ, ਕਵਿਤਾ, ਕੋਮਲਤਾ, ਕੁਰਬਾਨੀ ਤੇ ਕ੍ਰਿਪਾਲਤਾ ਦੇ ਪੰਜ ਅੰਦਰੂਨੀ ਕੱਕੇ, ਬਾਹਰਲੀ ਪੰਜ ਕੱਕੀ ਰਹਿਤ ਦੇ ਨਾਲ ਮਿਲਕੇ ਹੀ ਸਿੱਖ ਦਾ ਧਾਰਮਿਕ ਜੀਵਨ ਬਦਲਦੇ ਹਨ।[287]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰੱਬ ਦੇ ਲੰਮੇ ਕੇਸਾਂ ਦਾ ਅਤੇ ਭਗਤ ਨਾਮਦੇਵ ਜੀ ਨੇ ਰੱਬ ਦੀ ਪੱਗ ਦਾ ਜ਼ਿਕਰ ਕੀਤਾ ਹੈ। ਪਿਆਰਾ ਸਿੰਘ ਪਦਮ ਲਿਖਦੇ ਹਨ:

> ਕੇਸ ਕੁਦਰਤੀ ਚਿੰਨ੍ਹ ਸੀ, ਕਿਰਪਾਨ ਸੁਰੱਖਿਆ ਦਾ ਸਾਧਨ ਤੇ ਕਛਹਿਰਾ ਇਕ ਵਧੀਆ ਪੁਸ਼ਾਕ ਸੀ। ਉਸ ਜ਼ਮਾਨੇ ਤੇੜ ਦੇ ਦੋ ਹੀ ਕੱਪੜੇ ਸਨ। ਲੰਗੋਟੀ ਅਤੇ ਧੋਤੀ ਵਾਲਾ ਕਰਮ ਨਹੀਂ ਸੀ ਨਿਭਾਇਆ ਜਾ ਸਕਦਾ। ਲੰਗੋਟੀ ਅਧੂਰਾ ਅਧਨੰਗਾ ਪਹਿਰਾਵਾ ਸੀ, ਧੋਤੀ ਪਾ ਕੇ ਸਾਵਧਾਨ ਸੂਰਬੀਰ ਜੋਧੇ ਵਾਲਾ ਕਰਮ ਨਹੀਂ ਸੀ ਨਿਭਾਇਆ ਜਾ ਸਕਦਾ। ਇਸ ਲਈ ਕਛਹਿਰਾ ਰਹਿਤ ਦਾ ਅੰਗ ਪ੍ਰਵਾਨ ਕੀਤਾ ਗਿਆ ਤਾਂ ਕਿ ਸਿੱਖ ਤਿਆਰ-ਬਰ-ਤਿਆਰ ਸੰਤ ਸਿਪਾਹੀ ਸਜ ਸਕੇ। ਅੱਜ ਇਹ ਪੁਸ਼ਾਕ ਕੌਮਾਂਤਰੀ ਪ੍ਰਵਾਨਗੀ ਪ੍ਰਾਪਤ ਕਰ ਚੁੱਕੀ ਹੈ। ਕੜਾ ਭਾਵੇਂ ਤੀਰ ਕਮਾਣ ਚਲਾਉਣ ਵਾਲੇ ਤੇ ਤੇਗ ਵਾਹੁਣ ਵਾਲੇ ਹੱਥ ਲਈ ਇਕ ਸੁਰੱਖਿਆ ਦਾ ਸਾਧਨ ਸੀ, ਪਰ ਇਹ ਸਿੱਖ ਦਾ ਸਰਬਲੋਹੀ ਗਾਨਾ ਇਕ ਵਿਸ਼ੇਸ਼ ਪ੍ਰਤੱਗਿਆ-ਚਿੰਨ੍ਹ ਬਣ ਗਿਆ ਤੇ ਅੱਜ ਫੈਸ਼ਨ ਦੇ ਦੌਰ ਤੇ ਗੈਰ ਸਿੱਖਾਂ ਵੀ ਇਸਨੂੰ ਪਹਿਨ ਲਿਆ ਹੈ। ਕੰਘਾ, ਕੇਸਾਂ ਦੀ ਸਫ਼ਾਈ ਲਈ ਵਰਤਿਆ ਹੀ ਜਾਂਦਾ ਸੀ ਪਰ ਸਫ਼ਾਈ ਨੂੰ ਲਾਜ਼ਮੀ ਬਣਾਉਣ ਲਈ ਇਸ ਨੂੰ ਰਹਿਤ ਦਾ ਅੰਗ ਬਣਾ ਦਿੱਤਾ।[288]

ਭਾਈ ਸੁੱਖਾ ਸਿੰਘ ਨੇ ਸ਼ਸ਼ਤ੍ਰਾਂ ਅਤੇ ਕੇਸਾਂ ਤੋਂ ਬਿਨ੍ਹਾਂ ਸਿੱਖ ਨੂੰ ਭੇਡ ਕਿਹਾ ਹੈ:

*ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ। ਗਹੇ ਕਾਨ ਤਾਂ ਕੋ ਕਿਤੈ ਲੈ ਸਿਧਾਨੋ।*
*ਇਹੈ ਮੋਰ ਆਗਯਾ ਸੁਨੋ ਲੈ ਪਿਆਰੇ। ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ।*[289]

ਜੇਕਰ ਸ਼ਸ਼ਤ੍ਰਾਂ ਦੀ ਮਹਾਨਤਾ ਦਾ ਬੋਧ ਕਰੀਏ ਤਾਂ ਪਤਾ ਲੱਗਦਾ ਹੈ ਕਿ ਸ਼ਸ਼ਤ੍ਰਾਂ ਨੇ ਰੂਹਾਨੀਅਤ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸ੍ਰੀ ਰਾਮ ਚੰਦਰ ਨੇ ਰਾਵਣ ਨੂੰ ਤੀਰਾਂ ਨਾਲ ਮਾਰਿਆ, ਕ੍ਰਿਸ਼ਨ ਨੇ

---

286 *ਭਗਤੀ ਤੇ ਸ਼ਕਤੀ,* ਪੰਨਾ- 99.
287 ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਪੰਨੇ- 374-5.
288 *ਰਹਿਤਨਾਮੇ,* ਪੰਨਾ-35.
289 *ਉਹੀ,* ਪੰਨਾ- 42.

ਸੁਦਰਸ਼ਨ ਚੱਕਰ ਨਾਲ ਅਨੇਕ ਦੁਸ਼ਟਾਂ ਦਾ ਨਾਸ ਕੀਤਾ, ਦੁਰਗਾ ਨੇ ਸ਼ਸ਼ਤ੍ਰਾਂ ਦੇ ਬਲ ਨਾਲ ਸ਼ਰਣ ਵਿਚ ਆਏ ਸ਼ਸ਼ਤ੍ਰਾਂ ਤੋਂ ਹੀਣੇ ਇੰਦਰ ਦੀ ਪੁਕਾਰ ਸੁਣੀ ਅਤੇ ਮਹਿਖਾਸੁਰ ਦਾ ਨਾਸ ਕੀਤਾ ਸੀ। ਪਰਸਰਾਮ ਨਾਂ ਦੇ ਅਵਤਾਰ ਦਾ ਨਾਮ ਹੀ ਸ਼ਸ਼ਤ੍ਰ ਤੋਂ ਪਿਆ ਸੀ। ਇਸ ਤਰ੍ਹਾਂ ਗੁਰਬਾਣੀ ਵਿਚ ਖੜਗ, ਗਦਾ, ਖੰਡੇ ਦੀ ਧਾਰ ਸਮੇਤ ਹੋਰ ਸ਼ਸ਼ਤ੍ਰਾਂ ਦਾ ਵੀ ਜ਼ਿਕਰ ਹੈ। ਬੇਸ਼ੱਕ ਇਹ ਪ੍ਰਤੀਕ ਵਜੋਂ ਵਰਤੇ ਗਏ ਸਨ ਪਰ ਸਮਾਂ ਪਾ ਕੇ ਇਨ੍ਹਾਂ ਦੀ ਵਰਤੋਂ ਦਾ ਸਫਲ ਤਜਰਬਾ ਵੀ ਕੀਤਾ ਗਿਆ। ਕੜਾਹ ਪ੍ਰਸ਼ਾਦਿ ਅਤੇ ਲੰਗਰ ਨੂੰ ਭੋਗ ਕ੍ਰਿਪਾਨ ਨਾਲ ਹੀ ਲਾਇਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸ਼ਤ੍ਰਾਂ ਨੂੰ ਪੀਰ ਦਾ ਦਰਜਾ ਦਿੱਤਾ ਹੈ।[290] ਇਹ ਮਾਣ ਵਾਲੀ ਗੱਲ ਹੀ ਹੈ ਕਿ ਬੈਂਕ ਦੇ ਅੰਦਰ ਹਥਿਆਰ ਲੈ ਕੇ ਜਾਣਾ ਮਨ੍ਹਾਂ ਹੈ ਪਰ ਸਿੱਖ ਵੀਰ ਜਾਂ ਭੈਣ ਲਈ ਇਹ ਪਾਬੰਦੀ ਨਹੀਂ ਹੈ:

> ਇਸ ਪੱਖੋਂ ਇਹ ਧਿਆਨ ਦੇਣ ਯੋਗ ਤੱਥ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਫੁਰਮਾਇਆ ਸੀ, 'ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ' ਤਾਂ ਇਸਦਾ ਅਰਥ ਕੇਵਲ ਬਾਹਰਮੁਖੀ ਭੇਖ ਨਹੀਂ ਸੀ। ਰਹਿਤ ਦਾ ਭਾਵ ਹੈ ਅੰਦਰਲਾ ਵਿਸ਼ਵਾਸ ਅਤੇ ਬਾਹਰਦੇ ਚਿੰਨ੍ਹ ਦੋਵੇਂ ਇਕਸੁਰ ਹੋਣ। ਆਚਰਣ ਨੀਵਾਂ ਹੈ ਤੇ ਕਕਾਰ ਧਾਰਣ ਕੀਤੇ ਹੋਏ ਹਨ ਅਜਿਹੀ ਰਹਿਤ ਨਿਰਾ ਭੇਖ ਅਤੇ ਫਰੇਬ ਹੈ ਜਿਸਨੂੰ ਗੁਰੂ ਜੀ ਕਦੀ ਪ੍ਰਵਾਨਗੀ ਨਹੀਂ ਦੇ ਸਕਦੇ।[291]

ਸੋ ਇਹ ਕਹਿਣਾ ਵਾਜਿਬ ਹੈ ਕਿ ਸਿਖ ਦੀ ਬੰਦਗੀ ਵਿਚ ਕੱਕਾਰ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਕੇਵਲ ਪਛਾਣ ਮਾਤਰ ਲਈ ਨਹੀਂ ਹਨ। ਇਨ੍ਹਾਂ ਦਾ ਰੂਹਾਨੀ ਮੰਤਵ ਵੀ ਹੈ। ਬੰਦਗੀ ਕਰਦਿਆਂ ਕੇਸ ਜ਼ਬਾਨ ਬਣ ਜਾਂਦੇ ਹਨ, ਦਸਤਾਰ ਸਵੈ ਮਾਣ ਦਾ ਪ੍ਰਤੀਕ ਹੈ ਜੋ ਮਨੁੱਖ ਦੀ ਆਜ਼ਾਦੀ ਦੀ ਲਖਾਇਕ ਹੈ। ਕੜਾ ਹੱਥਾਂ ਨੂੰ ਬੁਰਾ ਕੰਮ ਕਰਨ ਤੋਂ ਰੋਕਣ ਲਈ ਹੈ, ਕਛਹਿਰਾ ਪਰਾਏ ਮਰਦ ਅਤੇ ਔਰਤ ਨਾਲ ਸੰਗ ਕਰਨ ਤੋਂ ਵਰਜਦਾ ਹੈ। ਕ੍ਰਿਪਾਨ ਆਪਣੀ ਅਤੇ ਸਮਾਜ ਦੀ ਰੱਖਿਆ ਲਈ ਹੈ। ਇਸ ਤਰ੍ਹਾਂ ਕੱਕਾਰ ਨਿਰਜਿੰਦ ਨਹੀਂ ਹਨ। ਇਹ ਬੰਦਗੀ ਦਾ ਅਹਿਮ ਅੰਗ ਹਨ।

### ਬੰਦਗੀ ਦਾ ਰੰਗ

ਗੁਰਬਾਣੀ ਵਿੱਚ ਬੰਦਗੀ ਦੇ ਰੰਗ ਨੂੰ ਗੂੜਾ, ਮਜੀਠ, ਚਲੂਲਾ ਅਤੇ ਲਾਲ ਦੱਸਿਆ ਹੈ। ਗੁਰੂ ਸਾਹਿਬ ਬੰਦਗੀ ਨੂੰ ਪੱਕਾ ਰੰਗ ਆਖਦੇ ਹਨ। ਹੋਰ ਰੰਗਾਂ ਨੂੰ ਲਾਲਾਰੀ ਚੜ੍ਹਾ ਦਿੰਦਾ ਹੈ ਪਰ ਮਜੀਠ ਰੰਗ ਉਸ ਸਾਧਕ ਉਪਰ ਚੜ੍ਹਦਾ ਹੈ ਜਿਸ ਉਪਰ ਗੁਰੂ ਤੁੱਠ ਪਵੇ।[292] ਜੇਕਰ ਕੋਈ ਰੰਗ ਚੜ੍ਹਾਉਣ ਯੋਗ ਹੈ ਤਾਂ ਮਜੀਠ ਰੰਗ ਹੀ ਹੈ। ਅਜਿਹੇ ਸੇਵਕਾਂ ਕੋਲ ਰੱਬ ਹਮੇਸ਼ਾ ਰਹਿੰਦਾ ਹੈ। ਇਹ ਹੀ ਅਰਦਾਸ ਹੈ ਕਿ ਅਜਿਹੇ ਸਾਧਕਾਂ

---

[290] *ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ। ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ। ਦਸਮ ਗ੍ਰੰਥ ਪਾਠ ਸੰਪਾਦਨ ਅਤੇ ਵਿਆਖਿਆ*, ਭਾਗ ਤੀਜਾ, ਪੰਨਾ-402.

[291] ਹਰਪਾਲ ਸਿੰਘ ਪਨੂੰ, *(ਉ.ਹ.),* ਪੰਨਾ- 352.

[292] *ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥ ਗੁਰ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥* ਰਾਗ ਸੂਹੀ ਮ: ੪,731.

ਦੀ ਚਰਨ ਧੂੜ ਮਿਲ ਜਾਵੇ।[293] ਰੱਬ ਨੂੰ ਵੀ ਮਜੀਠ ਰੰਗ ਵਾਲਾ ਕਿਹਾ ਹੈ।[294] ਇਸ ਰੰਗ ਦੀ ਪ੍ਰਾਪਤੀ ਲਈ ਰੱਬ ਨੂੰ ਦਿਨ ਰਾਤ ਪਿਆਰ ਕਰਨਾ ਪੈਂਦਾ ਹੈ।[295] ਇਹ ਰੰਗ ਬੰਦਗੀ ਕਰਨ ਵਾਲਿਆਂ ਦਾ ਸ਼ਿੰਗਾਰ ਹੈ। ਗੁਰਮੁਖਾਂ ਉਪਰ ਰੰਗ ਚੜ੍ਹਿਆ ਹੁੰਦਾ ਹੈ ਅਤੇ ਮਨਮੁਖ ਕੋਰੇ ਹੁੰਦੇ ਹਨ।[296] ਇਸ ਰੰਗ ਤੋਂ ਉਲਟ ਕਸੁੰਭ ਦਾ ਰੰਗ ਹੁੰਦਾ ਹੈ ਜੋ ਪੱਕਾ ਨਹੀਂ ਹੈ। ਗੁਰੂ ਸਾਹਿਬ ਵਾਰ-ਵਾਰ ਉਪਦੇਸ਼ ਦਿੰਦੇ ਹਨ ਕਿ ਆਪਣੇ ਮਨ ਨੂੰ ਮਜੀਠ ਰੰਗ ਵਿਚ ਰੰਗ ਲਵੋ।[297] ਗਿਆਨੀ ਹਰਬੰਸ ਸਿੰਘ ਲਿਖਦੇ ਹਨ, "ਸੱਚ ਜਾਣੋ ਤਾਂ ਭਗਤੀ ਦਾ ਰੰਗ ਓਦੋਂ ਚੜ੍ਹਦਾ ਹੈ ਜਦੋਂ ਜਗਿਆਸੂ ਸਰੀਰ ਨਾਲੋਂ ਆਪਣਾ ਨਾਤਾ ਤੋੜ ਲੈਂਦਾ ਹੈ। ਸਭ ਕੁਝ ਹਰੀ ਦਾ ਸਮਝਣ ਲੱਗ ਜਾਂਦਾ ਹੈ। ਉਸ ਦੀ ਅਗਿਆਨਤਾ ਵਾਲੇ ਪੜਦੇ ਟੁੱਟ ਜਾਂਦੇ ਹਨ, ਕਪਾਟ ਖੁੱਲ ਜਾਂਦੇ ਹਨ।[298]" ਸਾਡੇ ਸਰੀਰ ਦਾ ਵੀ ਅਸਲ ਰੰਗ ਲਾਲ ਹੈ ਭਾਵ ਖੂਨ। ਬੰਦਗੀ ਦਾ ਰੰਗ ਵੀ ਲਾਲ ਇਸ ਕਰਕੇ ਹੀ ਹੈ ਕਿਉਂ ਕਿ ਬੰਦਗੀ ਹੁੰਦੀ ਹੀ ਸਰੀਰ ਨੂੰ ਅਰਪਣ ਕਰਕੇ ਹੈ। ਬੇਅੰਤ ਸਿੰਘਾਂ ਸਿੰਘਣੀਆਂ ਦੇ ਸਰੀਰ ਵਿੱਚੋਂ ਵਗਿਆ ਲਹੂ ਬੰਦਗੀ ਵਿੱਚ ਰੰਗਿਆ ਲਹੂ ਸੀ। ਇਹ ਰੰਗ ਚੜ੍ਹਦਾ ਤਾਂ ਔਖਾ ਹੈ ਪਰ ਜੇ ਇਕ ਵਾਰ ਚੜ੍ਹ ਜਾਵੇ ਤਾਂ ਇਹ ਚਰਖੜੀਆਂ ਤੇ ਚੜ੍ਹਕੇ, ਬੰਦ-ਬੰਦ ਕਟਵਾ ਕੇ, ਆਰਿਆਂ ਨਾਲ ਚਿਰਕੇ, ਖੋਪਰ ਲੁਹਾਕੇ ਵੀ ਨਹੀਂ ਲਹਿੰਦਾ। ਬਾਬਾ ਫ਼ਰੀਦ ਜੀ ਨੇ ਇਕ ਵੱਖਰਾ ਦ੍ਰਿਸ਼ਟੀਕੋਣ ਦਿੱਤਾ ਕਿ ਬੰਦਗੀ ਕਰਨ ਵਾਲਿਆਂ ਵਿੱਚ ਖੂਨ ਨਹੀਂ ਹੁੰਦਾ।[299] ਇਸ ਖਿਆਲ ਨੂੰ ਗੁਰੂ ਅਮਰਦਾਸ ਜੀ ਨੇ ਹੋਰ ਸਪੱਸ਼ਟਤਾ ਦਿੰਦਿਆਂ ਕਿਹਾ ਬੰਦਗੀ ਕਰਨ ਵਾਲਿਆਂ ਵਿੱਚ ਲੋਭ ਰੂਪੀ ਖੂਨ ਨਹੀਂ ਹੁੰਦਾ।[300] ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਬੰਦਗੀ ਦਾ ਲਾਲ ਰੰਗ ਜਿਨ੍ਹਾਂ ਨੂੰ ਲੱਗ ਗਿਆ ਉਹ ਵਡਭਾਗੀ ਹਨ। ਇਹ ਰੰਗ ਮੈਲਾ ਨਹੀਂ ਹੁੰਦਾ ਅਤੇ ਇਸਨੂੰ ਦਾਗ ਵੀ ਨਹੀਂ ਲੱਗਦਾ।[301]

### ਮਿਲਾਪ

ਬੰਦਗੀ ਦਾ ਮੁੱਢਲਾ ਸਰੂਪ ਖਿਲਰਿਆ ਹੋਇਆ ਸੀ ਜਿਵੇਂ ਕਿਸੇ ਮਾਲਾ ਦੇ ਮੋਤੀ ਖਿਲਰੇ ਹੋਣ। ਹੁਣ ਇੱਕ-ਇੱਕ ਕਰਕੇ ਇਹ ਮੋਤੀ ਸੂਤਰ ਵਿੱਚ ਪਰੋਕੇ ਮੁੜ ਮਾਲਾ ਦਾ ਰੂਪ ਬਣ ਗਏ ਹਨ। ਮੁੱਢਲੇ ਸਰੂਪ ਵਿਚ ਸਾਧਕ ਪਿਆਰੇ ਨਾਲੋਂ ਵਿਛੜਿਆ ਹੋਇਆ ਸੀ। ਹੌਲੀ-ਹੌਲੀ ਸਾਧਕ ਆਪਣੀ ਮੰਜ਼ਿਲ ਤੇ ਪਹੁੰਚਿਆ ਹੈ। ਬੰਦਗੀ ਦਾ ਸਿਖਰ ਮਿਲਾਪ ਹੈ। ਇਸ ਮਿਲਾਪ ਤੋਂ ਬਾਅਦ ਵਿਛੋੜਾ ਨਹੀਂ ਹੁੰਦਾ। ਇਹ ਸੁਖ ਦਾ

---

293 *ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥* ਰਾਗ ਤਿਲੰਗ ਮ: ੧, 722.

294 *ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ॥* ਰਾਗ ਸਾਰੰਗ ਮ: ੧, 54.

295 *ਅਨਦਿਨੁ ਸਦਾ ਰਵੈ ਦਿਨ ਰਾਤੀ ਮਜੀਠੈ ਰੰਗੁ ਬਣਾਵਣਿਆ॥* ਰਾਗ ਮਾਝ ਮ: ੩, 112.

296 *ਗੁਰਮੁਖਿ ਰੰਗੁ ਚਲੂਲ ਹੋਈ॥ ਮਨਮੁਖਿ ਮੁਗਧੁ ਨਰੁ ਕੋਰਾ ਹੋਇ॥* ਰਾਗ ਸੂਹੀ ਮ: ੪, 732.

297 ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥ ਰਾਗ ਆਸਾ ਮ: ੫, 400.

298 ਹਰਬੰਸ ਸਿੰਘ ਗਿਆਨੀ, "ਗੁਰਮਤਿ ਭਗਤੀ", *ਸਿੱਖ ਧਰਮ ਚਿੰਤਨ ਵਿਚ ਭਗਤੀ,* ਬਲਕਾਰ ਸਿੰਘ (ਸੰਪਾ.), ਪੰਨਾ-9.

299 *ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥ ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥* ਸਲੋਕ ਸੇਖ ਫਰੀਦ, 1380.

300 *ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥ ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥* ਸਲੋਕ ਮ: ੩, 1380.

301 *ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥* ਰਾਗ ਬਿਲਾਵਲ ਮ: ੫, 808.

ਪ੍ਰਤੀਕ ਹੈ। ਸਾਧਕ ਆਪਾ ਭਾਵ ਮਿਟਾ ਕੇ ਪਿਆਰੇ ਵਿਚ ਲੀਨ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸੂਫ਼ੀ ਸਾਧਕਾਂ ਦੀਆਂ ਰੂਹਾਨੀਅਤ ਦੀਆਂ ਚਾਰ ਮੰਜ਼ਿਲਾਂ ਰਾਹੀਂ ਬੰਦਗੀ ਦੇ ਸਿਖਰ ਦੀ ਗੱਲ ਕੀਤੀ ਹੈ। ਸ਼ਰੀਅਤ, ਤਰੀਕਤ, ਮਾਰਫ਼ਤ ਤੋਂ ਬਾਅਦ ਹਕੀਕਤ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਬਾਅਦ ਸਾਧਕ ਦਾ ਕਰਨਾ ਧਰਨਾ ਕੁਝ ਨਹੀਂ ਰਹਿੰਦਾ। ਸਾਧਕ ਦੀ ਦੁਬਾਰਾ ਮੌਤ ਨਹੀਂ ਹੁੰਦੀ।[302] ਉਸਦਾ ਜਨਮ ਮਰਣ ਕੱਟਿਆ ਜਾਂਦਾ ਹੈ। ਉਸਨੂੰ ਜੂਨਾਂ ਤੋਂ ਛੁਟਕਾਰਾ ਮਿਲ ਗਿਆ ਹੈ। ਇਸ ਮਿਲਾਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਇੱਕ ਘਟਨਾ ਵਿੱਚ ਵੇਖਿਆ ਜਾ ਸਕਦਾ ਹੈ। ਭਾਈ ਜੱਗਾ ਗੁਰੂ ਜੀ ਦਾ ਪਿਆਰਾ ਸਿੱਖ ਸੀ। ਗੁਰੂ ਜੀ ਉਸਨੂੰ ਬਹੁਤ ਪਿਆਰ ਕਰਦੇ ਸਨ। ਇਸ ਨੇੜਤਾ ਤੋਂ ਨਾਲ ਦੇ ਸਿੱਖ ਈਰਖਾ ਕਰਨ ਲੱਗ ਪਏ। ਉਨ੍ਹਾਂ ਨੂੰ ਜਦੋਂ ਵੀ ਮੌਕਾ ਮਿਲਦਾ ਉਹ ਭਾਈ ਜੱਗੇ ਨੂੰ ਗਾਲਾਂ ਕੱਢਦੇ। ਇੱਕ ਦਿਨ ਭਾਈ ਜੱਗੇ ਦੀ ਰਿਹਾਇਸ਼ ਵੀ ਲੁੱਟ ਲਈ ਗਈ। ਗੁਰੂ ਸਾਹਿਬ ਨੂੰ ਇਸ ਬਾਰੇ ਪਤਾ ਲੱਗਾ ਪਰ ਭਾਈ ਜੱਗੇ ਨੇ ਗੁਰੂ ਸਾਹਿਬ ਕੋਲ ਕਿਸੇ ਦੀ ਸ਼ਿਕਾਇਤ ਤਕ ਨਹੀਂ ਕੀਤੀ। ਇਕ ਦਿਨ ਗੁਰੂ ਜੀ ਨੇ ਸਿੱਖਾਂ ਨੂੰ ਭਾਈ ਜੱਗੇ ਨਾਲ ਇਸ ਤਰ੍ਹਾਂ ਦੇ ਵਤੀਰੇ ਦਾ ਕਾਰਨ ਪੁੱਛਿਆ? ਸਿੱਖਾਂ ਨੇ ਦੱਸਿਆ ਕਿ ਅਸੀਂ ਕਈ ਸਾਲਾਂ ਤੋਂ ਆਪ ਪਾਸ ਸੇਵਾ ਕਰਦੇ ਹਾਂ। ਪਰ ਭਾਈ ਜੱਗੇ ਵਿੱਚ ਅਜਿਹਾ ਕੀ ਹੈ ਜੋ ਆਪ ਉਸਨੂੰ ਏਨਾ ਪਿਆਰ ਕਰਦੇ ਹੋ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਪਣੇ ਅਤੇ ਭਾਈ ਜੱਗੇ ਦੇ ਪਿਆਰ ਦੀ ਅਭੇਦਤਾ ਬਿਆਨ ਕਰਨ ਲਈ ਪਾਣੀ ਦੇ ਇੱਕ ਗੜਵੇ ਵਿੱਚ ਪੱਥਰ, ਦੂਜੇ ਗੜਵੇ ਵਿੱਚ ਮਿੱਟੀ ਦੀ ਢੇਮ ਅਤੇ ਤੀਜੇ ਗੜਵੇ ਵਿੱਚ ਪਤਾਸਾ ਪਵਾ ਕੇ ਰੱਖ ਦਿੱਤਾ। ਦੋ ਘੜੀਆਂ ਪਿੱਛੋਂ ਹੁਕਮ ਦਿੱਤਾ ਕਿ ਸਾਰੀਆਂ ਚੀਜ਼ਾਂ ਬਾਹਰ ਕੱਢੋ। ਪੱਥਰ ਜਿਵੇਂ ਦਾ ਸੀ ਉਸ ਹਾਲਤ ਵਿੱਚ ਬਾਹਰ ਕੱਢ ਲਿਆ ਗਿਆ। ਮਿੱਟੀ ਦੀ ਢੇਮ ਗਾਰਾ ਬਣ ਗਈ। ਪਰ ਪਤਾਸਾ ਪਾਣੀ ਦਾ ਹੀ ਰੂਪ ਹੋ ਗਿਆ। ਗੁਰੂ ਜੀ ਨੇ ਹੋਰ ਸਿੱਖਾਂ ਦੀ ਪ੍ਰੀਤ ਨੂੰ ਪੱਥਰ ਅਤੇ ਮਿੱਟੀ ਵਰਗਾ ਦੱਸਿਆ ਪਰ ਭਾਈ ਜੱਗੇ ਦੇ ਆਤਮ ਸਮਰਪਣ ਨੂੰ ਪਤਾਸੇ ਵਰਗੀ ਦੱਸਦਿਆਂ ਆਪਣੀ ਅਤੇ ਭਾਈ ਜੱਗੇ ਦੀ ਅਭੇਦਤਾ ਦਾ ਪ੍ਰਗਟਾਵਾ ਕੀਤਾ।[303] ਆਪਾ ਮੇਟਕੇ ਰੱਬ ਨਾਲ ਇੱਕਮਿਕਤਾ ਪ੍ਰਾਪਤ ਹੁੰਦੀ ਹੈ। ਇਹ ਇੱਕਮਿਕਤਾ ਬੂੰਦ ਦੇ ਸਾਗਰ ਵਿੱਚ, ਜੋਤ ਦੇ ਜੋਤ ਨਾਲ, ਕਿਰਣ ਦੇ ਸੂਰਜ ਨਾਲ ਮਿਲਣ ਵਾਂਗ ਹੁੰਦੀ ਹੈ। ਕਬੀਰ ਜੀ ਨੇ ਇਸ ਇਕਮਿਕਤਾ ਨੂੰ ਅਜਿਹਾ ਮਿਲਾਪ ਕਿਹਾ ਹੈ ਕਿ ਜਿਸ ਤੋਂ ਬਾਅਦ ਸਾਧਕ ਅਤੇ ਰੱਬ ਵਿਚਾਲੇ ਕੋਈ ਵਿੱਥ ਨਹੀਂ ਰਹਿੰਦੀ। ਕੋਈ ਪਛਾਣ ਹੀ ਨਹੀਂ ਸਕਦਾ ਕਿ ਸਾਧਕ ਕੌਣ ਹੈ ਅਤੇ ਰੱਬ ਕੌਣ ਹੈ।[304] ਨਾਮਦੇਵ ਜੀ ਨੇ ਇਸ ਅਵਸਥਾ ਨੂੰ 'ਨਾਮੇ ਨਾਰਾਇਣ ਨਾਹੀ ਭੇਦ,' ਕਬੀਰ ਜੀ ਨੇ ਇਸ ਮਿਲਾਪ ਨੂੰ 'ਰਾਮ ਕਬੀਰਾ ਏਕ ਭਏ' ਹੈ, ਗੁਰੂ ਤੇਗ ਬਹਾਦਰ ਜੀ ਨੇ 'ਪਾਨੀ ਸੰਗ ਪਾਨੀ' ਰਵਿਦਾਸ ਜੀ ਨੇ 'ਜਲ ਤਰੰਗ ਅਰ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਇ', ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਲ ਤੇ ਉਪਜ ਤਰੰਗ ਜਿਉ ਜਲਿ ਹੀ ਬਿਖੈ ਸਮਾਹਿ' ਕਿਹਾ ਹੈ। ਬੰਦਗੀ ਦੀ ਸ਼ੁਰੂਆਤ ਵਿਚ ਅਨੇਕ ਮੁਸ਼ਕਿਲਾਂ ਸਨ। ਹੁਣ ਮਸ਼ਕਿਲ ਕੋਈ ਨਹੀਂ

---

302 *ਸਰਾ ਸਰੀਅਤਿ ਲੇ ਕੰਮਾਵਹੁ॥ ਤਰੀਕਤਿ ਤਰਕ ਖੋਜ ਟੋਲਾਵਹੁ॥ ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥* ਰਾਗ ਮਾਰੂ ਮ: ੫, 1083.

303 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ-I, ਪੰਨਾ-705.

304 *ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥ ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥* ਰਾਗ ਰਾਮਕਲੀ, ਭਗਤ ਕਬੀਰ, 969.

ਰਹੀ। ਸਾਧਕ ਦੇ ਮਨ ਵਿਚ ਧੀਰਜ, ਸਹਿਜ ਆ ਗਿਆ ਹੈ। ਉਸਦੀ ਜ਼ਿੰਦਗੀ ਸਚਖੰਡ ਬਣ ਗਈ ਹੈ। ਉਸਨੂੰ ਕਿਸੇ ਦੇ ਜੰਮਣ ਦੀ ਖੁਸ਼ੀ ਨਹੀਂ ਹੈ ਅਤੇ ਕਿਸੇ ਦੀ ਮੌਤ ਦਾ ਦੁਖ ਨਹੀਂ ਹੈ। ਸਾਰਾ ਜਗਤ ਹਰੀ ਦਾ ਰੂਪ ਬਣ ਗਿਆ ਹੈ। ਜਿਸ ਉਦੇਸ਼ ਦੀ ਪ੍ਰਾਪਤੀ ਲਈ ਸਾਧਕ ਲੱਗਿਆ ਸੀ। ਉਸ ਨੂੰ ਉਹ ਪ੍ਰਾਪਤੀ ਹੋ ਗਈ ਹੈ। ਅਜਿਹੇ ਸਾਧਕਾਂ ਦੇ ਮੁਖ ਉਜਲੇ ਹਨ। ਬਾਬਾ ਫ਼ਰੀਦ ਜੀ ਮੁਤਾਬਕ ਸਾਧਕ ਇਸ ਅਵਸਥਾ ਦਾ ਭੇਦ ਕਿਸੇ ਨੂੰ ਨਹੀਂ ਦਿੰਦਾ।[305] ਇਸ ਅਵਸਥਾ ਨੂੰ ਦ੍ਰਿੜ੍ਹਤਾ ਵੀ ਕਿਹਾ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਇਕ ਸ਼ਬਦ ਵਿਚ ਕਥਨ ਕਰਦੇ ਹਨ ਕਿ ਜਿਸ ਸਾਧਕ ਨੇ ਗੁਰੂ ਦਾ ਸ਼ਬਦ ਹਿਰਦੇ ਵਿਚ ਧਾਰਨ ਕਰ ਲਿਆ ਹੈ ਉਸਦਾ ਪੰਜਾਂ ਨਾਲੋਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਸਬੰਧ ਟੁੱਟ ਗਿਆ ਹੈ। ਦਸ ਇੰਦ੍ਰੀਆਂ (ਪੰਜ ਕਰਮ ਇੰਦ੍ਰੀਆਂ ਅਤੇ ਪੰਜ ਗਿਆਨ ਇੰਦ੍ਰੀਆਂ) ਵਸ ਵਿਚ ਆ ਗਈਆਂ ਹਨ। ਆਤਮਾ ਪ੍ਰਕਾਸ਼ਮਾਨ ਹੋ ਗਈ ਹੈ। ਅਜਿਹੀ ਦ੍ਰਿੜ੍ਹਤਾ ਉਸਨੂੰ ਮਿਲੀ ਜਿਸ ਉਪਰ ਗੁਰੂ ਦੀ ਕਿਰਪਾ ਹੋਈ ਹੈ। ਅਜਿਹੇ ਸਾਧਕ ਲਈ ਮਿੱਤਰ ਅਤੇ ਦੁਸ਼ਮਣ ਇਕ ਬਰਾਬਰ ਹਨ। ਉਸਦਾ ਬੋਲਣਾ, ਸੁਣਨਾ ਅਤੇ ਦੇਖਣਾ ਪਰਮਾਰਥ ਵਾਲਾ ਹੈ। ਇਹ ਅਵਸਥਾ ਜਿਸਨੂੰ ਪ੍ਰਾਪਤ ਹੋਈ ਹੈ ਉਹ ਹੀ ਜਾਣਦਾ ਹੈ ਭਾਵ ਇਹ ਬਿਆਨ ਕਰਨੀ ਮੁਸ਼ਕਿਲ ਹੈ। ਗੁਰੂ ਸਾਹਿਬ ਅਜਿਹੇ ਸਾਧਕ ਤੋਂ ਵਾਰੇ ਵਾਰੇ ਜਾਂਦੇ ਹਨ।[306]

**ਸਰਬ ਸਾਂਝਾ ਸਰੂਪ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦਗੀ ਦਾ ਸਰੂਪ ੧ੴ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਵੱਖੋਂ ਵੱਖ ਮਣਕਿਆਂ ਵਿੱਚ ਪਰੋਇਆ ਹੋਇਆ ਹੈ। ਇਹ ਸਰੂਪ ਰਾਗਮਈ ਵੀ ਹੈ ਅਤੇ ਰਹੱਸਮਈ ਵੀ। ਇਸ ਨੂੰ ਛੱਤੀ ਰਾਗਾਂ ਵਿੱਚ ਸਿੰਜਿਆ ਗਿਆ ਹੈ ਜੋ ਸਮੂਹ ਮਾਨਵਤਾ ਨੂੰ ਕਮਲ ਵਾਂਗ ਖਿੜਾਂਦੀ ਹੈ:

> ਰਾਗਾਂ ਦੀ ਗੁਰਮਤਿ ਵਿਚ ਬੜੀ ਮਹਾਨਤਾ ਹੈ। ਇਸ ਸਕੀਮ ਨਾਲ ਸਾਰੇ ਦੇਸ਼, ਸਾਰੇ ਧਾਰਮਕ ਫ਼ਿਰਕਿਆਂ, ਸਾਰੇ ਮੌਸਮਾਂ, ਸਾਰੇ ਤਰ੍ਹਾਂ ਦੇ ਵਿਚਾਰਾਂ ਨਾਲ ਸਾਂਝ ਪੈਦਾ ਕੀਤੀ ਜਾਂਦੀ ਸੀ। ਸਾਂਝੇ ਰਾਗਾਂ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਨੂੰ ਇਕ ਸਰਬ ਸਾਂਝਾ ਗੁਰੂ ਬਣਾਉਣ ਵਿਚ ਸਹਾਇਕ ਹੁੰਦੇ ਹਨ।[307]

ਵਾਤਾਵਰਣ ਨਾਲ ਸਬੰਧਿਤ ਗੁਰਬਾਣੀ ਦੇ ਸਿਰਲੇਖਾਂ ਵਿਚ ਸਾਲ ਦੇ ਬਾਰਾਂ ਮਹੀਨਿਆਂ ਨੂੰ ਬੰਦਗੀ ਵਿੱਚ ਸਮਿਲਤ ਕੀਤਾ ਗਿਆ ਹੈ ਜਿਵੇਂ ਬਾਰਾਂ ਮਾਹ। ਇਸ ਤਰ੍ਹਾਂ ਹੀ ਜਪੁਜੀ, ਕੁਚਜੀ, ਸੁਚਜੀ, ਪਟੀ, ਸਿਧ ਗੋਸਟਿ, ਆਨੰਦ ਆਦਿਕ ਸਿਰਲੇਖਾਂ ਰਾਹੀਂ ਬੰਦਗੀ ਦੇ ਸਰੂਪ ਨੂੰ ਨਿਖਾਰਿਆ ਗਿਆ ਹੈ। ਗੁਰੂ ਸਾਹਿਬ ਨੇ ਕਿਸੇ ਵੀ ਸਮਾਜਿਕ ਪਹਿਲੂ ਨੂੰ ਬੰਦਗੀ ਤੋਂ ਬਾਹਰ ਨਹੀਂ ਜਾਣ ਦਿੱਤਾ ਜਿਵੇਂ ਪੇਕਾ ਘਰ, ਸਹੁਰਾ ਘਰ, ਸੱਸ, ਪਤੀ, ਪਤਨੀ, ਦਹੇਜ, ਸਾਹਾ, ਪ੍ਰਾਹੁਣਾ, ਕਿਸਾਨੀ, ਮੁਸਾਫਿਰ, ਵਿਧਵਾ, ਵੇਸਵਾ, ਕਪੂਤ, ਸਪੂਤ, ਬਚਪਨ, ਜੁਆਨੀ, ਬੁਢਾਪਾ, ਜਨਮ, ਮਰਨ, ਅਮੀਰੀ, ਗ਼ਰੀਬੀ, ਪੜ੍ਹਾਈ, ਅਨਪੜ੍ਹਤਾ, ਕੱਲਰ, ਸ਼ਿਕਾਰੀ, ਵੱਤਰ, ਮ੍ਰਿਤਕ ਸੰਸਕਾਰ, ਮਾਂ, ਬਾਪ, ਭਰਾ, ਭੈਣ, ਭਰਜਾਈ, ਸੁਹਾਗਣ, ਦੁਹਾਗਣ ਆਦਿਕ। ਇਸ ਤਰ੍ਹਾਂ ਹੀ ਭੂਗੋਲਿਕ ਜੀਵਨ ਰਾਹੀਂ ਇਸ ਸਰੂਪ ਨੂੰ ਬਿਆਨ ਕੀਤਾ ਹੈ ਜਿਵੇਂ ਸਵੇਰ, ਸ਼ਾਮ, ਦਰਿਆ,

---

305 *ਸਬਰ ਅੰਦਰਿ ਸਾਬਰੀ ਤਨ ਏਵੈ ਜਾਲੇਨਿ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥* ਸਲੋਕ, ਸੇਖ ਫਰੀਦ, 1384.

306 *ਜਾ ਕੈ ਸਹਜੁ ਭਇਆ ਸੋ ਜਾਣੈ॥ ਨਾਨਕ ਦਾਸ ਤਾ ਕੈ ਕੁਰਬਾਣੈ॥* ਰਾਗ ਗਉੜੀ ਮ: ੫, 237.

307 ਤਾਰਨ ਸਿੰਘ, *ਭਗਤੀ ਅਤੇ ਸ਼ਕਤੀ,* ਪੰਨਾ-163.

ਗੋਮਤੀ, ਗੰਗਾ, ਸਰਸਵਤੀ, ਖੂਹ, ਛੱਪੜ, ਅੱਗ, ਹੜ੍ਹ, ਸੋਕਾ ਚਾਨਣ, ਹਨੇਰਾ, ਵਰਖਾ, ਪਾਣੀ, ਬਿਜਲੀ ਦੀ ਚਮਕ ਆਦਿਕ। ਸਾਡੀਆਂ ਬੁਨਿਆਦੀ ਲੋੜਾਂ ਰਾਹੀਂ ਇਸ ਸਰੂਪ ਨੂੰ ਬਿਆਨ ਕੀਤਾ ਹੈ ਜਿਵੇਂ ਰੋਟੀ, ਕੱਪੜਾ, ਘਰ, ਭੁੱਖ, ਪਿਆਸ, ਨੀਂਦ, ਆਰਾਮ, ਦਰਦ, ਧੁੱਪ, ਛਾਂ ਆਦਿਕ। ਖਾਣ ਪੀਣ ਦੀਆਂ ਆਦਤਾਂ ਅਤੇ ਵਸਤੂਆਂ ਰਾਹੀਂ ਇਸ ਸਰੂਪ ਨੂੰ ਬਿਆਨ ਕੀਤਾ ਹੈ ਜਿਵੇਂ ਮੱਖਣ, ਦੁੱਧ, ਲੱਸੀ, ਸ਼ਹਿਦ, ਸ਼ੱਕਰ, ਖੰਡ, ਗੁੜ, ਸ਼ਹਿਦ ਦਾ ਛੱਤਾ, ਵਣ, ਪੱਤਿਆਂ ਦਾ ਝੜਨਾ, ਪੁੰਗਰਨਾ ਅਤੇ ਬਹਾਰਾਂ ਦਾ ਆਉਣਾ ਬੰਦਗੀ ਦੇ ਸਰੂਪ ਨੂੰ ਚਿਤਰਦਾ ਹੈ। ਇਸ ਸਰੂਪ ਨੂੰ ਸਾਧਨਾ ਦੇ ਵੱਖ-ਵੱਖ ਤਰੀਕਿਆਂ ਰਾਹੀਂ ਜਿਵੇਂ ਇਸ਼ਨਾਨ, ਗੁਰੂ ਦਾ ਦਰਸ਼ਨ, ਕੁਸੰਗ, ਸੰਗਤ, ਪੰਜ ਵਿਕਾਰ, ਸਮਾਧੀ, ਵਰਤ, ਨਮਾਜ਼, ਸਰੀਰ ਨੂੰ ਦੁੱਖ ਦੇਣਾ, ਪੁੱਠੇ ਲਟਕਣਾ, ਬਰਫ਼ ਵਿਚ ਤਨ ਗਾਲਣਾ ਆਦਿਕ ਦਾ ਜ਼ਿਕਰ ਕਰਕੇ ਬਿਆਨ ਕੀਤਾ ਹੈ। ਗੁਰੂ ਸਾਹਿਬ ਦੀ ਇਸ ਵਿਚਾਰਧਾਰਾ ਬਾਰੇ ਨਰੈਣ ਸਿੰਘ ਲਿਖਦੇ ਹਨ:

> ਉਹਨਾਂ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਹਨਾਂ ਨੇ ਕਿਸੇ ਵੀ ਵਿਚਾਰਧਾਰਾ ਨੂੰ ਅੱਖਾਂ ਮੀਟ ਕੇ ਕਬੂਲ ਨਹੀਂ ਸੀ ਕੀਤਾ ਸਗੋਂ ਨਿੱਜੀ ਤਜਰਬੇ ਦੇ ਆਧਾਰ ਤੇ ਸਾਖਿਆਤ ਕੀਤੀਆਂ ਗੱਲਾਂ ਨੂੰ ਅਪਣਾਇਆ ਤੇ ਪ੍ਰਚਾਰਿਆ ਸੀ। ਇਸਤੋਂ ਛੁੱਟ ਉਹ ਉਹਨਾਂ ਗੱਲਾਂ ਨੂੰ ਵੀ ਛੁਟਿਆਂਦੇ ਨਹੀਂ ਸਨ ਜੋ ਅਧਿਆਤਮਕ ਜੀਵਨ ਨੂੰ ਬਨਾਣ ਵਿਚ ਕੁਝ ਨਾ ਕੁਝ ਸਹਾਇਕ ਹੋ ਜਾਂਦੀਆਂ ਸਨ। ਸ਼ਬਦਾਵਲੀ ਉਨ੍ਹਾਂ ਨੂੰ ਜਿਥੋਂ ਵੀ ਮਿਲੀ ਉਹਨਾਂ ਲੈ ਲਈ, ਚਿੰਨ੍ਹ, ਬਿੰਬ, ਮਿਥਿਹਾਸ ਆਦਿਕ ਵੀ ਲਏ ਪਰ ਵਿਚਾਰਾਂ ਨੂੰ ਚੰਗੀ ਤਰ੍ਹਾਂ ਵਾਚਿਆ ਤੇ ਸੋਧ ਸਾਧ ਕੇ ਇਕੱਠੇ ਕੀਤਾ ਤੇ ਆਪਣੇ ਮੌਲਕ ਵਿਚਾਰਾਂ ਨਾਲ ਰਲਾ ਕੇ ਦੁਨੀਆਂ ਦੇ ਸਾਹਮਣੇ ਅਤੀ ਨਿਮ੍ਰਤਾ ਨਾਲ ਲਿਆਂਦਾ।[308]

ਮਿਥਿਹਾਸਿਕ ਪਾਤਰਾਂ ਰਾਹੀ ਵੀ ਬੰਦਗੀ ਦਾ ਸਰੂਪ ਪ੍ਰਸਤੁਤ ਕੀਤਾ ਗਿਆ ਹੈ ਜਿਵੇਂ ਦਰੋਪਤੀ, ਬਿਦਰ, ਸੁਦਾਮਾ, ਅਜਾਮਲ, ਅਕਰੂਰ, ਪ੍ਰਹਿਲਾਦ, ਧ੍ਰੂ, ਗਨਿਕਾ, ਹਰਿਨਾਖਸ਼ ਆਦਿਕ। ਇਸ ਸਰੂਪ ਦੀ ਪੇਸ਼ਕਾਰੀ ਪਸ਼ੂ ਪੰਛੀਆਂ ਰਾਹੀਂ ਵੀ ਹੋਈ ਹੈ ਜਿਵੇਂ ਕੋਇਲ, ਪਪੀਹਾ, ਚਕੋਰ, ਮੋਰ, ਚਕਵਾ, ਚਿੜੀ, ਕੂੰਜਾਂ, ਹੰਸ, ਕਾਂ, ਬਗਲਾ, ਡੱਡੂ, ਮੱਝ, ਗਾਂ, ਬੈਲ, ਹਾਥੀ, ਬਿੱਲੀ, ਕੁੱਤਾ, ਘੋੜਾ, ਸੱਪ, ਮੁਰਗੀ, ਸ਼ੇਰ, ਬੱਕਰੀ, ਮੱਛੀ, ਕੁਰੰਕ, ਭੌਰਾ, ਚੰਦਨ, ਰਿੰਡ, ਬਾਂਸ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾਈ ਪੁੱਠ ਵੀ ਬੰਦਗੀ ਦੀ ਤਰਜਮਾਨੀ ਕਰਦੀ ਹੈ ਜਿਸ ਵਿਚ ਅਨੇਕ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਨਿਰਸੰਕੋਚ ਹੋਈ ਹੈ:

> ਗੁਰੂ ਗ੍ਰੰਥ ਸਾਹਿਬ ਵਿਚ ਦੇਸੀ ਤੇ ਬਦੇਸੀ ਬੋਲੀਆਂ ਵੱਲ ਪੂਰੀ ਨਿਰਪੱਖਤਾ ਹੈ। ਵਿਸ਼ੇਸ਼ ਭਾਗ, ਗੁਰੂ ਗ੍ਰੰਥ ਸਾਹਿਬ ਦਾ, ਪੰਜਾਬ ਦੀ ਧਰਤੀ ਤੇ ਵਾਤਾਵਰਣ ਦੀ ਉਪਜ ਹੋਣ ਕਰਕੇ ਪੰਜਾਬੀ ਹੈ ਪਰ ਕਿਸੇ ਵੀ ਬੋਲੀ ਨੂੰ ਗਿਲਾ ਨਹੀਂ ਹੋ ਸਕਦਾ ਕਿ ਉਸ ਦਾ ਆਦਰ ਨਹੀਂ ਕੀਤਾ ਗਿਆ। ਸਹਿਸਕ੍ਰਿਤੀ ਵਿਚ ਬਾਣੀ ਹੈ, ਫ਼ਾਰਸੀ ਵਿਚ ਹੈ, ਪ੍ਰਾਤਕ ਭਾਸ਼ਾਵਾਂ ਵਿਚ ਹੈ, ਪੰਜਾਬੀ ਦੇ ਸਾਰੇ ਰੂਪ ਦਿਤੇ ਹਨ, ਅਰਬੀ ਦੇ ਲਫ਼ਜ਼ ਮੌਜੂਦ ਹਨ। ਹਿੰਦੀ ਵਾਲਿਆਂ ਨੂੰ ਹੁਣ ਤੀਕ ਪੂਰਾ ਵਿਸ਼ਵਾਸ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਹਿੰਦੀ ਹੈ। ਅਸੀਂ ਜੇ ਇਸਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰ ਸਕਦੇ ਤਾਂ ਇਸਨੂੰ ਪੂਰਾ ਨਿਰਮੂਲ ਵੀ ਨਹੀਂ ਕਹਿ ਸਕਦੇ।[309]

ਗੁਰਬਾਣੀ ਵਿਚ ਸਿੱਖੀ ਜੀਵਨ ਦੇ ਨਾਲ-ਨਾਲ ਅਨੇਕ ਮੱਤਾਂ ਨਾਲ ਸੰਵਾਦ ਰਚਾਉਣ ਵੇਲੇ ਵੀ ਬੰਦਗੀ ਦੇ ਸਰੂਪ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ਜਿਵੇਂ ਜੋਗੀ, ਕਾਜ਼ੀ, ਬ੍ਰਾਹਮਣ ਆਦਿ। ਸਮਾਜਿਕ

---

308 ਨਰੈਣ ਸਿੰਘ, "ਸਿਧ ਗੋਸਟਿ ਦਾ ਪਿਛੋਕੜ", *ਨਾਨਕ ਪ੍ਰਕਾਸ਼ ਪੱਤ੍ਰਿਕਾ,* ਤਾਰਨ ਸਿੰਘ (ਸੰਪਾ.), ਪੰਨੇ-62-3.

309 ਤਾਰਨ ਸਿੰਘ, *ਭਗਤੀ ਤੇ ਸ਼ਕਤੀ,* ਪੰਨੇ 26-7.

ਕੁਰੀਤੀਆਂ ਜਿੰਨਾ ਵਿਚ ਜਾਤ-ਪਾਤ, ਇਸਤਰੀ ਅਪਮਾਨ ਰਾਹੀਂ ਵੀ ਬੰਦਗੀ ਦੀ ਗੱਲ ਕੀਤੀ ਗਈ ਹੈ। ਧਾਰਮਿਕ, ਰਾਜਸੀ ਅਤੇ ਸਮਾਜਿਕ ਦਸ਼ਾ ਬੰਦਗੀ ਦੇ ਕੇਂਦਰੀ ਵਿਸ਼ੇ ਹਨ:

> ਪੰਜਾਬ ਵਿਚ ਗੁਰੂ ਨਾਨਕ ਨੇ ਆਪਣੀ ਸਾਧਨਾ ਵਿਚ ਜਾਤਿਵਾਦ ਨੂੰ ਕਿਸੇ ਪ੍ਰਕਾਰ ਦਾ ਕੋਈ ਸਥਾਨ ਨਹੀਂ ਦਿੱਤਾ, ਕਿਉਂਕਿ ਪ੍ਰੇਮ ਦੇ ਖੇਤਰ ਵਿਚ ਇਹ ਸਭ ਕੁਝ ਵਿਅਰਥ ਹੈ। ਉਨ੍ਹਾਂ ਅਨੁਸਾਰ ਜਾਤਿ ਅਤੇ ਨਾਮ ਸੰਬੰਧੀ ਹੰਕਾਰ ਵਿਅਰਥ ਹੈ। ਸਾਰੇ ਜੀਵ ਇਕ ਪਰਮਾਤਮਾ ਦੀ ਛਤਰ ਛਾਇਆ ਹੇਠ ਹਨ।[310]

ਬੰਦਗੀ ਦਾ ਸਰੂਪ ਨਿਰਾਲਾ ਹੈ। ਬੰਦਗੀ ਫੈਲਿਆ ਹੋਇਆ ਵਿਸ਼ਾ ਹੈ। ਜੀਵਨ ਦੀ ਕੋਈ ਵੀ ਗੱਲ ਇਸਤੋਂ ਬਾਹਰ ਨਹੀਂ ਹੈ। ਬੰਦਗੀ ਜਿਸ ਜੀਵਨ ਜਾਚ ਦੇ ਅਕੀਦੇ ਨਾਲ ਜੁੜਦੀ ਹੈ। ਉਹੋ ਜਿਹਾ ਰੂਪ ਬਣ ਜਾਂਦੀ ਹੈ। ਸੇਵਾ ਨਾਲ ਜੁੜਕੇ ਇਹ ਸੇਵਾ ਭਗਤੀ, ਨਾਮ ਨਾਲ ਜੁੜਕੇ ਨਾਮ ਭਗਤੀ, ਪਿਆਰ ਨਾਲ ਜੁੜਕੇ ਭਾਉ ਭਗਤੀ, ਭੈ ਨਾਲ ਜੁੜਕੇ ਭੈ ਭਗਤੀ, ਗੁਰੂ ਨਾਲ ਜੁੜਕੇ ਗੁਰ ਭਗਤੀ ਬਣ ਜਾਂਦੀ ਹੈ। ਜਿਸਮ ਤੋਂ ਲੈ ਕੇ ਰੂਹ ਤੱਕ ਸਾਰੇ ਵਿਸ਼ੇ ਇਸਦੇ ਅੰਤਰਗਤ ਆਉਂਦੇ ਹਨ।

---

310 *ਗੁਰੂ ਨਾਨਕ ਬਾਣੀ- ਪ੍ਰੇਮ ਭਗਤੀ ਦਾ ਸਰੂਪ,* ਪੰਨਾ-267.

# ਅਧਿਆਇ ਪੰਜਵਾ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੰਦਗੀ ਦਾ ਅਮਲ

ਪਿਛਲੇ ਅਧਿਆਇ ਵਿਚ ਅਸੀਂ ਬੰਦਗੀ ਦੇ ਸਰੂਪ ਉਪਰ ਵਿਚਾਰ ਕੀਤੀ ਸੀ। ਇਸ ਅਧਿਆਇ ਵਿਚ ਵਿਚਾਰ ਕਰਾਂਗੇ ਕਿ ਸਾਧਨਾ ਜਾਂ ਅਮਲ ਕੀ ਹੈ? ਗੁਰਬਾਣੀ ਬਹੁ ਅਨੁਸ਼ਾਸ਼ਨੀ ਜੀਵਨ ਜਾਚ ਦਾ ਮੁਜੱਸਮਾ ਹੈ। ਇਸ ਵਿਚ ਪੂਰਬੀ ਅਤੇ ਪੱਛਮੀ ਮਜ਼ਹਬਾਂ ਦੇ ਜ਼ਿਕਰ ਸਮੇਤ ਵੱਖ-ਵੱਖ ਸਾਧਨਾ ਪੱਧਤੀਆਂ ਦਾ ਵਰਣਨ ਵੀ ਵਿਸ਼ੇਸ ਧਿਆਨ ਦੀ ਮੰਗ ਕਰਦਾ ਹੈ। ਇਹ ਹਰ ਉਸ ਵਿਚਾਰਵਾਨ ਲਈ ਚੁਣੌਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਰਬ ਸਾਂਝਾ ਮੰਨਦਾ ਹੈ। ਜੇਕਰ ਕੇਵਲ ਸਿੱਖ ਧਰਮ ਨਾਲ ਸਬੰਧਿਤ ਸਾਧਨਾ ਦਾ ਹੀ ਜ਼ਿਕਰ ਕਰੀਏ ਤਾਂ ਇਹ ਇਹ ਅੱਲਾਹੀ ਬਾਣੀ ਨਾਲ ਪੱਖਪਾਤ ਹੋਵੇਗਾ ਅਤੇ ਲੋਕਾਈ ਨੂੰ ਗੁਰਬਾਣੀ ਦਾ ਚਉ ਵਰਨਾ ਕੋ ਸਾਝਾ ਉਪਦੇਸ਼ ਵੀ ਨਹੀਂ ਪਹੁੰਚੇਗਾ:

> ਗੁਰੂ ਗ੍ਰੰਥ ਸਾਹਿਬ ਵਿਚ ਪ੍ਰਤਿਪਾਦਿਤ ਧਰਮ ਸਾਧਨਾ ਦੀ ਕੀ ਰੂਪ ਰੇਖਾ ਹੋ ਸਕਦੀ ਹੈ? ਇਸਦਾ ਉਤਰ ਦੇਣਾ ਸਰਲ ਨਹੀਂ ਹੈ, ਕਿਉਂਕਿ ਇਹ ਅੰਤਰ ਦੀ ਸਾਧਨਾ ਹੈ (ਘਟ ਅੰਤਰਿ ਪੂਜਾ ਹੋਇ।) ਅਭਿਵਿਅਕਤੀ ਦਾ ਵਿਸ਼ਾ ਨਹੀਂ ਹੈ। ਇਸ ਨੂੰ ਅਨੁਭੂਤੀ ਦੁਆਰਾ ਜਾਣਿਆ ਜਾ ਸਕਦਾ ਹੈ। ਇਹ ਰਹੱਸ ਸਾਧਨਾ ਹੈ। ਉਂਜ ਪਰਮਸੱਤਾ ਦੀ ਪ੍ਰਾਪਤੀ ਲਈ ਉਹ ਸਾਰੀਆਂ ਸਾਧਨਾ ਪੱਧਤੀਆਂ ਇਸ ਵਿਚ ਸਮਾ ਜਾਂਦੀਆਂ ਹਨ ਜੋ ਮਾਨਵਤਾ ਲਈ ਮੰਗਲਕਾਰੀ ਹਨ, ਜੋ ਛਲ, ਕਪਟ, ਪਾਖੰਡ, ਆਡੰਬਰ, ਹਉਮੈ ਆਦਿ ਤੋਂ ਮੁਕਤ ਹਨ ਅਤੇ ਇਸਦੇ ਉਲਟ ਉਪਾਸਨਾ ਦੇ ਉਹ ਸਾਰੇ ਸਾਧਨ ਇਸਦੀ ਸੀਮਾ ਖੇਤਰ ਤੋਂ ਬਾਹਰ ਹਨ ਜੋ ਮਾਨਵਤਾ ਨੂੰ ਕੁਮਾਰਗ-ਗਾਮੀ ਬਣਾ ਕੇ ਵਿਨਾਸ਼ ਵਲ ਪਰੇਰਦੇ ਹਨ।[1]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਧਨਾ ਸ਼ਬਦ ਕੇਵਲ ਇੱਕ ਵਾਰ ਇਸ ਤੁਕ ਵਿਚ ਆਇਆ ਹੈ- ਇਸ ਦੇਹੀ ਕਉ ਬਹੁ ਸਾਧਨਾ ਕਰੈ॥[2] ਪਰ ਡਾ. ਗੁਰਚਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਕ੍ਰਮਣਿਕਾ ਵਿਚ ਇਸ ਸ਼ਬਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੋ ਵਾਰ ਆਇਆ ਦੱਸਿਆ ਹੈ।[3] ਪਹਿਲੀ ਵਾਰ ਇਸ ਸ਼ਬਦ ਦੀ ਵਰਤੋਂ ਉਪਰੋਕਤ ਤੁਕ ਵਿਚ ਹੋਈ ਹੈ ਦੂਜੀ ਵਾਰ ਇਸਦੀ ਵਰਤੋਂ ਇਸ ਤੁਕ ਵਿਚ ਹੋਈ ਹੈ - ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ॥[4] ਹੁਣ ਅਸੀਂ ਵਾਰੀ-ਵਾਰੀ ਦੋਹਾਂ ਤੁਕਾਂ ਵਿਚ ਆਏ ਸਾਧਨਾ ਸ਼ਬਦ ਦੀ ਵਿਚਾਰ ਕਰਾਂਗੇ। ਭਾਈ ਵੀਰ ਸਿੰਘ ਜੀ ਅਨੁਸਾਰ ਪਹਿਲੀ ਤੁਕ ਦਾ ਅਰਥ ਹੈ, "ਇਸ ਦੇਹੀ ਨਾਲ (ਕਿੰਨੀਆਂ) ਬਹੁਤੀਆਂ ਸਾਧਨਾ ਪਿਆ ਕਰੇ, ਮਨ ਤੋਂ ਵਿਸ਼ਯ ਭਾਵਨਾ ਕਦੇ ਦੂਰ ਨਹੀਂ ਹੋਵੇਗੀ।"[5] ਫਰੀਦਕੋਟੀ ਟੀਕੇ ਅਨੁਸਾਰ, "ਇਸ ਸਰੀਰ ਕੌ ਕਸ਼ਟ ਦੇਕਰ ਬਹੁਤ ਜਪ ਤਪ ਆਦੀ ਸਾਧਨੋਂ ਕੌ ਭੀ ਕਰੈ ਤੌ ਭੀਂ ਇਸ ਮਨ ਸੇ ਕਬੀ ਵਿਖਿਆਂ ਕੀ ਵਾਸਨਾ ਟਲਤੀ ਨਹੀਂ ਹੈ ਮਨ ਵਿਸ਼ਿ ਅਹੁ ਸੇ ਨਹੀਂ (ਟਰੈ) ਹਟਤਾ ਹੈ।"[6] ਸਾਹਿਬ ਸਿੰਘ ਅਨੁਸਾਰ, "ਸਰੀਰ ਨੂੰ ਸਾਧਨ ਦੀ ਖ਼ਾਤਰ ਕਈ ਜਤਨ ਭੀ ਕਰੇ,.."[7]

---

1. ਰਤਨ ਸਿੰਘ ਜੱਗੀ, *ਸਾਧਨਾ ਦਾ ਸਰੂਪ,* ਪੰਨਾ- 46.
2. ਰਾਗ ਗਉੜੀ ਸੁਖਮਨੀ ਮ: ੫, 265.
3. *ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਕ੍ਰਮਣਿਕਾ,* ਪੰਨਾ-359.
4. ਰਾਗ ਗਉੜੀ ਚੇਤੀ ਮ: ੧, 155.
5. *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੋਥੀ ਚੌਥੀ*, ਪੰਨਾ-1668.
6. *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ,* (ਫ਼ਰੀਦਕੋਟ ਵਾਲਾ ਟੀਕਾ), ਜਿਲਦ ਪਹਿਲੀ, ਪੰਨਾ- 588.
7. *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਦੂਜੀ,* ਪੰਨਾ-583.

ਮਨਮੋਹਨ ਸਿੰਘ ਅਨੁਸਾਰ, "ਬੰਦਾ ਆਪਣੇ ਸਰੀਰ ਨਾਲ ਬਹੁਤ ਸੰਜਮ ਪਿਆ ਕਮਾਵੈ.."[8] ਡਾ. ਜੱਗੀ ਅਨੁਸਾਰ, "ਇਸ ਦੇਹ ਨੂੰ ਸਾਧਣ ਲਈ ਉੱਦਮ ਕਰੇ.."[9] ਹੁਣ ਅਸੀਂ ਦੂਜੀ ਤੁਕ ਵਿਚ ਆਏ ਸਾਧਨਾ ਸ਼ਬਦ ਦੇ ਅਰਥਾਂ ਨੂੰ ਦੇਖਦੇ ਹਾਂ। ਭਾਈ ਵੀਰ ਸਿੰਘ ਨੇ ਇਸ ਤੁਕ ਵਿਚਲੇ ਸਾਧਨਾ ਸ਼ਬਦ ਦਾ ਅਰਥ ਜੀਵ ਰੂਪੀ ਇਸਤ੍ਰੀ,[10] ਫ਼ਰੀਦਕੋਟੀ ਟੀਕੇ ਵਿਚ ਜੀਵ ਰੂਪ ਇਸਤ੍ਰੀ,[11] ਸਾਹਿਬ ਸਿੰਘ ਨੇ ਜਿੰਦ ਇਸਤ੍ਰੀ,[12] ਮਨਮੋਹਨ ਸਿੰਘ ਨੇ ਆਤਮਾ ਇਸਤਰੀ,[13] ਡਾ. ਜੱਗੀ ਨੇ, ਜੀਵ ਰੂਪ ਇਸਤਰੀ ਬੈਠੀ ਹੈ,[14] ਕੀਤਾ ਹੈ। ਉਪਰੋਕਤ ਸੰਖੇਪ ਜਿਹੀ ਵਿਚਾਰ ਤੋਂ ਇਸ ਸਿੱਟੇ ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਦੋਹਾਂ ਸ਼ਬਦਾਂ ਦੇ ਅਰਥਾਂ ਅਤੇ ਪ੍ਰਸੰਗਾਂ ਵਿਚਕਾਰ ਅੰਤਰ ਹੈ। ਪਹਿਲੀ ਤੁਕ ਵਿਚ ਸਾਧਨਾ ਅਭਿਆਸ, ਯਤਨ, ਸੰਜਮ, ਉਦਮ ਦੇ ਅਰਥਾਂ ਵਿਚ ਆਇਆ ਹੈ ਅਤੇ ਦੂਜੀ ਵਾਰ ਸਾਧਨਾ ਸ਼ਬਦ ਨੂੰ ਆਤਮਾ ਜਾਂ ਜੀਵ ਇਸਤਰੀ ਦੇ ਰੂਪ ਵਿਚ ਵਰਤਿਆ ਹੈ। ਸੋ ਇਹ ਸਪੱਸ਼ਟ ਹੋਇਆ ਕਿ ਸਾਡੇ ਵਿਸ਼ੇ ਨਾਲ ਸਬੰਧਿਤ ਸਾਧਨਾ ਸ਼ਬਦ ਕੇਵਲ ਇੱਕ ਵਾਰ ਅਭਿਆਸ, ਉਦਮ, ਸੰਜਮ, ਯਤਨ ਦੇ ਅਰਥਾਂ ਵਿਚ ਆਇਆ ਹੈ।

**ਸਾਧਨਾ ਦਾ ਅਰਥ, ਪਰਿਭਾਸ਼ਾ ਅਤੇ ਮੰਤਵ :**

ਸਾਧਨਾ ਦਾ ਜ਼ਿਕਰ ਗੁਰਬਾਣੀ ਵਿਚ ਥਾਂ-ਥਾਂ 'ਤੇ ਕੀਤਾ ਗਿਆ ਹੈ। ਕੋਈ ਵੀ ਮੱਤ ਹੋਵੇ, ਕੋਈ ਵੀ ਵਿਸ਼ਵਾਸ਼ ਪੱਧਤੀ ਹੋਵੇ। ਉਸ ਵਿਚ ਸਾਧਨਾ ਦਾ ਜ਼ਿਕਰ ਅਤੇ ਇਸ ਤੋਂ ਪੈਦਾ ਹੋਏ ਭਰਮਾਂ ਦਾ ਉਲੇਖ ਸਮੁੱਚੀ ਗੁਰਬਾਣੀ ਦਾ ਕੇਂਦਰੀ ਤੱਤ ਹੈ। ਮਹਾਨ ਕੋਸ਼ ਅਨੁਸਾਰ, "ਸਾਧਣਾ (ਸਾਧਨਾ) ਦਾ ਅਰਥ ਅਭਿਆਸ ਕਰਨਾ, ਸਾਬਤ ਕਰਨਾ, ਸਵਾਰਨਾ, ਅਧੀਨ ਲਿਆਉਣਾ ਅਤੇ ਅਮਲ ਵਿਚ ਲਿਆਉਣਾ ਦੱਸਿਆ ਹੈ।[15]" ਡਾ. ਰਤਨ ਸਿੰਘ ਜੱਗੀ ਅਨੁਸਾਰ:

> ਜੀਵਾਤਮਾ ਦਾ ਪਰਮਾਤਮਾ ਨਾਲ ਇਕਮਿਕ ਹੋਣਾ ਜਾਂ ਏਕਾਕਾਰਤਾ ਦੀ ਅਵਸਥਾ ਪ੍ਰਾਪਤ ਕਰਨਾ ਅਧਿਆਤਮਿਕਤਾ ਜਾਂ ਧਾਰਮਿਕਤਾ ਦਾ ਮੂਲਧਾਰ ਤੱਤਵ ਹੈ। ਇਹ ਪ੍ਰਾਪਤੀ ਨਿਰੇ ਸਿਧਾਂਤਾਂ ਜਾਂ ਸ਼ਾਸ਼ਤ੍ਰਾਂ ਦੁਆਰਾ ਸੰਭਵ ਨਹੀਂ, ਇਸ ਲਈ ਅਭਿਆਸ, ਅਨੁਭਵ ਤੇ ਕਰਮਚਾਰ ਦੀ ਲੋੜ ਹੈ। ਇਨ੍ਹਾਂ ਯਤਨਾਂ ਦੁਆਰਾ ਸਿੱਧ ਹੋਈ ਪ੍ਰਕ੍ਰਿਆ ਹੀ ਸਾਧਨਾ ਹੈ।[16]

ਸਾਧਨਾ ਦਾ ਅਰਥ ਅਭਿਆਸ ਕਰਨਾ, ਯਤਨ ਕਰਨਾ, ਵਾਰ-ਵਾਰ ਕਿਸੇ ਕੰਮ ਨੂੰ ਕਰਨਾ ਜਾਂ ਕਿਸੇ ਕੰਮ ਵਿਚ ਦ੍ਰਿੜਤਾ ਲਿਆਉਣੀ ਹੈ। ਇਸਦਾ ਖੁਲਾਸਾ ਕਰਦਿਆਂ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਜਿਵੇਂ ਕੋਈ ਵਿਅਕਤੀ ਰਤਨਾਂ ਦਾ ਕਾਰੋਬਾਰ ਕਰਦਿਆਂ-ਕਰਦਿਆਂ ਰਤਨਾਂ ਦਾ ਪਾਰਖੂ ਬਣ ਜਾਂਦਾ ਹੈ, ਕੋਈ ਵਿਦਵਾਨਾਂ ਦੀਆਂ ਗੱਲਾਂ ਸੁਣ-ਸੁਣਕੇ ਵਿਦਵਾਨ ਬਣ ਜਾਂਦਾ ਹੈ, ਕੋਈ ਖੁਸ਼ਬੋਆਂ ਨੂੰ ਸੁੰਘਦਾ-ਸੁੰਘਦਾ

---

8 *Sri guru granth sahib English and Punjabi Translation,* vol-2, page- 883.

9 *ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,* ਭਾਗ ਦੂਜਾ, ਪੰਨਾ-851.

10 *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੋਥੀ ਚੌਥੀ*, ਪੰਨਾ- 1058.

11 *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ,* (ਫ਼ਰੀਦਕੋਟ ਵਾਲਾ ਟੀਕਾ), ਜਿਲਦ ਪਹਿਲੀ, ਪੰਨਾ- 374.

12 *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਦੂਜੀ,* ਪੰਨਾ-28.

13 *Sri guru granth sahib English and Punjabi Translation,* vol-2, p- 521.

14 *ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,* ਭਾਗ ਦੂਜਾ, ਪੰਨਾ-523.

15 *ਮਹਾਨ ਕੋਸ਼*, ਪੰਨਾ-182.

16 *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ*, ਪੰਨਾ-1.

ਆਪ ਖੁਸ਼ਬੋਅ ਬਣ ਜਾਂਦਾ ਹੈ, ਕਿਸੇ ਨੂੰ ਗਾਉਂਦਿਆਂ-ਗਾਉਂਦਿਆਂ ਗਾਇਕੀ ਪ੍ਰਾਪਤ ਹੁੰਦੀ ਹੈ, ਕੋਈ ਲਿਖਦਿਆਂ-ਲਿਖਦਿਆਂ ਲੇਖਕ ਬਣ ਜਾਂਦਾ ਹੈ, ਕੋਈ ਅਨੇਕ ਪਦਾਰਥਾਂ ਦੇ ਰਸ ਚਖਦਿਆਂ-ਚਖਦਿਆਂ ਰਸਾਂ ਦੀ ਪਛਾਣ ਕਰਨ ਵਾਲਾ ਬਣ ਜਾਂਦਾ ਹੈ, ਕੋਈ ਚਲਦਿਆਂ-ਚਲਦਿਆਂ ਮੰਜ਼ਿਲ ਤੇ ਪਹੁੰਚ ਜਾਂਦਾ ਹੈ। ਇਉਂ ਸਾਧਕ ਅਭਿਆਸ ਰਾਹੀਂ ਗੁਰ ਸ਼ਬਦ ਦੀ ਖੋਜ ਕਰਦਿਆਂ-ਕਰਦਿਆਂ ਗੁਰ ਸ਼ਬਦ ਵਿਚ ਲੀਨਤਾ ਪ੍ਰਾਪਤ ਕਰ ਲੈਂਦਾ ਹੈ।[17] ਅਜਿਹਾ ਅਭਿਆਸੀ ਸਾਧਕ ਨਾ ਕੇਵਲ ਆਪਣਾ ਸਗੋਂ ਹੋਰਨਾਂ ਦਾ ਭਲਾ ਕਰਨ ਦੇ ਸਮਰੱਥ ਵੀ ਹੋ ਜਾਂਦਾ ਹੈ। ਤਿਲਾਂ ਨੂੰ ਪੀੜ ਕੇ ਤੇਲ ਨਿਕਲਦਾ ਹੈ ਅਤੇ ਉਸ ਤੇਲ ਨੂੰ ਜਲਾ ਕੇ ਹਨੇਰਾ ਦੂਰ ਹੋ ਜਾਂਦਾ ਹੈ। ਬੱਕਰੀ ਨੂੰ ਮਾਰ ਕੇ ਉਸਦੇ ਟੁਕੜੇ-ਟੁਕੜੇ ਕੀਤੇ ਜਾਂਦੇ ਹਨ ਅਤੇ ਫੇਰ ਉਸਦੀਆਂ ਆਂਦਰਾਂ ਨੂੰ ਸੰਗੀਤਕ ਸਾਜਾਂ ਵਿਚ ਵਰਤ ਕੇ ਅਨੇਕ ਧੁਨੀਆਂ ਪੈਦਾ ਹੁੰਦੀਆਂ ਹਨ। ਖਾਸ ਕਿਸਮ ਦੇ ਡਲੇ ਤੋਂ ਸ਼ੀਸ਼ਾ ਬਣਦਾ ਹੈ ਅਤੇ ਲੋਕ ਉਸ ਸ਼ੀਸ਼ੇ ਨੂੰ ਹੱਥਾਂ ਵਿਚ ਫੜਕੇ ਬਹੁਤ ਖੁਸ਼ ਹੁੰਦੇ ਹਨ ਅਤੇ ਆਪਣਾ ਮੁਖ ਦੇਖਦੇ ਹਨ। ਇਸ ਤਰ੍ਹਾਂ ਹੀ ਸਾਧਕ ਦੁਖ, ਭੁਖ ਵਿਚ ਸਾਧਨਾ ਭਾਵ ਅਭਿਆਸ ਕਰਕੇ ਸਾਧ ਬਣਦਾ ਹੈ ਅਤੇ ਹੋਰਾਂ ਦਾ ਭਲਾ ਕਰਨ ਦੇ ਕਾਬਲ ਬਣ ਜਾਂਦਾ ਹੈ।[18] ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ,"ਗੁਰਬਾਣੀ ਵਿਚ ਆਏ ਸ਼ਬਦ ਸਾਧ, ਸਾਧੂ, ਸਾਧੋ, ਸਾਧਿਕ, ਸਾਧਿਕਾ, ਸਾਧਿਕੋ ਦਾ ਅਰਥ ਸਾਧਨਾ ਕਰਨ ਵਾਲੇ ਹੈ।[19]" ਡਾ. ਦਰਸ਼ਨ ਸਿੰਘ ਅਨੁਸਾਰ:

> ਕਿਸੇ ਵੀ ਧਰਮ ਦਾ ਮੁੱਖ ਮਨੋਰਥ ਰੱਬੀ ਜੀਵਨ ਵਿਚ ਸਾਂਝ ਪਾਉਣ ਦਾ ਸੱਚਾ ਮਾਰਗ ਦਿਖਾਣਾ ਹੁੰਦਾ ਹੈ। ਇਸ ਰੱਬੀ ਜੀਵਨ ਤੇ ਸੱਚ ਦੀ ਪ੍ਰਾਪਤੀ ਵਿਸ਼ੇਸ਼ ਕਿਸਮ ਦੀ ਸਾਧਨਾ, ਰਹਿਤ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਸਾਧਨਾ ਜਾਂ ਰਹਿਤ ਕਿਸੇ ਵੀ ਧਰਮ ਦਾ ਸਭ ਤੋਂ ਜ਼ਰੂਰੀ ਅਤੇ ਮੁੱਖ ਅੰਗ ਹੁੰਦੀ ਹੈ। ਭਾਰਤੀ ਧਰਮਾਂ ਵਿਚ ਤਾਂ ਸਾਧਨਾ ਨੂੰ ਹੀ ਧਰਮ ਦੇ ਅਰਥਾਂ ਵਿਚ ਪ੍ਰਵਾਨ ਕੀਤਾ ਗਿਆ ਹੈ।[20]

ਇਸ ਕਥਨ ਅਨੁਸਾਰ ਸਾਧਨਾ ਜੀਵਨ ਜਾਚ, ਜੀਵਨ ਜੁਗਤੀ ਦਾ ਮਾਰਗ ਅਤੇ ਧਰਮ ਵੀ ਹੈ ਜਿਸਦੀ ਪਾਲਣਾ ਹਮੇਸ਼ਾ ਕੀਤੀ ਜਾਂਦੀ ਹੈ ਜਿਵੇਂ ਸਿੱਖਾਂ ਲਈ ਰੋਜ਼ਾਨਾ ਸਵੇਰੇ ਜਪੁਜੀ ਅਤੇ ਸ਼ਾਮ ਨੂੰ ਸੋਦਰ ਅਤੇ ਆਰਤੀ ਪੜ੍ਹਨਾ ਜ਼ਰੂਰੀ ਹੈ।[21] ਅਜਿਹਾ ਅਮਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਧਾਰਨ ਕੀਤਾ।[22] ਧਰਤੀ ਨੂੰ ਸੋਧਣ ਤੋਂ ਪਹਿਲਾ ਆਪਣਾ ਆਪ ਸੋਧਣਾ ਜ਼ਰੂਰੀ ਸੀ। ਭਾਈ ਗੁਰਦਾਸ ਜੀ ਨੇ ਆਪ ਜੀ ਨੂੰ

---

17 *ਪੇਖਤ ਪੇਖਤ ਜੈਸੇ ਰਤਨ ਪਾਰਖੁ ਹੋਤ, ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ॥ ਸੂੰਘਤ ਸੂੰਘਤ ਸੋਧਾ ਜੈਸੇ ਤਉ ਸੁਬਾਸੀ ਹੋਤ, ਗਾਵਤ ਗਾਵਤ ਜੈਸੇ ਗਾਇਨ ਸੁਕੀਨ ਹੈ॥ ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ, ਚਾਖਤ ਚਾਖਤ ਜੈਸੇ ਭੋਗੀ ਰਸੁ ਭੀਨ ਹੈ॥ ਚਲਤ ਚਲਤ ਜੈਸੇ ਪਹੁਚੈ ਠਿਕਾਨੇ ਜਾਇ, ਖੋਜਤ ਖੋਜਤ ਗੁਰਸਬਦ ਲਿਵਲੀਨ ਹੈ॥588॥ ਕਬਿੱਤ ਸਵੈਯੇ ਭਾਈ ਗੁਰਦਾਸ ਜੀ ਸਟੀਕ,* ਸੇਵਾ ਸਿੰਘ ਭਾਈ, ਪੰਨਾ-348.

18 *ਜੈਸੇ ਤਿਲ ਪੀੜ ਤੇਲ ਕਾਢੀਅਤ ਕਸਟੁ ਕੈ, ਤਾਂ ਤੇ ਹੋਇ ਦੀਪਕ ਜਰਾਏ ਉਜਿਆਰੋ ਜੀ॥ਜੈਸੇ ਰੋਮ ਰੋਮ ਕਰਿ ਕਾਟੀਐ ਅਜਾ ਕੋ ਤਨ, ਤਾਂ ਕੀ ਤਾਤ ਬਾਜੈ ਰਾਗ ਰਾਗਨੀ ਸੋ ਪਿਆਰੋ ਜੀ॥ ਜੈਸੇ ਤਉ ਉਟਾਇ ਦਰਪਨ ਕੀਜੈ ਲੋਸਟ ਸੇਤੀ, ਤਾਂ ਤੇ ਕਰ ਗਹਿ ਮੁਖ ਦੇਖਤ ਸੰਸਾਰੋ ਜੀ॥ ਤੈਸੇ ਦੂਖ ਭੂਖ ਸੁਧ ਸਾਧਨ ਕੈ ਸਾਧ ਭਏ, ਤਾਂ ਹੀ ਤੇ ਜਗਤ ਕੋ ਕਰਤ ਨਿਸਤਾਰੋ ਜੀ॥ ਉਹੀ,* ਪੰਨਾ-344.

19 *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨੇ-99-102.

20 *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ,* ਪੰਨਾ-200.

21 *ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ ਵਾਰਾਂ ਭਾਈ ਗੁਰਦਾਸ, ਵਾਰ/ਪਉੜੀ-1/38.*

22 *ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੇ ਫਿਰਿ ਘਾਲਿ ਕਮਾਈ। ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ। ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ। ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ। ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ। ਚੜ੍ਹਿਆ ਸੋਧਣਿ ਧਰਤਿ ਲੁਕਾਈ। ਉਹੀ, ਵਾਰ/ਪਉੜੀ-1/24.*

ਸਾਧਨਾ ਦੌਰਾਨ ਆਈਆਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਅੱਕ ਅਤੇ ਰੇਤ ਦਾ ਆਹਾਰ ਕਰਨਾ ਅਤੇ ਰੋੜਿਆਂ ਦੀ ਵਿਛਾਈ ਕਰਨਾ। ਧਰਤੀ ਦਾ ਕੋਈ ਵੀ ਵਿਗਿਆਨ ਇਹ ਨਹੀਂ ਦੱਸਦਾ ਕਿ ਅੱਕ ਅਤੇ ਰੇਤ ਮਨੁੱਖਾਂ ਦੀ ਖੁਰਾਕ ਹਨ। ਅੱਕ ਅਤੇ ਰੇਤ ਦੇ ਆਹਾਰ ਸਮੇਤ ਰੋੜਿਆਂ ਉਪਰ ਕੀਤੀ ਵਿਛਾਈ ਸਾਧਨਾ ਵਿਚ ਆਈਆਂ ਦਿੱਕਤਾਂ ਦੀ ਤਰਜ਼ਮਾਨੀ ਕਰਦੀ ਹੈ। ਇਸ ਤੋਂ ਭਾਵ ਇਹ ਹੋਇਆ ਕਿ ਇਸ ਪੰਧ ਉਪਰ ਮੁਸ਼ਕਿਲਾਂ ਮੂੰਹ ਅੱਡੀ ਖਲੋਤੀਆਂ ਹਨ। ਸਾਧਨਾ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਦੱਸਦੇ ਹਨ ਕਿ ਅਸੀਂ ਹੇਮਕੁੰਟ ਨਾਮਕ ਸਥਾਨ ਤੇ ਤਪੱਸਿਆ ਕੀਤੀ। ਅਸੀਂ ਦੋ ਸਾਂ ਪਰ ਤਪੱਸਿਆ ਤੋਂ ਬਾਅਦ ਅਸੀਂ ਇੱਕ ਰੂਪ ਹੋ ਗਏ।[23] ਤਪੱਸਿਆ ਵੀ ਸਾਧਨਾ ਦਾ ਅੰਗ ਹੈ। ਬੇਸ਼ੱਕ ਤਪੱਸਿਆ ਨੂੰ ਕਠਿਨ ਸਾਧਨਾਵਾਂ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ ਪਰ ਇਸ ਗੁਰਵਾਕ ਵਿਚ ਤਪੱਸਿਆ ਸਰੀਰ ਤਕ ਨਾ ਰਹਿ ਕੇ ਪਰਮਾਤਮਾ ਵਿਚ ਅਭੇਦ ਕਰਨ ਵਾਲੀ ਹੈ। ਅਜਿਹੀ ਤਪੱਸਿਆ ਪ੍ਰਵਾਨ ਹੈ। ਅਸੀਂ ਇਹ ਵੀ ਦੇਖਦੇ ਹਾਂ ਕਿ ਕੇਵਲ ਗੁਰੂ ਜੀ ਸਿੱਖਾਂ ਨੂੰ ਹੀ ਅੰਮ੍ਰਿਤ ਵੇਲੇ ਉਠਣ ਦਾ ਉਪਦੇਸ਼ ਨਹੀਂ ਦਿੰਦੇ ਸਨ ਸਗੋਂ ਆਪ ਵੀ ਅੰਮ੍ਰਿਤ ਵੇਲੇ ਉੱਠਦੇ ਸਨ। ਇਸ ਤਰ੍ਹਾਂ ਅੰਮ੍ਰਿਤ ਛਕਣ ਦਾ ਹੁਕਮ, ਧਰਮ ਲਈ ਜੂਝ ਮਰਨ ਦਾ ਚਾਅ, ਦਸਾਂ ਨਹੁੰਆਂ ਦੀ ਕਿਰਤ, ਸਾਧਸੰਗਤ ਦੀ ਸੇਵਾ ਅਤੇ ਪਰਉਪਕਾਰ ਕੇਵਲ ਕਹਿਣ ਮਾਤਰ ਨਹੀਂ ਸਨ। ਇਹ ਸਭ ਗੱਲਾਂ ਉਦੋਂ ਕਹੀਆਂ ਜਦੋਂ ਆਪਣੇ ਜੀਵਨ ਵਿਚ ਧਾਰਨ ਕਰ ਲਈਆਂ। ਇਸ ਤਰ੍ਹਾਂ ਸਾਧਨਾ ਦੀਆਂ ਦੋ ਪਰਤਾਂ ਨਜ਼ਰ ਆਉਂਦੀਆਂ ਹਨ। ਪਹਿਲੀ ਪਰਤ ਰਾਹੀਂ ਪਤਾ ਲੱਗਦਾ ਹੈ ਕਿ ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਸਾਧਨਾ ਦੀ ਜ਼ਰੂਰਤ ਹੈ ਅਤੇ ਦੂਜੀ ਪਰਤ ਇਹ ਕਿ ਹੋਰਾਂ ਨੂੰ ਸਾਧਨਾ ਵੱਲ ਪ੍ਰੇਰਿਤ ਕਰਨ ਲਈ ਆਪਣੇ ਆਪ ਦਾ ਸਾਧਿਆ ਜਾਣਾ ਅਤਿ ਜ਼ਰੂਰੀ ਹੈ। ਗੁਰੂ ਜੀ ਨੇ ਸਿੱਖ ਦੀ ਜੀਵਨ ਜਾਚ ਅਤੇ ਮਾਰਗ ਨੂੰ ਆਪ ਚੱਲ ਕੇ ਤਿਆਰ ਕੀਤਾ ਸੀ। ਇਸ ਕਰਕੇ ਹੀ ਗੁਰਮਤਿ ਨੂੰ ਗਾਡੀ ਰਾਹ ਵੀ ਕਿਹਾ ਜਾਂਦਾ ਹੈ। ਸਾਧਨਾ ਵਿਚ ਪਹਿਲਾਂ ਆਪਣੇ ਮਨ ਨੂੰ ਸਮਝਾਉਣਾ ਪੈਂਦਾ ਹੈ।[24] ਪੁਰਾਤਨ ਸਮੇਂ ਵਿਚ ਲੋਕ ਖੂਹਾਂ ਤੋਂ ਪਾਣੀ ਭਰਦੇ ਹੁੰਦੇ ਸਨ। ਕਈ ਖੂਹਾਂ ਵਿਚੋਂ ਪਾਣੀ ਕੱਢਣ ਲਈ ਭੌਣੀਆਂ ਭਾਵ ਚਰਖੀਆਂ ਹੁੰਦੀਆਂ ਸਨ। ਜਿਸ ਉੱਪਰ ਰੱਸਾ ਪਾ ਕੇ ਬਾਲਟੀ ਰਾਹੀਂ ਪਾਣੀ ਬਾਹਰ ਕੱਢਿਆ ਜਾਂਦਾ ਸੀ। ਪਰ ਕਈ ਖੂਹਾਂ ਉੱਪਰ ਭੌਣੀਆਂ ਨਹੀਂ ਹੁੰਦੀਆਂ ਸਨ। ਲੋਕ ਖੂਹ ਦੀ ਦੀਵਾਰ ਨਾਲ ਰੱਸਾ ਸਰਕਾ ਕੇ ਪਾਣੀ ਕੱਢਦੇ ਸਨ। ਖੂਹ ਦੀ ਕੰਧ ਚੂਨਾ, ਇੱਟਾਂ ਜਾਂ ਸੀਮਿੰਟ ਤੇ ਬਜਰੀ ਨਾਲ ਮਜ਼ਬੂਤ ਬਣਾਈ ਹੁੰਦੀ ਸੀ। ਪਰ ਕਮਜ਼ੋਰ ਰੱਸੇ ਦੀ ਵਾਰ-ਵਾਰ ਰਗੜ ਮਜ਼ਬੂਤ ਕੰਧ ਵਿਚ ਨਿਸ਼ਾਨ ਜਾਂ ਟੱਕ ਪਾ ਦਿੰਦੀ ਸੀ। ਇਸ ਤਰ੍ਹਾਂ ਕਿਸੇ ਕੰਮ ਦਾ ਰੋਜ਼ਾਨਾ ਦਾ ਅਭਿਆਸ ਉਸ ਵਿਚ ਪ੍ਰਪੱਕਤਾ ਪ੍ਰਾਪਤ ਕਰਵਾ ਦਿੰਦਾ ਹੈ। ਅਭਿਆਸ ਨਾਲ ਮੂਰਖ ਵੀ ਸਿਆਣੇ ਬਣ ਜਾਂਦੇ ਹਨ:

ਕਰਤ ਕਰਤ ਅਭਿਆਸ ਕੇ ਜੜਮਤ ਹੋਤ ਸੁਜਾਨ,
ਰਸਰੀ ਆਵਤ ਜਾਤ ਹੈ ਸਿਲ ਪਰ ਬਨਤ ਨਿਸ਼ਾਨ।(ਲੋਕੋਕਤੀ)

---

23 *ਅਬ ਮੈਂ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੁਹਿ ਆਨੋ। ਹੇਮ ਕੁੰਟ ਪਰਬਤ ਹੈ ਜਹਾ। ਸਪਤ ਸ੍ਰਿੰਗ ਸੋਭਿਤ ਹੈ ਤਹਾ। ਸਪਤਸ੍ਰਿੰਗ ਤਿਹ ਨਾਮੁ ਕਹਾਵਾ। ਪੰਡੁ ਰਾਜ ਜਹ ਜੋਗੁ ਕਮਾਵਾ। ਤਹ ਹਮ ਅਧਿਕ ਤਪਸਿਆ ਸਾਧੀ। ਮਹਾਕਾਲ ਕਾਲਕਾ ਅਰਾਧੀ। ਇਹ ਬਿਧਿ ਕਰਤ ਤਪਸਿਆ ਭਯੋ। ਦਵੈ ਤੇ ਏਕ ਰੂਪ ਹਵੈ ਗਯੋ। ਦਸਮ ਗ੍ਰੰਥ ਪਾਠ ਸੰਪਾਦਨ ਅਤੇ ਵਿਆਖਿਆ,* ਪੰਨਾ-144.

24 *ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥* ਰਾਗ ਆਸਾ ਮ:੫, 381.

ਸਾਧਨਾ ਦਾ ਅਰਥ ਇੱਕ ਤਰ੍ਹਾਂ ਨਾਲ ਧੱਕਾ ਹੀ ਹੁੰਦਾ ਹੈ ਭਾਵ ਇਹ ਕਿ ਇਹ ਕੰਮ ਮੈਂ ਕਰਨਾ ਹੀ ਕਰਨਾ ਹੈ। ਫ਼ਰਕ ਏਨਾ ਕੁ ਹੈ ਕਿ ਇਸ ਹਠ ਵਿਚ ਸਰੀਰ ਨੂੰ ਕਸ਼ਟ ਦੇਣ ਦੀ ਥਾਂ ਮਨ ਨੂੰ ਬੁਰੇ ਪਾਸੇ ਤੋਂ ਹਟਾਵਣਾ ਹੁੰਦਾ ਹੈ:

> ਤਾ ਮਨ ਨੂ ਹੋਰ ਵਾਸਨਾ ਵੱਲੋਂ ਬਾਰੰਬਾਰ ਹਟਾਵਣਾ ਤੇ ਨਾਮ ਵਲ ਜੋੜਨਾ। ਆਪ ਨਹੀਂ ਥਕਣਾ ਜੋ ਮਨ ਤਾਂ ਜੁੜਦਾ ਨਹੀਂ ਏਸੇ ਮਨ ਨੂੰ ਥਕਾਵਣਾ। ਜਿਉਂ ਕਰ ਘੋੜੇ ਨੂੰ ਕਿਸੇ ਮਸਾਲਾ ਖਵਾਉਣਾ ਹੁੰਦਾ ਹੈ ਤਾਂ ਉਹ ਖਾਂਦਾ ਨਹੀਂ। ਸੁਟ ਘਤਦਾ ਹੈ। ਪਰ ਜੇੜਾ ਖਵਾਵਣ ਵਾਲਾ ਢਿਲਾ ਭਾਉਂ ਕਰਕੇ ਉਸਦੇ ਮੂੰਹ ਵਿਚ ਹਥ ਪਾਈ ਰੱਖਦਾ ਹੈ ਤਾਂ ਘੋੜਾ ਥਕਕੇ ਮਸਾਲਾ ਖਾਂਦਾ ਹੈ। ਪਰ ਜੇ ਖਵਾਲਣ ਵਾਲਾ ਓਦਰ ਜਾਂਦਾ ਹੈ ਤੇ ਛੋਡ ਦੇਂਦਾ ਹੈ। ਤਾਂ ਘੋੜਾ ਮੁਹਿ ਵਿਚ ਰਖਿਆ ਹੋਇਆ ਮਸਾਲਾ ਭੀ ਸੁਟ ਘਤਦਾ ਹੈ। ਤੇ ਮਸਾਲਾ ਖਵਾਇ ਕੇ ਕਾਜ ਕਰਦਾ ਹੈ ਤਾਂ ਘੋੜੇ ਦਾ ਰੋਗ ਦੂਰ ਹੋ ਜਾਂਦਾ ਹੈ।[25]

ਸਾਡੇ ਜੀਵਨ ਦੀ ਹਰ ਗੱਲ ਅਮਲ ਨਾਲ ਪੱਕਦੀ ਹੈ। ਛੋਟੇ ਬੱਚੇ ਕਈ ਵਾਰ ਸੌਂਦੇ ਨਹੀਂ। ਮਾਤਾ ਵੱਲੋਂ ਉਨ੍ਹਾਂ ਨੂੰ ਥਪ-ਥਪਾ ਕੇ ਸੁਆਉਣਾ, ਧੱਕੇ ਨਾਲ ਰੋਟੀ ਭੋਰ ਕੇ ਮੂੰਹ ਵਿਚ ਪਾਉਣਾ, ਸਾਡਾ ਤੁਰਨਾ, ਲਿਖਣਾ, ਪੜਣਾ, ਬੋਲਣਾ ਅਭਿਆਸ ਕਰਕੇ ਹੀ ਹੈ। ਫ਼ਲ ਕਰਕੇ ਫ਼ੁੱਲ ਆਉਂਦੇ ਹਨ। ਦੁੱਧ ਵਿਚੋਂ ਘਿਓ ਦੀ ਪ੍ਰਾਪਤੀ ਲਈ ਤੇ ਹੀ ਦੁੱਧ ਨੂੰ ਰਿੜਕਿਆ ਜਾਂਦਾ ਹੈ। ਇਸ ਤਰ੍ਹਾਂ ਹੀ ਧਰਮ ਦੇ ਖੇਤਰ ਵਿਚ ਅੰਤਿਮ ਸੱਚ ਨੂੰ ਜਾਨਣ ਲਈ ਸਾਧਨਾ ਕੀਤੀ ਜਾਂਦੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਧਨਾ ਕਿਉਂ ਕੀਤੀ ਜਾਵੇ? ਇਸਦਾ ਜੁਆਬ ਹੈ ਕਿ ਹਰ ਧਰਮ ਗ੍ਰੰਥ ਨੇ ਮਨੁੱਖ ਦੇ ਜਨਮ ਨੂੰ ਐਵੇਂ ਹੀ ਵਾਪਰੀ ਘਟਨਾ ਨਹੀਂ ਦੱਸਿਆ। ਇਸ ਜਨਮ ਦਾ ਮਕਸਦ ਪ੍ਰਭੂ ਪ੍ਰਾਪਤੀ, ਰੱਬ ਦਾ ਆਗਿਆਕਾਰ ਬਣਨਾ ਹੈ। ਬੜੀ ਵੱਡੀ ਘਟਨਾ ਮਨੁੱਖ ਨਾਲ ਵਾਪਰੀ ਹੈ ਅਤੇ ਮਨੁੱਖ ਆਪਣੇ ਅਸਲੇ ਨਾਲੋਂ ਟੁੱਟ ਗਿਆ ਹੈ। ਇਹ ਰੱਬ ਨਾਲੋਂ, ਸਦੀਵੀਂ ਆਨੰਦ ਨਾਲੋਂ ਵਿਛੜ ਗਿਆ ਹੈ, ਇਸਦੀ ਲਿਵ ਟੁੱਟ ਗਈ ਹੈ। ਸਾਧਨਾ ਰਾਹੀਂ ਟੁੱਟੇ ਰਿਸ਼ਤੇ ਨੂੰ ਮੁਰੰਮਤ ਕਰਕੇ ਜੋੜਿਆ ਜਾਂਦਾ ਹੈ:

> ਆਦਮੀ ਨੂੰ ਕੀ ਹੋ ਗਿਆ ਹੈ? ਰਵਿਦਾਸ ਖੋ ਗਏ ਹਨ, ਕਬੀਰ ਖੋ ਗਏ ਹਨ, ਨਾਨਕ ਖੋ ਗਏ। ਆਦਮੀ ਦੇ ਇਸ ਬਗੀਚੇ ਵਿਚ ਫੁੱਲ ਖਿੜਨੇ ਬੰਦ ਹੋ ਗਏ ਹਨ! ਮਧੁਮਾਸ ਜਿਵੇਂ ਹੁਣ ਆਉਂਦਾ ਹੀ ਨਹੀਂ! ਜਿਵੇਂ ਮਨੁੱਖ ਦਾ ਹਿਰਦਾ ਇਕ ਰੇਗਿਸਤਾਨ ਹੋ ਗਿਆ ਹੈ; ਮਾਰੂਬਾਗ ਵੀ ਕੋਈ ਨਹੀਂ। ਹਰੇ ਬ੍ਰਿਛਾਂ ਦੀ ਛਾਂ ਵੀ ਨਹੀਂ ਰਹੀ। ਦੂਰ ਦੇ ਪੰਛੀ ਬਸੇਰਾ ਕਰਨ, ਅਜਿਹੇ ਬ੍ਰਿਛ ਵੀ ਨਾ ਰਹੇ। ਅਕਾਸ਼ ਨੂੰ ਦੇਖਣ ਵਾਲੀਆਂ ਅੱਖਾਂ ਵੀ ਨਹੀਂ। ਅਨਾਹਤ ਨੂੰ ਸੁਣਨ ਵਾਲੇ ਕੰਨ ਵੀ ਨਹੀਂ। ਮਨੁੱਖ ਨੂੰ ਕੀ ਹੋ ਗਿਆ ਹੈ?[26]

ਗੁਰਬਾਣੀ ਇਸ ਹਾਲਤ ਨੂੰ ਕਦੇ ਘਾਟੇ ਦੇ ਨਾਂ ਨਾਲ, ਕਦੇ ਵਿਛੋੜੇ ਦੇ ਨਾਂ ਨਾਲ, ਕਦੇ ਦੁੱਖ ਦੇ ਨਾਂ ਨਾਲ ਬਿਆਨ ਕਰਦੀ ਹੈ। ਮਨੁੱਖ ਰੱਬ ਦਾ ਜਵਾਬਦੇਹ ਹੈ। ਇਸਦੇ ਜੀਵਨ ਦਾ ਮੰਤਵ ਬੰਦਗੀ ਹੈ। ਇਹ ਕੋਈ ਇਕ ਦਿਨ ਦਾ ਕੰਮ ਨਹੀਂ। ਇਸ ਵਿਚ ਸਾਰੀ ਉਮਰ ਲੱਗੇ ਤਾਂ ਜਾ ਕੇ ਕੁਝ ਪ੍ਰਾਪਤੀ ਦੀ ਆਸ ਹੁੰਦੀ ਹੈ। ਕਈਆਂ ਨੂੰ ਤਾਂ ਸਾਰੀ ਉਮਰ ਭੋਗਣ ਤੋਂ ਬਾਅਦ ਵੀ ਇਸ ਸੱਚ ਦੀ ਸਮਝ ਨਹੀਂ ਆਉਂਦੀ:

> ਇਕ ਦੁਰਘਟਨਾ ਵਾਪਰੀ ਹੈ ਅਤੇ ਉਸ ਦੁਰਘਟਨਾ ਦੇ ਪ੍ਰਤੀ ਸੁਚੇਤ ਹੋ ਜਾਣਾ ਜ਼ਰੂਰੀ ਹੈ, ਨਹੀਂ ਤਾਂ ਆਪਣੀ ਖੋਜ ਨਹੀਂ ਹੋ ਸਕੇਗੀ ਅਤੇ ਜਿਸਨੇ ਆਪਣੇ ਆਪ ਨੂੰ ਨਹੀਂ ਜਾਣਿਆ ਉਸਨੇ ਕੁਝ ਵੀ ਨਹੀਂ ਜਾਣਿਆ। ਉਹ ਜੀਵਿਆ ਵੀ ਅਤੇ ਨਹੀਂ ਵੀ ਜੀਵਿਆ। ਉਹ ਜੀਵਿਆ ਨਹੀਂ, ਬਸ ਮਰਿਆ ਹੀ। ਉਸਦੇ

---

[25] ਤਰਲੋਚਨ ਸਿੰਘ ਬੇਦੀ, *ਸਿੱਖਾਂ ਦੀ ਭਗਤਮਾਲਾ,* ਪੰਨਾ-66.

[26] ਰਜਨੀਸ਼ ਓਸ਼ੋ, *ਮਨ ਹੀ ਪੂਜਾ ਮਨ ਹੀ ਧੂਪ,* ਪੰਨਾ-196.

> ਜਨਮ ਅਤੇ ਮੌਤ ਦੇ ਦਰਮਿਆਨ ਕੁਝ ਵੀ ਨਾ ਵਾਪਰਿਆ। ਜੇਕਰ ਜਨਮ ਤੇ ਮੌਤ ਦੇ ਦਰਮਿਆਨ ਪਰਮਾਤਮਾ ਨਾ ਵਾਪਰੇ ਤਾਂ ਜਾਣਨਾ ਕਿ ਕੁਝ ਵੀ ਨਹੀਂ ਵਾਪਰਿਆ, ਖ਼ਾਲੀ ਆਏ ਖ਼ਾਲੀ ਗਏ। ਸ਼ਾਇਦ ਕੁਝ ਗੁਆ ਕੇ ਗਏ, ਕਮਾ ਕੇ ਨਹੀਂ।[27]

ਗੁਰਬਾਣੀ ਦੱਸਦੀ ਹੈ ਕਿ ਤੇਰੇ ਤਨ ਵਿਚ ਮਨ ਹੈ ਅਤੇ ਮਨ ਵਿਚ ਸੱਚਾ ਪ੍ਰਭੂ ਵਾਸਾ ਕਰਦਾ ਹੈ।[28] ਤਨ ਦੇ ਯਤਨਾਂ ਰਾਹੀਂ ਹੀ ਗੁੱਝਾ ਰਤਨ ਪ੍ਰਗਟ ਹੋਵੇਗਾ, "ਸੱਚ ਦੀ ਸਾਧਨਾ ਲਈ ਚਿੱਤ ਦੀ ਜ਼ਮੀਨ ਉਵੇਂ ਹੀ ਤਿਆਰ ਕਰਨੀ ਪੈਂਦੀ ਹੈ ਜਿਵੇਂ ਫੁੱਲਾਂ ਨੂੰ ਬੀਜਣ ਲਈ ਪਹਿਲਾਂ ਜ਼ਮੀਨ ਤਿਆਰ ਕੀਤੀ ਜਾਂਦੀ ਹੈ।[29]" ਸਾਧਕਾਂ ਨੇ ਸਾਧਨਾ ਦੀਆਂ ਕਈ ਪਰਤਾਂ ਹੋਂਦ ਵਿਚ ਲਿਆਂਦੀਆਂ ਹਨ। ਇਹ ਪਰਤਾਂ ਹੀ ਮਾਰਗ ਕਹਾਏ ਜਿਵੇਂ ਗਿਆਨ ਮਾਰਗ, ਯੋਗ ਮਾਰਗ, ਕਰਮ ਮਾਰਗ ਅਤੇ ਭਗਤੀ ਮਾਰਗ।

> ਕਦੇ ਗਿਆਨ ਦੀ ਪ੍ਰਧਾਨਤਾ ਮੰਨੀ ਜਾਂਦੀ ਰਹੀ ਹੈ, ਕਦੇ ਕਰਮ ਨੂੰ ਪ੍ਰਮੁੱਖਤਾ ਮਿਲੀ ਹੈ, ਕਦੇ ਯੋਗ ਨੇ ਆਪਣੀ ਧਾਕ ਜਮਾਈ ਹੈ, ਕਦੇ ਰਸ ਅੰਮ੍ਰਿਤ ਨੇ ਜਿਗਿਆਸੂਆਂ ਦਾ ਚਿੱਤ ਸ਼ਾਂਤ ਕੀਤਾ ਹੈ। ਇਨ੍ਹਾਂ ਮਾਰਗਾਂ ਦੇ ਅਨੁਯਾਈਆਂ ਵਿਚ ਕਦੇ-ਕਦੇ ਟਕਰਾਓ ਵੀ ਹੁੰਦਾ ਰਿਹਾ ਹੈ। ਪਰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਨ੍ਹਾਂ ਮਾਰਗਾਂ ਵਿਚ ਪਰਸਪਰ ਸੰਤੁਲਨ ਬਣਾਈ ਰੱਖਣ ਲਈ ਮਹੱਤਵਪੂਰਨ ਯੋਗਦਾਨ ਪਾਉਂਦੇ ਹੋਏ ਮਾਨਵ ਉਪਯੋਗੀ ਅਤੇ ਪਰਸਥਿਤੀ ਅਨੁਰੂਪ ਮਾਰਗ ਨਿਰਦੇਸ਼ ਕੀਤਾ ਹੈ।[30]

ਕਬੀਰ ਜੀ ਦੱਸਦੇ ਹਨ ਕਿ ਬਾਰ੍ਹਾਂ ਸਾਲ ਬਚਪਨ ਦੇ ਬੀਤ ਗਏ, ਵੀਹ ਸਾਲ ਤੱਕ ਕੋਈ ਸਾਧਨਾ ਨਹੀਂ ਕੀਤੀ। ਤੀਹ ਸਾਲ ਤੱਕ ਕੁਝ ਨਹੀਂ ਕੀਤਾ, ਬਜ਼ੁਰਗ ਹੋ ਕੇ ਪਛਤਾਣਾ ਪਵੇਗਾ।[31] ਭਗਤ ਰਵਿਦਾਸ ਜੀ ਅਨੁਸਾਰ ਸਾਧਨਾ ਦਾ ਮੰਤਵ ਅੰਤਿਮ ਸੱਚ ਨੂੰ ਜਾਣ ਲੈਣਾ ਹੁੰਦਾ ਹੈ।[32] ਸਾਰੀਆਂ ਸਾਧਨਾਵਾਂ ਗਿਆਨ ਦੀ ਪ੍ਰਾਪਤੀ ਲਈ ਹਨ। ਗੁਰਮਤਿ ਦੇ ਪਾਂਧੀ ਨੇ ਜਿਥੇ ਪਹੁੰਚਣਾ ਹੈ, ਉਹ ਮਾਰਗ ਵੱਡਾ ਜਾਂ ਖੁਲ੍ਹਾ ਨਹੀਂ ਹੈ, ਉਹ ਭੀੜਾ ਹੈ।[33] ਖੰਡੇ ਦੀ ਧਾਰ ਵਾਂਗ ਤਿੱਖਾ ਹੈ।[34] ਭਗਤ ਕਬੀਰ ਜੀ ਨੇ ਉਸ ਮਾਰਗ ਨੂੰ ਸੌਕਲਾ ਕਿਹਾ ਹੈ ਅਤੇ ਰਾਂਈ ਦੇ ਦਾਣੇ ਦਾ ਦਸਵਾ ਹਿੱਸਾ ਦੱਸਿਆ ਹੈ।[35] ਅਜਿਹੀ ਥਾਂ 'ਤੇ ਪਹੁੰਚਣ ਲਈ ਸਾਧਕ ਨੂੰ ਖੁਰਨਾ ਪਵੇਗਾ, ਬਰੀਕ ਮਹੀਨ ਹੋਣਾ ਪਵੇਗਾ, ਸਥੂਲ ਤੋਂ ਸੂਖਮ ਹੋਣਾ ਪਵੇਗਾ। ਇਸ ਲਈ ਉਸਨੂੰ ਸਾਧਨਾ ਕਰਨੀ ਪਵੇਗੀ। ਉਸ ਅੰਦਰ ਹਉਮੈਂ ਦੇ ਗੁਬਾਰਾਂ ਦੇ ਗੁਬਾਰ ਹਨ। ਇਨ੍ਹਾਂ ਨੂੰ ਦੂਰ ਕਰਨ ਬਗੈਰ ਲਕਸ਼ ਦੀ ਪ੍ਰਾਪਤੀ ਨਹੀਂ ਹੋਣੀ। ਪਾਣੀ ਦੀ ਬੂੰਦ ਸਮੁੰਦਰ ਤੋਂ ਅਲਹਿਦਾ ਹੋਈ ਹੈ। ਇਸਨੇ ਸਮੁੰਦਰ ਵਿਚ ਮਿਲ ਕੇ ਇਕਮਿਕ ਹੋਣਾ ਹੈ। ਇਸ ਲਈ ਨਿਰੰਤਰ ਅਭਿਆਸ ਦੀ ਲੋੜ ਹੈ।

---

27 ਓਸ਼ੋ, *ਉਹੀ,* ਪੰਨਾ-197.

28 *ਤਨ ਮਹਿ ਮਨੂਆ ਮਨ ਮਹਿ ਸਾਚਾ॥ ਸੋ ਸਾਚਾ ਮਿਲਿ ਸਾਚੇ ਰਾਚਾ॥* ਰਾਗ ਧਨਾਸਰੀ ਮ:੧, 686.

29 ਓਸ਼ੋ, *ਸਾਧਨਾ ਪਥ*, ਪੰਨਾ- 9.

30 ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ*, ਪੰਨਾ-13.

31 *ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ॥ ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ॥* ਰਾਗ ਆਸਾ, ਕਬੀਰ, 479.

32 *ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥ ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ ॥3॥ ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ॥* ਭੈਰਉ ਰਵਿਦਾਸ, 1167.

33 *ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥* ਰਾਗ ਆਸਾ ਮ: ੧, 470.

34 *ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥* ਰਾਗ ਮਾਰੂ ਮ: ੧, 1028.

35 *ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥* ਸਲੋਕ, ਭਗਤ ਕਬੀਰ ਜੀ, 1367.

**ਫੋਕਟ ਸਾਧਨਾਵਾਂ ਦਾ ਖੰਡਨ**

ਖੰਡਨ ਪੱਖ ਦਾ ਜ਼ਿਕਰ ਇਸ ਲਈ ਪਹਿਲਾ ਕੀਤਾ ਜਾ ਰਿਹਾ ਹੈ ਤਾਂ ਕਿ ਸਾਧਕ ਨੂੰ ਇਹ ਪਹਿਲਾ ਹੀ ਪਤਾ ਹੋਵੇ ਕਿ ਉਸਦੀ ਮੰਜ਼ਿਲ ਕੀ ਹੈ? ਕਿਤੇ ਉਹ ਗੁੰਮਰਾਹ ਨਾ ਹੋ ਜਾਵੇ। ਗੁਰਮਤਿ ਨੇ ਉਨ੍ਹਾਂ ਸਾਧਨਾਵਾਂ ਦਾ ਖੰਡਨ ਕੀਤਾ ਹੈ ਜੋ ਕੇਵਲ ਤਨ ਤੱਕ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ ਵਿਚ ਮਨ ਦੀ ਸ਼ਮੂਲੀਅਤ ਨਹੀਂ ਹੈ। ਇਨ੍ਹਾਂ ਨੂੰ ਕਠਿਨ ਸਾਧਨਾਵਾਂ ਅਤੇ ਫੋਕਟ ਕਰਮ ਵੀ ਕਿਹਾ ਹੈ। ਗੁਰਬਾਣੀ ਵਿੱਚ ਅਨੇਕ ਕਸ਼ਟਦਾਇਕ ਸਾਧਨਾਵਾਂ ਦਾ ਜ਼ਿਕਰ ਵੀ ਹੈ ਅਤੇ ਵਿਸ਼ਲੇਸ਼ਣ ਵੀ। ਪਾਖੰਹ ਕਿਵੇਂ ਪੈਦਾ ਹੁੰਦਾ ਹੈ? ਗੁਰਬਾਣੀ ਦੱਸਦੀ ਹੈ ਕਿ ਸਾਧਨਾ ਵਿੱਚ ਖੜੋਤ ਆ ਗਈ ਹੈ। ਸਾਧਕ ਦਾ ਅਭਿਆਸ ਚਲਦਾ-ਚਲਦਾ ਇੱਕ ਥਾਂ ਤੇ ਰੁੱਕ ਗਿਆ ਹੈ ਅਤੇ ਇਸ ਰੁੱਕੇ ਹੋਏ ਅਭਿਆਸ ਵਿੱਚੋਂ ਅਨੇਕ ਭਰਮ-ਭੁਲੇਖੇ ਉਤਪੰਨ ਹੋਏ ਹਨ ਜੋ ਨਾ ਕੇਵਲ ਸਾਧਨਾ ਕਰਨ ਵਾਲੇ ਲਈ ਸਗੋਂ ਉਸ ਦੇ ਅਨੁਯਾਈਆਂ ਲਈ ਵੀ ਗਹਿਰੀ ਮੁਸੀਬਤ ਤੋਂ ਘੱਟ ਨਹੀਂ ਹਨ। ਇਹ ਇਸ ਤਰ੍ਹਾਂ ਹੈ ਜਿਵੇਂ ਇੱਕ ਨਦੀ ਸਮੁੰਦਰ ਨਾਲ ਮਿਲਾਪ ਦੀ ਆਸ ਨਾਲ ਸਮੁੰਦਰ ਵੱਲ ਨੂੰ ਤਾਂ ਤੁਰੀ ਹੋਵੇ ਪਰ ਰਸਤੇ ਵਿੱਚ ਕਿਸੇ ਵੱਡੇ ਪਹਾੜ ਨੇ ਉਸ ਦਾ ਰਾਹ ਰੋਕ ਲਿਆ ਹੋਵੇ। ਉਸ ਨਦੀ ਦਾ ਪਾਣੀ, ਇੱਕ ਥਾਂ ਇਕੱਠਾ ਹੋ ਕੇ ਸੜਾਂਦ ਪੈਦਾ ਕਰ ਦੇਵੇ ਅਤੇ ਪਾਣੀ ਵਿਚਲੇ ਜੀਵ ਕੁਰਬਲ-ਕੁਰਬਲ ਕਰਕੇ ਮਰਨ ਲੱਗ ਪੈਣ। ਹੁਣ ਜੋ ਵੀ ਉਸ ਨਦੀ ਦੀ ਆਸ ਰੱਖਕੇ ਆਉਂਦਾ ਹੈ। ਉਹ ਪਿਆਸਾ ਰਹਿ ਜਾਂਦਾ ਹੈ ਅਤੇ ਜੋ ਪਾਣੀ ਪੀਂਦਾ ਹੈ ਉਹ ਬਿਮਾਰ ਹੋ ਜਾਂਦਾ ਹੈ। ਹੁਣ ਜੇਕਰ ਕੋਈ ਹਿੰਮਤੀ ਪੁਰਸ਼ ਉਸ ਪਹਾੜ ਨੂੰ ਕੱਟਕੇ ਨਦੀ ਨੂੰ ਅੱਗੇ ਲੰਘਾ ਦੇਵੇ ਤਾਂ ਜਿਥੇ ਇਹ ਨਦੀਂ ਸਮੁੰਦਰ ਵਿੱਚ ਮਿਲਕੇ ਆਪਣੇ ਲਕਸ਼ ਨੂੰ ਪੁੱਜਦੀ ਹੈ। ਉਥੇ ਇਸ ਦੀ ਆਸ ਵਿੱਚ ਵਿਆਕੁਲ ਪ੍ਰਾਣੀ ਵੀ ਤ੍ਰਿਪਤ ਹੁੰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸਾਧਨਾ ਰੂਪੀ ਨਦੀ ਦੇ ਰਾਹ ਵਿਚ ਖੜੀਆਂ ਭਰਮ ਦੀਆਂ ਰੁਕਾਵਟਾਂ ਨੂੰ ਦੂਰ ਕੀਤਾ। ਉਸ ਸਾਧਨਾ ਦਾ ਖੰਡਨ ਕੀਤਾ ਹੈ ਜੋ ਰੁੱਕ ਚੁੱਕੀ ਹੈ ਅਤੇ ਉਹ ਹੋਰ ਸਾਧਕਾਂ ਲਈ ਉਲਝਣ ਬਣੀ ਹੋਈ ਹੈ:

> ਭਗਤੀ ਕਿਸੇ ਭੇਸ ਜਾਂ ਵੇਸ ਦਾ ਦਾ ਨਾਮ ਨਹੀਂ ਹੈ। ਜਿਸ ਸਾਧਨਾ ਵਿਚ ਭਰਮ ਦੀ ਭੋਰੀ ਨਹੀਂ; ਉਹ ਭਗਤੀ ਹੈ। ਭਾਵੇਂ ਕੋਈ ਜੋਗੀ, ਸੰਨਿਆਸੀ, ਬ੍ਰਹਮਚਾਰੀ, ਦਿਗੰਬਰ, ਜਤੀ, ਪੰਡਿਤ, ਬੁਧ ਮਾਰਗੀ ਹੈ, ਭਰਮ ਦੀ ਕਨੀ ਨੇ ਸਭ ਨੂੰ ਸਾੜਿਆ ਹੋਇਆ ਹੈ। ਭਰਮ-ਭੇਦ ਨੂੰ ਤਿਆਗ ਕੇ ਸਾਰਿਆਂ ਵਿਚ ਪਰਮ ਜੋਤਿ ਦਾ ਸਰੂਪ ਵੇਖ ਕੇ ਸੇਵਾ ਕਰਨੀ, ਮਨ ਨੂੰ ਲੱਗੀ ਹੋਈ ਹਉਮੈਂ ਦੀ ਮੈਲ ਉਤਾਰ ਕੇ ਲਿਵ ਲਾਉਣੀ ਇਹ ਸੱਚੀ ਭਗਤੀ ਹੈ।[36]

ਕਬੀਰ ਜੀ ਨੇ ਕਿਹਾ ਕਿ ਬਹੁਤਿਆਂ ਨੂੰ ਪਤਾ ਹੀ ਨਹੀਂ ਕਿ ਬੈਕੁੰਠ ਕਿਥੇ ਹੈ। ਉਹ ਸੁਣ-ਸੁਣਕੇ ਹੀ ਕਹੀ ਜਾਂਦੇ ਹਨ ਕਿ ਬੈਕੁੰਠ ਓਥੇ ਹੈ, ਬੈਕੁੰਠ ਓਥੇ ਹੈ।[37] ਮਨ ਮਾਰਨ ਲਈ ਸਾਧਕ ਵਣ ਵਿਚ ਜਾਂਦਾ ਹੈ ਪਰ ਉਸਦੀ ਤ੍ਰਿਪਤੀ ਨਹੀਂ ਹੁੰਦੀ।[38] ਵਸਤਰ ਉਤਾਰ ਕੇ ਦਿਗੰਬਰ ਨਹੀਂ ਬਣਿਆ ਜਾਣਾ। ਜਟਾਧਾਰੀ ਹੋ ਕੇ ਜੋਗ ਨਹੀਂ ਹੋਣਾ।[39] ਗੁਰੂ ਸਾਹਿਬ ਪਰੰਪਰਾਗਤ ਮਾਰਗ ਦੀ ਗੱਲ ਵੀ ਕਰਦੇ ਹਨ ਅਤੇ ਸਹੀ ਰੂਪ ਵਿੱਚ

---

36 ਹਰਬੰਸ ਸਿੰਘ, "ਗੁਰਮਤਿ ਭਗਤੀ", *ਸਿੱਖ ਧਰਮ ਚਿੰਤਨ ਵਿਚ ਭਗਤੀ,* ਬਲਕਾਰ ਸਿੰਘ (ਡਾ.), (ਸੰਪਾ.), ਪੰਨਾ- 4.

37 *ਨਾ ਜਾਨਾ ਬੈਕੁੰਠ ਕਹਾ ਹੀ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥* ਰਹਾਉ॥ ਰਾਗ ਗਉੜੀ, ਕਬੀਰ ਜੀ, 325

38 *ਮਨ ਮਾਰਣ ਕਾਰਣਿ ਬਨ ਜਾਈਐ॥ ਸੋ ਜਲੁ ਬਿਨੁ ਭਗਵੰਤ ਨ ਪਾਈਐ॥* ਰਾਗ ਗਉੜੀ, ਕਬੀਰ ਜੀ, 323.

39 *ਬਸਤ੍ਰ ਉਤਾਰਿ ਦਿਗੰਬਰੁ ਹੋਗੁ॥ ਜਟਾਧਾਰਿ ਕਿਆ ਕਮਾਵੈ ਜੋਗੁ॥ ਮਨੁ ਨਿਰਮਲੁ ਨਹੀ ਦਸਵੈ ਦੁਆਰ॥ ਭ੍ਰਮਿ ਭ੍ਰਮਿ ਆਵੈ ਮੂੜਾ ਵਾਰੋ ਵਾਰ॥* ਰਾਗ ਬਸੰਤ ਮ: ੩, 1169.

ਸਾਧਨਾ ਕਿਵੇਂ ਕੀਤੀ ਜਾਵੇ ਦਾ ਉਪਦੇਸ਼ ਵੀ ਦਿੰਦੇ ਹਨ। ਹੁਣ ਮਨੁੱਖ ਸਰੀਰ ਨੂੰ ਤਾਂ ਸਾਧਨਾ ਰਾਹੀਂ ਸਾਧ ਲੈਂਦੇ ਹਨ ਭਾਵ ਇੱਕ ਚੌਕੜੇ ਉਪਰ ਘੰਟਿਆਂ ਬੱਧੀ ਬੈਠੇ ਰਹਿੰਦੇ ਹਨ, ਨੀਂਦ ਘਟਾ ਲੈਂਦੇ ਹਨ ਅਤੇ ਇਸ਼ਨਾਨ ਆਦਿਕ ਕਰਮ ਵਧੇਰੇ ਕਰਨ ਲੱਗ ਪੈਂਦੇ ਹਨ ਪਰ ਇਹ ਸਾਰੇ ਕਰਮ ਸਰੀਰ ਤੱਕ ਰਹਿ ਜਾਂਦੇ ਹਨ ਪਰ ਅੰਦਰੂਨੀ ਬਿਮਾਰੀਆਂ ਜਿੰਨਾਂ ਚੋਂ ਪ੍ਰਸਿੱਧ ਹਉਮੈ ਹੈ ਉਸਦਾ ਨਾਸ ਨਹੀਂ ਹੁੰਦਾ। ਸਿੱਟੇ ਵਜੋਂ ਸਾਧਕ ਵਿਚ ਨਿਮਰਤਾ, ਹਲੀਮੀ, ਮਾਫ਼ ਕਰਨ ਦੀ ਸਮਰੱਥਾ, ਮਿੱਠਾ ਬੋਲਣਾ ਵਰਗੇ ਗੁਣ ਸ਼ਾਮਿਲ ਹੋਣ ਦੀ ਥਾਂ ਹੰਕਾਰ, ਅਭਿਮਾਨ, ਮੈਂ ਕੀਤਾ, ਮੈਂ ਕਰ ਸਕਦਾ ਅਤੇ ਮੈਂ ਹੀ ਸਮਰੱਥ ਹਾਂ ਵਰਗੇ ਘਾਤਕ ਔਗੁਣ ਪੈਦਾ ਕਰ ਹੁੰਦੇ ਹਨ। ਸਾਧਕ ਤਨ ਦੇ ਅਭਿਮਾਨ ਨਾਲ ਆਪ ਹੁਦਰਾ ਹੋ ਜਾਂਦਾ ਹੈ। ਕੇਵਲ ਸਰੀਰਕ ਕਰਮਾਂ ਨਾਲ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸਭਨਾਂ ਵਿੱਚ ਪ੍ਰਭੂ ਹੈ। ਉਸਦੀ ਪ੍ਰਾਪਤੀ ਲਈ ਕਈਆਂ ਨੇ ਯੋਗ ਸਾਧਨਾ ਸ਼ੁਰੂ ਕੀਤੀ, ਕਈ ਭੋਗ ਵਿਲਾਸ ਵਿਚ ਲੱਗੇ ਹਨ, ਕਈ ਗਿਆਨ ਦੀ ਗੱਲ ਕਰਦੇ ਹਨ, ਕਈ ਸਮਾਧੀਆਂ ਲਾਉਂਦੇ ਹਨ, ਕਈ ਡੰਡਾਧਾਰੀ ਬਣੇ ਹੋਏ ਹਨ। ਕਈ ਜਪ, ਕਈ ਤਪ, ਕਈ ਪੂਜਾ, ਕਈ ਹੋਮ ਜੱਗ ਅਤੇ ਕਈ ਧਰਤੀ ਤੇ ਫਿਰਦੇ ਹਨ। ਕੋਈ ਕਿਸੇ ਨਦੀ ਕਿਨਾਰੇ ਬੈਠਾ ਹੈ। ਕੋਈ ਤੀਰਥ ਇਸ਼ਨਾਨ ਨੂੰ ਪ੍ਰਾਥਮਿਕਤਾ ਦਿੰਦਾ ਹੈ। ਕੋਈ ਵੇਦ ਦੀ ਵਿਚਾਰ ਵਿੱਚ ਰੁੱਝਿਆ ਹੋਇਆ ਹੈ ਪਰ ਪਰਮਾਤਮਾ ਭਗਤੀ ਨੂੰ ਪਿਆਰ ਕਰਦਾ ਹੈ।[40] ਇਥੋਂ ਏਨਾ ਕੁ ਸਾਫ਼ ਹੋ ਜਾਂਦਾ ਹੈ ਕਿ ਉਹ ਕਰਮ ਜਿੰਨਾ ਵਿਚ ਮਨ ਦੀ ਸ਼ਮੂਲੀਅਤ ਨਹੀਂ ਹੈ ਉਨ੍ਹਾਂ ਦਾ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਮੈਂ ਜਿਧਰ ਵੇਖਦਾ ਹਾਂ ਉਧਰ ਹੀ (ਮਨਮੁਖ) ਜੀਵ ਮਾਇਆ ਵਿਚ ਮਸਤ ਹੋ ਰਹੇ ਹਨ, (ਹਰ ਪਾਸੇ) ਮਾਇਆ ਤੇ ਜੀਵਾਂ ਦਾ ਗਠਜੋੜ ਬਣਿਆ ਪਿਆ ਹੈ, ਮਨਮੁਖਾਂ ਦਾ ਸਰੀਰ ਮਾਇਆ ਦੇ ਤਿੰਨ ਗੁਣਾਂ ਵਿੱਚ ਹੀ ਬੱਝਾ ਹੋਇਆ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਜਿਹੜਾ ਵੀ ਜੀਵ ਜਗਤ ਵਿੱਚ ਆਇਆ ਉਹ ਇਹੀ ਖੇਡ ਖੇਡਦਾ ਰਿਹਾ। ਮਾਇਆ ਤੋਂ ਰਹਿਤ ਹੋਣਾ ਹੀ ਭਗਤੀ ਹੈ।[41] ਉਹ ਅਮਲ ਅਪ੍ਰਵਾਨਿਤ ਹੈ ਜਿਸ ਵਿਚ ਵਿਸ਼ੇ ਵਿਕਾਰ ਭਾਰੂ ਹੋਣ। ਜਪ, ਤਪ, ਸੰਜਮ, ਕਰਮ, ਵਰਤ ਕੇਵਲ ਸਰੀਰ ਤੱਕ ਰਹਿ ਗਏ ਹਨ ਅਤੇ ਇਨ੍ਹਾਂ ਸਾਰੇ ਕਰਮ ਕਿਸੇ ਕੰਮ ਨਹੀਂ ਆਉਂਣੇ। ਕੁਝ ਸਾਧਕ ਤਾਂ ਆਪਣਾ ਖਾਣਾ ਆਪ ਬਣਾਉਂਦੇ ਹਨ, ਕਿਸੇ ਨੂੰ ਛੂਹਣ ਨਹੀਂ ਦਿੰਦੇ ਅਤੇ ਇਕੱਲੇ ਰਹਿੰਦੇ ਹਨ। ਇਨ੍ਹਾਂ ਸਾਰੇ ਕਰਮ ਕਰਨ ਵਾਲਿਆਂ ਨਾਲੋਂ ਤਾਂ ਨੀਵੀਂ ਜਾਤੀ ਚੰਗੀ ਹੈ ਜੇਕਰ ਕਿਸੇ ਦੇ ਮਨ ਵਿਚ ਰਾਮ ਵਸ ਜਾਵੇ।[42] ਚਲਾਕੀਆਂ ਅਤੇ ਚਤੁਰਾਈਆਂ ਵੀ ਪ੍ਰਭੂ ਨੂੰ ਪ੍ਰਵਾਨ ਨਹੀਂ ਹਨ ਕਿਉਂ ਕਿ ਇਨ੍ਹਾਂ ਚੋਂ ਇੱਕ ਵੀ ਨਾਲ ਨਹੀਂ ਜਾਂਦੀ।[43] ਸਾਧਕਾਂ ਨੇ ਤਨ ਰਾਹੀਂ ਅਮਲ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਕੀ-ਕੀ ਤਜਰਬੇ ਕਰਕੇ ਨਹੀਂ ਵੇਖੇ। ਸਰੀਰ ਤੱਕ ਕਟਵਾ ਲਏ, ਵਰਤ ਰੱਖੇ, ਪਰ ਕੁਝ ਪ੍ਰਾਪਤੀ ਨਾ ਹੋਈ। ਸਾਧਕ ਕੇਵਲ ਤਨ ਨੂੰ ਦੇਖਦਾ ਹੈ। ਤਨ ਨੂੰ ਹੀ ਦੁੱਖ ਦਿੰਦਾ ਹੈ, ਸਭ ਕਾਸੇ ਲਈ ਤਨ ਨੂੰ ਹੀ ਜ਼ਿੰਮੇਵਾਰ ਸਮਝਦਾ ਹੈ। ਉਸ ਅੰਦਰ ਇੱਕ

---

40 *ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ॥ ਕਾਹੂ ਹੋ ਡੰਡ ਧਰਿਹੋ॥ ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ॥ ਕਾਹੂ ਹੋ ਗਉਨੁ ਕਰਿ ਹੋ॥ ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ॥ ਨਾਨਕਾ ਭਗਤਿ ਪ੍ਰਿਅ ਹੋ॥* ਰਾਗ ਗਉੜੀ ਮਹਲਾ: ੫, 213.

41 *ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੇ ਰਿਦੈ ਸਿੰਚਾ॥* ਰਾਗ ਧਨਾਸਰੀ ਮ: ੫, 687.

42 *ਉਆ ਤੇ ਊਤਮੁ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥* ਰਾਗ ਗਉੜੀ ਮ: ੫, 253.

43 *ਸਹਸ ਭਾਤਿ ਕਰਹਿ ਚਤੁਰਾਈ॥ ਸੰਗਿ ਤੁਹਾਰੈ ਏਕ ਨ ਜਾਈ॥* ਰਾਗ ਗਉੜੀ ਮ: ੫, 260.

ਭਟਕਣ ਜਿਹੀ ਲੱਗੀ ਰਹਿੰਦੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਤਨ ਵਿਚ ਮਨ ਨੂੰ ਕੋਈ ਗੁਰਮੁਖ ਹੀ ਦੇਖਦੇ ਹਨ।[44] ਇਸ ਦੇਹੀ ਨਾਲ ਬਹੁਤ ਸਾਧਕ ਸਾਧਨਾ ਕਰਦੇ ਹਨ ਪਰ ਬਿਮਾਰੀ ਤਨ ਨੂੰ ਨਹੀਂ ਮਨ ਨੂੰ ਹੈ। ਜੇਕਰ ਸਾਧਕ ਦੀ ਸਾਧਨਾ ਮਨ ਤੱਕ ਜਾਵੇ ਤਾਂ ਹੀ ਇਸ ਦੀ ਉੱਨਤੀ ਹੋਵੇਗੀ। ਭਲਾ ਜਲ ਨਾਲ ਇਹ ਹਿਰਦਾ ਕਿੱਥੇ ਸੁੱਧ ਹੋਣ ਲੱਗਾ ਹੈ।[45] ਫੇਰ ਕੁਝ ਅਜਿਹੇ ਵੀ ਸਾਧਕ ਹਨ ਜੋ ਹੋਰਾਂ ਨੂੰ ਉਪਦੇਸ਼ ਦਿੰਦੇ ਹਨ ਪਰ ਆਪ ਕੋਈ ਗੱਲ ਧਾਰਨ ਨਹੀਂ ਕਰਦੇ। ਅਜਿਹੇ ਸਾਧਕਾਂ ਦਾ ਖੰਡਨ ਕੀਤਾ ਹੈ। ਉਹ ਜਨਮ ਮਰਨ ਦੇ ਚੱਕਰ ਵਿੱਚ ਪਏ ਰਹਿੰਦੇ ਹਨ।[46] ਤੀਰਥ ਰਟਨ ਨਾਲ ਦੁਨੀਆਂਦਾਰੀ ਵਿੱਚ ਤਾਂ ਵਾਹ-ਵਾਹ ਬਥੇਰੀ ਹੋ ਜਾਂਦੀ ਹੈ ਪਰ ਮਾਲਕ ਦੀ ਖੁਸ਼ੀ ਨਹੀਂ ਮਿਲਦੀ।[47] ਇਹ ਸਾਰੇ ਕਰਮ ਜਿਥੇ ਬੁੱਧੀ ਨੂੰ ਅਹੰਕਾਰਮਈ ਬਣਾਉਂਦੇ ਹਨ ਉਥੇ ਸਾਧਕ ਦਾ ਸੁਭਾਅ ਗੁਸੈਲਾ ਹੋ ਜਾਂਦਾ ਹੈ ਅਤੇ ਮਨ ਸੜਦਾ ਰਹਿੰਦਾ ਹੈ।[48] ਗੁਰੂ ਰਾਮਦਾਸ ਜੀ ਅਨੁਸਾਰ ਅਨੇਕ ਤਰ੍ਹਾਂ ਨਾਲ ਅਨੇਕਾਂ ਸਾਧਕਾਂ ਨੇ ਅਨੇਕਾਂ ਹੀ ਸਾਧਨਾਵਾਂ ਧਾਰਨ ਕੀਤੀਆਂ।[49] ਇਸ਼ਨਾਨ ਤਾਂ ਬਾਹਰੀ ਹੁੰਦਾ ਹੈ ਉਸ ਨਾਲ ਵਿਕਾਰਾਂ ਨੂੰ ਕੀ ਹੈ? ਉਹ ਤਾਂ ਪ੍ਰਫੁੱਲਿਤ ਹੋ ਹੀ ਰਹੇ ਹਨ।[50] ਅਜਿਹੇ ਕਪਟੀ ਸਾਧਕਾਂ ਨੂੰ ਨਾਮਦੇਵ ਜੀ ਨੇ ਸੱਪ ਵਾਂਗ ਦੱਸਿਆ ਹੈ ਜਿਵੇਂ ਸੱਪ ਨੇ ਕੁੰਜ ਤਾਂ ਛੱਡ ਦਿੱਤੀ ਪਰ ਮਾਰਨ ਵਾਲਾ ਜ਼ਹਿਰ ਨਹੀਂ ਛੱਡਿਆ। ਅਜਿਹੇ ਸਾਧਕਾਂ ਦਾ ਧਿਆਨ ਪਾਣੀ ਵਿੱਚ ਖੜੇ ਬਗਲੇ ਵਾਂਗ ਹੁੰਦਾ ਹੈ ਜੋ ਕੇਵਲ ਡੱਡੀਆਂ ਹੀ ਤੱਕਦਾ ਹੈ। ਨਾਮਦੇਵ ਜੀ ਕਹਿੰਦੇ ਹਨ ਕਿ ਅਜਿਹਾ ਧਿਆਨ ਧਾਰਨ ਦੀ ਅਤੇ ਜਾਪ ਕਰਨ ਦੀ ਕੀ ਲੋੜ ਹੈ ਜੇਕਰ ਸਾਡਾ ਮਨ ਹੀ ਸ਼ੁੱਧ ਨਹੀਂ।[51] ਕਬੀਰ ਜੀ ਨੇ ਅਜਿਹੇ ਸਾਧਕਾਂ ਨੂੰ ਲਉਕੀ ਵਰਗੇ ਕਿਹਾ ਹੈ ਜੋ ਕੁੜੱਤਣ ਨਾਲ ਭਰੇ ਹੋਏ ਹਨ।[52] ਇੱਕ ਨਹੀਂ ਦੋ ਨਹੀਂ ਲੱਖਾਂ ਹੀ ਪ੍ਰਮਾਤਮਾ ਨੂੰ ਮਿਲਣ ਦੀ ਚਾਹ ਵਿੱਚ ਲੱਗੇ ਹੋਏ ਹਨ। ਗੁਰੂ ਅਰਜਨ ਦੇਵ ਜੀ ਅਨੁਸਾਰ ਲੱਖਾਂ ਭਗਤ ਪਰਮਾਤਮਾ ਨੂੰ ਆਰਾਧਦੇ ਹਨ, ਲੱਖਾਂ ਤਪੀਏ ਤਪ ਰਾਹੀਂ ਸਾਧਨਾ ਕਰ ਰਹੇ ਹਨ, ਲੱਖਾਂ ਜੋਗੀ ਜੋਗ (ਯੋਗ) ਕਰ ਰਹੇ ਹਨ, ਲੱਖਾਂ ਭੋਗੀ ਭੋਗ ਵਿਲਾਸ ਵਿੱਚ ਗਲਤਾਨ ਹਨ ਪਰੰਤੂ ਕੁਝ ਕੁ ਨੂੰ ਪਤਾ ਹੈ ਕਿ ਪ੍ਰਭੂ ਨੇੜੇ ਹੈ।[53] ਅਨੇਕ ਸਾਧਕਾਂ ਨੇ ਧਰਮ ਗ੍ਰੰਥਾਂ ਦਾ ਪਾਠ ਕਰਿਆ ਅਤੇ ਵੇਦਾਂ ਦੀ ਵਿਚਾਰ ਵੀ ਕੀਤੀ। ਯੋਗ ਸਾਧਨਾ ਦੇ ਕਈ ਅਭਿਆਸ ਕੀਤੇ ਪਰੰਤੂ ਇਹ ਅਭਿਆਸ ਕੇਵਲ ਤਨ ਤੱਕ ਰਹਿ ਗਏ। ਅੰਦਰ ਵਸਦੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ

---

44 *ਇਸ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥ ਭਾਇ ਭਗਤਿ ਜਾ ਹਉਮੈ ਸੋਖੈ॥* ਰਾਗ ਮਾਝ ਮ: ੩, 124.

45 *ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥* ਰਾਗ ਗਉੜੀ ਸੁਖਮਨੀ ਮ: ੫, 265.

46 *ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥* ਰਾਗ ਗਉੜੀ ਸੁਖਮਨੀ ਮ: ੫, 269.

47 *ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥* ਰਾਗ ਆਸਾ, ਕਬੀਰ, 484.

48 *ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ॥* ਰਾਗ ਗਉੜੀ, ਕਬੀਰ, 335.

49 *ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥* ਰਾਗ ਆਸਾ ਮ: ੪, 348.

50 *ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥* ਰਾਗ ਗਉੜੀ ਬੈਰਾਗਣਿ, ਭਗਤ ਰਵਿਦਾਸ ਜੀ, 346.

51 *ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥ ਕਾਹੇ ਕਉ ਕੀਜੈ ਧਿਆਨੁ ਜਪੰਨਾ॥ ਜਬ ਤੇ ਸੁਧੁ ਨਾਹੀ ਮਨੁ ਅਪਨਾ॥* ਰਾਗ ਆਸਾ, ਨਾਮਦੇਵ, 485.

52 *ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥* ਰਾਗ ਸੋਰਠ, ਕਬੀਰ ਜੀ, 656.

53 *ਲਾਖ ਭਗਤ ਜਾ ਕਉ ਆਰਾਧਹਿ॥ ਲਾਖ ਤਪੀਸਰ ਤਪੁ ਹੀ ਸਾਧਹਿ॥ ਲਾਖ ਜੋਗੀਸਰ ਕਰਤੇ ਜੋਗਾ॥ ਲਾਖ ਭੋਗੀਸਰ ਭੋਗਹਿ ਭੋਗਾ॥ ਘਟਿ ਘਟਿ ਵਸਹਿ ਜਾਣਹਿ ਥੋਰਾ॥ ਹੈ ਕੋਈ ਸਾਜਣੁ ਪਰਦਾ ਤੋਰਾ॥* ਰਾਗ ਵਡਹੰਸ ਮਹਲਾ: ੫, 562.

ਉਪਰ ਰੱਤੀ ਮਾਤਰ ਵੀ ਅਸਰ ਨਹੀਂ ਪਿਆ।[54] ਕਈ ਸਾਧਕ ਮੋਨੀ ਰਹੇ, ਹੱਥਾਂ ਨਾਲ ਭਿਖਿਆ ਮੰਗਦੇ ਰਹੇ, ਜੰਗਲਾਂ ਵਿੱਚ ਨੰਗੇ ਘੁੰਮਦੇ ਰਹੇ, ਸਾਰੇ ਤੀਰਥਾਂ ਦਾ ਰਟਨ ਕੀਤਾ, ਪੈਰਾਂ ਨਾਲ ਕਿਤੇ ਇਸ ਤੀਰਥ, ਕਦੇ ਉਸ ਤੀਰਥ ਪਰ ਦੁਬਿਧਾ ਨੇ ਉਨ੍ਹਾਂ ਦਾ ਖਹਿੜਾ ਨਹੀਂ ਛੱਡਿਆ। ਕਈਆਂ ਨੇ ਇੱਛਾ ਜ਼ਾਹਰ ਕੀਤੀ ਕਿ ਜੇਕਰ ਕਿਸੇ ਤੀਰਥ ਉਪਰ ਜਾ ਕੇ ਮਰੀਏ ਤਾਂ ਮੁਕਤੀ ਮਿਲ ਜਾਵੇਗੀ। ਏਥੇ ਤੱਕ ਕਿ ਉਥੇ ਜਾ ਕੇ ਆਰੇ ਨਾਲ ਵੀ ਆਪਣੇ ਆਪ ਨੂੰ ਚਿਰਵਾਇਆ ਪਰ ਬਿਮਾਰੀ ਫੇਰ ਵੀ ਪਕੜ ਵਿੱਚ ਨਹੀਂ ਆਈ। ਲੱਖਾਂ ਯਤਨਾਂ ਤੋਂ ਬਾਅਦ ਵੀ ਮਨ ਮੈਲਾ ਹੀ ਰਿਹਾ।[55] ਕਈ ਸਾਧਕਾਂ ਨੇ ਅਜਿਹੀ ਅਗਿਆਨਤਾ ਦਿਖਾਈ ਕਿ ਰੱਬ ਨੂੰ ਪਾਉਣ ਲਈ ਸੋਨਾ, ਔਰਤ, ਘੋੜੇ, ਹਾਥੀ, ਅੰਨ, ਕੱਪੜੇ, ਜ਼ਮੀਨ ਵੀ ਧਾਰਮਿਕ ਪੁਜਾਰੀਆਂ ਨੂੰ ਅਰਪਣ ਕਰ ਦਿੱਤੇ ਪਰ ਫਿਰ ਵੀ ਰੱਬ ਨੂੰ ਮਿਲਣ ਦਾ ਦੁਆਰਾ ਨਾ ਮਿਲਿਆ। ਕਈ ਸਾਧਕਾਂ ਨੇ ਪੂਜਾ, ਅਰਚਾ, ਨਮਸਕਾਰ ਅਤੇ ਛੇ ਸ਼ਸ਼ਤਰਾਂ ਦੀ ਪਾਲਣਾ ਵੀ ਕੀਤੀ ਪਰੰਤੂ ਇਹ ਕਰਮਾਂ ਨੇ ਉਨ੍ਹਾਂ ਵਿੱਚ ਹਉਮੈ ਦੀ ਪ੍ਰਵਿਰਤੀ ਨੂੰ ਰੱਜ ਕੇ ਵਧਾਇਆ ਤੇ ਸਾਧਕ ਆਪਣੇ ਉਦੇਸ਼ ਤੋਂ ਖੁੰਝ ਗਿਆ। ਕਈ ਸਾਧਕਾਂ ਨੇ ਲੰਮੀਆਂ ਉਮਰਾਂ ਵੀ ਭੋਗੀਆਂ ਤਾਂ ਵੀ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਨਹੀਂ ਮਿਲਿਆ। ਕਈਆਂ ਨੇ ਰਾਜ ਕੀਤੇ, ਲੋਕਾਂ ਤੇ ਹੁਕਮ ਚਲਾਇਆ, ਸੁੰਦਰ ਇਸਤਰੀਆਂ ਨਾਲ ਸੇਜਾਂ ਮਾਣੀਆਂ, ਸਰੀਰ ਉਪਰ ਅਨੇਕ ਖੁਸ਼ਬੋਅਦਾਰ ਅਤਰ ਵਰਤੇ ਪਰ ਮਨ ਵਿਚੋਂ ਔਗੁਣ ਖਤਮ ਨਹੀਂ ਹੋਏ।[56] ਅਜਿਹੇ ਸਾਧਕਾਂ ਵਿਚੋਂ ਸ਼ਰਮ ਪਾਸੇ ਹੋ ਜਾਂਦੀ ਹੈ। ਮਨੁੱਖ ਸ਼ਰਮਿੰਦਗੀ ਵਾਲੇ ਕਰਮ ਵੀ ਬੜੇ ਚਾਅ ਨਾਲ ਸਿਰ ਉਠਾ ਕੇ ਕਰਦਾ ਹੈ। ਢੀਠਤਾਈ ਦੀ ਇਸ ਤੋਂ ਉਪਰ ਕੀ ਮਿਸਾਲ ਦੇਵਾਂਗੇ ਕਿ ਇਹ ਹੰਕਾਰ ਵੱਸ ਉਹ ਸਾਰੇ ਕਰਮ ਕਰਦਾ ਹੈ ਜਿੰਨ੍ਹਾਂ ਦੇ ਕਰਨ ਨਾਲ ਸ਼ਰਮ ਮਹਿਸੂਸ ਹੋਵੇ, ਫੇਰ ਇਹ ਨਿੰਦਾ ਅਤੇ ਝੂਠੀਆਂ ਸ਼ਕਤੀਆਂ ਦੀ ਪੂਜਾ ਵੀ ਕਰਨ ਲੱਗਦਾ ਹੈ।[57] ਯੋਗ ਮਾਰਗ ਬਾਰੇ ਗੁਰਮਤਿ ਦੱਸਦੀ ਹੈ ਕਿ ਯੋਗ ਗਲ ਵਿੱਚ ਗੋਦੜੀ ਪਾਉਣ ਦਾ, ਹੱਥ ਵਿੱਚ ਡੰਡਾ ਫੜਨ ਦਾ ਅਤੇ ਸਰੀਰ ਉਪਰ ਭਸਮ ਲਾਉਣ ਦਾ ਨਾਮ ਨਹੀਂ ਹੈ। ਯੋਗ ਨਾ ਤਾਂ ਕੰਨ ਵਿੱਚ ਮੁੰਦਰਾ ਪਾਉਣ ਦਾ ਨਾਮ ਹੈ, ਨਾ ਸਿਰ ਮੁੰਨਾਉਣ ਦਾ ਅਤੇ ਨਾ ਸਿੰਙੀਆਂ ਵਜਾਉਣ ਦਾ, ਯੋਗ ਨਾ ਮੜੀਆਂ ਵਿਚ ਜਾ ਕੇ ਬੈਠਣ ਦਾ ਨਾਮ ਹੈ, ਨਾ ਸਮਾਧੀਆਂ ਲਾਉਣ ਦਾ ਨਾਮ ਹੈ, ਨਾ ਦੇਸ਼ ਦਿਸਾਤਰਾਂ ਦਾ ਚੱਕਰ ਲਾਉਣ ਦਾ, ਨਾ ਤੀਰਥਾਂ ਦੇ ਇਸ਼ਨਾਨ ਕਰਨ ਦਾ। ਗਿਆਨ ਦੀਆਂ ਗੱਲਾਂ ਕਰਨ ਵਿੱਚ ਯੋਗ ਨਹੀਂ ਇਨ੍ਹਾਂ ਨੂੰ ਧਾਰਨ ਕਰਨ ਵਿੱਚ ਯੋਗ ਹੈ। ਯੋਗ ਦਾ ਅਰਥ ਹੀ ਜੁੜਨਾ ਹੈ ਜਿਸ ਯੋਗ ਨਾਲ ਪਰਮਾਤਮਾ ਤੋਂ ਦੂਰੀ ਹੋ

---

54 *ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥* ਰਾਗ ਸੋਰਠ ਮਹਲਾ : ੫, 641.

55 *ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥* ਰਾਗ ਸੋਰਠ ਮਹਲਾ: ੫, 642.

56 *ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥ ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥ ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥* ਰਾਗ ਸੋਰਠ ਮ: ੫, 642.

57 *ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜ੍ਹੀ ਬਿਪਰੀਤਿ॥* ਰਾਗ ਧਨਾਸਰੀ ਮ :੫, 673.

ਜਾਵੇ ਉਹ ਯੋਗ ਕਿਵੇਂ ਹੋਇਆ? ਯੋਗ ਦੀ ਪ੍ਰਾਪਤੀ ਅਤੇ ਇਸ ਮਾਰਗ ਉਪਰ ਚੱਲਣ ਲਈ ਹਉਮੈਂ ਮਾਰਨੀ ਪੈਂਦੀ ਹੈ ਅਤੇ ਪੂਰੇ ਸਤਿਗੁਰ ਕੋਲ ਜਾਣਾ ਪੈਂਦਾ ਹੈ। ਦੁਨਿਆਵੀਂ ਵਾਜੇ ਬਾਹਰ ਵੱਜਦੇ ਹਨ ਪਰ ਅਸਲ ਯੋਗੀ ਦੇ ਅੰਦਰ ਸਿੰਙੀਆਂ ਤੋਂ ਬਿਨਾਂ ਹੀ ਵਾਜੇ ਵੱਜਦੇ ਹਨ। ਇਉਂ ਮਾਇਆ ਵਿਚ ਰਹਿਕੇ ਮਾਇਆ ਦੇ ਪ੍ਰਭਾਵ ਤੋਂ ਬਚਣ ਵਾਲਾ ਹੀ ਅਸਲ ਜੋਗੀ ਹੈ।[58] ਕੁਝ ਸਾਧਕ ਕਿਸੇ ਪਹੁੰਚੇ ਹੋਏ ਭਗਤ ਦਾ ਜੀਵਨ ਦੇਖ ਕੇ ਹੀ ਰੀਸ ਕਰਨ ਲੱਗ ਪੈਂਦੇ ਹਨ।[59] ਅਸੀਂ ਦੇਖਦੇ ਹਾਂ ਬਥੇਰੇ ਲੋਕ ਅਨੇਕ ਪ੍ਰਸਿੱਧ ਕਥਾਵਾਚਕਾਂ, ਕੀਰਤਨੀਆ ਅਤੇ ਸੰਤ ਮਹਾਂਪੁਰਖਾਂ ਵਾਂਗ ਹੀ ਕਥਾ ਕੀਰਤਨ ਕਰਦੇ ਹਨ ਪਰ ਗੁਰਮਤਿ ਨੇ ਇਸ ਨੂੰ ਝੂਠੇ ਵਿਅਕਤੀ ਦਾ ਹੱਠ ਦੱਸਿਆ ਹੈ। ਰੀਸ ਕਰਨੀ ਬੁਰੀ ਨਹੀਂ ਪਰ ਇਹ ਰੀਸ ਤਾਂ ਸਾਰਥਕ ਹੈ ਜੇਕਰ ਤੋੜ ਨਿਭੇ। ਜੇਕਰ ਇਹ ਤਨ ਤੱਕ ਰਹਿ ਜਾਵੇ ਤਾਂ ਇਸ ਦੀ ਕੀ ਜ਼ਰੂਰਤ। ਪਾਖੰਡੀ ਸਾਧਕ ਉਨ੍ਹਾਂ ਦੀ ਰੀਸ ਕਰਦੇ ਹਨ ਜਿਹਨਾਂ ਦੀ ਰੂਹਾਨੀਅਤ ਅਵਸਥਾ ਏਥੇ ਤੱਕ ਪਹੁੰਚ ਚੁੱਕੀ ਹੈ ਕਿ ਉਹ ਬੰਦਗੀ ਕਰਦੇ-ਕਰਦੇ ਪਰਮਾਤਮਾ ਦੇ ਦਰ ਤੇ ਪਹੁੰਚੇ ਹੋਏ ਹਨ। ਗੁਰੂ ਸਾਹਿਬ ਜੋਗੀਆਂ ਦੀਆਂ ਸਾਧਨਾਵਾਂ ਦੇ ਖਿਲਾਫ ਨਹੀਂ ਹਨ ਪਰ ਜੇਕਰ ਇਹ ਸਾਧਨਾਵਾਂ ਅੰਦਰੂਨੀ ਬੁਰਿਆਈਆਂ ਨੂੰ ਆਪਣੀ ਪਕੜ ਵਿੱਚ ਰੱਖਦੀਆਂ ਹੋਣ ਤਾਂ। ਜਤੀ ਤਾਂ ਸੁਪਨੇ ਵਿੱਚ ਵੀ ਬਿੰਦ ਝੜਨ ਨਹੀਂ ਦਿੰਦਾ। ਗੁਰਮੁਖ ਵੀ ਜੋਗ ਕਮਾਉਂਦਾ ਹੈ। ਉਹ ਆਪਣੇ ਜੋਗ ਵਿੱਚ ਜਤ, ਸਤ ਅਤੇ ਸ਼ਬਦ ਦੀ ਵਿਚਾਰ ਪਰਸਪਰ ਕਰਦਾ ਰਹਿੰਦਾ ਹੈ।[60] ਗੁਰਮਤਿ ਸਾਧਨਾ ਪ੍ਰਭੂ ਦੀ ਓਟ ਅਤੇ ਉਸ ਦੀ ਸ਼ਰਨ ਨੂੰ ਬਹੁਤ ਵੱਡਾ ਦੱਸਦੀ ਹੈ। ਸੰਸਾਰ ‘ਤੇ ਅਨੇਕਾਂ ਸਾਧਕਾਂ ਨੇ ਸੰਸਾਰਿਕ ਪਸਾਰਾ, ਦੁਨੀਆਂਦਾਰੀ ਵਧਾ ਲਈ ਹੈ, ਕਈਆਂ ਨੇ ਪੂਜਾ ਕੀਤੀ, ਕਿਸੇ ਨੇ ਨਿਉਲੀ ਕਰਮ, ਕਿਸੇ ਨੇ ਕੁੰਡਲਨੀ ਕਰਮ, ਕੋਈ ਵਣਾਂ ਵਿੱਚ ਡੇਰੇ ਜਮਾਈ ਬੈਠਾ ਹੈ। ਕੋਈ ਮੋਨੀ ਹੋਇਆ ਬੈਠਾ ਹੈ। ਕੋਈ ਸ੍ਰੇਸ਼ਟ ਅਖਵਾ ਰਿਹਾ ਹੈ। ਉਹ ਮੁੱਖ ਤੋਂ ਹੀ ਗੱਲਾਂ ਕਰਕੇ ਚੰਗੇ ਕਹਾਉਂਦੇ ਹਨ। ਮਨਮੁੱਖ ਕਥਨ ਤਾਂ ਬਹੁਤ ਕਰਦੇ ਹਨ ਪਰ ਉਨ੍ਹਾਂ ਦਾ ਆਪਣਾ ਜੀਵਨ ਨਹੀਂ ਹੁੰਦਾ।[61] ਅੰਦਰ ਕਪਟ ਕਰਕੇ ਸਦਾ ਦੁੱਖ ਰਹਿੰਦਾ ਹੈ ਅਤੇ ਧਿਆਨ ਨਹੀਂ ਲੱਗਦਾ।[62] ਕਈ ਸਾਧਕ ਬਿੰਦ ਨਹੀਂ ਰੱਖਦੇ ਪਰ ਆਪਣੇ ਆਪ ਨੂੰ ਜਤੀ ਕਹਾਉਂਦੇ ਹਨ।[63] ਨਾਮਦੇਵ ਜੀ ਫੁਰਮਾਉਂਦੇ ਹਨ ਕਠਿਨ ਸਾਧਨਾਵਾਂ ਦੀ ਹੱਦ ਨਾ ਰਹੀ। ਮਿਲਣਾ ਕਿਸੇ ਹੋਰ ਨੂੰ ਹੈ ਤੇ ਮਨੁੱਖ ਤੁਰਿਆ ਕਿਤੇ ਹੋਰ ਪਿਆ ਫਿਰਦਾ ਹੈ। ਕਈ ਸਾਧਕ ਬਨਾਰਸ ਜਾ ਕੇ ਤਪ ਕਰਦੇ ਹਨ, ਉਲਟੇ ਲਟਕਦੇ ਹਨ, ਤੀਰਥਾਂ ਉੱਪਰ ਮਰਦੇ ਹਨ, ਅਗਨੀ ਨਾਲ ਸੜਦੇ ਹਨ, ਅਸੁਮੇਧ ਭਾਵ ਘੋੜੇ ਨੂੰ ਹਵਨ ਕੁੰਡ ਵਿੱਚ ਮਾਰਨ ਵਾਲਾ

---

58 *ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥* ਰਾਗ ਸੂਹੀ ਮਹਲਾ: ੨, 730.

59 *ਸੇਵਾ ਥੋਰੀ ਮਾਗਨੁ ਬਹੁਤਾ॥ ਮਹਲੁ ਨ ਪਾਵੈ ਕਹਤੋ ਪਹੁਤਾ॥ ਜੋ ਪ੍ਰਿਅ ਮਾਨੇ ਤਿਨ ਕੀ ਰੀਸਾ॥ ਕੂੜੇ ਮੂਰਖ ਕੀ ਹਾਠੀਸਾ॥ ਰਹਾਉ॥*ਰਾਗ ਸੂਹੀ ਮ: ੫, 738.

60 *ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ॥ ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ॥* ਰਾਮਕਲੀ ਮ: ੧, 908.

61 *ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥* ਰਾਗ ਬਿਲਾਵਲ ਮ: ੧, 831.

62 *ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥* ਰਾਗ ਬਿਲਾਵਲ, ਸਲੋਕ ਮ:੩, 851)

63 *ਬਿੰਦੁ ਨ ਰਾਖਹਿ ਜਤੀ ਕਹਾਵਹਿ॥* ਰਾਗ ਰਾਮਕਲੀ ਮ: ੧, 903.

ਯੱਗ ਕਰਦੇ ਹਨ, ਸੋਨਾ ਦਿੰਦੇ ਹਨ ਪਰ ਅਜਿਹੀਆਂ ਸਾਧਨਾਵਾਂ ਰੱਬ ਤੱਕ ਨਹੀਂ ਪੁੱਜਦੀਆਂ।[64] ਕਰੋੜਾਂ ਹੀ ਤੀਰਥ ਰਟਨ ਕਰਦੇ ਹਨ, ਤਨ ਨੂੰ ਹਿਮਾਚਲ ਵਰਗੇ ਬਰਫ ਦੇ ਪਹਾੜਾਂ ਵਿਚ ਗਾਲ ਦਿੰਦੇ ਹਨ ਪਰ ਇਹ ਸਾਧਨਾ ਵੀ ਪ੍ਰਭੂ ਤੱਕ ਨਹੀਂ ਪੁੱਜਦੀ:

> ਗੁਰੂ ਜੀ ਨੇ ਮੂਰਤੀ ਪੂਜਾ ਤੋਂ ਇਸ ਕਰਕੇ ਰੋਕਿਆ ਸੀ ਕਿਉਂਕਿ ਪੱਥਰ ਪੂਜਦਿਆਂ-ਪੂਜਦਿਆਂ ਭਾਰਤੀ ਸਮਾਜ ਪੱਥਰ ਬਣ ਗਿਆ ਸੀ। ਇਸਦੇ ਫਲਸਰੂਪ ਸਦੀਆਂ ਦੀ ਜਹਾਲਤ ਸਹਿਣੀ ਪਈ। ਬੋਧੀਆਂ ਅਤੇ ਮਾਰਕਸਵਾਦੀਆਂ ਵਾਂਗ, ਗੁਰਮਤਿ ਵਿਚ ਸਦਾਚਾਰਕ ਨਿਯਮਾਂ ਦੀ ਪਾਲਣਾ ਕਰਨ ਉਤੇ ਬਲ ਮਿਲਦਾ ਹੈ ਪਰ ਕੇਵਲ ਸਦਾਚਾਰ ਬੋਧੀਆਂ ਅਤੇ ਮਾਰਕਸੀਆਂ ਦੀ ਮੰਜ਼ਲ ਹੈ, ਗੁਰਮਤਿ ਵਿਚ ਅਜਿਹਾ ਨਹੀਂ। ਉੱਚ ਇਖ਼ਲਾਕ ਰੱਖਦੇ ਹੋਏ ਅਕਾਲਪੁਰਖ ਦੀ ਬੰਦਗੀ ਗੁਰਮਤਿ ਰਹਿਤ ਦਾ ਅਨਿੱਖੜ ਅੰਗ ਹੈ।[65]

ਕਈ ਘੋੜਿਆਂ, ਹਾਥੀਆਂ, ਇਸਤਰੀਆਂ ਦਾ ਰੋਜ਼ਾਨਾ ਦਾਨ ਕਰਦੇ ਹਨ ਪਰ ਇਹ ਸਾਧਨਾ ਵੀ ਪ੍ਰਭੂ ਤੱਕ ਨਹੀਂ ਪੁੱਜਦੀ। ਤਪੱਸਿਆ ਕਰ-ਕਰ ਦੇਹੀ ਸਾਧ ਲਈ ਪਰ ਮਨ ਫੇਰ ਵੀ ਕਾਬੂ ਵਿੱਚ ਨਾ ਆਇਆ। ਬ੍ਰਹਮਚਾਰੀ ਨੂੰ ਬ੍ਰਹਮਚਰਯ ਦਾ ਹੀ ਗੁਮਾਨ ਹੋ ਗਿਆ। ਸੰਨਿਆਸੀ ਵੀ ਹੋ ਗਿਆ ਪਰ ਕ੍ਰੋਧ ਨੇ ਸੰਨਿਆਸ ਨਾ ਲਿਆ। ਕਈਆਂ ਨੇ ਰੋਟੀ ਕਮਾਉਣ ਖਾਤਰ ਪੈਰਾਂ ਵਿੱਚ ਘੁੰਘਰੂ ਬੰਨ ਲਏ। ਇਹ ਸਾਰੇ ਕਰਮ ਦੁਨੀਆਂ ਨੂੰ ਦਿਖਾਉਣ ਲਈ ਹਨ। ਪ੍ਰਭੂ ਇਨ੍ਹਾਂ ਉਪਰ ਨਹੀਂ ਰੀਝਦਾ।[66] ਅਗਿਆਨ ਅਤੇ ਤ੍ਰਿਸ਼ਨਾ ਇਸ ਤਨ ਨੂੰ ਸਾੜ ਰਹੇ ਹਨ।[67] ਕਈ ਸਾਧਕ ਸਰੀਰ ਉਪਰ ਧਾਰਮਿਕ ਚਿੰਨ੍ਹ ਖੁਦਵਾ ਲੈਂਦੇ ਹਨ ਜਿਵੇਂ ਅੱਜ ਕੱਲ ਨੌਜਵਾਨ ਵਰਗ ਵਿੱਚ ਟੈਟੂ ਦਾ ਰਿਵਾਜ਼ ਪ੍ਰਚੱਲਿਤ ਹੈ। ਇਹ ਸਭ ਪਾਖੰਡ ਹੈ। ਇਹ ਸਭ ਕਰਨ ਵਾਲੇ ਵਿਧਵਾ ਔਰਤ ਵਾਂਗ ਹਨ ਜੋ ਸ਼ਿੰਗਾਰ ਤਾਂ ਕਰਦੀ ਹੈ ਪਰ ਪਤੀ ਬਿਨ੍ਹਾ ਝੁਰ-ਝੁਰ ਕੇ ਦੁੱਖੀ ਹੈ।[68] ਗੁਰਬਾਣੀ ਵਿੱਚ ਅਨੇਕ ਕਸ਼ਟਦਾਇਕ ਸਾਧਨਾਵਾਂ ਦੇ ਨਮੂਨੇ ਮਿਲਦੇ ਹਨ ਜਿਵੇਂ ਸਿਰ ਉਪਰ ਆਰਾ ਰੱਖਕੇ ਚੀਰਨ ਦਾ, ਵਰਤ ਰੱਖਣ ਦਾ, ਤੀਰਥ ਯਾਤਰਾ ਕਰਨ ਦਾ, ਯੱਗ ਕਰਨ ਦਾ, ਧਿਆਨ (ਸਮਾਧੀ) ਲਾਉਣ ਵਾਲੇ ਧਿਆਨੀਆਂ ਦਾ, ਗਿਆਨ ਕਮਾਉਣ ਵਾਲਾ ਗਿਆਨੀਆਂ ਦਾ, ਵੈਸ਼ਨਵ ਭਗਤਾਂ ਦਾ। ਜੇਕਰ ਪੂਰਨ ਅਮਲ ਰਾਹੀਂ ਅਭਿਆਸ ਕੀਤਾ ਜਾ ਰਿਹਾ ਹੈ ਤਾਂ ਉਹ ਪ੍ਰਵਾਨ ਹੈ ਨਹੀਂ ਤਾਂ ਅਪ੍ਰਵਾਨ ਹੈ। ਬਾਹਰੀ ਤੌਰ 'ਤੇ ਅਨੇਕ ਸਾਧਕ ਵਿਸ਼ਨੂੰ ਦੇ ਉਪਾਸ਼ਕ ਵਜੋਂ ਬੈਸਨੋ ਕਹਾਉਂਦੇ ਹਨ ਪਰ ਉਨ੍ਹਾਂ ਅੰਦਰ ਲੋਭ ਰੂਪੀ ਜੂਠ ਹੈ।[69] ਨਿੰਦਾ, ਧੋਖਾ, ਵਿਕਾਰ ਅਤੇ ਪਾਪ ਸਾਧਨਾ ਦੇ ਰਾਹ ਦੀਆਂ ਮੁਸ਼ਕਿਲਾਂ ਹਨ। ਉਹ ਸਾਧਕ ਖੁਆਰ ਹੋਣਗੇ ਜੋ ਗੁਣਾਂ ਨੂੰ ਛੱਡ ਦਿੰਦੇ ਹਨ ਅਤੇ ਔਗੁਣਾਂ ਨੂੰ ਕਮਾਉਂਦੇ ਹਨ।[70] ਉਪਰੋਕਤ ਵਿਚਾਰ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਾਧਨਾ ਤਾਂ ਪ੍ਰਵਾਨ ਹੈ ਜੇਕਰ ਉਹ ਤਨ ਰਾਹੀਂ ਮਨ ਤੱਕ ਪਹੁੰਚ ਕਰਕੇ ਮਨ ਵਿਚਲੇ

---

64 *ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥ ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ॥* ਰਾਗ ਰਾਮਕਲੀ, ਨਾਮਦੇਵ, 973.

65 ਹਰਪਾਲ ਸਿੰਘ ਪੰਨੂ, *(ਉ.ਰ.)*, ਪੰਨੇ 353-54.

66 *ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ॥ ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ॥ ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ॥ ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ॥ ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ॥ ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ॥ ਰਾਗ ਮਾਰੂ ਮ: ੫, 1003.*

67 *ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ॥* ਰਾਗ ਮਾਰੂ ਮ: ੩, 1067.

68 *ਚਕ੍ਰ ਬਣਾਇ ਕਰੈ ਪਾਖੰਡ॥ ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥* ਰਾਗ ਭੈਰਉ ਮ: ੫, 1151.

69 *ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ॥* ਰਾਗ ਸਾਰੰਗ ਮ: ੫, 1202.

70 *ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ॥* ਰਾਗ ਮਲਾਰ ਮ: ੩, 1284.

ਔਗੁਣਾਂ ਦਾ ਨਾਸ ਕਰਦੀ ਹੈ। ਜੋ ਸਾਧਨਾ ਕੇਵਲ ਤਨ ਤੱਕ ਹੈ ਉਹ ਅਪ੍ਰਵਾਨ ਕੀਤੀ ਗਈ ਹੈ। ਤਨ ਦੀ ਸਾਧਨਾ ਦਾ ਮਨ ਤੇ ਉਦੋਂ ਪ੍ਰਭਾਵ ਪੈਂਦਾ ਹੈ ਜਦੋਂ ਸਾਧਨਾ ਵਿਚ ਪ੍ਰੇਮ ਹੋਵੇਗਾ। ਪ੍ਰੇਮ ਵਿਹੂਣਾ ਕੋਈ ਵੀ ਯਤਨ ਅਧੂਰਾ ਹੀ ਹੁੰਦਾ ਹੈ। ਕਬੀਰ ਜੀ ਫੁਰਮਾਉਂਦੇ ਹਨ ਕਿ ਤੈਨੂੰ ਤਾਂ ਕੰਮ ਹੀ ਇੱਕੋ ਕਿਹਾ ਹੈ ਅਤੇ ਉਹ ਹੈ ਪਰਮਾਤਮਾ ਦੀ ਭਗਤੀ। ਪਰ ਮਨੁੱਖ ਇਸ ਦੇ ਉਲਟ ਜੰਗਲਾਂ ਵਿੱਚ ਗਿਆ, ਤਪ ਕੀਤਾ ਤੇ ਕੰਦ ਮੂਲ ਖਾਧਾ, ਰਾਗੀਆਂ, ਵੇਦ ਦੇ ਵਕਤਿਆਂ, ਇੱਕ ਸ਼ਬਦ ਦਾ ਜਾਪ ਕਰਨ ਵਾਲਿਆਂ ਅਤੇ ਜ਼ਬਾਨ ਤੋਂ ਨਾ ਬੋਲਣ ਵਾਲੇ ਮੋਨੀਆਂ ਨੇ ਨਰਕਾਂ ਦੇ ਪਟੇ ਲਿਖ ਦਿੱਤੇ ਹਨ।[71] ਮਨੁੱਖ ਅਨੇਕ ਯਤਨਾਂ ਨਾਲ ਪਰਿਵਾਰ ਨੂੰ ਪਾਲਣ ਲਈ ਠੱਗੀਆਂ ਮਾਰਦਾ ਹੈ। ਪਰ ਕਬੀਰ ਜੀ ਅਨੁਸਾਰ ਸਜ਼ਾ ਤੈਨੂੰ ਭੁਗਤਣੀ ਪਵੇਗੀ।[72] ਸਾਧੂ ਜਨਾਂ ਨੇ ਵੀ ਨਾਮ ਨੂੰ ਸਾਰਿਆਂ ਤੋਂ ਉੱਤਮ ਮੰਨਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਮਨੁੱਖ ਸਰੀਰਕ ਤੌਰ ਤੇ ਗਿਆਨੀ, ਵਿਦਵਾਨ, ਤੀਰਥ ਰਚੈਤਾ ਤਾਂ ਬਣ ਗਿਆ ਪਰ ਇਸ ਨੇ ਧਰਮ ਗ੍ਰੰਥ ਦੀ ਸਿੱਖਿਆ ਨੂੰ ਜੀਵਨ ਵਿੱਚ ਨਹੀਂ ਢਾਲਿਆ। ਹੇ ਯੋਗੀ ਚਾਰੇ ਵੇਦ ਤੈਨੂੰ ਪੁਕਾਰ ਰਹੇ ਹਨ ਪਰ ਤੂੰ ਨਹੀਂ ਮੰਨਦਾ। ਛੇ ਦਰਸ਼ਨ ਵੀ ਇੱਕੋ ਗੱਲ ਕਹਿ ਰਹੇ ਹਨ। ਅਠਾਰਾਂ ਪੁਰਾਣ ਮਿਲ ਕੇ ਇੱਕ ਕਹਿ ਰਹੇ ਹਨ ਪ੍ਰਭੂ ਪਰ ਤੂੰ ਇਹ ਭੇਦ ਨਾ ਜਾਣ ਸਕਿਆ।[73] ਉਪਰੋਕਤ ਸਾਧਨਾਵਾਂ ਜ਼ਿਆਦਾਤਰ ਜੋਗੀਆਂ ਅਤੇ ਨਾਥਾਂ ਦੀਆਂ ਹਨ। ਇਸਦਾ ਕਾਰਨ ਇਹ ਹੈ ਕਿ ਗੁਰਮਤਿ ਦੇ ਆਗਮਨ ਤੋਂ ਪਹਿਲਾਂ ਜੋਗੀ ਅਤੇ ਨਾਥ ਲੋਕਾਈ ਦਾ ਮਾਰਗ ਦਰਸ਼ਨ ਕਰਦੇ ਸਨ। ਗੁਰ ਇਤਿਹਾਸ ਤੋਂ ਪਹਿਲਾਂ ਲੋਕਾਈ ਦਾ ਇਨ੍ਹਾਂ ਵਿੱਚ ਯਕੀਨ ਹੋਣਾ ਸੁਭਾਵਿਕ ਸੀ। ਇਸ ਲਈ ਗੁਰਬਾਣੀ ਵਿਚ ਅਜਿਹੀਆਂ ਸਾਧਨਾ ਪ੍ਰਣਾਲੀਆਂ ਦੀ ਭਰਮਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰਵਾਣੀ ਵਿਚ ਅਜਿਹੇ ਸਾਧਕਾਂ ਵੱਲ ਇਸ਼ਾਰਾ ਵੀ ਕੀਤਾ ਹੈ। ਜੋ ਬਾਬਰ ਦੇ ਹਮਲੇ ਤੋਂ ਪਹਿਲਾ ਇਹ ਦਾਅਵੇ ਕਰਦੇ ਸਨ ਕਿ ਅਸੀਂ ਮੰਤ੍ਰਾਂ ਦੇ ਬਲ ਨਾਲ ਤੁਰਕਾਂ ਨੂੰ ਅੰਨ੍ਹਿਆਂ ਕਰ ਦੇਵਾਂਗੇ। ਉਨ੍ਹਾਂ ਦਾ ਕੋਈ ਵੀ ਦਾਅਵਾ ਸੱਚ ਸਾਬਤ ਨਾ ਹੋਇਆ। ਇਸ ਧਰਤੀ ‘ਤੇ ਬਾਬਰ ਦੇ ਹਮਲੇ ਵੇਲੇ ਕਰੋੜਾਂ ਪੀਰ ਵੱਸਦੇ ਸਨ।[74] ਗੁਰਮਤਿ ਨੇ ਬੇਸ਼ੱਕ ਉਪਰੋਕਤ ਸਾਧਨਾ ਪ੍ਰਣਾਲੀਆਂ ਦੀ ਗੱਲ ਕੀਤੀ ਪਰ ਉਨ੍ਹਾਂ ਦੀ ਵਿਆਖਿਆ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਕੀਤੀ ਹੈ।

**ਰੁਕਾਵਟਾਂ**

ਅਮਲ ਤਨ ਅਤੇ ਮਨ ਨਾਲ ਹੁੰਦਾ ਹੈ। ਤਨ ਅਤੇ ਮਨ ਵਿਚ ਅਨੇਕ ਵਿਕਾਰ ਹਨ। ਇਹ ਹੀ ਰੁਕਾਵਟਾਂ ਹਨ। ਇਨ੍ਹਾਂ ਬਿਮਾਰੀਆਂ ਤੋਂ ਮੁਕਤ ਹੋਣਾ ਹੀ ਬੰਦਗੀ ਹੈ। ਇਹ ਬਿਮਾਰੀਆਂ ਹੀ ਮਨੁੱਖ ਨੂੰ ਰੱਬ ਨਾਲ ਮਿਲਣ ਨਹੀਂ ਦਿੰਦੀਆਂ। ਇਨ੍ਹਾਂ ਨੇ ਮਨੁੱਖ ਦੀ ਰੱਬ ਨਾਲੋਂ ਦੂਰੀ ਬਣਾਈ ਹੋਈ ਹੈ। ਜਪੁਜੀ ਸਾਹਿਬ ਦੇ ਸ਼ੁਰੂ ਵਿੱਚ ਹੀ ਇੱਕ ਸਮੱਸਿਆ ਚਿਤਰੀ ਗਈ ਹੈ ਕਿ ਸਚਿਆਰ ਕਿਵੇਂ ਬਣਿਆ ਜਾਵੇ ਅਤੇ ਝੂਠ ਦੀ

---

71 *ਮਨ ਰੇ ਸਰਿਓ ਨ ਏਕੈ ਕਾਜਾ॥ ਭਜਿਓ ਨ ਰਘੁਪਤਿ ਰਾਜਾ॥ਰਹਾਉ॥ ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ॥ ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ॥* ਰਾਗ ਸੋਰਠ, ਕਬੀਰ ਜੀ, 654.

72 *ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥ ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ਰਹਾਉ ॥* ਰਾਗ ਸੋਰਠਿ, ਕਬੀਰ ਜੀ, 656.

73 *ਚਾਰਿ ਪੁਕਾਰਹਿ ਨਾ ਤੂ ਮਾਨਹਿ॥ ਖਟੁ ਭੀ ਏਕਾ ਬਾਤ ਵਖਾਨਹਿ॥ ਦਸ ਅਸਟੀ ਮਿਲਿ ਏਕੋ ਕਹਿਆ॥ ਤਾ ਭੀ ਜੋਗੀ ਭੇਦੁ ਨ ਲਹਿਆ॥* ਰਾਗ ਰਾਮਕਲੀ ਮ: ੫, 886.

74 *ਕੋਟੀ ਹੂ ਪੀਰ ਵਰਜ ਰਹਾਏ ਜਾ ਮੀਰ ਸੁਣਿਆ ਧਾਇਆ॥* ਰਾਗ ਆਸਾ ਮ: ੧, 418.

ਕੰਧ ਕਿਵੇਂ ਤੋੜੀ ਜਾਵੇ?[75] ਸਾਧਨਾ ਮਨੁੱਖ ਨੂੰ ਸਚਿਆਰ ਬਣਾਉਂਦੀ ਹੈ। ਮਨੁੱਖ ਦਾ ਰੱਬ ਨਾਲ ਮਿਲਾਪ ਬੰਦਗੀ ਦੀ ਸੰਪੂਰਨਤਾ ਹੈ। ਇਸ ਮਿਲਾਪ ਵਿਚ ਅਨੇਕ ਮੁਸ਼ਕਿਲਾਂ ਰਾਹ ਰੋਕੀ ਖਲੋਤੀਆਂ ਹਨ। ਇਹ ਇਸ ਪ੍ਰਕਾਰ ਹਨ:

> ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈ, ਦੁਬਿਧਾ, ਆਸਾ ਤ੍ਰਿਸ਼ਨਾ, ਮਮਤਾ, ਦਵੈਖ, ਧਾਤੁ, ਚਤੁਰਾਈ, ਅਗਿਆਨ, ਭਰਮ, ਭੈ, ਕਪਟ, ਈਰਖਾ, ਨਿੰਦਾ, ਹਿੰਸਾ, ਚੋਰੀ, ਵਿਭਚਾਰ, ਕੂੜ, ਆਲਸ, ਚਿੰਤਾ, ਹਠ, ਪਾਖੰਡ, ਸੁਆਰਥ, ਅਪਵਿੱਤਰਤਾ, ਬਦਨੀਤੀ, ਅਕ੍ਰਿਤਘਣਤਾ, ਢੀਠਤਾ, ਕ੍ਰਿਪਣਤਾ, ਕਾਇਰਤਾ, ਕਠੋਰਤਾ, ਪਰਾਧੀਨਤਾ, ਵਾਦ-ਵਿਵਾਦ, ਕਾਹਲ, ਬੇਪ੍ਰਤੀਤੀ, ਕੁਸੰਗਤਿ।[76]

ਸਾਧਕਾਂ ਨੇ ਇਸ ਸਰੀਰ ਅੰਦਰ ਵਰਤਦੇ ਅਦਿੱਖ ਵਰਤਾਰੇ ਨੂੰ ਨੇਕੀ ਅਤੇ ਬਦੀ ਦੀ ਟੱਕਰ ਵਾਂਗ ਚਿਤਰਿਆ ਹੈ:

> ਜੈਸੇ ਦੁਨਿਆਵੀ ਜ਼ਮੀਨ ਪਰ ਦੁਨਿਆਵੀ ਰਾਜਾ ਮਹਾਰਾਜਾ ਲੋਗ ਆਪਸ ਮੇਂ ਜੰਗ ਕਰਕੇ ਅਪਣੀ ਫਤਹ ਹਾਸਿਲ ਕਰਨਾ ਚਾਹਤੇ ਹੈਂ। ਇਸੀ ਤਰਹ ਸੇ ਜਿਸਮ ਰੂਪੀ ਦੇਸ਼ ਮੇਂ ਭੀ ਦੋ ਰਾਜਾਓ ਕਾ ਜੰਗ ਹੋ ਰਹਾ ਹੈ। ਏਕ ਰਾਜਾ ਮੋਹ ਹੈ ਔਰ ਦੂਸਰਾ ਮਹਾਰਾਜ ਬਿਬੇਕ ਹੈ। ਇਨ ਰਾਜਾਓ ਕੀ ਫੌਜ ਭੀ ਹੈ। ਜਿਸ ਮੇ ਰਾਜਾ ਮੋਹ ਕੀ ਫੌਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਖ, ਖੁਦਪਸੰਦੀ, ਤ੍ਰਿਸ਼ਨਾ, ਆਸਾ, ਚਿੰਤਾ, ਜਿਸਮ ਔਰ ਸੰਸਾਰ ਕੋ ਸਤਿ ਮਾਨਨਾ ਵਗੈਰਾ। ਔਰ ਦੂਸਰੀ ਤਰਫ਼ ਮਹਾਰਾਜਾ ਵਿਵੇਕ ਕੀ ਭੀ ਜਬਰਦਸਤ ਫੌਜ ਹੈ- ਬ੍ਰਹਮਚਰਯ, ਸ਼ਾਂਤੀ, ਖਿਮਾ, ਧੀਰਜ, ਸੰਤੋਖ, ਗਰੀਬੀ, ਆਜਜ਼ੀ, ਇਨਕਸਾਰੀ, ਨਿਮਰਤਾ, ਅਦਵੈਤਤਾ, ਜਿਸਮ ਔਰ ਸੰਸਾਰ ਕੋ ਅਸਤਿ, ਜੜ੍ਹ, ਦੁਖ ਰੂਪ ਜਾਨ ਕਰ ਈਸ਼ਵਰ ਭਗਤੀ ਮੇਂ ਮਸਤ ਰਹਿਣਾ।[77]

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇੱਕ ਸ਼ਬਦ ਦਾ ਖੁਲਾਸਾ ਕਰਦਿਆਂ ਸਾਹਿਬ ਸਿੰਘ ਲਿਖਦੇ ਹਨ:

> ਹੇ ਭਾਈ! ਇਹ (ਸਰੀਰ ਰੂਪੀ) ਕਾਬੂ ਕਰਨਾ ਬਹੁਤ ਔਖਾ ਹੈ। ਇਸ ਦੇ ਦੁਆਲੇ ਦ੍ਵੈਤ ਦੀ ਦੋਹਰੀ ਫਸੀਲ ਤੇ ਤਿੰਨ ਗੁਣਾਂ ਦੀ ਤੇਹਰੀ ਖਾਈ ਹੈ।ਰਹਾਉ। ਬਲ ਵਾਲੀ ਪੱਕਾ ਕਿਲ੍ਹਾ ਮਾਇਆ ਦਾ ਆਸਰਾ ਲੈ ਕੇ ਪੰਜ ਕਾਮਾਦਿਕ, ਪੰਝੀ ਤੱਤ, ਮੋਹ, ਅਹੰਕਾਰ, ਈਰਖਾ (ਦੀ ਫੌਜ ਲੜਨ ਨੂੰ ਤਿਆਰ ਹੈ) ਹੇ ਪ੍ਰਭੂ ਮੇਰੀ ਗਰੀਬ ਦੀ ਕੋਈ ਪੇਸ਼ ਨਹੀਂ ਜਾਂਦੀ (ਦੱਸ) ਮੈਂ ਕੀਹ ਕਰਾਂ? ਕਾਮ ਇਸ ਕਿਲ੍ਹੇ ਦੇ ਬੂਹੇ ਦਾ ਮਾਲਕ ਹੈ, ਦੁੱਖ ਅਤੇ ਸੁੱਖ ਪਹਿਰੇਦਾਰ ਹਨ, ਪਾਪ ਤੇ ਪੁੰਨ ਕਿਲ੍ਹੇ ਦੇ ਦਰਵਾਜ਼ੇ ਹਨ, ਬੜਾ ਲੜਾਕਾ ਕ੍ਰੋਧ (ਕਿਲ੍ਹੇ) ਦਾ ਚੌਧਰੀ ਹੈ। ਅਜਿਹੇ ਕਿਲ੍ਹੇ ਵਿਚ ਮਨ ਰਾਜਾ ਆਕੀ ਹੋ ਕੇ ਬੈਠਾ ਹੈ। ਜੀਭ ਦੇ ਚਸਕੇ ਮਨ ਰਾਜੇ ਨੇ ਸੰਜੋਅ ਪਹਿਨੀ ਹੋਈ ਹੈ। ਮਮਤਾ ਦਾ ਟੋਪ ਪਾਇਆ ਹੋਇਆ ਹੈ, ਭੈੜੀ ਮੱਤ ਦੀ ਕਮਾਨ ਕੱਸੀ ਹੋਈ ਹੈ। ਤ੍ਰਿਸ਼ਨਾ ਦੇ ਤੀਰ ਅੰਦਰ ਹੀ ਕੱਸੇ ਹੋਏ ਹਨ। ਅਜਿਹਾ ਕਿਲ੍ਹਾ (ਮੈਥੋਂ) ਜਿੱਤਿਆ ਨਹੀਂ ਜਾ ਸਕਦਾ। ਪਰ ਜਦੋਂ ਮੈਂ ਪ੍ਰਭੂ ਚਰਨਾਂ ਦੇ ਪ੍ਰੇਮ ਦਾ ਪਲੀਤਾ ਲਾਇਆ। ਪ੍ਰਭੂ ਚਰਨਾਂ ਵਿੱਚ ਜੁੜੀ ਸੁਰਤ ਨੂੰ ਹਵਾਈ ਬਣਾਇਆ। (ਗੁਰੂ ਦੇ ਬਖਸ਼ੇ) ਗਿਆਨ ਦਾ ਗੋਲਾ ਚਲਾਇਆ, ਸਹਿਜ ਅਵਸਥਾ ਵਿੱਚ ਅੱਪੜ ਕੇ ਅੰਦਰ ਰੱਬੀ ਜੋਤ ਜਗਾਈ ਤਾਂ ਇੱਕੋ ਹੀ ਸੱਟ ਨਾਲ ਕਾਮਯਾਬੀ ਹੋ ਗਈ। ਸਤ ਤੇ ਸੰਤੋਖ ਲੈ ਕੇ ਮੈਂ (ਉਸ ਫੌਜ ਦੇ ਟਾਕਰੇ ਤੇ) ਲੜਨ ਲੱਗ ਪਿਆ, ਦੋਵੇਂ ਦਰਵਾਜ਼ੇ ਮੈਂ ਭੰਨ ਲਏ ਸਤਿਗੁਰੂ ਤੇ ਸਤਸੰਗ ਦੀ ਮਿਹਰ ਨਾਲ ਮੈਂ ਕਿਲ੍ਹੇ ਦਾ (ਆਕੀ) ਰਾਜਾ ਫੜ੍ਹ ਲਿਆ। ਸਤਸੰਗ ਤੇ ਸਿਮਰਨ ਦੇ ਬਲ ਨਾਲ ਮੈਂ ਕਾਲ ਦੀ ਫਾਹੀ, ਦੁਨੀਆ ਦੇ ਡਰਾਂ ਦੀ ਫਾਹੀ, ਵੱਢ ਲਈ ਹੈ। ਪ੍ਰਭੂ ਦਾ ਦਾਸ ਕਬੀਰ ਹੁਣ ਕਿਲ੍ਹੇ ਦੇ ਉਪਰ ਚੜ੍ਹ ਬੈਠਾ ਹੈ (ਸਰੀਰ ਨੂੰ ਵੱਸ ਕਰ ਚੁੱਕਿਆ ਹੈ) ਤੇ ਕਦੇ ਨਾਹ ਨਾਸ ਹੋਣ ਵਾਲੀ ਆਤਮਕ ਬਾਦਸ਼ਾਹੀ ਲੈ ਚੁੱਕਾ ਹੈ।[78]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਹਾਲਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਤਨ ਰੂਪੀ ਦਰਖਤ ਤੇ ਮਨ ਸਮੇਤ ਪੰਜ ਪੰਛੀ ਰਹਿੰਦੇ ਹਨ। ਇਹ ਪੰਛੀ ਜਦ ਤੱਕ ਤਨ ਦੇ ਨਾਲ ਰਹਿੰਦੇ ਹਨ ਉਦੋਂ

---

[75] *ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥* ਸ੍ਰੀ ਗੁਰੂ ਨਾਨਕ ਦੇਵ ਜੀ, ਜਪੁ, 1.

[76] ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨੇ- 150-1.

[77] ਸੰਤ ਈਸ਼ਰ ਸਿੰਘ, *ਈਸ਼ਵਰ ਅਮੋਲਕ ਲਾਲ,* ਪੰਨਾ- 21.

[78] *ਸ੍ਰੀ ਗੁਰੂ ਗ੍ਰੰਥ ਸਾਹਿਬ* ਦਰਪਣ, ਪੋਥੀ ਅੱਠਵੀ, ਪੰਨੇ- 444-5.

ਤੱਕ ਸੁਖ ਮਾਣਦੇ ਹਨ ਪਰ ਜਦੋਂ ਇਹ ਪੰਛੀ ਬਾਹਰਲੀ ਚੋਗ ਤੇ ਲੁਭਾਇਮਾਨ ਹੋ ਜਾਂਦੇ ਹਨ ਤਾਂ ਫਾਹੀਆਂ ਪੈ ਜਾਂਦੀਆਂ ਹਨ, ਖੰਭ ਟੁੱਟ ਜਾਂਦੇ ਹਨ ਅਤੇ ਅਵਗੁਣਾਂ ਦੀ ਭੀੜ ਆ ਘੇਰਦੀ ਹੈ।[79] ਕਬੀਰ ਜੀ ਨੇ ਇਸ ਨਕਸ਼ੇ ਨੂੰ ਇੱਕ ਦ੍ਰਿਸ਼ਟਾਂਤ ਦੇ ਰੂਪ ਵਿੱਚ ਚਿਤਰਿਆ ਹੈ। ਸਰੀਰ ਰੂਪੀ ਪਿੰਡ ਵਿਚ ਅੱਖਾਂ, ਨੱਕ, ਕੰਨ, ਜਿਹਬਾ ਅਤੇ ਇੰਦ੍ਰੀ ਪੰਜ ਕਿਸਾਨ ਹਨ। ਇਨ੍ਹਾਂ ਪੰਜਾਂ ਦੀ ਜ਼ਿੰਮੇਵਾਰੀ ਆਤਮਾ ਕੋਲ ਹੈ। ਪਰੰਤੂ ਇਹ ਪੰਜੇ ਆਤਮਾ ਦੀ ਕੋਈ ਗੱਲ ਨਹੀਂ ਸੁਣਦੇ। ਆਤਮਾ ਕੰਨਾਂ ਨੂੰ ਸਤਉਪਦੇਸ਼ ਸੁਣਨ ਲਈ ਕਹਿੰਦੀ ਹੈ ਪਰ ਕੰਨ ਬੁਰੇ ਵਚਨ ਸੁਣਨਾ ਪਸੰਦ ਕਰਦੇ ਹਨ। ਇਹ ਹਾਲ ਜ਼ੁਬਾਨ ਦਾ ਹੈ। ਇਹੀ ਹਾਲ ਨੱਕ ਦਾ, ਅੱਖਾਂ ਦਾ ਤੇ ਇਹੀ ਹਾਲ ਇੰਦਰੀ ਦਾ ਹੈ। ਆਤਮਕ ਉਪਦੇਸ਼ ਤੋਂ ਇਹ ਲਾਂਭੇ ਹਨ। ਜੀਵ ਆਤਮਾ ਤੋਂ ਪੁੱਛ ਪੜਤਾਲ ਕਰਨ ਲਈ ਚਿਤ੍ਰਗੁਪਤ ਹੈ। ਉਹ ਜਦੋਂ ਜੀਵ ਆਤਮਾ ਤੋਂ ਹਿਸਾਬ ਮੰਗਦਾ ਹੈ ਤਾਂ ਪੰਜੇ ਕਿਸਾਨ ਭੱਜ ਜਾਂਦੇ ਹਨ ਅਤੇ ਜੀਵ ਆਤਮਾ ਨੂੰ ਬੰਦੀ ਬਣਾ ਲਿਆ ਜਾਂਦਾ ਹੈ। ਇਸ ਕਰਕੇ ਕਬੀਰ ਜੀ ਕਹਿੰਦੇ ਹਨ ਕਿ ਖੇਤ ਵਿਚ ਹੀ ਭਾਵ ਸਰੀਰ ਰਹਿੰਦਿਆਂ ਹੀ ਇਸ ਦਾ ਨਿਬੇੜਾ ਕਰ ਲਓ।[80] ਇਹ ਦਸ਼ਾ ਇਸ ਤਰ੍ਹਾਂ ਦੀ ਹੈ ਜਿਵੇਂ ਕਿਸੇ ਭੂਚਾਲ ਨਾਲ ਢੱਠੇ ਘਰ ਦੀ ਮੁੜ ਉਸਾਰੀ ਕਰਨੀ ਹੋਵੇ। ਅਜਿਹੇ ਘਰ ਦਾ ਪਹਿਲਾ ਮਲਬਾ ਚੁੱਕਣਾ ਪੈਂਦਾ ਹੈ, ਨੀਹਾਂ ਦੀ ਭਾਲ ਕੀਤੀ ਜਾਂਦੀ ਹੈ। ਬਚੇ ਸਾਮਾਨ ਦੀ ਵਰਤੋਂ ਕੀਤੀ ਜਾਂਦੀ ਹੈ, ਵਾਧੂ ਸਾਮਾਨ ਨੂੰ ਬਾਹਰ ਸੁੱਟਿਆ ਜਾਂਦਾ ਹੈ। ਇਸ ਤਰ੍ਹਾਂ ਹੀ ਸਰੀਰ ਵਿੱਚ ਵੱਡੇ ਪੱਧਰ ਤੇ ਉਥਲ-ਪੁਥਲ ਹੋਈ ਪਈ ਹੈ। ਚੌਵੀਂ ਘੰਟੇ ਚਿੰਤਾਵਾਂ ਇਸਦਾ ਖਹਿੜਾ ਨਹੀਂ ਛੱਡਦੀਆਂ। ਇਸਨੇ ਇੱਕ ਰਸ ਹੋ ਕੇ ਸ਼ਾਂਤ ਹੋਣਾ ਹੈ ਪਰ ਇਹ ਔਗੁਣਾਂ ਨਾਲ ਭਰਿਆ ਪਿਆ ਹੈ। ਔਗੁਣਾਂ ਨੂੰ ਪਛਾੜਨਾ ਅਤੇ ਗੁਣਾਂ ਨੂੰ ਧਾਰਨ ਕਰਨਾ ਹੀ ਬੰਦਗੀ ਹੈ:

> ਭਗਤ ਤੇ ਭਗਵਾਨ ਦੇ ਵਿਚਕਾਰ ਦੂਰੀ ਸਾਡੀ ਮੈਂ, ਹਉਮੈਂ, ਖ਼ੁਦ ਨੁਮਾਈ ਦੇ ਪਤਲੇ ਜਿਹੇ ਪਰਦੇ ਦੇ ਕਾਰਨ ਹੈ। ਅਸੀਂ ਆਪ ਹੀ ਮੈਂ ਤੇ ਕਰਤਾ ਭਾਵ ਦੇ ਮਿਲਾਪ ਵਿਚਕਾਰ ਖੜ੍ਹੇ ਹਾਂ। ਪ੍ਰਭੂ ਵੱਲੋਂ ਕੋਈ ਰੁਕਾਵਟ ਨਹੀਂ। ਉਹ ਬਾਹਾਂ ਪਸਾਰੇ ਸਾਨੂੰ ਪਿਆਰ-ਗਲਵਕੜੀ ਵਿਚ ਲੈਣ ਲਈ ਬੇ-ਕਰਾਰ, ਬੇਤਾਬ ਹੈ।[81]
> ਸਾਰੀਆਂ ਸਾਧਨਾਵਾਂ ਮਨ ਨੂੰ ਟਿਕਾਣ ਲਈ ਹਨ। ਇਸ ਵਿਚ ਸਬਰ ਵਾਲੇ ਪਾਰ ਪਹੁੰਚਦੇ ਹਨ।

ਇਹ ਮਾਰਗ ਕਾਹਲਪੁਣੇ ਦਾ ਨਹੀਂ ਹੈ। ਭਾਈ ਵੀਰ ਸਿੰਘ ਜੀ ਨੇ ਮੁੱਢਲੀ ਸਾਧਨਾ ਨੂੰ ਯੁੱਧ ਆਖਿਆ ਹੈ:

> ਸਾਡਾ ਅਜੇ ਰਸ ਦਾ ਹੱਕ ਕਿਥੇ ਹੈ। ਰਸ ਤਾਂ ਕਦੇ-ਕਦੇ ਗੁਰੂ ਝਲਕਾਰਾ ਮਾਰਕੇ ਦੇ ਦੇਂਦਾ ਹੈ ਕਿਤੇ ਬੱਚੇ ਡੋਲ ਨਾ ਜਾਣ। ਅਜੇ ਤਾਂ ਜੁੱਧ ਹੈ। ਨਾਮ ਦੇ ਗੋਲੇ ਮਾਰ ਕੇ ਮਾਇਆ ਦੇ, ਮੈਲ ਦੇ, ਘਬਰਾ ਦੇ ਗੁਬਾਰਾਂ ਦੇ ਗੁਬਾਰ ਦੇ ਮੋਰਚੇ ਤੋੜਨੇ ਹਨ। ਦਬਾ ਦਬ ਗੋਲੇ ਬਰਸਦੇ ਰਹਿਣ ਤੇ ਵੈਰੀ ਦੇ ਕਿੰਗਰੇ ਢਹਿੰਦੇ ਰਹਿਣ। ਜੁੱਧ ਕੀ ਤੇ ਰਸ ਕੀ? ਜੁੱਧ ਵਿਚ ਬੀਰ ਰਸ ਚਾਹੀਦਾ ਹੈ, ਕਿ ਹਾਂ ਅਸਾਂ ਮਾਰਨਾ ਹੈ ਤੇ ਜ਼ਰੂਰ ਫ਼ਤੇ ਪਾਉਣੀ ਹੈ। ਬਸ ਗੁਰੂ ਤੇ ਭਰੋਸਾ ਰੱਖ ਕੇ ਤੋਪਾਂ ਚਲਦੀਆਂ ਰਹਿਣ. ਫਤਹ ਪਾ ਕੇ ਫੇਰ ਰਾਮਰਾਜ ਦਾ ਰਸ ਭੋਗਾਂਗੇ।[82]

---

[79] *ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥ ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥ ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥ ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥* ਰਾਗ ਰਾਮਕਲੀ ਮ:੧, 934.

[80] ਦੇਹੀ *ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥ ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ॥* ਰਾਗ ਭੈਰਉ, ਕਬੀਰ, 1104.

[81] ਹਰਿਭਜਨ ਸਿੰਘ, (ਪ੍ਰਿੰ.), "ਗੁਰਮਤਿ ਵਿਚ 'ਸ਼ਬਦ ਗੁਰੂ' ਅਤੇ ਸੁਰਤਿ ਸ਼ਬਦ ਦਾ ਸਿਧਾਂਤ", *ਗੁਰੂ ਨਾਨਕ ਚਿੰਤਨ ਦੀ ਭੂਮਿਕਾ,* ਬਲਕਾਰ ਸਿੰਘ (ਡਾ.), (ਸੰਪਾ.), ਪੰਨਾ-227.

[82] ਵੀਰ ਸਿੰਘ ਭਾਈ, ਨਾਮ ਰਸ, *ਗੁਰਮੁਖ ਸਿਖਿਆ,* ਗੁਰਦਿੱਤ ਸਿੰਘ ਮੱਲ੍ਹਣ (ਸੰਪਾ.), ਪੰਨਾ-48.

**ਅਮਲ ਦਾ ਰਾਹ**

ਸਾਧਨਾ ਉਦੋਂ ਪ੍ਰਵਾਨ ਚੜਦੀ ਹੈ ਜਦੋਂ ਇਹ ਸਰੀਰ ਤੋਂ ਮਨ ਅਤੇ ਮਨ ਤੋਂ ਆਤਮਾ ਵੱਲ ਆਉਂਦੀ ਹੈ। ਜਦੋਂ ਕਿਤੇ ਇਹ ਝੁਕਾਅ ਸਰੀਰ ਵੱਲ ਹੋ ਜਾਂਦਾ ਹੈ ਤਾਂ ਉਹ ਸਾਧਨਾ ਕੇਵਲ ਸਰੀਰਕ ਹੱਦਾਂ ਤੱਕ ਸੀਮਤ ਹੁੰਦੀ ਹੈ। ਸਰਦੂਲ ਸਿੰਘ ਕਵੀਸ਼ਰ ਅਨੁਸਾਰ:

> ਆਤਮਾ ਨਾਲ ਮਿਲ ਕੇ ਸਰੀਰ ਖੇਡ ਤਮਾਸ਼ੇ ਕਰਦਾ ਹੈ। ਹਰ ਕਿਸੇ ਨਾਲ ਮੇਲ ਪੈਦਾ ਕਰ ਸਕਦਾ ਹੈ, ਸਾਰਿਆਂ ਨੂੰ ਸਰੀਰ ਦੀ ਲੋੜ ਭਾਸਦੀ ਹੈ ਅਤੇ ਆਤਮਾ ਬਿਨਾਂ ਸਰੀਰ ਨੂੰ ਕੋਈ ਮਿਲਣਾ ਨਹੀਂ ਚਾਹੁੰਦਾ, ਉਹ ਬੈਰਾਗੀ ਅਰਥਾਤ ਨਿਰਲੇਪ ਆਤਮਾ ਚਲੀ ਜਾਵੇ ਤਾਂ ਸਰੀਰ ਨੂੰ ਕੌਣ ਪੁੱਛਦਾ ਹੈ।[83]

ਪਿਆਰਾ ਸਿੰਘ ਪਦਮ ਅਨੁਸਾਰ:

> ਆਦਿ ਗ੍ਰੰਥ ਤੋਂ ਇਲਾਵਾ ਸਿਖ ਸਾਹਿਤ ਦਾ ਪ੍ਰਾਚੀਨ ਭਾਗ ਜਨਮ-ਸਾਖੀਆਂ ਹਨ। ਇਨ੍ਹਾਂ ਵਿਚ ਇਹ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ, ਉਥੇ ਤਿੰਨ ਮੁਖ ਉਪਦੇਸ਼ ਦ੍ਰਿੜ ਕਰਾਉਂਦੇ ਸਨ: 1. ਨਾਮ ਜਪਣਾ 2. ਕਿਰਤ ਕਰਨਾ 3. ਵੰਡ ਛਕਣਾ। ਨਾਮ ਜਪਣ ਨਾਲ ਆਤਮਾ ਸ਼ੁੱਧ ਹੁੰਦੀ ਹੈ, ਕਿਰਤ ਨਾਲ ਸਰੀਰ ਅਤੇ ਵੰਡ ਛਕਣ ਦੀ ਰੀਤਿ ਨਾਲ ਮਨ ਸ਼ੁੱਧ ਹੁੰਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਨਾਮ ਸਿਮਰਨ ਆਤਮਕ ਰਹਿਤ ਹੈ, ਕਿਰਤ ਕਰਨਾ ਸਰੀਰਕ ਰਹਿਤ ਹੈ ਅਤੇ ਵੰਡ ਛਕਣਾ ਮਾਨਸਿਕ ਰਹਿਤ ਹੈ।[84]

ਮਨ ਅਤੇ ਆਤਮਾ ਰਹੱਸਮਈ ਹਨ ਪਰ ਸਰੀਰ ਅਜਿਹਾ ਸਿਰਾ ਹੈ ਜੋ ਸਾਨੂੰ ਦਿਸਦਾ ਹੈ। ਇਸ ਰਾਹੀਂ ਹੀ ਸਾਧਨਾ ਦੀ ਪਹਿਲੀ ਪੌੜੀ ਆਰੰਭ ਹੁੰਦੀ ਹੈ :

> ਮਨ ਦਾ ਅਖੀਰਲਾ ਸਿਰਾ ਆਤਮਾ ਨਾਲ ਜਾ ਮਿਲਦਾ ਹੈ। ਇਉਂ ਸਮਝੋ ਕਿ ਜਿਥੇ ਸਰੀਰ ਮੁੱਕਦਾ ਹੈ। ਉਥੋਂ ਮਨ ਸ਼ੁਰੂ ਹੁੰਦਾ ਹੈ। ਜਿਥੋਂ ਮਨ ਮੁੱਕਦਾ ਹੈ, ਉਥੋਂ ਆਤਮਾ ਸ਼ੁਰੂ ਹੁੰਦੀ ਹੈ। ਇਨ੍ਹਾਂ ਦੇ ਵਿਚਕਾਰ ਵਿੱਥਾਂ ਜਾਂ ਪਾੜੇ ਨਹੀਂ ਹਨ, ਇਸ ਕਰਕੇ ਇਹ ਭਿੰਨ-ਭਿੰਨ ਨਹੀਂ ਹਨ। ਇਹ ਵੱਖ-ਵੱਖ ਪ੍ਰਤੀਤ ਹੁੰਦੇ ਹਨ ਪਰ ਹਨ ਇੱਕ ਸੰਗਲੀ ਵਿਚ। ਇਨ੍ਹਾਂ ਵਿਚ ਫਰਕ ਕਿਸਮ ਦਾ ਨਹੀਂ ਦਰਜੇ ਦਾ ਹੈ। ਜਾਤਿ ਭੇਦ ਨਹੀਂ, ਸਫਾਤੀ ਭੇਦ ਹੈ।[85]

ਸਰੀਰ ਵਿਚ ਕੰਨ, ਚਮੜੀ, ਨੇਤਰ, ਰਸਨਾ, ਨਾਸਿਕਾ ਪੰਜ ਗਿਆਨ ਇੰਦ੍ਰੀਆਂ ਹਨ ਅਤੇ ਮੁਖ, ਹੱਥ, ਪੈਰ, ਗੁਦਾ ਲਿੰਗ ਪੰਜ ਕਰਮ ਇੰਦ੍ਰੀਆਂ ਹਨ। ਇਨ੍ਹਾਂ ਨੂੰ ਕਾਬੂ ਕਰਨਾ ਹੀ ਸਾਧਨਾ ਹੈ।[86] "ਕਾਇਆ ਕਿਸ਼ਤੀ ਹੈ, ਮਨ ਮਲਾਹ ਹੈ, ਗੁਰ ਬਚਨ ਪਤਵਾਰ ਹੈ। ਚਿੱਤ ਨੂੰ ਟਿਕਾਣੇ ਕਰਕੇ ਚੱਲ। ਹੋਰ ਕਿਸੇ ਉਪਾਉ ਨਾਲ ਪਾਰ ਨਹੀਂ ਲੱਗਣਾ"[87] ਆਤਮਾ ਅਤੇ ਸਰੀਰ ਦੇ ਸਬੰਧ ਨੂੰ ਗੁਰੂ ਜੀ ਨੇ ਪਤੀ ਅਤੇ ਪਤਨੀ ਵਾਂਗ ਚਿਤਰਿਆ ਹੈ। ਆਤਮਾ ਰੂਪੀ ਮਰਦ ਅਤੇ ਸਰੀਰ ਰੂਪੀ ਔਰਤ ਮਿਲਾਪ ਨਾਲ ਖੁਸ਼ ਹਨ ਪਰ ਇਹ ਮਿਲਾਪ ਹਮੇਸ਼ਾ ਨਹੀਂ ਰਹਿੰਦਾ। ਲੱਖਾਂ ਯਤਨਾਂ ਤੋਂ ਬਾਅਦ ਵੀ ਸਰੀਰ ਰੂਪੀ ਇਸਤਰੀ ਇੱਕ ਵਸਤੂ ਦੀ ਘਾਟ ਕਰਕੇ ਭੁੱਖੀ ਤਿਹਾਈ ਰਹਿੰਦੀ ਹੈ। ਅਖੀਰ ਰੱਬੀ ਹੁਕਮ ਨਾਲ ਆਤਮਾ ਰੂਪੀ ਪਤੀ ਪ੍ਰਮਾਤਮਾ ਕੋਲ ਚਲਾ ਜਾਂਦਾ ਹੈ। ਉਸਨੇ ਸਰੀਰ ਤੋਂ ਕੋਈ ਆਗਿਆ ਨਹੀਂ ਮੰਗੀ ਕਿਉਂ ਕਿ ਉਹ ਰੱਬੀ ਹੁਕਮ ਵਿੱਚ

---

83 ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪੰਨਾ-191.

84 ਪਦਮ, *ਰਹਿਤਨਾਮੇ,* ਪੰਨਾ-14.

85 ਸ਼ੇਰ ਸਿੰਘ, (ਡਾ.), *ਗੁਰਮਤਿ ਦਰਸ਼ਨ,* ਪੰਨਾ-344.

86 *ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪ੍ਰਗਾਸੁ॥* ਰਾਗ ਗਉੜੀ ਅਸਟਪਦੀ ਮ:੫, 236.

87 ਪਦਮ, *ਸ੍ਰੀ ਗੁਰੁ ਗ੍ਰੰਥ ਪ੍ਰਕਾਸ਼,* ਪੰਨਾ-28.

ਬੰਨਿਆ ਪਿਆ ਹੈ। ਉਸਦੇ ਜਾਣ ਨਾਲ ਸਰੀਰ ਰੂਪੀ ਪਤਨੀ ਮਿੱਟੀ ਵਿੱਚ ਮਿਲ ਜਾਂਦੀ ਹੈ।[88] ਸੰਤ ਸਿੰਘ ਮਸਕੀਨ ਅਨੁਸਾਰ:

> ਮਨ ਨੂੰ ਬੁਨਿਆਦੀ ਰੂਪ ਵਿਚ ਤਿੰਨ ਰਸਾਂ ਦਾ ਗਿਆਨ ਹੈ: ਕਾਮਰਸ, ਪ੍ਰੇਮ ਰਸ ਤੇ ਭਗਤੀ ਰਸ। ਸਰੀਰ ਦਾ ਜੋ ਸਰੀਰ ਨਾਲ ਮਿਲਣ ਹੈ। ਇਸ ਮਿਲਣ ਤੋਂ ਜੋ ਰਸ ਬਣਦਾ ਹੈ। ਉਹ ਰਸ ਹੈ ਕਾਮ ਤੇ ਮਨ ਦਾ ਜੋ ਮਨ ਨਾਲ ਮਿਲਣ ਹੈ, ਉਹ ਪ੍ਰੇਮ ਰਸ ਹੈ। ਆਤਮਾ ਪ੍ਰਮਾਤਮਾ ਦੇ ਮਿਲਣ ਨਾਲ ਭਗਤੀ ਰਸ ਦਾ ਜਨਮ ਹੁੰਦਾ ਹੈ।[89]

ਬੰਦਗੀ ਦਾ ਅਮਲ ਆਪੇ ਦੀ ਪਛਾਣ ਹੈ। ਗੁਰੂ ਸਾਹਿਬ ਨੇ ਕਾਇਆ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਹੈ ਕਿ ਹੇ ਮੇਰੀ ਕਾਇਆ ਤੂੰ ਮੇਰੀ ਗੱਲ ਸੁਣ, ਤੂੰ ਪਰਾਇਆ ਦੀ ਨਿੰਦਾ ਕਰਦੀ ਹੈ, ਤੂੰ ਝੂਠੀਆਂ ਚੁਗਲੀਆਂ ਸੁਣਦੀ ਹੈ, ਚੋਰੀ ਅਤੇ ਬੁਰਿਆਈ ਕਰਦੀ ਹੈ। ਇੱਕ ਦਿਨ ਜਦੋਂ ਆਤਮਾ ਰੂਪੀ ਹੰਸ ਉੱਡ ਜਾਵੇਗਾ ਤਾਂ ਤੂੰ ਪਿੱਛੇ ਇਕੱਲੀ ਰਹਿ ਜਾਵੇਗੀ। ਤੂੰ ਕੇਵਲ ਸੁਫਨਿਆਂ ਵਿਚ ਹੀ ਜੀਵਨ ਬਤੀਤ ਕੀਤਾ ਹੈ। ਤੂੰ ਕਿਹੜੇ ਕਰਮ ਕਮਾਏ? ਤੂੰ ਜਨਮ ਵਿਗਾੜ ਲਿਆ। ਤੈਨੂੰ ਏਥੇ ਵੀ ਸੁੱਖ ਨਹੀਂ ਅਤੇ ਅੱਗੇ ਵੀ ਢੋਈ ਨਹੀਂ।[90] ਡਾ. ਰਾਜਿੰਦਰ ਕੌਰ ਰੋਹੀ ਸਾਧਨਾ ਪੰਧ ਨੂੰ ਸੰਖੇਪ ਵਿਚ ਬਿਆਨ ਕਰਦਿਆਂ ਲਿਖਦੇ ਹਨ:

> ਇੱਕ ਸੱਚੇ ਸ਼ਰਧਾਲੂ ਦਾ ਇਹ ਰਵੱਈਆ ਇਕ ਲੰਬੇ ਸਫ਼ਰ ਤੇ ਜਾਣ ਲਈ ਜ਼ਰੂਰੀ ਹੁੰਦਾ ਹੈ ਜੋ ਉਸ ਨੇ ਸੱਚ ਨੂੰ ਪ੍ਰਾਪਤ ਕਰਨ ਲਈ ਤਹਿ ਕਰਨਾ ਹੁੰਦਾ ਹੈ। ਇਸ ਕਰਕੇ ਇੱਕ ਮਨੁੱਖ ਲਈ ਸੱਚ ਦੇ ਰਾਹ ਤੇ ਤੁਰਨ ਤੋਂ ਪਹਿਲਾਂ ਸੱਚ ਬਾਰੇ ਚੇਤਨ ਸੂਝ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਦੂਸਰੇ ਸ਼ਬਦਾਂ ਵਿੱਚ ਇੱਕ ਸਿੱਖ ਉਹ ਵਿਦਿਆਰਥੀ ਹੈ ਜਿਸਦਾ ਸਕੂਲ ਗੁਰੂ ਦਾ ਘਰ ਹੈ, ਜਿਸਦੇ ਜਮਾਤੀ ਸਾਧਸੰਗਤ ਹਨ ਅਤੇ ਜਿਸਦਾ ਸਿਲੇਬਸ ਪ੍ਰਭੂ ਗੁਣ ਅਤੇ ਪ੍ਰਭੂ ਪ੍ਰੇਮ ਹੈ, ਜਿਸਦਾ ਅਭਿਆਸ ਨਾਮ ਸਿਮਰਨ ਹੈ ਅਤੇ ਜਿਸਦਾ ਸਮਾਜਿਕ ਵਿਵਹਾਰ ਨਿਸ਼ਕਾਮ ਸੇਵਾ ਹੈ। ਇੱਕ ਸਿੱਖ ਦੀ ਅੰਤਿਮ ਪ੍ਰਾਪਤੀ ਪ੍ਰਭੂ ਹੈ, ਜੋ ਸੱਚ ਹੈ ਅਤੇ ਉਸ ਵਿਚ ਅਭੇਦ ਹੋਣਾ ਉਸਦੀ ਪਹਿਲੀ ਡਿਗਰੀ ਹੈ।[91]

ਗੁਰਬਾਣੀ ਵਿਚ ਕਿਤੇ-ਕਿਤੇ ਅਜਿਹੇ ਹਵਾਲੇ ਵੀ ਮਿਲਦੇ ਹਨ ਕਿ ਹੇ ਪਰਮਾਤਮਾ ਮੈਂ ਤੇਰੇ ਕਿਸ ਰੂਪ ਦੀ ਅਰਾਧਨਾ ਕਰਾਂ? ਤੇਰੇ ਕਿਹੜੇ ਗੁਣ ਗਾਂਵਾ? ਕਿਹੜੇ ਬੋਲ ਬੋਲਾਂ ਜਿਸ ਨਾਲ ਤੂੰ ਰੀਝ ਪਵੇ।[92] ਸਾਧਨਾ ਮਨ ਦੀ ਹੁੰਦੀ ਹੈ। ਇਹ ਜ਼ਿਕਰ ਬਹੁਤ ਘੱਟ ਆਇਆ ਹੈ ਕਿ ਤੇਰਾ ਤਨ ਮੈਲਾ ਹੈ ਜਾਂ ਤੇਰੀ ਆਤਮਾ ਮੈਲੀ ਹੈ। ਬਹੁਤਾਤ ਵਿਚ ਜ਼ਿਕਰ ਆਇਆ ਹੈ ਕਿ ਤੇਰਾ ਮਨ ਮੈਲਾ ਹੈ। ਮਨ ਵਿਚ ਪ੍ਰੇਸ਼ਾਨੀ ਹੁੰਦੀ ਹੈ। ਮਨ ਨੂੰ ਨਿਰਮਲ ਕਰਨ ਲਈ, ਮਨ ਨੂੰ ਮਾਰਨ ਲਈ, ਮਨ ਨੂੰ ਜਿੱਤਣ ਲਈ, ਮਨ ਨੂੰ ਮਨਾਉਣ ਲਈ ਅਤੇ ਮਨ ਨੂੰ ਖੋਜਣ ਲਈ ਹੀ ਸਾਧਨਾ ਕੀਤੀ ਜਾਂਦੀ ਹੈ:

> ਮਨੁੱਖੀ ਹੋਂਦ ਦੇ ਤਿੰਨ ਪ੍ਰਮੁੱਖ ਪਹਿਲੂ ਹੁੰਦੇ ਹਨ; ਮਨ, ਸਰੀਰ ਅਤੇ ਆਤਮਾ। ਇਹ ਤਿੰਨੋ ਆਪਸ ਵਿਚ ਇਸ ਤਰ੍ਹਾਂ ਜੁੜੇ ਹੋਏ ਹੁੰਦੇ ਹਨ ਕਿ ਇਹੀ ਮਿਲ ਕੇ ਮਨੁੱਖੀ ਹੋਂਦ ਦੀ ਸਮੁੱਚਤਾ ਨੂੰ ਪਰਵਾਨ ਚਾੜ੍ਹਦੇ ਹਨ। ਕੁਦਰਤੀ ਤੌਰ 'ਤੇ ਇਨ੍ਹਾਂ ਤਿੰਨਾਂ ਦੀ ਕਾਰਜ ਵਿਧੀ ਇਸ ਤਰ੍ਹਾਂ ਬਣਾਈ ਗਈ ਹੈ ਕਿ ਉਹ ਆਪਸ ਵਿਚ ਪਰਸਪਰ ਸੰਬੰਧੀ ਵੀ ਹਨ ਅਤੇ ਇਕ ਦੂਜੇ ਉੱਤੇ ਪ੍ਰਭਾਵੀ ਵੀ ਰਹਿੰਦੇ ਹਨ। ਸਰੀਰ ਨੂੰ ਰੱਥ, ਮਨ ਨੂੰ ਬੈਲ ਅਤੇ ਆਤਮਾ ਨੂੰ ਰਥਵਾਨ ਮੰਨਿਆ ਗਿਆ ਹੈ। ਮਨ ਰੂਪੀ ਬੈਲ ਲਗਾਤਾਰ ਆਤਮਾ ਰੂਪੀ ਰਥਵਾਨ ਤੋਂ

---

88 *ਆਈ ਆਗਿਆ ਪਿਰਹੁ ਬੁਲਾਇਆ ॥ ਨਾ ਧਨ ਪੁਛੀ ਨ ਮਤਾ ਪਕਾਇਆ॥ ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ॥* ਰਾਗ ਮਾਰੂ ਮ: ੫, 1072.

89 ਸੰਤ ਸਿੰਘ ਮਸਕੀਨ, *ਗੁਰੂ-ਚਿੰਤਨ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2000, ਪੰਨਾ-158.

90 *ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ॥ ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ॥* ਰਾਗ ਗਉੜੀ ਚੇਤੀ ਮ: ੧, 155

91 ਰਾਜਿੰਦਰ ਕੌਰ ਰੋਹੀ, (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ: ਅਧਿਆਤਮ ਤੇ ਵਿਵਹਾਰ,* ਪੰਨੇ- 20-1.

92 *ਕਵਨ ਰੂਪੁ ਤੇਰਾ ਆਰਾਧਉ॥ ਕਵਨ ਜੋਗ ਕਾਇਆ ਲੇ ਸਾਧਉ॥* ਰਾਗ ਗਉੜੀ ਮ: ੫, 181.

ਬੇਮੁਖ ਹੋ ਕੇ ਆਪਹੁਦਰਾਪਨ ਕਰਦਾ ਰਹਿੰਦਾ ਹੈ। ਮਨ ਦਾ ਆਪਹੁਦਰਾਪਨ ਹੀ ਅਸਲ ਵਿਚ ਮਨੁੱਖ ਲਈ ਦੁੱਖ ਦਾ ਕਾਰਨ ਵੀ ਹੈ ਅਤੇ ਇਹੀ ਉਸਨੂੰ ਬੰਧਨ ਵਿਚ ਜਕੜੀ ਰੱਖਦਾ ਹੈ।[93]

ਸ੍ਰੀ ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਆਦਿ ਕਾਲ ਤੋਂ ਸਾਧਕਾਂ ਨੇ ਅਨੇਕ ਸਾਧਨਾਵਾਂ ਰਾਹੀਂ ਪ੍ਰਭੂ ਦੀ ਪ੍ਰਾਪਤੀ ਲਈ ਯਤਨ ਕੀਤੇ ਹਨ। ਕੁਝ ਵਿਅਕਤੀਆਂ ਨੇ ਯੋਗ ਸਾਧਨਾ ਰਾਹੀਂ, ਕਈਆਂ ਨੇ ਸੰਸਾਰਕ ਸੁੱਖਾਂ ਰਾਹੀਂ, ਕੁਝ ਨੇ ਗਿਆਨ ਰਾਹੀਂ, ਕੁਝ ਨੇ ਧਿਆਨ ਰਾਹੀਂ, ਕਿਸੇ ਨੇ ਜਪ ਰਾਹੀਂ, ਕਿਸੇ ਨੇ ਤਪ ਰਾਹੀਂ, ਕਿਸੇ ਨੇ ਪੂਜਾ, ਹੋਮ, ਨੇਮ ਰਾਹੀਂ, ਕਿਸੇ ਨੇ ਸੰਸਾਰ ਤੋਂ ਵਿਰੱਕਤ ਰਹਿਕੇ, ਕਿਸੇ ਨੇ ਪਾਣੀ ਦੇ ਕਿਨਾਰੇ ਬੈਠ ਕੇ, ਕਿਸੇ ਨੇ ਪਾਣੀ ਵਿਚ, ਕੋਈ ਵੇਦਾਂ ਦੀ ਪੜ੍ਹਾਈ ਕਰਦਾ ਹੈ। ਪਰੰਤੂ ਇਨ੍ਹਾਂ ਸਭ ਤੋਂ ਉਤਮ ਭਗਤੀ ਹੈ।[94] ਬੰਦਗੀ ਰੱਬੀ ਪਿਆਰ ਅਤੇ ਗੁਣਾਂ ਨੂੰ ਵਿਹਾਜਣਾ ਹੈ। ਬੰਦਗੀ ਸਰਬ ਸਾਂਝਾ ਅਤੇ ਸੁਖਾਲਾ ਮਾਰਗ ਹੈ। ਇਸ ਵਿਚ ਵਾਧੂ ਦੀਆਂ ਰਸਮਾਂ ਨਹੀਂ ਹਨ। ਬਸ ਰੱਬ ਨੂੰ ਪਿਆਰ ਕਰਨਾ ਹੈ। ਇਹ ਪਿਆਰ ਬਾਜ਼ਾਰੋ ਨਹੀਂ ਮਿਲਦਾ। ਇਹ ਸਭ ਮਨੁੱਖਾਂ ਦੇ ਹਿਰਦਿਆਂ ਵਿਚ ਕੁਦਰਤੀ ਹੈ। ਇਸ ਪਿਆਰ ਨੂੰ ਦੁਨਿਆਵੀਂ ਭਰਮ ਦੀ ਕਾਈ ਨੇ ਇਉਂ ਢੱਕ ਲਿਆ ਹੈ ਜਿਵੇਂ ਨਿਰਮਲ ਜਲ ਨੂੰ ਹਰੀ ਕਾਈ ਢੱਕ ਲੈਂਦੀ ਹੈ। ਇਹ ਉਦੋਂ ਦੂਰ ਹੁੰਦੀ ਹੈ ਜਦੋਂ ਸਾਧਕ ਆਪੇ ਦੀ ਪਛਾਣ ਕਰ ਲੈਂਦਾ ਹੈ।[95] ਹੁਣ ਅਗਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਪਿਆਰ ਕਿਵੇਂ ਪਵੇ ਅਤੇ ਗੁਣ ਕਿਵੇਂ ਇਕੱਤਰ ਹੋਣ? ਗੁਣ ਕਿਥੇ ਅਤੇ ਕਿਸ ਕੋਲ ਹਨ? ਗੁਰਮਤਿ ਅਨੁਸਾਰ ਗੁਣ ਅਤੇ ਔਗੁਣ ਨਾਲ-ਨਾਲ ਹਨ। ਗੁਣਾਂ ਦਾ ਪਤਾ ਗੁਰੂ ਰਾਹੀਂ ਅਤੇ ਗੁਰੂ ਦੇ ਉਪਦੇਸ਼ ਨੂੰ ਵਿਚਾਰਨ ਨਾਲ ਲੱਗਦਾ ਹੈ।[96]

> ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਰਮਕਾਂਡ-ਭੇਖ, ਵਿਖਾਵਾ, ਰਸਮ ਰੀਤਿ, ਜਪ, ਤਪ, ਹੋਮ, ਯੱਗ, ਝੂਠ, ਮੋਨ, ਪੂਜਾ-ਪਾਠ, ਤੀਰਥ ਇਸ਼ਨਾਨ, ਯੋਗ ਸਾਧਨਾ, ਆਦਿ ਨੂੰ ਸਹੀ ਤੇ ਸੰਪੂਰਨ ਸਾਧਨ ਨਹੀਂ ਮੰਨਿਆ ਗਿਆ, ਕੇਵਲ ਨਾਮ ਸਿਮਰਨ ਜਾਂ ਪ੍ਰੇਮਾ ਭਗਤੀ ਨੂੰ ਸਰਬੋਤਮ ਕਰਮ ਧਰਮ ਪਰਵਾਨ ਕੀਤਾ ਗਿਆ ਹੈ।[97]

ਇਸ ਲਈ ਰੱਬ ਨਾਲ ਪਿਆਰ ਪਾਉਣ ਅਤੇ ਗੁਣਾਂ ਨੂੰ ਇਕੱਤਰ ਕਰਨ ਲਈ ਸਾਧਨਾ ਕੀਤੀ ਜਾਂਦੀ ਹੈ। ਭਾਈ ਮਨੀ ਸਿੰਘ ਜੀ ਨੇ ਉਦਾਹਰਣ ਦਿੱਤੀ ਹੈ ਕਿ ਜਿਵੇਂ ਦੁੱਧ ਵਿਚ ਦਹੀਂ ਹੁੰਦਾ ਹੈ ਪਰ ਦਿਸਦਾ ਨਹੀਂ ਹੈ। ਹੰਸ ਦਾ ਸੁਭਾਅ ਹੈ ਕਿ ਉਹ ਹਮੇਸ਼ਾ ਦਹੀਂ ਖਾਂਦਾ ਹੈ। ਜੇਕਰ ਕੋਈ ਵਿਅਕਤੀ ਦੁੱਧ ਵਿਚ ਪਾਣੀ ਪਾ ਦੇਵੇ ਤਾਂ ਵੀ ਹੰਸ ਦਹੀਂ ਹੀ ਖਾਵੇਗਾ ਕਿਉਂਕਿ ਰੱਬ ਵੱਲੋਂ ਹੀ ਉਸਦੀ ਚੁੰਝ ਵਿਚ ਖਟਾਸ ਹੁੰਦੀ ਹੈ। ਹੰਸ ਆਪਣੀ ਚੁੰਝ ਪਾਣੀ ਰਲੇ ਦੁੱਧ ਵਿਚ ਪਾਉਂਦਾ ਹੈ ਅਤੇ ਖਟਾਸ ਕਰਕੇ ਦੁੱਧ ਫੁੱਟੀਆਂ ਦਾ ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਹੀ ਸਾਧਕ ਗੁਰੂ ਵੱਲੋਂ ਦਿੱਤੀ ਵਿਚਾਰ ਨਾਲ ਔਗੁਣਾਂ ਵਿੱਚੋਂ ਗੁਣਾਂ ਦੀ ਪਛਾਣ ਕਰ ਲੈਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸਾਧਨਾ ਵਿਚ ਪੰਜਾਂ ਨੂੰ ਮਨਾਉਣਾ ਹੁੰਦਾ

---

93 ਰਾਜਿੰਦਰ ਕੌਰ ਰੋਹੀ, (ਡਾ.), *ਉਹੀ,* ਪੰਨਾ- 59.

94 *ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ॥ ਨਾਨਕਾ ਭਗਤਿ ਪ੍ਰਿਅ ਹੋ॥* ਰਾਗ ਗਉੜੀ ਮ: ੫, 213.

95 *ਜਨ ਨਾਨਕ ਬਿਨੁ ਆਪਾ ਚੀਨੈ ਮਿਟੇ ਨ ਭ੍ਰਮ ਕੀ ਕਾਈ॥* ਰਾਗ ਧਨਾਸਰੀ ਮ: ੯, 684.

96 *ਅਵਗੁਣੀ ਭਰਪੂਰ ਹੈ ਗੁਣ ਭੀ ਵਸੈ ਨਾਲਿ॥ ਵਿਣੁ ਸਤਿਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨਾ ਕਰੇ ਬੀਚਾਰ॥* ਰਾਗ ਰਾਮਕਲੀ ਮ: ੧, 936.

97 ਬੇਦੀ, *ਉਹੀ,* ਪੰਨਾ/ਸਾਖੀ – 78/32

ਹੈ ਅਤੇ ਪੰਜਾਂ ਨੂੰ ਰੁਸਾਉਣਾ ਹੁੰਦਾ ਹੈ। ਪੰਜਾਂ ਨੂੰ ਵਸਾਉਣਾ ਅਤੇ ਪੰਜਾਂ ਨੂੰ ਗਵਾਉਣਾ ਹੁੰਦਾ ਹੈ।[98] ਮਨ ਦੀ ਮਤ ਤਿਆਗਣੀ ਪੈਂਦੀ ਹੈ, ਦੂਜੈਲਾ ਪਿਆਰ ਵਿਸਾਰਣਾ ਪੈਂਦਾ ਹੈ।[99] ਗੁਰੂ ਤੇਗ ਬਹਾਦਰ ਜੀ ਦੱਸਦੇ ਹਨ ਕਿ ਮਨ ਦੀ ਮੱਤ ਤਿਆਗਣੀ ਹੀ ਤਾਂ ਕਠਿਨ ਹੈ।[100] ਇਸ ਕਠਿਨਤਾ ਨੂੰ ਅਭਿਆਸ ਰਾਹੀਂ ਸਰਲ ਬਣਾ ਕੇ ਗੁਣ ਇਕੱਤਰ ਕਰਨ ਦਾ ਨਾਮ ਸਾਧਨਾ ਹੈ। ਸਾਰੇ ਗੁਣ ਅਕਾਲਪੁਰਖ ਕੋਲ ਹਨ। ਇਸ ਲਈ ਹਾਰ ਕੇ ਉਸਦੀ ਸ਼ਰਣ ਵਿਚ ਜਾਣਾ ਚਾਹੀਦਾ ਹੈ। ਪਹਿਲਾ ਸਾਧਨ ਗੁਰੂ ਹੈ। ਦੂਜਾ ਸਾਧਨ ਗੁਰੂ ਨੂੰ ਜਾਣਨ ਵਾਲੇ ਜਾਂ ਪ੍ਰਮਾਰਥ ਦੇ ਪਾਂਧੀ ਹਨ।[101] ਇਨ੍ਹਾਂ ਨੂੰ ਸੰਤ, ਗੁਰਮੁਖ, ਵੀ ਕਿਹਾ ਜਾਂਦਾ ਹੈ ਅਤੇ ਇਹ ਸਤਿਸੰਗਤ ਵਿਚ ਵਾਸ ਕਰਦੇ ਹਨ। ਗੁਰੂ ਅਤੇ ਸੰਗਤ ਦੀ ਮਦਦ ਨਾਲ ਪ੍ਰੇਮ ਪੈਦਾ ਹੁੰਦਾ ਹੈ ਅਤੇ ਗੁਣ ਪ੍ਰਾਪਤ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਕੋਈ ਕਰਾਮਾਤ ਦਿਖਾਉਣ ਲਈ ਕਿਹਾ ਸੀ ਤਾਂ ਗੁਰੂ ਜੀ ਨੇ ਕਿਹਾ ਕਿ ਸਾਡੇ ਕੋਲ ਗੁਰਬਾਣੀ ਅਤੇ ਸੰਗਤ ਬਿਨਾਂ ਕੋਈ ਦੂਜੀ ਓਟ ਨਹੀਂ ਹੈ।[102] ਅੱਗੇ ਚੱਲਕੇ ਇਸ ਜੋੜ ਨੂੰ ਹੀ ਗ੍ਰੰਥ ਅਤੇ ਪੰਥ ਕਿਹਾ ਜਾਣ ਲੱਗਾ ਜੋ ਅੱਜ ਵੀ ਕਾਇਮ ਹੈ। ਗੁਰੂ ਅਤੇ ਸੰਗਤ ਦੇ ਨਾਲ ਚੱਲਦੇ-ਚੱਲਦੇ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਜੀਵ ਰੱਬ ਵਿਚ ਸਮਾ ਜਾਂਦਾ ਹੈ।

ਸਾਧਨਾ ਦਾ ਸਫ਼ਰ ਹੇਠ ਲਿਖੇ ਅਨੁਸਾਰ ਹੁੰਦਾ ਹੈ:

1. ਤਨ ਤੋਂ ਮਨ ਅਤੇ ਮਨ ਤੋਂ ਆਤਮਾ ਵੱਲ
2. ਆਤਮਾ ਤੋਂ ਮਨ ਅਤੇ ਮਨ ਤੋਂ ਤਨ ਵੱਲ

ਨੰਬਰ ਇੱਕ ਵਾਲਾ ਮਾਰਗ ਬਾਹਰਮੁਖੀ ਤੋਂ ਅੰਤਰਮੁਖੀ ਹੈ। ਇਸ ਰਾਹ ਤੇ ਤੁਰਨ ਵਾਲੇ ਸਾਧਕ ਹੀ ਗੁਰਮੁਖ, ਬ੍ਰਹਮਗਿਆਨੀ, ਜੀਵਨਮੁਕਤ ਕਹਾਉਂਦੇ ਹਨ। ਅਜਿਹਾ ਨਹੀਂ ਹੈ ਕਿ ਅਜਿਹੇ ਸਾਧਕ ਤਨ ਤੋਂ ਦੂਰ ਹੋ ਜਾਂਦੇ ਹਨ। ਉਹ ਤਨ ਵਿਚ ਰਹਿੰਦੇ ਹਨ ਪਰ ਤਨ ਨੂੰ ਸਾਧ ਕੇ ਪਰਉਪਕਾਰ ਕਰਨ ਲੱਗਦੇ ਹਨ। ਉਹ ਤਨ ਵਿਚ ਰਹਿ ਕੇ ਸੰਸਾਰਿਕ ਵੀ ਹੁੰਦੇ ਹਨ ਅਤੇ ਮਨ ਕਰਕੇ ਬੰਧਨਾਂ ਤੋਂ ਮੁਕਤ ਵੀ ਹੁੰਦੇ ਹਨ। ਇਹ ਅਵਸਥਾ ਕਮਲ ਅਤੇ ਮੁਰਗਾਬੀ ਵਾਲੀ ਹੈ। ਨੰਬਰ ਦੋ ਵਾਲਾ ਮਾਰਗ ਅੰਤਰਮੁਖੀ ਤੋਂ ਬਾਹਰਮੁਖੀ ਹੈ। ਇਸ ਰਾਹ ਤੇ ਤੁਰਨ ਵਾਲੇ ਸਾਧਕ ਮਨਮੁਖ, ਦੁਰਾਚਾਰੀ, ਨਿੰਦਕ ਕਹਾਉਂਦੇ ਹਨ। ਅਜਿਹੇ ਸਾਧਕ ਕੇਵਲ ਤਨ ਦੇ ਰਸਾਂ ਤੱਕ ਹੀ ਸੀਮਤ ਹੁੰਦੇ ਹਨ। ਉਹ ਆਤਮਾ ਦੀ ਆਵਾਜ਼ ਨਹੀਂ ਸੁਣਦੇ। ਅਭਿਆਸੀ ਇਨ੍ਹਾਂ ਦੋਹਾਂ ਤਰ੍ਹਾਂ ਦੇ ਸਾਧਕਾਂ ਨੂੰ ਦੋ ਮੱਖੀਆਂ ਨਾਲ ਸਮਝਾਉਂਦੇ ਹਨ। ਇੱਕ ਮੱਖੀ ਉਹ ਹੈ ਜੋ ਸ਼ਹਿਦ ਦਾ ਆਨੰਦ ਵੀ ਲੈਂਦੀ ਹੈ ਅਤੇ ਆਪਣੀ ਜਾਨ ਵੀ ਬਚਾ ਲੈਂਦੀ ਹੈ। ਦੂਜੀ ਮੱਖੀ ਸ਼ਹਿਦ ਖਾਣ ਜਾਂਦੀ ਹੈ ਅਤੇ ਵਿਚ ਹੀ ਮਰ ਜਾਂਦੀ ਹੈ। ਇਸ ਦੇ ਨਾਲ ਨੰਬਰ ਇੱਕ ਵਾਲੀ ਸਾਧਨਾ ਦੁੱਧ ਵਿਚ ਪਾਣੀ ਦੇ ਮਿਲਣ ਵਾਂਗ ਹੈ। ਦੂਜੀ ਸਾਧਨਾ

---

98 *ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥ ਇਨ ਬਿਧਿ ਨਗਰੁ ਵੁਠਾ ਮੇਰੇ ਭਾਈ॥ ਦੁਰਤੁ ਗਇਆ ਗੁਰਿ ਗਿਆਨ ਦ੍ਰਿੜਾਈ॥* ਰਾਗ ਆਸਾ ਮ:੫, 430.

99 *ਤਿਆਗੇ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥ ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥* ਰਾਗ ਸੂਹੀ ਮ:੫, 763.

100 *ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥* ਰਾਗ ਬਿਲਾਵਲ ਮ: ੪, 800.

101 *ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥* ਰਾਗ ਸੂਹੀ ਮ: ੫, 763.

102 *ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ 1/42.

ਪਾਣੀ ਵਿਚ ਤੇਲ ਦੇ ਮਿਲਣ ਵਾਂਗ ਹੈ। ਜਿਸ ਤਰ੍ਹਾਂ ਤੇਲ ਅਤੇ ਪਾਣੀ ਕਦੇ ਇਕ ਰੂਪ ਨਹੀਂ ਹੁੰਦੇ ਇਸ ਤਰ੍ਹਾਂ ਨੰਬਰ ਦੋ ਵਾਲੇ ਸਾਧਕ ਦੇਖਣ ਤੋਂ ਤਾਂ ਲੱਗਦਾ ਤਾਂ ਹੈ ਕਿ ਉਹ ਪਰਮਾਰਥੀ ਹਨ ਪਰ ਉਹ ਦੂਰ ਹੀ ਰਹਿੰਦੇ ਹਨ। ਅਜਿਹੇ ਸਾਧਕ ਸੰਸਾਰ ਨੂੰ ਹੀ ਸੱਚ ਮੰਨਦੇ ਹਨ ਅਤੇ ਜੀਵਨ ਬਰਬਾਦ ਕਰ ਜਾਂਦੇ ਹਨ :

> ਗੁਰਮਤਿ ਭਗਤੀ ਦਾ ਪ੍ਰਮੁੱਖ ਪ੍ਰਕਾਰਜ ਹੈ ਸਹਿਜ ਸਾਧਨਾ। ਵਿਦਵਾਨਾਂ ਨੇ ਇਸਨੂੰ ਸਹਿਜ ਯੋਗ ਦਾ ਨਾਂ ਦਿੱਤਾ ਹੈ। ਸਹਿਜ ਸੁਭਾਵਿਕ ਢੰਗ ਨਾਲ ਕੀਤੀ ਜਾਣ ਵਾਲੀ ਸਾਧਨਾ ਹੀ ਸਹਿਜ ਸਾਧਨਾ ਅਥਵਾ ਸਹਿਜ ਯੋਗ ਹੈ। ਗੁਰੂ ਨਾਨਕ ਦੇਵ ਜੀ ਨੇ ਯੋਗ ਦੇ ਪਰੰਪਰਾਗਤ ਸਰੂਪ ਦੇ ਮੁਕਾਬਲੇ ਆਪਣੇ ਸਹਿਜ ਯੋਗ ਦੀ ਸਥਾਪਨਾ ਕਰਦਿਆਂ ਭਰਥਰੀ ਯੋਗੀ ਨੂੰ ਸੰਬੋਧਿਤ ਕੀਤਾ ਹੈ ਕਿ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣਾ ਮੇਰੀ ਮੁਦ੍ਰਾ ਹੈ ਅਤੇ ਖਿਮਾ ਨਾਲ ਮੈਂ ਖਿੰਥਾ ਦਾ ਕੰਮ ਸਾਰਦਾ ਹਾਂ।[103]

**ਤਨ**

ਬੰਦਗੀ ਵਿਚ ਤਨ ਦਾ ਖਾਸ ਸਥਾਨ ਹੈ। ਗੁਰਮਤਿ ਨੇ ਤਨ ਨੂੰ ਤਿੰਨ ਰੂਪਾਂ ਵਿਚ ਚਿਤਰਿਆ ਹੈ :

1. **ਦੁਰਲਭ ਦੇਹ** - ਇਹ ਤਨ ਅਨਮੋਲ ਹੈ ਅਤੇ ਭਗਤੀ ਲਈ ਪ੍ਰਾਪਤ ਹੋਇਆ ਹੈ।
2. **ਬਿਨਸਣਹਾਰ-** ਇਹ ਤਨ ਔਖਾ ਤਾਂ ਪ੍ਰਾਪਤ ਹੋਇਆ ਹੈ ਪਰ ਇਸ ਦੀ ਸਥਿਰਤਾ ਦੀ ਕੋਈ ਗਰੰਟੀ ਨਹੀਂ।
3. **ਬਣਤਰ ਅਤੇ ਹਾਲਤ -** ਤਨ ਦੀ ਬਣਤਰ ਵਿਚ ਹਉਮੈਂ, ਪੰਜ ਚੋਰ, ਤਿੰਨ ਤਾਪ, ਚਾਰ ਅਗਨੀਆਂ ਸਮੇਤ ਬੇਅੰਤ ਗੁਣ ਅਤੇ ਔਗੁਣ ਸਮਾਏ ਹੋਏ ਹਨ।

ਇਸ ਸਾਰੇ ਖਲਾਰੇ ਵਿਚੋਂ ਔਗੁਣਾਂ ਨੂੰ ਪਛਾੜ ਕੇ ਗੁਣਾਂ ਨੂੰ ਇਕੱਤਰ ਕਰਨਾ ਹੀ ਬੰਦਗੀ ਦਾ ਸਾਧਨਾ ਪੰਧ ਹੈ। ਹੁਣ ਅਸੀਂ ਵਾਰੀ-ਵਾਰੀ ਸਰੀਰ ਬਾਰੇ ਦੱਸੇ ਰੂਪਾਂ 'ਤੇ ਵਿਚਾਰ ਕਰਾਂਗੇ।

**ਦੁਰਲਭ ਦੇਹ**

ਇਹ ਤਨ ਪਵਿੱਤਰ ਹੈ ਅਤੇ ਚੁਰਾਸੀ ਲੱਖ ਜੂਨਾਂ ਦਾ ਚੱਕਰ ਲਾਉਣ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਹ ਦੁਬਾਰਾ ਪ੍ਰਾਪਤ ਨਹੀਂ ਹੋਵੇਗਾ।[104] ਦੇਵਤੇ ਵੀ ਇਸ ਦੇਹੀ ਦੀ ਇੱਛਾ ਰੱਖਦੇ ਹਨ।[105] ਤਨ ਨੇ ਆਤਮਾ ਰਾਹੀਂ ਕਈ ਸਰੀਰ ਧਾਰਨ ਕੀਤੇ ਹਨ। ਕਈ ਜਨਮ ਕੀੜਿਆਂ ਦੇ, ਪਤੰਗਿਆਂ ਦੇ, ਪੰਛੀਆਂ ਦੇ, ਸੱਪਾਂ ਦੇ, ਹਾਥੀਆਂ ਦੇ, ਮੱਛੀਆਂ ਦੇ, ਹਿਰਨਾਂ ਦੇ, ਬਲਦਾਂ ਦੇ, ਅੰਡਿਆਂ ਦੇ, ਪਹਾੜਾਂ ਦੇ, ਪਰਬਤਾਂ ਦੇ, ਗਰਭ ਅਵਸਥਾ ਦੇ, ਟਹਿਣੀਆਂ ਦੇ ਪੱਤਿਆਂ ਦੇ ਭੋਗਣ ਤੋਂ ਬਾਅਦ ਇਸ ਸਰੀਰ ਦੀ ਪ੍ਰਾਪਤੀ ਹੋਈ ਹੈ।[106] ਇਹ ਸਰੀਰ ਕਈ ਜੁਗਾਂ ਬਾਅਦ ਪ੍ਰਾਪਤ ਹੋਇਆ ਹੈ।[107] ਇਸ ਤਨ ਵਿਚ ਹਰੀ ਅਤੇ ਹਰੀ ਵਿਚ ਇਹ

---

[103] ਰਤਨ ਸਿੰਘ ਜੱਗੀ, *ਗੁਰੂ ਮਾਨਿਓ ਗ੍ਰੰਥ,* ਪੰਨਾ-90.

[104] *ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥ ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥* ਰਾਗ ਮਾਰੂ ਮ: ੫, 1075.

[105] *ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥ ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥*ਰਾਗ ਭੈਰਉ, ਭਗਤ ਕਬੀਰ, 1159.

[106] *ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥1॥ ਰਹਾਉ ॥* ਰਾਗ ਗਉੜੀ ਗੁਆਰੇਰੀ ਮਹਲਾ: ੫, 176.

[107] *ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥ ਨਾਨਕ ਕਹਤ ਮਿਲਣ ਕੀ ਬਰੀਆ ਸਿਮਰਤ ਕਹਾ ਨਹੀ॥* ਰਾਗ ਸੋਰਠ ਮ: ੯, 631.

ਤਨ ਹੈ।[108] ਉਹ ਵਡਭਾਗੀ ਹਨ ਜਿਨ੍ਹਾਂ ਨੂੰ ਇਹ ਸਰੀਰ ਮਿਲਿਆ ਹੈ। ਇਸ ਦੇਹੀ ਵਿਚ ਸਭ ਵਸਤੂਆਂ ਹਨ।[109] ਮਨੁੱਖ ਦੀ ਜੂਨ ਸਾਰੀਆਂ ਜੂਨਾਂ ਨਾਲੋਂ ਉੱਤਮ ਹੈ। ਇਹ ਦੇਹ ਪ੍ਰਭੂ ਪ੍ਰਾਪਤੀ ਲਈ ਪ੍ਰਾਪਤ ਹੋਈ ਹੈ।[110] ਬੇਸ਼ੱਕ ਹੋਰ ਜੂਨਾਂ ਦੀ ਸਿਰਜਣਾ ਵੀ ਵਾਹਿਗੁਰੂ ਨੇ ਕੀਤੀ ਹੈ ਪਰ ਸਭ ਤੋਂ ਉਤਮ ਜੂਨ ਮਨੁੱਖ ਦੀ ਹੈ। ਪਰ ਜੇਕਰ ਮਨੁੱਖ ਇਸ ਜੂਨ ਵਿਚ ਭਜਨ ਬੰਦਗੀ ਨਹੀਂ ਕਰਦਾ ਤਾਂ ਬਾਕੀ ਜੂਨਾਂ ਇਸ ਤੋਂ ਸ੍ਰੇਸ਼ਟ ਹਨ। ਇਹ ਸਰੀਰ ਮਰਨ ਉਪਰੰਤ ਕਿਸੇ ਕੰਮ ਨਹੀਂ ਆਉਂਦਾ ਪਰ ਪਸ਼ੂਆਂ ਦਾ ਸਰੀਰ ਮਰ ਕੇ ਵੀ ਚਮੜੇ, ਹੱਡੀਆਂ ਦੇ ਰੂਪ ਵਿਚ ਕੰਮ ਆ ਜਾਂਦਾ ਹੈ।[111] ਇਸ ਜਨਮ ਨੂੰ ਅਮੋਲਕ ਸਿਧ ਕਰਨ ਲਈ ਹੀਰਾ ਅਤੇ ਰਤਨ ਵਰਗੇ ਸ਼ਬਦਾਂ ਨਾਲ ਇਸ ਜਨਮ ਦੀ ਵਡਿਆਈ ਕੀਤੀ ਹੈ।[112] ਜੇ ਬੰਦਗੀ ਨਾ ਕੀਤੀ ਤਾਂ ਫਿਰ ਜਨਮਾਂ ਵਿਚ ਭਟਕਣਾ ਪਵੇਗਾ। ਰੱਬ ਨੇ ਸਰੀਰ ਰੂਪੀ ਮਿੱਟੀ ਦੀ ਮਾਤਾ ਦੇ ਗਰਭ ਵਿਚ ਰਾਖੀ ਕੀਤੀ ਅਤੇ ਇਸਨੂੰ ਪ੍ਰਮਾਤਮਾ ਨੇ ਰਤਨ ਬਣਾ ਦਿੱਤਾ।[113] ਅਸੀਂ ਅਣਗਿਣਤ ਔਗੁਣਾਂ ਦੇ ਕਾਰਨ ਅਨੇਕਾਂ ਰੁੱਖਾਂ ਬਿਰਖਾਂ ਦੀਆਂ ਜੂਨਾਂ ਵੇਖੀਆਂ ਹਨ, ਅਨੇਕਾਂ ਵਾਰੀ ਪਸ਼ੂ ਜੂਨਾਂ ਵਿਚ ਜੰਮੇ, ਅਨੇਕਾਂ ਵਾਰੀ ਸੱਪਾਂ ਦੀਆਂ ਕੁਲਾਂ ਵਿਚ ਪੈਦਾ ਹੋਏ ਤੇ ਅਨੇਕਾਂ ਵਾਰੀ ਪੰਛੀ ਬਣਕੇ ਉੱਡਦੇ ਰਹੇ।[114] ਭਾਈ ਗੁਰਦਾਸ ਜੀ ਨੇ ਇਸ ਦੇਹੀ ਨੂੰ ਚੁਰਾਸੀ ਲੱਖ ਜੂਨਾਂ ਵਿਚੋਂ ਉੱਤਮ ਮੰਨਦਿਆਂ ਦੱਸਿਆ ਹੈ ਕਿ ਸਰੀਰ ਵਿਚ ਅੱਖਾਂ ਹਨ ਜਿਸ ਨਾਲ ਮਨੁੱਖ ਦੇਖਦਾ ਹੈ। ਜ਼ਬਾਨ ਹੈ ਜਿਸ ਨਾਲ ਬੋਲਦਾ ਹੈ। ਕੇਵਲ ਬੋਲਦਾ ਹੀ ਨਹੀਂ ਸਗੋਂ ਆਪਣੇ ਦੁੱਖ ਵੀ ਦੱਸਦਾ ਹੈ। ਕੰਨਾਂ ਨਾਲ ਸੁਣਦਾ ਹੈ। ਨੱਕ ਰਾਹੀਂ ਸਾਹ ਲੈਂਦਾ ਹੈ ਅਤੇ ਖੁਸ਼ਬੋਅ ਜਾਂ ਬਦਬੋਅ ਨੂੰ ਪਛਾਣਦਾ ਹੈ। ਹੱਥਾਂ ਨਾਲ ਕੰਮ ਕਰਦਾ ਹੈ ਅਤੇ ਪੈਰਾਂ ਨਾਲ ਤੁਰਦਾ-ਫਿਰਦਾ ਹੈ। ਗੁਰਮੁਖਾਂ ਨੇ ਮਨੁੱਖਾ ਦੇਹ ਨੂੰ ਸਫਲ ਕੀਤਾ ਹੈ।[115] ਡਾ. ਸ਼ੇਰ ਸਿੰਘ ਲਿਖਦੇ ਹਨ, "ਤਰੱਕੀ ਦੀ ਪੌੜੀ ਦਾ ਮਾਨਵ ਜਨਮ ਅੰਤਲਾ ਡੰਡਾ ਹੈ। ਜੇ ਮਨੁੱਖਾ ਜਨਮ ਧਾਰ ਕੇ ਆਪਣੀ ਤਰੱਕੀ ਦੀ ਰਫ਼ਤਾਰ ਨੂੰ ਜੀਵ ਕਾਇਮ ਰੱਖੇਗਾ ਤਾਂ ਹੋਰ ਭੀ ਉਚੇਰਾ ਮਨੁੱਖ ਬਣੇਗਾ ਤੇ ਅੰਤ ਨੂੰ ਸੱਚਖੰਡ ਪਧਾਰੇਗਾ।"[116] ਪੂਰਨ ਸਿੰਘ ਲਿਖਦੇ ਹਨ, "ਭਾਰਤੀ ਧਰਮ ਪੂਰੀ ਸਪੱਸ਼ਟਤਾ ਨਾਲ ਇਹ ਦੱਸਦੇ ਹਨ ਕਿ ਜੀਵ ਨੂੰ ਕੀਟ ਪਤੰਗਾਂ ਅਤੇ ਮੀਨ ਕੁਰੰਗਾਂ ਆਦਿ ਅਨੇਕ ਜੂਨਾਂ ਭੋਗ ਕੇ ਪੰਛੀ, ਸਰਪ ਆਦਿ ਰੂਪਾਂ ਵਿਚੋਂ ਹੁੰਦਾ ਹੋਇਆ "ਮਨੁੱਖ ਦੇਹ" ਪ੍ਰਾਪਤ ਹੋਈ ਹੈ ਅਤੇ ਇਹ ਉਸ ਲਈ ਮੁਕਤੀ ਦਾ ਦਰਵਾਜ਼ਾ ਜਾਂ ਗੋਬਿੰਦ ਨੂੰ ਮਿਲਣ ਦੀ ਵਾਰੀ ਹੈ। ਮਨੁੱਖੀ ਸਰੀਰ ਨੂੰ ਪ੍ਰਾਪਤ ਕਰਕੇ ਮਨ, ਮੋਕਸ਼ ਦੇ ਸਨਮੁਖ ਆ ਖੜੋਂਦਾ

---

108 *ਹਰਿ ਮਹਿ ਤਨ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰ ਸੋਇ ਰੇ॥* ਰਾਗ ਗੋਂਡ, ਭਗਤ ਕਬੀਰ, 870.

109 *ਮੇਰੈ ਕਰਤੈ ਇਕ ਬਣਤ ਬਣਾਈ॥ ਇਸ ਦੇਹੀ ਵਿਚਿ ਸਭ ਵਥੁ ਪਾਈ॥* ਰਾਗ ਮਾਰੂ ਮ:੩, 1064.

110 *ਭਈ ਪਰਾਪਤਿ ਮਾਨੁਖ ਦੇਹੁਰੀਆ॥* ਰਾਗ ਆਸਾ ਮ: ੫, 12.

111 *ਨਰੂ ਮਰੈ ਨਰੁ ਕਾਮਿ ਨ ਆਵੈ॥ਪਸੂ ਮਰੈ ਦਸ ਕਾਜ ਸਵਾਰੈ॥* ਰਾਗ ਗੋਂਡ, ਭਗਤ ਕਬੀਰ, 870.

112 *ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥* ਰਾਗ ਗਉੜੀ ਬੈਰਾਗਨਿ, ਮ: ੧, 156.

113 *ਜਿਨਿ ਕੀਤਾ ਮਾਟੀ ਤੇ ਰਤਨੁ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ॥* ਰਾਗ ਗਉੜੀ ਗੁਆਰੇਰੀ ਮ: ੫, 177.

114 *ਮੇਰੇ ਸਾਹਿਬਾ ਕਉਣ ਜਾਣੈ ਗੁਣ ਤੇਰੇ॥ ਕਹੇ ਨ ਜਾਨੀ ਅਉਗੁਣ ਮੇਰੇ॥ਰਹਾਉ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥* ਰਾਗ ਗਉੜੀ ਚੇਤੀ ਮ: ੧, 156.

115 *ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ। ਅਖੀ ਦੇਖੈ ਨਦਰਿ ਕਰਿ ਜਿਹਬਾ ਬੋਲੈ ਬਚਨ ਬਿਦੇਹੀ। ਕੰਨੀ ਸੁਣਦਾ ਸੁਰਤਿ ਕਰਿ ਵਾਸ ਲਏ ਨਕਿ ਸਾਸ ਸਨੇਹੀ।ਹਥੀ ਕਿਰਤਿ ਕਮਾਵਣੀ ਪੈਰੀ ਚਲਣੁ ਜੋਤਿ ਇਵੇਹੀ। ਗੁਰਮੁਖਿ ਜਨਮੁ ਸਕਾਰਥਾ ਮਨਮੁਖ ਮੂਰਤ ਮਤਿ ਕਿਨੇਹੀ। ਕਰਤਾ ਪੁਰਖੁ ਵਿਸਾਰਿਕੈ ਮਾਣਸ ਦੀ ਮਨਿ ਆਸ ਧਰੇਹੀ। ਪਸੂ ਪਰੇਤਹੁ ਬੁਰੀ ਬੁਰੇਹੀ।* ਵਾਰ 15ਵੀਂ, ਪਉੜੀ ਤੀਜੀ

116 *ਗੁਰਮਤਿ ਦਰਸ਼ਨ,* ਪੰਨਾ-339.

ਹੈ। ਇਹ ਮਨ ਅਨੇਕ ਜੂਨੀਆਂ ਵਿਚੋਂ ਲੰਘਦਾ ਆਇਆ ਹੈ।"[117] ਡਾ. ਰੋਹੀ ਮਨੁੱਖਾ ਸਰੀਰ ਦੀ ਵਡਿਆਈ ਬਾਰੇ ਕਹਿੰਦੇ ਹਨ, "ਮਨੁੱਖੀ ਇਤਿਹਾਸ ਵਿਚ ਵੀ ਹੁੰਦਾ ਹੈ ਜਿਵੇਂ ਇਲਾਹੀ ਹੁਕਮ ਜਾਂ ਇਲਹਾਮ ਨਾਜ਼ਲ ਹੁੰਦਾ ਹੈ ਅਤੇ ਮਨੁੱਖੀ ਮਨ ਨਾਲ ਉਸ ਇਲਾਹੀ ਵਰਤਾਰੇ ਨੂੰ ਸਮਝਿਆ, ਸਮਝਾਇਆ ਅਤੇ ਜੀਵਿਆ ਜਾਂਦਾ ਹੈ। ਕੇਵਲ ਮਨੁੱਖਾਂ ਹੋਂਦ ਹੀ ਹੈ ਜਿਸ ਕੋਲ ਗੁਰੂ ਹੈ, ਧਰਮ ਗ੍ਰੰਥ ਹਨ, ਸਾਧਸੰਗਤ ਹੈ ਅਤੇ ਉਸ ਸਭ ਕੁਝ ਦੀ ਵਿਆਖਿਆ ਹੈ।"[118]

**ਬਿਨਸਣਹਾਰ**

ਸਰੀਰ ਦੀ ਇੱਕ ਪਾਸੇ ਵਡਿਆਈ ਕੀਤੀ ਹੈ। ਉਥੇ ਇਸ ਦੀ ਸਥਿਰਤਾ ਦਾ ਕੋਈ ਪੱਕਾ ਭਰੋਸਾ ਨਹੀਂ ਹੈ। ਫਰੀਦ ਜੀ ਅਨੁਸਾਰ ਇਸ ਸਰੀਰ ਦੇ ਨਿਰਮਾਣ ਵਿਚ ਮਾਤਾ ਦੇ ਗਰਭ ਵਿਚ ਕੁਝ ਮਹੀਨੇ ਲੱਗਦੇ ਹਨ ਪਰ ਇਸ ਦਾ ਅੰਤ ਹੋਣ ਲੱਗਿਆ ਇਕ ਛਿਨ ਲੱਗਦਾ ਹੈ।[119] ਗੁਰੂ ਅਮਰਦਾਸ ਜੀ ਨੇ ਦੇਹੀ ਨੂੰ ਕੱਚੀ ਅਤੇ ਕਾਗਜ਼ ਵਾਂਗ ਦੱਸਿਆ ਹੈ।[120] ਉਹ ਵਿਅਕਤੀ ਮੂਰਖ ਹਨ ਜੋ ਸਰੀਰ ਨੂੰ ਸਥਿਰ ਸਮਝਦੇ ਹਨ। ਜਦੋਂ ਸਰੀਰ ਹੀ ਨਹੀਂ ਰਹਿਣਾ ਤਾਂ ਰਾਜ ਭਾਗ ਕਿਸਦੇ ਵਿਚਾਰੇ ਹਨ। ਸਰੀਰ ਕਰਕੇ ਜੋ ਸੁਲਤਾਨ, ਖਾਨ ਕਹਾਉਂਦੇ ਹਨ ਉਹ ਸਭ ਖਾਕ ਹੋ ਗਏ ਹਨ।[121] ਇਸ ਸਰੀਰ ਨੂੰ ਤਿੰਨ ਗੁਣਾਂ ਰਜੋ, ਤਮੋ ਅਤੇ ਸਤੋ ਨੇ ਬੰਨ੍ਹਿਆ ਹੋਇਆ ਹੈ। ਇਸ ਕਰਕੇ ਹੀ ਇਸ ਸਰੀਰ ਵਿਚ ਕਦੇ ਰਜੋਗੁਣੀ, ਕਦੇ ਤਮੋਗੁਣੀ ਅਤੇ ਕਦੇ ਸਤੋਗੁਣੀ ਵਿਚਾਰ ਆਉਂਦੇ ਅਤੇ ਜਾਂਦੇ ਹਨ। ਇਸ ਸਰੀਰ ਦੀ ਨਾਸ਼ਮਾਨਤਾ ਨੂੰ ਤੱਕਦੇ ਹੋਏ ਹੀ ਭਗਤ ਕਬੀਰ ਜੀ ਨੇ ਦੱਸਿਆ ਹੈ ਕਿ ਤੂੰ ਬੰਦਗੀ ਕਰ ਕਿਉਂਕਿ ਸਰੀਰ ਦੇ ਅੰਤ ਹੋਣ ਨਾਲ ਕੁਝ ਵੀ ਨਹੀਂ ਕੀਤਾ ਜਾਣਾ।[122] ਇਹ ਸਰੀਰ ਮਾਇਆ ਦਾ ਪੁਤਲਾ ਹੈ ਜਿਸ ਵਿਚ ਦੁਸ਼ਟ ਹਉਮੈਂ ਵਾਸ ਕਰਦੀ ਹੈ।[123] ਇੱਕ ਦਿਨ ਇਹ ਸਰੀਰ ਇਉਂ ਉਡੇਗਾ ਜਿਵੇਂ ਧਰਤੀ ਉੱਪਰ ਧੂੜ ਉਡਦੀ ਹੈ।[124] ਅਗਿਆਨਤਾ ਕਾਰਨ ਇਹ ਜੀਵ ਦੁਨਿਆਵੀ ਰਿਸ਼ਤਿਆਂ ਨੂੰ ਆਪਣਾ ਮੰਨਦਾ ਹੈ। ਇਹ ਦੁਨਿਆਵੀ ਦੁੱਖਾਂ ਕਰਕੇ ਦੁਖੀ ਹੁੰਦਾ ਹੈ ਅਤੇ ਛਿਨ ਭੰਗਰਤਾ ਦੇ ਸੁਖ ਵਿਚ ਸੁਖ ਮਹਿਸੂਸ ਕਰਦਾ ਹੈ। ਪਹਿਲਾਂ ਭੁਲੇਖਾ ਹੀ ਇਹ ਹੈ ਕਿ ਇਹ ਸਰੀਰ ਨੂੰ ਆਪਣਾ ਸਮਝਦਾ ਹੈ। ਇਹ ਸਰੀਰ ਮੁੜ-ਮੁੜ ਦੁਨੀਆਂਦਾਰੀ ਵਿਚ ਗਲਤਾਨ ਹੋਈ ਜਾਂਦਾ ਹੈ। ਪੁੱਤਰ, ਇਸਤਰੀ ਅਤੇ ਗ੍ਰਿਹਸਤੀ ਇਸਦੇ ਗਲ ਦੀ ਫਾਹੀ ਹਨ ਜਿਸ ਕਰਕੇ ਇਹ ਪਰਮਾਰਥ ਦੇ ਰਸਤੇ 'ਤੇ ਨਹੀਂ ਚੱਲ ਰਿਹਾ।[125] ਸਾਡੇ ਦੇਖਦਿਆਂ-ਦੇਖਦਿਆਂ ਸਰੀਰ ਬਦਲਦਾ ਜਾ ਰਿਹਾ ਹੈ। ਮਨੁੱਖ ਅਨੇਕ ਤਰੀਕਿਆਂ

---

[117] ਪੂਰਨ ਸਿੰਘ, *ਮਨੋ ਵਿਕਾਸ,* ਪੰਨਾ-92.

[118] ਰਾਜਿੰਦਰ ਕੌਰ ਰੋਹੀ, *ਉਹੀ,* ਪੰਨਾ-63.

[119] *ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ॥* ਰਾਗ ਆਸਾ, ਸੇਖ ਫਰੀਦ, 488.

[120] *ਦੇਹੀ ਕਾਚੀ ਕਾਗਦ ਮਿਕਦਾਰਾ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ॥* ਰਾਗ ਮਾਰੂ ਮ:੩, 1048.

[121] *ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥ ਨਾਵ ਜਿਨਾ ਸੁਲਤਾਨ ਖਾਨ ਹੁੰਦੇ ਡਿਠੇ ਖੇਹ॥* ਰਾਗ ਸਿਰੀਰਾਗ ਮ: ੧, 16.

[122] *ਜਬ ਲਗ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥ ਜਬ ਲਗ ਬਿਕਲ ਭਈ ਨਹੀ ਬਾਨੀ॥ ਭਜ ਲੇਹਿ ਰੇ ਮਨ ਸਾਰਿਗਪਾਨੀ॥ ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥* ਰਾਗ ਭੈਰਉ, ਕਬੀਰ ਜੀ, 1159.

[123] *ਇਹ ਸਰੀਰ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥* ਰਾਗ ਸਿਰੀਰਾਗ ਮ: ੩, 31

[124] *ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥* ਰਾਗ ਗਉੜੀ ਚੇਤੀ ਮ: ੨, 154

[125] *ਪ੍ਰਾਣੀ ਜਾਣੈ ਇਹੁ ਤਨੁ ਮੇਰਾ॥ ਬਹੁਰਿ ਬਹੁਰਿ ਉਆਹੂ ਲਪਟੇਰਾ॥ ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥ ਹੋਨੁ ਨ ਪਾਈਐ ਰਾਮ ਕੇ ਦਾਸਾ ॥*ਰਾਗ ਗਉੜੀ ਗੁਆਰੇਰੀ ਮ: ੫, 180.

ਰਾਹੀਂ ਇਸ ਸਰੀਰ ਦੀ ਸੰਭਾਲ ਕਰਦਾ ਹੈ। ਪਰ ਮਰਨ ਬਾਅਦ ਇਹ ਸਰੀਰ ਅੱਗ ਵਿਚ ਸਾੜ ਦਿੱਤਾ ਜਾਂਦਾ ਹੈ।[126] ਮਨੁੱਖ ਨੇ ਇਸ ਸਰੀਰ ਰਾਹੀਂ ਬਹੁਤ ਸਾਰੀਆਂ ਵਿੱਦਿਆਵਾਂ, ਹੱਥੀਂ ਕਿਰਤਾਂ ਸਿੱਖੀਆਂ ਪਰ ਇਸਨੇ ਮੌਤ ਨੂੰ ਨਹੀਂ ਸਿੱਖਿਆ।[127] ਦੁਨੀਆਂਦਾਰੀ ਦੇ ਸਾਰੇ ਸਬੰਧ ਇਸ ਸਰੀਰ ਕਰਕੇ ਹੀ ਹਨ। ਮੌਤ ਤੋਂ ਬਾਅਦ ਪਤਨੀ ਹੀ ਪਤੀ ਦੇ ਮ੍ਰਿਤਕ ਸਰੀਰ ਨੂੰ ਪ੍ਰੇਤ-ਪ੍ਰੇਤ ਆਖਣ ਲੱਗ ਪੈਂਦੀ ਹੈ।[128] ਸਰੀਰ ਕੱਚੀ ਗਾਗਰ ਦੀ ਤਰ੍ਹਾਂ ਹੈ ਜੋ ਪਾਣੀ ਪੈਂਦੇ ਸਾਰ ਹੀ ਟੁੱਟ ਜਾਂਦੀ ਹੈ। ਇਹ ਸਰੀਰ ਬਿਨਸਨਹਾਰ ਹੈ।[129] ਸਰੀਰ ਦੁਬਾਰਾ ਪ੍ਰਾਪਤ ਨਹੀਂ ਹੋਣਾ ਜਿਉਂ ਕਾਠ ਦੀ ਹਾਂਡੀ ਚੁੱਲੇ ਉੱਪਰ ਕੇਵਲ ਇੱਕ ਵਾਰ ਹੀ ਚੜਦੀ ਹੈ, ਦੁਬਾਰਾ ਨਹੀਂ।[130] ਬਚਪਨ, ਜੁਆਨੀ ਅਤੇ ਬੁਢਾਪਾ ਇਸ ਸਰੀਰ ਦੀਆਂ ਤਿੰਨ ਅਵਸਥਾਵਾਂ ਹਨ।[131] ਜ਼ਿੰਦਗੀ ਦਾ ਪਲ-ਪਲ ਮੌਤ ਦੇ ਨੇੜੇ ਲੈ ਕੇ ਜਾ ਰਿਹਾ ਹੈ। ਇਥੋਂ ਤੱਕ ਸਰੀਰ ਦੀ ਉਤਪਤੀ ਵੇਲੇ ਤੋਂ ਹੀ ਇਸ ਦਾ ਮਰਨ ਦਿਨ ਨਿਸ਼ਚਿਤ ਹੋ ਚੁੱਕਾ ਹੈ।[132] ਇਹ ਸਰੀਰ ਕੱਪੜੇ ਵਾਂਗ ਹੈ ਜਿਵੇਂ ਕੱਪੜਾ ਫਟ ਜਾਂਦਾ ਹੈ। ਇਵੇਂ ਹੀ ਇਹ ਸਰੀਰ ਦਾ ਵੀ ਇਕ ਦਿਨ ਅੰਤ ਆਵੇਗਾ।[133]

**ਸਰੀਰ ਦੀ ਅੰਦਰੂਨੀ ਹਾਲਤ**

ਇਹ ਸਰੀਰ ਬਹੁਤ ਵੱਡਾ ਕਿਲ੍ਹਾ ਹੈ। ਉਹ ਮੂਰਖ ਹਨ ਜੋ ਵਿਅਕਤੀ ਸਰੀਰ ਤੋਂ ਬਾਹਰ ਜਾ ਕੇ ਖਜ਼ਾਨੇ ਜਾਂ ਸ਼ਾਂਤੀ ਭਾਲਦੇ ਹਨ।[134] ਰੱਬ ਨੇ ਸਰੀਰ ਰੂਪੀ ਚੋਲਾ ਭਗਤੀ ਕਰਨ ਲਈ ਦਿੱਤਾ ਹੈ।[135] ਭਗਤ ਪੀਪਾ ਜੀ ਤਾਂ ਇਸ ਤਨ ਨੂੰ ਪ੍ਰਮਾਤਮਾ, ਮੰਦਰ, ਤੀਰਥ, ਧੂਪ, ਦੀਵਾ, ਰੱਬ ਨੂੰ ਭੇਟ ਕਰਨ ਵਾਲੇ ਫੁੱਲ ਕਥਨ ਕਰਦੇ ਹਨ। ਜੋ ਸਾਧਕ ਇਸ ਤਨ ਨੂੰ ਖੋਜਦੇ ਹਨ ਉਹ ਪ੍ਰਾਪਤ ਕਰਦੇ ਹਨ।[136] ਇਸ ਸਰੀਰ ਵਿਚ ਹੀ ਨੌ ਨਿਧੀਆਂ ਦੇਣ ਵਾਲਾ ਅੰਮ੍ਰਿਤ ਰੂਪੀ ਪ੍ਰਭੂ ਦਾ ਨਾਮ ਹੈ।[137] ਇਸ ਸਰੀਰ ਵਿਚ ਸਮੁੱਚਾ ਬ੍ਰਹਿਮੰਡ ਸਮਾਇਆ ਹੋਇਆ ਹੈ।[138] ਜਿਸ ਤਰ੍ਹਾਂ ਸਾਡੇ ਖੂਨ ਦਾ ਇਕ ਤੁਪਕਾ ਲੈ ਕੇ ਡਾਕਟਰ ਜਾਣ ਲੈਂਦੇ ਹਨ ਕਿ ਸਾਡੇ ਸਰੀਰ ਵਿਚ ਕੀ ਬਿਮਾਰੀ ਹੈ? ਉਸ ਤਰ੍ਹਾਂ ਹੀ ਸਮੁੱਚਾ ਬ੍ਰਹਿਮੰਡ ਇਕ ਸਰੀਰ ਵਿਚ ਵਸਦਾ ਹੈ। ਸਾਰੀ ਧਰਤੀ ਨੂੰ ਨੌ ਖੰਡਾਂ ਵਿਚ ਵੰਡਿਆ ਹੋਇਆ ਹੈ। ਇਹ ਨੌ ਖੰਡ ਹਨ- ਇਲਾਬ੍ਰਤ ਖੰਡ, ਹਿਰਨ ਖੰਡ,

---

[126] *ਅਨਿਕ ਜਤਨ ਕਰਿ ਕਾਇਆ ਪਾਲੀ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥* ਰਾਗ ਗਉੜੀ, ਕਬੀਰ, 325.

[127] *ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ॥* ਰਾਗ ਆਸਾ ਮ: ੧, 434.

[128] *ਘਰਿ ਕੀ ਨਾਰਿ ਬਹੁਤੁ ਹਿਤ ਜਾ ਸਿਉ ਸਦਾ ਰਹਤ ਸੰਗਿ ਲਾਗੀ॥ ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥* ਰਾਗ ਸੋਰਠ ਮ:੯, 634.

[129] *ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਆ ਬਡਾਈ॥* ਰਾਗ ਸੋਰਠ, ਕਬੀਰ, 654.

[130] *ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ॥* ਸਲੋਕ, ਕਬੀਰ, 1368.

[131] *ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥* ਸਲੋਕ ਮ: ੯, 1428.

[132] *ਮਰਣੁ ਲਿਖਾਇ ਮੰਡਲ ਮਹਿ ਆਏ॥* ਰਾਗ ਧਨਾਸਰੀ ਮ: ੧, 685.

[133] *ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥* ਰਾਗ ਤਿਲੰਗ ਮ: ੧, 723.

[134] ਵਿਣੁ *ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥ ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥* ਰਾਗ ਗਉੜੀ ਮ: ੪, 309.

[135] *ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ॥* ਰਾਗ ਸੋਰਠ ਮ: ੩, 646.

[136] *ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥* ਰਾਗ ਧਨਾਸਰੀ, ਪੀਪਾ ਜੀ, 695.

[137] *ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮ॥* ਰਾਗ ਗਉੜੀ ਸੁਖਮਨੀ ਮ: ੫, 293.

[138] *ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥* ਰਾਗ ਸੂਹੀ ਮ: ੩, 754.

ਕਿੰਪੁਰਖ ਖੰਡ, ਹਰਵਰਖ ਖੰਡ, ਕੁਰੂ ਖੰਡ, ਕੇਤਮਾਲ ਖੰਡ, ਰੰਮਕ ਖੰਡ, ਭੱਦਰ ਖੰਡ ਅਤੇ ਭਰਤ ਖੰਡ।[139] ਉਹ ਸਾਰੇ ਇਸ ਸਰੀਰ ਵਿਚ ਵੀ ਵੱਸਦੇ ਹਨ। ਸਰੀਰ ਵਿਚ ਛੇ ਚੱਕਰ ਹਨ।[140] ਛੇ ਚੱਕ੍ਰਾਂ ਬਾਰੇ ਮਹਾਨ ਕੋਸ਼ ਦਾ ਕਥਨ ਹੈ:

> ਯੋਗੀਆਂ ਦੇ ਮੰਨੇ ਹੋਏ ਛੀਚਕ੍ਰ 'ਉਲਟਤ ਪਵਨ ਚਕ੍ਰ ਖਟ ਭੇਦੇ' (ਗਉ ਕਬੀਰ) (ੳ) ਮੂਲਾਧਾਰ, ਗੁਦਾਮੰਡਲ ਦਾ ਚਕ੍ਰ ਹੈ, ਜਿਸ ਵਿਚ ਮੂਧੇ ਮੁਖ ਦਾ ਚਾਰ ਪਾਖੁੜੀ ਵਾਲਾ ਪੀਲਾ ਕਮਲ ਹੈ। (ਅ) ਸਾਵਿਪੂਰਚਕ੍ਰ-ਨਾਭਿ ਦੇ ਮੂਲ ਵਿਚ ਹੈ ਜੋ ਨੀਲੇ ਰੰਗ ਦਾ ਊਰਧਮੁਖ ਦਸ ਪੱਤੀਆਂ ਦਾ ਕਮਲ ਹੈ।(ਸ) ਅਨਾਹਤਚਕ੍ਰ ਬਾਰਾਂ ਦਲ ਦਾ ਸ_ਰਣਰੰਗਾ ਕਮਲ ਹਿਰਦੇ ਵਿਚ ਹੈ।(ਹ) ਵਿਸ਼ੁੱਧ ਚਕ੍ਰ-ਲਾਲ ਰੰਗ ਦਾ ਊਰਧਮਖ ਸੋਲਾਂ ਦਲ ਦਾ ਕਮਲ ਕੰਠ ਵਿਚ ਹੈ(2) ਆਗਯ ਚਕ੍ਰ ਭੌਂਤਾਂ ਦੇ ਮੱਧ ਦੋ ਪਾਖੰੜੀਆਂ ਦਾ ਊਰਧਮੁਖ ਚਿੱਟਾ ਕਮਲ ਹੈ, ਇਨ੍ਹਾਂ ਛੇ ਚੱਕ੍ਰਾਂ ਤੋਂ ਛੁੱਟ, ਯੋਗੀ ਇੱਕ ਸੱਤਵਾਂ ਚਕ੍ਰ ਦਸ਼ਮਦੁਆਰ ਵਿਚ ਭੀ ਮੰਨਦੇ ਹਨ, ਜਿਸ ਨੂੰ ਜਯੰਤਿਰੂਪ ਦਾ ਸਿੰਘਾਸਨ ਆਖਦੇ ਹਨ, ਇਹ ਹਜ਼ਾਰ ਪਾਂਖੁੜੀ ਦਾ ਸਫੈਦ ਕਮਲ ਹੈ। ਖਟਚਕ੍ਰ ਵਾਲਾ ਦੇਹ ਸਰੀਰ, "ਛਠਿ ਖਟਚਕ੍ਰ ਛਹੂ ਦਿਸਿ ਧਾਇ, (ਗਉੜੀ ਕਬੀਰ ਬਾਵਨ)।[141]

ਉਪਰੋਕਤ ਵਿਚਾਰ ਯੋਗੀਆਂ ਦੇ ਹਨ। ਉਨ੍ਹਾਂ ਮੁਤਾਬਕ ਸਾਡੇ ਨੱਕ ਦੀ ਸੱਜੀ ਨਾਸ ਸੂਰਜ ਅਤੇ ਖੱਬੀ ਨਾਸ ਚੰਦ ਦਾ ਪ੍ਰਤੀਕ ਹੈ।[142] ਭਗਤ ਜੈਦੇਵ ਜੀ ਨੇ ਯੋਗੀਆਂ ਦੇ ਇਸ ਅਭਿਆਸ ਦਾ ਜ਼ਿਕਰ ਕੀਤਾ ਹੈ।[143] ਇਸ ਸਰੀਰ ਵਿਚ ਵਾਹਿਗੁਰੂ ਨੇ ਆਪਣੀ ਜੋਤ ਰੱਖੀ ਹੋਈ ਹੈ। ਉਹ ਜੋਤ ਆਤਮਾ ਹੈ।[144] ਪ੍ਰਭੂ ਨੇ ਸਰੀਰ ਦੀ ਸਾਜਨਾ ਵੇਲੇ ਸਰੀਰ ਰੂਪੀ ਗੁਫਾ ਵਿਚ ਸਵਾਸਾਂ ਰੂਪੀ ਵਾਜਾ ਵਜਾਇਆ। ਬੋਲਣ ਦੀ ਸ਼ਕਤੀ ਦਿੱਤੀ। ਮੂੰਹ, ਦੋ ਕੰਨ ਦੇ ਸੁਰਾਖ, ਦੋ ਨੱਕ ਦੇ ਸੁਰਾਖ, ਦੋ ਅੱਖਾਂ ਦੇ ਸੁਰਾਖ, ਗੁਦਾ ਅਤੇ ਲਿੰਗ ਸਰੀਰ ਦੇ ਨੌਂ ਦਰਵਾਜ਼ੇ ਹਨ। ਦਸਵਾਂ ਦੁਆਰਾ ਗੁਪਤ ਹੈ ਜੋ ਗੁਰੂ ਰਾਹੀਂ ਪ੍ਰਾਪਤ ਹੁੰਦਾ ਹੈ।[145] ਇਸ ਤਰ੍ਹਾਂ ਸਰੀਰ ਰੂਪੀ ਨਗਰੀ ਦੇ ਨੌਂ ਦਰਵਾਜੇ ਹਨ।[146] ਸਭ ਰਸ ਦੇਹੀ ਅੰਦਰ ਹਨ।[147] ਇਸ ਸਰੀਰ ਦੀ ਕਦਰ ਗੁਰਮੁਖਾਂ ਨੇ ਪਾਈ ਹੈ। ਗੁਰਮੁਖਾਂ ਨੇ ਇਸ ਸਰੀਰ ਨੂੰ ਪ੍ਰਾਪਤ ਕਰਕੇ ਭਲੇ ਕੰਮ ਕੀਤੇ ਹਨ।[148] ਇਸ ਸਰੀਰ ਦਾ ਮੂਲ ਮਾਇਆ ਹੈ।[149] ਇਹ ਸਰੀਰ ਕਦੇ ਬਹੁਤਾ ਖੁਸ਼ ਹੋ ਜਾਂਦਾ ਹੈ ਅਤੇ ਕਦੇ ਬਹੁਤਾ ਨਿਰਾਸ਼। ਇਹ ਹਰਖ ਅਤੇ ਸੋਗ ਦਾ ਪਿੰਡ ਹੈ।[150] ਇਸ ਸਰੀਰ ਰੂਪੀ ਨਗਰ ਵਿਚ ਪੰਜ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਸਦੇ ਹਨ। ਸਰੀਰ ਰੂਪੀ ਪਿੰਡ ਦੀ ਮਾਲਕ ਆਤਮਾ ਹੈ।[151] ਕਬੀਰ ਜੀ ਤਾਂ ਇਥੇ ਤੱਕ ਕਹਿੰਦੇ ਹਨ ਕਿ ਇਸ ਸਰੀਰ ਦੇ ਜ਼ਿੰਮੇ ਅਨੇਕ ਕੰਮ ਹਨ ਉਨ੍ਹਾਂ ਸਾਰਿਆਂ ਤੋਂ ਵਧੇਰੇ ਤਵੱਜੋਂ ਨਾਮ ਸਿਮਰਨ ਨੂੰ ਦੇਣੀ

---

139 ਕਿਰਪਾਲ ਸਿੰਘ (ਡਾ.) *ਸ੍ਰੀ ਗੁਰੂ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ,* ਪੰਨੇ 75-79.

140 *ਖਟੁ ਮਟੁ ਦੇਹੀ ਮਨੁ ਬੈਰਾਗੀ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥* ਰਾਗ ਰਾਮਕਲੀ ਮ: ੧, 903.

141 *ਮਹਾਨ ਕੋਸ਼,* ਪੰਨਾ-364.

142 *ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ॥* ਰਾਗ ਰਾਮਕਲੀ ਮ: ੧, 907.

143 *ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਸਤੁ ਕੀਆ॥* ਰਾਗ ਮਾਰੂ, ਭਗਤ ਜੈਦੇਵ, 1106.

144 *ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥* ਰਾਗ ਰਾਮਕਲੀ ਮ: ੩, 921.

145 *ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥ ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥* ਰਾਗ ਰਾਮਕਲੀ ਮ: ੩, 922.

146 *ਦੇਹੀ ਨਗਰੀ ਨਉ ਦਰਵਾਜੇ॥ ਸਿਰਿ ਸਿਰਿ ਕਰਣੈਹਾਰੈ ਸਾਜੇ॥ ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ॥* ਰਾਗ ਮਾਰੂ ਮ: ੫, 1039.

147 *ਸਭਿ ਰਸ ਦੇਹੀ ਅੰਦਰਿ ਪਾਏ॥* ਰਾਗ ਮਾਰੂ ਮ: ੩, 1056.

148 *ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ॥ ਮੇਰੈ ਠਾਕੁਰਿ ਇਹ ਬਣਤ ਬਣਾਈ॥ ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ॥* ਰਾਗ ਮਾਰੂ ਮ: ੩, 1066.

149 *ਏਹੁ ਸਰੀਰੁ ਸਭ ਮੂਲੁ ਹੈ ਮਾਇਆ॥* ਰਾਗ ਮਾਰੂ ਮ: ੩, 1065.

150 *ਹਰਖ ਸੋਗ ਕਾ ਨਗਰੁ ਇਹੁ ਕੀਆ॥* ਰਾਗ ਮਾਰੂ ਮ: ੫, 1075.

151 *ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ॥* ਰਾਗ ਤੁਖਾਰੀ ਮ: ੪, 1117.

ਚਾਹੀਦੀ ਹੈ।[152] ਸਰੀਰ ਬਹੱਤਰ ਰੱਸੀਆਂ ਭਾਵ ਬਹੱਤਰ ਹਜ਼ਾਰ ਨਾੜੀਆਂ ਨਾਲ ਕੱਸਿਆ ਪਿਆ ਹੈ।[153] ਤਿੰਨਾਂ ਗੁਣਾਂ ਤੋਂ ਇਹ ਸਰੀਰ ਬਣਿਆ ਹੈ। ਇਸ ਸਰੀਰ ਦਾ ਆਧਾਰ ਅੰਨ ਅਤੇ ਪਾਣੀ ਹੈ।[154] ਇਸ ਸਰੀਰ ਵਿਚ ਗੁਣ ਅਤੇ ਔਗੁਣ ਦੋਨੋਂ ਹੀ ਮੌਜੂਦ ਹਨ। ਇਸ ਸਰੀਰ ਵਿਚ ਸਭ ਕੁਝ ਦਾ ਭਾਵ ਵੀ ਇਹੀ ਹੈ ਕਿ ਇਸ ਸਰੀਰ ਵਿਚ ਬਰਬਾਦੀ ਅਤੇ ਆਬਾਦੀ ਦੋਹਾਂ ਤਰ੍ਹਾਂ ਦਾ ਮਸਾਲਾ ਹੈ। ਇਸ ਸਰੀਰ ਵਿਚ ਆਕਾਸ਼ ਤੋਂ ਉੱਚੀਆਂ ਅਤੇ ਸਮੁੰਦਰ ਤੋਂ ਡੂੰਘੀਆਂ ਆਸਾਂ ਸਮਾਈਆਂ ਹੋਈਆਂ ਹਨ। ਬਾਹਰੀ ਤੌਰ 'ਤੇ ਸਰੀਰਕ ਅੰਗਾਂ ਦਾ ਪਤਾ ਲੱਗਦਾ ਹੈ ਪਰ ਅੰਦਰੂਨੀ ਤੌਰ 'ਤੇ ਇਸ ਵਿਚ ਵਿਚਰਦੀਆਂ ਸ਼ਕਤੀਆਂ ਗੁਪਤ ਹਨ। ਭਗਤ ਰਵਿਦਾਸ ਜੀ ਅਨੁਸਾਰ ਸਰੀਰ ਦੀ ਬਣਤਰ ਇਸ ਤਰ੍ਹਾਂ ਹੈ ਕਿ ਪਾਣੀ ਦੀ ਕੰਧ ਹੈ, ਪਵਨ ਦੇ ਥੰਮ ਹਨ। ਮਾਂ ਦੀ ਰਕਤ ਅਤੇ ਪਿਤਾ ਦੇ ਬਿੰਦ ਦਾ ਗਾਰਾ, ਹੱਡੀ, ਮਾਸ ਅਤੇ ਨਾੜੀਆਂ ਦਾ ਪਿੰਜਰ ਹੈ।[155] ਇਸ ਸਰੀਰ ਦੀ ਰਚਨਾ, ਪੰਜ ਤੱਤਾਂ ਤੋਂ ਕੀਤੀ ਗਈ ਹੈ। ਇਹ ਪ੍ਰਭੂ ਦੀ ਵਡਿਆਈ ਹੈ। ਉਸ ਨੇ ਪਾਣੀ, ਅਗਨੀ, ਆਕਾਸ਼ ਮਿੱਟੀ ਅਤੇ ਹਵਾ ਨੂੰ ਇਸ ਤਰਤੀਬ ਨਾਲ ਬੰਨਿਆ ਹੈ ਕਿ ਉਸਦੀ ਇਸ ਕਿਰਤ ਤੋਂ ਬਲਿਹਾਰੇ ਜਾਈਏ। ਗੁਰੂ ਰਾਮਦਾਸ ਜੀ ਅਨੁਸਾਰ ਇਹ ਸਰੀਰ ਕਾਮ ਅਤੇ ਕਰੋਧ ਨਾਲ ਭਰਿਆ ਪਿਆ ਹੈ।[156] ਕਾਮ ਕ੍ਰੋਧ  ਚੰਡਾਲ ਹਨ ਜੋ ਸਰੀਰ ਵਿੱਚ ਵੱਸਦੇ ਹਨ।[157] ਇਸ ਵਿਚ ਮਾਇਆ ਅਤੇ ਦੁਸ਼ਟ ਹਉਮੈਂ ਵਾਸਾ ਕਰਦੀ ਹੈ।[158] ਗੁਰਮਤਿ ਨੇ ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਸ਼ਰੀਕ ਕਿਹਾ ਹੈ। ਹੁਣ ਸ਼ਰੀਕਾਂ ਦਾ ਕੰਮ ਝਗੜੇ ਕਰਨਾ ਅਤੇ ਕਰਾਉਣਾ ਹੁੰਦਾ ਹੈ। ਇਵੇਂ ਹੀ ਸਾਡੇ ਸਰੀਰ ਵਿਚ ਵੀ ਲੜਾਈ ਹੋ ਰਹੀ ਹੈ। ਇਹ ਲੜਾਈ ਨੇਕੀ ਅਤੇ ਬਦੀ ਦੀ ਹੈ। ਉਪਰੋਕਤ ਪੰਜੇ ਸ਼ਰੀਕ ਸਰੀਰ ਨੂੰ ਬੁਰੇ ਰਸਾਂ ਵਿਚ ਉਲਝਾਈ ਰੱਖਦੇ ਹਨ ਪਰ ਗੁਰੂ ਦੀ ਕਿਰਪਾ ਰਾਹੀਂ ਇਹ ਪੰਜੇ ਕਾਬੂ ਵਿਚ ਆ ਜਾਂਦੇ ਹਨ।[159] ਇਸ ਸਰੀਰ ਵਿਚ ਮਨ ਅਤੇ ਆਤਮਾ ਹਨ। ਪਰ ਬਹੁਤੇ ਸਾਧਕ ਕੇਵਲ ਤਨ ਦੀ ਹੱਦ ਤੱਕ ਮਹਿਦੂਦ ਰਹਿ ਜਾਂਦੇ ਹਨ। ਉਹ ਤਨ ਵਿਚ ਮਨ ਅਤੇ ਆਤਮਾ ਨੂੰ ਨਹੀਂ ਦੇਖ ਸਕਦੇ।[160] ਸਰੀਰ ਵਿਚ ਅਨੇਕ ਅੰਦਰੂਨੀ ਬਿਮਾਰੀਆਂ ਹਨ। ਇਹ ਬਿਮਾਰੀਆਂ ਚਿੱਤ ਨੂੰ ਇਕਾਗਰ ਨਹੀਂ ਹੋਣ ਦਿੰਦੀਆਂ। ਆਧਿ, ਬਿਆਧਿ ਅਤੇ ਉਪਾਧਿ ਤਿੰਨ ਤਾਪ ਹਨ। ਇਨ੍ਹਾਂ ਨਾਲ ਸਾਧਕ ਦੀ ਰੂਹਾਨੀਅਤ ਉੱਨਤੀ ਰੁਕ ਜਾਂਦੀ ਹੈ।[161] ਜਿਥੇ ਪੰਜ ਸ਼ਰੀਕ ਇਸ ਜੀਵ ਨੂੰ ਗੁੰਮਰਾਹ ਕਰਦੇ ਹਨ ਉਥੇ ਪੰਜ ਮਿੱਤਰ ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਇਸਦੀ ਮਦਦ ਵੀ ਕਰਦੇ ਹਨ। ਇਹ ਪੰਜੇ ਮਿੱਤਰ ਪੰਜਾਂ ਚੋਰਾਂ ਨੂੰ ਇਸ ਸਰੀਰ ਵਿਚੋਂ ਭਜਾ ਦਿੰਦੇ

---

152 *ਇਸੁ ਦੇਹੀ ਕੇ ਅਧਿਕ ਕਾਮ॥ ਕਹਿ ਕਬੀਰ ਭਜਿ ਰਾਮ ਨਾਮ॥* ਰਾਗ ਬਸੰਤ, ਕਬੀਰ, 1194.

153 *ਕਸਨਿ ਬਹਤਰਿ ਲਾਗੀ ਤਾਹਿ॥* ਰਾਗ ਬਸੰਤ, ਕਬੀਰ, 1194.

154 *ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥* ਸਲੋਕ ਸੇਖ ਫਰੀਦ, 1384.

155 *ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥* ਰਾਗ ਸੋਰਠ, ਰਵਿਦਾਸ, 659.

156 *ਕਾਮ ਕਰੋਧਿ ਨਗਰੁ ਬਹੁ ਭਰਿਆ॥ ਮਿਲਿ ਸਾਧੂ ਖੰਡਲ ਖੰਡਾ ਹੇ॥* ਰਾਗ ਗਉੜੀ ਪੂਰਬੀ, ਮ: ੪, 171.

157 *ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥* ਰਾਗ ਸਿਰੀਰਾਗ ਮ: ੧, 24.

158 *ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥* ਰਾਗ ਸਿਰੀਰਾਗ ਮ: ੩, 31.

159 *ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ॥* ਰਾਗ ਸਿਰੀਰਾਗ ਮ: ੫, 73.

160 *ਸਿਧ ਸਾਧਿਕ ਮੋਨਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥* ਰਾਗ ਮਾਝ ਮ: ੩, 124.

161 *ਤਨ ਮਹਿ ਹੋਤੀ ਕੋਟਿ ਉਪਾਧਿ॥ ਉਲਟਿ ਭਈ ਸੁਖ ਸਹਜਿ ਸਮਾਧਿ॥ ਆਪ ਪਛਾਨੇ ਆਪੈ ਆਪ॥ ਰੋਗੁ ਨ ਬਿਆਪੈ ਤੀਨੋ ਤਾਪ॥* ਰਾਗ  ਗਉੜੀ, ਕਬੀਰ 327.

ਹਨ।[162] ਪੰਜ ਚੋਰ ਵਰਜਤ ਕੰਮ ਕਰਦੇ ਪਏ ਹਨ।[163] ਇਹ ਕਾਇਆ ਔਗੁਣਾਂ, ਦੁਖਾਂ ਅਤੇ ਰੋਗਾਂ ਨਾਲ ਭਰੀ ਪਈ ਹੈ। ਪੰਜੇ ਚੋਰ ਇਸ ਸਰੀਰ ਦੇ ਅੰਮ੍ਰਿਤ ਨੂੰ ਲੁੱਟ ਰਹੇ ਹਨ ਪਰ ਕੋਈ ਪੁਕਾਰ ਨਹੀਂ ਸੁਣ ਰਿਹਾ।[164] ਬਾਹਰੀ ਚੋਰੀ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਹਨ ਪਰ ਅੰਦਰੂਨੀ ਚੋਰੀ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ। ਇਹ ਪੰਜੇ ਸਰੀਰ ਦੇ ਸਮੇਂ ਨੂੰ, ਸਵਾਸਾਂ ਨੂੰ ਅਤੇ ਆਤਮਿਕ ਅਨੰਦ ਨੂੰ ਖ਼ਤਮ ਕਰਦੇ ਜਾ ਰਹੇ ਹਨ। ਪੰਜਾਂ ਨੇ ਸਰੀਰ ਰੂਪੀ ਕਿਲ੍ਹੇ ਨੂੰ ਆਪਣੇ ਅਧੀਨ ਕਰਕੇ ਇਸ ਉਪਰ ਰਾਜਿਆਂ ਵਾਂਗ ਰਾਜ ਕਰਨਾ ਸ਼ੁਰੂ ਕੀਤਾ ਹੋਇਆ ਹੈ।[165] ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸਰੀਰ ਹਵਾ, ਪਾਣੀ, ਅੱਗ ਆਦਿਕ ਤੱਤਾਂ ਤੋਂ ਬਣਿਆ ਹੈ। ਇਸ ਵਿਚ ਚੰਚਲ ਅਤੇ ਕਦੇ ਨਾ ਮਿਟਣ ਵਾਲੀ ਬੁੱਧੀ ਦਾ ਵਾਸਾ ਹੈ।[166] ਸਰੀਰ ਰੂਪੀ ਦਰਖਤ ਉਪਰ ਮਨ ਤੋਂ ਇਲਾਵਾ ਪੰਜ ਪੰਛੀ ਹੋਰ ਬੈਠੇ ਹਨ। ਜਦੋਂ ਤੱਕ ਇਹ ਸਾਰੇ ਇਕ ਦੂਜੇ ਨਾਲ ਮਿਲਕੇ ਰਹਿੰਦੇ ਹਨ ਉਦੋਂ ਤੱਕ ਠੀਕ ਰਹਿੰਦੇ ਹਨ ਪਰ ਜਦੋਂ ਬਾਹਰਲੀ ਚੋਗ ਤੇ ਲੁਭਾਇਮਾਨ ਹੋ ਕੇ ਉੱਡਦੇ ਹਨ ਤਾਂ ਫਾਹੀ ਪੈ ਜਾਂਦੀ ਹੈ ਅਤੇ ਖੰਭ ਟੁੱਟ ਜਾਂਦੇ ਹਨ।[167] ਸਰੀਰ ਵਿਚ ਹਉਮੈਂ ਦੀ ਮੈਲ ਹੈ। ਇਸ ਦੇਹੀ ਵਿਚ ਹੀ ਸਤੁ, ਸੰਤੋਖ, ਜਤੁ, ਸਤੁ, ਸੰਜਮ ਵੀ ਵਾਸਾ ਕਰਦੇ ਹਨ।[168] ਕਬੀਰ ਜੀ ਨੇ ਦੇਹੀ ਦੀ ਅੰਦਰੂਨੀ ਹਾਲਤ ਦਾ ਨਕਸ਼ਾ ਖਿੱਚਿਆ ਹੈ। ਦੇਹੀ ਰੂਪੀ ਪਿੰਡ ਵਿਚ ਅੱਖਾਂ, ਕੰਨ, ਨੱਕ, ਮੂੰਹ, ਇੰਦਰੀ ਪੰਜ ਕਿਸਾਨ ਹਨ। ਇਹ ਪੰਜੇ ਆਤਮਾ ਦੀ ਗੱਲ ਨਹੀਂ ਮੰਨਦੇ। ਇਕ ਦਿਨ ਹਿਸਾਬ ਹੁੰਦਾ ਹੈ ਤਾਂ ਇਹ ਪੰਜੇ ਕਿਸਾਨ ਭੱਜ ਜਾਂਦੇ ਹਨ ਅਤੇ ਖਿੱਚ ਧੂਹ, ਆਤਮਾ ਦੀ ਹੁੰਦੀ ਹੈ। ਇਸ ਸਰੀਰ ਵਿਚ ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ, ਤਿੰਨ ਤਾਪ, ਚਾਰ ਅੱਗ ਦੀਆਂ ਨਦੀਆਂ ਵਗਦੀਆਂ ਹਨ। ਇਹ ਸਰੀਰ ਨੂੰ ਸਾੜ ਰਹੀਆਂ ਹਨ।[169] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਭ ਨੂੰ ਕੁੱਤਾ, ਝੂਠ ਨੂੰ ਚੂਹੜਾ ਕਿਹਾ ਹੈ।[170] ਪੰਡਿਤ ਨੂੰ ਕਿਹਾ ਹੈ ਕਿ ਤੂੰ ਆਪਣੇ ਚੌਂਕੇ ਦੁਆਲੇ ਕਾਰਾਂ (ਲਕੀਰਾਂ) ਖਿੱਚ ਕੇ ਇਸਨੂੰ ਪਵਿੱਤਰ ਸਮਝਦਾ ਹੈ ਪਰ ਕੁਬੁਧ ਰੂਪੀ ਡੂਮਣੀ, ਕੁਦਇਆ ਰੂਪੀ ਕਸਾਇਣ, ਨਿੰਦਾ ਰੂਪੀ ਚੂਹੜੀ ਅਤੇ ਕਰੋਧ ਰੂਪੀ ਚੰਡਾਲ ਤੇਰੇ ਹਿਰਦੇ ਵਿਚ ਬੈਠਾ ਹੈ।[171] ਗੁਰੂ ਜੀ ਨੇ ਇਸ ਸਰੀਰ ਨੂੰ ਹੀਰਾ, ਘੋੜੀ, ਕਮਲ, ਕੱਪੜਾ, ਰਤਨ, ਬ੍ਰਿਛ, ਹੱਟੀ, ਮੰਦਰ, ਧਰਤੀ, ਸਰੋਵਰ, ਚੰਦਨ, ਸੋਨਾ, ਵਣ (ਜੰਗਲ), ਸਮੁੰਦਰ, ਕਿਲ੍ਹਾ, ਜਜਰੀ (ਜੰਜੀਰ), ਸਿੰਬਲ, ਝੌਪੜੀ ਦੇ ਦ੍ਰਿਸਟਾਂਤਾਂ ਨਾ ਬਿਆਨ ਕੀਤਾ ਹੈ।

---

162 *ਪੰਚ ਮਨਾਏ ਪੰਚ ਰੁਸਾਏ॥ ਪੰਚ ਪੰਚ ਵਸਾਏ ਪੰਚ ਗਵਾਏ॥* ਰਾਗ ਆਸਾ ਮ: ੫, 430.

163 *ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥* ਰਾਗ ਗੂਜਰੀ ਅਸਟਪਦੀਆ ਮ: ੧, 503.

164 *ਇਸ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮ ਕ੍ਰੋਧ ਲੋਭੁ ਮੋਹ ਅਹੰਕਾਰਾ॥ ਅੰਮ੍ਰਿਤ ਲੂਟਹਿ ਮਨਮੁਖ ਨਹੀਂ ਬੂਝਹਿ ਕੋਇ ਨ ਸੂਣੇ ਪੂਕਾਰਾ॥* ਰਾਗ ਸੋਰਠਿ ਮਹਲਾ ੩, 600.

165 *ਏਕੁ ਕੋਟ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥ ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦਨੁ ਦੁਖਾਲਾ॥* ਰਾਗ ਸੂਹੀ, ਕਬੀਰ, 793.

166 *ਪਉਣੈ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕਾ ਖੇਲੁ॥* ਰਾਗ ਗਉੜੀ ਮ: ੧, 152.

167 *ਤਰਵਰ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥* ਰਾਗ ਰਾਮਕਲੀ, ਦਖਣੀ, ਮ: ੨, 934.

168 *ਸਤੁ ਸੰਤੋਖੁ ਨਗਰ ਮਹਿ ਕਾਰੀ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ॥* ਰਾਗ ਮਾਰੂ ਮ: ੨, 1037.

169 *ਚਾਰ ਨਦੀਆ ਅਗਨੀ ਤਨਿ ਜਾਰੇ॥* ਰਾਗ ਬਸੰਤ ਮ: ੩, 1172.

170 *ਲਬੁ ਕੁਤਾ ਕੂੜ ਚੂਹੜਾ ਠਗਿ ਖਾਧਾ ਮੁਰਦਾਰੁ॥* ਰਾਗ ਸਿਰੀ ਰਾਗ ਮ: ੧, 15.

171 *ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲਿ॥* ਰਾਗ ਸਿਰੀਰਾਗ ਮ: ੧, 91.

**ਮਨ**

ਚਿਰਾਂ ਤੋਂ ਰੂਹਾਨੀਅਤ ਦੀਆਂ ਰਮਜ਼ਾਂ ਸਮਝਣ ਵਾਲੇ ਸਾਧਕਾਂ ਲਈ ਮਨ ਇਕ ਗੰਭੀਰ ਪ੍ਰਸ਼ਨ ਵਾਂਗ ਹੈ। ਅਜਿਹਾ ਇਸ ਲਈ ਵੀ ਹੈ ਕਿਉਂਕਿ ਮਨ ਦਾ ਸਰੂਪ ਅਦ੍ਰਿਸ਼ ਅਤੇ ਰਹੱਸਮਈ ਹੈ। ਗੁਰਬਾਣੀ ਵਿਚ ਮਨ ਦੇ ਸਰੂਪ ਬਾਰੇ ਅਨੇਕ ਸੰਵਾਦ ਮਿਲਦੇ ਹਨ। ਸਿਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਸੀ ਕਿ ਜਦੋਂ ਨਾ ਇਹ ਹਿਰਦਾ ਸੀ ਨਾ ਇਹ ਸਰੀਰ ਸੀ, ਉਦੋਂ ਮਨ (ਚੇਤਨ ਸੱਤਾ) ਕਿੱਥੇ ਰਹਿੰਦਾ ਸੀ? ਗੁਰੂ ਜੀ ਨੇ ਉੱਤਰ ਦਿੱਤਾ ਸੀ ਕਿ ਜਦੋਂ ਨਾ ਹਿਰਦਾ ਸੀ ਨਾ ਸਰੀਰ ਸੀ, ਤਦੋਂ ਵੈਰਾਗੀ ਮਨ ਨਿਰਗੁਣ ਪ੍ਰਭੂ ਵਿਚ ਟਿਕਿਆ ਹੋਇਆ ਸੀ।[172] ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਮਨ ਦੇ ਅਰਥ ਹਨ:

> ਮਨ, ਚਿਤ, ਮਨਸਾ, ਇੱਛਾ, ਇਰਾਦਾ, ਸੰਕਲਪ, ਅੰਤਹਕਰਨ, ਮੱਤ, ਸਮਝ, ਬੁੱਧੀ, ਅਕਲ, ਚੇਤਨਾ, ਸਿਮਰਤੀ, ਯਾਦਾਸ਼ਤ, ਖਿਆਲ, ਧਿਆਨ, ਰੁਚੀ, ਹਿਰਦਾ, ਜੀਅ, ਰੂਹ, ਆਤਮਾ, ਮਨੋਦਸ਼ਾ, ਮਾਨਸਿਕ ਅਵਸਥਾ।[173]

ਭਾਈ ਵੀਰ ਸਿੰਘ ਮਨ ਦੇ ਅਰਥ ਅਤੇ ਇਸਦੇ ਵੱਖ-ਵੱਖ ਰੂਪਾਂ ਬਾਰੇ ਦੱਸਦੇ ਹਨ:

> ਮਨ ਦਾ ਅਰਥ ਹੈ, ਸਾਰੀਆਂ ਦਿਮਾਗੀ ਤਾਕਤਾਂ, ਗਯਾਨ ਸ਼ਕਤੀਆਂ, ਸੰਕਲਪ, ਵਿਕਲਪ, ਸਮਝ, ਬੂਝ, ਸਿਆਣ, ਹਿੱਸ, ਇੱਛਾ, ਵਿਚਾਰ, ਅੰਤਹਕਰਣ ਆਦਿਕ ਸਾਰੇ ਮਨ ਵਿਚ ਆ ਜਾਂਦੇ ਹਨ। ਮਨ ਅਸਲ ਵਿਚ ਆਤਮਾ ਅਤੇ ਇੰਦ੍ਰਿਆਂ ਦੇ ਵਿਚਕਾਰ ਇਕ ਚੇਤਨ ਸਤਯਾ ਦਾ ਰੂਪ ਜਿਹਾ ਹੈ। ਇਕ ਬਿਰਤੀ ਹੈ, ਜਿਸ ਦੁਆਰਾ ਗਯਾਨ ਇੰਦ੍ਰੀਆਂ ਦੇ ਵਸੀਲੇ ਪ੍ਰਤੀਤ ਹੋਣ ਵਾਲੇ ਪਦਾਰਥ, ਆਤਮਾ ਉਤੇ ਪ੍ਰਤੀਤੀ ਦਾ ਅਸਰ ਕਰਦੇ ਹਨ ਯਾ ਗਿਆਨ ਪਾਉਂਦੇ ਹਨ। ਇਸ ਤਰ੍ਹਾਂ 'ਮਨ' ਆਤਮਾ ਤੋਂ ਵੱਖਰਾ ਪ੍ਰਤੀਤ ਦੇਂਦਾ ਹੈ। ਸ਼ਾਂਖ ਵਿਚ, ਮਨ ਅੰਦਰਲਾ ਇੰਦਰਾ ਹੈ। ਜੋ ਗਿਆਨ ਤੇ ਕਰਮ ਇੰਦ੍ਰੂਆਂ ਦੇ ਵਿਚਕਾਰ ਹੈ ਤੇ ਢੰਗ ਦਾ ਸਾਂਝੀਵਾਲ ਹੈ, ਗਿਣਤੀ ਵਿਚ ਇਹ ਬਾਰਵਾਂ ਇੰਦਰਾ ਹੈ। ਇਸ ਦਾ ਧਰਮ ਹੈ ਸੰਕਲਪ (ਫੈਸਲਾ ਕਰਨਾ), ਵਿਕਲਪ (ਸੰਸਾ ਕਰਨਾ)। ਇਸ ਦਾ ਸਬੰਧ ਬੁਧੀ ਨਾਲ ਸੀ ਹੈ, ਜਿਸ ਦਾ ਕੰਮ ਹੈ ਵਾਯਵਸਾਯ (ਨਿਸ਼ਚੇ ਕਰਨਾ) ਅਤੇ ਇਸ ਦਾ ਸੰਬੰਧ ਅਹੰਕਾਰ ਨਾਲ ਸੀ ਹੈ। ਜਿਸ ਦਾ ਕੰਮ ਹੈ, ਅਭਿਆਸ ਅਰਥਾਤ-ਮੈਂ ਦੀ ਲੱਖਤਾ । ਸ਼ਾਖ ਨੇ ਮਨ ਨੂੰ ਬੁਧੀ ਦਾ ਹੀ ਇਕ ਰੂਪ ਮੰਨਿਆ ਹੈ। ਬੁਧੀ ਨੂੰ ਉਸ ਨੇ 'ਮਹਿਤ' ਕਿਹਾ ਹੈ। ਜਿਸ ਤੋਂ ਅਹੰਕਾਰ ਤੇ ਮਨਸ ਨਿਕਲੇ। ਮਨ ਜਿਨ੍ਹਾਂ ਬਿਰਤੀਆਂ ਦਾ ਅਸਥਾਨ ਹੈ, ਕੁਝ ਕੁ ਐਉਂ ਦੱਸੀਆਂ ਹਨ: **(ੳ)** ਆਸ ਯਥਾ-ਮਨਿ ਆਸ ਓਡੀਣੀ, 452 **(ਅ)** ਇੱਛਾ-ਮਨ ਇਛ ਪਾਈਐ (578), ਮਨ ਕੀਆ ਇਛਾ ਪੂਰੀਆ(34) **(ੲ)** ਸਮਝ -ਮਨ ਸਮਝੁ ਛੋਡਿ ਆਵਾਇਲੇ ॥ (862) **(ਸ)** ਮਨਸਾ - ਮਨਸਾ ਮਨਹਿ ਸਮਾਇਲੇ (419) **(ਹ)** ਹਠ-'ਮਨ ਹਠਿ ਮਤੀ ਬੂਡੀਐ (20) **(ਕ)** ਕ੍ਰੋਧ-'ਮਨਿ ਹਿਰਦੈ ਕ੍ਰੋਧ ਮਹਾ ਬਿਸਲੀਧੁ (445) **(ਖ)** ਖਿਆਲ -'ਮਨ ਕੇ ਅਧਿਕ ਤਰੰਗ' (1088) **(ਗ)** ਸੁਭਾਉ-'ਮਨ ਕਾ ਸੁਭਾਉ' (1129) **(ਘ)** ਅਹੰਕਾਰ 'ਮਨ ਕਹ ਅਹੰਕਾਰਿ ਅਫਾਰਾ (530) **(ਙ)** ਲੋਭ - 'ਮਨ ਕਹਾ ਲੁਭਾਈਐ (1208) **(ਚ)** ਵਾਸ਼ਨਾ - ਮਨ ਕੀ ਬਾਸਨਾ ਮਨ ਤੇ ਟਰੈ (274) **(ਛ)** ਦੁਬਿਧਾ (ਸੰਸੇ ਬਿਰਤੀ) - 'ਮਨ ਕੀ ਦੁਬਿਧਾ ਬਿਨਸਿ' (168) **(ਜ)** ਮਤਿ (ਸਲਾਹ) ਰੁਚੀ 'ਮਨ ਕੀ ਮਤਿ ਤਿਆਗਹੁ'- (209) **(ਝ)** ਵੀਚਾਰ - 'ਮਨ ਕੈ ਵੀਚਾਰਿ - (1128) **(ਞ)** ਚਿੰਤਨ - 'ਮਨ ਚਿੰਤਤ ਸਗਲੇ' (395) **(ਟ)** ਚਾਉ 'ਮਨਿ ਚਾਉ ਘਨੇਰਾ (764) **(ਠ)** ਬੁਧੀਆ ਵਿਵੇਚਨਾ ਸ਼ਕਤੀ ਵਾਲਾ ਮਨ (ਜ਼ਮੀਰ) - 'ਮਨ ਤਾਰਾਜੀ ਚਿਤੁ ਤੁਲਾ' (731) **(ਡ)** ਪ੍ਰੀਤ - ਯਥਾ 'ਮਨ ਮਹਿ ਪ੍ਰੀਤਿ - (274).[174]

ਜਸਵੰਤ ਸਿੰਘ ਨੇਕੀ ਲਿਖਦੇ ਹਨ , "ਗੁਰਬਾਣੀ ਵਿਚ ਮਨ ਲਈ ਕਈ ਰੂਪਕ ਵਰਤੇ ਗਏ ਹਨ। ਇਸ ਨੂੰ ਹਾਥੀ, ਊਠ, ਬੈਲ, ਖ਼ਰ, ਸੱਪ ਤੇ ਪੰਛੀ ਨਾਲ ਉਪਮਾ ਦਿੱਤੀ ਗਈ ਹੈ। ਇਸੇ ਨੂੰ ਅੰਨ੍ਹਾ ਖੂਹ ਕਿਹਾ ਗਿਆ ਹੈ। ਇਸੇ ਨੂੰ ਰਾਜਾ, ਪਰਦੇਸੀ, ਬੈਰਾਗੀ ਤੇ ਬਨਵਾਸੀ ਆਦਿ ਨਿਰੂਪਿਆ ਗਿਆ ਹੈ। ਇਹ

---

[172] *ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ॥* ਰਾਗ ਰਾਮਕਲੀ ਮ: ੧, 945.

[173] ਪ੍ਰੇਮ ਪ੍ਰਕਾਸ਼ ਸਿੰਘ (ਡਾ.), (ਸੰਪਾ.), *ਪੰਜਾਬੀ ਯੂਨੀਵਰਸਿਟੀ ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ- 644.

[174] *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨੇ- 543-45.

ਸਾਰੇ ਰੂਪਕ ਬਹੁ ਪਰਤੀ ਅਰਥਾਂ ਦੇ ਧਾਰਨੀ ਹਨ।"[175] ਗੁਰਬਾਣੀ ਵਿੱਚ ਦੋ ਤਰ੍ਹਾਂ ਦੇ ਸ਼ਬਦ ਵਰਤੇ ਹਨ। ਨੇਕ ਵਿਅਕਤੀਆਂ ਲਈ ਗੁਰਮੁਖ ਅਤੇ ਬੁਰੇ ਵਿਅਕਤੀ ਲਈ ਮਨਮੁਖ ਸ਼ਬਦ ਵਰਤਿਆ ਹੈ। ਮਨਮੁਖ ਸ਼ਬਦ ਦਾ ਸਿੱਧਾ ਜਿਹਾ ਅਰਥ ਹੈ, 'ਮਨ ਵੱਲ ਮੁਖ'। ਉਹ ਵਿਅਕਤੀ ਜੋ ਮਨ ਦੀ ਅਧੀਨਗੀ ਪ੍ਰਵਾਨ ਕਰਦੇ ਹਨ। ਕਈ ਥਾਂਵਾਂ 'ਤੇ ਮਨ ਦੀ ਬੜੀ ਉਜੱਡ ਜਿਹੀ, ਅੜੀਅਲ ਜਿਹੀ ਸ਼ਕਲ ਸਾਹਮਣੇ ਆਉਂਦੀ ਹੈ। ਮਨ ਸਰੀਰਕ ਇੰਦ੍ਰੀਆਂ ਰਾਹੀਂ ਬਾਹਰ ਨੂੰ ਧਾਂਵਦਾ ਹੈ। ਇਸਨੂੰ ਸ਼ਾਂਤੀ ਅੰਤਰਮੁਖੀ ਹੋ ਕੇ ਮਿਲਦੀ ਹੈ। *ਪੰਜਾਬੀ ਯੂਨੀਵਰਸਿਟੀ ਸੰਸਕ੍ਰਿਤ ਪੰਜਾਬੀ ਕੋਸ਼* ਅਨੁਸਾਰ:

> ਮਨ-ਜਾਣਨਾ, ਪੂਜਾ ਕਰਨਾ, ਬੰਦਗੀ ਕਰਨਾ, ਹੰਕਾਰ ਕਰਨਾ, ਘੁਮੰਡ ਕਰਨਾ। ਮਨ- ਮਨਹ- ਮਨ, ਚਿੱਤ, ਮਨਸਾ, ਇੱਛਾ, ਇਰਾਦਾ, ਸੰਕਲਪ, ਅੰਤਹਕਰਨ, ਮੱਤ, ਸਮਝ, ਬੁੱਧ, ਅਕਲ, ਚੇਤਾ, ਸਿਮਰਤੀ, ਯਾਦਾਸ਼ਤ, ਖਿਆਲ, ਧਿਆਨ, ਰੁਚੀ, ਹਿਰਦਾ, ਜੀਅ, ਰੂਹ, ਆਤਮ, ਮਨੋਦਸ਼ਾ, ਮਾਨਸਿਕ ਅਵਸਥਾ।[176]

ਮਨ ਦੇ ਤਿੰਨ ਰੂਪ ਹਨ। ਮਨ ਦਾ ਪਹਿਲਾ ਰੂਪ ਤਮੋ ਗੁਣੀ ਹੈ। ਇਹ ਅਸ਼ਾਂਤ, ਭਟਕਣ ਵਿੱਚ, ਹਉਮੈ ਗ੍ਰਸਿਆ, ਇੰਦਰੀਆਂ ਦੇ ਰਸ ਵਿਚ ਖਚਿਤ ਰਹਿੰਦਾ ਹੈ। ਦੂਜਾ ਰੂਪ ਰਜੋਗੁਣੀ ਹੈ। ਜੋਸ਼ੀਲਾ, ਉਪੱਦਰੀ, ਫਸਾਦੀ ਆਦਿ। ਮਨ ਦਾ ਤੀਜਾ ਰੂਪ ਸਤੋਗੁਣੀ ਹੈ। ਇਸ ਰੂਪ ਵਿਚ ਮਨ ਸੰਜਮ, ਧੀਰਜਵਾਨ, ਚੇਤਨ, ਪ੍ਰਬੀਨ ਰਹਿੰਦਾ ਹੈ। ਅਜਿਹਾ ਮਨ ਰੂਹਾਨੀਅਤ ਦੀਆਂ ਪੌੜੀਆਂ ਤੇਜ਼ੀ ਨਾਲ ਚੜ੍ਹ ਜਾਂਦਾ ਹੈ। ਤਨ ਵਿਚ ਮਨ ਨੂੰ ਕੋਈ ਗੁਰਮੁਖ ਵੇਖਦਾ ਹੈ।[177] ਬੇਸ਼ੱਕ ਅਨੇਕ ਸਾਧਕ ਧਿਆਨ ਧਰਦੇ ਹਨ ਪਰ ਤਨ ਵਿਚ ਮਨ ਨੂੰ ਨਹੀਂ ਦੇਖਦੇ।[178] ਮਨ ਨੂੰ ਮਸਤ ਹਾਥੀ ਵੀ ਕਿਹਾ ਹੈ। ਤਨ ਵਿਚ ਮਨ ਹੈ ਅਤੇ ਮਨ ਵਿਚ ਸੱਚਾ ਪ੍ਰਭੂ ਵਾਸਾ ਕਰਦਾ ਹੈ।[179] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨ ਦੀ ਉਤਪਤੀ ਪੰਜ ਤੱਤਾਂ ਤੋਂ ਮੰਨੀ ਹੈ।[180]

ਹੁਣ ਪੰਜ ਤੱਤ ਤੇ ਜਨਮਾਂ ਦੀ ਸੰਖੇਪ ਵਿਆਖਿਆ ਕਰੀਏ ਤਾਂ ਪੰਜ ਤੱਤ ਜੋ ਤਨ ਦੇ ਵਜੂਦ ਦਾ ਆਧਾਰ ਹਨ। ਸੰਖਿਆ ਕੋਸ਼ ਵਿੱਚ ਪੰਜ ਤੱਤਾਂ ਦਾ ਹੋਰ ਵੀ ਵਿਸਥਾਰ ਦਿੱਤਾ ਹੈ:

> ਪ੍ਰਿਥਵੀ ਦੇ ਗੁਣ - ਹੱਡ, ਮਾਸ, ਨਖ, ਤੁਚਾ, ਰੋਮ। 2. ਜਲ ਦੇ ਗੁਣ - ਦੀਰਘ, ਲਹੂ, ਮਿੱਝ, ਮਲ, ਮੂਤਰ। 3. ਅਗਨੀ ਦੇ ਗੁਣ - ਨੀਂਦ, ਭੁੱਖ, ਪਿਆਸ, ਪਸੀਨਾ, ਆਲਸ। 4. ਪਵਨ ਦੇ ਗੁਣ - ਧਾਰਣ (ਫੜਨਾ), ਚਾਲਕ (ਧਕੇਲਨਾ), ਫੈਂਕਨਾ, ਸਮੇਟਨਾ, ਫੈਲਾਉਣਾ। 5. ਆਕਾਸ਼ ਦੇ ਗੁਣ - ਕਾਮ, ਕਰੋਧ, ਲੱਜਾ, ਮੋਹ, ਲੋਭ ਆਦਿ।[181]

ਮਨ ਸੂਖਮ ਹੈ। ਫੁਰਨਿਆਂ ਅਤੇ ਖਿਆਲਾਂ ਦਾ ਨਾਮ ਮਨ ਹੈ।ਕਬੀਰ ਜੀ ਦੱਸਦੇ ਹਨ ਕਿ ਮਨ ਵਰਗਾ ਕੋਈ ਨਹੀਂ ਮਿਲਿਆ।[182] ਇਸ ਵਿਚ ਬੇਅੰਤ ਤਾਕਤਾਂ ਹਨ। ਇਹ ਜੇਕਰ ਉਨਮਨ ਭਾਵ

---

175 ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ*, ਪੰਨਾ-30.

176 *ਪੰਜਾਬੀ ਯੂਨੀਵਰਸਿਟੀ ਸੰਸਕ੍ਰਿਤ ਪੰਜਾਬੀ ਕੋਸ਼, ਪੰਨਾ*- 644.

177 *ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ।। ਭਾਇ ਭਗਤਿ ਜਾ ਹਉਮੈ ਸੋਖੈ॥ ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ॥ ਤਿਨ ਭੀ ਤਨ ਮਹਿ ਮਨੁ ਨਾ ਦਿਖਾਵਣਿਆ॥* ਰਾਗ ਮਾਝ ਮ: ੩, 124.

178 *ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨ ਨਹੀਂ ਪੇਖਾ॥* ਰਾਗ ਗਉੜੀ ਗੁਆਰੇਰੀ, ਕਬੀਰ, 330.

179 *ਤਨ ਮਹਿ ਮਨੂਆ ਮਨ ਮਹਿ ਸਾਚਾ॥ ਸੋ ਸਾਚਾ ਮਿਲਿ ਸਾਚੇ ਰਾਚਾ॥* ਰਾਗ ਧਨਾਸਰੀ ਮ: ੧, 686.

180 *ਇਹੁ ਮਨੁ ਪੰਚ ਤਤੁ ਤੇ ਜਨਮਾ॥* ਰਾਗ ਆਸਾ ਮ: ੧, 415.

181 ਗੁਰਬਖਸ਼ ਸਿੰਘ ਕੇਸਰੀ, *ਸੰਖਿਆ ਕੋਸ਼*, ਪੰਨਾ-67.

182 *ਮਮਾ ਮਨ ਸਿਉ ਕਾਜ ਹੈ ਮਨ ਸਾਧੇ ਸਿਧਿ ਹੋਇ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥* ਰਾਗ ਗਉੜੀ ਪੂਰਬੀ, ਕਬੀਰ, 342.

ਅੰਤਰਮੁਖੀ ਹੋ ਜਾਵੇ ਤਾਂ ਤਿੰਨਾਂ ਲੋਕਾਂ ਦੀਆਂ ਗੱਲਾਂ ਜਾਣਨ ਲੱਗ ਜਾਂਦਾ ਹੈ।[183] ਮਨ ਦਾ ਉਨਮਨ ਹੋਣ ਤੋਂ ਭਾਵ ਅੰਤਰਮੁਖੀ ਹੋਣਾ ਹੈ। ਇਹ ਜਦ ਤੱਕ ਬਾਹਰਮੁਖੀ ਹੈ ਉਦੋਂ ਤੱਕ ਅਸ਼ਾਂਤ ਰਹਿੰਦਾ ਹੈ। ਜਦੋਂ ਇਹ ਮਨ ਸਰੀਰ ਨੂੰ ਸਥਿਰ ਸਮਝ ਲੈਂਦਾ ਹੈ ਤਾਂ ਇਸ ਵਿਚ ਹਉਮੈ ਆ ਜਾਂਦੀ ਹੈ। ਫੇਰ ਦੋ ਮੈਂ ਇਕੱਠੀਆਂ ਹੋ ਜਾਂਦੀਆਂ ਹਨ ਉਦੋਂ ਇਹ ਮਨ ਜੀਵ ਆਤਮਾ ਦਾ ਰੂਪ ਬਣ ਜਾਂਦਾ ਹੈ। ਕਬੀਰ ਜੀ ਅਨੁਸਾਰ ਦੋ ਮੈਂ ਨੂੰ ਮਿਟਾ ਕੇ ਹੀ ਪ੍ਰਭੂ ਮਿਲਦਾ ਹੈ।[184] ਅਕਸਰ ਹੀ ਇੱਕ ਪ੍ਰਸ਼ਨ ਧਰਮ ਦੇ ਵਿਦਿਆਰਥੀਆਂ ਅੱਗੇ ਰਹਿੰਦਾ ਹੈ ਕਿ ਸਰੀਰ ਸੜ ਜਾਂਦਾ ਹੈ, ਆਤਮਾ ਪ੍ਰਮਾਤਮਾ ਵਿਚ ਮਿਲ ਜਾਂਦੀ ਹੈ ਤਾਂ ਦੁਖ ਕੌਣ ਝੱਲਦਾ ਹੈ? ਦੁੱਖ ਝੱਲਣ ਵਾਲੀ ਜੀਵ ਆਤਮਾ ਹੀ ਹੁੰਦੀ ਹੈ ਜੋ ਮਨ ਦੇ ਬਾਹਰਮੁਖੀ ਪ੍ਰਭਾਵ ਕਾਰਨ ਆਪਣੀ ਨਿਰਮਲ ਹਸਤੀ ਤੋਂ ਮੁਨਕਰ ਹੋ ਜਾਂਦੀ ਹੈ:

> ਮਨੁੱਖ ਵਿਚ ਚੇਤਨਾ ਦਾ ਸਤਰ ਬਾਕੀ ਜੀਵਾਂ ਤੋਂ ਜ਼ਿਆਦਾ ਹੁੰਦਾ ਹੈ। ਉਸ ਦਾ ਇਹੀ ਸਵੈ ਚੇਤਨਾ ਦਾ ਸਤਰ ਉਸਨੂੰ ਇਸ ਸੋਝੀ ਵੱਲ ਪ੍ਰੇਰਿਤ ਕਰਦਾ ਹੈ ਕਿ ਉਹ ਅੰਤਿਮ ਉਦੇਸ਼ ਦੇ ਰੂਪ ਵਿਚ ਕੀ ਪ੍ਰਾਪਤ ਕਰਨਾ ਚਾਹੁੰਦਾ ਹੈ। ਮਨੁੱਖੀ ਚੇਤਨਾ ਦੇ ਆਮ ਤੌਰ 'ਤੇ ਚਾਰ ਪੱਖ ਮੰਨੇ ਗਏ ਹਨ ਜਿਵੇਂ ਮਨ, ਬੁੱਧੀ, ਚਿਤ ਅਤੇ ਅਹੰਕਾਰ। ਮਨ ਹੈ, ਕਿਸੇ ਵੀ ਤਰ੍ਹਾਂ ਦਾ ਵਿਚਾਰ। ਬੁੱਧੀ ਹੈ, ਉਸ ਵਿਚਾਰ ਨੂੰ ਗਲਤ ਜਾਂ ਸਹੀ ਰੂਪ ਵਿਚ ਦੇਖਣ ਦੀ ਸ਼ਕਤੀ। ਚਿਤ ਹੈ, ਵਿਚਾਰਾਂ ਨੂੰ ਵਾਪਰਦੇ ਹੋਏ ਮਹਿਸੂਸ ਕਰਨ ਦੀ ਚੇਤਨਾ ਅਤੇ ਅਹੰਕਾਰ ਹੈ, ਉਨ੍ਹਾਂ ਵਿਚਾਰਾਂ ਵਿਚੋਂ ਪੈਦਾ ਹੋਣ ਵਾਲੇ ਕਰਮ ਨੂੰ ਜਾਂ ਵਿਚਾਰਾਂ ਦਾ ਕਰਤਾ ਆਪਣੇ ਆਪ ਨੂੰ ਮੰਨ ਲੈਣਾ। ਮਨੁੱਖੀ ਹੋਂਦ ਦੀਆਂ ਇਨ੍ਹਾਂ ਚਾਰ ਸ਼ਕਤੀਆਂ ਨੂੰ ਅੰਤਹਕਰਣ ਵੀ ਕਿਹਾ ਜਾਂਦਾ ਹੈ।[185]

ਇਹ ਮਨ ਹੀ ਹੈ ਜੋ ਗੁਰੂ ਅਤੇ ਸੰਗਤ ਦੇ ਪ੍ਰਭਾਵ ਨਾਲ ਪ੍ਰਮਾਰਥ ਦੇ ਰਸਤੇ ਤੇ ਤੁਰਦਾ ਹੈ। ਇਹ ਮਨ ਹੀ ਹੈ ਜੋ ਰੱਜ ਕੇ ਬੁਰੇ ਕੰਮ ਕਰਦਾ ਹੈ।

> ਹੁਣ ਮਨੁਖੀ ਮਨ ਜਗਤ ਆਪਣੇ ਅਨੇਕ ਰੰਗਾਂ ਤਰੰਗਾਂ ਵਿਚ ਚੰਚਲ ਨਜ਼ਰੀ ਆਉਂਦਾ ਹੈ। ਵਿਸ਼ੇ ਵਿਕਾਰ, ਕਾਮਨਾ ਤੇ ਆਸਾਂ ਉਸ ਦੇ ਸੰਗੀ ਸਾਥੀ ਹੁੰਦੇ ਹਨ। ਮਨ ਦੀਆਂ ਰੁਚੀਆਂ ਦੇ ਪ੍ਰਭਾਵ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਉਤਪੰਨ ਹੁੰਦੇ ਹਨ। ਕਦੀ ਤਾਂ ਮਨ ਵਿਚ ਸੰਸੇ ਫੁਰਦੇ ਹਨ ਤੇ ਮਨ ਝਕਦਾ ਡਿਕ ਡੋਲੇ ਖਾਂਦਾ, ਡਾਵਾਂ ਡੋਲ ਹੁੰਦਾ ਹੈ, ਤੇ ਕਦੀ ਜੋਸ਼ ਦੇ ਵੇਗ ਵਿਚ ਵਗ ਤੁਰਦਾ ਹੈ। ਮਨ ਦੇ ਅੰਦਰਲੇ ਤੇ ਬਾਹਰਲੇ ਪ੍ਰਤਿਕਰਮਾਂ ਦੇ ਪ੍ਰਭਾਵਾਂ ਕਰਕੇ ਤੇ ਵਿਚਾਰਾਂ ਕਰਕੇ ਕਦੀ ਮਨ ਤਿਆਰ ਬਰ ਤਿਆਰ ਤੇ ਚੰਚਲ ਹੁੰਦਾ ਹੈ ਤੇ ਕਦੀ ਢਿੱਲਾ ਮੱਠਾ, ਆਲਸੀ ਹੁੰਦਾ ਹੈ। ਬੁਰੇ ਭਲੇ ਦੀ ਪਛਾਣ ਕਰਨ ਦਾ ਜਤਨ ਤਾਂ ਕਰਦਾ ਹੈ ਪਰ ਅਕਸਰ ਇਹ ਜਤਨ ਵਿਅਰਥ ਹੀ ਹੁੰਦਾ ਹੈ, ਕਿਉਂਕਿ ਮਨ ਦਾ ਰੋਲ ਤੇ ਹਨੇਰਾ ਇਸ ਜਤਨ ਤੇ ਉਦਮ ਨੂੰ ਢਹਿ ਢੇਰੀ ਕਰ ਦਿੰਦਾ ਹੈ ਤੇ ਉਲਝਣਾਂ, ਅੜਿਆਂ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਲੱਭਦਾ।[186]

ਕੁਝ ਚਿੰਤਕ ਮਨ ਅਤੇ ਆਤਮਾ ਨੂੰ ਇਕ ਸਮਝਦੇ ਹਨ। ਪਰ ਇਨ੍ਹਾਂ ਦੋਹਾਂ ਵਿਚ ਅੰਤਰ ਹੈ:

> ਮਨ ਹੀ ਸਰੀਰ ਤੋਂ ਵੱਖ-ਵੱਖ ਸਮੇਂ ਤੇ ਵੱਖ-ਵੱਖ ਤਰ੍ਹਾਂ ਦੇ ਕਰਮ ਕਰਵਾਉਂਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਕਰਮ ਮਨ ਕਰਵਾਉਂਦਾ ਹੈ ਪਰ ਉਨ੍ਹਾਂ ਦਾ ਫਲ ਸਰੀਰ ਨੂੰ ਭੋਗਣਾ ਪੈਂਦਾ ਹੈ ਕਿਉਂਕਿ ਕਰਤਾ ਸਰੀਰ ਹੁੰਦਾ ਹੈ। ਮਨ ਦੇ ਵਿਚਾਰ ਅਤੇ ਕਰਮ ਮਿਲਕੇ ਸੰਸਕਾਰਾਂ ਦੀ ਇਕ ਐਸੀ ਲੜੀ ਬਣਾਉਂਦੇ ਹਨ ਕਿ ਉਹ

---

[183] *ਇਹੁ ਮਨੁ ਸਕਤੀ ਇਹੁ ਮਨੁ ਸੀਉ॥ ਇਹੁ ਮਨੁ ਪੰਚ ਤਤੁ ਕੋ ਜੀਉ॥ ਇਹੁ ਮਨੁ ਲੇ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ॥* ਰਾਗ ਗਉੜੀ ਪੂਰਬੀ, ਕਬੀਰ, 342.

[184] *ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕ ਨਹੀ ਸਰੈ॥ ਜਬ ਮੇਰੀ ਮੇਰੀ ਮਿਟਿ ਜਾਇ॥ ਤਬ ਪ੍ਰਭ ਕਾਜ ਸਵਾਰਹਿ ਆਇ॥* ਰਾਗ ਭੈਰਉ ਮ: ੫, 1160-1.

[185] ਰਾਜਿੰਦਰ ਕੌਰ ਰੋਹੀ, *ਉਹੀ,* ਪੰਨਾ-63.

[186] ਕਵੀਸ਼ਰ, *ਉਹੀ,* 183-4.

ਲਗਾਤਾਰ ਆਤਮਾ ਨੂੰ ਘੇਰੀ ਰੱਖਦੇ ਹਨ। ਸਿੱਖ ਧਰਮ ਅਨੁਸਾਰ ਬੇਸ਼ੱਕ ਆਤਮਾ ਪਰਮਾਤਮਾ ਦੀ ਅੰਸ਼ ਹੈ ਪਰ ਸਰੀਰ ਵਿਚ ਸਥਿਤ ਹੈ ਅਤੇ ਮਨ ਦੇ ਪਰਦਿਆਂ ਵਿਚ ਕੈਦ ਹੈ।[187]

ਤਨ ਵਿਚ ਮਨ ਅਤੇ ਮਨ ਵਿਚ ਆਤਮਾ ਹੈ ਇਸ ਲਈ ਤਨ ਨੂੰ ਮਟਕੀ ਅਤੇ ਮਨ ਨੂੰ ਰਿੜਕਣਾ ਬਣਾਉਣ ਲਈ ਕਿਹਾ ਹੈ। ਇਸ ਰਿੜਕਣੇ ਨਾਲ ਸ਼ਬਦ ਨੂੰ ਰਿੜਕੋ।[188] ਮਨ ਬਾਰੇ ਅਨੇਕ ਖਿਆਲ ਹਨ :

> ਮਨ ਇਕ ਬਹੁਤ ਵੱਡਾ ਮਹਿਲ ਹੈ, ਮਨ ਇਕ ਬਹੁਤ ਵੱਡੀ ਭੂਮੀ ਹੈ, ਮਨ ਇਕ ਬਹੁਤ ਵੱਡਾ ਪਹਾੜ ਹੈ ਔਰ ਮਨ ਇਕ ਬਹੁਤ ਵੱਡਾ ਸਾਗਰ ਹੈ।... ਜੋ ਖੋਜ ਤੂੰ ਬ੍ਰਹਿਮੰਡ ਵਿਚ ਕਰਦਾ ਹੈ, ਇਸ ਤਰ੍ਹਾਂ ਦੀ ਖੋਜ ਤੂੰ ਮਨ ਵਿਚ ਵੀ ਕਰ ਸਕਦਾ ਹੈ। ਫਰਕ ਸਿਰਫ ਇਤਨਾ ਹੈ ਕਿ ਬ੍ਰਹਿਮੰਡ ਦੀ ਖੋਜ ਕਰ-ਕਰ ਕੇ ਪਦਾਰਥ ਤੇਰੇ ਹੱਥ ਲੱਗੇ ਨੇ ਪਰ ਜੇ ਤੂੰ ਮਨ ਦੀ ਖੋਜ ਕੀਤੀ ਤਾਂ ਪਰਮਾਤਮਾ ਤੇਰੇ ਹੱਥ ਲੱਗੇਗਾ।[189]

ਮਨ ਕੋਈ ਇੱਕ ਵਸਤੂ ਨਹੀਂ ਅਤੇ ਇੱਕ ਵਸਤੂ ਵੀ ਹੈ। ਅਨੇਕ ਖਿਲਰੇ ਹੋਏ ਖਿਆਲਾਂ ਦਾ ਨਾਮ ਵੀ ਮਨ ਹੈ ਅਤੇ ਸਥਿਰ ਹੋਈ ਹਾਲਤ ਦਾ ਨਾਂ ਵੀ ਮਨ ਹੈ। ਗੁਰਮਤਿ ਨੇ ਮਨ ਨੂੰ ਅਨੇਕ ਤਸਬੀਹਾਂ ਨਾਲ ਪਰਿਭਾਸ਼ਿਤ ਕੀਤਾ ਹੈ। ਅਣਸਾਧਿਆ ਮਨ ਇਧਰ-ਉਧਰ ਘੁੰਮਦਾ ਹੈ। ਵਾਧੂ ਦੀਆਂ ਰੁਚੀਆਂ ਇਸ ਵਿਚ ਉਤਪੰਨ ਹੋ ਜਾਂਦੀਆਂ ਹਨ। ਇਹੀ ਰੁਚੀਆਂ ਆਦਤਾਂ ਬਣ ਜਾਂਦੀਆਂ ਹਨ। ਹੌਲੀ-ਹੌਲੀ ਇਹੀ ਆਦਤਾਂ ਸੁਭਾਅ ਬਣ ਜਾਂਦੀਆਂ ਹਨ ਅਤੇ ਸੁਭਾਅ ਅਨੁਸਾਰ ਹੀ ਮਨੁੱਖ ਦੀ ਪਛਾਣ ਬਣਦੀ ਹੈ। ਮਨ ਉਪਰ ਔਗੁਣਾਂ ਦੀ ਇੰਨੀ ਮੋਟੀ ਪਰਤ ਚੜ੍ਹ ਜਾਂਦੀ ਹੈ ਕਿ ਇਹ ਪੁੱਠੇ ਪਾਸੇ ਛੇਤੀ ਤੁਰਦਾ ਹੈ ਅਤੇ ਚੰਗੇ ਕੰਮ ਲਈ ਆਲਸ ਕਰਦਾ ਹੈ।[190] ਮਨ ਸਰੀਰ ਦੇ ਸਮੂਹ ਇੰਦਰਿਆਂ ਨਾਲ ਮਿਲਕੇ ਬਾਹਰ ਨੂੰ ਧਾਂਵਦਾ ਹੈ। ਬਾਹਰੋਂ ਇਸ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ। ਇਸ ਦੀ ਹਾਲਤ ਤਾਂ ਇਉਂ ਹੋ ਜਾਂਦੀ ਹੈ ਜਿਸ ਤਰ੍ਹਾਂ ਕੋਈ ਸਕੂਲ ਦਾ ਵਿਦਿਆਰਥੀ ਕੁਝ ਸਾਥੀਆਂ ਨਾਲ ਮਿਲਕੇ ਸਕੂਲ ਮਿਸ ਕਰਦਾ ਹੋਵੇ। ਮਾਪਿਆਂ ਅਤੇ ਅਧਿਆਪਕਾਂ ਨੂੰ ਝੂਠ ਬੋਲਦਾ ਹੈ। ਸਕੂਲ ਦੀ ਚਾਰਦਿਵਾਰੀ ਉਸ ਨੂੰ ਵੱਢ-ਵੱਢ ਕੇ ਖਾਣ ਨੂੰ ਪੈਂਦੀ ਹੈ ਪਰ ਕੰਟੀਨ ਅਤੇ ਸਿਨਮਾ ਘਰ ਸੁੱਖ ਸ਼ਾਂਤੀ ਦੀ ਥਾਂ ਦਿਸਦੇ ਹਨ। ਹੁਣ ਇਮਤਿਹਾਨ ਵਿਚ ਉਹ ਫੇਲ੍ਹ ਹੋ ਜਾਂਦਾ ਹੈ। ਇਉਂ ਮਨੁੱਖੀ ਮਨ ਅਤੇ ਅਣਸਾਧਿਆ ਮਨ ਕੀ-ਕੀ ਕਰ ਗੁਜ਼ਰੇ ਇਸ ਦਾ ਹਿਸਾਬ ਲਾਉਣਾ ਔਖਾ ਹੈ। ਜੇਕਰ ਇਹ ਅੰਤਰਮੁਖੀ ਹੋ ਕੇ ਬ੍ਰਹਮਗਿਆਨ ਦੀਆਂ ਮੰਜਿਲਾਂ ਸਰ ਕਰ ਜਾਂਦਾ ਹੈ ਤਾਂ ਬਾਹਰ ਮੁੱਖੀ ਹੋ ਕੇ ਇਹ ਸਿਰੇ ਦਾ ਬੁਰਾ ਆਦਮੀ ਵੀ ਬਣ ਜਾਂਦਾ ਹੈ। ਨਸ਼ਾ, ਲੜਾਈਆਂ, ਝਗੜੇ ਇਹ ਸਭ ਅਣਸਾਧੇ ਮਨ ਦੀਆਂ ਨਿਸ਼ਾਨੀਆਂ ਹਨ। ਗੁਰਮਤਿ ਦਾ ਭਗਤੀ ਮਾਰਗ ਹੈ ਹੀ ਮਨ ਦੀ ਸਾਧਨਾ ਦਾ ਮਾਰਗ। ਜੇਕਰ ਮਨ ਨੂੰ ਨਾ ਸਾਧਿਆ ਤਾਂ ਸਰੀਰ ਨੂੰ ਸਾਧਣ ਦਾ ਕੀ ਫਾਇਦਾ ਹੈ। ਕਈ ਥਾਵਾਂ ਤੇ ਮਨ ਦੀ ਵਡਿਆਈ ਹੈ। ਕਈ ਥਾਈਂ ਉਲਾਹਮੇ ਹਨ। ਬਾਹਰਮੁਖੀ ਮਨ ਫਹਿੰਦੀਕਲਾ, ਜ਼ਲਦਬਾਜ਼ੀ ਕਰਦਾ ਹੈ। ਅੰਤਰਮੁਖੀ ਮਨ ਸਹਿਣਸ਼ੀਲ ਅਤੇ ਸੰਜਮੀ ਹੈ:

---

[187] ਰੋਹੀ, *ਉਹੀ* ਪੰਨਾ-59.

[188] *ਤਨ ਕਰਿ ਮਟੁਕੀ ਮਨ ਮਾਹਿ ਬਿਲੋਈ॥ ਇਸੁ ਮਟੁਕੀ ਮਹਿ ਸਬਦੁ ਸੰਜੋਈ॥* ਰਾਗ ਆਸਾ, ਕਬੀਰ, 478.

[189] ਗਿਆਨੀ ਸੰਤ ਸਿੰਘ ਮਸਕੀਨ, *ਰਤਨਾਗਰ ਅੰਮ੍ਰਿਤ ਮੰਥਨ*, ਪੰਨਾ-11.

[190] *ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰ॥ ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ॥* ਰਾਗ ਗੂਜਰੀ ਮ: ੫, 518.

> ਮਨ ਦਾ ਆਪਣਾ ਕੋਈ ਸਰੂਪ ਨਹੀਂ। ਇੰਦਰਿਆਵੀ ਗਿਆਨ 'ਤੇ ਆਧਾਰਿਤ ਸੰਕਲਪਾਂ ਵਿਕਲਪਾਂ ਦੇ ਢਾਂਚੇ ਦਾ ਨਾਮ ਹੀ ਮਨ ਹੈ। ਸੰਕਲਪ ਵਿਕਲਪ (ਫੁਰਨੇ) ਕੁਦਰਤੀ ਨਹੀਂ ਹੁੰਦੇ, ਮਨੁੱਖ ਦੇ ਆਪਣੇ ਸਿਰਜੇ ਹੋਏ ਹੁੰਦੇ ਹਨ ਤੇ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਇਹ ਫੁਰਨੇ ਮਨੁੱਖ ਦੇ ਸੁਭਾਅ ਤੋਂ ਉਤਪੰਨ ਹੁੰਦੇ ਹਨ। ਕਰਮ ਹੀ ਪੱਕ ਕੇ ਸੁਭਾਅ ਬਣਦਾ ਹੈ ਤੇ ਸੁਭਾ ਵਿਚੋਂ ਹੀ ਸੰਸਕਾਰ ਉਪਜਦੇ ਹਨ।[191]

ਜੇਕਰ ਮਨ ਉਨਮਨਿ ਭਾਵ ਅੰਤਰਮੁਖੀ ਹੋ ਜਾਵੇ ਤਾਂ ਇਹ ਤਿੰਨਾਂ ਲੋਕਾਂ ਦੀਆਂ ਗੱਲਾਂ ਜਾਣਨ ਦੇ ਸਮਰੱਥ ਹੋ ਜਾਂਦਾ ਹੈ। ਸਰੀਰਕ ਰਸਾਂ ਕਰਕੇ ਮਨ ਅੰਧਕਾਰਮਈ ਹੈ ਪਰ ਨਿਰੰਤਰ ਸਾਧਨਾ ਰਾਹੀਂ ਇਹ ਪ੍ਰਕਾਸ਼ਮਈ ਹੁੰਦਾ ਹੈ। ਇਹ ਪ੍ਰਕਾਸ਼ਮਈ ਅਵਸਥਾ ਵਿਕਾਰਾਂ ਦੀ ਨੀਂਦ ਤੋਂ ਜਾਗਣ ਦਾ ਨਾਮ ਹੈ। ਇਉਂ ਇਹ ਮਨ ਆਪਣੇ ਪ੍ਰਕਾਸ਼ਮਈ ਮੂਲ ਨੂੰ ਪਛਾਣ ਲੈਂਦਾ ਹੈ। ਮਨ ਵਿੱਚ ਅਨੇਕ ਸ਼ਕਤੀਆਂ ਹਨ ਜੋ ਹਮੇਸ਼ਾ ਟਕਰਾਓ ਵਾਲੀ ਸਥਿਤੀ ਬਣਾ ਕੇ ਰੱਖਦੀਆਂ ਹਨ। ਇਕ ਸ਼ਕਤੀ ਦੀ ਜਿੱਤ ਦੂਜੀ ਸ਼ਕਤੀ ਦੀ ਹਾਰ ਹੈ। ਹੇਠ ਦਿੱਤੇ ਚਾਰਟ ਤੋਂ ਮਨ ਦੀਆਂ ਸ਼ਕਤੀਆਂ ਦੇ ਆਪਸੀ ਟਕਰਾਓ ਦਾ ਪਤਾ ਲੱਗਦਾ ਹੈ:

| | | |
|---|---|---|
| ਦਾਤਾ – ਮੰਗਤਾ | ਮੈਲਾ – ਨਿਰਮਲ | ਦੁਸ਼ਮਣ – ਮਿੱਤਰ |
| ਅੰਧਲਾ – ਜੋਤ ਸਰੂਪ | ਹਠੀ – ਆਗਿਆਕਾਰ | ਵਿਰੋਧੀ – ਸਹਾਇਕ |
| ਝੂਠਾ – ਸੱਚਾ | ਲੋਭੀ – ਵੈਰਾਗੀ | ਗ੍ਰਿਹਸਤੀ – ਉਦਾਸੀ |
| ਮੂਰਖ – ਸਿਆਣਾ | ਆਕਾਸ਼ ਚ ਰਹਿਣ ਵਾਲਾ – ਪਾਤਾਲ ਚ ਰਹਿਣ ਵਾਲਾ।[192] | |

ਅਜਿਹਾ ਸਭ ਕੁਝ ਨਿਰੰਤਰ ਇਸ ਮਨ ਵਿੱਚ ਵਰਤ ਰਿਹਾ ਹੈ। ਇਹ ਮਨ ਜਦੋਂ ਆਪਣੇ ਮੂਲ ਤੋਂ ਦੂਰ ਹੁੰਦਾ ਹੈ ਤਾਂ ਬੁੱਧੀ ਉਪਰ ਪਰਦਾ ਪਾਉਂਦਾ ਹੈ। ਇਹ ਨਾ ਸਮਾਜ ਦੀ ਪ੍ਰਵਾਹ ਕਰਦਾ ਹੈ ਨਾ ਰੱਬ ਦੀ। ਇਹ ਧਾਰਮਿਕ ਬਾਣੇ ਦੀ ਵੀ ਪ੍ਰਵਾਹ ਨਹੀਂ ਕਰਦਾ। ਕਬੀਰ ਜੀ ਨੇ ਤਾਂ ਇਸ ਮਨ ਨੂੰ ਕੁੱਟਣ ਲਈ ਕਿਹਾ ਹੈ। ਕੁਟਾਈ ਤੋਂ ਬਿਨ੍ਹਾਂ ਦਾਣੇ ਫੂਸ ਤੋਂ ਅਲਹਿਦਾ ਨਹੀਂ ਹੁੰਦੇ। ਕੁੱਟਣ ਤੋਂ ਬਿਨ੍ਹਾਂ ਮੈਲ ਕੱਪੜਿਆਂ ਤੋਂ ਦੂਰ ਨਹੀਂ ਹੁੰਦੀ। ਇਉਂ ਮਨ ਦੀ ਕੁਟਾਈ ਇਸ ਵਿਚੋਂ ਵਿਕਾਰਾਂ ਨੂੰ ਦੂਰ ਕਰ ਦਿੰਦੀ ਹੈ।[193] ਮਨ ਵਿੱਚ ਵਸੀ ਔਗੁਣਾਂ ਦੀ ਮੈਲ ਪਿਛਲੇ ਜਨਮਾਂ ਤੋਂ ਹੀ ਲੱਗੀ ਹੋਈ ਹੈ। ਜਿਸ ਸਦਕਾ ਮਨ ਸਿਆਹ ਕਾਲਾ ਹੋ ਗਿਆ ਹੈ। ਉਹ ਤਾਂ ਤੇਲੀ ਦੀ ਥਿੰਗਲੀ ਵਾਂਗ ਥਿੰਦਾ ਹੈ।[194] ਥਿੰਦੇ ਕੱਪੜੇ ਉਪਰ ਪਾਣੀ ਅਤੇ ਸਾਬਣ ਦਾ ਅਸਰ ਛੇਤੀ ਨਹੀਂ ਹੁੰਦਾ। ਇਉਂ ਔਗੁਣਾਂ ਦੀ ਮੈਲ ਨਾਲ ਥਿੰਦੇ ਹੋਏ ਮਨਾਂ ਉਪਰ ਗੁਰ ਦਾ ਸ਼ਬਦ ਛੇਤੀ ਅਸਰ ਨਹੀਂ ਕਰਦਾ ਪਰ ਨਿਰੰਤਰ ਅਭਿਆਸ ਨਾਲ ਇਹ ਸੰਭਵ ਹੁੰਦਾ ਹੈ। ਸੁਮੱਤ ਨਾਲ ਛੁਟਕਾਰਾ ਮਿਲਦਾ ਹੈ। ਤੀਸਰੇ ਪਾਤਸ਼ਾਹ ਦਾ ਫੁਰਮਾਨ ਹੈ ਕਿ ਮਨ ਨੂੰ ਮਾਰੇ ਬਿਨਾਂ ਭਗਤੀ ਨਹੀਂ ਹੁੰਦੀ।[195] ਪਰ ਮਨ ਨੂੰ ਵੀ ਮਨ ਹੀ

---

[191] ਨੇਕੀ, *ਉਹੀ ਰਚਨਾ*, ਪੰਨਾ-30.

[192] *ਉਹੀ,* ਪੰਨਾ-34.

[193] *ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥ ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥* ਰਾਗ ਗੋਂਡ ਕਬੀਰ, 872.

[194] *ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥ ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥* ਰਾਗ ਸੋਰਠਿ ਮ. ੩, 651.

[195] *ਮਨ ਅੰਤਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨ ਹੋਈ॥* ਰਾਗ ਗਉੜੀ ਕਬੀਰ, 329.

ਮਾਰਦਾ ਹੈ।[196] ਮਨ ਦਾ ਮਨ ਨੂੰ ਮਾਰਨਾ ਕੀ ਹੈ? ਮਨ ਦੇ ਦੋ ਰੂਪ ਹਨ: ਅੰਧਕਾਰਮਈ ਅਤੇ ਪ੍ਰਕਾਸ਼ਮਈ। ਸਾਧਨਾ ਰਾਹੀਂ ਅੰਧਕਾਰਮਈ ਮਨ ਨੂੰ ਪ੍ਰਕਾਸ਼ਮਈ ਬਣਾਉਣਾ ਹੀ ਮਨ ਨੂੰ ਮਨ ਦੁਆਰਾ ਮਾਰਨਾ ਹੈ। ਮਨ ਜੋਤ ਸਰੂਪ ਹੈ।[197] ਸਰੀਰ ਰੂਪੀ ਨਗਰੀ ਵਿੱਚ ਮਨ ਰਾਜੇ ਵਾਂਗ ਰਹਿੰਦਾ ਹੈ ਅਤੇ ਪੰਜੇ ਗਿਆਨ ਇੰਦਰੇ ਇਸ ਦੇ ਸਲਾਹਕਾਰ ਹਨ।[198]

**ਆਤਮਾ**

ਕਬੀਰ ਜੀ ਅਨੁਸਾਰ ਜਿਵੇਂ ਕਾਗਜ਼ ਉਪਰ ਲਿਖੇ ਅੱਖਰ ਸੱਚੇ ਹਨ ਇਉਂ ਇਹ ਅਟੱਲ ਸੱਚ ਹੈ ਕਿ ਆਤਮਾ ਪਰਮਾਤਮਾ ਦੀ ਅੰਸ਼ ਹੈ।[199] ਗੁਰਬਾਣੀ ਵਿਚ ਤਨ ਅਤੇ ਮਨ ਨੂੰ ਉਲਾਹਮੇ ਹਨ ਪਰ ਦੂਜੇ ਪਾਸੇ ਆਤਮਾ ਨੂੰ ਬਿਨ੍ਹਾਂ ਵਡਿਆਈ ਤੋਂ ਕੁਝ ਨਹੀਂ ਕਿਹਾ ਗਿਆ। *ਗੁਰੂ ਗ੍ਰੰਥ ਸੰਕੇਤ ਕੋਸ਼* ਅਨੁਸਾਰ:

> ਮਨੁੱਖ ਜਾਂ ਪ੍ਰਾਣੀ ਮਾਤਰ ਅੰਦਰ ਸਮਾਈ ਚੇਤਨਾ 'ਆਤਮਾ' ਹੈ। ਇਸਦਾ ਸਥੂਲ ਰੂਪ ਭਾਵੇਂ ਕੋਈ ਨਹੀਂ ਦਿਸਦਾ। ਵੈਸੇ ਇਹ ਪਰਮਾਤਮਾ ਦੀ ਅੰਸ਼ ਹੋਣ ਕਰਕੇ ਅਜਰ, ਅਮਰ ਤੇ ਨਿੱਤ ਹੈ।......... ਕਬੀਰ ਸਾਹਿਬ 'ਰਾਮ ਕੀ ਅੰਸ਼' ਆਖਦੇ ਹਨ ਤੇ ਗੁਰੂਆਂ ਆਤਮਾ ਨੂੰ 'ਜੋਤਿ ਸਰੂਪ' ਕਹਿਕੇ ਯਾਦ ਕੀਤਾ ਹੈ। ਇਸੇ ਕਰਕੇ ਭਗਤੀ ਲਹਿਰ ਦੇ ਸੰਤਾਂ, ਪਰਮਾਤਮਾ ਦਾ ਗਿਆਨ ਪ੍ਰਾਪਤ ਕਰਨ ਲਈ ਆਤਮ ਚੀਨਣ ਉੱਤੇ ਬਹੁਤ ਜ਼ੋਰ ਦਿੱਤਾ ਹੈ। ਸਰੀਰ ਅਤੇ ਆਤਮਾ ਦੇ ਸਬੰਧ ਵਿਚਾਲੇ ਕੇਵਲ ਰੱਬੀ ਹੁਕਮ ਹੈ। ਰੱਬੀ ਹੁਕਮ ਆ ਗਿਆ ਤਾਂ ਵੇਲਾ, ਵਕਤ ਕੋਈ ਅਹਿਮੀਅਤ ਨਹੀਂ ਰੱਖਦਾ। ਆਤਮਾ ਨਿਰਮਲ, ਨਿਰਛਲ, ਨਿਰਵੈਰ, ਰੱਬੀ ਗੁਣਾਂ ਦਾ ਖਜ਼ਾਨਾ ਹੈ। ਆਤਮਾ ਪ੍ਰਥਾਇ ਜੋਤਿ ਸ਼ਬਦ ਦੀ ਵਰਤੋਂ ਵੀ ਹੋਈ ਹੈ।[200]

ਮਨੁੱਖੀ ਸਰੀਰ, ਸਰੀਰ ਤੇ ਰੂਹ ਦਾ ਸੁਮੇਲ ਹੈ, ਨਾ ਇੱਕਲਾ ਸਰੀਰ ਹੀ ਮਨੁੱਖ ਹੈ ਅਤੇ ਨਾ ਹੀ ਇਕੱਲੀ ਰੂਹ ਹੀ।[201] ਦੋਹਾਂ ਦੇ ਮੇਲ ਨਾਲ ਜ਼ਿੰਦਗੀ ਦਾ ਦੀਪਕ ਜਗਮਗਾਉਂਦਾ ਹੈ। ਇਹ ਆਤਮਾ ਕੀ ਹੈ? ਕੀ ਇਹ ਸਰੀਰ ਆਤਮਾ ਹੈ ਜਾਂ ਫਿਰ ਮਨ ਬੁੱਧੀ ਜਾਂ ਇੰਦ੍ਰਿਆਂ ਨੂੰ ਆਤਮਾ ਕਿਹਾ ਜਾਂਦਾ ਹੈ। ਇਹ ਸਰੀਰ ਨਾਸ਼ਵਾਨ ਹੈ ਪ੍ਰੰਤੂ ਆਤਮਾ ਨੂੰ ਅਮਰ ਤੇ ਨਿਤ ਕਿਹਾ ਗਿਆ ਹੈ। ਇਸ ਅਮਰ ਤੱਤ ਦਾ ਗਿਆਨ ਅਤਿ ਜ਼ਰੂਰੀ ਹੈ, ਇਸ ਬਿਨ੍ਹਾਂ ਮੁਕਤੀ ਸੰਭਵ ਨਹੀਂ।[202] ਆਤਮਾ ਲਈ ਹੰਸ ਸ਼ਬਦ ਵੀ ਵਰਤਿਆ ਹੈ।[203] ਆਤਮਾ ਦੀ ਪਛਾਣ ਹੀ ਪਰਮਾਤਮਾ ਦੀ ਪਛਾਣ ਹੈ।[204] ਸਰੀਰ ਦਾ ਵਜੂਦ ਓਨੀ ਦੇਰ ਤੱਕ ਹੀ ਕਾਇਮ ਰਹਿੰਦਾ ਹੈ ਜਦ ਤੱਕ ਆਤਮਾ ਰਹਿੰਦੀ ਹੈ। ਆਤਮਾ ਤੋਂ ਬਗੈਰ ਇਹ ਸਰੀਰ ਖਾਕ ਵਿੱਚ ਰਲ ਜਾਂਦਾ ਹੈ।[205] ਗੁਰੂ ਅਰਜਨ ਦੇਵ ਜੀ ਨੇ ਆਤਮਾ ਦੀ ਕਥਾ ਨੂੰ ਮਹਾ ਅਨੂਪ ਕਿਹਾ ਹੈ। ਇਹ ਆਤਮਾ ਨਾ ਬਜ਼ੁਰਗ ਹੈ ਨਾ ਬਾਲ। ਨਾ ਇਸ ਨੂੰ ਦੁਨਿਆਵੀ ਦੁੱਖ ਹੈ ਅਤੇ ਨਾ ਜਮ ਦਾ, ਨਾ ਇਸ ਦਾ ਵਿਨਾਸ ਹੁੰਦਾ ਹੈ ਅਤੇ ਨਾ ਇਹ ਕਿਤੋਂ ਆਉਂਦੀ ਜਾਂਦੀ ਹੈ। ਨਾ ਇਸ ਨੂੰ ਗਰਮੀ ਸਰਦੀ ਲੱਗਦੀ ਹੈ ਅਤੇ ਨਾ ਇਸ ਦਾ

---

196 *ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ॥ ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ॥* ਰਾਗ ਮਾਰੂ ਮ: ੩, 1089.

197 *ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥* ਰਾਗ ਆਸਾ ਮ: ੩, 441.

198 *ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ॥* ਰਾਗ ਰਾਮਕਾਲੀ ਮਹਲਾ ੨, 907.

199 *ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥* ਰਾਗ ਗੋਂਡ, ਕਬੀਰ, 871.

200 *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ-26.

201 *ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥* ਰਾਗ ਰਾਮਕਾਲੀ ਮ: ੩, 921.

202 ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨਾ-129.

203 *ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥* ਰਾਗ ਸੂਹੀ, ਸੇਖ ਫਰੀਦ, 794.

204 *ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥* ਰਾਗ ਆਸਾ ਮ: ੧, 421.

205 *ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ॥* ਰਾਗ ਸਿਰੀਰਾਗ ਮ: ੫, 50.

ਕੋਈ ਦੁਸ਼ਮਣ ਅਤੇ ਨਾ ਮਿੱਤਰ ਹੈ। ਨਾ ਇਸ ਨੂੰ ਖੁਸ਼ੀ ਅਤੇ ਸੋਗ ਹੈ। ਇਹ ਸਮਰੱਥ ਹੈ, ਇਸ ਦਾ ਕੋਈ ਮਾਂ-ਬਾਪ ਨਹੀਂ। ਇਸ ਨੂੰ ਪਾਪ ਪੁੰਨ ਵੀ ਨਹੀਂ ਲੱਗਦੇ। ਇਹ ਹਮੇਸ਼ਾ ਪ੍ਰਕਾਸ਼ਮਾਨ ਹੈ।[206] ਹਰੀ ਬਿਨ੍ਹਾਂ ਜੀਵ ਆਤਮਾ ਜਲ ਬਲ ਜਾਂਦੀ ਹੈ।[207] ਆਤਮਾ ਦੇ ਜਾਣ ਨਾਲ ਸਰੀਰ ਸੁੰਞਾ ਹੋ ਜਾਂਦਾ ਹੈ, ਇਹ ਡਰਾਉਣਾ ਹੋ ਜਾਂਦਾ ਹੈ।[208] ਆਤਮਾ ਨੂੰ ਗੋਰੀ,[209] ਸੁਹਾਗਣੀ, ਸਹੇਲੀ,[210] ਜਿੰਦ,[211] ਕੰਤ[212], ਕਾਮਣੀ,[213] ਪੰਛੀ,[214] ਨਾਰੀ,[215] ਪਰਦੇਸੀ [216] ਕਹਿਕੇ ਵਡਿਆਇਆ ਹੈ। ਸਭ ਤੋਂ ਪਹਿਲਾ ਆਤਮਾ ਨੇ ਟਿਕਾਣਾ ਮਾਤਾ ਦੇ ਗਰਭ ਵਿੱਚ ਕੀਤਾ।[217] ਆਤਮਾ ਅਡੋਲ ਹੈ। ਪੂਰੇ ਗੁਰੂ ਬਿਨ੍ਹਾਂ ਆਤਮਾ ਦੀ ਸਮਝ ਨਹੀਂ ਪੈਂਦੀ। ਸਰੀਰ ਦੀ ਸਾਜਨਾ ਕਰਕੇ ਫਿਰ ਇਸ ਵਿੱਚ ਆਤਮਾ ਨੂੰ ਟਿਕਾਇਆ ਹੈ। ਆਤਮਾ ਇੱਕ ਰਸ ਹੈ ਨਾ ਮਰਦੀ ਹੈ, ਨਾ ਡੁੱਬਦੀ ਹੈ ਅਤੇ ਨਾ ਤਰਦੀ ਹੈ।[218] ਇੱਕ ਪਾਸੇ ਆਤਮਾ ਦਾ ਅਜਿਹਾ ਰੂਪ ਹੈ ਦੂਜੇ ਪਾਸੇ ਮਨ ਦੇ ਪ੍ਰਭਾਵ ਕਰਕੇ ਕਾਮ, ਕਰੋਧ ਆਤਮਾ ਉਪਰ ਚੋਟ ਕਰਦੇ ਪਏ ਹਨ।[219] ਪਰਮਾਤਮਾ ਨੇ ਸਰੀਰ ਰੂਪੀ ਮੰਦਰ ਸਾਜਿਆ ਅਤੇ ਇਸ ਦੇ ਨੌਂ ਦਰਵਾਜੇ ਰੱਖੇ ਹਨ। ਆਤਮਾ ਇਸ ਮੰਦਰ ਵਿੱਚ ਰਹਿੰਦੀ ਹੈ। ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਇਸ ਘਰ ਨੂੰ ਲੁੱਟਦੇ ਹਨ। ਇੱਕ ਦਿਨ ਸਰੀਰ ਰੂਪੀ ਘਰ ਟੁੱਟ ਜਾਂਦਾ ਹੈ। ਪੰਜੇ ਚੋਰ ਨੱਸ ਜਾਂਦੇ ਹਨ। ਜੀਵ ਆਤਮਾ ਪਕੜੀ ਜਾਂਦੀ ਹੈ ਅਤੇ ਬੰਨਕੇ ਜਮਪੁਰ ਜਾਣ ਦੀ ਤਿਆਰੀ ਹੁੰਦੀ ਹੈ।[220]

> ਆਪਣੇ ਅਸਲ ਸਰੂਪ ਤੋਂ ਵਿਛੜੇ ਹੋਣ ਕਰਕੇ ਆਤਮਾ ਸਦੀਵੀਂ ਵਿਛੋੜੇ ਵਿਚ ਲਿਪਟੀ ਰਹਿੰਦੀ ਹੈ। ਮਨ ਦੀ ਅਗਿਆਨਤਾ ਕਰਕੇ ਆਤਮਾ ਉਪਰ ਮੈਲ ਦੇ ਪਰਦੇ ਚੜ੍ਹੇ ਹੋਏ ਹੁੰਦੇ ਹਨ ਜਿਸ ਕਰਕੇ ਆਤਮਾ ਅਤੇ ਪਰਮਾਤਮਾ ਵਿਚ ਭੇਦ ਜਾਂ ਵਿਛੋੜਾ ਬਣਿਆ ਰਹਿੰਦਾ ਹੈ। ਇਹੀ ਕਾਰਨ ਹੈ ਕਿ ਜੀਵ ਨੂੰ ਆਪਣੇ ਦੁੱਖ ਦੇ ਅਸਲੀ ਕਾਰਣ ਦਾ ਗਿਆਨ ਨਹੀਂ ਹੁੰਦਾ।[221]

---

206 *ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ॥ ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥ ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥1॥ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥ ਨਾ ਇਸੁ ਹਰਖੁ ਨਹੀ ਇਸੁ ਸੋਗੁ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥2॥ ਨਾ ਇਸੁ ਬਾਪੁ ਨਹੀ ਇਸੁ ਮਾਇਆ॥ ਇਹੁ ਅਪਰੰਪਰੁ ਹੋਤਾ ਆਇਆ॥ ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ ਸਦ ਹੀ ਜਾਗੈ॥* ਰਾਗ ਗੋਂਡ ਮ: ੫, 868.

207 *ਹਰਿ ਬਿਨੁ ਜੀਉ ਜਲਿ ਬਲਿ ਜਾਉ॥* ਰਾਗ ਸਿਰੀਰਾਗ ਮ: ੧, 14.

208 *ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ॥* ਰਾਗ ਸਿਰੀਰਾਗ ਮ: ੧, 19.

209 *ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥* ਰਾਗ ਸਿਰੀਰਾਗ ਮ: ੧, 23.

210 *ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥* ਰਾਗ ਸਿਰੀਰਾਗ ਮ: ੩, 38.

211 *ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ॥* ਰਾਗ ਸਿਰੀਰਾਗ ਮ: ੫, 48.

212 *ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ॥* ਰਾਗ ਸਿਰੀਰਾਗ ਮ: ੫, 50.

213 *ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ॥* ਰਾਗ ਸਿਰੀਰਾਗ ਮ: ੧, 58.

214 *ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥* ਰਾਗ ਸਿਰੀਰਾਗ ਮ: ੩, 66.

215 *ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ॥* ਰਾਗ ਮਾਝ ਮ: ੨, 148.

216 *ਓਇ ਪਰਦੇਸੀਆ ਹਾਂ॥* ਰਾਗ ਆਸਾਵਰੀ ਮ: ੫, 410.

217 *ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਧਰਿ ਪਾਇਤਾ ਉਦਰੈ ਮਾਹਿ॥* ਰਾਗ ਸਿਰੀਰਾਗ ਮ: ੫, 77.

218 *ਨਾ ਜੀਉ ਮਰੈ ਨ ਡੂਬੈ ਤਰੈ ॥* ਰਾਗ ਗਉੜੀ, ਮ: ੧, 151.

219 *ਕਾਮੁ ਕ੍ਰੋਧੁ ਜੀਅ ਮਹਿ ਚੋਟ॥* ਰਾਗ ਗਉੜੀ ਮ: ੧, 152.

220 *ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ॥ ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ॥* ਰਾਗ ਗਉੜੀ ਚੇਤੀ ਮ: ੧, 155.

221 ਰੋਹੀ, *ਉਹੀ ਰਚਨਾ,* ਪੰਨੇ 59-60.

ਇਸ ਦੁਰਗਤੀ ਤੋਂ ਸੱਚਾ ਗੁਰੂ ਬਚਾ ਸਕਦਾ ਹੈ। ਸਾਧਕ ਅਜਿਹੇ ਸਤਿਗੁਰ ਤੋਂ ਕੁਰਬਾਨ ਜਾਂਦਾ ਹੈ ਜਿਸ ਸਦਕਾ ਆਤਮ ਚੀਨਿਆ ਅਤੇ ਪਰਮ ਰੰਗ ਮਾਣਿਆ।[222] ਜੋ ਵਿਅਕਤੀ ਇਸ ਸਰੀਰ ਨੂੰ ਪ੍ਰਾਪਤ ਕਰਕੇ ਨਾਮ ਨਹੀਂ ਜਪਦੇ ਉਹ ਆਤਮਘਾਤੀ ਹਨ।[223] ਆਤਮਘਾਤੀ ਦਾ ਭਾਵ ਇਹ ਹੈ ਕਿ ਉਹ ਵਿਅਕਤੀ ਆਤਮਾ ਦੀ ਗੱਲ ਨਹੀਂ ਸੁਣਦਾ। ਆਤਮਾ ਮਰਨ ਵਾਲੀ ਨਹੀਂ ਹੈ।[224] ਇਸ ਜਿੰਦ ਨੂੰ ਨਾਮ ਦਾ ਹੀ ਆਸਰਾ ਹੈ।[225] ਆਤਮਾ ਰੂਪੀ ਪਤਨੀ ਪਰਮਾਤਮਾ ਰੂਪੀ ਪਤੀ ਬਿਨ੍ਹਾਂ ਇਕੱਲੀ ਹੈ। ਆਤਮਾ ਹਮੇਸ਼ਾ ਸੁਹਾਗਣ ਹੈ ਕਿਉਂਕਿ ਇਸ ਦੇ ਪਤੀ ਨੇ ਕਦੇ ਨਹੀਂ ਮਰਨਾ।[226] ਕਈ ਥਾਈਂ ਆਤਮਾ ਨੂੰ ਜਿੱਤਣ ਦਾ ਜ਼ਿਕਰ ਵੀ ਆਇਆ ਹੈ।[227] ਆਤਮਾ ਨੂੰ ਜਿੱਤਣ ਦਾ ਭਾਵ ਮਨ ਨੂੰ ਜਿੱਤਣ ਵਾਲਾ ਹੀ ਹੈ। ਸਰੀਰ ਦੇ ਮਰਨ ਤੋਂ ਬਾਅਦ ਆਤਮਾ ਸ਼ਬਦ ਵਿੱਚ ਮਿਲ ਜਾਂਦੀ ਹੈ।[228] ਦੁਜੈਲਾ ਪ੍ਰੇਮ ਆਤਮਾ ਦਾ ਸੰਘਾਰ ਕਰਦਾ ਹੈ।[229] ਆਤਮਾ ਉਪਰ ਆਗਿਆ ਪਰਮਾਤਮਾ ਦੀ ਚਲਦੀ ਹੈ। ਉਸਦੀ ਆਗਿਆ ਆਉਂਦੀ ਹੈ ਤੇ ਆਤਮਾ ਚਾਲੇ ਪਾ ਦਿੰਦੀ ਹੈ।[230] ਕਬੀਰ ਜੀ ਨੇ ਤਾਂ ਆਤਮਾ ਨੂੰ ਬਹੂ ਦਾ ਦਰਜਾ ਦਿੱਤਾ। ਇਸ ਦੀ ਜਿੱਤ ਉਦੋਂ ਹੁੰਦੀ ਹੈ ਜਦੋਂ ਇਹ ਹਰੀ ਦੇ ਗੁਣ ਗਾਉਂਦਿਆਂ ਜੀਵਨ ਬਤੀਤ ਕਰਦੀ ਹੈ।[231] ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਸਰੀਰ ਅਤੇ ਆਤਮਾ ਦੀ ਪ੍ਰੀਤ ਖਤਮ ਹੋ ਜਾਂਦੀ ਹੈ।[232] ਸਰੀਰ ਵਿੱਚੋਂ ਆਤਮਾ ਦੇ ਨਿਕਲਣ ਨਾਲ ਹੀ ਲੋਕ ਸਰੀਰ ਨੂੰ ਪ੍ਰੇਤ-ਪ੍ਰੇਤ ਕਰਕੇ ਪੁਕਾਰਦੇ ਹਨ।[233] ਪਰਮਾਤਮਾ ਦੂਰ ਨਹੀਂ ਨੇੜ੍ਹੇ ਹੈ, ਉਹ ਆਤਮਾ ਵਿੱਚ ਭਰਪੂਰ ਹੈ।[234] ਮਿਲਾਪ ਹੀ ਉਦੋਂ ਪੂਰਾ ਹੁੰਦਾ ਹੈ ਜਦੋਂ ਅੰਤਰ ਆਤਮੇ ਨਾਲ ਮਿਲਾਪ ਹੋ ਜਾਵੇ।[235] ਆਤਮਾ ਨਾਲ ਅਨੰਦ ਕਰਨਾ ਚਾਹੀਦਾ ਹੈ।[236] ਸਾਰੇ ਪਾਸੇ ਆਤਮਾ ਦਾ ਹੀ ਪਸਾਰਾ ਹੈ।[237] ਜੇਕਰ ਸਤਿਗੁਰ ਅੱਗੇ ਆਤਮਾ ਦੀ ਗੁਹਜ ਗੱਲ ਕਰੀਏ ਤਾਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ।[238] ਆਤਮਾ ਪਰਮਾਤਮਾ ਦੀ ਪਰਮ ਜੋਤ ਹੈ ਜਿਸਦਾ ਕੋਈ ਰੂਪ ਅਤੇ ਰੇਖ ਨਹੀਂ ਹੈ।[239] ਸਰੀਰ, ਪੈਸਾ ਅਤੇ ਆਤਮਾ ਪ੍ਰਭੂ ਦੀ ਹੈ।[240] ਆਤਮਾ ਦਾ

---

222 *ਸਤਿਗੁਰ ਅਪੁਨੇ ਕਉ ਕੁਰਬਾਨੀ॥ ਆਤਮ ਚੀਨਿ ਪਰਮ ਰੰਗ ਮਾਨੀ॥ ਰਹਾਉ ॥* ਰਾਗ ਗਉੜੀ ਮ: ੫, 187.
223 *ਨਾਮੁ ਨ ਜਪਹਿ ਤੇ ਆਤਮ ਘਾਤੀ॥* ਰਾਗ ਗਉੜੀ ਮ: ੫, 188.
224 *ਕੰਚਨ ਕਾਇਆ ਨਿਰਮਲ ਹੰਸੁ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ॥* ਰਾਗ ਮਲਾਰ ਮ: ੧, 1256.
225 *ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ॥* ਰਾਗ ਗਉੜੀ ਪੂਰਬੀ ਛੰਤ ਮ: ੩, 244.
226 *ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ॥* ਰਾਗ ਗਉੜੀ ਮ: ੩, 245.
227 *ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ॥* ਰਾਗ ਗਉੜੀ ਬਾਵਨ ਅਖਰੀ ਮ: ੫, 256.
228 *ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥ ਸਬਦਿ ਅਤੀਤਿ ਅਨਾਹਦਿ ਰਾਤਾ ॥* ਰਾਗ ਗਉੜੀ, ਕਬੀਰ, 327.
229 *ਦੂਜੈ ਭਾਇ ਆਤਮ ਸੰਘਾਰਹਿ॥* ਰਾਗ ਆਸਾ ਮ: ੩, 362.
230 *ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ॥* ਰਾਗ ਆਸਾ ਮ: ੫, 402.
231 *ਕਹਤ ਕਬੀਰ ਬਹੂ ਤਬ ਜੀਤੈ॥ ਹਰਿ ਗੁਨ ਗਾਵਤ ਜਨਮੁ ਬਿਤੀਤੈ ॥* ਰਾਗ ਆਸਾ, ਕਬੀਰ, 484.
232 *ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ॥* ਸਲੋਕ ਮ: ੩, 510-1.
233 *ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥* ਰਾਗ ਦੇਵਗੰਧਾਰੀ ਮ: ੯, 536.
234 *ਨੇਰੈ ਨਾਹੀ ਦੂਰਿ॥ ਨਿਜ ਆਤਮੈ ਰਹਿਆ ਭਰਪੂਰਿ॥* ਰਾਗ ਸੋਰਠ, ਨਾਮਦੇਵ, 657.
235 *ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥* ਸਲੋਕ ਮ: ੨, 791.
236 *ਅਨਦੁ ਕਰਹੁ ਮਿਲਿ ਸੁੰਦਰ ਨਾਰੀ॥* ਬਿਲਾਵਲ ਮ: ੫, 806.
237 *ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥* ਬਿਲਾਵਲ ਮ: ੫, 846.
238 *ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ॥* ਸਲੋਕ ਮ: ੩, 850.
239 *ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ॥* ਰਾਗ ਬਿਲਾਵਲ, ਕਬੀਰ, 857.
240 *ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥ ਰਹਾਉ॥* ਰਾਗ ਗੋਂਡ ਮ: ੫, 866.

ਟਿਕਾਣਾ ਚੌਥਾ ਪਦ ਹੈ।[241] ਆਤਮਾ ਕਦੇ ਨਾ ਨਾਸ ਹੋਣ ਵਾਲੀ ਹੈ। ਤਨ, ਮਨ ਅਤੇ ਆਤਮਾ ਸਰੀਰ ਦਾ ਸ਼ਿੰਗਾਰ ਹਨ।[242] ਸਾਰੀਆਂ ਆਤਮਾਵਾਂ ਦਾ ਦਾਤਾ ਪਰਮਾਤਮਾ ਹੈ। ਇਸ ਲਈ ਉਸ ਨੂੰ ਠਾਕੁਰ ਅਤੇ ਸਾਰੇ ਸੰਸਾਰ ਨੂੰ ਇਸਤਰੀਆਂ ਕਿਹਾ ਹੈ।[243] ਪਰਮਾਤਮਾ ਨੇ ਸਰੀਰ ਰੂਪੀ ਗੁਫਾ ਵਿਚ ਆਤਮਾ ਨੂੰ ਟਿਕਾਕੇ ਬੋਲਣ ਦੀ ਸਮਰੱਥਾ ਬਖਸ਼ੀ।[244] ਇੱਕ ਆਤਮਾ ਤਿੰਨਾਂ ਲੋਕਾਂ ਵਿੱਚ ਵਿਚਰਦੀ ਹੈ।[245] ਰੱਬੀ ਹੁਕਮ ਨਾਲ ਆਤਮਾ ਨੇ ਸਰੀਰ ਵਿਚ ਟਿਕਾਣਾ ਕੀਤਾ ਹੈ।[246] ਸਰੀਰ ਅਤੇ ਆਤਮਾ ਦੀ ਪ੍ਰੀਤ ਵੱਖਰੀ ਤਰ੍ਹਾਂ ਦੀ ਹੈ। ਸਰੀਰ ਪੁਰਖ ਹੈ ਅਤੇ ਜੋਗੀ ਵਾਂਗ ਹੈ ਅਤੇ ਆਤਮਾ ਸੁੰਦਰ ਨਾਰੀ ਹੈ।[247] ਗੁਰਬਾਣੀ ਵਿੱਚ ਇਸ ਸੰਸਾਰ ਨੂੰ ਪੇਕਾ ਘਰ ਅਤੇ ਪਰਮਾਤਮਾ ਦੇ ਘਰ ਨੂੰ ਸਹੁਰਾ ਘਰ ਦੱਸਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸਹੁਰੇ ਘਰ ਦੀ ਹਰ ਵਸਤੂ ਵਿੱਚ ਆਤਮਾ ਪ੍ਰਮਾਤਮਾ ਦੀ ਬਰਾਬਰ ਦੀ ਸ਼ਰੀਕ ਹੈ ਪਰ ਪੇਕੇ ਘਰ ਵਿੱਚ ਭਾਵ ਇਸ ਸੰਸਾਰ ਵਿੱਚ ਆਤਮਾ ਹੀ ਜ਼ਿੰਮੇਵਾਰ ਹੈ।[248] ਆਤਮਾ ਸੁੱਖਾਂ ਦੀ ਖਾਣ ਹੈ ਪਰ ਇਨ੍ਹਾਂ ਸੁੱਖਾਂ ਦੀ ਪ੍ਰਾਪਤੀ ਮਾਲਕ ਦੀ ਸੇਵਾ ਤੋਂ ਬਿਨ੍ਹਾਂ ਨਹੀਂ ਹੁੰਦੀ।[249] ਭਗਤੀ ਦਾ ਗੁੱਝਾ ਭੇਦ ਹੀ ਇਹ ਹੈ ਕਿ ਇਹ ਜਾਣ ਲਈਏ ਕਿ ਮੇਰਾ ਪ੍ਰਭੂ ਸਾਰੀਆਂ ਆਤਮਾਵਾਂ ਵਿੱਚ ਵਸਦਾ ਹੈ।[250] ਆਤਮਾ ਦਾ ਪ੍ਰਕਾਸ਼ ਧਰਤੀ, ਆਕਾਸ਼ ਅਤੇ ਹਰ ਥਾਂ ਤੇ ਹੈ।[251] ਆਤਮਾ ਨਾ ਕਿਤੋਂ ਆਉਂਦੀ ਹੈ ਨਾ ਕਿਤੇ ਜਾਂਦੀ ਹੈ ਨਾ ਇਸ ਨੂੰ ਕੋਈ ਦੁੱਖ ਦਰਦ ਹੈ।[252] ਗੁਰੂ ਰਾਮਦਾਸ ਜੀ ਅਨੁਸਾਰ ਆਤਮਾ ਪ੍ਰਮਾਤਮਾ ਇੱਕ ਥਾਂ ਹੀ ਵੱਸਦੇ ਹਨ ਪਰ ਦੋਹਾਂ ਵਿਚਾਲੇ ਹਉਮੈਂ ਦੀ ਦੀਵਾਰ ਕਰਕੇ ਦੂਰੀ ਪੈ ਗਈ ਹੈ। ਪੂਰਾ ਗੁਰੂ ਇਸ ਦੀਵਾਰ ਨੂੰ ਤੋੜਦਾ ਹੈ ਅਤੇ ਦੋਹਾਂ ਦਾ ਮਿਲਾਪ ਹੋ ਜਾਂਦਾ ਹੈ।[253] ਸਰੀਰ ਦੇ ਸੜਨ ਨਾਲ ਵੀ ਆਤਮਾ ਨੂੰ ਕੁਝ ਨਹੀਂ ਹੁੰਦਾ।[254] ਆਤਮਾ ਅਜਿਹਾ ਜਲ ਹੈ ਜੋ ਗੁਰੂ ਰਾਹੀਂ ਪ੍ਰਾਪਤ ਹੁੰਦਾ ਹੈ ਅਤੇ ਜਿਸ ਤੋਂ ਬਿਨ੍ਹਾਂ ਰਹਿਣਾ ਅਸੰਭਵ ਹੈ। ਆਤਮਕ ਪ੍ਰਕਾਸ਼ ਬਾਰੇ ਕਿਸੇ ਨੂੰ ਨਹੀਂ ਪਤਾ। ਜਿਸ ਨੇ ਸਾਰੇ ਧਾਰਮਿਕ ਕਰਮ ਤਾਂ ਕੀਤੇ ਪਰ ਆਤਮਾ ਨੂੰ ਨਹੀਂ ਪਛਾਣਿਆ ਉਨ੍ਹਾਂ ਦੇ ਸਾਰੇ ਕਰਮ ਫੋਕਟ ਹਨ।[255] ਕਬੀਰ ਜੀ ਨੇ ਆਤਮਾ ਅਤੇ ਪ੍ਰਮਾਤਮਾ ਨੂੰ ਪਤੀ ਪਤਨੀ ਦੱਸਿਆ ਹੈ। ਦੋਹਾਂ ਵਿੱਚ

---

241 *ਚਉਥੇ ਪਦ ਮਹਿ ਜਨ ਕੀ ਜਿੰਦੁ॥* ਰਾਗ ਗੋਂਡ, ਕਬੀਰ, 871.
242 *ਤਨੁ ਮਨੁ ਜੀਉ ਪਿੰਡੁ ਦੇ ਸਾਜਿਆ॥* ਰਾਗ ਰਾਮਕਲੀ ਮ: ੫, 887.
243 *ਠਾਕੁਰੁ ਏਕ ਸਬਾਈ ਨਾਰਿ॥* ਰਾਗ ਰਾਮਕਲੀ ਮ: ੧, 933.
244 *ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥* ਰਾਗ ਰਾਮਕਲੀ ਮ: ੩, 922.
245 *ਏਕੋ ਭਵਰੁ ਭਵੈ ਤਿਹੁ ਲੋਇ॥* ਰਾਗ ਰਾਮਕਲੀ ਮ: ੧ ਦਖਣੀ, 930.
246 *ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ॥* ਰਾਗ ਮਾਰੂ ਮ: ੫, 1007.
247 *ਕਾਇਆ ਹੰਸ ਪ੍ਰੀਤਿ ਬਹੁ ਧਾਰੀ॥ ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ॥* ਰਾਗ ਮਾਰੂ ਮ: ੧, 1028.
248 *ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ॥* ਰਾਗ ਬਸੰਤ ਮ: ੧, 1171.
249 *ਤੈ ਸਾਹਿਬ ਕੀ ਕਰਹਿ ਸੇਵ॥ ਪਰਮ ਸੁਖ ਪਾਵਹਿ ਆਤਮ ਦੇਵ॥ਰਹਾਉ॥* ਰਾਗ ਬਸੰਤ ਮ: ੩, 1172.
250 *ਇਸੁ ਭਗਤੀ ਕਾ ਕੋਈ ਜਾਣੈ ਭੇਉ॥ ਸਭੁ ਮੇਰਾ ਪ੍ਰਭੁ ਆਤਮ ਦੇਉ॥* ਰਾਗ ਬਸੰਤ ਮ: ੩, 1173.
251 *ਮਉਲੀ ਧਰਤੀ ਮਉਲਿਆ ਅਕਾਸੁ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥* ਰਾਗ ਬਸੰਤ ਬਾਣੀ ਭਗਤਾਂ ਕੀ, ਕਬੀਰ, 1193.
252 *ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦ ਸਰੀਰੇ॥* ਰਾਗ ਸਾਰੰਗ ਮ: ੧, 1197.
253 *ਧਨ ਪਿਰ ਕਾ ਇਕ ਹੀ ਸੰਗੁ ਵਾਸਾ ਵਿਚ ਹਉਮੈ ਭੀਤ ਕਰਾਰੀ॥* ਰਾਗ ਮਲਾਰ ਮ: ੪, 1263.
254 *ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ॥* ਸਲੋਕ, ਕਬੀਰ, 1366.
255 *ਜਿਨਿ ਆਤਮ ਤਤੁ ਨ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥* ਰਾਗ ਪ੍ਰਭਾਤੀ, ਭਗਤ ਬੈਣੀ, 1351.

ਕੋਈ ਅੰਤਰ ਨਹੀਂ ਹੈ।[256] ਸਰੀਰ ਦੀਆਂ ਹੱਡੀਆਂ ਤੋੜ ਕੇ ਆਤਮਾ ਨੂੰ ਕੱਢਿਆ ਜਾਂਦਾ ਹੈ।[257] ਪਿਆਰਾ ਸਿੰਘ ਪਦਮ ਅਨੁਸਾਰ:

> ਜੇਕਰ ਮਨੁੱਖ ਆਪਣੀ ਹਸਤੀ ਨੂੰ ਸਰੀਰ ਤਕ ਮਹਿਦੂਦ ਸਮਝੇਗਾ ਤਾਂ ਇਹ ਸਰੀਰ ਸੁੱਖਾਂ-ਭੋਗਾਂ ਤੋਂ ਉਪਰ ਨਹੀਂ ਉਠ ਸਕੇਗਾ। ਇਸ ਕਰਕੇ ਅਧਿਆਤਮਵਾਦੀ ਜਿਥੇ ਇਸ ਦਿਸਦੇ ਸੰਸਾਰ ਦੇ ਪਿੱਛੇ ਅਣ-ਦਿਸਦੇ ਪਰਮਤੱਤ ਨੂੰ ਪਛਾਣਦਾ ਹੈ, ਉਥੇ ਆਪਣੇ ਸਰੀਰ ਪਿੱਛੇ ਵਰਤਦੀ ਅਣਦਿਸਦੀ ਆਤਮਸੱਤਾ ਨੂੰ ਵੀ ਪ੍ਰਵਾਨ ਕਰਦਾ ਹੈ। ਪੱਛਮ ਦਾ ਵਿਕਾਸ ਸਿਧਾਂਤ ਇਸ ਨੂੰ ਬਾਂਦਰ ਪਰੰਪਰਾ ਨਾਲ ਜੋੜਦਾ ਹੈ ਤੇ ਪੱਛਮੀ ਮਜ਼ਹਬ ਮਨੁੱਖ ਨੂੰ ਬੁਨਿਆਦੀ ਤੌਰ ਤੇ ਗੁਨਾਹਗਾਰ ਸਿੱਧ ਕਰਦਾ ਹੈ, ਪ੍ਰੰਤੂ ਪੂਰਬੀ ਗਿਆਨ ਵਿਗਿਆਨ ਤੇ ਧਰਮ ਮਨੁੱਖ ਨੂੰ ਪਰਮਾਤਮਾ ਦੀ ਅੰਸ਼ ਸਿੱਧ ਕਰਕੇ, ਇਸ ਦਾ ਗੌਰਵ ਜਗਾਉਂਦੇ ਹਨ।[258]

ਡਾ. ਸ਼ੇਰ ਸਿੰਘ ਲਿਖਦੇ ਹਨ:

> ਇਹ ਸਰੀਰ ਅੰਨ ਦੇ ਆਸਰੇ ਕਾਇਮ ਹੈ- ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥ ਏਸੇ ਲਈ ਇਹ 'ਅੰਨਮਈ ਕੋਸ਼' ਕਹਿਲਾਉਂਦਾ ਹੈ। ਇਹ ਸਭਤੋਂ ਬਾਹਰਲਾ ਪਰਦਾ ਹੈ। ਇਸ ਕੋਸ਼ ਵਿਚ ਪੱਠੇ, ਹੱਡੀਆਂ, ਨਾੜੀਆਂ ਮਨੁੱਖੀ ਬਿੰਦ ਵਿਚ ਜੜ ਰੱਖਦੀਆਂ ਹਨ ਤੇ ਤੁਚਾ (ਚਮੜੀ), ਮਾਸ, ਵਾਲ ਆਦਿ ਇਸਤਰੀ ਰਕਤ ਨਾਲ ਸਬੰਧਿਤ ਹਨ। ਸਾਰੇ ਸਰੀਰ ਦੇ ਮੰਦਰ ਨੂੰ ਥੰਮਣ ਵਾਲਾ ਪ੍ਰਾਣ (ਸਵਾਸ) ਹੈ। ਇਹ ਸਾਡੇ ਸਰੀਰ ਦਾ ਇਕ ਹੋਰ ਜੁਜ਼ ਹੈ। ਇਸ ਨੂੰ ਪ੍ਰਾਣਮਈ ਕੋਸ਼ (ਹਵਾਈ ਪਰਦਾ) ਕਹਿੰਦੇ ਹਨ। ਇਸਤੋਂ ਅੱਗੇ ਮਾਨਸਿਕ ਮੰਡਲ ਹੈ। ਮਨ ਭੀ ਸਰੀਰ ਨਾਲ ਸਬੰਧਿਤ ਹੈ। ਆਤਮਾ ਦੇ ਸਬੰਧ ਕਰਕੇ ਜੋ ਅਦਲਾ ਬਦਲੀ ਸਰੀਰ ਵਿਚ ਹੁੰਦੀ ਹੈ, ਉਹ ਮਨ ਹੈ, ਇਸਦਾ ਮੁੱਢ ਪੰਜ ਭੌਤਿਕ ਸਰੀਰ ਭੀ ਹੈ। ਇਸੇ ਲਈ ਕਿਹਾ ਹੈ: ਇਹ ਮਨੁ ਪੰਚ ਤਤ ਤੇ ਜਨਮਾ। ਇਹ ਮਨੋਮਈ ਕੋਸ਼ ਹੈ। ਇਨ੍ਹਾਂ ਤੋਂ ਅਗਲੇ ਪਰਦੇ ਬੜੇ ਸੂਖਮ ਹਨ। ਇਹ ਗਿਆਨਮਈ ਕੋਸ਼ ਅਤੇ ਅਨੰਦਮਈ ਕੋਸ਼ ਹਨ। ਗਿਆਨ ਬੁੱਧੀ ਦਾ ਵਿਸ਼ਾ ਹੈ ਅਤੇ ਅਨੰਦ ਆਤਮਾ ਦਾ। ਆਤਮਾ ਦੀ ਰੌਅ ਤਾਂ ਸਾਰੇ ਕੋਸ਼ਾਂ ਵਿਚ ਹੀ ਵਗਦੀ ਹੈ ਪਰ ਉਸਦਾ ਖਾਲਸ ਜ਼ਹੂਰ ਅਨੰਦ ਸਰੂਪ ਵਿਚ ਹੈ।[259]

ਅੱਗੇ ਅਮਲ ਦੇ ਅਹਿਮ ਅੰਗਾਂ 'ਤੇ ਵਿਚਾਰ ਕੀਤੀ ਜਾ ਰਹੀ ਹੈ।

## ਗੁਰੂ

ਮਹਾਨ ਕੋਸ਼ ਅਨੁਸਾਰ ਗੁਰੂ- ਗ੍ਰੀ ਧਾਤੂ ਤੋਂ ਬਣਿਆ ਹੈ, ਇਸਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾਂ ਜਾਂਦਾ ਹੈ ਅਤੇ ਸਿੱਖ ਨੂੰ ਤਤਵਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ, ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇੱਕ ਹੀ ਅਰਥ ਵਿਚ ਆਏ ਹਨ।[260] ਗੁਰੂ ਚਾਰ ਪ੍ਰਕਾਰ ਦੇ ਹੁੰਦੇ ਹਨ ਭ੍ਰਿੰਗੀਗੁਰ, ਪਾਰਸ ਗੁਰੁ, ਵਾਮਨਚੰਦਨ ਗੁਰੁ ਅਤੇ ਦੀਪਕ ਗੁਰੁ।[261] ਸਿੱਖ ਧਰਮ ਨੇ ਗੁਰੂ ਨੂੰ ਦੀਪਕ ਰੂਪ ਵਿਚ ਪ੍ਰਵਾਨ ਕੀਤਾ ਹੈ। ਸਾਧਨਾ ਵਿਚ ਗੁਰੂ ਦਾ ਖ਼ਾਸ ਸਥਾਨ ਹੈ। ਗੁਰੂ ਜੀਵ ਨੂੰ ਅਗਿਆਨਤਾ ਤੋਂ ਗਿਆਨ ਵੱਲ ਲੈ ਕੇ ਜਾਂਦਾ ਹੈ। ਗੁਰੂ ਉਲਟ ਰਾਹ ਪਏ ਲੋਕਾਂ ਨੂੰ ਸਹੀ ਰਸਤੇ ਤੇ ਪਾ ਦਿੰਦਾ ਹੈ। ਗੁਰਮਤਿ ਨੇ ਗੁਰੂ ਨੂੰ ਰੱਬ ਹੀ ਪ੍ਰਵਾਨ ਕੀਤਾ ਹੈ।[262] ਗੁਰੂ ਬਾਬਤ ਵਿਚਾਰ ਪਿਛਲੇ ਅਧਿਆਇ

---

256 *ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ ॥* ਸਲੋਕ ਕਬੀਰ, 1377.

257 *ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥* ਸਲੋਕ ਸੇਖ ਫਰੀਦ, 1377.

258 ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨਾ-122.

259 ਸ਼ੇਰ ਸਿੰਘ, *ਉਹੀ ਰਚਨਾ,* ਪੰਨਾ- 341.

260 ਮਹਾਨ ਕੋਸ਼, ਪੰਨਾ-415.

261 *ਉਹੀ,* ਪੰਨਾ-415.

262 *ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥ ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥* ਰਾਗ ਆਸਾ ਮ :੪, 442.

ਵਿਚ ਹੋ ਚੁੱਕੀ ਹੈ। ਇਥੇ ਸੰਖੇਪ ਵਿਚਾਰ ਕੀਤੀ ਜਾ ਰਹੀ ਹੈ। ਸਿੱਖ ਧਰਮ ਵਿਚ ਗੁਰੂ ਤਿੰਨ ਰੂਪਾਂ ਵਿੱਚ ਵਿਚਰਿਆ ਹੈ:-

1. ਨਿਰਗੁਨ ਭਾਵ ਪਰਮਾਤਮਾ, ਅਕਾਲਪੁਰਖ।

2. ਸਰਗੁਨ ਭਾਵ ਦਸ ਪਾਤਸ਼ਾਹੀਆਂ।

3. ਸ਼ਬਦ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ।

ਡਾ. ਜੱਗੀ ਅਨੁਸਾਰ:

> ਗੁਰੂ ਗ੍ਰੰਥ ਸਾਹਿਬ ਦੀ ਧਰਮਸਾਧਨਾ ਵਿਚ ਗੁਰੂ ਦਾ ਸਥਾਨ ਅਤੇ ਮਹੱਤਵ ਕੰਗਰੋੜ/ ਮੇਰੂਦੰਡ ਵਰਗਾ ਹੈ। ਲਘਭਗ ਹਰ ਪੰਨੇ ਤੇ ਹਰ ਇਕ ਸ਼ਬਦ ਵਿਚ ਪ੍ਰਤੱਖ ਜਾਂ ਪਰੋਖ ਰੂਪ ਵਿਚ ਗੁਰੂ ਦੀ ਪ੍ਰਤਿਸ਼ਠਾ ਹੋਈ ਹੈ। 'ਮੂਲਮੰਤ੍ਰ' ਵਿਚ ਨਿਰਾਕਾਰ ਪ੍ਰਭੂ ਦੀ ਪ੍ਰਾਪਤੀ 'ਗੁਰਪ੍ਰਸਾਦਿ' ਦੁਆਰਾ ਮੰਨੀ ਗਈ ਹੈ। ਇਸਤੋਂ ਬਿਨਾਂ ਪ੍ਰੇਮ ਭਗਤੀ ਦੀ ਕਲਪਨਾ ਤਕ ਨਹੀਂ ਕੀਤੀ ਜਾ ਸਕਦੀ।[263]

ਗੁਰਮਤਿ ਨੇ ਗੁਰੂ ਅਤੇ ਪਰਮੇਸ਼ਰ ਨੂੰ ਇੱਕ ਮੰਨਿਆ ਹੈ। ਜੋ ਇਨ੍ਹਾਂ ਨੂੰ ਚੰਗਾ ਲੱਗਦਾ ਹੈ ਉਹੀ ਪਰਵਾਨ ਹੈ।[264] ਗੁਰੂ ਦਾ ਨਿਰਗੁਨ ਸਰੂਪ ਪਰਮੇਸ਼ਰ ਹੈ ਅਤੇ ਪਰਮੇਸ਼ਰ ਦਾ ਸਰਗੁਨ ਸਰੂਪ ਗੁਰੂ ਹੈ। ਗੁਰੂ ਦੀ ਬੇਅੰਤ ਵਡਿਆਈ ਹੈ। ਗੁਰੂ ਦੋ ਤਰ੍ਹਾਂ ਦੇ ਹਨ ਸੱਚੇ ਗੁਰੂ ਅਤੇ ਕੱਚੇ ਗੁਰੂ। ਕੱਚਾ ਗੁਰੂ ਜੀਵਾਂ ਦਾ ਉਧਾਰ ਨਹੀਂ ਕਰ ਸਕਦਾ। ਕੱਚਾ ਗੁਰੂ ਮੁਕਤੀ ਨਹੀਂ ਦਵਾ ਸਕਦਾ।[265] ਕੱਚੇ ਗੁਰੂ ਨੂੰ ਅੰਨ੍ਹਾ ਵੀ ਕਿਹਾ ਹੈ। ਹੁਣ ਜਿਸ ਦਾ ਗੁਰੂ ਹੀ ਅੰਨ੍ਹਾ ਹੈ ਉਸਦੇ ਸੇਵਕ ਵੀ ਅੰਨ੍ਹੇ ਹਨ ਭਾਵ ਅਗਿਆਨਤਾ ਵਾਲੇ ਕਰਮ ਕਰਦੇ ਹਨ।[266] ਬ੍ਰਹਮਾ, ਨਾਰਦ ਅਤੇ ਵੇਦ ਵਿਆਸ ਵਰਗਿਆਂ ਤੋਂ ਪੁੱਛ ਲਓ ਕਿ ਗੁਰੂ ਬਿਨ੍ਹਾਂ ਗਿਆਨ ਨਹੀਂ ਹੁੰਦਾ।[267] ਗੁਰੂ ਆਮ ਵਿਅਕਤੀਆਂ ਨੂੰ ਦੇਵਤੇ ਬਣਾ ਦਿੰਦਾ ਹੈ।[268] ਉਹ ਆਪ ਤਾਂ ਮੁਕਤ ਹੁੰਦਾ ਹੀ ਹੈ ਹੋਰਨਾਂ ਨੂੰ ਵੀ ਮੁਕਤ ਕਰ ਦਿੰਦਾ ਹੈ।[269] ਸਾਧਕ ਲਈ ਸਭਤੋਂ ਪਹਿਲੀ ਸ਼ਰਤ ਗੁਰੂ ਧਾਰਨ ਕਰਨਾ ਹੁੰਦਾ ਹੈ। ਗੁਰਬਾਣੀ ਨੇ ਬੇਗੁਰੇ ਜਾਂ ਨਿਗੁਰੇ ਦੇ ਨਾਮ ਨੂੰ ਵੀ ਬੁਰਾ ਮੰਨਿਆ ਹੈ।[270] ਨਿਗੁਰੇ ਦੇ ਕੀਤੇ ਕੰਮ ਅਧੂਰੇ ਹੁੰਦੇ ਹਨ। ਮਾਰਨਾ ਤਾਂ ਸੱਪ ਨੂੰ ਹੁੰਦਾ ਹੈ ਪਰ ਨਿਗੁਰਾ ਅਗਿਆਨਤਾ ਕਾਰਨ ਵਰਮੀ ਨੂੰ ਹੀ ਕੁੱਟੀ ਜਾਂਦਾ ਹੈ।[271] ਉਸਦੀ ਮੱਤ ਅਜਿਹੀ ਹੁੰਦੀ ਹੈ ਕਿ ਉਹ ਧਰਮ ਗ੍ਰੰਥ ਵੀ ਪੜਦਾ ਹੈ ਅਤੇ ਝੂਠ ਵੀ ਬੋਲਦਾ ਹੈ।[272] ਨਿਗੁਰੇ ਦੇ ਗਲ ਜਮ ਦੀ ਫਾਹੀ ਹੈ।[273] ਉਸਨੇ ਆਪ ਤਾਂ ਭਗਤੀ ਕੀ ਕਰਨੀ ਉਹ ਤਾਂ ਭਗਤੀ ਕਰਨ

---

[263] ਰਾਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ,* ਪੰਨਾ-64.

[264] *ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥ਰਹਾਉ॥* ਰਾਗ ਗੋਂਡ ਮ: ੫, 864.

[265] *ਕਾਚੇ ਗੁਰ ਤੇ ਮੁਕਤਿ ਨ ਹੂਆ॥* ਰਾਗ ਰਾਮਕਲੀ ਮ: ੧, ਦਖਣੀ, 932.

[266] *ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥* ਸਲੋਕ ਮ: ੩, 951.

[267] *ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ਰਹਾਉ॥* ਰਾਗ ਸਿਰੀਰਾਗ ਮ: ੧, 59.

[268] *ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥* ਰਾਗ ਆਸਾ ਮ: ੧, 462.

[269] *ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥* ਰਾਗ ਕਾਨੜਾ ਮ: ੫, 1301.

[270] *ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥* ਰਾਗ ਆਸਾ ਮ: ੩, 435.

[271] *ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥* ਰਾਗ ਵਡਹੰਸ ਮ: ੩, 588.

[272] *ਪਾਠ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥* ਰਾਗ ਮਾਰੂ ਮ: ੧, 1013.

[273] *ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ॥* ਰਾਗ ਮਾਰੂ ਮ: ੫, 1073.

ਵਾਲਿਆਂ ਦੀ ਵੀ ਨਿੰਦਾ ਕਰਦਾ ਹੈ। ਨਿਗੁਰਾ ਪਸ਼ੂ ਸਮਾਨ ਹੈ।[274] ਨਿਗੁਰੇ ਕੋਲ ਕੋਈ ਗੁਣ ਨਹੀਂ ਹੁੰਦਾ।[275] ਉਹ ਕੱਲਰ ਧਰਤੀ ਵਿਚ ਬੀਜ ਬੀਜਦਾ ਹੈ ਭਾਵ ਇਹ ਕਿ ਉਹ ਵਿਅਰਥ ਕੰਮ ਕਰਦਾ ਹੈ।[276] ਨਿਗੁਰਾ ਮਰਦਾ ਅਤੇ ਜੰਮਦਾ ਹੈ। ਉਸਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ।[277] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਧਾਰਨ ਦੀ ਵਿਧੀ ਚਰਨਾਮ੍ਰਿਤ ਸੀ ਪਰ ਗੁਰੂ ਜੀ ਨੇ ਇਸ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦਾ ਰੂਪ ਦਿੱਤਾ। ਸਭ ਤੋਂ ਪਹਿਲੀ ਰਹਿਤ ਅੰਮ੍ਰਿਤ ਛਕਣਾ ਅਤੇ ਪੰਜ ਕੱਕਾਰੀ ਰਹਿਤ ਵਿਚ ਆਉਣਾ ਹੈ। ਗੁਰੂ ਧਾਰਨ ਕਰਨ ਵਿਚ ਧੱਕੋਜ਼ੋਰੀ ਨਹੀਂ ਹੁੰਦੀ ਕਿਉਂਕਿ ਬੰਦਗੀ ਪਿਆਰ ਦੀ ਖੇਡ ਹੈ। ਇਸ ਨੂੰ ਧਰਮ ਪ੍ਰਵੇਸ਼ ਦੀ ਰਸਮ ਵੀ ਕਿਹਾ ਜਾਂਦਾ ਹੈ। ਇਹ ਹਰ ਧਰਮ ਵਿਚ ਵੱਖੋ-ਵੱਖਰੀ ਹੈ। ਗੁਰੂ ਨੂੰ ਧਾਰਨ ਕਰਨ ਦਾ ਭਾਵ ਇਹ ਹੈ ਕਿ ਅੱਜ ਤੋਂ ਸਾਧਕ ਉਹ ਕੰਮ ਕਰੇਗਾ ਜੋ ਗੁਰੂ ਨੂੰ ਭਾਉਂਦੇ ਹਨ। ਇਸਨੂੰ ਗੁਰੂ ਦੀ ਸ਼ਰਣ ਵਿਚ ਜਾਣਾ ਅਤੇ ਆਪਣਾ ਆਪ ਗੁਰੂ ਨੂੰ ਦੇਣਾ ਕਹਿੰਦੇ ਹਨ :

> ਮੈਨੂੰ ਸਮਝ ਨਹੀਂ ਕਿ ਪਰਮਾਤਮਾ ਨੂੰ ਕਿਹੜੀ ਗੱਲ ਚੰਗੀ ਲੱਗਦੀ ਹੈ। ਹੇ ਮੇਰੇ ਮਨ! ਤੂੰ (ਉਹੀ) ਰਸਤਾ ਲੱਭ (ਜਿਸ ਉੱਤੇ ਤੁਰਿਆਂ ਪ੍ਰਭੂ ਪ੍ਰਸੰਨ ਹੋ ਜਾਏ)।ਰਹਾਉ। ਸਮਾਧੀਆਂ ਲਾਣ ਵਾਲੇ ਲੋਕ ਸਮਾਧੀਆਂ ਲਾਂਦੇ ਹਨ। ਵਿਦਵਾਨ ਲੋਕ ਧਰਮ ਚਰਚਾ ਕਰਦੇ ਹਨ ਪਰ ਪਰਮਾਤਮਾ ਨੂੰ ਕਿਸੇ ਵਿਰਲੇ ਨੇ ਹੀ ਸਮਝਿਆ ਹੈ (ਭਾਵ ਇਹਨਾ ਤਰੀਕਿਆਂ ਨਾਲ ਪਰਮਾਤਮਾ ਨਹੀਂ ਮਿਲਦਾ) - 1. ਵੈਸ਼ਨਵ ਭਗਤ (ਵਰਤ, ਤੁਲਸੀ ਮਾਲਾ, ਤੀਰਥ ਇਸ਼ਨਾਨ ਆਦਿਕ) ਸੰਜਮਾਂ ਵਿਚ ਰਹਿੰਦੇ ਹਨ। ਜੋਗੀ ਆਖਦੇ ਹਨ ਅਸੀਂ ਮੁਕਤ ਹੋ ਗਏ ਹਾਂ। ਤਪ ਕਰਨ ਵਾਲੇ ਸਾਧੂ ਤਪ (ਕਰਨ) ਵਿੱਚ ਹੀ ਮਸਤ ਰਹਿੰਦੇ ਹਨ। 2. ਚੁੱਪ ਸਾਧੀ ਰੱਖਣ ਵਾਲੇ ਸਾਧੂ ਚੁੱਪ ਵੱਟੀ ਰੱਖਦੇ ਹਨ। ਸੰਨਿਆਸੀ (ਸੰਨਿਆਸ ਵਿੱਚ) ਬ੍ਰਹਮਚਾਰੀ (ਬ੍ਰਹਮਚਰਜ ਵਿਚ) ਤੇ ਉਦਾਸੀ ਉਦਾਸ ਭੇਖ ਵਿਚ ਮਸਤ ਰਹਿੰਦੇ ਹਨ। 3. ਕੋਈ ਆਖਦਾ ਹੈ ਕਿ ਭਗਤੀ ਨੌ ਕਿਸਮਾਂ ਦੀ ਹੈ। ਪੰਡਿਤ ਵੇਦ ਉੱਚੀ-ਉੱਚੀ ਪੜ੍ਹਦਾ ਹੈ। ਗ੍ਰਿਹਸਤੀ ਗ੍ਰਿਹਸਤ ਧਰਮ ਵਿੱਚ ਮਸਤ ਰਹਿੰਦਾ ਹੈ। 4. ਅਨੇਕਾਂ ਐਸੇ ਹਨ ਜੋ ਅਲੱਖ ਅਲੱਖ ਪੁਕਾਰਦੇ ਹਨ, ਕੋਈ ਬਹੁ ਰੂਪੀਏ ਹਨ, ਕੋਈ ਨਾਂਗੇ ਹਨ। ਕੋਈ ਖਾਸ ਕਿਸਮ ਦਾ ਚੋਲਾ ਆਦਿਕ ਪਹਿਨਣ ਵਾਲੇ ਹਨ। ਕੋਈ ਨਾਟਕ ਚੇਟਕ ਸਾਂਗ ਆਦਿਕ ਬਣਾਕੇ ਲੋਕਾਂ ਨੂੰ ਪ੍ਰਸੰਨ ਕਰਦੇ ਹਨ, ਕਈ ਅਜਿਹੇ ਹਨ ਜੋ ਰਾਤਾਂ ਜਾਗ ਕੇ ਗੁਜਾਰਦੇ ਹਨ। ਇੱਕ ਐਸੇ ਹਨ ਜੋ (ਹਰੇਕ) ਤੀਰਥ ਉਤੇ ਇਸ਼ਨਾਨ ਕਰਦੇ ਹਨ। 5. ਅਨੇਕਾਂ ਐਸੇ ਹਨ ਜੋ ਭੁੱਖੇ ਹੀ ਰਹਿੰਦੇ ਹਨ, ਕਈ ਅਜਿਹੇ ਹਨ ਜੋ ਦੁਨੀਆ ਨਾਲ ਤੁਰਦੇ ਨਹੀਂ ਹਨ (ਤਾਂ ਕਿ ਕਿਸੇ ਦੀ ਭਿੱਟ ਨਾਹ ਲੱਗ ਜਾਏ) ਅਨੇਕਾਂ ਐਸੇ ਹਨ ਜੋ (ਗੁਫਾ ਆਦਿ ਵਿਚ) ਲੁਕ ਕੇ ਰਹਿੰਦੇ ਹਨ ਤੇ ਕਿਸੇ ਨੂੰ ਦਰਸ਼ਨ ਨਹੀਂ ਦੇਂਦੇ। ਕਈ ਐਸੇ ਹਨ ਜੋ ਆਪਣੇ ਮਨ ਵਿਚ ਹੀ ਗਿਆਨਵਾਨ ਬਣੇ ਹੋਏ ਹਨ। 6. ਇਹਨਾਂ ਵਿਚੋਂ ਕਿਸੇ ਨੇ ਆਪਣੇ ਆਪ (ਕਿਸੇ ਹੋਰ ਨਾਲੋਂ) ਘੱਟ ਨਹੀਂ ਅਖਵਾਇਆ। ਇਹੀ ਆਖਦੇ ਹਨ ਕਿ ਅਸਾਂ ਪਰਮਾਤਮਾ ਨੂੰ ਲੱਭ ਲਿਆ ਹੈ। ਪਰ (ਪਰਮਾਤਮਾ ਦਾ) ਭਗਤ ਉਹੀ ਹੈ ਜਿਸ ਨੂੰ (ਪਰਮਾਤਮਾ ਨੇ ਆਪ ਆਪਣੇ ਨਾਲ) ਮਿਲਾ ਲਿਆ ਹੈ। 7. ਪਰ ਮੈਂ ਤਾਂ ਇਹ ਸਾਰੀਆਂ ਦਲੀਲਾਂ ਤੇ ਸਾਰੇ ਹੀ ਉਪਾਉ ਛੱਡ ਦਿੱਤੇ ਹਨ ਤੇ ਪ੍ਰਭੂ ਦੀ ਹੀ ਸ਼ਰਨ ਪਿਆ ਹਾਂ। ਨਾਨਕ ਤਾਂ ਗੁਰੂ ਦੀ ਚਰਨੀ ਆ ਡਿੱਗਾ ਹੈ।[278]

ਬੰਦਗੀ ਦਾ ਰਸਤਾ ਮਜ਼ਬੂਰੀ ਦਾ ਰਾਹ ਨਹੀਂ ਹੈ। ਪਿਆਰ ਨਾਲ ਭਿੱਜੇ ਸਾਧਕ ਹੀ ਤੋੜ ਨਿਭਦੇ ਹਨ ਪਰ ਜੋ ਲੋਕਾਚਾਰ ਨੂੰ ਗੁਰੂ ਧਾਰਨ ਕਰਦੇ ਹਨ। ਉਹ ਬਧੇ ਚੱਟੀ ਭਰਦੇ ਹਨ ਅਤੇ ਸਮਾਂ ਆਉਣ ਤੇ ਉਹ ਗੁਰੂ ਨੂੰ ਪਿੱਠ ਦੇ ਦਿੰਦੇ ਹਨ। ਗੁਰੂ ਅਤੇ ਸੇਵਕ ਵਿਚ ਪ੍ਰੀਤੀ ਦਾ ਹੀ ਰਿਸ਼ਤਾ ਹੈ। ਗੁਰੂ ਹੀ ਸਾਧਕ ਨੂੰ ਦੱਸਦਾ ਹੈ ਕਿ ਉਸਨੇ ਜਿਸ ਰੱਬ ਦੀ ਭਗਤੀ ਕਰਨੀ ਹੈ ਉਹ ਇੱਕ ਹੈ। ਸਾਧਨਾ ਦੇ ਮਾਰਗ ਤੇ ਤੁਰਨ ਲਈ

---

[274] *ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ॥* ਰਾਗ ਭੈਰਉ ਮ: ੫, 1138.
[275] *ਨਾਨਕ ਨਿਗੁਰਿਆ ਗੁਣੁ ਨਾਹੀ ਕੋਇ॥* ਰਾਗ ਸਾਰੰਗ ਮ: ੧, 1240.
[276] *ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ॥* ਰਾਗ ਮਲਾਰ ਮ: ੧, 1275.
[277] *ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ॥* ਰਾਗ ਮਾਝ ਮ: ੩, 117.
[278] *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਪਹਿਲੀ, ਪੰਨਾ-71.

ਗੁਰੂ ਅਤੇ ਸਿੱਖ ਵਿਚ ਪਰਸਪਰ ਸਬੰਧ ਹੋਣਾ ਅਤਿ ਜ਼ਰੂਰੀ ਹੈ, "ਪਰਮਾਤਮਾ ਦਾ ਸਿਮਰਨ ਕਰਦੇ ਹੋਏ ਇਕ ਸਾਧਕ ਵੱਲੋਂ ਸਿੱਧੇ ਤੌਰ ਤੇ ਪਰਮਾਤਮਾ ਦੀ ਭਗਤੀ ਨੂੰ ਹੀ ਗੁਰੂ ਨਾਨਕ ਨੇ ਅਸਲੀ ਭਗਤੀ ਦਾ ਨਾਮ ਦਿੱਤਾ ਹੈ। ਪਰ ਇਸ ਤਰ੍ਹਾਂ ਦੀ ਮਨ, ਸਰੀਰ ਅਤੇ ਆਤਮਾ ਦੀ ਸਥਿਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਸਿਖਾਉਣ ਵਾਲਾ ਅਧਿਆਪਕ ਸੱਚਾ ਹੋਵੇ ਅਤੇ ਸਿੱਖਣ ਵਾਲਾ ਸਿੱਖ ਜਾਂ ਸ਼ਰਧਾਲੂ ਅਸਲੀ ਹੋਵੇ।"[279] ਇਸ ਰਿਸ਼ਤੇ ਨੇ ਭਗਵਾਨ ਅਤੇ ਭਗਤ ਦੇ ਰਿਸ਼ਤੇ ਵਿਚ ਤਬਦੀਲ ਹੋ ਜਾਣਾ ਹੁੰਦਾ ਹੈ। ਮੁੱਢ ਵਿਚ ਸਾਧਕ ਗੁਰੂ ਨੂੰ ਇੱਕ ਥਾਂ ਤੇ ਵੇਖਦਾ ਹੈ ਪਰ ਜਿਉਂ-ਜਿਉਂ ਉਸਦਾ ਪ੍ਰੇਮ ਵਧਦਾ ਹੈ ਉਸਨੂੰ ਗੁਰੂ ਹਰ ਥਾਂ ਪ੍ਰਤੀਤ ਹੁੰਦਾ ਹੈ। ਲੋਹੇ ਰੂਪੀ ਮਨ ਨੂੰ ਪੂਰਾ ਗੁਰੂ ਸੋਨਾ ਬਣਾ ਦਿੰਦਾ ਹੈ।[280] ਗੁਰੂ ਦੀ ਕਿਰਪਾ ਅਤੇ ਦਇਆਲਤਾ ਵਿਚ ਬੜੀਆਂ ਬਰਕਤਾਂ ਹਨ। ਗੁਰੂ ਦੇ ਦਿਆਲ ਹੋਣ ਨਾਲ ਸ਼ਰਧਾ ਪੂਰੀ ਹੁੰਦੀ ਹੈ, ਜੀਵ ਦਾ ਝੁਰਣਾ ਬੰਦ ਹੋ ਜਾਂਦਾ ਹੈ, ਦੁਖ ਪ੍ਰਾਪਤ ਨਹੀਂ ਹੁੰਦਾ, ਹਰੀ ਦਾ ਰੰਗ ਮਾਣੀਦਾ ਹੈ, ਜਮ ਦਾ ਡਰ ਦੂਰ ਹੋ ਜਾਂਦਾ ਹੈ, ਸਦਾ ਸੁਖ ਵਰਤਦਾ ਹੈ, ਨੌ ਨਿਧੀਆਂ ਪ੍ਰਾਪਤ ਹੁੰਦੀਆਂ ਹਨ ਅਤੇ ਸੱਚ ਵਿੱਚ ਲੀਨਤਾ ਮਿਲਦੀ ਹੈ।[281] ਡਾ. ਦਰਸ਼ਨ ਸਿੰਘ ਅਨੁਸਾਰ:

> ਗੁਰਬਾਣੀ ਵਿਚ ਇਨ੍ਹਾਂ ਗੁਣਾਂ ਨੂੰ ਨਿਰਗੁਣ ਅਤੇ ਸਰਗੁਣ ਵਾਚਕ ਕਈ ਵਿਸ਼ੇਸ਼ਣਾਂ ਦੁਆਰਾ ਵਿਅਕਤ ਕੀਤਾ ਗਿਆ ਹੈ। ਨਿਰਗੁਣ ਸਰੂਪ ਵਿਚ ਉਸਦੇ ਅਕਾਲ ਮੂਰਤ, ਅਜੂਨੀ, ਅਨੰਤ, ਅਨੂਪ, ਅਤੁਲ, ਅਕੁਲ, ਅਮੁਲ, ਅਦ੍ਰਿਸ਼ਟ, ਅਜਰ, ਅਮਰ, ਅਕੱਥ, ਅਟੱਲ, ਅਡੋਲ, ਅਭੁੱਲ, ਅਨੀਲ, ਅਨਾਦਿ, ਅਗਮ, ਅਗੋਚਰ, ਅਲਖ, ਅਪਰ-ਅਪਾਰ, ਅਗਾਧ, ਅਜਾਤ, ਅਵਰਣ ਅਤੇ ਅਰੇਖ ਆਦਿ ਗੁਣਾਂ ਦਾ ਉਲੇਖ ਕੀਤਾ ਜਾ ਸਕਦਾ ਹੈ ਪਰ ਚੂੰਕਿ ਗੁਰੂ ਗਰੰਥ ਦੇ ਗੁਰੂ ਕਵੀ ਕੇਵਲ ਗਿਆਨ ਮਾਰਗੀ ਹੀ ਨਹੀਂ ਸਨ ਇਸ ਲਈ ਉਨ੍ਹਾਂ ਨੇ ਨਿਰਗੁਣ ਬ੍ਰਹਮ ਵਿਚ ਏਕਤਾ, ਅਨੰਤਤਾ, ਅਨਮੋਲਤਾ, ਅਦਵੈਤਤਾ, ਅੰਤਰਯਾਮਤਾ, ਸਰਬ ਵਿਆਪਕਤਾ, ਸਵਯੰਭੂਅਤਾ, ਪੂਰਨਤਾ, ਨਿਰਭੈਤਾ, ਨਿਰਵੈਰਤਾ ਅਤੇ ਨਿੱਤਤਾ ਆਦਿ ਕਈ ਗੁਣਾਂ ਦਾ ਆਰੋਪ ਕੀਤਾ ਹੈ। ਇਸ ਤੋਂ ਇਲਾਵਾ ਉਸ ਦੇ ਸ਼ੁੱਧ ਸਰਗੁਣ ਸਰੂਪ ਦਾ ਬਿਆਨ ਕਰਦੇ ਹੋਏ ਉਨ੍ਹਾਂ ਨੇ ਪਰਮਾਤਮਾ ਨੂੰ ਮਾਤਾ, ਪਿਤਾ, ਬੰਧਪ, ਭ੍ਰਾਤਾ, ਸਾਜਨ, ਮਿੱਤਰ, ਸਖਾ, ਸੁਆਮੀ, ਦਾਤਾ, ਨਿਆਂਕਾਰੀ, ਪਤਿਤਪਾਵਨ, ਸਰਬ ਸ਼ਕਤੀਮਾਨ ਪਾਰਖੂ, ਪ੍ਰਤਿਪਾਲਕ, ਬਖਸ਼ਣਹਾਰ, ਕਰਨ ਕਾਰਨ ਸਮਰਥ, ਕਰਤਾ ਪੁਰਖ, ਗਹਿਰ ਗੰਭੀਰ, ਖਸਮ, ਸੁਲਤਾਨ, ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ।[282]

ਸਿਧ ਗੋਸਟਿ ਵਿੱਚ ਸਿੱਧਾਂ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ ਕਿ ਤੁਹਾਡਾ ਗੁਰੂ ਕੌਣ ਹੈ? ਇਸਦਾ ਜੁਆਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਕਹਿ ਕੇ ਦਿੱਤਾ ਸੀ ਕਿ ਮੇਰਾ ਗੁਰੂ ਸ਼ਬਦ ਹੈ।[283] ਇਹ ਸਾਗਰ ਗੁਰੂ ਬਿਨ੍ਹਾਂ ਤਰਿਆ ਨਹੀਂ ਜਾਣਾ।[284] ਗੁਰਮਤਿ ਨੇ ਗੁਰੂ ਦੇ ਬਹੁਤ ਅਸੀਮ ਅਰਥ ਦਿੱਤੇ ਹਨ। ਗੁਰੂ ਦਾ ਅੰਤ-ਪਾਰਾਵਾਰ ਉਹ ਆਪ ਹੀ ਜਾਣਦਾ ਹੈ। ਤਨ ਦੀ ਮੈਲ ਨੂੰ ਪਾਣੀ ਜਾਂ ਸਾਬਣ ਉਤਾਰ ਸਕਦਾ ਹੈ। ਮਨ

---

279 ਰੋਹੀ, *ਉਹੀ ਰਚਨਾ,* ਪੰਨਾ-19.

280 ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ ਮਾਰੂ ਮ: ੧, 990.

281 ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥ ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥ ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥ ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥ ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ॥ ਸਲੋਕ ਮ: ੩, 149.

282 ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਨਾ- 43.

283 *ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* ਰਾਗ ਰਾਮਕਲੀ ਮ: ੧, 943.

284 *ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ॥* ਰਾਗ ਆਸਾ ਮ: ੧, 355.

ਉਪਰ ਚੜੀ ਵਿਕਾਰਾਂ ਦੀ ਮੈਲ ਨੂੰ ਗੁਰੂ ਉਤਾਰਦਾ ਹੈ।[285] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਗੁਰੂ ਦੀ ਏਨੀ ਵਡਿਆਈ ਕੀਤੀ ਹੈ ਕਿ ਮਨੁੱਖ ਦੀ ਹਰ ਪ੍ਰਾਪਤੀ ਦਾ ਸਿਹਰਾ ਗੁਰੂ ਨੂੰ ਦਿੱਤਾ ਹੈ। ਮਨ ਗਿਆਨਮਈ ਹੈ ਪਰ ਇਸ ਦੇ ਗਿਆਨ ਨੂੰ ਗੁਰੂ ਬਿਨ੍ਹਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ।[286] ਗੁਰੂ ਬਿਨ੍ਹਾਂ ਪ੍ਰੀਤ ਨਹੀਂ ਉਪਜਦੀ ਅਤੇ ਹਉਮੈਂ ਦੀ ਮੈਲ ਨਹੀਂ ਜਾਂਦੀ।[287] ਗਰਬ ਨਹੀਂ ਜਾਂਦਾ। ਭਰਮ ਆਉਂਦਾ ਜਾਂਦਾ ਹੈ, ਘਾਲ ਥਾਇ ਨਹੀਂ ਪੈਂਦੀ, ਮਨ ਡੋਲਦਾ ਹੈ, ਮਨ ਤ੍ਰਿਪਤ ਨਹੀਂ ਹੁੰਦਾ, ਮਾਇਆ ਡੱਸਦੀ ਹੈ, ਇਉਂ ਗੁਰੂ ਬਿਨ੍ਹਾਂ ਘਾਟਾ ਹੀ ਘਾਟਾ ਹੈ।[288]ਗੁਰੂ ਸਾਧਕ ਨੂੰ ਲੰਮੀ ਅਤੇ ਮੁਸ਼ਕਿਲ ਸਾਧਨਾ ਵੱਲ ਨਹੀਂ ਤੋਰਦਾ :

> ਨਾਥ ਅਤੇ ਯੋਗੀ ਵੀ ਲੋਕਾਂ ਦਾ ਪਥ ਪ੍ਰਦਰਸ਼ਨ ਕਰਦੇ ਰਹੇ ਸਨ ਪਰ ਗੁਰੂ ਗ੍ਰੰਥ ਦਾ ਗੁਰੂ ਇਨ੍ਹਾਂ ਨਾਥ ਯੋਗੀਆਂ ਵਾਂਗ ਸਰੀਰਕ ਨਾੜੀਆਂ ਤੇ ਪ੍ਰਾਣਾਯਾਮ ਦੀਆਂ ਗੁੰਝਲਾਂ ਨਹੀਂ ਸਮਝਾਉਂਦਾ, ਉਹ ਸ਼ਬਦ ਯੋਗ ਦੀ ਰਹੱਸ ਅਨੁਭੂਤੀ ਕਰਾਕੇ ਪਰਮਾਤਮਾ ਵਿਚ ਹਲੂਲਤਾ ਬਖਸ਼ਦਾ ਹੈ। ਗੁਰੂ ਰੱਬ ਦੇ ਹੁਕਮ ਨੂੰ ਲੋਕਾਂ ਤੱਕ ਉਵੇਂ ਹੀ ਪੇਸ਼ ਕਰਦਾ ਹੈ ਜਿਵੇਂ ਉਸ ਨੂੰ ਇਹ ਹੁਕਮ ਦਿੱਤਾ ਗਿਆ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਆਪ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਮੈਂ ਕੋਈ ਮਨੋਕਲਪਿਤ ਗੱਲ ਨਹੀਂ ਕਹਿ ਰਿਹਾ। ਮੈਨੂੰ ਜਿਵੇਂ ਅਕਾਲਪੁਰਖ ਭਾਵ ਖਸਮ ਨੇ ਕਿਹਾ ਹੈ ਉਹੋ ਜਿਹਾ ਹੀ ਉਪਦੇਸ਼ ਮੈਂ ਲੋਕਾਈ ਨੂੰ ਦਿੱਤਾ ਹੈ। ਗੁਰੂ ਜਿੱਥੇ ਸ਼ਬਦ ਰੂਪੀ ਹੋ ਕੇ ਸਾਰੇ ਬ੍ਰਹਿਮੰਡ ਵਿਚ ਪ੍ਰਕਾਸ਼ਿਆ ਪਿਆ ਹੈ ਉਥੇ ਉਹ ਅਨਹਦ ਰੂਪ ਵਿਚ ਸਰੀਰ ਅੰਦਰ ਵੀ ਮੌਜੂਦ ਹੈ।[289]

ਗੁਰੂ ਦੀ ਕਿਰਪਾ ਵਿਅਕਤੀ ਦਾ ਅਹੰ ਰੋਗ ਕੱਟ ਦਿੰਦੀ ਹੈ ਅਤੇ ਉਸਨੂੰ ਰਾਜ ਜੋਗ ਦਾ ਪਾਤਰ ਬਣਾ ਦਿੰਦੀ ਹੈ।[290]ਗੁਰੂ ਸਾਧਕ ਨੂੰ ਕਰਮ ਕਾਂਡ ਵਿਚੋਂ ਕੱਢਦਾ ਹੈ। ਅਸਲੀ ਵਰਤ ਉਹ ਹੈ ਜਿਸ ਵਿੱਚ ਵਿਅਕਤੀ ਦੂਜੇ ਨੂੰ ਖਿਮਾ ਕਰੇ।[291]ਗੁਰੂ ਨਾਨਕ ਸਾਹਿਬ ਔਗੁਣਾਂ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਔਗੁਣਾਂ ਤੋਂ ਨਿਜਾਤ ਗੁਰੂ ਦਵਾਉਂਦਾ ਹੈ। ਗੁਰੂ ਹੀ ਗਰਬ ਤੋਂ ਬਚਾ ਸਕਦਾ ਹੈ।[292]ਗਰਬ ਨੇ ਤਾਂ ਬ੍ਰਹਮਾ ਨੂੰ ਨਹੀਂ ਛੱਡਿਆ। ਰਾਜਾ ਬਲ ਅਹੰਕਾਰੀ ਹੋਇਆ, ਰਾਜੇ ਹਰੀਚੰਦ ਵਰਗੇ ਵੀ ਗੁਰੂ ਬਿਨ੍ਹਾਂ ਕਾਮਯਾਬ ਨਾ ਹੋਏ। ਗਰਬ ਨੇ ਹਰਨਾਖਸ਼ ਨੂੰ ਦੁਰਮਤ ਦਾ ਧਾਰਨੀ ਬਣਾ ਦਿੱਤਾ ਸੀ। ਰਾਵਣ ਵੀ ਆਪਣੀ ਹੋਂਦ ਨੂੰ ਭੁੱਲ ਬੈਠਾ ਸੀ। ਸਹਸਬਾਹੂ, ਮਹਿਖਾਸੁਰ ਤੇ ਹਰਨਾਖਸ ਦਾ ਸੰਘਾਰ ਪ੍ਰਭੂ ਨੇ ਕੀਤਾ। ਜਰਾਸੰਧ, ਕਾਲਜਮੁਨ, ਰਕਤਬੀਜ ਵਰਗੇ ਪਾਪੀਆਂ ਨੂੰ ਸੰਸਾਰ ਤੋਂ ਖਾਲੀ ਹੱਥੀਂ ਜਾਣਾ ਪਿਆ। ਦੁਰਯੋਧਨ ਡੁੱਬ ਗਿਆ, ਜਨਮੇਜੇ ਦਾ ਨਾਸ ਹੋਇਆ, ਕੰਸ, ਕੇਸੀ, ਚਾਡੂਰ ਵਰਗੇ ਗੁਰੂ ਬਿਨਾਂ ਗਰਬ ਦੀ ਭੇਟ ਚੜੇ ਸਨ।[293] ਗੁਰੂ ਬਿਨਾਂ ਅਨੇਕ ਸਾਧਕਾਂ ਨੇ ਛੇ ਕਰਮਾਂ ਵਿਚੋਂ ਪੂਰਕ, ਕੁੰਭਕ ਅਤੇ ਰੇਚਕ ਦਾ ਅਭਿਆਸ ਕੀਤਾ ਹੈ। ਗੁਰੂ ਭਰਮ ਦੇ

---

[285] *ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ॥* ਰਾਗ ਸਿਰੀਰਾਗੁ ਮ: ੧, 18.

[286] *ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥* ਰਾਗ ਆਸਾ ਮ: ੧, 469.

[287] *ਬਿਨੁ ਗੁਰ ਪ੍ਰੀਤਿ ਨ ਉਪਜੈ ਹਉਮੈ ਮੈਲੁ ਨ ਜਾਇ॥* ਰਾਗ ਸਿਰੀਰਾਗ ਮ: ੧, 60.

[288] *ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨ ਪਵਈ ਥਾਇ॥ ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ ਤ੍ਰਿਪਤਿ ਨਹੀਂ ਬਿਖੁ ਖਾਇ॥ ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ ਘਾਟੈ ਘਾਟ॥* ਰਾਗ ਰਾਮਕਲੀ ਮ: ੧, 942.

[289] ਦਰਸ਼ਨ ਸਿੰਘ, *ਉਹੀ ਰਚਨਾ,* ਪੰਨਾ-70.

[290] *ਕਟੀਐ ਤੇਰਾ ਅਹੰ ਰੋਗ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥* ਰਾਗ ਗਉੜੀ ਮ: ੫, 211.

[291] *ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥* ਰਾਗ ਗਉੜੀ ਮ: ੧, 223.

[292] *ਬਿਨੁ ਗੁਰ ਗਰਬੁ ਨ ਮੇਟਿਆ ਜਾਇ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ॥ ਨਾਨਕ ਨਾਮੁ ਮਿਲੈ ਗੁਣ ਗਾਇ॥* ਰਾਗ ਗਉੜੀ ਮ: ੧, 225.

[293] *ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥* ਰਾਗ ਗਉੜੀ ਮ: ੧, 224.

ਪਰਦੇ ਖੋਲ ਦਿੰਦਾ ਹੈ।[294] ਪੰਡਿਤਾਂ ਨੇ ਸਾਸ਼ਤਰ, ਸਿਮਰਤੀਆਂ ਨੂੰ ਪੜਿਆ। ਜੋਗੀਆਂ ਨੇ ਗੋਰਖ-ਗੋਰਖ ਕਰਿਆ। ਕਈ ਬਿਭੂਤ ਲਾ ਕੇ ਸੰਨਿਆਸੀ ਬਣ ਗਏ। ਕਈ ਬ੍ਰਹਮਚਾਰੀ ਬਣ ਗਏ ਹਨ। ਇਉਂ ਅਨੇਕ ਤਰ੍ਹਾਂ ਦੇ ਕਰਮ ਸਾਧਕਾਂ ਨੇ ਅਖਤਿਆਰ ਕੀਤੇ ਹਨ। ਅਜਿਹੇ ਹਵਾਲੇ ਵੀ ਮਿਲਦੇ ਹਨ ਕਿ ਮੈਂ ਤੇਰੇ ਕਿਸ ਰੂਪ ਦੀ ਪੂਜਾ ਕਰਾਂ, ਕਿਹੜੇ ਗੁਣ ਧਾਰਨ ਕਰਾਂ ਕਿ ਤੂੰ ਮਿਲ ਜਾਵੇ। ਇਸ ਦਾ ਹੱਲ ਕੇਵਲ ਗੁਰੂ ਕੋਲ ਹੈ। ਜਿਸ ਵਿਅਕਤੀ ਨੂੰ ਪੂਰਾ ਗੁਰੂ ਪ੍ਰਾਪਤ ਹੋ ਗਿਆ ਫਿਰ ਉਸ ਦੀ ਘਾਲ ਅਜਾਈ ਨਹੀਂ ਜਾਂਦੀ।[295] ਪੂਰੇ ਗੁਰੂ ਦਾ ਉਪਦੇਸ਼ ਸੁਣਨਾ ਚਾਹੀਦਾ ਹੈ।[296] ਪੂਰੇ ਗੁਰੂ ਦੀ ਹਰ ਗੱਲ ਪੂਰੀ ਹੁੰਦੀ ਹੈ।[297] ਪੂਰੇ ਗੁਰੂ ਦਾ ਉਪਦੇਸ਼ ਬਿਲਕੁਲ ਉਵੇਂ ਹੀ ਹੁੰਦਾ ਹੈ ਜਿਵੇਂ ਰੱਬ ਵੱਲੋਂ ਦਿੱਤਾ ਜਾਂਦਾ ਹੈ।[298] ਗੁਰੂ ਸਾਰੇ ਭਰਮ ਖਤਮ ਕਰ ਦਿੰਦਾ ਹੈ, ਮਨ ਨੂੰ ਵਿਸ਼ਰਾਮ ਮਿਲਦਾ ਹੈ ਅਤੇ ਪੰਜ ਝਗੜਾਲੂ ਹਟ ਜਾਂਦੇ ਹਨ।[299] ਗੁਰੂ ਹਉਮੈਂ ਦੀ ਦਿਵਾਰ ਨੂੰ ਤੋੜਕੇ ਆਤਮਾ ਅਤੇ ਪਰਮਾਤਮਾ ਨਾਲ ਮੇਲ ਕਰਵਾ ਦਿੰਦਾ ਹੈ।[300]

**ਸਤਿਸੰਗਤ**

ਸਤਿਸੰਗਤ ਸਾਧਕ ਲਈ ਬਹੁਤ ਸਾਧਨ ਵੀ ਹੈ ਅਤੇ ਅਮਲ ਵੀ। ਸਤਿਸੰਗ ਜਾਂ ਸੰਗਤ ਜਾਂ ਸਤਿਸੰਗਤ ਸ਼ਬਦ ਗੁਰਬਾਣੀ ਵਿੱਚ ਵਰਤੇ ਗਏ ਵਿਸ਼ੇਸ਼ ਮਹੱਤਵ ਦੇ ਲਖਾਇਕ ਹਨ। ਸਤਿਸੰਗਤ ਧੰਨ ਹੈ, ਧੰਨ ਹੈ ਜਿਸ ਵਿਚੋਂ ਹਰੀ ਰਸ ਪ੍ਰਾਪਤ ਹੁੰਦਾ ਹੈ ਅਤੇ ਨਾਮ ਦਾ ਪ੍ਰਕਾਸ਼ ਹੁੰਦਾ ਹੈ।[301] ਸਤਿਸੰਗਤ ਗੁਰਮੁਖਾਂ ਦੇ ਇੱਕਠ ਨੂੰ ਕਿਹਾ ਜਾਂਦਾ ਹੈ। ਇਕੱਠ ਤਾਂ ਹੋਰ ਵੀ ਬਥੇਰੇ ਹੁੰਦੇ ਹਨ ਪਰ ਸਤਿਸੰਗਤ ਰੂਪੀ ਇਕੱਠ ਦੀ ਇਹ ਨਿਸ਼ਾਨੀ ਹੈ ਕਿ ਇਸ ਵਿੱਚ ਕੇਵਲ ਇੱਕ ਪਰਮਾਤਮਾ ਦੇ ਗੁਣਾਂ ਦਾ ਵਖਿਆਨ ਕੀਤਾ ਜਾਂਦਾ ਹੈ।[302] ਵੱਡਿਆਂ ਭਾਗਾਂ ਨਾਲ ਸਤਿਸੰਗਤ ਦੀ ਪ੍ਰਾਪਤੀ ਹੁੰਦੀ ਹੈ। ਭਾਗਹੀਣ ਲੋਕ ਭਰਮ ਵਿੱਚ ਖੁਆਰ ਹਨ। ਬਿਨ੍ਹਾਂ ਭਾਗਾਂ ਤੋਂ ਸਤਿਸੰਗਤ ਨਹੀਂ ਮਿਲਦੀ ਅਤੇ ਸਤਿਸੰਗਤ ਬਿਨ੍ਹਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।[303] ਸੰਗਤ ਦੇ ਦੋ ਪਹਿਲੂ ਹਨ: ਸੰਸਥਾਈ ਅਤੇ ਰੂਹਾਨੀ। ਸੰਸਥਾਈ ਤੌਰ ਤੇ ਜਿਥੇ-ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਗਏ। ਉਥੇ-ਉਥੇ ਸੰਗਤਾਂ ਕਾਇਮ ਕੀਤੀਆਂ। ਸੰਗਤਾਂ ਦੇ ਇਕੱਠ ਲਈ ਚੁਣੇ ਸਥਾਨ ਧਰਮਸ਼ਾਲ ਬਣੇ ਅਤੇ ਅਜੋਕੇ ਗੁਰਦੁਆਰੇ ਦੇ ਰੂਪ ਵਿੱਚ ਤਬਦੀਲ ਹੋਏ। ਗੁਰੂ ਸਾਹਿਬ ਦੇ ਅਨੇਕ ਹੁਕਮਨਾਮਿਆਂ ਵਿੱਚ ਸੰਗਤਾਂ ਨੂੰ ਉਨ੍ਹਾਂ

---

294 *ਭ੍ਰਮ ਕੇ ਪਰਦੇ ਸਤਿਗੁਰ ਖੋਲੇ॥ ਰਹਾਉ॥* ਰਾਗ ਆਸਾ ਮ: ੫, 385.

295 *ਕਵਨ ਰੂਪ ਤੇਰਾ ਆਰਾਧਉ॥ ਕਵਨ ਜੋਗ ਕਾਇਆ ਲੇ ਸਾਧਉ॥ ਕਵਨ ਗੁਨੁ ਜੋ ਤੁਝੁ ਲੈ ਗਾਵਉ॥ ਕਵਨ ਬੋਲ ਪਾਰਬ੍ਰਹਮ ਰੀਝਾਵਹੁ॥ ਰਹਾਉ॥ਕਵਨ ਸੁ ਪੂਜਾ ਤੇਰੀ ਕਰਉ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ॥ ਕਵਨ ਤਪੁ ਜਿਤੁ ਤਪੀਆ ਹੋਇ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥* ਰਾਗ ਗਉੜੀ ਮ: ੫, 187.

296 *ਪੂਰੇ ਗੁਰ ਕਾ ਸੁਨਿ ਉਪਦੇਸੁ॥* ਰਾਗ ਗਉੜੀ ਮ: ੫, 295.

297 *ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥* ਸਲੋਕ ਵਾਰਾਂ ਤੇ ਵਧੀਕ ਮ: ੩, 1412.

298 *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥* ਰਾਗ ਤਿਲੰਗ ਮ: ੧, 722.

299 *ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ॥ ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ॥ ਹਮ ਛੂਟੇ ਅਬ ਉਨਾ ਤੇ ਓਇ ਹਮ ਤੇ ਛੂਟੇ॥ ਰਹਾਉ॥* ਰਾਗ ਆਸਾ ਮ: ੫, 400.

300 *ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥ ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥* ਰਾਗ ਮਲਾਰ ਮ: ੪, 1263.

301 *ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ॥* ਰਾਗ ਗੂਜਰੀ ਮ: ੪, 10.

302 *ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥* ਸ੍ਰੀਰਾਗ ਮ: ੧, 72.

303 *ਵਡਭਾਗੀ ਹਰਿ ਸੰਗਤਿ ਪਾਵਹਿ॥ ਭਾਗਹੀਨ ਭ੍ਰਮਿ ਚੋਟਾ ਖਾਵਹਿ॥ ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥* ਰਾਗ ਮਾਝ ਮ: ੪, 95.

ਦੇ ਇਲਾਕਿਆਂ ਦੇ ਨਾਵਾਂ ਨਾਲ ਸੰਬੋਧਨ ਕੀਤਾ ਹੈ। ਪੰਥ ਸਾਜਨਾ ਵੇਲੇ ਪੰਜਾਂ ਪਿਆਰਿਆਂ ਦਾ ਪੰਜਾਬ ਤੋਂ ਬਾਹਰੋਂ ਆਉਣ ਪਿੱਛੇ ਸੰਸਥਾਈ ਸੰਗਤ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਦੂਜਾ ਰੂਪ ਸੰਗਤ ਦਾ ਰੂਹਾਨੀ ਹੈ। ਇਹ ਅੰਦਰੂਨੀ ਮਾਰਗ ਹੈ। ਸਤਿਸੰਗਤ ਦੀ ਪ੍ਰਾਪਤੀ ਵਾਲੇ ਤਰ ਜਾਂਦੇ ਹਨ।[304] ਸਤਸੰਗਤਿ ਦੀ ਵਡਿਆਈ ਬਿਆਨ ਕਰਦਿਆਂ ਕਬੀਰ ਜੀ ਫੁਰਮਾਉਂਦੇ ਹਨ ਕਿ ਲੋਕ ਆਕਾਸ਼ ਵਿੱਚ ਬੈਕੁੰਠ ਅਤੇ ਸਵਰਗ ਦੀਆਂ ਕਿਆਸਰਾਈਆਂ ਕਰਦੇ ਹਨ ਪਰ ਸਤਿਸੰਗਤ ਵਿੱਚ ਇਕਾਗਰ ਹੋ ਕੇ ਬੈਠਿਆਂ ਹੀ ਬੈਕੁੰਠ ਦਾ ਅਨੁਭਵ ਹੁੰਦਾ ਹੈ।[305] ਅਸੀਂ ਗੱਲ ਕਰ ਰਹੇ ਹਾਂ ਕਿ ਸਤਿਸੰਗਤ ਵਿਅਕਤੀ ਦੀ ਸਾਧਨਾ ਵਿੱਚ ਕੀ ਅਤੇ ਕਿਵੇਂ ਅਹਿਮ ਭੂਮਿਕਾ ਨਿਭਾਉਂਦੀ ਹੈ। ਸਤਿਸੰਗਤ ਵਿਚ ਹਮੇਸ਼ਾ ਸੱਚੇ ਦੇ ਗੁਣਾਂ ਦੀ ਗੱਲ ਕੀਤੀ ਜਾਂਦੀ ਹੈ।[306] ਸਤਿਸੰਗਤ ਵਿੱਚ ਅਜਿਹੀਆਂ ਸਖਸ਼ੀਅਤਾਂ ਹੁੰਦੀਆਂ ਹਨ ਜਿੰਨ੍ਹਾਂ ਨੇ ਪ੍ਰਭੂ ਨੂੰ ਪਛਾਣ ਲਿਆ ਹੈ। ਸਾਧਕ ਨੂੰ ਅਜਿਹੀ ਸਤਿਸੰਗਤ ਦਾ ਇਹ ਫਾਇਦਾ ਹੁੰਦਾ ਹੈ ਕਿ ਉਹ ਵੀ ਉਨ੍ਹਾਂ ਗੁਰਮੁਖਾਂ ਵਰਗਾ ਬਣ ਜਾਂਦਾ ਹੈ।[307] ਸਤਿਸੰਗਤ ਦਾ ਭਾਵ ਹੀ ਸ੍ਰੇਸ਼ਟ, ਸਾਧੂਆਂ, ਭਜਨੀਕ, ਪੁਰਸ਼ਾਂ ਦੀ ਸੰਗਤ ਕਰਨਾ ਹੈ। ਸਿਧ ਗੋਸਟਿ ਬਾਣੀ ਵਿੱਚ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਸੀ ਕਿ ਤੁਸੀਂ ਕਿਸ ਦੀ ਭਾਲ ਵਿੱਚ ਨਿਕਲੇ ਹੋ? ਤਾਂ ਗੁਰੂ ਜੀ ਨੇ ਉੱਤਰ ਦਿੱਤਾ ਸੀ ਮੈਂ ਗੁਰਮੁਖਾਂ ਦੀ ਭਾਲ ਵਿੱਚ ਨਿਕਲਿਆ ਹਾਂ।[308] ਜੋ ਵਿਅਕਤੀ ਸਤਿਸੰਗਤ ਵਿੱਚ ਜਾ ਕੇ ਦੁਨਿਆਵੀਂ ਝਗੜੇ ਖੜ੍ਹੇ ਕਰਦੇ ਹਨ ਉਹ ਦਿਨ-ਰਾਤ ਦੁਖੀ ਰਹਿੰਦੇ ਹਨ।[309] ਸਤਿਸੰਗਤ ਵਿੱਚ ਜਾ ਕੇ ਹੀ ਪਤਾ ਲੱਗਦਾ ਹੈ ਕਿ ਪ੍ਰਭੂ ਸੰਗਤ ਵਿੱਚ ਵੱਸਦਾ ਹੈ।[310] ਡਾ. ਰਤਨ ਸਿੰਘ ਜੱਗੀ ਸੰਗਤ ਨੂੰ ਗੁਰੂ ਸ਼ਰਣ ਵਿਚ ਜਾਣ ਬਰਾਬਰ ਕਹਿੰਦੇ ਹਨ:

> ਗੁਰੂ ਦੀ ਸ਼ਰਣ ਵਿਚ ਜਾਣ ’ਤੇ ਅਧਿਆਤਮਿਕ ਸਾਧਨਾ ਦਾ ਮੁੱਢਲਾ ਬੋਧ ਪ੍ਰਾਪਤ ਹੁੰਦਾ ਹੈ। ਇਸਤੋਂ ਬਾਦ ਸਾਧਨਾ ਦੀਆਂ ਵੱਖ-ਵੱਖ ਸਥਿਤੀਆਂ ਅਤੇ ਪੱਧਰਾਂ ’ਤੇ ਜਿਗਿਆਸੂਆਂ ਨੂੰ ਕਠਿਨਾਈਆਂ ਪੇਸ਼ ਆ ਸਕਦੀਆਂ ਹਨ। ਉਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਹੋਰ ਸਹਾਇਕ ਸਾਧਨ ਦੀ ਲੋੜ ਪੈਂਦੀ ਹੈ। ਇਸਤੋਂ ਇਲਾਵਾ ਸਦਾ ਪ੍ਰੇਰਣਾ ਦੇਣ ਵਾਲੇ ਅਨੁਕੂਲ ਅਤੇ ਪਵਿਤਰ ਵਾਤਾਵਰਣ ਦੀ ਵੀ ਅਵੱਸ਼ਕਤਾ ਬਣੀ ਰਹਿੰਦੀ ਹੈ। ਵਾਸਤਵ ਵਿਚ ਗੁਰੂ ਦੀ ਅਗਵਾਈ ਤੋਂ ਬਾਦ ਜਿਗਿਆਸੂ ਨੂੰ ਨਾਲ-ਨਾਲ ਪ੍ਰੇਰਣਾ ਦੇਣ, ਉਸ ਦੇ ਵਿਸ਼ਵਾਸ ਨੂੰ ਦ੍ਰਿੜ ਬਣਾਉਣ ਅਤੇ ਉਸਦੇ ਅਨੁਭਵ ਵਿਚ ਨਿਖਾਰ ਲਿਆਉਣ ਲਈ ਸਤਿਸੰਗਤ ਦਾ ਬਹੁਤ ਯੋਗਦਾਨ ਹੈ।[311]

ਉਪਰੋਕਤ ਕਥਨ ਕਬੀਰ ਜੀ ਦੇ ਵਾਕ ਖਾਲਕ ਵਿੱਚ ਖਲਕਤ ਅਤੇ ਖਲਕਤ ਵਿੱਚ ਖਾਲਕ ਦੇ ਸਿਧਾਂਤ ਉਪਰ ਖਰਾ ਉਤਰਦਾ ਹੈ।[312] ਇਹ ਸਤਿਸੰਗਤ ਉਪਾਅ ਹੈ ਜੋ ਮਨੁੱਖ ਦੀਆਂ ਸਮਾਜਿਕ, ਮਾਨਸਿਕ ਅਤੇ ਰੂਹਾਨੀਅਤ ਦੀਆਂ ਮੁਸ਼ਕਿਲਾਂ ਨੂੰ ਹੱਲ ਕਰ ਦਿੰਦਾ ਹੈ। ਜਿਹੜਾ ਸਾਧਕ ਸੰਗਤ ਨੂੰ ਰੱਬ ਸਮਝਦਾ ਹੈ ਉਹ

---

304 *ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥* ਰਾਗ ਗੂਜਰੀ ਮ: ੫, 10.

305 *ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥* ਰਾਗ ਗਉੜੀ, ਕਬੀਰ, 325.

306 *ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਗਾਹਿ॥* ਸਿਰੀਗਾਗ ਮ: ੩, 35.

307 *ਜਿਨੀ ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ॥ ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ॥* ਰਾਗ ਸਿਰੀਰਾਗ ਮ: ੩, 37.

308 *ਗੁਰਮੁਖਿ ਖੋਜਤ ਭਏ ਉਦਾਸੀ॥* ਰਾਗ ਰਾਮਕਲੀ ਮ: ੧, 939.

309 *ਸਤਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥* ਰਾਗ ਸਿਰੀਰਾਗ ਮ: ੩, 88.

310 *ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥* ਰਾਗ ਮਾਝ ਮ: ੪, 94.

311 ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ*, ਪੰਨੇ 88-9.

312 *ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥* ਸਲੋਕ, ਸੇਖ ਫਰੀਦ, 1381.

ਕਿਸੇ ਦਾ ਬੁਰਾ ਨਹੀਂ ਕਰਦਾ, ਬੁਰਾ ਨਹੀਂ ਸੋਚਦਾ, ਇੱਕ ਛੋਟੇ ਜਿਹੇ ਸਤਿਸੰਗਤ ਰੂਪੀ ਇਕੱਠ ਤੋਂ ਆਪਸੀ ਭਾਈਚਾਰੇ ਦੀ ਗੱਲ ਸ਼ੁਰੂ ਹੋ ਕੇ ਸਮੁੱਚੇ ਬ੍ਰਹਿਮੰਡ ਤੱਕ ਪਹੁੰਚਦੀ ਹੈ। ਅਸੀਂ ਔਗੁਣਾਂ ਨਾਲ ਭਰੇ ਪਏ ਹਾਂ। ਸਾਡੇ ਵਿਚ ਇੱਕ ਵੀ ਗੁਣ ਨਹੀਂ ਹੈ। ਅਸੀਂ ਅੰਮ੍ਰਿਤ ਛੱਡਕੇ ਜ਼ਹਿਰ ਖਾ ਰਹੇ ਹਾਂ। ਮਾਇਆ ਦੇ ਮੋਹ ਨੇ ਸਾਨੂੰ ਭੁਲਾਇਆ ਹੋਇਆ ਹੈ। ਪਰਿਵਾਰ ਵਿਚ ਅਸੀਂ ਪ੍ਰੀਤੀ ਲਾਈ ਹੋਈ ਹੈ। ਉੱਤਮ ਰਸਤਾ ਤਾਂ ਕੇਵਲ ਸੰਗਤ ਹੈ ਜਿਥੇ ਜਾ ਕੇ ਜਮਾਂ ਦਾ ਡਰ ਖਤਮ ਹੁੰਦਾ ਹੈ। ਇਸ ਲਈ ਅਰਦਾਸ ਹੈ ਕਿ ਆਪਣੀ ਸ਼ਰਣ ਵਿਚ ਰੱਖੋ।[313] ਭਾਈ ਕਨੱਈਆ ਜੀ ਦੀ ਸੇਵਾ ਦੀ ਉਦਾਹਰਣ ਉਨ੍ਹਾਂ ਚੋਂ ਇੱਕ ਹੈ। ਸਤਿਸੰਗਤ ਦੀ ਪ੍ਰਾਪਤੀ ਤੋਂ ਬਾਅਦ ਨਾ ਕੋਈ ਵੈਰੀ ਰਹਿੰਦਾ ਹੈ ਅਤੇ ਨਾ ਕੋਈ ਬੇਗਾਨਾ।[314] ਸੰਗਤ ਨੇ ਸੁਭਾਅ ਬਦਲ ਦਿੱਤਾ ਹੈ। ਬੀਬੀ ਅਮਰੋ ਜੀ ਦੀ ਸੰਗਤ ਨੇ ਬਾਬਾ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦੀ ਸੰਗਤ ਕਰਨ ਵੱਲ ਰੁਚਿਤ ਕੀਤਾ। ਸਤਿਸੰਗਤ ਅਜਿਹਾ ਮਾਹੌਲ ਹੈ ਜੋ ਬਿਲਕੁੱਲ ਦੁਨੀਆਦਾਰੀ ਤੋਂ ਅਲੱਗ ਹੁੰਦਾ ਹੈ। ਏਥੇ ਪਿਆਰ ਵਰਤਦਾ ਹੈ। ਰਾਤ ਅਤੇ ਦਿਨ ਸਤਿਸੰਗਤ ਵਿੱਚ ਸਫਲ ਹੋ ਜਾਂਦੇ ਹਨ।[315] ਸਤਿਸੰਗਤ ਅਜਿਹੀ ਥਾਂ ਹੈ ਜਿਥੇ ਬਹਿ ਕੇ ਹਰੀ ਦੇ ਗੁਣਾਂ ਦਾ ਗੁਣਗਾਨ ਕੀਤਾ ਜਾਂਦਾ ਹੈ।[316] ਗੁਰੂ ਦੀ ਯਾਦ ਸਤਿਸੰਗਤ ਬਣ ਜਾਂਦੀ ਹੈ।[317] ਸਤਿਸੰਗਤ ਅਜਿਹਾ ਸੌਖਾ ਅਤੇ ਮਹੱਤਵਪੂਰਨ ਕੇਂਦਰ ਹੈ ਜਿਥੇ ਆ ਕੇ ਮਨੁੱਖ ਵਿੱਚ ਵਿਕਾਰਾਂ ਖਿਲਾਫ਼ ਲੜ੍ਹਨ ਦੀ ਸ਼ਕਤੀ ਪੈਦਾ ਹੁੰਦੀ ਹੈ। ਨਿਮਰਤਾ, ਹਲੀਮੀ, ਆਪਸੀ ਭਾਈਚਾਰੇ ਵਰਗੇ ਗੁਣ ਸਤਿਸੰਗਤ ਵਿੱਚੋਂ ਆਪਣੇ ਆਪ ਪੈਦਾ ਹੁੰਦੇ ਹਨ। ਇਸ ਲਈ ਗੁਰਬਾਣੀ ਵਿੱਚ ਵਾਰ-ਵਾਰ ਸਤਿਸੰਗਤਿ ਕਰਨ ਦਾ ਉਪਦੇਸ਼ ਦਿੱਤਾ ਹੈ। ਇਹ ਜ਼ਰੂਰੀ ਨਹੀਂ ਕਿ ਸਾਰਿਆਂ ਉਪਰ ਹੀ ਸਤਿਸੰਗਤ ਦਾ ਅਸਰ ਪਵੇ ਕਈ ਅਜਿਹੇ ਵੀ ਹਨ ਜਿੰਨ੍ਹਾਂ ਨੂੰ ਸਤਿਸੰਗਤ ਵਿੱਚ ਆ ਕੇ ਵੀ ਕੁਝ ਪ੍ਰਾਪਤ ਨਹੀਂ ਹੁੰਦਾ।[318] ਸੰਗਤ ਵਿਚ ਸੱਚ ਦੀ ਗੱਲ ਹੁੰਦੀ ਹੈ ਪਰ ਉਨ੍ਹਾਂ ਦੇ ਮਨਾਂ ਵਿਚ ਮਾਯੂਸੀ ਛਾਈ ਰਹਿੰਦੀ ਹੈ।[319] ਸਤਸੰਗਤਿ ਵਿਚੋਂ ਬਿਬੇਕ ਬੁਧੀ ਮਿਲਦੀ ਹੈ।[320] ਸਤਿਸੰਗਤ ਵਿੱਚ ਜਾਣਾ ਪ੍ਰਭੂ ਦੀ ਸ਼ਰਣ ਵਿੱਚ ਜਾਣ ਬਰਾਬਰ ਹੈ। ਅਸੀਂ ਔਗੁਣਾਂ ਨਾਲ ਭਰੇ ਹਾਂ ਤੇ ਪ੍ਰਭੂ ਪਰਉਪਕਾਰੀ ਹੈ।[321] ਸੰਗਤ ਪਾਰਸ ਵਾਂਗ ਹੈ ਜੋ ਆਪਣੇ ਕੋਲ ਰਹਿਣ ਵਾਲੀ ਧਾਤ ਨੂੰ ਸੋਨਾ ਬਣਾ ਦਿੰਦਾ ਹੈ। ਸਤਿਸੰਗਤ ਮਨਮੁਖਾਂ ਨੂੰ ਵੀ ਗੁਰਮੁਖ ਬਣਾ ਦਿੰਦੀ ਹੈ।[322] ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਗੁਰੂ ਤੋਂ ਬਿਨ੍ਹਾਂ ਗਿਆਨ ਪ੍ਰਾਪਤ ਨਹੀਂ ਹੁੰਦਾ। ਅਸੀਂ ਅਨੇਕਾਂ ਤਰੀਕਿਆਂ ਨੂੰ ਵਰਤ ਰਹੇ

---

313 *ਹਮ ਅਵਗੁਣਿ ਭਰੇ ਏਕ ਗੁਨ ਨਾਹੀ॥ ਅੰਮ੍ਰਿਤ ਛਾਡਿ ਬਿਖੈ ਬਿਖ ਖਾਈ॥ ਮਾਇਆ ਮੋਹ ਭਰਮ ਭੈ ਭੂਲੈ ਸੁਤ ਦਾਰਾ ਸਿਉ ਪ੍ਰੀਤ ਲਗਾਈ॥ ਇਕ ਉਤਮ ਪੰਥ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਇਕ ਅਰਦਾਸ ਭਾਟ ਕੀਰਤ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥* ਸਵੱਈਏ, ????1406.

314 *ਬਿਸਰ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ਰਹਾਉ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥* ਰਾਗ ਕਾਨੜਾ ਮ: ੫, 1299.

315 *ਰੈਣਿ ਸੁਹਾਵੜੀ ਦਿਨਸੁ ਸੁਹੇਲਾ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥* ਰਾਗ ਮਾਝ ਮ: ੫, 107.

316 *ਸਤਸੰਗਤਿ ਬਹਿ ਹਰਿ ਗੁਣ ਗਾਇਆ॥* ਰਾਗ ਮਾਝ ਮ: ੩, 115.

317 *ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥* ਰਾਗ ਗਉੜੀ ਗੁਆਰੇਰੀ ਮ: ੩, 160.

318 *ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ॥ ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ॥* ਸਲੋਕ ਮ: ੪, 307.

319 *ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥* ਰਾਗ ਗਉੜੀ ਮ: ੩, 314.

320 *ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ॥* ਰਾਗ ਆਸਾ, ਕਬੀਰ, 481.

321 *ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥ ਹਮ ਅਉਗਨ ਤੁਮ੍ਹ ਉਪਕਾਰੀ॥ਰਹਾਉ॥* ਰਾਗ ਆਸਾ, ਰਵਿਦਾਸ, 486.

322 *ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥* ਰਾਗ ਗੂਜਰੀ ਮ: ੧, 505.

ਹਾਂ ਅਤੇ ਵਿਲਕ ਰਹੇ ਹਾਂ। ਮੋਹ, ਰੋਗ ਅਤੇ ਸੋਗ ਇਸ ਤਨ ਨੂੰ ਚਿੰਬੜੇ ਹੋਏ ਹਨ ਅਤੇ ਅਸੀਂ ਜੂਨਾਂ ਵਿੱਚ ਪਏ ਫਿਰ ਰਹੇ ਹਾਂ। ਇਸ ਸਭ ਤੋਂ ਛੁਟਕਾਰਾ ਕੇਵਲ ਤੇ ਕੇਵਲ ਸਤਿਸੰਗਤ ਦੁਆ ਸਕਦੀ ਹੈ।[323] ਸਤਸੰਗਤਿ ਵਿਚ ਆ ਕੇ ਸਾਧਕ ਜਿਉਂ-ਜਿਉਂ ਨਾਮ ਸਾਧਨਾ ਵਿੱਚ ਲੱਗਦਾ ਹੈ ਇਸ ਦੀ ਲਿਵ ਲੱਗਦੀ ਹੈ ਅਤੇ ਇਹ ਆਪਣੇ ਵਿਕਾਰਾਂ ਨੂੰ ਖਤਮ ਕਰ ਦਿੰਦਾ ਹੈ।[324] ਜੋ ਸਾਧਕ ਸਤਿਸੰਗਤ ਵਿੱਚ ਨਿਰੰਤਰ ਲੱਗਾ ਰਹਿੰਦਾ ਹੈ ਅਤੇ ਉਹ ਇੱਕ ਦਿਨ ਨਾਮ ਵਿੱਚ ਸਮਾ ਜਾਂਦਾ ਹੈ।[325] ਗੁਰਮੁਖ ਸਤਿਸੰਗਤ ਰਾਹੀਂ ਨਾਮ ਰੂਪੀ ਪੂੰਜੀ ਨੂੰ ਇਕੱਤਰ ਕਰ ਲੈਂਦੇ ਹਨ।[326] ਸਤਿਸੰਗਤ ਨੂੰ ਉੱਤਮ ਕਿਹਾ ਹੈ ਅਤੇ ਸੇਵਕਾਂ ਦੇ ਚਰਨ ਧੋਣ ਦੀ ਗੱਲ ਵੀ ਕਹੀ ਹੈ। ਇਹ ਸਾਰੀਆਂ ਗੱਲਾਂ ਮਨੁੱਖੀ ਹਿਰਦੇ ਨੂੰ ਹੋਰ ਨਰਮ ਕਰ ਦਿੰਦੀਆਂ ਹਨ। ਹੈਂਕੜ, ਗੁਮਾਨ ਵਰਗੇ ਔਗੁਣ ਜੋ ਮਨੁੱਖ ਨੂੰ ਝੁੱਕਣ ਹੀ ਨਹੀਂ ਦਿੰਦੇ। ਸਤਿਸੰਗਤ ਵਿੱਚ ਆ ਕੇ ਸਾਰੇ ਗੁਣ ਸੁਭਾਵਿਕ ਹੀ ਸਾਧਕ ਵਿਚ ਆ ਜਾਂਦੇ ਹਨ। ਸਾਡਾ ਨਿੱਜ ਪਰਮਾਤਮਾ ਹੈ।[327] ਅਸੀਂ ਦੁਨੀਆਂਦਾਰੀ ਦੇ ਬੰਧਨਾਂ ਵਿੱਚ ਜਕੜ ਕੇ ਅਸਲ ਆਪੇ ਨੂੰ ਭੁੱਲ ਚੁੱਕੇ ਹਾਂ। ਸਤਿਸੰਗਤਿ ਵਿਚ ਸਾਡੇ ਆਪੇ ਦੀ ਗੱਲ ਹੁੰਦੀ ਹੈ। ਇੱਕ ਦੁਨੀਆਵੀ ਮਿਸਾਲ ਦੇਣੀ ਉਚਿਤ ਹੋਵੇਗੀ ਕਿ ਕੋਇਲ ਆਪਣੇ ਬੱਚੇ ਆਪ ਨਹੀਂ ਕੱਢਦੀ। ਕੋਇਲ ਅਤੇ ਕਾਉਣੀ ਦੇ ਆਂਡਿਆਂ ਦਾ ਰੰਗ ਇਕੋ ਜਿਹਾ ਹੀ ਹੁੰਦਾ ਹੈ। ਕੋਇਲ ਚਲਾਕੀ ਨਾਲ ਕਾਉਣੀ ਦੇ ਆਂਡਿਆਂ ਨੂੰ ਸੁੱਟ ਦਿੰਦੀ ਹੈ ਅਤੇ ਉਸਦੇ ਆਹਲਣੇ ਵਿਚ ਆਪਣੇ ਆਂਡੇ ਦੇ ਦਿੰਦੀ ਹੈ। ਅਖੀਰ ਵਿਚ ਜਦੋਂ ਕਾਉਣੀ ਦੀ ਮਿਹਨਤ ਨਾਲ ਆਂਡਿਆਂ ਚੋਂ ਬੱਚੇ ਨਿਕਲਦੇ ਹਨ ਤਾਂ ਉਹ ਕਾਉਣੀ ਦੀ ਆਵਾਜ਼ ਨਹੀਂ ਪਛਾਣਦੇ। ਕੋਇਲ ਆਵਾਜ਼ ਦਿੰਦੀ ਹੈ ਅਤੇ ਬੱਚੇ ਹੁੰਗਾਰਾ ਭਰਦੇ-ਭਰਦੇ ਆਪਣੀ ਅਸਲ ਮਾਂ ਕੋਲ ਪਹੁੰਚ ਜਾਂਦੇ ਹਨ ਕਿਉਂਕਿ ਕੋਇਲ ਦੀ ਆਵਾਜ਼ ਉਨ੍ਹਾਂ ਦੇ ਅਸਲ ਆਪੇ ਦੀ ਆਵਾਜ਼ ਹੁੰਦੀ ਹੈ।[328] ਇਸ ਤਰ੍ਹਾਂ ਅਸੀਂ ਵੀ ਆਤਮਕ ਸਹਿਜ਼ਾਦੇ ਅਤੇ ਪਰਮਾਤਮਾ ਦੀ ਅੰਸ਼ ਹਾਂ। ਸਾਡਾ ਅਸਲ ਆਪਾ ਪਰਮਾਤਮਾ ਹੈ। ਪਰ ਦੁਨੀਆਦਾਰੀ ਦੀ ਮੈਲ ਅਤੇ ਬੁਰੀ ਸੰਗਤ ਕਰਕੇ ਅਸੀਂ ਆਪਣੇ ਅਸਲੇ ਨੂੰ ਬਿਲਕੁਲ ਭੁੱਲ ਚੁੱਕੇ ਹਾਂ। ਸਤਿਸੰਗਤ ਸਾਨੂੰ ਸਾਡੇ ਆਪੇ ਵੱਲ ਮੁੜਨ ਲਈ ਆਵਾਜ਼ ਮਾਰਦੀ ਹੈ। ਸਤਿਸੰਗਤ ਹੀ ਦੱਸਦੀ ਹੈ ਕਿ ਸਾਡਾ ਕੀ ਉਦੇਸ਼ ਹੈ। ਇਉਂ ਜਦੋਂ ਰੋਜ਼ਾਨਾ ਸਾਧਕ ਸਤਿਸੰਗਤਿ ਵਿਚ ਇਕਾਗਰ ਮਨ ਬੈਠਦਾ ਹੈ, ਗੁਰੂ ਦੀ ਗੱਲ ਸੁਣਦਾ ਹੈ ਤਾਂ ਹੌਲੀ-ਹੌਲੀ ਉਹ ਕੋਇਲ ਦੇ ਬੱਚਿਆਂ ਵਾਂਗ ਆਪਣੇ ਆਪੇ ਵੱਲ ਪਰਤਣਾ ਸ਼ੁਰੂ ਕਰ ਦਿੰਦਾ ਹੈ। ਪਰਮਾਤਮਾ ਵਿਚ ਮਿਲਣ ਲੱਗਦਾ ਹੈ। ਇਸ ਨੂੰ ਗੁਰਬਾਣੀ ਨੇ ਨਿਜ ਘਰ ਵਾਸਾ ਹੋਣਾ ਕਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਇੱਕ ਸਾਧਕ ਰੋਜ਼ਾਨਾ ਆਉਂਦਾ ਸੀ ਅਤੇ ਗੁਰੂ ਦਰਸ਼ਨਾਂ ਤੋਂ ਬਾਅਦ ਹੀ ਅੰਨ ਪਾਣੀ ਗ੍ਰਹਿਣ ਕਰਦਾ ਸੀ। ਉਸ ਨੂੰ ਦੇਖਕੇ ਇਕ ਹੋਰ ਵਿਅਕਤੀ ਵੀ ਉਸ ਨਾਲ ਗੁਰੂ ਦੇ ਦਰਸ਼ਨਾਂ ਨੂੰ ਆਉਣ ਲੱਗ ਪਿਆ। ਉਹ ਕੇਵਲ ਇਕ ਦਿਨ ਹੀ ਸੰਗਤ ਵਿਚ ਗਿਆ ਅਤੇ ਅੱਕ ਗਿਆ। ਉਹ ਵੇਸ਼ਵਾ ਦੇ ਦੁਆਰੇ ਜਾਣ ਲੱਗਾ। ਪਰ

---

[323] *ਮੋਹ ਰੋਗ ਸੋਗ ਤਨੁ ਬਾਧਿਓ ਬਹੁ ਜੋਨੀ ਭਰਮਾਈਐ॥ ਟਿਕਨੁ ਨ ਪਾਵੈ ਬਿਨੁ ਸਤਸੰਗਤਿ ਕਿਸੁ ਆਗੈ ਜਾਇ ਰੂਆਈਐ॥* ਰਾਗ ਦੇਵਗੰਧਾਰੀ ਮ: ੫, 532.

[324] *ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥* ਰਾਗ ਬਿਹਾਗੜਾ, ਮਰਦਾਨਾ, 553.

[325] *ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ॥ ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ॥* ਰਾਗ ਸੋਰਠਿ ਮ: ੩, 643.

[326] *ਮਿਲਿ ਸਤਸੰਗਤਿ ਸੰਗਿ ਗੁਰਾਹਾ॥ ਪੂੰਜੀ ਨਾਮੁ ਗੁਰਮੁਖਿ ਵੇਸਾਹਾ॥* ਰਾਗ ਜੈਤਸਰੀ ਮ: ੩, 699.

[327] *ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ॥* ਰਾਗ ਸੂਹੀ ਮ: ੪, 774.

[328] ਬੇਦੀ, *ਉਹੀ ਰਚਨਾ,* ਸਾਖੀ/ਪੰਨਾ- 9/58.

ਸ਼ਰਧਾਲੂ ਨੇ ਸੰਗਤ ਨਾ ਛੱਡੀ। ਵਾਪਸੀ ਵੇਲੇ ਇਹ ਦੋਵੇਂ ਇਕ ਥਾਂ ਤੇ ਇਕੱਠੇ ਹੋਇਆ ਕਰਦੇ ਸਨ। ਇਕ ਦਿਨ ਵਿਕਾਰੀ ਪੁਰਸ਼ ਨੂੰ ਵੇਸ਼ਵਾ ਨਹੀਂ ਮਿਲੀ। ਉਹ ਵਾਪਸ ਪਰਤਿਆ ਅਤੇ ਆਪਣੇ ਸਾਥੀ ਦੀ ਉਡੀਕ ਕਰਨ ਲੱਗਾ। ਬੈਠਿਆਂ-ਬੈਠਿਆਂ ਪੈਰਾਂ ਨਾਲ ਧਰਤੀ ਖੋਦਣ ਲੱਗਾ ਤਾਂ ਇਕ ਸੋਨੇ ਦੀ ਮੁਹਰ ਮਿਲੀ। ਤੇਜ਼ੀ ਨਾਲ ਧਰਤੀ ਪੁੱਟੀ ਤਾਂ ਇਕ ਗਾਗਰ ਕੋਲਿਆਂ ਨਾਲ ਭਰੀ ਮਿਲੀ। ਮਨ 'ਚ ਅਫ਼ਸੋਸ ਕੀਤਾ ਕਿ ਜੇ ਇਹ ਸਾਰੀ ਗਾਗਰ ਹੀ ਸੋਨੇ ਦੀਆਂ ਮੁਹਰਾਂ ਦੀ ਹੁੰਦੀ। ਏਨੇ ਨੂੰ ਸਤਸੰਗੀ ਪੁਰਸ਼ ਨੂੰ ਦੂਰੋਂ ਆਉਂਦਿਆਂ ਤੱਕਿਆ। ਸਤਸੰਗੀ ਲਗੜਾ ਕੇ ਤੁਰ ਰਿਹਾ ਸੀ, ਪੈਰ ਉਪਰ ਕੱਪੜਾ ਬੰਨਿਆ ਹੋਇਆ ਸੀ ਅਤੇ ਪੈਰੋਂ ਜੁੱਤੀ ਕੱਢੀ ਹੋਈ ਸੀ। ਵਿਕਾਰੀ ਪੁਰਸ਼ ਨੇ ਕਿਹਾ ਕਿ ਮੈਂ ਰੋਜ਼ਾਨਾ ਮਾੜੇ ਪਾਸੇ ਜਾਂਦਾ ਹਾਂ ਅਤੇ ਮੈਨੂੰ ਸੋਨੇ ਦੀ ਮੁਹਰ ਮਿਲੀ ਹੈ। ਤੂੰ ਚੰਗੇ ਪਾਸੇ ਜਾਂਦਾ ਹੈ ਅਤੇ ਤੈਨੂੰ ਸੂਲ (ਕੰਡਾ) ਮਿਲੀ ਹੈ। ਦੋਵੇਂ ਜਣੇ ਇਸ ਦਾ ਖੁਲਾਸਾ ਕਰਵਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਪਹੁੰਚੇ। ਗੁਰੂ ਜੀ ਨੇ ਵਿਕਾਰੀ ਪੁਰਸ਼ ਨੂੰ ਦੱਸਿਆ ਕਿ ਤੈਨੂੰ ਪੂਰੀ ਗਾਗਰ ਸੋਨੇ ਦੀਆਂ ਮੁਹਰਾਂ ਦੀ ਮਿਲਣੀ ਸੀ। ਪਰ ਬੁਰੇ ਪਾਸੇ ਜਾਣ ਕਰਕੇ ਮੁਹਰਾਂ ਕੋਇਲਾ ਬਣ ਗਈਆਂ ਹਨ। ਕੇਵਲ ਇਕ ਦਿਨ ਸੰਗਤ ਵਿਚ ਆਉਣ ਕਰਕੇ ਤੈਨੂੰ ਇਕ ਮੁਹਰ ਸੋਨੇ ਦੀ ਪ੍ਰਾਪਤ ਹੋਈ ਹੈ। ਸਤਸੰਗੀ ਸੱਜਣ ਨੂੰ ਕਿਸੇ ਕਰਮ ਕਰਕੇ ਸੂਲੀ ਮਿਲਣੀ ਸੀ ਪਰ ਸੰਗਤ ਵਿਚ ਨਿਰੰਤਰ ਆਉਣ ਕਰਕੇ ਇਸ ਦੀ ਸੂਲੀ ਸੂਲ ਬਣ ਗਈ ਹੈ।[329] ਸਤਿਸੰਗਤ ਪੱਥਰ ਮਨਾਂ ਨੂੰ ਪਿਘਲਾ ਦਿੰਦੀ ਹੈ। ਸੰਗਤ ਦੇ ਪ੍ਰਭਾਵ ਕਰਕੇ ਰਿੰਡ ਵੀ ਚੰਦਨ ਵਾਂਗ ਮਹਿਕਦਾ ਹੈ।[330] ਸਾਧਕ ਸਤਿਸੰਗਤ ਦੀ ਪ੍ਰਾਪਤੀ ਨਾਲ ਪਰਮਪਦ ਪ੍ਰਾਪਤ ਕਰਦਾ ਹੈ ਅਤੇ ਉਸ ਵਿਚੋਂ ਵੀ ਗੁਣਾਂ ਦੀ ਮਹਿਕ ਆਉਣ ਲੱਗਦੀ ਹੈ। ਸਤਿਸੰਗਤ ਵਿਚ ਗੁਣ ਹੀ ਗੁਣ ਹਨ। ਗੁਰੂ ਜੀਵ ਦੇ ਪਿਛਲੇ ਗੁਨਾਹ ਬਖਸ਼ ਦਿੰਦਾ ਹੈ ਅਤੇ ਸਤਿਸੰਗਤਿ ਜੋ ਉਸਦਾ ਆਪਣਾ ਹੀ ਰੂਪ ਹੈ, ਵਿਚ ਰਲਾ ਲੈਂਦਾ ਹੈ।[331] ਅੱਜ ਵੀ ਜਦੋਂ ਕਿਸੇ ਸਿੱਖ ਨੂੰ ਕੋਈ ਸਜ਼ਾ/ਤਨਖਾਹ ਸੁਣਾਈ ਜਾਂਦੀ ਹੈ ਤਾਂ ਸੰਗਤ ਵਿਚ ਹੀ ਸੁਣਾਈ ਜਾਂਦੀ ਹੈ। ਸਜ਼ਾ ਸੁਣਨ ਵਾਲਾ ਵੀ ਬੜੀ ਅਧੀਨਗੀ ਨਾਲ ਗਲ ਵਿਚ ਪੱਲਾ ਪਾ ਕੇ ਗੁਰੂ ਰੂਪ ਸੰਗਤ ਦਾ ਹੁਕਮ ਸੁਣਦਾ ਹੈ। ਸਤਿਸੰਗਤ ਨੂੰ ਚੰਦਨ, ਦੁਰਮਤਿ ਦੀ ਮੈਲ ਨਿਕਾਲਣ ਵਾਲੀ ਅਤੇ ਸਹੀ ਬੁਧੀ ਦੇਣ ਵਾਲੀ ਕਿਹਾ ਹੈ।[332] ਦੁਨਿਆਵੀਂ ਲਾਲਚਾਂ ਨੂੰ ਪਾਸੇ ਰੱਖਕੇ ਸਤਿਸੰਗਤ ਕਰਨੀ ਚਾਹੀਦੀ ਹੈ।[333] ਗੁਰੂ ਅਮਰਦਾਸ ਜੀ ਉਨ੍ਹਾਂ ਸਾਧਕਾਂ ਦੀ ਧੂੜੀ ਮਸਤਕ ਤੇ ਲਾਉਣ ਲਈ ਆਖਦੇ ਹਨ ਜਿੰਨ੍ਹਾਂ ਨੇ ਸਤਿਸੰਗਤ ਵਿਚ ਬਹਿ ਕੇ ਹਰੀ ਦੇ ਗੁਣ ਗਾਏ ਹਨ।[334] ਸਤਿਸੰਗਤ ਉਹ ਸਥਾਨ ਹੈ ਜਿਥੇ ਸਾਧੂਆਂ ਨਾਲ ਗੋਸ਼ਟ ਕਰਨੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੇ ਪ੍ਰਭੂ ਨੂੰ ਪਾ ਲਿਆ ਹੈ। ਇਸ ਗੋਸ਼ਟ ਵਿਚੋਂ ਹੋਰ ਸਾਧਕਾਂ ਲਈ ਵੀ ਪ੍ਰਭੂ ਮਿਲਣ ਦਾ ਰਾਹ ਲੱਭ ਪਏਗਾ।[335] ਭਾਈ ਅਦਲੀ ਜੀ ਦੀ ਸੰਗਤ ਨੇ ਭਾਈ

---

[329] *ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਭਾਈ ਵੀਰ ਸਿੰਘ (ਸੰਪਾ.), 68 ਤੋਂ 70??

[330] *ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ॥* ਰਾਗ ਬਿਲਾਵਲ ਮ: ੪, 834.

[331] *ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥* ਰਾਗ ਬਿਲਾਵਲ, ਮ: ੪, 855.

[332] *ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ॥* ਰਾਗ ਰਾਮਕਲੀ ਮ: ੪, 880.

[333] *ਇਸਹਿ ਤਿਆਗਿ ਸਤਸੰਗਤਿ ਕਰੈ॥ ਵਡਭਾਗੀ ਨਾਨਕ ਓਹੁ ਤਰੈ॥* ਰਾਗ ਰਾਮਕਲੀ ਮ: ੫, 892.

[334] *ਤਿਨ ਕੀ ਧੂਰਿ ਲਾਈ ਮੁਖਿ ਮਸਤਕਿ ਸਤਸੰਗਤਿ ਬਹਿ ਗੁਣ ਗਾਇਦਾ॥* ਰਾਗ ਮਾਰੂ ਮ:੩, 1065.

[335] *ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ॥* ਰਾਗ ਕੇਦਾਰਾ ਮ: ੪, 1118.

ਬਿਧੀ ਚੰਦ ਨੂੰ ਬਦਲ ਦਿੱਤਾ ਸੀ। ਸੁੱਤੇ ਵਿਅਕਤੀ ਨੂੰ ਸੁੱਤਾ ਵਿਅਕਤੀ ਨਹੀਂ ਜਗਾ ਸਕਦਾ। ਅੰਨ੍ਹੇ ਨੂੰ ਅੰਨ੍ਹਾ ਵਿਅਕਤੀ ਰਾਹ ਨਹੀਂ ਦਿਖਾ ਸਕਦਾ। ਅਨਪੜ੍ਹ ਨੂੰ ਅਨਪੜ੍ਹ ਵਿੱਦਿਆ ਦਾਨ ਨਹੀਂ ਦੇ ਸਕਦਾ। ਸੰਗਤ ਵਿਚ ਜਾਗਦੀਆਂ ਰੂਹਾਂ ਨਿਵਾਸ ਕਰਦੀਆਂ ਹਨ ਜਿੰਨ੍ਹਾਂ ਸਦਕਾ ਸੁੱਤਾ ਮਨ ਜਾਗਦਾ ਹੈ।[336] ਸਤਿਸੰਗਤਿ ਵਿਚ ਜਾਇਆਂ ਮਾਇਆ ਦਾ ਜਮ ਜਾਲ ਟੁੱਟ ਜਾਂਦਾ ਹੈ।[337] ਸਤਿਸੰਗਤ ਵਿਚ ਪ੍ਰਭੂ ਦੀ ਕੀਰਤੀ ਕੀਤੀ ਜਾਂਦੀ ਹੈ। 'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿੱਤ ਆਵੇ' ਬੋਲ ਸਤਿਸੰਗਤਿ ਦੀ ਪ੍ਰਾਪਤੀ ਦੀ ਹੀ ਮੰਗ ਹਨ। ਸਤਿਸੰਗਤ ਦੀ ਧੂੜ ਅਠਾਹਠ ਤੀਰਥਾਂ ਦੇ ਇਸ਼ਨਾਨ ਜਿੰਨੀ ਪਵਿੱਤਰ ਹੈ। ਇਸ ਲਈ ਜੋ ਵਿਅਕਤੀ ਸਾਧਸੰਗਤ ਕਰਦਾ ਹੈ। ਉਸਨੂੰ ਤੀਰਥ ਯਾਤਰਾ ਦੀ ਵੀ ਲੋੜ ਨਹੀਂ ਪੈਂਦੀ। ਗੁਰਮਤਿ ਅਨੁਸਾਰ ਤੀਰਥ ਪ੍ਰਭੂ ਦਾ ਨਾਮ ਹੈ।[338] ਇਸ ਲਈ ਜਿਹੜੇ ਸਾਧਕ ਹਮੇਸ਼ਾ ਸਤਿਸੰਗਤਿ ਵਿਚ ਬਹਿਕੇ ਨਾਮ ਸਾਧਨਾ ਕਰਦੇ ਹਨ। ਉਨ੍ਹਾਂ ਨੂੰ ਤੀਰਥ ਦਾ ਫਲ ਪ੍ਰਭੂ ਦੇ ਨਾਮ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਕਬੀਰ ਜੀ ਹੈਰਾਨ ਹੋ ਕੇ ਆਪਣੇ ਆਪ ਨੂੰ ਹੀ ਪ੍ਰਸ਼ਨ ਕਰਦੇ ਹਨ ਕਿ ਮੈਂ ਉਦਾਸ ਹਾਂ ਕਿ ਕੀ ਤੀਰਥ ਵੱਡੇ ਹਨ ਜਾਂ ਰੱਬ ਦੇ ਦਾਸ ਵੱਡੇ ਹਨ ਜਿੰਨ੍ਹਾਂ ਕਰਕੇ ਤੀਰਥ ਹੋਂਦ ਵਿੱਚ ਆਏ।[339] ਇਸ ਲਈ ਗੁਰਬਾਣੀ ਅਜਿਹੇ ਭਗਤਾਂ ਦੀ ਧੂਰ ਦੀ ਲੋਚਾ ਕਰਦੀ ਹੈ। ਜੇ ਸਤਿਸੰਗਤ ਦੀ ਧੂੜੀ ਮੁਖ ਨਾਲ ਲੱਗ ਜਾਵੇ ਤਾਂ ਸਾਰੇ ਤੀਰਥਾਂ ਦੇ ਇਸ਼ਨਾਨ ਦੇ ਬਰਾਬਰ ਹੈ।[340] ਤੁਰੀਆ ਪਦ ਸਭ ਤੋਂ ਸ੍ਰੇਸ਼ਟ ਹੈ, ਉਸ ਦੀ ਪ੍ਰਾਪਤੀ ਵੀ ਸਤਿਸੰਗਤਿ ਵਿਚੋਂ ਹੁੰਦੀ ਹੈ।[341] ਉਹ ਔਗੁਣੀ ਬੰਦੇ ਜੋ ਪੱਥਰਾਂ ਵਾਂਗ ਭਾਰੇ ਹਨ ਉਹ ਵੀ ਸਤਿਸੰਗਤਿ ਵਿੱਚ ਮਿਲਕੇ ਤਰ ਜਾਂਦੇ ਹਨ।[342] ਲੋਹਾ ਭਾਰਾ ਹੁੰਦਾ ਹੈ। ਉਹ ਪਾਣੀ ਵਿਚ ਡੁੱਬ ਜਾਂਦਾ ਹੈ ਪਰ ਜੇਕਰ ਉਸਨੂੰ ਲੱਕੜ ਦੀ ਸੰਗਤ ਮਿਲ ਜਾਵੇ ਤਾਂ ਉਹ ਤਰ ਜਾਂਦਾ ਹੈ। ਇਕੱਲੇ ਭਜਨ ਕਰਨ ਨਾਲੋਂ ਸਤਿਸੰਗਤ ਵਿਚ ਕੀਤੇ ਭਜਨ ਨੂੰ ਵਧੇਰੇ ਵਡਿਆਈ ਦਿੱਤੀ ਗਈ ਹੈ।[343] ਗੁਰੂ ਰਾਮਦਾਸ ਜੀ ਸਤਿਸੰਗਤ ਦੀ ਮਹਾਨਤਾ ਦੱਸਦਿਆਂ ਕਹਿੰਦੇ ਹਨ ਇਸ ਸਤਿਸੰਗਤ ਦਾ ਹੀ ਪ੍ਰਤਾਪ ਹੈ ਕਿ ਕਬੀਰ ਵਰਗਾ ਜੁਲਾਹਾ ਵੀ ਤਰ ਗਿਆ ਹੈ[344]:

ਤਵਾਰੀਖ ਗੁਰੂ ਖਾਲਸਾ ਵਿਚ ਸੰਗਤ ਦੀ ਮਹਾਨਤਾ ਇੱਕ ਦ੍ਰਿਸ਼ਟਾਂਤ ਨਾਲ ਬਿਆਨ ਕੀਤੀ ਹੈ:

> ਦਾਣਾ ਘਾਸ ਖੁਲਾ ਕੇ ਗਊ ਚੋ ਲੈਣ ਵਾਗੂੰ ਸੰਤਾਂ ਦੀ ਸੇਵਾ ਸਤਸੰਗ ਕਰਕੇ ਵੀਚਾਰ ਰੂਪੀ ਦੁੱਧ ਲੱਭਦਾ ਹੈ, ਜਿਸ ਤੇ ਬ੍ਰਹਮ ਗਯਾਨ ਰੂਪੀ ਮੱਖਣ ਪ੍ਰਾਪਤ ਹੋ ਜਾਂਦਾ ਹੈ।..........ਤਾਂ ਤੇ ਸਤਿਸੰਗ ਜੈਸਾ ਸੁਖਦਾਈ ਤੇ ਕੁਸੰਗ ਜੈਸਾ ਦੁਖਦਾਈ ਹੋਰ ਕੋਈ ਨਹੀਂ ਇਸੇ ਵਾਸਤੇ ਵਿਸ਼ਈ ਪੁਰਸ਼ਾਂ ਦਾ ਮੇਲ ਵਿਸ਼ੇ ਭੋਗਣ ਨਾਲੋਂ ਮਹਾਤਮਾ ਨੇ ਬੁਰਾ ਲਿਖਿਆ ਹੈ, ਜੇਕਰ ਅਗਨੀ ਨਾਲੋਂ ਅਗਨੀ ਦਾ ਤਪਿਆ ਹੋਆ ਲਾਲ ਲੋਹਾ ਸੀਖਰ ਤੇ ਬੁਰੀ ਤਰਾਂ ਸਾੜਦਾ ਹੈ।.... ਇਹ ਉਪਦੇਸ਼ ਸੁਣ ਕੇ ਭਾਈ ਭਗਵਾਨੇ, ਭਗਤੇ, ਬੋਦਲੇ, ਕਟਾਰੂ, ਪ੍ਰਿਥੀਏ ਆਦਿਕ ਨੇ ਫਿਰ ਬੇਨਤੀ ਕੀਤੀ ਮਹਾਰਾਜ! ਇਹ ਜੋ ਕੁਛ ਆਪ ਨੇ ਫੁਰਮਾਇਆ ਹੈ ਸੋ ਕਰਦੇ ਭੀ ਹਾਂ ਪਰ ਮਨ ਪਵਿੱਤਰ ਨਿਰਬਿਕਾਰ ਨਹੀਂ ਹੋਯਿਆ ਗੁਰੂ ਜੀ ਨੇ ਉਤਰ ਦਿੱਤਾ, ਕਿਸੇ ਖੂਹ ਵਿਚ ਬਿੱਲੀ ਡਿੱਗ ਪਈ,

---

[336] *ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥* ਰਾਗ ਗਉੜੀ ਮ: ੫, 204.
[337] *ਕਰਿ ਕਿਰਪਾ ਮੇਲਹੁ ਸਤਸੰਗਤਿ ਤੁਟਿ ਗਈ ਮਾਇਆ ਜਮ ਜਾਲੀ॥ ਰਹਾਉ॥* ਰਾਗ ਭੈਰਉ ਮ: ੪, 1134.
[338] *ਤੀਰਥਿ ਨਾਵਣ ਜਾਉ ਤੀਰਥਿ ਨਾਮ ਹੈ॥* ਰਾਗ ਧਨਾਸਰੀ ਮ: ੧, 687.
[339] *ਕਹਿ ਕਬੀਰ ਹਉ ਭਇਆ ਉਦਾਸ॥ ਤੀਰਥੁ ਬਡਾ ਕਿ ਹਰਿ ਕਾ ਦਾਸੁ॥* ਰਾਗ ਗਉੜੀ, ਕਬੀਰ, 331.
[340] *ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ॥* ਰਾਗ ਸਾਰੰਗ ਮ: ੫, 1212.
[341] *ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥* ਰਾਗ ਮਲਾਰ ਮ: ੩, 1260.
[342] *ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ॥* ਰਾਗ ਕਾਨੜਾ ਮ: ੪, 1295.
[343] *ਸਤਸੰਗਤਿ ਮਿਲੁ ਭਜੁ ਰਾਮ ॥* ਰਾਗ ਕਾਨੜਾ ਮ: ੩, 1297.
[344] *ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ॥* ਰਾਗ ਕਾਨੜਾ ਮ: ੪, 1309.

ਪੁੱਛਣ ਗਏ ਪੰਡਿਤ ਨੂੰ, ਪੰਡਿਤ ਨੇ ਕਹਿਆ ਬਿੱਲੀ ਕੱਢ ਕੇ ਪੰਜਾਹ ਡੋਲ ਜਲ ਦੇ ਕੱਢ ਦਿਓ, ਉਹਨੂੰ ਬਿੱਲੀ ਕੱਢਣੀ ਯਾਦ ਨਾ ਰਹੀ, ਢੋਲ ਪਾਣੀ ਦੇ ਕੱਢ ਛੱਡੇ, ਪਰ ਬਦਬੋ ਨਾ ਗਈ। ਪੰਡਿਤ ਦੇ ਕਹੇ ਫੇਰ ਸੌ ਡੋਲ ਕੱਢਿਆ। ਇਸੇ ਤਰ੍ਹਾਂ ਫੇਰ ਪੰਜ ਸੌ ਡੋਲ ਕੱਢਿਆ ਪਰ ਬਦਬੋ ਫੇਰ ਨਾ ਗਈ। ਓੜਕ ਬਿੱਲੀ ਕੱਢੀ ਤਾਂ ਜਲ ਪਵਿੱਤਰ ਤੇ ਸਵਾਦ ਹੋਯਾ ਦੇ ਬਦਬੂ ਗਈ।[345]

ਭਾਈ ਬਿਧੀ ਚੰਦ ਨੇ ਤਿੰਨ ਵਰ ਗੁਰੂ ਜੀ ਤੋਂ ਮੰਗੇ ਸਨ- ਸਾਧੂ ਦਾ ਸੰਗ, ਨਾਮ ਦਾ ਰੰਗ ਅਤੇ ਨਿਸ਼ਚਾ ਅਭੰਗ।[346] ਸੰਗਤ ਵਿਚ ਆ ਕੇ ਸਾਧਕ ਦੇ ਮਨ ਵਿਚ ਚਾਅ ਪੈਦਾ ਹੁੰਦਾ ਹੈ। ਉਹ ਅੰਤਰ ਮਨ ਨਾਲ ਅਰਦਾਸ ਕਰਦਾ ਹੈ ਕਿ ਮੇਰੀ ਇੱਕ ਜੀਭ ਤੋਂ ਲੱਖ ਅਤੇ ਲੱਖਾਂ ਤੋਂ ਵੀਹ ਲੱਖ ਜੀਭਾਂ ਬਣ ਜਾਣ ਫੇਰ ਇੱਕ-ਇੱਕ ਜ਼ਬਾਨ ਨਾਲ ਲੱਖ-ਲੱਖ ਵਾਰੀ ਮਾਲਕ ਦਾ ਨਾਮ ਲਵਾਂ। ਪ੍ਰਭੂ ਦੇ ਸੱਚੇ ਨਾਮ ਨੂੰ ਟਿਕਾਣ ਲਈ ਭਾਂਡਾ ਵੀ ਸੁੱਚਾ ਚਾਹੀਦਾ ਹੈ। ਅਨੇਕ ਕਰਮ ਵੀ ਮਾਲਕ ਤੱਕ ਪਹੁੰਚਾਉਣ ਵਿੱਚ ਸਹਾਈ ਸਿੱਧ ਨਹੀਂ ਹੋਏ। ਗੁਰੂ ਸਾਹਿਬ ਨੇ ਇੱਕ ਰਸਤਾ ਦੱਸਿਆ ਹੈ ਕਿ ਮਾਲਕ ਤੋਂ ਅਜਿਹੀ ਬੁੱਧੀ ਮੰਗੀ ਜਾਵੇ ਜਿਸ ਨਾਲ ਪ੍ਰਭੂ ਪ੍ਰਾਪਤੀ ਹੋਵੇ। ਐਸੀ ਬੁੱਧੀ ਦਿਓ ਜਿਸ ਨਾਲ ਤੁਹਾਡੇ ਨਾਲ ਪ੍ਰੀਤੀ ਪਵੇ। ਇਸ ਬੁੱਧੀ ਦੀ ਪ੍ਰਾਪਤੀ ਸਤਿਸੰਗਤ ਵਿੱਚੋਂ ਹੁੰਦੀ ਹੈ।

**ਨਾਮ ਸਾਧਨਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਸਾਧਨਾ ਦੀ ਬੇਅੰਤ ਵਡਿਆਈ ਕੀਤੀ ਹੈ। ਨਾਮ ਨੂੰ ਮਨ ਵਿਚ ਟਿਕਾਣ ਲਈ ਸਾਧਨਾ ਕੀਤੀ ਜਾਂਦੀ ਹੈ। ਨਾਮ ਬਿਨਾਂ ਇਹ ਸਰੀਰ ਹਨੇਰਾ ਹੈ। ਨਾਮ ਬਿਨਾਂ ਸਰੀਰ ਇਉਂ ਸੁੱਕ ਜਾਂਦਾ ਹੈ ਜਿਵੇਂ ਬਾਰਿਸ਼ ਬਿਨਾਂ ਬਨਸਪਤੀ ਸੁੱਕ ਜਾਂਦੀ ਹੈ। ਨਾਮ ਨੇ ਮਨ ਵਿਚ ਵਾਸਾ ਕਰਕੇ ਮਨ ਨੂੰ ਸ਼ਾਂਤ ਕਰਨਾ ਹੈ। ਵਾਰ-ਵਾਰ ਸਿਮਰਨ ਨਾਲ ਇਹ ਮਨ ਵਸ ਵਿਚ ਆ ਜਾਂਦਾ ਹੈ। ਸਿਮਰਨ ਰੱਬੀ ਯਾਦ ਹੈ। ਰੱਬ ਤੱਕ ਆਪਣੀ ਗੱਲ ਪਹੁੰਚਾਉਣ ਦਾ ਉਤਮ ਸਾਧਨ ਨਾਮ ਸਿਮਰਨ ਹੈ। ਅਨੇਕ ਪਿਆਰਿਆਂ ਨੇ ਪ੍ਰਭੂ ਨੂੰ ਪਿਆਰ ਵਿਚ ਆ ਕੇ ਯਾਦ ਕੀਤਾ ਤਾਂ ਪ੍ਰਭੂ ਨੇ ਉਨ੍ਹਾਂ ਦੀ ਭਾਵਨਾ ਪੂਰੀ ਕੀਤੀ। ਦੁਖ ਉਦੋਂ ਲੱਗਦੇ ਹਨ ਜਦੋਂ ਜੀਵ ਰੱਬ ਨੂੰ ਭੁੱਲ ਜਾਂਦਾ ਹੈ।[347] ਗੁਰਮਤਿ ਸਾਧਨਾ ਦਾ ਮੰਤਵ ਨਾਮ ਸਾਧਨਾ ਰਾਹੀਂ ਮਨ ਨੂੰ ਟਿਕਾਣਾ ਹੈ। ਨਾਮ ਮਨ ਵਿਚ ਵਸਣ ਤੋਂ ਬਗੈਰ ਮਨ ਟਿਕ ਹੀ ਨਹੀਂ ਸਕਦਾ। ਨਾਮ ਬਿਹੂਨ ਜੀਵਨ ਕੋਈ ਜੀਵਨ ਨਹੀਂ ਹੈ। ਨਾਮ ਨਾ ਜਪਣ ਵਾਲੇ ਦੇ ਮੁਖ ਚੋਂ ਬਦਬੋਅ ਆਉਂਦੀ ਹੈ। ਨਾਮ ਬਿਨਾਂ ਖਾਣਾ, ਪੀਣਾ, ਪਹਿਨਣਾ, ਵਿਵਹਾਰ ਸਭ ਨਿਰਾਰਥਕ ਹਨ। ਨਾਮ ਹੈ- ਨਾਮੀ ਪ੍ਰੀਤਮ ਨਾਲ ਲਗਾਤਾਰ ਲਗਾਉ, ਸਨਬੰਧ ਜਿਵੇਂ ਹੋਵੇ ਕਿਸੇ ਸਰੋਵਰ ਦਾ ਕਿਸੇ ਚਸ਼ਮ ਨਾਲ ਸਬੰਧ।[348] ਗੁਰੂ ਤੇਗ ਬਹਾਦਰ ਸਾਹਿਬ ਦੱਸਦੇ ਹਨ ਕਿ ਰੱਬ ਦਾ ਸਿਮਰਨ ਕਰਕੇ ਗਨਿਕਾ ਦਾ, ਧ੍ਰੂ ਦਾ, ਕੁੰਚਰ ਦਾ, ਅਜਾਮਲ ਪਾਪੀ ਦਾ ਉਧਾਰ ਹੋਇਆ। ਤੂੰ ਵੀ ਉਸਦੀ ਸ਼ਰਣ ਵਿਚ ਜਾ। ਨਾਮ ਦੀ ਕੀਮਤ ਨਹੀਂ ਹੈ। ਨਾਮ ਜਪਣਾ ਪ੍ਰਭੂ ਸ਼ਰਣ ਵਿਚ ਜਾਣ ਬਰਾਬਰ

---

[345] ਗਿਆਨ ਸਿੰਘ ਗਿਆਨੀ, *ਤਵਾਰੀਖ ਗੁਰੂ ਖਾਲਸਾ*, ਭਾਗ ਪਹਿਲਾ, ਪੰਨੇ-356-57.
[346] *ਉਹੀ*, ਪੰਨਾ-445.
[347] *ਦੁਖੁ ਤਦੇ ਜਾ ਵਿਸਰਿ ਜਾਵੈ॥* ਰਾਮ ਮਾਝ ਮ: ੫, 98.
[348] ਵੀਰ ਸਿੰਘ ਭਾਈ, *ਨਾਮ ਰਸ*, *ਉਹੀ ਰਚਨਾ*, ਪੰਨਾ-21.

ਹੈ।[349] ਨਾਮ ਵਿਚ ਬੜੀ ਤਾਕਤ ਹੈ। ਇਕ ਦੁਨਿਆਵੀ ਮਿਸਾਲ ਹੈ ਕਿ ਸਾਡੇ ਪਿਤਾ ਦੀ ਮੌਤ ਤੋਂ ਬਾਅਦ ਪਿਤਾ ਦੀ ਜਾਇਦਾਦ ਸਾਡੇ ਨਾਮ ਤਾਂ ਲੱਗੀ ਜਦੋਂ ਕਾਗਜ਼ਾਂ ਵਿਚ ਸਾਡੇ ਪਿਤਾ ਦਾ ਨਾਮ ਸੀ। ਮਰਿਆ ਹੋਇਆਂ ਦੇ ਨਾਮ ਵਿਚ ਏਨੀ ਤਾਕਤ ਹੈ। ਉਹ ਵਾਹਿਗੁਰੂ ਤਾਂ ਹਾਜ਼ਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੇਕਰ ਕਿਸੇ ਨੂੰ ਮੁਸ਼ਕਿਲ ਹੋਵੇ, ਕੋਈ ਦੁਸ਼ਮਣ ਹੋਵੇ, ਸਾਕ ਸਬੰਧੀ ਸਾਥ ਛੱਡ ਜਾਣ, ਕੋਈ ਸਹਾਰਾ ਨਾ ਰਹੇ। ਜੇਕਰ ਉਹ ਵਿਅਕਤੀ ਰੱਬ ਨੂੰ ਯਾਦ ਕਰੇ ਤਾਂ ਉਹ ਸਾਰੀਆਂ ਮੁਸ਼ਕਿਲਾਂ ਤੋਂ ਉਬਰ ਸਕਦਾ ਹੈ। ਜੇਕਰ ਕੋਈ ਕਮਜ਼ੋਰ ਹੋਵੇ, ਭੁੱਖ ਅਤੇ ਗਰੀਬੀ ਦਾ ਦਰਦ ਹੋਵੇ, ਪੈਸਾ ਕੋਲ ਨਾ ਹੋਵੇ, ਕੋਈ ਧੀਰਜ ਦੇਣ ਵਾਲਾ ਨਾ ਹੋਵੇ। ਜੇਕਰ ਰੱਬ ਨੂੰ ਯਾਦ ਕਰੇ ਤਾਂ ਇਹ ਰੋਗ ਦੂਰ ਹੋ ਸਕਦੇ ਹਨ।[350] ਧ੍ਰੂ ਨੇ ਮਾਂ ਨੂੰ ਪੁੱਛਿਆ ਸੀ ਕਿ ਮਾਤਾ, ਮੈਂ ਕੀ ਕਰਾਂ ਜਿਸ ਨਾਲ ਵੈਰੀ ਮਿੱਤਰ ਬਣ ਜਾਣ ਅਤੇ ਰਾਜ ਮਿਲੇ ਤਾਂ ਮਾਤਾ ਨੇ ਕਿਹਾ ਸੀ ਕਿ ਤੂੰ ਪ੍ਰਭ ਨੂੰ ਯਾਦ ਕਰ।[351] ਅਸੀਂ ਉਸਦਾ ਨਾਮ ਲੈਂਦੇ ਹਾਂ ਜੋ ਸਾਡੇ ਨੇੜ੍ਹੇ ਅਤੇ ਸਾਨੂੰ ਪਿਆਰਾ ਹੁੰਦਾ ਹੈ। ਨਾਮ ਸਾਧਨਾ ਰੱਬ ਨਾਲ ਪਿਆਰ ਪਾਉਣ ਦਾ ਅਤੇ ਉਸਦੇ ਨੇੜ੍ਹੇ ਹੋਣ ਦਾ ਵਧੀਆ ਤਰੀਕਾ ਹੈ, "ਮਨ ਦੀ ਸਾਧਨਾ ਲਈ ਅਰ ਇਸ ਮਾਰਗ ਉਤੇ ਉਨਤੀ ਲਈ ਸਤਿਗੁਰਾਂ ਨੇ ਇਕੋ ਇਕ ਤਰੀਕਾ 'ਨਾਮ' ਦਾ ਦ੍ਰਿੜਾਇਆ ਹੈ। ਹੋਰ ਸਭ ਪਰਚਲਤ ਤਰੀਕੇ ਲਾਂਭੇ ਕਰ ਦਿੱਤੇ ਅਤੇ ਰਦ ਕਰ ਦਿੱਤੇ। ਇਹ ਇਕ ਸੁਹਜ ਸੁਆਦ ਦਾ ਚਾਉ ਭਰਿਆ ਮਾਰਗ ਹੈ ਜੋ ਸਾਨੂੰ ਸਥੂਲ ਤੋਂ ਸੂਖਮ, ਸਰਗੁਣ ਤੋਂ ਨਿਰਗੁਣ ਵਲ ਪਹੁੰਚਾ ਦਿੰਦਾ ਹੈ।"[352] ਗੁਰੂ ਸਾਹਿਬ ਦੱਸਦੇ ਹਨ ਕਿ ਸਤਯੁਗ ਵਿਚ ਸਤ, ਤ੍ਰੇਤੇ ਵਿਚ ਯੱਗ, ਦੁਆਪਰ ਵਿਚ ਪੂਜਾ ਪ੍ਰਧਾਨ ਸੀ ਪਰ ਕਲਯੁਗ ਵਿਚ ਨਾਮ ਸਿਮਰਨ ਪ੍ਰਧਾਨ ਹੈ।[353] ਨਾਮ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ।[354] ਨਾਮ ਰੱਬ ਦੀ ਸ਼ਕਤੀ ਹੈ। ਸਿਮਰਨ ਰੱਬ ਦੇ ਨਾਮ ਦਾ ਵੀ ਹੁੰਦਾ ਹੈ ਅਤੇ ਉਸਦੇ ਗੁਣਾਂ ਦਾ ਵੀ ਹੁੰਦਾ ਹੈ। ਨਾਮ ਸਾਧਨਾ ਤੋਤਾ ਰਟਨ, ਘੰਟਿਆਂ ਬੱਧੀ ਸਮਾਧੀਆਂ ਲਾਉਣ ਦਾ ਨਾਮ ਨਹੀਂ ਹੈ। ਅਸੀਂ ਜਿਸ ਵਸਤੂ, ਵਿਅਕਤੀ ਨਾਲ ਪਿਆਰ ਕਰਦੇ ਹਾਂ। ਉਸਦੀ ਯਾਦ ਆਪ ਮੁਹਾਰੇ ਹੀ ਸਾਨੂੰ ਆਉਣ ਲੱਗਦੀ ਹੈ। ਨਾਮ ਯਾਦ ਹੈ। ਮਾਂ ਦਾ ਬੱਚੇ ਨਾਲ ਪਿਆਰ ਆਪ ਮੁਹਾਰੇ ਹੁੰਦਾ ਹੈ। ਇਸ ਪਿਆਰ ਲਈ ਉਸਨੂੰ ਹੱਥ ਵਿਚ ਕੋਈ ਮਾਲਾ ਨਹੀਂ ਫੜਨੀ ਪੈਂਦੀ। ਕੋਈ ਵੱਖਰਾ ਸਥਾਨ, ਕੋਈ ਵੱਖਰਾ ਮਾਧਿਅਮ ਨਹੀਂ ਚੁਣਨਾ ਪੈਂਦਾ। ਸੰਸਾਰ-ਸਮੁੰਦਰ ਤੋਂ ਅਛੋਹ ਰਹਿਣ ਲਈ ਲੋਹਾਰੀਪਾ ਜੋਗੀ ਨੇ ਜੋਗ ਮਤ ਦੀ ਵਿਧੀ

---

349 *ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥ ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥ ਰਹਾਉ॥ ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥ ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥ ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥ ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥* ਰਾਗ ਸੋਰਠ, ਮ: ੯, 632.

350 *ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮ ਲਗੈ ਨ ਤਤੀ ਵਾਉ॥ ਸਾਹਿਬ ਨਿਤਾਣਿਆ ਕਾ ਤਾਣੁ॥ ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥ ਰਹਾਉ॥ ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥* ਦਮੜਾ ਪਲੈ ਨਾ ਪਵੈ ਨਾ ਕੋ ਦੇਵੈ *ਧੀਰ॥ ਸੁਆਰਥ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥ ਚਿਤਿ ਆਵੈ ਓਸੁ ਪਾਰਬ੍ਰਹਮ ਤਾ ਨਿਹਚਲੁ ਹੋਵੈ ਰਾਜੁ॥* ਰਾਗ ਸਿਰੀਰਾਗ ਮ: ੫, 70.

351 *ਪਰਮੇਸਰ ਅਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ 11/1.

352 ਅਰਦਮਨ ਸਿੰਘ ਬਾਗੜੀਆ, "ਸ਼ਬਦ ਕੀਰਤਨ ਮਰਿਆਦਾ", *ਨਾਨਕ ਪ੍ਰਕਾਸ਼ ਪੱਤ੍ਰਿਕਾ,* ਤਾਰਨ ਸਿੰਘ (ਸੰਪਾ.), ਪੰਨਾ-217.

353 *ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥* ਰਾਗ ਗਉੜੀ ਬੈਰਾਗਨਿ, ਰਵਿਦਾਸ, 346.

354 *ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥* ਰਾਗ ਸੂਹੀ, ਮ: ੩ 753.

ਇਉਂ ਦੱਸੀ- ਦੁਨੀਆ ਦੇ ਧੰਧਿਆਂ ਤੋਂ ਵੱਖਰੇ ਰਹਿਣਾ। ਘਰ ਬਾਰ ਛੱਡ ਕੇ ਰੁੱਖਾਂ ਹੇਠ ਟਿਕਾਣਾ ਕਰਨਾ। ਕੰਦ ਮੂਲ ਖਾ ਕੇ ਗੁਜ਼ਾਰਾ ਕਰਨਾ ਅਤੇ ਤੀਰਥਾਂ ਦਾ ਇਸ਼ਨਾਨ ਕਰਨਾ। ਇਸ ਤਰ੍ਹਾਂ ਮਨ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ ਤੇ ਮਨ ਸੁਖੀ ਰਹਿੰਦਾ ਹੈ। ਇਸਦੇ ਸਨਮੁਖ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉੱਤਰ ਸੀ ਜੋ ਮਨੁੱਖ ਸਤਿਗੁਰ ਦੀ ਮੱਤ ਲੈ ਕੇ ਪ੍ਰਭੂ ਦਾ ਨਾਮ ਸਿਮਰਦਾ ਹੈ। ਉਹ ਘਰ ਬਾਰੀ ਹੁੰਦਾ ਹੋਇਆ ਵੀ ਧੰਧਿਆਂ ਵਿਚ ਖੱਚਤ ਨਹੀਂ ਹੁੰਦਾ। ਉਸ ਦਾ ਮਨ ਅਡੋਲ ਰਹਿੰਦਾ ਹੈ, ਕੋਈ ਸੰਸਾਰਕ ਚਸਕੇ ਉਸ ਨੂੰ ਪੋਹ ਨਹੀਂ ਸਕਦੇ।[355] ਹਾਥੀ ਦੀ ਪੈੜ ਵਿਚ ਸਾਰੀਆਂ ਪੈੜਾਂ ਆ ਜਾਂਦੀਆਂ ਹਨ ਇਵੇਂ ਵਾਹਿਗੁਰੂ ਦੇ ਨਾਮ ਵਿੱਚ ਸਾਰੀਆਂ ਤਾਕਤਾਂ, ਬਰਕਤਾਂ ਹਨ। ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਨੂੰ ਇੱਕ ਜਗਿਆਸੂ ਨੇ ਪੁੱਛਿਆ ਸੀ ਕਿ ਬਾਬਾ ਜੀ ਰੱਬ ਨੂੰ ਮਿਲਣ ਦਾ ਕੀ ਰਸਤਾ ਹੈ? ਸੰਤਾਂ ਨੇ ਉਸਨੂੰ ਹੀ ਸੁਆਲ ਕਰ ਦਿੱਤਾ ਕਿ ਤੂੰ ਸੌ ਕੰਮ ਕਰਨਾ ਚਾਹੁੰਦਾ ਹੈ ਜਾਂ ਇੱਕ ਕੰਮ? ਉਸਦਾ ਜੁਆਬ- ਜੀ ਇੱਕ ਕੰਮ। ਬਸ ਫੇਰ ਇੱਕ ਕੰਮ ਤਾਂ ਪ੍ਰਭੂ ਦਾ ਸਿਮਰਨ ਹੈ। ਕਬੀਰ ਜੀ ਵੀ ਇਸ ਕਥਨ ਉਤੇ ਮੁਹਰ ਲਾਉਂਦੇ ਹੋਏ ਕਹਿੰਦੇ ਹਨ ਕਿ ਹੇ ਜੀਵ ਕੇਵਲ ਨਾਮ ਜਪ ਅਤੇ ਇੱਕ ਰੱਬ ਦੀ ਸ਼ਰਣ ਵਿਚ ਪੈ।[356] ਜਦੋਂ ਪ੍ਰਾਣੀ ਇਹ ਇੱਕ ਕੰਮ ਦ੍ਰਿੜਤਾ ਨਾਲ ਕਰਦਾ ਹੈ ਤਾਂ ਬਾਕੀ ਸਾਰੇ ਕੰਮ ਆਪਣੇ ਆਪ ਬਣ ਆਉਂਦੇ ਹਨ। ਸ਼ੇਰ ਸਿੰਘ ਲਿਖਦੇ ਹਨ, "ਜਦੋਂ ਮਨੁੱਖ ਦਾ ਅੰਦਰਲਾ ਬ੍ਰਹਮੰਡ ਅੰਦਰਲੇ ਨਾਲ ਇਕਸੁਰ ਹੋ ਜਾਂਦਾ ਹੈ ਤੇ ਇਹ ਇਕਸੁਰਤਾ ਤੋੜਿਆ ਟੁੱਟਦੀ ਨਹੀਂ ਛੋੜਿਆ ਛੁੱਟਦੀ ਨਹੀਂ ਤਾਂ ਇਸ ਇਕ ਰਸ ਅਵਸਥਾ ਨੂੰ ਲਿਵ ਕਹਿੰਦੇ ਹਨ।"[357] ਗੁਰੂ ਅਮਰਦਾਸ ਜੀ ਨੇ ਲਿਵ ਬਿਨਾਂ ਦੇਹ ਨੂੰ ਨਿਮਾਣੀ ਦੱਸਿਆ ਹੈ।[358] ਇਹ ਲਿਵ ਮਨੁੱਖ ਦੇ ਜਨਮ ਸਮੇਂ ਛੁੱਟ ਜਾਂਦੀ ਹੈ, ਮਾਇਆ ਆ ਘੇਰਦੀ ਹੈ। ਗੁਰੂ ਦੀ ਕਿਰਪਾ ਨਾਲ ਇਹ ਲਿਵ ਜੁੜਦੀ ਹੈ ਅਤੇ ਫੇਰ ਮਾਇਆ ਵੀ ਕੁਝ ਨਹੀਂ ਕਹਿ ਸਕਦੀ।[359] ਨਾਮ ਸਾਧਨਾ ਟੁੱਟੀ ਲਿਵ ਨੂੰ ਜੋੜਦੀ ਹੈ। ਜਦੋਂ ਲਿਵ ਦੀ ਪ੍ਰਾਪਤੀ ਹੁੰਦੀ ਹੈ ਤਾਂ ਸਾਧਕ ਸੁੱਤਾ ਪਿਆ ਵੀ ਨਾਮ ਜਪਦਾ ਹੈ। ਕਬੀਰ ਜੀ ਕਹਿੰਦੇ ਹਨ ਕਿ ਜੋ ਸਾਧਕ ਸੁਪਨੇ ਵਿਚ ਬੁੜਬੁੜਾ ਕੇ ਮੁਖ ਤੋਂ ਰਾਮ ਕਹਿੰਦੇ ਹਨ, ਮੈਂ ਆਪਣੇ ਤਨ ਦੇ ਚੰਮ ਨਾਲ ਉਨ੍ਹਾਂ ਦੇ ਪੈਰਾਂ ਦੀ ਜੁੱਤੀ ਬਣਾ ਕੇ ਦੇਵਾਂ।[360] ਨਾਮ ਸਿਮਰਨ ਸਾਧਕ ਵਿਚ ਜਾਗਰੂਕਤਾ ਲਿਆਉਂਦਾ ਹੈ। ਉਸਦਾ ਹਿਰਦਾ ਕੋਮਲ ਹੁੰਦਾ ਹੈ। ਹੌਲੀ-ਹੌਲੀ ਨਾਮ ਮਨ ਵਿਚ ਜਗ੍ਹਾਂ ਬਣਾ ਲੈਂਦਾ ਹੈ, "ਸਿਮਰਨ ਕਰਨਾ ਮਨ ਨੂੰ ਇਕ ਤੁਲਨਾ ਤੇ ਲਿਆਉਂਦਾ, ਜਨਮ ਮਰਨ ਦੀ ਆਵਾਜਾਈ ਕੱਟਣ ਵਾਸਤੇ ਹੈ। ਇਸ ਪਾਸੇ ਲੱਗਿਆਂ ਕਦੇ ਮਾੜੇ ਕਰਮਾਂ ਦੇ ਗੇੜ ਤੇ ਕਦੇ ਚੰਗਿਆਂ ਦੇ ਗੇੜ ਉਖੇੜਦੇ ਹਨ। ਨਾਮੀ ਪੁਰਸ਼ ਨੂੰ ਇਹ ਕਸੌਟੀ ਸਮਝਕੇ ਨਾਮ ਨੂੰ ਲਗੇ

---

355 *ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੇ ਗਿਆਨੇ॥ ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੇ ਕਾਈ॥ ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥ ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ॥ ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥ ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥ ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥* ਰਾਗ ਰਾਮਕਲੀ ਮ: ੧, 939.

356 *ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ॥* ਰਾਗ ਧਨਾਸਰੀ, ਕਬੀਰ ਜੀ, 692.

357 ਸ਼ੇਰ ਸਿੰਘ, *ਉਹੀ,* ਪੰਨਾ 429.

358 *ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥* ਰਾਗ ਰਾਮਕਲੀ ਮ:੩, 917.

359 *ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰ ਵਰਤਾਇਆ॥* ਰਾਗ ਰਾਮਕਲੀ ਮ: ੩, 921.

360 *ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥ ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥* ਸਲੋਕ, ਕਬੀਰ, 1367.

ਰਹਿਣਾ ਚਾਹੀਦਾ ਹੈ, ਤੇ ਮੁੱਖਤਾ ਇਸ ਨੂੰ ਦੇਣੀ ਚਾਹੀਏ। ਬਾਕੀ ਸੰਸਾਰ ਯਾਤਰਾ ਵਿਚ ਸਾਨੂੰ ਕਰਮਾਂ ਦੀ ਗਤੀ ਦਾ ਪਤਾ ਨਹੀਂ, ਇਸ ਕਰਕੇ ਅਸਾਂ ਆਪਣੇ ਯਤਨ ਕਰਦੇ ਰਹਿਣੇ ਹਨ। ਜੇ ਸਿਰੇ ਚੜ੍ਹ ਗਏ ਵਾਹ ਵਾਹ! ਜੇ ਨਾ ਚੜ੍ਹੇ, ਵਾਹ ਵਾਹ! ਗੁਰੂ ਜੀ ਦਾ ਭਾਵ ਉੱਚ ਸੁਰਤੇ ਰਹਿਣ ਤੋਂ ਹੈ।"[361] ਬਾਬਾ ਫ਼ਰੀਦ ਜੀ ਨੇ ਰੱਬ ਦੇ ਨਾਮ ਨੂੰ ਸ਼ੱਕਰ, ਖੰਡ, ਸ਼ਹਿਦ, ਗੁੜ ਅਤੇ ਦੁੱਧ ਤੋਂ ਵੀ ਮਿੱਠਾ ਕਿਹਾ ਹੈ।[362] ਰੱਬ ਬਿਨਾਂ ਭਗਤਾਂ ਨੂੰ ਕੁਝ ਮਿੱਠਾ ਨਹੀਂ ਲੱਗਦਾ।[363] ਨਾਮ ਤੋਂ ਹੀਣੇ ਵਿਅਕਤੀ ਦਾ ਜੀਵਨ ਧ੍ਰਿਕਾਰਯੋਗ ਹੈ। ਉਸ ਨਾਲੋਂ ਪਸ਼ੂ ਚੰਗੇ ਹਨ ਜੋ ਘਾਹ ਫੂਸ ਖਾ ਕੇ ਅੰਮ੍ਰਿਤ ਰੂਪੀ ਦੁੱਧ ਦਿੰਦੇ ਹਨ।[364] ਨਾਮ ਨੂੰ ਖ਼ੂਬ ਕਹਿ ਕੇ ਵਡਿਆਇਆ ਹੈ ਅਤੇ ਦੁਨੀਆ ਦੇ ਗੁਮਾਨ ਨੂੰ ਝੂਠ ਕਿਹਾ ਹੈ।[365] ਨਾਮ ਜਪਣ ਦੀ ਤੀਬਰ ਇੱਛਾ ਬਾਰੇ ਗਿਆਨੀ ਹਰਬੰਸ ਸਿੰਘ ਲਿਖਦੇ ਹਨ:

> ਇਥੋਂ ਤੱਕ ਕਿ ਆਪ ਹੀ ਵਾਹਿਗੁਰੂ ਦੀ ਯਾਦ ਵਿਚ ਗੁੰਮ ਹੋ ਜਾਵੇ, ਹੋਰ ਸਭ ਕੁਝ ਭੁੱਲ ਜਾਵੇ, ਹਰ ਥਾਂਈਂ ਇਕੋ ਸਾਂਈਂ ਹੀ ਨਜ਼ਰੀ ਪਵੇ ਜਿਵੇਂ ਹੀਰ ਨੂੰ ਰਾਂਝੇ ਤੋਂ ਬਿਨਾ ਅਤੇ ਮਜਨੂੰ ਨੂੰ ਲੈਲਾ ਤੋਂ ਬਿਨਾ ਹੋਰ ਕੁਝ ਨਹੀਂ ਸੀ ਦਿਸਦਾ। ਪ੍ਰੇਮ ਦਾ ਪ੍ਰਵਾਹ ਯਾਦ ਨਾਲ ਚਲਦਾ ਹੈ। ਇਸ ਲਈ ਰਸਨਾ ਨਿਰੰਤਰ ਨਾਮ ਸਿਮਰਨ ਵਿਚ ਲਗੀ ਰਹੇ, ਬੁੱਲ ਫਰਕਦੇ ਹੀ ਰਹਿਣ ਪਰ ਇਸ ਸਭ ਕੁਝ ਕਾਮਨਾ ਰਹਿਤ ਹੋ ਜਾਵੇ।[366]

ਗੁਰਬਾਣੀ ਨੇ ਮਨ ਤੋਂ ਅਰਾਧਨਾ ਕਰਨ ਵਾਲੇ ਨੂੰ ਹੀ ਭਗਤ, ਜਨ, ਬ੍ਰਹਮਗਿਆਨੀ, ਸੇਵਕ, ਗੁਰਮੁਖ, ਜੀਵਨ ਮੁਕਤ ਆਦਿਕ ਸ਼ਬਦਾਂ ਨਾਲ ਸਲਾਹਿਆ ਹੈ। ਮਨੁੱਖ ਉਲਝਣਾਂ ਵਿਚ ਪੈ ਕੇ ਆਪਣੇ ਜੀਵਨ ਦੇ ਮਕਸਦ ਨੂੰ ਹੀ ਉਲਝਾ ਲੈਂਦਾ ਹੈ।

ਮਨੁੱਖ ਜਪ, ਤਪ ਅਤੇ ਇਸ਼ਨਾਨਾਂ ਦੇ ਚੱਕਰਾਂ ਵਿੱਚ ਪਿਆ ਹੈ। ਨਾਮ ਸਾਧਕ ਲਈ ਨਾਮ ਹੀ ਅਠਾਹਠ ਤੀਰਥ ਬਣ ਜਾਂਦਾ ਹੈ, ਉਹ ਆਪ ਹੀ ਇਸ਼ਨਾਨ ਕਰਦਾ ਹੈ। ਉਹ ਆਪ ਹੀ ਸੰਜਮ ਰੱਖਦਾ ਹੈ ਅਤੇ ਆਪ ਹੀ ਨਾਮ ਜਪਾਉਂਦਾ ਹੈ।[367] ਅਜਿਹਾ ਸਾਧਕ ਸੌਂਦੇ, ਜਾਗਦੇ, ਉੱਠਦੇ, ਬੈਠਦੇ ਕੇਵਲ ਨਾਮ ਵਿਚ ਰੰਗਿਆ ਰਹਿੰਦਾ ਹੈ।[368] ਪਹਿਲਾ ਉਸ ਕੋਲ ਇੱਕ ਜ਼ਬਾਨ ਸੀ ਪਰ ਨਾਮ ਸਾਧਨਾ ਕਰਦਿਆਂ-ਕਰਦਿਆਂ ਇਹ ਅਵਸਥਾ ਆ ਜਾਂਦੀ ਹੈ ਕਿ ਸਾਧਕ ਆਖਦਾ ਹੈ ਕਿ ਤੇਰੇ ਗੁਣ ਬਹੁਤੇ ਹਨ।[369] ਮੇਰੀ ਇਕ ਜ਼ਬਾਨ ਇਨ੍ਹਾਂ ਗੁਣਾਂ ਨੂੰ ਬਿਆਨ ਨਹੀਂ ਕਰ ਸਕਾਦੀ। ਹੌਲੀ-ਹੌਲੀ ਸਾਧਕ ਦਾ ਰੋਮ-ਰੋਮ ਵੀ ਰੱਬ ਦਾ ਨਾਮ ਜਪਣ

---

[361] ਵੀਰ ਸਿੰਘ ਭਾਈ, *ਨਾਮ ਰਸ,* ਉਹੀ ਰਚਨਾ, ਪੰਨਾ-20.

[362] *ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥* ਸਲੋਕ, ਸੇਖ ਫਰੀਦ, 1379.

[363] *ਹਰਿ ਬਿਨ ਕਛੂ ਨ ਲਾਗਈ ਭਗਤਨ ਕੌ ਮੀਠਾ॥* ਰਾਗ ਜੈਤਸਰੀ ਮ: ੫, 708.

[364] *ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤ ਦੇਹਿ॥* ਰਾਗ ਗੂਜਰੀ ਮ: ੧, 489.

[365] *ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥* ਰਾਗ ਭੈਰਉ ਮ: ੫, 1138.

[366] ਹਰਬੰਸ ਸਿੰਘ ਗਿਆਨੀ, *ਗੁਰਮਤਿ ਭਗਤੀ, ਉਹੀ ਰਚਨਾ,* ਪੰਨਾ-5.

[367] *ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥ ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ॥* ਰਾਗ ਗੂਜਰੀ, ਤ੍ਰਿਲੋਚਨ, 526.

[368] *ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥* ਰਾਗ ਬਿਲਾਵਲ, ਮ:੫, 820.

[369] *ਜਿਹਵਾ ਏਕ ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥ ਰਹਾਉ॥* ਰਾਗ ਧਨਾਸਰੀ, ਮ: ੫, 674.

ਲੱਗ ਪੈਂਦਾ ਹੈ।[370] ਇਸ ਕਰਕੇ ਹੀ ਗੁਰੂ ਸਾਹਿਬ ਨੇ ਰੋਮਾਂ ਦੇ ਕਤਲ ਕਰਨ ਤੋਂ ਸਖ਼ਤੀ ਨਾਲ ਵਰਜਿਆ ਹੈ ਕਿਉਂਕਿ ਇਨ੍ਹਾਂ ਰੋਮਾਂ ਨੇ ਜ਼ਬਾਨਾਂ ਬਣ ਜਾਣਾ ਹੈ। ਦੁਨਿਆਵੀਂ ਧੰਦੇ ਕਰਦਿਆਂ ਵੀ ਨਾਮ ਸਾਧਨਾ ਜਾਰੀ ਰਹਿੰਦੀ ਹੈ। ਸਾਧਕ ਪਲ ਲਈ ਵੀ ਮਾਲਕ ਤੋਂ ਦੂਰ ਨਹੀਂ ਹੁੰਦਾ। ਕਬੀਰ ਜੀ ਦੱਸਦੇ ਹਨ ਕਿ ਮੇਰੀ ਜ਼ਬਾਨ ਹੀ ਮਾਲਾ ਬਣ ਗਈ ਹੈ।[371] ਕਬੀਰ ਜੀ ਦੀ ਮਾਤਾ ਨੇ ਕਬੀਰ ਜੀ ਨੂੰ ਕਿਹਾ ਸੀ ਕਿ ਦੇਖ ਕਬੀਰ ਕੋਈ ਕਾਂਸੀ ਦਾ, ਕੋਈ ਤਾਂਬੇ ਦਾ, ਕਿਸੇ ਨੇ ਲੌਂਗ ਸੁਪਾਰੀ ਵੇਚਣ ਦਾ ਕੰਮ ਕੀਤਾ ਹੈ। ਤੂੰ ਵੀ ਕੋਈ ਕਾਰੋਬਾਰ ਕਰ। ਕਬੀਰ ਜੀ ਨੇ ਕਿਹਾ ਕਿ ਹਾਂ ਮਾਤਾ, ਮੈਂ ਨਾਮ ਦਾ ਵਾਪਾਰ ਕੀਤਾ ਹੈ।[372] ਪ੍ਰੇਮ ਅਤੇ ਵਿਸ਼ਵਾਸ ਸਹਿਤ ਜਪੇ ਨਾਮ ਦੀ ਅਹਿਮੀਅਤ ਹੈ। ਇਸ ਕਰਕੇ ਹੀ ਕਈ ਸਾਧਕ ਸਾਲਾਂ ਬੱਧੀ ਨਾਮ ਸਾਧਨਾ ਤੋਂ ਬਾਅਦ ਵੀ ਕੋਰੇ ਰਹਿ ਜਾਂਦੇ ਹਨ ਅਤੇ ਕਈ ਸਾਧਕ ਕੁਝ ਸਮੇਂ ਵਿਚ ਹੀ ਰੂਹਾਨੀਅਤ ਦੀਆਂ ਮੰਜ਼ਿਲਾਂ ਤੈਅ ਕਰ ਜਾਂਦੇ ਹਨ:

> ਪਹਿਲਾ ਸਿਮਰਨ ਮੈਲ ਕੱਟਦਾ ਹੈ। ਫੇਰ ਨਿਰਮਲ ਮਨ ਵਿਚ ਸਿਮਰਨ ਨਾਲ ਵਾਹਿਗੁਰੂ ਦਾ ਵਾਸ ਹੁੰਦਾ ਹੈ। ਥੋੜ੍ਹਾ-ਥੋੜ੍ਹਾ ਰੋਜ਼ ਸਿਮਰਨ ਕਰਨ ਨਾਲ ਇਹ ਲਗਾਤਾਰ ਲਿਵ ਬਣ ਜਾਂਦੀ ਹੈ। ਤੇ ਸੱਚ ਵਿਚ ਲੈ ਜਾਂਦਾ ਹੈ। ਸਤਿਗੁਰਾਂ ਨੇ ਸਿਖ ਖੁੱਡ ਦੇ ਚੂਹੇ ਨਹੀਂ ਬਣਾਏ, ਜੋ ਪਹਾੜਾਂ ਦੀਆਂ ਖੁੰਦਰਾਂ ਵਿਚ ਵੜਕੇ ਸਮਾਧੀਆਂ ਲਾ ਬੈਠਣ। ਅਸਾਂ ਨੇ ਗ੍ਰਿਹਸਤ ਵਿਚ ਰਹਿਕੇ ਹੱਸਦੇ, ਖੇਲਦੇ, ਖਾਂਦੇ ਪੀਂਦੇ, ਜਗਤ ਫ਼ਸੌਤੀਆਂ ਤੋਂ ਉਪਰ ਤਰਦਿਆਂ ਨਿਰਲੇਪ ਰਹਿਕੇ ਗੁਰਮੁਖ ਬਣਨਾ ਹੈ।[373]

ਨਾਮ ਲੈਣ ਵਿਚ ਵੀ ਭੇਦ ਹੈ।[374] ਇਹ ਭੇਦ ਸਾਧਕ ਦੀ ਭਾਵਨਾ ਦਾ ਹੈ। ਉਹ ਮੁਖ ਤੋਂ ਤਾਂ ਨਾਮ ਜਪਦਾ ਹੈ ਪਰ ਉਸ ਵਿਚ ਦੁਜੈਲਤਾ, ਦੂਜਾ ਭਾਉ ਹੁੰਦਾ ਹੈ। ਰੱਬ ਦੇ ਅਨੇਕ ਨਾਮ ਹਨ ਪਰ ਸਤਿਨਾਮ ਉਸਦਾ ਪੁਰਾਣਾ ਨਾਮ ਹੈ।[375] ਏਥੇ ਸਵਾਲ ਪੈਦਾ ਹੁੰਦਾ ਹੈ ਕਿ ਰੱਬ ਦਾ ਨਾਮ ਕੀ ਹੈ? ਕੀ ਗੁਰਮਤਿ ਨੇ ਕਿਸੇ ਵੱਖਰੇ ਨਾਮ ਦੀ ਬੰਦਿਸ਼ ਨੂੰ ਮੰਨਿਆ ਹੈ:

> ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੇ ਅਣਗਿਣਤ ਨਾਮ ਵਰਤੇ ਗਏ ਹਨ ਅਤੇ ਇਹਨਾਂ ਸਾਰੇ ਨਾਵਾਂ ਨੂੰ ਬਰਾਬਰ ਦਾ ਆਦਰ ਦਿੱਤਾ ਗਿਆ। ਇਹ ਨਾਮ ਹਨ ਜਿਵੇਂ ਰਾਮ, ਰਹੀਮ, ਅੱਲ੍ਹਾ, ਵਿਸ਼ਨੂੰ, ਸ਼ਿਵ, ਕਰੀਮ, ਖੁਦਾ, ਹਰਿ, ਗੋਬਿੰਦ, ਗੋਪਾਲ, ਮਾਧੋ, ਮੋਹਨ, ਆਦਿ। ਇਹ ਨਾਮ ਖਾਸ ਕਰਕੇ ਦੋ ਵਖ-ਵਖ ਧਾਰਮਿਕ ਪਰੰਪਰਾਵਾਂ ਵਿਚ ਮਿਲਦੇ ਹਨ। ਦੋ ਵਿਰੋਧੀ ਪਰੰਪਰਾਵਾਂ ਦੇ ਸ਼ਰਧਾਲੂ ਇਤਿਹਾਸ ਦੇ ਉਸ ਸਤਰ ਤੇ ਕਿਸੇ ਵੀ ਤਰ੍ਹਾਂ ਇਕ ਦੂਜੇ ਦੇ ਪਰਮਾਤਮਾ ਸਬੰਧੀ ਵਿਚਾਰਾਂ ਨੂੰ ਮੰਨਣ ਤੋਂ ਇਨਕਾਰੀ ਸਨ। ਪਰ ਗੁਰੂ ਗ੍ਰੰਥ ਸਾਹਿਬ ਵਿਚ ਅੰਤਿਮ ਸੱਤਾ ਬਾਰੇ ਵਰਤੇ ਗਏ ਨਾਮ ਇਹ ਦਰਸਾਉਂਦੇ ਹਨ ਕਿ ਇਕੋ ਸੱਚ ਦੇ ਹੀ ਇਹ ਸਾਰੇ ਨਾਮ ਹਨ ਜੋ ਰਹੀਮ ਹੈ ਉਹੀ ਗੋਬਿੰਦ ਹੈ, ਜੋ ਖੁਦਾ ਹੈ ਉਹੀ ਗੋਪਾਲ ਹੈ ਅਤੇ ਜੋ ਅੱਲ੍ਹਾ ਹੈ ਉਹੀ ਰਾਮ ਹੈ।[376]

---

[370] *ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥* ਸਲੋਕ, ਕਬੀਰ, 1364.

[371] *ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥ ਸੰਤਹੁ ਬਨਜਿਆ ਨਾਮੁ ਗੋਬਿੰਦ ਕਾਰ ਐਸੀ ਖੇਪ ਹਮਾਰੀ॥* ਰਾਗ ਕੇਦਾਰਾ, ਕਬੀਰ, 1123.

[372] ਵੀਰ ਸਿੰਘ ਭਾਈ, *ਨਾਮ ਰਸ, ਉਹੀ,* ਪੰਨਾ-65.

[373] *ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥* ਰਾਗ ਰਾਮਕਲੀ, ਮ: ੧ 941.

[374] *ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥ ਗੁਰਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥* ਰਾਗ ਗਉੜੀ, ਮ: ੩, 491.

[375] *ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥* ਰਾਗ ਮਾਰੂ, ਮ: ੫, 1083.

[376] ਰੋਹੀ, *ਪੂਰਵ ਅੰਕਿਤ,* ਪੰਨਾ-45.

ਕੋਈ ਰਾਮ ਆਖਦਾ ਹੈ, ਕੋਈ ਖੁਦਾ ਆਖਦਾ ਹੈ, ਕੋਈ ਗੁਸਈਆ ਆਖਦਾ ਹੈ ਅਤੇ ਕੋਈ ਅੱਲਾਹ ਆਖਦਾ ਹੈ।[377] ਨਾਮਦੇਵ ਜੀ ਨੇ ਉਸਨੂੰ ਬੀਠਲ ਕਿਹਾ ਹੈ।[378] ਕਈ ਸਾਧਕ ਉਸਨੂੰ ਮਾਂ ਕਹਿੰਦੇ ਹਨ:

> ਸਪੱਸ਼ਟ ਹੈ ਕਿ ਪਰਮਾਤਮਾ ਨੂੰ ਕਿਸੇ ਖ਼ਾਸ ਨਾਂ ਰਾਹੀ ਬੰਨ੍ਹਿਆ ਜਾਂ ਦਰਸਾਇਆਂ ਨਹੀਂ ਜਾ ਸਕਦਾ। ਇਹ ਨਾਂ ਕੇਵਲ ਸਾਧਕ ਦੀਆਂ ਇਸ਼ਟ-ਭਾਵਨਾਵਾਂ ਅਥਵਾ ਅਨੁਭੂਤੀਆਂ ਦੇ ਪ੍ਰਤੀਕ ਹਨ। ਭਾਵਨਾਵਾਂ ਦੇ ਅਨੰਤ ਹੋਣ ਕਰਕੇ ਨਾਮ ਵੀ ਅਨੰਤ ਹਨ। ਪਰਮਾਤਮਾ ਦਾ ਅਸਲ ਨਾਮ ਤਾਂ ਉਹ ਹੈ ਜਿਸ ਦੁਆਰਾ ਉਸਦੀ ਹੋਂਦ ਦਾ ਬੋਧ ਹੁੰਦਾ ਹੈ।[379]

ਪਰੰਤੂ ਤਾਰਨ ਸਿੰਘ ਸਿੱਖ ਪਰੰਪਰਾ, ਗੁਰਬਾਣੀ, ਭਾਈ ਗੁਰਦਾਸ ਜੀ ਅਤੇ ਇਤਿਹਾਸ ਦੇ ਹਵਾਲਿਆਂ ਨਾਲ ਇਹ ਸਿਧ ਕਰਦੇ ਹਨ ਕਿ ਸਿੱਖ ਲਈ ਜਪਣਯੋਗ ਨਾਮ ਵਾਹਿਗੁਰੂ ਹੈ ਪਰੰਤੂ ਇਹ ਬੰਦਿਸ਼ ਹੋਰ ਮੱਤਾਂ ਦੇ ਸਾਧਕਾਂ ਲਈ ਨਹੀਂ ਹੈ:

> ਗੁਰਮੰਤ੍ਰ ਵਾਹਿਗੁਰੂ ਸੀ। ਰਵਾਇਤ ਹੀ ਇਸ ਗੱਲ ਦਾ ਪ੍ਰਮਾਣ ਹੈ। 1. ਇਹ ਗੱਲ ਪ੍ਰਚੱਲਿਤ ਹੈ ਕਿ ਮੂਲਮੰਤ੍ਰ ਵਾਹਿਗੁਰੂ ਮੰਤ੍ਰ ਦੀ ਵਿਆਖਿਆ ਹੈ 'ਜਪੁਜੀ' ਮੂਲਮੰਤ੍ਰ ਦੀ ਵਿਆਖਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜਪੁਜੀ ਦੀ ਵਿਆਖਿਆ ਹੈ। 2. ਜਦੋਂ ਹੀ ਗੁਰੂ ਸ਼ਬਦ ਦਾ ਪਾਠ ਆਰੰਭ ਹੁੰਦਾ ਹੈ ਜਾਂ ਹੁਕਮ ਲਿਆ ਜਾਂਦਾ ਹੈ ਤਾਂ 'ਵਾਹਿਗੁਰੂ' ਦਾ ਉਚਾਰਣ ਪਹਿਲਾਂ ਹੁੰਦਾ ਹੈ। 3. ਭਾਈ ਗੁਰਦਾਸ ਜੀ ਨੇ ਵਾਹਿਗੁਰੂ ਗੁਰਮੰਤ੍ਰ ਹੋਣ ਦਾ ਸੰਕੇਤ ਕੀਤਾ ਹੈ। 4. ਪੁਰਾਣੀਆਂ ਰਚਨਾਵਾਂ ਵਿਚ ਇਵੇਂ ਤੁਰਿਆ ਆਉਂਦਾ ਹੈ 'ਬੋਲੋ ਜੀ ਵਾਹਿਗੁਰੂ' ਅਗੇ ਸਾਖੀ ਹੋਰ ਚਲੀ। ਵਾਹਿਗੁਰੂ ਬੋਲ ਵਿਚ ਹੀ ਸੀ। 5. ਵਾਹਿਗੁਰੂ ਗੁਰਮੰਤ੍ਰ ਨੂੰ ਹੀ ਫੇਰ ਪਰਗਟ ਕੀਤਾ ਗਿਆ ਹੈ ਜਦੋਂ ਖੰਡੇ ਦਾ ਅੰਮ੍ਰਿਤ ਛਕਾ ਲਿਆ ਗਿਆ ਸੀ।[380]

ਰੱਬ ਦਾ ਸਿਮਰਨ ਕਰਨ ਵਾਲੇ ਰੱਬ ਵਰਗੇ ਹੀ ਬਣ ਜਾਂਦੇ ਹਨ। ਨਾਮ ਇਕੱਲੇ ਵੀ ਜਪਿਆ ਜਾਂਦਾ ਹੈ ਅਤੇ ਸੰਗਤ ਰੂਪ ਵਿਚ ਵੀ ਜਪਿਆ ਜਾਂਦਾ ਹੈ।

**ਅਰਦਾਸ**

ਅਰਦਾਸ ਸ਼ਬਦ ਫ਼ਾਰਸੀ ਸ਼ਬਦ ਅਰਜ਼ਦਾਸਤ ਤੋਂ ਬਣਿਆ ਹੈ। ਇਹ ਸੰਗਿਆ ਰੂਪ ਪ੍ਰਾਰਥਨਾ, ਬੇਨਤੀ, ਵਿਨਯ ਜਾਂ ਮੁਰਾਦ ਮੰਗਣ ਦੀ ਕਿਰਿਆ ਦੇ ਅਰਥਾਂ ਵਿਚ ਆਇਆ ਹੈ।[381] ਅਰਦਾਸ ਪਿਆਰੇ ਅੱਗੇ ਪਿਆਰ ਨੂੰ ਪ੍ਰਗਟ ਕਰਨ ਦਾ ਅਤੇ ਪਿਆਰ ਪਾਉਣ ਦਾ ਸਾਧਨ ਹੈ। ਇਹ ਸਾਧਨ ਸਾਧਨਾ ਵਿਚ ਤਬਦੀਲ ਹੋ ਜਾਂਦਾ ਹੈ। ਡਾ. ਨੇਕੀ ਅਨੁਸਾਰ:

> ਅਰਦਾਸ ਸਿਦਕ ਦੇ ਅਭਿਆਸ ਦਾ ਪ੍ਰਮੁਖ ਅੰਗ ਹੈ। ਇਸ ਵਿਚ ਜੁੜਨਾ ਆਪਣੇ ਰੱਬ ਦੇ ਹਜ਼ੂਰ ਹਾਜ਼ਰ ਹੋ ਕੇ ਆਤਮ ਸਮਰਪਣ ਕਰਨਾ ਤੇ ਉਸ ਦੀ ਰਹਿਮਤ ਨੂੰ ਆਪਣੀ ਜ਼ਿੰਦਗੀ ਵਿਚ ਆਮੰਤ੍ਰਿਤ ਕਰਨਾ ਹੈ ਜਦੋਂ ਉਹ ਜ਼ਿੰਦਗੀ ਵਿਚ ਆ ਜਾਵੇ ਤਾਂ ਕੂੜ ਕਬਾੜ ਦੂਰ ਹੋ ਜਾਂਦਾ ਹੈ।[382]

ਰਘਬੀਰ ਸਿੰਘ ਬੀਰ ਅਨੁਸਾਰ:

---

[377] *ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥* ਰਾਗ ਰਾਮਕਲੀ ਮ: ੫, 885.

[378] *ਪਾਨੀ ਮਾਹਿ ਦੇਖੁ ਮੁਖੁ ਜੈਸਾ॥ ਨਾਮੇ ਕੋ ਸੁਆਮੀ ਬੀਠਲੁ ਐਸਾ॥* ਰਾਗ ਕਾਨੜਾ, ਨਾਮਦੇਵ, 1318.

[379] ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ,* ਪੰਨਾ-77.

[380] ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪੰਨਾ- 96.

[381] ਮਹਾਨ ਕੋਸ਼, ਪੰਨਾ-80.

[382] ਨੇਕੀ, *ਉਹੀ,* ਪੰਨਾ-30.

> ਅਰਦਾਸ ਇਨਸਾਨ ਵਾਸਤੇ ਭਾਵੇਂ ਉਹ ਕਿਸੇ ਅਵਸਥਾ ਦਾ ਹੋਵੇ, ਜ਼ਰੂਰੀ ਹੈ। ਸਰੀਰਕ ਲੋੜਾਂ ਤੋਂ ਲੈ ਕੇ ਉਚੀਆਂ ਤੋਂ ਉਚੀਆਂ ਆਤਮਕ ਲੋੜਾਂ ਦੀ ਨਵਿਰਤੀ ਤਕ ਅਰਦਾਸ ਸਹਾਇਤਾ ਕਰਦੀ ਹੈ। ਅਰਦਾਸ ਮਨ ਨੂੰ ਨਿਰਮਾਣ ਅਤੇ ਨਿਰਮਲ ਬਣਾਂਦੀ ਹੈ। ਬੰਦਗੀ ਦੇ ਰਸਤੇ ਉੱਤੇ ਇਹ ਹਰ ਇਕ ਪਾਂਧੀ ਲਈ ਇਤਨੀ ਜ਼ਰੂਰੀ ਹੈ ਜਿਤਨੀ ਕਿ ਅੰਨ੍ਹੇ ਲਈ ਡੰਗੋਰੀ।[383]

ਬਾਬਾ ਫ਼ਰੀਦ ਜੀ ਭਗਤ ਦੀ ਪ੍ਰੀਭਾਸ਼ਾ ਦੱਸਦੇ ਹਨ ਕਿ ਉਹ ਮਾਣ ਹੁੰਦਿਆਂ ਨਿਮਾਣਾ ਅਤੇ ਤਾਣ ਹੁੰਦਿਆਂ ਨਿਤਾਣਾ ਰਹਿੰਦਾ ਹੈ। ਨਿਮਾਣਾ ਅਤੇ ਨਿਤਾਣਾ ਤਾਂ ਹਰ ਕੋਈ ਹੋ ਸਕਦਾ ਹੈ ਪਰ ਮਾਣ ਅਤੇ ਤਾਣ ਦੇ ਹੁੰਦਿਆਂ ਨਿਮਾਣਾ ਅਤੇ ਨਿਤਾਣਾ ਹੋਣਾ ਸੱਚੇ ਸਾਧਕ ਦੀ ਨਿਸ਼ਾਨੀ ਹੈ।[384] ਅਰਦਾਸ ਸਾਧਕ ਉਪਰ ਚੜੀ ਵਿਕਾਰਾਂ ਅਤੇ ਵਡੱਤਣ ਦੀ ਮੈਲ ਨੂੰ ਉਤਾਰ ਦਿੰਦੀ ਹੈ। ਅਰਦਾਸ ਵਿਚ ਦੁਨਿਆਵੀਂ ਪਦਾਰਥਾਂ ਤੋਂ ਲੈ ਕੇ ਪ੍ਰਭੂ ਪ੍ਰਾਪਤੀ ਦੀ ਮੰਗ ਮੰਗੀ ਜਾਂਦੀ ਹੈ। ਗੁਰੂ ਸਾਹਿਬ ਨੇ ਦੁਨਿਆਵੀਂ ਸੁਖਾਂ ਦੀ ਮੰਗ ਨੂੰ ਜਾਇਜ਼ ਕਿਹਾ ਹੈ ਪਰ ਇਸ ਮੰਗ ਵਿਚ ਰੱਬ ਦੀ ਸ਼ਮੂਲੀਅਤ ਜ਼ਰੂਰੀ ਹੈ। ਭਗਤ ਕਬੀਰ ਜੀ ਨੇ ਅਰਦਾਸ ਰਾਹੀਂ ਰੱਬ ਤੋਂ ਉੰਨਾ ਕੁ ਮੰਗਿਆ ਹੈ ਜਿਸ ਨਾਲ ਸਰੀਰ ਚੱਲਦਾ ਰਹੇ। ਮੰਗੀ ਗਈ ਮੰਗ ਵਿਚ ਲੋਭ ਨਹੀਂ ਹੋਣਾ ਚਾਹੀਦਾ।[385] ਭਗਤ ਧੰਨਾ ਜੀ ਨੇ ਵੀ ਅਨੇਕ ਪਦਾਰਥਾਂ ਦੀ ਮੰਗ ਕੀਤੀ ਹੈ।[386] ਗੁਰਬਾਣੀ ਵਿਚ ਬਹੁਤੇ ਭਾਵ ਅਰਦਾਸ ਰੂਪ ਵਿਚ ਹੀ ਪ੍ਰਗਟ ਕੀਤੇ ਗਏ ਹਨ। ਅਰਦਾਸ ਸਾਧਕ ਦੇ ਰੂਹਾਨੀ ਜੀਵਨ ਵਿਚ ਬਹੁਤ ਸਹਾਇਕ ਹੈ। ਅਰਦਾਸ ਰਾਹੀਂ ਸਾਧਕ ਰੱਬ ਨੂੰ ਕਿਰਪਾ ਕਰਨ ਲਈ, ਆਪਣੀਆਂ ਭੁੱਲਾਂ ਬਖਸ਼ ਦੇਣ ਲਈ, ਭਵਿੱਖ ਵਿਚ ਬਚਾਅ ਲਈ ਅਤੇ ਨਾਮ ਦੀ ਮੰਗ ਕਰਨ ਲਈ ਪ੍ਰੇਰਦਾ ਹੈ। ਉਸ ਲਈ ਰੱਬ ਪਹਾੜ ਵਾਂਗ ਮਜ਼ਬੂਤ ਹੈ ਜੋ ਨਾ ਤਾਂ ਆਪ ਡੋਲਦਾ ਹੈ ਅਤੇ ਨਾ ਹੀ ਡੋਲਣ ਦਿੰਦਾ ਹੈ।[387] ਇਸਦਾ ਅਰਥ ਇਹ ਨਹੀਂ ਹੈ ਕਿ ਰੱਬ ਅਰਦਾਸ ਰਾਹੀਂ ਤਾਕਤਵਰ ਬਣਿਆ ਹੈ। ਉਹ ਸਦੀਵੀਂ ਹੈ। ਸਾਧਕ ਅਜਿਹੇ ਭਾਵਾਂ ਰਾਹੀਂ ਰੱਬ ਦੇ ਗੁਣਗਾਣ ਕਰਦਾ ਹੈ ਅਤੇ ਆਪਣੇ ਆਪ ਨੂੰ ਰੱਬ ਦੇ ਅਧੀਨ ਮੰਨਦਾ ਹੈ। ਅਜਿਹੀ ਹਾਲਤ ਵਿਚ ਅਰਦਾਸ ਵੀ ਸਾਧਨਾ ਹੋ ਨਿਬੜਦੀ ਹੈ। ਭਗਤ ਸਧਨਾ ਜੀ ਨੇ ਆਪਣੇ ਇੱਕ ਸ਼ਬਦ ਵਿਚ ਅਜਿਹੇ ਹੀ ਭਾਵ ਵਿਅਕਤ ਕਰਦਿਆਂ ਰੱਬ ਦੀ ਸ਼ਰਣ ਨੂੰ ਬੂੰਦ, ਬੇੜੀ, ਸ਼ੇਰ ਰਾਹੀਂ ਬਿਆਨ ਕੀਤਾ ਹੈ ਕਿ ਤੂੰ ਮੇਰੀ ਲਾਜ ਰੱਖ, ਮੈਂ ਤੇਰਾ ਹਾਂ।[388] ਅਰਦਾਸ ਰਾਹੀਂ ਸਾਧਕ ਦੇ ਮਨ ਵਿਚ ਮਾਲਕ ਪ੍ਰਤੀ ਦ੍ਰਿੜ ਨਿਸ਼ਚਾ ਪੈਦਾ ਹੁੰਦਾ ਹੈ। ਅਰਦਾਸ ਰਾਹੀਂ ਰੱਬ ਅੱਗੇ ਪਿਆਰ ਦੀ ਮੰਗ, ਸ਼ਿਕਾਇਤ, ਕਿਰਪਾ ਦੀ ਮੰਗ, ਦੁਨਿਆਵੀਂ ਸੁਖਾਂ ਦੀ ਮੰਗ ਅਤੇ ਆਤਮਕ ਸਫ਼ਰ ਵਿਚ ਆ ਰਹੀਆਂ ਖੜੋਤਾਂ ਬਾਰੇ ਚਾਨਣਾ ਪਾਇਆ ਜਾਂਦਾ ਹੈ। ਰੱਬ ਅੱਗੇ ਅਰਦਾਸ ਕਰਨੀ ਆਪਣੀ ਕਾਰਗੁਜ਼ਾਰੀ ਦੱਸਣ ਵਾਂਗ ਹੈ। ਸਾਧਕ ਆਪਣਾ ਆਪਾ ਬਿਨਾਂ ਕਿਸੇ ਲੁਕੋਅ ਦੇ ਮਾਲਕ ਨੂੰ

---

[383] ਰਘਬੀਰ ਸਿੰਘ ਬੀਰ, *ਅਰਦਾਸ ਸ਼ਕਤੀ,* ਪੰਨੇ 71-2.

[384] *ਮਾਣ ਹੋਦਿਆ ਹੋਇ ਨਿਮਾਣਾ॥ ਤਾਣ ਹੋਦਿਆ ਹੋਇ ਨਿਤਾਣਾ॥ ਕੋ ਐਸਾ ਭਗਤ ਸਦਾਏ॥* ਸੇਖ ਫਰੀਦ, 1384.

[385] *ਮੈ ਨਾਹੀ ਕੀਤਾ ਲਬੋ॥ ਇਕੁ ਨਾਉ ਤੇਰਾ ਮੈ ਫਬੋ॥* ਰਾਗ ਸੋਰਠ, ਕਬੀਰ, 656.

[386] *ਘਰ ਕੀ ਗੀਹਨਿ ਚੰਗੀ॥ ਜਨ ਧੰਨਾ ਲੇਵੈ ਮੰਗੀ॥* ਰਾਗ ਧਨਾਸਰੀ, ਧੰਨਾ, 695.

[387] *ਤੂ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ॥ ਨਾ ਤੁਮ ਡੋਲਹੁ ਨ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ॥*ਰਾਗ ਰਾਮਕਲੀ, ਕਬੀਰ,969.

[388] *ਮੈ ਨਾਹੀ ਕਛੁ ਹਉ ਨਾਹੀ ਕਿਛੁ ਆਹਿ ਨ ਮੋਰਾ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥* ਰਾਗ ਬਿਲਾਵਲ, ਸਧਨਾ, 858.

ਆਪ ਦੱਸਦਾ ਹੈ। ਆਪਣੇ ਔਗੁਣਾਂ ਨੂੰ ਆਪ ਚਿਤਾਰਦਾ ਹੈ ਅਤੇ ਮਾਲਕ ਦੀ ਸ਼ਰਣ ਮੰਗਦਾ ਹੈ।[389] ਕਈ ਥਾਂ ਤੇ ਇਹ ਵੀ ਕਿਹਾ ਹੈ ਕਿ ਹੇ ਮਾਲਕ ਕੇਵਲ ਹੁਣ ਦੀ ਵਾਰੀ ਇਕ ਵਾਰ, ਰੱਖ ਲੈ।[390] ਅਜਿਹੀ ਅੰਤਰ ਮਨ ਦੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ। ਅਰਦਾਸ ਰਾਹੀਂ ਹੀ ਰਾਣੀ ਤਾਰਾ ਦੀ ਗੁਆਚੀ ਖੜਾਅ ਮਿਲੀ ਸੀ, ਦਰੋਪਤੀ ਦਾ ਚੀਰ ਹਰਨ ਨਾ ਹੋ ਸਕਿਆ, ਮਹਾਰਾਜਾ ਰਣਜੀਤ ਸਿੰਘ ਦਾ ਅਟਕ ਨੂੰ ਪਾਰ ਕਰਨਾ, ਕਸ਼ਮੀਰੀ ਪੰਡਿਤਾਂ ਦੀ ਫਰਿਆਦ, ਸਿੱਖਾਂ ਦੀ ਟੁੱਟੀ ਗੰਡਣੀ, ਬਚਿੱਤਰ ਸਿੰਘ ਦਾ ਹਾਥੀ ਦੇ ਮੱਥੇ ਵਿਚ ਨਾਗਣੀ ਮਾਰਨਾ ਸਮੇਤ ਅਨੇਕਾਂ ਉਦਾਹਰਣਾਂ ਅਰਦਾਸ ਦੀ ਸ਼ਕਤੀ ਨੂੰ ਬਿਆਨ ਕਰਦੀਆਂ ਹਨ। ਦਫ਼ਤਰ, ਸਕੂਲ, ਕਾਲਜ ਦਾ ਕੰਮ ਕਾਜ ਅਰਦਾਸ ਜਾਂ ਅਰਜ਼ੀਆਂ ਸਹਾਰੇ ਚੱਲਦਾ ਹੈ। ਰੂਹਾਨੀਅਤ ਵਿਚ ਸਾਧਕ ਅਰਦਾਸ ਰਾਹੀਂ ਆਪਣੇ ਅੰਦਰੋਂ ਔਗੁਣਾਂ ਨੂੰ ਪਛਾਣਦਾ ਹੈ। ਗੁਰਬਾਣੀ ਵਿਚ ਥਾਂ-ਥਾਂ ਤੇ ਅਜਿਹੀ ਅਰਦਾਸ ਦਾ ਜ਼ਿਕਰ ਮਿਲਦਾ ਹੈ ਜਿਥੇ ਸਾਧਕ ਆਪਣੇ ਆਪ ਨੂੰ ਛੋਟਾ, ਦੀਨ, ਅਸਮਰੱਥ ਮਹਿਸੂਸ ਕਰਦਾ ਹੈ।[391] ਅਰਦਾਸ ਰੱਬ ਅਤੇ ਸਾਧਕ ਵਿਚਾਲੇ ਪੁਲ ਵਾਂਗ ਹੈ। ਹੌਲੀ-ਹੌਲੀ ਇਹ ਵੀ ਕੋਈ ਜ਼ਰੂਰੀ ਨਹੀਂ ਰਹਿੰਦਾ ਕਿ ਸਾਧਕ ਮੂੰਹ ਤੋਂ ਬੋਲੇ। ਸਾਧਕ ਦੀ ਬਿਨਾਂ ਬੋਲਿਆ ਵੀ ਅਰਦਾਸ ਪੂਰੀ ਹੁੰਦੀ ਹੈ। ਸਾਡੀ ਪੰਥਕ ਅਰਦਾਸ ਦੇ ਬੋਲ *ਸੇਈ ਪਿਆਰੇ ਮੇਲ ਜਿੰਨ੍ਹਾ ਮਿਲਿਆ ਤੇਰਾ ਨਾਮ ਚਿੱਤ ਆਵੇ* ਭਜਨੀਕ ਪੁਰਸ਼ਾਂ ਦੇ ਦਰਸ਼ਨਾਂ ਦੀ ਮੰਗ ਕਰਦੇ ਹਨ ਅਤੇ ਸਰਬੱਤ ਦਾ ਭਲਾ ਕਰਨ ਲਈ ਵਚਨਬੱਧ ਬਣਾਉਂਦੇ ਹਨ। ਸਾਧਕ ਅਰਦਾਸ ਰਾਹੀਂ ਰੱਬ ਤੋਂ ਬੰਦਗੀ ਦੀ ਹੀ ਖ਼ੈਰ ਮੰਗਦਾ ਹੈ। ਗੁਰਬਾਣੀ ਵਿਚ ਥਾਂ-ਥਾਂ ਜ਼ਿਕਰ ਹੈ ਕਿ ਮੰਗਣ ਲਈ ਉਤਮ ਵਸਤੂ ਰੱਬ ਦੀ ਯਾਦ ਅਤੇ ਉਸਦਾ ਨਾਮ ਹੈ।[392] ਬਾਕੀ ਵਸਤੂਆਂ ਛਿੰਨ ਭੰਗਰਤਾ ਲਈ ਹਨ। ਅਰਦਾਸ ਵਿਚ ਸ਼ੁਕਰ ਅਤੇ ਸਬਰ ਦੇ ਭਾਵ ਹੁੰਦੇ ਹਨ। ਜੇਕਰ ਕੋਈ ਪ੍ਰਾਪਤੀ ਹੋਈ ਹੈ ਤਾਂ ਮਾਲਕ ਦਾ ਸ਼ੁਕਰਾਨਾ ਕਰਨਾ ਹੈ ਅਤੇ ਜੇਕਰ ਨਹੀਂ ਹੋਈ ਤਾਂ ਸਬਰ ਕਰਨਾ ਹੈ। ਇਸ ਬਾਬਤ ਖਲੀਲ ਜਿਬਰਾਨ ਕਹਿੰਦਾ ਹੈ:

> ਤੁਸੀਂ ਅਰਦਾਸ ਉਦੋਂ ਕਰਦੇ ਹੋ ਜਦੋਂ ਦੁਖ-ਗ੍ਰਸਤ ਹੋਵੋ ਜਾਂ ਕਿਸੇ ਚੀਜ਼ ਦੀ ਊਣਤਾਈ ਹੋਵੇ। ਜਦੋਂ ਤੁਸੀਂ ਅਨੰਦ ਮੰਗਲ ਵਿਚ ਹੋਵੋ ਤੇ ਸਭ ਤਰ੍ਹਾਂ ਭਰਪੂਰ ਹੋਵੋ, ਉਸ ਵੇਲੇ ਵੀ ਅਰਦਾਸ ਵਿਚ ਜੁੜੋ ਤਾਂ ਚੰਗਾ ਹੈ। ਅਰਦਾਸ ਹੈ ਕੀ, ਇਹ ਉਹ ਅਵਸਥਾ ਹੈ ਜਦੋਂ ਕਿ ਮਨੁੱਖ ਆਪਣੇ ਆਪ ਦਾ ਵਿਸਥਾਰ ਕਰਕੇ ਬ੍ਰਹਿਮੰਡ ਨਾਲ ਇਕਮਿਕ ਹੋ ਜਾਂਦਾ ਹੈ। ਜਦੋਂ ਤੁਸੀਂ ਆਪਣੇ ਅੰਧੇਰੇ ਨੂੰ ਅਸਮਾਨ ਵਿਚ ਉਲਟਾ ਕੇ ਖੁਸ਼ੀ ਅਨੁਭਵ ਕਰਦੇ ਹੋ ਤਾਂ ਆਪਣੇ ਅੰਦਰਲੇ ਨੂਰ ਨੂੰ ਉਲਟਾ ਕੇ ਵੀ ਇਕ ਸੱਚੀ ਖੁਸ਼ੀ ਮਹਿਸੂਸ ਕਰਨੀ ਚਾਹੀਦੀ ਹੈ... ਲਫ਼ਜ਼ੀ ਪ੍ਰਾਰਥਨਾ ਮੈਂ ਤੁਹਾਨੂੰ ਸਿਖਾ ਨਹੀਂ ਸਕਦਾ। ਰੱਬ ਇਹ ਲਫ਼ਜ਼ ਉਦੋਂ ਤੱਕ ਨਹੀਂ ਸੁਣਦਾ ਜਦ ਤਕ ਕਿ ਉਹ ਆਪ ਇਨ੍ਹਾਂ ਲਫ਼ਜ਼ਾਂ ਨੂੰ ਸਾਡੇ ਬੁਲਾਂ ਦੁਆਰਾ ਨਹੀਂ ਬੁਲਾਉਂਦਾ।[393]

ਅਰਦਾਸ ਨਾਲ ਸਾਧਕ ਦੇ ਮਨ ਤੋਂ ਭਾਰ ਲੱਥ ਜਾਂਦਾ ਹੈ। ਉਸਨੂੰ ਹੌਸਲਾ ਮਿਲਦਾ ਹੈ। ਉਸ ਵਿਚ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ।

---

[389] *ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥* ਸਵਈਏ, ??? 1406.

[390] *ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨਾ ਭਵਜਲਿ ਫੇਰਾ॥* ਰਾਗ ਮਾਰੂ, ਕਬੀਰ, 1104.

[391] *ਹਮ ਸਰ ਦੀਨੁ ਦਇਆਲ ਨ ਤੁਮ ਸਰਿ ਅਬ ਪਤਿਆਰੁ ਕਿਆ ਕੀਜੈ॥ ਬਚਨੀ ਤੋਰ ਮੋਰ ਮਨ ਮਾਨੈ ਜਨ ਕਉ ਪੂਰਨੁ ਦੀਜੈ॥* ਰਾਗ ਧਨਾਸਰੀ, ਰਵਿਦਾਸ, 694.

[392] *ਵਿਸਰੁ ਨਾਹੀ ਦਾਤਾਰ ਆਪਣਾ ਨਾਮ ਦੇਹੁ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥* ਰਾਗ ਸੂਹੀ ਮ: ੫, 762.

[393] ਪਦਮ, *ਖਲੀਲ ਜਿਬਰਾਨ ਦੇ ਬਚਨ ਬਿਲਾਸ,* ਪੰਨਾ-100.

**ਨਦਰਿ ਤੋਂ ਨਦਰਿ ਵੱਲ**

ਨਦਰ ਦਾ ਵਿਸ਼ੇਸ ਸਥਾਨ ਹੈ। ਨਦਰ ਸਾਧਨ ਵੀ ਹੈ ਅਤੇ ਅਮਲ ਵੀ। ਜਿਸ ਉਪਰ ਨਦਰ ਹੁੰਦੀ ਹੈ, ਉਹ ਹੀ ਬੰਦਗੀ ਕਰਦੇ ਹਨ। ਨਦਰ ਦਾ ਅਰਥ ਨਜ਼ਰ ਹੈ।[394] ਇਸਦੇ ਸਮਾਨਅਰਥੀ ਸ਼ਬਦ ਹਨ- ਕਿਰਪਾ, ਬਖਸ਼ਿਸ਼, ਦਇਆ, ਪ੍ਰਸ਼ਾਦ, ਰਹਿਮਤ, ਰਹਿਮ, ਮਿਹਰ, ਨਦਰ ਕਰਮ ਆਦਿ। ਰੱਬੀ ਮਿਹਰ ਤੋਂ ਬਿਨਾਂ ਬੰਦਗੀ ਨਹੀਂ ਹੁੰਦੀ।[395] ਏਥੇ ਸੁਆਲ ਪੈਦਾ ਹੁੰਦਾ ਹੈ ਕਿ ਫੇਰ ਉਹ ਵਿਅਕਤੀ ਜੋ ਬੰਦਗੀ ਨਹੀਂ ਕਰਦੇ ਬੜੇ ਸੁਖਾਲੇ ਢੰਗ ਨਾਲ ਬਚ ਜਾਣਗੇ ਕਿ ਸਾਡਾ ਤਾਂ ਕੋਈ ਕਸੂਰ ਨਹੀਂ ਕਿਉਂਕਿ ਸਾਡੇ ਉਪਰ ਮਿਹਰ ਨਹੀਂ ਹੋਈ। ਗੁਰੂ ਸਾਹਿਬ ਦੱਸਦੇ ਹਨ ਕਿ ਰੱਬੀ ਮਿਹਰ ਤੋਂ ਬਿਨਾਂ ਤਾਂ ਕੋਈ ਵੀ ਜੀਵ ਨਹੀਂ ਹੈ। ਸਭ ਉਪਰ ਰੱਬ ਦੀ ਨਦਰ ਹੈ। ਫਰਕ ਏਨਾ ਕੁ ਹੈ ਕਿ ਕਿਸੇ ਉਪਰ ਥੋੜ੍ਹੀ ਹੈ, ਕਿਸੇ ਉਪਰ ਘਨੇਰੀ ਹੈ।[396] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਸਦੇ ਹਨ ਕਿ ਕੀੜੀ ਤੋਂ ਲੈ ਕੇ ਹਾਥੀ ਤੱਕ ਸਾਰੇ ਜੀਵਾਂ ਉਪਰ ਤੇਰੀ ਕਿਰਪਾ ਹੈ।[397] ਆਪ ਜੀ ਨੇ ਪਾਉਂਟੇ ਭੰਗਾਣੀ ਦੇ ਜੰਗ ਵਿਚ ਹੋਈ ਜਿੱਤ ਨੂੰ ਅਕਾਲਪੁਰਖ ਦੀ ਕਿਰਪਾ ਨਾਲ ਪ੍ਰਾਪਤ ਹੋਈ ਜਿੱਤ ਦੱਸਿਆ ਸੀ।[398] ਸਾਧਕ ਨੇ ਥੋੜ੍ਹੀ ਤੋਂ ਘਨੇਰੀ ਨਦਰ ਵੱਲ ਆਉਣਾ ਹੈ। ਇਸ ਰਸਤੇ ਦਾ ਨਾਮ ਹੀ ਸਾਧਨਾ ਹੈ। ਜਦੋਂ ਉਸਦੀ ਨਦਰ ਪੁੱਠੀ ਹੁੰਦੀ ਹੈ ਤਾਂ ਸ਼ੇਰ ਘਾਹ ਖਾਣ ਨੂੰ ਮਜਬੂਰ ਹੋ ਜਾਂਦੇ ਹਨ ਅਤੇ ਰਾਜੇ ਅਜਿਹੇ ਭਿਖਾਰੀ ਬਣ ਜਾਂਦੇ ਹਨ ਜਿੰਨ੍ਹਾਂ ਨੂੰ ਮੰਗਿਆ ਭੀਖ ਵੀ ਨਹੀਂ ਮਿਲਦੀ।[399] ਲੱਖਾਂ ਖੁਸ਼ੀਆਂ ਅਤੇ ਪਾਤਸ਼ਾਹੀਆਂ ਉਸਦੀ ਨਦਰ ਕਰਕੇ ਹੀ ਮਿਲਦੀਆਂ ਹਨ।[400] ਨਦਰ ਦਾ ਵਿਸ਼ੇਸ ਸਥਾਨ ਹੈ:

> ਉਂਜ ਵੀ ਆਸਤਿਕ ਸਿਧਾਂਤਾਂ ਵਿਚ ਇਹ ਦ੍ਰਿੜ ਕਰਾਇਆ ਜਾਂਦਾ ਹੈ ਕਿ ਕਰਨਹਾਰ ਇਕੋ ਇਕ ਪਰਮੇਸ਼ਰ ਹੈ, ਅਸੀਂ ਕੁਝ ਵੀ ਨਹੀਂ। ਇਸ ਕਰਕੇ ਆਪਣੀ ਸਾਧਨਾ ਦੇ ਬਲ ਨਾਲ ਮੁਕਤੀ ਪ੍ਰਾਪਤ ਕਰਨਾ ਵੀ ਸਾਡੇ ਵਸ ਦੀ ਬਾਤ ਨਹੀਂ, ਜੇ ਉਹ ਪ੍ਰਭੂ ਪ੍ਰਸੰਨ ਹੋ ਕੇ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਉਸਦੀ 'ਨਦਰਿ' ਦੁਆਰਾ ਹੀ ਇਹ ਪ੍ਰਾਪਤੀ ਸੰਭਵ ਹੈ। ਇਸ ਨਦਰਿ 'ਪ੍ਰਸਾਦ' ਵੀ ਕਿਹਾ ਗਿਆ ਹੈ। ਇਸੇ ਨਦਰ ਸਦਕੇ ਪ੍ਰਭੂ ਸਿਮਰਨ ਵਿਚ ਲਗਾਉ ਹੁੰਦਾ ਹੈ ਤੇ ਇਸੇ ਰਾਹੀਂ ਭਵਸਾਗਰ ਤੋਂ ਪਾਰ ਹੋ ਸਕੀਦਾ ਹੈ।[401]

ਪ੍ਰਭੂ ਆਪਣੀ ਨਦਰ ਨਾਲ ਨਿਹਾਲ ਕਰ ਦਿੰਦਾ ਹੈ। ਨਦਰ ਦੋ ਰੂਪ ਹਨ, ਇੱਕ ਪਾਸੇ ਇਸਦੀ ਮੰਗ ਕੀਤੀ ਜਾਂਦੀ ਹੈ ਅਤੇ ਦੂਜੇ ਪਾਸੇ ਇਸ ਤੋਂ ਸੱਖਣਾ ਕੋਈ ਨਹੀਂ ਹੈ। ਭਗਤੀ ਰਸ ਦੀ ਪ੍ਰਾਪਤੀ ਨਦਰ ਨਾਲ ਹੀ ਹੁੰਦੀ ਹੈ।

ਡਾ. ਧਰਮਪਾਲ ਮੈਣੀ ਲਿਖਦੇ ਹਨ:

> ਹੁਣ ਜੇ ਅਸੀਂ ਉਨ੍ਹਾਂ ਸਾਧਨਾਂ ਵਿਚੋਂ ਵੇਖਣ ਦੀ ਕੋਸ਼ਿਸ਼ ਕਰੀਏ ਤਾਂ ਮੈਨੂੰ ਤਾਂ ਇਹ ਲੱਗਦਾ ਹੈ ਕਿ ਸਭ ਤੋਂ ਵੱਡਾ ਗੁਰੂ ਸਾਹਿਬ ਨੇ ਜਿਸਨੂੰ ਮਹੱਤਵਪੂਰਨ ਸਮਝਿਆ ਹੈ ਉਹ ਹੈ ਪ੍ਰਭੂ ਨਦਰਿ, ਪ੍ਰਭੂ ਕਿਰਪਾ। ਜਦ ਤੱਕ ਪ੍ਰਭੂ ਕਿਰਪਾ ਪ੍ਰਾਪਤ ਨਾ ਹੋਵੇ ਉਦੋਂ ਤੱਕ ਮਨੁੱਖ ਸਚਿਆਰਾ ਬਣਨ ਦੇ ਰਸਤੇ ਤੇ ਤੁਰ ਹੀ ਨਹੀਂ ਸਕਦਾ। ਸੋ ਇਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕਿਆ ਨਦਰਿ, ਪ੍ਰਭੂ ਕਿਰਪਾ ਅਰਜਿਤ ਕੀਤੀ ਜਾ ਸਕਦੀ ਹੈ? ਖ਼ਾਸ ਕਰਕੇ ਆਪਣੇ ਜੀਵਨ ਦੇ ਵਿਚ। ਸੋ ਇਹਦੇ ਵਿਦਵਾਨਾਂ ਨੇ ਦੋ ਜਵਾਬ ਦਿਤੇ ਹਨ। ਉਹ ਇਹ ਕਿ ਪ੍ਰਭੂ

---

[394] ਮਹਾਨ ਕੋਸ਼, ਪੰਨਾ-681.
[395] *ਜਿਸਨੋ ਤੇਰੀ ਮਿਹਰ ਸੋ ਤੇਰੀ ਬੰਦਿਗੀ॥* ਰਾਗ ਰਾਮਕਲੀ ਮ: ੫, 961.
[396] *ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਘਣੇਰੀ॥* ਰਾਗ ਮਾਝ ਮ: ੩, 119.
[397] *ਚੀਟੀ ਤੇ ਕੁੰਚਰ ਅਸਥੂਲਾ॥ ਸਭ ਪਰ ਕਿਰਪਾ ਦ੍ਰਿਸਟਿ ਕਰਿ ਫੂਲਾ॥* ???
[398] *ਕਿਰਪਾ ਕਾਲ ਕੇਰੀ ਭਈ ਜੀਤ ਮੇਰੀ॥* ???
[399] *ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥ ਦਰਿ ਮੰਗਨਿ ਭਿਖ ਨਾ ਪਾਇਦਾ॥* ਰਾਗ ਆਸਾ ਮ: ੧, 472.
[400] *ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥* ਰਾਗ ਸਾਰੰਗ ਮ: ੫, 44.
[401] *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਨਾ-189.

> ਕਿਰਪਾ ਅਰਜਿਤ ਨਹੀਂ ਕੀਤੀ ਜਾ ਸਕਦੀ ਉਹ ਤਾਂ ਆਪੇ ਹੀ ਹੁੰਦੀ ਹੈ। ਦੂਜਾ ਕਹਿੰਦੇ ਹਨ ਕਿ ਨਹੀਂ ਅਰਜਿਤ ਤਾਂ ਨਹੀਂ ਕੀਤੀ ਜਾ ਸਕਦੀ ਪ੍ਰਭੂ ਕਿਰਪਾ ਪਰ ਅਜਿਹਾ ਵਾਤਾਵਰਣ ਬਣਾਇਆ ਜਾ ਸਕਦਾ ਹੈ ਜਿਸਦੇ ਵਿਚ ਪ੍ਰਭੂ ਦੀ ਕਿਰਪਾ ਹੋ ਜਾਵੇ।[402]

ਨਦਰ ਲਈ ਵਾਤਾਵਰਣ ਬਣਾਉਣ ਲਈ ਸਾਧਨਾ ਦੀ ਜ਼ਰੂਰਤ ਪੈਂਦੀ ਹੈ। ਇਸ ਦਾ ਖੁਲਾਸਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਵਿਚ ਛੇਵੀਂ ਅਸ਼ਟਪਦੀ ਵਿਚ ਕੀਤਾ ਹੈ। ਇਸ ਅਸ਼ਟਪਦੀ ਵਿਚ ਦੱਸਿਆ ਹੈ ਕਿ ਕਿੰਨ੍ਹੇ ਰੂਪਾਂ ਵਿਚ ਪ੍ਰਭੂ ਨਦਰ ਵਰਤ ਰਹੀ ਹੈ। ਸਾਧਕ ਨੂੰ ਉਸ ਨਦਰ ਦੇ ਅੰਤਰਗਤ ਘਣੇਰੀ ਨਦਰ ਵੱਲ ਆਉਣਾ ਚਾਹੀਦਾ ਹੈ। ਨਦਰ ਰਾਹੀਂ ਸਾਧਕ ਆਪ ਨਦਰ ਕਰਨ ਵਾਲਾ ਬਣ ਜਾਂਦਾ ਹੈ:

> ਮਨੁੱਖੀ ਵਤੀਰੇ ਵਿਚ ਪ੍ਰਸਾਦਿ ਦਾ ਗੁਣ ਹੀ ਸਭ ਤੋਂ ਵੱਡੀ ਸੱਭਿਆਚਾਰਕ ਖ਼ੂਬੀ ਹੈ। ਪ੍ਰਸਾਦਿ ਹੈ ਹੋਛਾ ਨਾ ਹੋਣਾ ਸਗੋਂ ਉਦਾਰਚਿਤ ਹੋਣਾ। ਉਦਾਰਤਾ ਹੀ ਪ੍ਰਸਾਦਿ ਦਾ ਜ਼ਰੂਰੀ ਅੰਸ਼ ਹੈ। ਪੰਜਾਬੀ, ਵਤੀਰੇ ਵਿਚ ਵੱਧ ਤੋਂ ਵੱਧ ਉਦਾਰਚਿਤ ਹੈ। ਉਸ ਵਿਚ ਤੰਗ-ਦਿਲੀ ਨਹੀਂ ਹੈ, ਉਸ ਵਿਚ ਸਾੜਾ ਨਹੀਂ ਹੈ। ਉਹ ਸਾਰੀਆਂ ਦੀ ਖੁਸ਼ੀ ਵੇਖਕੇ ਸੜਦਾ ਨਹੀਂ ਹੈ।[403]

ਛੇਵੀਂ ਅਸ਼ਟਪਦੀ ਵਿਚ ਜ਼ਿਕਰ ਹੈ ਕਿ ਰੱਬ ਦੀ ਕਿਰਪਾ ਕਰਕੇ ਤੈਨੂੰ ਖਾਣ ਲਈ ਛੱਤੀ ਕਿਸਮ ਦੇ ਪਦਾਰਥ ਮਿਲਦੇ ਹਨ, ਮਨੁੱਖ ਰੱਬ ਦੀ ਕਿਰਪਾ ਕਰਕੇ ਸਰੀਰ ਉਪਰ ਖੁਸ਼ਬੋਅ ਲਾਉਂਦਾ ਹੈ, ਰੱਬ ਦੀ ਕਿਰਪਾ ਕਰਕੇ ਘਰ ਵਿਚ ਸੁੱਖ ਸ਼ਾਂਤੀ ਨਾਲ ਵੱਸਦਾ ਹੈ, ਰੱਬ ਦੀ ਕਿਰਪਾ ਕਰਕੇ ਅਨੇਕ ਰੰਗ ਅਤੇ ਰਸ ਭੋਗਦਾ ਹੈ, ਰੱਬ ਦੀ ਕਿਰਪਾ ਕਰਕੇ ਰੇਸ਼ਮੀ ਵਸਤਰ ਪਹਿਨਦਾ ਹੈ, ਰੱਬ ਦੀ ਕਿਰਪਾ ਕਰਕੇ ਸੁਖਾਂ ਦੀ ਸੇਜ ਤੇ ਸੌਂਦਾ ਹੈ, ਰੱਬ ਦੀ ਕਿਰਪਾ ਕਰਕੇ ਲੋਕ ਤੈਨੂੰ ਜਾਣਦੇ ਹਨ, ਰੱਬ ਦੀ ਕਿਰਪਾ ਕਰਕੇ ਹੀ ਤੂੰ ਧਰਮੀ ਹੈ, ਰੱਬ ਦੀ ਕਿਰਪਾ ਕਰਕੇ ਹੀ ਤੇਰਾ ਮਾਣ ਬਰਕਰਾਰ ਹੈ, ਰੱਬ ਦੀ ਕਿਰਪਾ ਕਰਕੇ ਹੀ ਤੇਰੀਆਂ ਕਮੀਆਂ ਛੁਪੀਆਂ ਹੋਈਆਂ ਹਨ, ਰੱਬ ਦੀ ਕਿਰਪਾ ਕਰਕੇ ਤੇਰੇ ਤੱਕ ਕੋਈ ਪਹੁੰਚ ਨਹੀਂ ਸਕਦਾ, ਰੱਬ ਦੀ ਕਿਰਪਾ ਕਰਕੇ ਤੈਨੂੰ ਦੁਰਲਭ ਦੇਹ ਮਿਲੀ ਹੈ, ਤੂੰ ਰੱਬ ਦੀ ਕਿਰਪਾ ਕਰਕੇ ਗਹਿਣੇ ਪਹਿਨਦਾ ਹੈ, ਰੱਬ ਦੀ ਕਿਰਪਾ ਕਰਕੇ ਹਾਥੀਆਂ ਅਤੇ ਘੋੜਿਆਂ ਦੀ ਸਵਾਰੀ ਕਰਦਾ ਹੈ, ਰੱਬ ਦੀ ਕਿਰਪਾ ਕਰਕੇ ਹੀ ਤੇਰੇ ਕੋਲ ਬਾਗ, ਜ਼ਮੀਨ ਅਤੇ ਪੈਸਾ ਹੈ, ਰੱਬ ਦੀ ਕਿਰਪਾ ਕਰਕੇ ਹੀ ਤੇਰੀ ਬਣਤਰ ਬਣੀ ਹੈ, ਤੂੰ ਰੱਬ ਦੀ ਕਿਰਪਾ ਕਰਕੇ ਹੀ ਪੁੰਨ ਦਾਨ ਕਰਦਾ ਹੈ, ਰੱਬ ਦੀ ਕਿਰਪਾ ਕਰਕੇ ਹੀ ਧਾਰਮਿਕ ਰਸਮਾਂ ਪੂਰੀਆਂ ਕਰਦਾ ਹੈ, ਰੱਬ ਦੀ ਕਿਰਪਾ ਕਰਕੇ ਹੀ ਤੇਰਾ ਰੂਪ ਸੁੰਦਰ ਹੈ, ਰੱਬ ਦੀ ਕਿਰਪਾ ਕਰਕੇ ਤੇਰੀ ਜਾਤ ਚੰਗੀ ਹੈ, ਰੱਬ ਦੀ ਕਿਰਪਾ ਕਰਕੇ ਹੀ ਤੇਰੀ ਪਤ ਬਚਦੀ ਹੈ, ਰੱਬ ਦੀ ਕਿਰਪਾ ਕਰਕੇ ਹੀ ਕੰਨਾਂ ਤੋਂ ਸੁਣਦਾ ਹੈ, ਅੱਖਾਂ ਤੋਂ ਦੇਖਦਾ ਹੈ ਅਤੇ ਰਸਨਾ ਤੋਂ ਬੋਲਦਾ ਹੈ, ਰੱਬ ਦੀ ਕਿਰਪਾ ਕਰਕੇ ਹੀ ਤੇਰੇ ਹੱਥ ਕੰਮ ਕਰਦੇ ਹਨ, ਰੱਬ ਦੀ ਕਿਰਪਾ ਕਰਕੇ ਹੀ ਸੰਪੂਰਨ ਫਲ ਦੀ ਅਤੇ ਪਰਮਗਤ ਦੀ ਪ੍ਰਾਪਤੀ ਹੁੰਦੀ ਹੈ, ਰੱਬ ਦੀ ਕਿਰਪਾ ਕਰਕੇ ਤੂੰ ਸੰਸਾਰ ਵਿਚ ਪ੍ਰਗਟ ਹੋਇਆ ਹੈ, ਰੱਬ ਦੀ ਕਿਰਪਾ ਕਰਕੇ ਤੇਰਾ ਪ੍ਰਤਾਪ ਹੈ, ਤੇਰੇ ਕਾਰਜ ਪੂਰੇ ਹੁੰਦੇ ਹਨ, ਤੈਨੂੰ ਸੱਚ ਦੀ ਪ੍ਰਾਪਤੀ

---

402 ਧਰਮਪਾਲ ਮੈਣੀ ( ਡਾ.), "ਕਿਵ ਸਚਿਆਰਾ ਹੋਈਐ", *ਗੁਰੂ ਨਾਨਕ ਚਿੰਤਨ ਦੀ ਭੂਮਿਕਾ,* ਬਲਕਾਰ ਸਿੰਘ (ਡਾ.), (ਸੰਪਾ.), ਪੰਨਾ-238.

403 ਤਾਰਨ ਸਿੰਘ, *ਭਗਤੀ ਤੇ ਸ਼ਕਤੀ,* ਪੰਨਾ-150.

ਹੁੰਦੀ ਹੈ, ਰੱਬ ਦੀ ਕਿਰਪਾ ਕਰਕੇ ਸਾਰਿਆਂ ਦੀ ਗਤੀ ਹੁੰਦੀ ਹੈ। ਇਸ ਪੂਰੀ ਅਸ਼ਟਪਦੀ ਵਿਚ ਦੱਸਿਆ ਹੈ ਕਿ ਤੇਰੇ ਉਪਰ ਰੱਬ ਦੀ ਕਿਰਪਾ ਹੈ ਅਤੇ ਤੂੰ ਹੋਰ ਕਿਰਪਾ ਜਾਂ ਘਨੇਰੀ ਕਿਰਪਾ ਦਾ ਪਾਤਰ ਬਣਨ ਲਈ ਮਾਲਕ ਦੇ ਗੁਣ ਗਾਨ ਕਰ, ਉਸਦਾ ਸਿਮਰਨ ਕਰ ਅਤੇ ਉਸਦਾ ਸ਼ੁਕਰ ਕਰ। ਅਖੀਰ ਵਿਚ ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਦਇਆ ਨਾਲ ਹੀ ਹਿਰਦੇ ਵਿਚ ਪ੍ਰਕਾਸ਼ ਹੁੰਦਾ ਹੈ ਅਤੇ ਹਿਰਦੇ ਰੂਪੀ ਕਮਲ ਖਿਲਦਾ ਹੈ।[404] ਭਗਤ ਰਵਿਦਾਸ ਜੀ ਕਥਨ ਕਰਦੇ ਹਨ ਕਿ ਜੋ ਵਿਅਕਤੀ ਰੱਬ ਦੀ ਕਿਰਪਾ ਦੇ ਬਾਵਜੂਦ ਬੰਦਗੀ ਨਹੀਂ ਕਰਦੇ ਉਹ ਜੀਵਨ ਦੀ ਬਾਜ਼ੀ ਹਾਰ ਕੇ ਜਾਣਗੇ।[405]

> ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੀ ਕ੍ਰਿਪਾ ਦੇ ਨਾਲ-ਨਾਲ ਗੁਰੂ ਦੀ ਕ੍ਰਿਪਾ ਨੂੰ ਵੀ ਬਹੁਤ ਮਹੱਤਵ ਦਿੱਤਾ ਗਿਆ ਹੈ 'ਜਪੁਜੀ' ਵਿਚ ਕ੍ਰਿਪਾਲੂ ਪਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ/ਪ੍ਰਸਾਦਿ ਦੁਆਰਾ ਕਹੀ ਗਈ ਹੈ। ਗੁਰੂ ਅਤੇ ਪਰਮਾਤਮਾ ਅਭਿੰਨ ਹੋਣ ਕਾਰਣ ਦੋਹਾਂ ਦੀ ਕ੍ਰਿਪਾ ਜਿਗਿਆਸੂ ਲਈ ਪਰ ਆਵੱਸ਼ਕ ਹੈ। ਗੁਰੂ ਦੀ ਕ੍ਰਿਪਾ ਤੋਂ ਬਿਨਾ ਪ੍ਰਭੂ, ਮੁਕਤੀ, ਗਿਆਨ, ਭਗਤੀ ਆਦਿ ਕਿਸੇ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ ਅਤੇ ਗੁਰੂ ਦੀ ਪ੍ਰਾਪਤੀ ਪਰਮਾਤਮਾ ਦੀ ਕ੍ਰਿਪਾ ਨਾਲ ਹੁੰਦੀ ਹੈ।[406]

ਰੱਬ ਦੀ ਕਿਰਪਾ ਦਾ ਚਾਹਵਾਨ ਭੇਖ ਅਤੇ ਮਨ ਹਠ ਨਹੀਂ ਕਰਦਾ। ਕਿਰਪਾ ਆਪਣੇ ਆਪ ਵਿਚ ਅਨੁਸ਼ਾਸ਼ਨ ਹੁੰਦਾ ਹੈ ਜੋ ਸਾਧਕ ਨੂੰ ਸਾਦਗੀ ਅਤੇ ਸੌਖੇ ਰਾਹ ਤੇ ਤੋਰਦਾ ਹੈ। ਰੱਬ ਦੀ ਨਦਰ ਰੱਬ ਅੱਗੇ ਪੂਰਨ ਸਮਰਪਣ ਦੇ ਅਰਥਾਂ ਵਿਚ ਵੀ ਸਾਹਮਣੇ ਆਉਂਦੀ ਹੈ। ਇਸ ਨਾਲ ਸਾਧਕ ਦੇ ਮਨ ਵਿਚ ਵਿਸ਼ਵਾਸ ਬੱਝਦਾ ਹੈ। ਰੱਬ ਦੀ ਨਦਰ ਵਿਚ ਸਾਰੇ ਗੁਣ ਆ ਜਾਂਦੇ ਹਨ।

**ਸੇਵਾ**

ਸੇਵਾ ਦਾ ਅਰਥ ਖਿਦਮਤ ਕਰਨੀ ਹੁੰਦਾ ਹੈ।[407] ਕਿਸੇ ਵਡਿਆਈ ਦੀ ਲਾਲਸਾ ਨਾਲ ਕੀਤੀ ਸੇਵਾ ਵਿਅਰਥ ਹੈ। ਪਹਿਲਵਾਨ ਖੁਰਾਕ ਖਾਣ ਤੋਂ ਬਾਅਦ ਕਸਰਤ ਕਰਕੇ ਖਾਧੀ ਹੋਈ ਖੁਰਾਕ ਨੂੰ ਪਚਾਉਂਦਾ ਹੈ। ਇਸ ਤਰ੍ਹਾਂ ਹੀ ਸਿਮਰਨ ਰੂਪੀ ਖੁਰਾਕ ਨੂੰ ਪਚਾਉਣ ਲਈ ਸੇਵਾ ਰੂਪੀ ਕਸਰਤ ਦੀ ਜ਼ਰੂਰਤ ਹੈ। ਜੇਕਰ ਖੁਰਾਕ ਨਾ ਪਚੇ ਤਾਂ ਉਸ ਨਾਲ ਦਸਤ ਅਤੇ ਉਲਟੀਆਂ ਲੱਗ ਜਾਂਦੀਆਂ ਹਨ। ਇਸ ਤਰ੍ਹਾਂ ਕੇਵਲ ਸਿਮਰਨ ਮਨ ਵਿਚ ਅਭਿਮਾਨ ਦਾ ਵਾਧਾ ਕਰ ਦਿੰਦਾ ਹੈ ਜਿਵੇਂ ਮੈਂ ਏਨੀ ਵਾਰ ਇਸ ਮੰਤ੍ਰ ਦਾ ਜਾਪ ਕੀਤਾ ਹੈ, ਮੈਂ ਏਨੀ ਵਾਰ ਇਸ ਬਾਣੀ ਦਾ ਪਾਠ ਕੀਤਾ ਹੈ। ਰੱਬ ਗਿਣਤੀਆਂ-ਮਿਣਤੀਆਂ ਨਾਲ ਖੁਸ਼ ਨਹੀਂ ਹੁੰਦਾ। ਸਿਮਰਨ ਮਨ ਰਾਹੀਂ ਕੀਤਾ ਜਾਂਦਾ ਹੈ ਅਤੇ ਸੇਵਾ ਤਨ ਰਾਹੀਂ ਕੀਤੀ ਜਾਂਦੀ ਹੈ। ਸੇਵਾ ਕਰਨ ਵਾਲਿਆਂ ਨੂੰ ਦਰਗਾਹ ਵਿਚ ਥਾਂ ਮਿਲਦੀ ਹੈ।[408] ਨਾਮ ਸਿਮਰਨ ਦੇ ਨਾਲ-ਨਾਲ ਸੇਵਾ ਕਰਨ ਨਾਲ ਸਾਧਕ ਵਿਚ ਨਿਮਰਤਾ, ਪਰਉਪਕਾਰ, ਸਰਬੱਤ ਦਾ ਭਲਾ ਵਰਗੇ ਗੁਣ ਆਉਣ ਲੱਗ ਪੈਂਦੇ ਹਨ। ਸੇਵਾ ਨਿਸ਼ਕਾਮ ਹੋ ਕੇ ਕਰਨੀ ਚਾਹੀਦੀ ਹੈ। ਅਜਿਹੇ ਸਾਧਕਾਂ ਨੂੰ ਹੀ ਮਾਲਕ ਦੀ ਪ੍ਰਾਪਤੀ ਹੁੰਦੀ ਹੈ।[409] ਸ੍ਰੀ ਗੁਰੂ ਅਮਰਦਾਸ ਜੀ

---

[404] ਰਾਗ ਗਉੜੀ ਸੁਖਮਨੀ ਮ: ੫, 269 ਤੋਂ 271.

[405] *ਊਚੇ ਮੰਦਰਿ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥* ਰਾਗ ਸੋਰਠ, ਰਵਿਦਾਸ, 659.

[406] ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਧਨਾ ਦਾ ਸਰੂਪ,* ਪੰਨਾ-73.

[407] *ਮਹਾਨ ਕੋਸ਼,* ਪੰਨਾ-228.

[408] *ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥* ਰਾਗ ਸਿਰੀ ਰਾਗ, ਮ: ੧, 26.

[409] *ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥* ਰਾਗ ਗਉੜੀ ਸੁਖਮਨੀ, ਮ: ੫, 286.

ਦੱਸਦੇ ਹਨ ਗੁਰੂ ਦੀ ਸੇਵਾ ਵਿਚ ਆਪਾ ਭਾਵ ਛੱਡਣਾ ਪੈਂਦਾ ਹੈ।[410] ਸੰਗਤ ਦੇ ਜੋੜੇ ਝਾੜਨੇ, ਝਾੜੂ ਦੇਣਾ, ਪੱਖਾਂ ਝੱਲਣਾ, ਝੂਠੇ ਬਰਤਨ ਮਾਂਜਣੇ, ਪ੍ਰਸ਼ਾਦਾ ਤਿਆਰ ਕਰਨਾ, ਛਕਾਉਣਾ ਆਦਿਕ ਬੇਅੰਤ ਤਰ੍ਹਾਂ ਦੀਆਂ ਸੇਵਾਵਾਂ ਹਨ। ਸਿੱਖ ਇਤਿਹਾਸ ਵਿਚ ਬੇਅੰਤ ਅਜਿਹੀਆਂ ਸਾਖੀਆਂ ਹਨ ਜਿੰਨ੍ਹਾਂ ਰਾਹੀਂ ਪਤਾ ਲੱਗਦਾ ਹੈ ਕਿ ਨਾਮ ਸਾਧਨਾ ਦੇ ਨਾਲ-ਨਾਲ ਸੇਵਾ ਕਰਨ ਵਾਲੇ ਸਾਧਕਾਂ ਅੰਦਰ ਛੇਤੀ ਰੂਹਾਨੀ ਤਰੱਕੀ ਹੋਈ। ਅਜਿਹਾ ਇਸ ਲਈ ਕਿ ਨਾਮ ਸਿਮਰਨ ਵਾਲਾ ਅਜੇ ਆਲਮ ਬਣ ਰਿਹਾ ਹੈ ਪਰ ਸੇਵਾ ਕਰਨ ਵਾਲਾ ਆਮਲ ਬਣ ਚੁੱਕਾ ਹੈ। ਭਾਈ ਮੰਝ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਸੀ ਜੋ ਗੁਰੂ ਕੇ ਲੰਗਰਾਂ ਲਈ ਜੰਗਲ ਚੋਂ ਲੱਕੜਾਂ ਲੈ ਕੇ ਆਇਆ ਕਰਦਾ ਸੀ। ਇੱਕ ਦਿਨ ਲੱਕੜਾਂ ਲੈਣ ਗਏ ਨੂੰ ਝੱਖੜ ਅਤੇ ਮੀਂਹ ਨੇ ਘੇਰ ਲਿਆ। ਇੱਕ ਖੂਹ ਵਿੱਚ ਜਾ ਡਿੱਗਾ। ਗੁਰੂ ਸਾਹਿਬ ਸਿੱਖਾਂ ਨੂੰ ਨਾਲ ਲੈ ਕੇ ਉਸ ਖੂਹ ਕੋਲ ਪਹੁੰਚੇ ਅਤੇ ਭਾਈ ਮੰਝ ਨੂੰ ਬਾਹਰ ਨਿਕਲਣ ਲਈ ਰੱਸਾ ਸੁੱਟਿਆ। ਭਾਈ ਮੰਝ ਨੇ ਆਪ ਨਿਕਲਣ ਤੋਂ ਪਹਿਲਾ ਲੱਕੜਾਂ ਦੀ ਪੰਡ ਨੂੰ ਬਾਹਰ ਕੱਢਿਆ ਤਾਂ ਜੋ ਗੁਰੂ ਕੇ ਲੰਗਰਾਂ ਲਈ ਸੁੱਕਾ ਬਾਲਣ ਮਿਲ ਸਕੇ। ਗੁਰੂ ਅਰਜਨ ਦੇਵ ਜੀ ਇਸ ਸੇਵਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਭਾਈ ਮੰਝ ਨੂੰ ਆਪਣਾ ਜਹਾਜ਼ ਕਹਿ ਦਿੱਤਾ ਜਿਸਦਾ ਅਰਥ ਇਹ ਸੀ ਕਿ ਤੇਰੀ ਸੇਵਾ ਦੀ ਕਮਾਈ ਤੋਂ ਸਿੱਖਿਆ ਲੈ ਕੇ ਹੋਰ ਸਾਧਕ ਵੀ ਪਾਰ ਪਹੁੰਚ ਜਾਣਗੇ।[411] ਇਸ ਤਰ੍ਹਾਂ ਹੀ ਭਾਈ ਕਨੱਈਆ ਜੀ ਬਿਨਾਂ ਭੇਦ ਭਾਵ ਤੋਂ ਜ਼ਖਮੀ ਹੋਏ ਹਿੰਦੂਆਂ ਅਤੇ ਤੁਰਕਾਂ ਨੂੰ ਪਾਣੀ ਪਿਲਾਉਂਦੇ ਸਨ। ਗੁਰੂ ਸਾਹਿਬ ਵੇਲੇ ਆਟਾ ਪੀਸਣ, ਪਾਣੀ ਢੋਣ, ਪੱਖਾ ਫੇਰਨ ਦਾ ਜ਼ਿਕਰ ਆਉਂਦਾ ਹੈ।[412] ਸੇਵਾ ਵਿਚ ਹਮਦਰਦੀ, ਨਿਸ਼ਕਾਮਤਾ ਅਤੇ ਚਾਅ ਹੋਣਾ ਚਾਹੀਦਾ ਹੈ। ਸੇਵਾ ਉਹ ਹੀ ਪ੍ਰਵਾਨ ਹੁੰਦੀ ਹੈ ਜਿਸ ਵਿਚ ਗੁਰੂ ਦਾ ਮੰਨ ਮੰਨਦਾ ਹੈ।[413] ਅਸੀਂ ਅੱਜ ਤੱਕ ਸੇਵਾ ਦਾ ਖੇਤਰ ਸਮਝ ਹੀ ਨਹੀਂ ਸਕੇ। ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਿਰ ਸਾਹਿਬ ਉਪਰ ਸੋਨੇ ਦੇ ਪੱਤਰੇ ਚੜਵਾ ਕੇ ਸੇਵਾ ਕੀਤੀ ਸੀ। ਸਿੱਟੇ ਵਜੋਂ ਲੋਕ ਉਸਨੂੰ ਰੱਬ ਦਾ ਮੰਦਿਰ ਕਹਿਣ ਦੀ ਥਾਂ ਸੋਨੇ ਦਾ ਮੰਦਿਰ ਕਹਿਣ ਲੱਗ ਪਏ ਹਨ। ਭਾਈ ਕਨੱਈਆ ਜੀ ਨੇ ਫਿੱਕਾ ਪਾਣੀ ਪ੍ਰੇਮ ਸਹਿਤ ਪਿਲਾਇਆ ਸੀ। ਅਸੀਂ ਮਿੱਠਾ ਪਾਣੀ ਪ੍ਰੇਮ ਰਹਿਤ ਪਿਲਾਉਂਦੇ ਹਾਂ। ਆਧੁਨਿਕੀਕਰਨ ਨੇ ਸੇਵਾ ਦੇ ਸਰੂਪ ਨੂੰ ਬਦਲ ਦਿੱਤਾ ਹੈ। ਅਸੀਂ ਵਿਰਾਸਤੀ ਇਮਾਰਤਾਂ ਨੂੰ ਢਾਹ ਕੇ ਰੋੜੀ ਬਣਾ ਦਿੱਤੀ ਹੈ ਅਤੇ ਦਰਖਤਾਂ ਦਾ ਬਾਲਣ ਬਣਾ ਦਿੱਤਾ ਹੈ। ਲੰਗਰ ਵੀ ਬਹੁਤੀ ਥਾਂ ਤੇ ਮੁੱਲ ਦੇ ਮਜ਼ਦੂਰ ਹੀ ਤਿਆਰ ਕਰਦੇ ਹਨ। ਪਰ ਹੱਥੀਂ ਸੇਵਾ ਦਾ ਵੱਖਰਾ ਆਨੰਦ ਹੈ। ਨਾਮ ਸਿਮਰਨ ਦਾ ਪਤਾ ਕੇਵਲ ਨਾਮ ਸਿਮਰਨ ਵਾਲੇ ਨੂੰ ਹੁੰਦਾ ਹੈ ਪਰ ਸੇਵਾ ਕਰਨ ਵਾਲੇ ਦਾ ਜਸ ਛੇਤੀ ਸੰਸਾਰ ਵਿਚ ਫੈਲ ਜਾਂਦਾ ਹੈ। ਨਾਮ ਸਿਮਰਨ ਥਿਊਰੀ ਹੈ ਅਤੇ ਸੇਵਾ ਪ੍ਰੈਕਟੀਕਲ। ਨਾਮ ਸਿਮਰਨ ਕਹਿਣੀ ਹੈ ਅਤੇ ਸੇਵਾ ਕਰਣੀ ਹੈ। ਜੇਕਰ ਅੰਦਰ ਨੂੰ ਨਾਮ ਸਿਮਰਨ ਨਾਲ ਖੁਸ਼ੀ ਮਿਲਦੀ ਹੈ ਤਾਂ ਬਾਹਰੀ ਤਨ ਨੂੰ ਸੇਵਾ ਨਾਲ ਸੰਤੁਸ਼ਟੀ ਮਿਲਦੀ ਹੈ।

---

[410] *ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥* ਰਾਗ ਆਸਾ, ਮ: ੨, 474.

[411] *ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ॥ ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ॥* ਕਿਰਪਾਲ ਸਿੰਘ (ਡਾ.), (ਸੰਪਾ.), *ਸ੍ਰੀ ਗੁਰੂ ਅਰਜਨ ਦੇਵ ਜੀ*, ਭਾਗ ਪਹਿਲਾ, ਪੰਨਾ- 318.

[412] *ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ॥* ਰਾਗ ਸੂਹੀ, ਮ: ੫, 749.

[413] *ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨ ਮੰਨੇ॥ ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥* ਰਾਗ ਗਉੜੀ, ਮ: ੩, 314.

ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤਾਂ ਵਿਚ ਜ਼ਿਕਰ ਕੀਤਾ ਹੈ ਕਿ ਜਿਵੇਂ ਖੰਡ-ਖੰਡ ਕਹਿਆ ਜ਼ਬਾਨ ਮਿੱਠੀ ਨਹੀਂ ਹੁੰਦੀ, ਅੱਗ-ਅੱਗ ਕਹਿਆ ਠੰਡ ਦੂਰ ਨਹੀਂ ਹੁੰਦੀ, ਵੈਦ-ਵੈਦ ਕਹਿਆ ਰੋਗ ਨਹੀਂ ਕੱਟਿਆ ਜਾਂਦਾ, ਪੈਸਾ-ਪੈਸਾ ਕਹਿਆ ਅਮੀਰ ਨਹੀਂ ਬਣਿਆ ਜਾਂਦਾ, ਚੰਦਨ-ਚੰਦਨ ਕਹਿਆ ਵਾਸ਼ਨਾ ਨਹੀਂ ਆਉਂਦੀ, ਚੰਦ-ਚੰਦ ਕਹਿਆ ਚਾਨਣ ਨਹੀਂ ਹੁੰਦਾ। ਇਸ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਕਰਣੀ ਪ੍ਰਾਪਤ ਨਹੀਂ ਹੁੰਦੀ।[414] ਇਸ ਲਈ ਕਰਣੀ ਪ੍ਰਾਪਤ ਕਰਨ ਲਈ ਸੇਵਾ ਹੀ ਵਧੀਆ ਮਾਧਿਅਮ ਹੈ:

> ਮਨੁੱਖਤਾ ਦੀ ਸੇਵਾ, ਬਿਨਾ ਕਿਸੇ ਜਾਤ, ਧਰਮ ਆਦਿ ਦੇ ਵਿਤਕਰੇ ਦੇ ਸਾਰੇ ਧਰਮਾਂ ਦਾ ਬੜਾ ਜ਼ਰੂਰੀ ਨਿਸ਼ਾਨਾ ਹੈ। ਈਸਾਈਅਤ ਦੀ ਸਾਰੀ ਤਰੱਕੀ ਇਸ ਵਿਚ ਹੈ। ਗੁਰੂ ਸਾਹਿਬਾਨ ਆਪਣੇ ਸਿੱਖਾਂ ਦੇ ਖਰਚ ਨਾਲ ਚਲਾਏ ਲੰਗਰ, ਬਣਾਏ ਸ਼ਹਿਰ ਤੇ ਦਵਾਖਾਨੇ ਸਾਰਿਆਂ ਲਈ ਖੁੱਲ੍ਹੇ ਰੱਖਦੇ। ਉਹ ਇਨ੍ਹਾਂ ਸੰਸਥਾਵਾਂ ਦਾ ਮਿਆਰ ਉੱਚਾ ਰੱਖਦੇ।[415]

ਅਸੀਂ ਅਕਸਰ ਦੁਨੀਆਦਾਰੀ ਵਿਚ ਕਿਸੇ ਨਾ ਕਿਸੇ ਨਾਲ ਗੁੱਸੇ ਹੁੰਦੇ ਹਾਂ ਪਰ ਸੇਵਾ ਕਰਦਿਆਂ ਜੇਕਰ ਉਹ ਵਿਅਕਤੀ ਪੰਗਤ ਵਿਚ ਬੈਠਾ ਹੋਵੇ ਤਾਂ ਅਸੀਂ ਉਸਦੀ ਵੀ ਗੁਰੂ ਦਾ ਰੂਪ ਜਾਣਕੇ ਸੇਵਾ ਕਰਦੇ ਹਾਂ। ਸੇਵਾ ਸਾਡੇ ਅੰਦਰੋਂ ਬੇਗਾਨਗੀ ਦੀ ਭਾਵਨਾ ਨੂੰ ਖਤਮ ਕਰਕੇ ਨਿਰਮਲ ਪਿਆਰ ਨੂੰ ਸੁਰਜੀਤ ਕਰਦੀ ਹੈ।

**ਉਸਤਤ**

ਗੁਰਮਤਿ ਨੇ ਰੱਬ ਦੀ ਉਸਤਤ ਲਈ ਕਥਾ ਅਤੇ ਕੀਰਤਨ ਨੂੰ ਉੱਤਮ ਮੰਨਿਆ ਹੈ। ਇਹ ਇਕੱਲ ਵਿਚ ਵੀ ਹੁੰਦੇ ਹਨ ਅਤੇ ਸੰਗਤ ਵਿਚ ਵੀ। ਇਹ ਦੋਵੇਂ ਪ੍ਰੇਮ ਦੇ ਭਾਵ ਨੂੰ ਪ੍ਰਗਟ ਕਰਨ ਦੇ ਸਾਧਨ ਹਨ। ਇਸ ਸਾਧਨਾ ਰਾਹੀਂ ਸਾਧਕ ਬਾਹਰਮੁਖੀ ਹੋ ਕੇ ਗੁਣ ਗਾਉਂਦੇ ਹਨ ਅਤੇ ਅੰਤਰਮੁਖੀ ਹੋ ਕੇ ਵਿਕਾਰਾਂ ਨਾਲ ਲੜਦੇ ਹਨ। ਇਹ ਸਾਧਕ ਦੀ ਜ਼ਬਾਨ ਰਾਹੀਂ ਧੁਰ ਤੱਕ ਪਹੁੰਚਦੇ ਹਨ ਅਤੇ ਧੁਰ ਤੋਂ ਜ਼ਬਾਨ ਤੱਕ। ਇਹ ਅਮਰ ਬੋਲ ਹੁੰਦੇ ਹਨ। ਇਨ੍ਹਾਂ ਨੂੰ ਬਚਨ ਵੀ ਕਿਹਾ ਜਾਂਦਾ ਹੈ।[416] ਇਨ੍ਹਾਂ ਵਿਚ ਸੱਚਾਈ, ਪਵਿੱਤਰਤਾ ਅਤੇ ਕੋਮਲਤਾ ਦੇ ਭਾਵ ਹੁੰਦੇ ਹਨ। ਏਥੇ ਕਥਾ ਤੋਂ ਭਾਵ ਇਹ ਵੀ ਨਹੀਂ ਜੋ ਸਾਡੇ ਗੁਰੂ ਘਰਾਂ ਵਿਚ ਰਿਵਾਇਤੀ ਹੈ। ਜਿਸ ਪਿਆਰੇ ਨਾਲ ਸਾਧਕ ਪਿਆਰ ਕਰਦਾ ਹੈ। ਕਥਾ ਉਸ ਪਿਆਰੇ ਦੀਆਂ ਗੱਲਾਂ ਹਨ। ਕਥਾ ਤਿੰਨ ਤਰ੍ਹਾਂ ਦੀ ਹੈ- ਹਰੀ ਦੀ ਕਥਾ, ਗੁਰੂ ਦੀ ਕਥਾ ਅਤੇ ਅਕਥ ਕਥਾ। ਸ੍ਰੀ ਗੁਰੂ ਅਮਰਦਾਸ ਜੀ ਫ਼ੁਰਮਾਨ ਕਹਿੰਦੇ ਹਨ ਕਿ ਹੇ ਸੰਤ ਜਨੋ ਤੁਸੀਂ ਪ੍ਰਭੂ ਦੀ ਅਕੱਥ ਕਥਾ ਕਰੋ ਅਤੇ ਵਿਚਾਰੋ ਕਿ ਮਾਲਕ ਦੀ ਪ੍ਰਾਪਤੀ ਕਿਵੇਂ ਹੋਵੇਗੀ।[417] ਰੱਬ ਦੀਆਂ ਕਥਾ ਕਹਾਣੀਆਂ ਗੁਰੂ ਦੇ ਮਿੱਤਰ ਸੁਣਾਉਂਦੇ ਹਨ।[418] ਕਥਾ ਅਤੇ ਕੀਰਤਨ

---

[414] *ਖਾਂਡ ਖਾਂਡ ਕਹੈ ਜਿਹਬਾ ਨ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ॥
ਬੈਦ ਕਹੈ ਰੋਗ ਮਿਟਤ ਨ ਕਾਹੂ ਕੋ, ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ॥
ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ, ਚੰਦ੍ਰ ਚੰਦ੍ਰ ਕਹੈ ਉਜਿਆਰੋ ਨ ਪ੍ਰਗਾਸ ਹੈ॥
ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ, ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ॥ ਕਬਿੱਤ ਭਾਈ ਗੁਰਦਾਸ,* ਪੰਨਾ-271.

[415] ਤਾਰਨ ਸਿੰਘ, *ਭਗਤੀ ਅਤੇ ਸ਼ਕਤੀ,* ਪੰਨਾ-164.

[416] *ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥* ਰਾਗ ਗਉੜੀ ਮ: ੪, 306.

[417] *ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥ ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ॥* ਰਾਗ ਰਾਮਕਲੀ, ਮ: ੩, 918.

ਵਿਚ ਅੰਤਰ ਇਹ ਹੈ ਕਿ ਕਥਾ ਕਹੀ ਜਾਂਦੀ ਅਤੇ ਕੀਰਤਨ ਗਾਇਨ ਕੀਤਾ ਜਾਂਦਾ ਹੈ। ਕਥਾ-ਕੀਰਤਨ ਵਿਚ ਰੱਬ ਦੇ ਗੁਣ ਨੂੰ ਦੱਸਿਆ ਜਾਂਦਾ ਹੈ। ਇਸ ਨਾਲ ਸਾਰੇ ਦੁੱਖਾਂ ਦਾ ਨਾਸ ਹੁੰਦਾ ਹੈ। ਮਨ ਉਪਰ ਲੱਗੀ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ। ਇਹ ਦੋਵੇਂ ਰੱਬ ਦੀ ਉਸਤਤ ਕਰਨ ਦਾ ਸਾਧਨ ਵੀ ਹਨ ਸਾਧਨਾ ਵੀ। ਇਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕਥਾ ਅਤੇ ਕੀਰਤਨ ਪੜਿਆ ਲਿਖਿਆ ਕਰ ਸਕਦਾ ਹੈ। ਫੇਰ ਅਨਪੜ੍ਹਾਂ ਦਾ ਕੀ ਬਣੇਗਾ? ਰਿਕਸ਼ਾ ਚਲਾਉਣ ਵਾਲੇ, ਮਜ਼ਦੂਰ, ਕਿਸਾਨ ਕਿਵੇਂ ਕਥਾ ਕੀਰਤਨ ਕਰ ਸਕਦੇ ਹਨ? ਗੁਰੂ ਸਾਹਿਬ ਦੱਸਦੇ ਹਨ ਕਿ ਬੰਦਗੀ ਵਿਚ ਪੜ੍ਹੇ ਅਤੇ ਅਨਪੜ੍ਹ ਦਾ ਸੁਆਲ ਨਹੀਂ ਹੈ।[419] ਕਥਾ ਅਤੇ ਕੀਰਤਨ ਰੱਬ ਦੀ ਕੀਰਤੀ ਦਾ ਹਿਰਦੇ ਚੋਂ ਫੁਟਿਆ ਚਸ਼ਮਾ ਹੁੰਦਾ ਹੈ। ਪਿਆਰ ਵਿਚ ਬੋਲੇ ਸਾਰੇ ਬੋਲ ਰੱਬ ਵੱਲੋਂ ਪ੍ਰਵਾਨ ਕੀਤੇ ਜਾਂਦੇ ਹਨ। ਇਤਿਹਾਸਿਕ ਪ੍ਰਮਾਣ ਹੈ ਕਿ ਸੱਤਾ ਬਲਵੰਡ ਗੁਰੂ ਘਰ ਦੇ ਕੀਰਤਨੀਏ ਸਨ। ਇਹ ਦੋਵੇਂ ਗੁਰੂ ਜੀ ਤੋਂ ਨਾਰਾਜ਼ ਹੋ ਗਏ ਅਤੇ ਗੁਰੂ ਘਰ ਵਿਚ ਕੀਰਤਨ ਨਾ ਕਰਨ ਦੀ ਗੱਲ ਕਹੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹੁਤ ਮਨਾਇਆ ਪਰ ਉਹ ਨਾ ਮੰਨੇ ਤਾਂ ਗੁਰੂ ਜੀ ਨੇ ਸਿੱਧੇ ਸਾਦੇ ਅਤੇ ਰਾਗ ਵਿੱਦਿਆ ਤੋਂ ਹੀਣੇ ਸਿੱਖਾਂ ਨੂੰ ਹੁਕਮ ਦਿੱਤਾ ਸੀ ਕਿ ਫੜੋ ਸਿਰੰਦੇ ਅਤੇ ਗੁਰੂ ਦੀ ਉਪਮਾ ਕਰੋ।[420] ਜਿੰਨਾਂ ਜਿੰਨਾਂ ਸਾਡਾ ਗੁਰੂ ਘਰ ਦਾ ਢਾਂਚਾ ਪੜਿਆ ਲਿਖਿਆ ਹੁੰਦਾ ਜਾ ਰਿਹਾ ਹੈ। ਉਂਨਾ-ਉਂਨਾ ਅਸੀਂ ਭਾਈ ਮਰਦਾਨੇ ਵਰਗੇ ਨਿਸ਼ਕਾਮ ਕੀਰਤਨੀਆ ਤੋਂ ਮਹਿਰੂਮ ਹੁੰਦੇ ਜਾ ਰਹੇ ਹਾਂ। ਕਲਯੁੱਗ ਵਿਚ ਕੀਰਤਨ ਦੀ ਪ੍ਰਧਾਨਤਾ ਦੱਸੀ ਗਈ ਹੈ। ਜੋ ਗੁਰਮੁਖ ਕੀਰਤਨ ਵਿਚ ਧਿਆਨ ਨਾਲ ਜਪਦੇ ਹਨ। ਉਹ ਆਪ ਤਾਂ ਤਰਦੇ ਹਨ ਸਗੋਂ ਆਪਣੀਆਂ ਕਈ ਕੁਲਾਂ ਨੂੰ ਵੀ ਤਾਰ ਲੈਂਦੇ ਹਨ।[421] ਰਾਮਕਲੀ ਸਦ ਨਾਂ ਦੀ ਬਾਣੀ ਵਿਚ ਦੱਸਿਆ ਹੈ ਕਿ ਮ੍ਰਿਤੂ ਹੋਣ ਤੋਂ ਬਾਅਦ ਰੋਣਾ ਨਹੀਂ ਚਾਹੀਦਾ ਸਗੋਂ ਕੀਰਤਨ ਕਰਨਾ ਚਾਹੀਦਾ ਹੈ।[422] ਕੀਰਤਨ ਨਿਸ਼ਕਾਮ ਹੋ ਕੇ ਕਰਨਾ ਚਾਹੀਦਾ ਹੈ।[423] ਅਜਿਹਾ ਕੀਰਤਨ ਕਰੋ ਜੋ ਏਥੇ ਅਤੇ ਓਥੇ ਕੰਮ ਆਵੇ।[424] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਤੋਂ ਵਿਛੜੀਆਂ ਰੂਹਾਂ ਨੂੰ ਕੀਰਤਨ ਦੇ ਮਾਧਿਅਮ ਰਾਹੀਂ ਰੱਬ ਨਾਲ ਜੋੜਿਆ। ਆਪ ਜੀ ਨੇ ਆਪਣੇ ਆਪ ਨੂੰ ਰੱਬ ਦਾ ਢਾਢੀ[425] ਅਤੇ ਸ਼ਾਇਰ[426] ਕਿਹਾ ਹੈ:

> ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਕੀਰਤਨ ਕਰਨਾ ਇਸ ਗ੍ਰੰਥ ਦੀ ਬੁਨਿਆਦੀ ਲੋੜ ਹੈ। ਰਾਗ ਉਦਾਸ ਮਨਾਂ ਨੂੰ ਸੁਰਜੀਤ ਕਰ ਦਿੰਦਾ ਹੈ। ਕੀਰਤਨ ਬੁਝੇ ਹੋਏ ਮਨ ਨੂੰ ਟੁੰਬ ਕੇ ਉਸ ਅੰਦਰ ਅਧਿਆਤਮਿਕ ਕੰਬਣੀ ਛੇੜ ਦਿੰਦਾ ਹੈ, ਸਾਰਾ ਵਾਤਾਵਰਣ ਝੂਮ ਉਠਦਾ ਹੈ।[427]

---

[418] *ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥* ਰਾਗ ਤਿਲੰਗ, ਮ: ੪ 725.

[419] *ਜੋ ਪ੍ਰਾਣੀ ਗੋਵਿੰਦੁ ਧਿਆਵੈ॥ ਪੜਿਆ ਅਣਪੜਿਆ ਪਰਮ ਗਤਿ ਪਾਵੈ॥* ਰਾਗ ਗਉੜੀ, ਮ: ੫, 197.

[420] ਗਿਆਨੀ ਗਿਆਨ ਸਿੰਘ, *ਉਹੀ ਰਚਨਾ,* ਪੰਨਾ- ???

[421] *ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥ ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥* ਰਾਗ ਮਾਰੂ, ਮ: ੫, 1075.

[422] *ਅੰਤੇ ਸਤਿਗੁਰ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥* ਰਾਗ ਰਾਮਕਲੀ, ਸੁੰਦਰ ਜੀ, 923.

[423] *ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥* ਰਾਗ ਸੂਹੀ ਮ: ੫, 747.

[424] *ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥* ਰਾਗ ਗਉੜੀ ਮ: ੫, 236.

[425] *ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥* ਰਾਗ ਮਾਝ, ਮ: ੧ 150.

[426] *ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥* ਰਾਗ ਧਨਾਸਰੀ, ਮ : ੨, 660.

[427] ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ*, ਪੰਨਾ-84.

ਆਪ ਜੀ ਨੇ ਭਾਈ ਮਰਦਾਨਾ ਜੀ ਦੀ ਮੌਤ ਤੋਂ ਬਾਅਦ ਉਸਦੇ ਪੁੱਤਰ ਸ਼ਹਿਜ਼ਾਦ ਨੂੰ ਰਬਾਬ ਦੇ ਕੇ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ ਸੀ।[428] ਕਥਾ ਵਿੱਚ ਕੇਵਲ ਸੁਣਿਆ ਜਾਂਦਾ ਹੈ ਪਰ ਕੀਰਤਨ ਵਿਚ ਸੁਣਨ ਦੇ ਨਾਲ-ਨਾਲ ਗਾਇਆ ਅਤੇ ਜਪਿਆ ਵੀ ਜਾਂਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜੋ ਦਿਨ ਰਾਤ ਨਿਸ਼ਕਾਮ ਹੋ ਕੇ ਕੀਰਤਨ ਕਰਦੇ ਹਨ। ਉਹ ਦੁਬਾਰਾ ਜੂਨੀਆਂ ਵਿਚ ਨਹੀਂ ਆਉਣਗੇ।[429] ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਵਾਲੇ ਦੇ ਗੁਣ ਦੱਸੇ ਹਨ। ਉਹ ਕੀਰਤਨ ਕਰਨ ਵਾਲਾ ਭਲਾ ਹੈ ਜੋ ਇਕ ਓਅੰਕਾਰ ਦੀ ਉਸਤਤ ਦੀ ਧੁਨ ਅਲਾਪਦਾ ਹੈ। ਆਪ ਇੱਕ ਅਕਾਲਪੁਰਖ ਵਿਚ ਨਿਸ਼ਚਾ ਰੱਖਦਾ ਹੈ ਅਤੇ ਹੋਰਨਾਂ ਦਾ ਨਿਸ਼ਚਾ ਵੀ ਪੱਕਾ ਕਰਾਉਂਦਾ ਹੈ। ਉਹ ਮਾਇਆ ਦੇ ਝੂਠੇ ਧੰਦਿਆਂ ਨੂੰ ਛੱਡ ਦਿੰਦਾ ਹੈ। ਸੰਤੋਖ ਧਾਰਨ ਕਰਕੇ ਪੰਜ ਤਰ੍ਹਾਂ ਦੇ ਵਾਜੇ ਬਣਾ ਲੈਂਦਾ ਹੈ। ਸਾ, ਰੇ, ਗਾ, ਮਾ ,ਪਾ, ਧਾ, ਨੀ ਸੱਤ ਸੁਰਾਂ ਨੂੰ ਜੀਵਨ ਵਿਚ ਧਾਰਨ ਕਰ ਲੈਂਦਾ ਹੈ। ਉਹ ਮਾਣ-ਤਾਣ ਛੱਡ ਦਿੰਦਾ ਹੈ ਅਤੇ ਬੁਰੇ ਪਾਸੇ ਪੈਰ ਨਹੀਂ ਪਾਉਂਦਾ। ਉਹ ਪਰਮਾਤਮਾ ਨੂੰ ਨੇੜ੍ਹੇ ਜਾਣਦਾ ਹੈ। ਉਸ ਲਈ ਸਾਰੀਆਂ ਬੁਰੀਆਂ ਆਦਤਾਂ ਤਿਆਗਣੀਆਂ ਘੁੰਗਰੂਆਂ ਦੀ ਆਵਾਜ਼ ਬਣ ਜਾਂਦੀਆਂ ਹਨ। ਉਹ ਆਤਮਕ ਸੁਖ ਮਾਣਦਾ ਹੈ। ਅਜਿਹਾ ਕੀਰਤਨੀਆ ਕਰੋੜਾਂ ਚੋਂ ਇੱਕ ਹੈ।[430] ਉਪਰੋਕਤ ਕਥਨ ਤੋਂ ਸਾਫ ਹੋ ਜਾਂਦਾ ਹੈ ਕਿ ਕੀਰਤਨ ਕਰਨ ਵਾਲੇ ਵਿਚ ਦੁਜੈਲਤਾ, ਦੁਬਿਧਾ ਜਾਂ ਬੁਰਾਈਆਂ ਹੁੰਦੀਆਂ। ਅਜਿਹਾ ਕੀਰਤਨ ਜਦੋਂ ਹੁੰਦਾ ਹੈ ਤਾਂ ਮਨ ਲੱਗਦਾ ਹੈ।[431] ਇਹ ਅੰਤਰੀਵ ਦੀ ਸਾਧਨਾ ਹੈ। ਭਗਤ ਨਾਮਦੇਵ ਜੀ ਮੁਹੰਮਦ ਤੁਗਲਕ ਦੀ ਕੈਦ ਵਿਚ ਕੈਦੀ ਸਨ। ਆਪ ਜੀ ਦੇ ਹੱਥਾਂ ਅਤੇ ਪੈਰਾਂ ਨੂੰ ਬੇੜੀਆਂ ਪਾਈਆਂ ਹੋਈਆਂ ਸਨ। ਆਪ ਜੀ ਨੇ ਬੇੜੀ ਉਪਰ ਬੇੜੀ ਨੂੰ ਮਾਰਕੇ ਆਵਾਜ਼ ਪੈਦਾ ਕੀਤੀ ਅਤੇ ਮਾਲਕ ਦੇ ਗੁਣ ਗਾਏ।[432] ਕਥਾ ਅਤੇ ਕੀਰਤਨ ਦਾ ਆਪਸ ਵਿਚ ਅਟੁੱਟ ਰਿਸ਼ਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿਖ ਝਾਂਝੂ, ਮੁਕੰਦੇ ਅਤੇ ਕਿਦਾਰਾ ਦੇ ਪੁੱਛਣ ਤੇ ਦੱਸਿਆ ਸੀ:

> ਜੈਸੇ ਮਾਤਾ ਪੁਤ੍ਰਾਂ ਕਰਕੇ ਸੋਭਤੀ ਹੈ॥ ਤੇ ਪੁਤ੍ਰਾਂ ਦੀ ਪਾਲਣਾ ਮਾਤਾ ਕਰ ਹੋਂਦੀ ਹੈ॥ ਤੇ ਕਥਾ ਮਾਤਾ ਹੈ ਤੇ ਕੀਰਤਨ ਪੁੱਤ੍ਰ ਹੈ॥ ਤਾਂ ਸਿਖਾਂ ਅਰਦਾਸ ਕੀਤੀ ਜੀ ਇਸਦਾ ਪਿਤਾ ਕੌਨ ਹੈ॥ ਤਾ ਬਚਨ ਹੋਇਆ ਪ੍ਰੇਮ ਜੋ ਹੈ ਸੋ ਕਥਾ ਦਾ ਭਰਤਾ ਹੈ॥ ਤੇ ਕੀਰਤਨ ਦਾ ਪਿਤਾ ਹੈ॥ ਪ੍ਰੇਮ ਕਰਕੇ ਦੋਨੋ ਸੋਭਾ ਪਾਵਦੇ ਹੈਨ॥ ਤਾ ਓਹੁ ਸਦਾ ਹਜੂਰ ਕੀਰਤਨ ਕਰਨ॥ ਤੇ ਨਿਸ਼ਕਾਮ ਹੋ ਕੇ ਕਛ ਕਾਮਨਾ ਨਾ ਕਰਨ॥[433]

ਇਥੇ ਇਸ਼ਾਰਾ ਪ੍ਰੇਮ ਵੱਲ ਹੈ। ਉਨ੍ਹਾਂ ਸਾਧਕਾਂ ਦੇ ਸਭ ਮਨੋਰਥ ਪੂਰੇ ਹੋ ਜਾਂਦੇ ਹਨ ਜੋ ਪ੍ਰੇਮ ਸਹਿਤ ਕਥਾ-ਕੀਰਤਨ ਰਾਹੀਂ ਰੱਬ ਦੀ ਉਸਤਤ ਕਰਦੇ ਅਤੇ ਸੁਣਦੇ ਹਨ।

**ਹੁਕਮ ਦੀ ਅਧੀਨਗੀ**

---

[428] ਹਰਪਾਲ ਸਿੰਘ ਪੰਨੂ ਡਾ., *ਗੌਤਮ ਤੋਂ ਤਾਸਕੀ ਤੱਕ*, ਪੰਨਾ-???

[429] *ਹਰਿ ਦਿਨ ਰੈਨਿ ਕੀਰਤਨ ਗਾਈਐ॥ ਬਹੁੜਿ ਨ ਜੋਨੀ ਪਾਈਐ॥* ਰਾਗ ਸੋਰਠਿ ਮ: ੫, 624.

[430] *ਓਅੰਕਾਰ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥ ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥ ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥ ਰਹਾਉ॥ ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੇ॥ ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨਾ ਬੀਗਾ ਘਾਲੈ॥ ਫੇਰੀ ਫੇਰੁ ਨਾ ਹੋਵੈ ਕਬਹੀ ਏਕੁ ਸਬਦੁ ਬੰਧਿ ਪਾਲੈ॥ ਨਾਰਦੀ  ਨਰਹਰ ਜਾਣਿ ਹਦੂਰੇ॥ ਘੂੰਘਰ ਖੜਕੁ ਤਿਆਗਿ ਵਿਸੂਰੇ॥ ਸਹਜ ਅਨੰਦ ਦਿਖਾਵੈ ਭਾਵੈ॥ ਏਹੁ ਨਿਰਤਿਕਾਰੀ ਜਨਮ ਨ ਆਵੈ॥ ਜੋ ਕੋ ਆਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਨੁ ਗਾਵੈ॥ ਸਾਧ ਸੰਗਤਿ ਕੀ ਜਾਵਉ ਟੇਕ॥ ਕਹੁ ਨਾਨਕ ਤਿਸੁ ਕੀਰਤਨੁ ਏਕ॥* ਰਾਗ ਰਾਮਕਲੀ, ਮ: ੫, 825.

[431] *ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ॥ ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥* ਰਾਗ ਸੋਰਠ, ਮ: ੫, 610.

[432] *ਪਾਵਉ ਬੇੜੀ ਹਾਥਹੁ ਤਾਲ॥ ਨਾਮਾ ਗਾਵੈ ਗੁਨ ਗੋਪਾਲ॥* ਰਾਗ ਭੈਰਉ, ਨਾਮਦੇਵ, 1166.

[433] ਬੇਦੀ, *ਪੂਰਵ ਅੰਕਿਤ,* ਪੰਨੇ-91-2.

ਹੁਕਮ ਰਾਹੀਂ ਸਾਨੂੰ ਪਤਾ ਲੱਗਦਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ। ਗੁਰੂ ਸਾਹਿਬ ਨੇ ਹੁਕਮ ਨੂੰ ਰੱਬ ਨਾਲ ਜੋੜ ਕੇ ਇਸ ਵਿਚੋਂ ਦੁਨਿਆਵੀ ਦਾਅਵੇ ਖਾਰਜ ਕੀਤੇ ਹਨ:

> ਇਹ ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਇਸਦਾ ਕੋਸ਼ਗਤ ਅਰਥ ਹੈ- ਆਗਿਆ, ਫ਼ਰਮਾਨ, ਆਦੇਸ਼। ਅਰਬ ਅਤੇ ਉਸਦੇ ਸਮੀਪਵਰਤੀ ਦੇਸ਼ਾਂ ਵਿਚ ਇਸ ਸ਼ਬਦ ਦੀ ਵਰਤੋਂ ਇਲਾਹੀ ਜਾਂ ਸ਼ਾਹੀ ਫ਼ਰਮਾਨਾਂ ਲਈ ਪ੍ਰਾਚੀਨ ਕਾਲ ਤੋਂ ਹੁੰਦੀ ਆਈ ਹੈ। ਕੁਰਾਨਿਕ ਸਾਹਿਤ ਵਿਚ ਵੀ ਇਹ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਗਿਆ ਹੈ।[434]

ਮਨੁੱਖ ਨੂੰ ਦੁੱਖ ਤਾਂ ਲੱਗਦੇ ਹਨ ਕਿਉਂਕਿ ਉਹ ਹੁਕਮ ਨੂੰ ਨਹੀਂ ਬੁਝਦਾ ਪਰ ਜਦੋਂ ਉਹ ਹੁਕਮ ਨੂੰ ਬੁਝਦਾ ਹੈ ਤਾਂ ਉਸਨੂੰ ਸੁਖ ਪ੍ਰਾਪਤ ਹੁੰਦਾ ਹੈ।[435] ਜਪੁਜੀ ਸਾਹਿਬ ਦੇ ਸ਼ੁਰੂ ਵਿਚ ਇਕ ਸੁਆਲ ਆਉਂਦਾ ਹੈ ਕਿ ਕਿਵੇਂ ਸਚਿਆਰਾ ਬਣਿਆ ਜਾਵੇ ਅਤੇ ਕਿਵੇਂ ਝੂਠ ਦੀ ਕੰਧ ਤੋੜੀ ਜਾਵੇ। ਇਸਦਾ ਜੁਆਬ ਗੁਰੂ ਜੀ ਨੇ ਹੁਕਮ ਅਨੁਸਾਰ ਜੀਵਨ ਜੀਣ ਦਾ ਉਪਦੇਸ਼ ਦੇ ਕੇ ਦਿੱਤਾ ਹੈ।[436] ਹੁਕਮ ਮੰਨਣ ਦਾ ਭਾਵ ਆਪਣਾ ਆਪ ਗੁਰੂ ਨੂੰ ਪੂਰੀ ਤਰ੍ਹਾਂ ਸਮਰਪਿਤ ਕਰਨਾ ਹੈ, "ਜੋ ਲੋਕ ਪਰਮਾਰਥ ਦੇ ਰਸਤੇ ਦੇ ਪਾਂਧੀ ਹੁੰਦੇ ਹਨ, ਉਨ੍ਹਾਂ ਨੂੰ ਹਰ ਵਾਕਿਆ ਉੱਚਾ ਕਰਦਾ ਹੈ, ਕਿਉਂਕਿ ਉਹ ਭਾਣਾ ਮੰਨ ਲੈਂਦੇ ਹਨ ਤਾਂ ਸਿਦਕ ਦੀ ਤਾਕਤ ਵਧਦੀ ਹੈ, ਜੇ ਅਰਦਾਸ ਕਰਦੇ ਹਨ ਤਾਂ ਵਾਹਿਗੁਰੂ ਦੇ ਨੇੜ੍ਹੇ ਹੁੰਦੇ ਹਨ।[437]" ਇਸਨੂੰ ਆਪਾ ਮਾਰਨਾ ਵੀ ਕਹਿੰਦੇ ਹਨ। ਭਾਈ ਮੰਝ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ ਸਿੱਖੀ ਉਪਰ ਸਿੱਖੀ ਨਹੀਂ ਟਿਕਦੀ। ਭਾਵ ਜੇ ਤੂੰ ਮੇਰਾ ਬਣਨਾ ਹੈ ਤਾਂ ਤੈਨੂੰ ਹੁਕਮ ਦੀ ਅਧੀਨਗੀ ਕਬੂਲ ਕਰਨੀ ਪਵੇਗੀ। ਇਹ ਅਜਿਹੀ ਭਾਵਨਾ ਹੈ ਜੋ ਪਿਆਰ ਚੋਂ ਪੈਦਾ ਹੁੰਦੀ ਹੈ। ਇਹ ਆਪ ਮੁਹਾਰੇ ਪੈਦਾ ਹੋਇਆ ਉਹ ਜ਼ਜ਼ਬਾ ਹੈ ਜੋ ਇਤਿਹਾਸ ਰਾਹੀਂ ਸਾਨੂੰ ਦੱਸਦਾ ਹੈ ਕਿ ਜੰਗ ਦੌਰਾਨ ਗੁਰੂ ਜੀ ਨੇ ਜਿਸ ਵੀ ਸਿੱਖ ਦੀ ਜਿੱਥੇ ਡਿਊਟੀ ਲਾ ਦਿੱਤੀ ਉਥੇ ਉਹ ਸਿੱਖ ਜਿਉਂਦਾ ਨਹੀਂ ਮਿਲਿਆ ਸਗੋਂ ਉਸਦੀ ਲਾਸ਼ ਮਿਲੀ ਸੀ। ਗੁਰੂ ਦੇ ਪ੍ਰੇਮ ਵਿਚ ਆ ਕੇ ਸਾਧਕ ਸਤਬਚਨ ਦਾ ਅਧਿਕਾਰੀ ਬਣਦਾ ਹੈ।[438] ਹੁਕਮ ਮੰਨਣਾ ਮਰਣ ਕਬੂਲ ਕਰਨਾ ਹੈ।[439] ਜਿਸ ਤਰ੍ਹਾਂ ਮੁਰਦਾ ਕਬਰ ਵਿਚ ਉਦੋਂ ਥਾਂ ਪਾਉਂਦਾ ਹੈ ਜਦੋਂ ਉਹ ਮਰ ਜਾਂਦਾ ਹੈ। ਜੇਕਰ ਉਸਦੇ ਕਿਸੇ ਇੱਕ ਅੰਗ ਵਿਚ ਵੀ ਜਾਨ ਹੋਵੇ ਤਾਂ ਉਸਨੂੰ ਕਬਰ ਵਿਚ ਨਹੀਂ ਪਾਇਆ ਜਾਂਦਾ। ਇਸ ਤਰ੍ਹਾਂ ਜਦੋਂ ਤੱਕ ਸਾਧਕ ਹੁਕਮ ਦੇ ਅੰਤਰਗਤ ਆਪਣੀਆਂ ਇੱਛਾਵਾਂ ਨੂੰ ਨਹੀਂ ਮਾਰਦਾ ਉਦੋਂ ਤੱਕ ਉਹ ਗੁਰੂ ਨੂੰ ਪ੍ਰਵਾਨ ਨਹੀਂ ਹੁੰਦਾ। ਹੁਕਮ ਦੋ ਤਰ੍ਹਾਂ ਦੇ ਹਨ: ਦੈਵੀ ਹੁਕਮ ਅਤੇ ਵਿਅਕਤੀਗਤ ਹੁਕਮ। ਦੈਵੀ ਹੁਕਮ ਦੇ ਅੰਤਰਗਤ ਵਿਅਕਤੀਗਤ ਹੁਕਮ ਆਉਂਦਾ ਹੈ। ਦੈਵੀ ਹੁਕਮ ਵਿਚ ਮਨੁੱਖ ਜਵਾਬਦੇਹ ਨਹੀਂ ਹੈ। ਇਸ ਵਿਚ ਉਹ ਰੱਬ ਵੱਲੋਂ ਕੀਤੇ ਨੂੰ ਭਾਣਾ ਮੰਨਕੇ

---

[434] *ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧਨਾ ਦਾ ਸਰੂਪ*, ਪੰਨਾ-98.

[435] *ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥* ਰਾਗ ਆਸਾ, ਮ: ੫, 400.

[436] *ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥* ਜਪ, ੧-1

[437] ਵੀਰ ਸਿੰਘ ਭਾਈ, "ਨਾਮ ਰਸ", *ਉਹੀ ਰਚਨਾ*, ਪੰਨਾ-9.

[438] *ਸਤਿ ਬਚਨ ਸਾਧੂ ਉਪਦੇਸ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥* ਰਾਗ ਗਉੜੀ ਸੁਖਮਨੀ, ਮ: ੫, 284.

[439] *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* ਰਾਗ ਮਾਰੂ, ਮ: ੫, 1102.

ਸਿਰ ਮੱਥੇ ਪ੍ਰਵਾਨ ਕਰਦਾ ਹੈ। ਇਸ ਵਿਚ ਜਨਮ, ਮੌਤ, ਵਰਖਾ, ਸੋਕਾ, ਭੂਚਾਲ, ਹੜ੍ਹ ਆਦਿਕ ਆਉਂਦੇ ਹਨ। ਇਨ੍ਹਾਂ ਸਾਰਿਆਂ ਵਿਚ ਮਨੁੱਖ ਜਵਾਬਦੇਹ ਨਹੀਂ ਹੈ। ਇਸਤੋਂ ਬਾਅਦ ਆ ਜਾਂਦਾ ਹੈ ਵਿਅਕਤੀਗਤ ਹੁਕਮ। ਇਸ ਵਿਚ ਮਨੁੱਖ ਸੁਤੰਤਰ ਹੈ। ਉਸਨੂੰ ਚੰਗੇ ਅਤੇ ਬੁਰੇ ਕਰਮਾਂ ਦਾ ਅਤੇ ਉਨ੍ਹਾਂ ਦੇ ਨਤੀਜਿਆਂ ਦਾ ਪਤਾ ਹੈ। ਇਸ ਲਈ ਉਹ ਜਦੋਂ ਆਪ ਮੁਹਾਰਾ ਹੋ ਕੇ ਕੁਝ ਕਰਦਾ ਹੈ ਤਾਂ ਉਹ ਰੱਬ ਦਾ ਜਵਾਬਦੇਹ ਹੁੰਦਾ ਹੈ। ਦੈਵੀ ਹੁਕਮ ਅਧੀਨ ਵਿਅਕਤੀਗਤ ਹੁਕਮ ਹੈ। ਇਸਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਬਿਆਨ ਕੀਤਾ ਹੈ ਕਿ ਇੱਕ ਪਾਸੇ ਝੱਖੜ, ਝਾਂਗੀ, ਮੀਂਹ ਪੈ ਰਿਹਾ ਹੈ ਅਤੇ ਸਮੁੰਦਰ ਨੱਕੋ-ਨੱਕ ਭਰਕੇ ਵਗ ਰਿਹਾ ਹੈ। ਦੂਜੇ ਪਾਸੇ ਗੁਰੂ ਦਾ ਸਿੱਖ ਹੈ ਜਿਸਨੂੰ ਹੁਕਮ ਹੈ ਕਿ ਤੂੰ ਗੁਰੂ ਦੇ ਦਰਸ਼ਨ ਕਰਨੇ ਹਨ। ਗੁਰੂ ਦਾ ਸਿੱਖ ਦੈਵੀ ਹੁਕਮ ਜਿਸ ਵਿਚ ਝੱਖੜ ਝਾਂਗੀ, ਮੀਂਹ, ਅਤੇ ਸਮੁੰਦਰ ਨੱਕੋ-ਨੱਕ ਭਰਕੇ ਵਗ ਰਿਹਾ ਹੈ, ਨੂੰ ਪ੍ਰਵਾਨ ਕਰਕੇ ਇਸ ਅਧੀਨ ਵਿਅਕਤੀਗਤ ਹੁਕਮ ਦੀ ਪਾਲਣਾ ਕਰਦੇ ਹੋਏ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਗੁਰੂ ਦੇ ਦਰਸ਼ਨਾਂ ਨੂੰ ਜਾਂਦਾ ਹੈ।[440] ਉਹ ਦੈਵੀ ਹੁਕਮ ਨੂੰ ਉਲਾਹਮਾ ਨਹੀਂ ਦਿੰਦਾ ਅਤੇ ਵਿਅਕਤੀਗਤ ਹੁਕਮ ਨੂੰ ਨਜ਼ਰਅੰਦਾਜ਼ ਨਹੀਂ ਕਰਦਾ। ਹੁਕਮ ਬੁਝਣ ਵਿਚ ਸੁਖ, ਭੁਖ ਅਤੇ ਦੁਖ ਨੂੰ ਕੋਈ ਥਾਂ ਨਹੀਂ ਹੈ।[441] ਸਾਧਕ ਸੁਖ, ਭੁਖ ਅਤੇ ਦੁਖ ਨੂੰ ਵਕਤੀ ਜਾਣਕੇ ਹੁਕਮ ਨੂੰ ਬੁਝਦਾ ਹੈ। ਗੁਰੂ ਦਾ ਸਭਤੋਂ ਵੱਡਾ ਹੁਕਮ ਹੈ ਕਿ ਸਾਧਕ ਆਪਣਾ ਮੂਲ ਪਛਾਣੇ। ਜਿਹੜੇ ਸਾਧਕ ਹੁਕਮ ਪਛਾਣ ਲੈਂਦੇ ਹਨ। ਉਨ੍ਹਾਂ ਨੂੰ ਹਉਮੈਂ ਕੁਝ ਨਹੀਂ ਆਖਦੀ। ਹੁਕਮ ਦੀ ਪਛਾਣ ਕਰਨੀ ਹੀ ਰੱਬ ਨੂੰ ਮਿਲਣ ਦੀ ਨਿਸ਼ਾਨੀ ਹੈ।[442] ਹੁਕਮ ਦੀ ਪਛਾਣ ਨਾਲ ਹੀ ਸਾਧਕ ਦੀ ਰੂਹਾਨੀ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ। ਉਸਨੂੰ ਪਛਾਣ ਹੋ ਜਾਂਦੀ ਹੈ ਕਿ ਕਿਹੜੇ ਕੰਮ ਭਲੇ ਹਨ ਅਤੇ ਕਿਹੜੇ ਬੁਰੇ ਹਨ। ਅਗਿਆਨਤਾ ਵਸ ਉਹ ਜਿੰਨ੍ਹਾਂ ਸੰਸਾਰਿਕ ਰਸਾਂ ਨੂੰ ਸਦੀਵੀਂ ਮੰਨਦਾ ਸੀ ਪਰ ਉਸਦੀ ਅਗਿਆਨਤਾ ਖਤਮ ਹੋਣ ਲੱਗਦੀ ਹੈ। ਉਸਨੂੰ ਪਤਾ ਲੱਗਦਾ ਹੈ ਕਿ ਸਭ ਪਾਸੇ ਰੱਬ ਦਾ ਭਾਣਾ ਵਰਤ ਰਿਹਾ ਹੈ। ਹੁਕਮ ਬੁਝਣ ਵਾਲੇ ਸੱਚ ਵਿਚ ਸਮਾ ਜਾਂਦੇ ਹਨ। ਸਾਧਕ ਹੁਕਮ ਦੀ ਪਾਲਣਾ ਕਰਦੇ ਹੋਏ ਸਰੀਰ ਅਤੇ ਸੁਆਸਾਂ ਨਾਲ ਬੰਦਗੀ ਕਰਨੀ ਸ਼ੁਰੂ ਕਰ ਦਿੰਦਾ ਹੈ। ਜਪੁਜੀ ਸਾਹਿਬ ਵਿਚ ਕ੍ਰਮਵਾਰ ਚਾਰ ਪੌੜੀਆਂ ਸੁਣਨ ਦੀਆਂ ਅਤੇ ਚਾਰ ਮੰਨਣ ਦੀਆਂ ਹਨ। ਇਹ ਇੱਕ ਦੂਜੇ ਬਿਨਾਂ ਅਧੂਰੇ ਹਨ। ਸਾਧਕ ਦੀ ਸਿੱਖਿਆ ਸੁਣਨ ਤੋਂ ਆਰੰਭ ਹੁੰਦੀ ਹੈ। ਪਹਿਲਾ ਸਾਧਕ ਸੰਗਤ ਵਿੱਚੋਂ, ਕਥਾ ਕੀਰਤਨ ਵਿਚੋਂ, ਸੁਣਦਾ ਹੈ ਕਿ ਮਨੁੱਖਾ ਸਰੀਰ ਦਾ ਕੀ ਮੰਤਵ ਹੈ। ਉਹ ਸੁਣੀਆਂ ਗੱਲਾਂ ਨੂੰ ਮੰਨਦਾ ਹੈ।[443] ਸ੍ਰੀ ਗੁਰੂ ਅਮਰਦਾਸ ਜੀ ਨੇ ਆਨੰਦ ਸਾਹਿਬ ਦੀ ਬਾਣੀ ਵਿਚ ਸੁਣਨ ਬਾਰੇ ਕਿਹਾ ਹੈ ਕਿ ਮੇਰੇ ਕੰਨੋ ਤੁਹਾਡਾ ਮਕਸਦ ਸੱਚ ਸੁਣਨਾ ਹੈ। ਇਹ ਸੱਚ ਸੁਣਕੇ ਮਨ ਤਨ ਹਰਿਆ ਹੋ ਜਾਂਦਾ ਹੈ।[444] ਸੁਣਨ ਨਾਲ ਹੀ ਅਨੇਕ ਦੁਖਾਂ ਦਾ

---

[440] *ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥ ਸਮੁੰਦ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥* ਰਾਗ ਸੂਹੀ, ਮ: ੪, 757.

[441] *ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥* ਰਾਗ ਸੂਹੀ, ਮ: ੪, 757.

[442] *ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥* ਰਾਗ ਮਾਝ, ਮ: ੫, 106.

[443] *ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥* ਜਪੁ, ੧, 5.

[444] *ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥ ਸਾਚੇ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥* ਰਾਗ ਰਾਮਕਲੀ, ਮ: ੩, 982.

ਨਾਸ ਹੋ ਜਾਂਦਾ ਹੈ।[445] ਜੇਕਰ ਸਾਧਕ ਸੁਣੀ ਹੋਈ ਸਿੱਖਿਆ ਨੂੰ ਮੰਨਦਾ ਨਹੀਂ ਤਾਂ ਉਸ ਵੱਲੋਂ ਸੁਣੀ ਹੋਈ ਸਿੱਖਿਆ ਨਿਰਾਰਥਕ ਹੈ।

ਮੰਨਣ ਨਾਲ ਸਾਧਕ ਦੇ ਮਨ ਵਿਚ ਭਰੋਸਾ ਪੈਦਾ ਹੁੰਦਾ ਹੈ। ਰੱਬ ਨੂੰ ਉਹ ਹਰ ਥਾਂ ਮੰਨਣ ਲੱਗ ਪੈਂਦਾ ਹੈ। ਉਹ ਸ਼ੰਕੇ ਖੜੇ ਨਹੀਂ ਕਰਦਾ ਸਗੋਂ ਸੁਣੀ ਹੋਈ ਗੱਲ ਨੂੰ ਸਤ ਆਖਕੇ ਮੰਨਦਾ ਹੈ। ਮੰਨਣ ਨਾਲ ਹੀ ਉਸਦਾ ਸੁਣਿਆ ਸਫਲ ਹੁੰਦਾ ਹੈ। ਗੁਰੂ ਨੂੰ ਕੀਤਾ ਨਮਸਕਾਰ ਪ੍ਰਵਾਨ ਹੁੰਦਾ ਹੈ। ਸਾਧਕ ਦਾ ਮਨ ਮੰਨ ਜਾਂਦਾ ਹੈ। ਅਜਿਹੇ ਮੰਨੇ ਹੋਏ ਮਨ ਨਾਲ ਕੀਤੀ ਸੇਵਾ ਨਾਲ ਗੁਰੂ ਦਾ ਮਨ ਵੀ ਮੰਨ ਜਾਂਦਾ ਹੈ। ਜਦੋਂ ਗੁਰੂ ਦਾ ਮਨ ਮੰਨ ਗਿਆ ਤਾਂ ਸਾਧਕ ਗੁਰੂ ਦੇ ਮਨ ਨੂੰ ਭਾਅ ਜਾਂਦਾ ਹੈ। ਮਨ ਅਤੇ ਗੁਰੂ ਦੇ ਮੰਨਣ ਤੋਂ ਬਾਅਦ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ ਕਿ ਦੁਨੀਆ ਵੀ ਤੁਹਾਨੂੰ ਮੰਨੇ। ਸਾਧਕ ਦੇ ਅਨੇਕਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ। ਮਨ ਦੇ ਮੰਨਣ ਨਾਲ ਤਮਾਮ ਮੁਸ਼ਕਿਲਾਂ ਦੇ ਹੱਲ ਹੋ ਜਾਂਦੇ ਹਨ। ਬੰਦਗੀ ਕਰਨ ਵਾਲਾ ਬੁਰੇ ਪਾਸੇ ਪੈਰ ਨਹੀਂ ਪਾਉਂਦਾ। ਸਾਧਕ ਉਨ੍ਹਾਂ ਕੰਮਾਂ ਨੂੰ ਤਿਆਗਣਾ ਸ਼ੁਰੂ ਕਰ ਦਿੰਦਾ ਹੈ ਜਿੰਨ੍ਹਾਂ ਵਿਚ ਕੋਈ ਗੁਣ ਨਹੀਂ ਹਨ। ਇਸ ਅਵਸਥਾ ਵਿੱਚ ਉਹ ਬੁਰੇ ਕੰਮਾਂ ਤੋਂ ਸ਼ਰਮ ਮਹਿਸੂਸ ਕਰਨ ਲੱਗ ਪੈਂਦਾ ਹੈ।[446] ਜਿਥੇ ਸ਼ਰਮ ਆ ਜਾਂਦੀ ਹੈ ਉਥੇ ਧਰਮ ਆਉਣਾ ਸ਼ੁਰੂ ਹੋ ਜਾਂਦਾ ਹੈ। ਸ਼ਰਮ ਅਤੇ ਧਰਮ ਦਾ ਖਾਸ ਰਿਸ਼ਤਾ ਹੈ। ਬੁਰੇ ਕੰਮਾਂ ਤੋਂ ਸ਼ਰਮ ਆਉਣ ਨਾਲ ਸਾਧਕ ਝੂਠ ਤੋਂ ਬਚਦਾ ਹੈ। ਉਸ ਵਿਚ ਚੰਗੇ ਅਤੇ ਮਾੜੇ ਕਰਮਾਂ ਨੂੰ ਨਿਖੇੜਨ ਦੀ ਸਮਝ ਆ ਜਾਂਦੀ ਹੈ। ਉਸਨੂੰ ਪਤਾ ਲੱਗਦਾ ਹੈ ਕਿ ਨੇਕ ਕਰਮਾਂ ਤੋਂ ਬਿਨਾਂ ਤਰਿਆ ਨਹੀਂ ਜਾਣਾ। ਸਾਧਕ ਅੰਦਰ ਮਾਲਕ ਪ੍ਰਤੀ ਨਿਰਮਲ ਭੈ ਪੈਦਾ ਹੁੰਦਾ ਹੈ। ਉਹ ਆਗਿਆਕਾਰ ਬਣ ਜਾਂਦਾ ਹੈ। ਸਾਧਕ ਜਿਸ ਪੰਧ ਉਪਰ ਚੱਲ ਰਿਹਾ ਹੈ। ਉਸ ਉਪਰ ਚੱਲਣ ਵਾਲੇ ਰੱਬ ਦੀ ਗੱਲ ਮੰਨਦੇ ਹਨ। ਉਸਨੂੰ ਆਪਣੀ ਗੱਲ ਨਹੀਂ ਮਨਾਉਂਦੇ। ਸਾਧਕ ਮਾਲਕ ਨੂੰ ਜਵਾਬ ਨਹੀਂ ਦਿੰਦਾ। ਉਹ ਸਤਬਚਨ ਦਾ ਅਧਿਕਾਰੀ ਬਣ ਜਾਂਦਾ ਹੈ। ਹੁਕਮ ਮੰਨਣ ਨਾਲ ਪ੍ਰਵਾਨ ਹੁੰਦਾ ਹੈ। ਉਸਨੂੰ ਖਸਮ ਦਾ ਮਹਿਲ ਪ੍ਰਾਪਤ ਹੁੰਦਾ ਹੈ।[447] ਸਾਧਕ ਗੁਰੂ ਦੇ ਹੁਕਮ ਅਨੁਸਾਰ ਹੀ ਕੰਮ ਕਰਦਾ ਹੈ ਅਤੇ ਦਰਗਾਹ ਵਿਚ ਪਹੁੰਚਦਾ ਹੈ। ਸਾਹਿਬ ਸਿੰਘ *ਸੋਚੈ ਸੋਚਿ ਨ ਹੋਵਈ* ਵਾਲੀ ਪਉੜੀ ਬਾਰੇ ਲਿਖਦੇ ਹਨ:

> ਇਸ ਪਉੜੀ ਦੀ ਪੰਜਵੀਂ ਤੁਕ ਪੜਿਆਂ ਇਹ ਪਤਾ ਲਗਦਾ ਹੈ ਕਿ ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਮਨ ਨੂੰ ਸਚਿਆਰਾ ਕਰਨ ਦਾ ਤਰੀਕਾ ਦੱਸ ਰਹੇ ਹਨ। ਸਭਤੋਂ ਪਹਿਲਾਂ ਉਹਨਾਂ ਸਾਧਨਾਂ ਦਾ ਜ਼ਿਕਰ ਕਰਦੇ ਹਨ ਜੋ ਹੋਰ ਲੋਕ ਵਰਤ ਰਹੇ ਹਨ। ਤੀਰਥਾਂ ਦਾ ਇਸ਼ਨਾਨ, ਜੰਗਲਾਂ ਵਿਚ ਜਾ ਕੇ ਸਮਾਧੀ ਲਾਉਣੀ, ਮਨ ਨੂੰ ਮਾਇਆ ਵਿਚ ਪਹਿਲਾਂ ਰਜਾ ਲੈਣਾ, ਸ਼ਾਸਤ੍ਰਾਂ ਦੀ ਫ਼ਿਲਾਸਫ਼ੀ- ਇਹ ਆਮ ਪਰਚਲਤ ਤਰੀਕੇ ਸਨ। ਪਰ ਸਤਿਗੁਰੂ ਜੀ ਇਹਨਾਂ ਤੋਂ ਵੱਖਰਾ ਉਹ ਸਾਧਨ ਦੱਸਦੇ ਹਨ, ਜਿਸ ਨੂੰ ਗੁਰਸਿੱਖੀ ਦਾ ਮੁੱਢਲਾ ਨਿਯਮ ਸਮਝ ਲੈਣਾ ਚਾਹੀਦਾ ਹੈ, ਭਾਵ ਅਕਾਲ ਪੁਰਖ ਦੀ ਰਜ਼ਾ ਵਿਚ ਤੁਰਨਾ।[448]

## ਸਰੀਰਕ ਅਮਲ

---

[445] *ਸੁਣਿਐ ਦੂਖ ਪਾਪ ਕਾ ਨਾਸੁ॥* ਜਪੁ, 2.

[446] *ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥* ਸਲੋਕ, ਸੇਖ ਫਰੀਦ, 1381.

[447] *ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥ ਤਾ ਦਰਗਹ ਪੈਧਾ ਜਾਇਸੀ॥* ਰਾਗ ਆਸਾ, ਮ: ੧, 471.

[448] ਸਾਹਿਬ ਸਿੰਘ, *ਜਪੁਜੀ ਸਟੀਕ*, ਪੰਨਾ-15.

ਸਾਧਨਾ ਵਿਚ ਸਰੀਰ ਹੀ ਅਜਿਹਾ ਭਾਗ ਹੈ ਜੋ ਸਥੂਲ ਹੈ ਅਤੇ ਜਿਸਨੂੰ ਦੇਖਿਆ ਅਤੇ ਪਕੜਿਆ ਜਾ ਸਕਦਾ ਹੈ। ਇਸਦੇ ਤਿੰਨ ਪੜਾਅ ਹਨ- ਬਚਪਨ, ਜੁਆਨੀ ਅਤੇ ਬੁਢਾਪਾ।[449] ਇਹ ਕੋਈ ਜ਼ਰੂਰੀ ਨਹੀਂ ਕਿ ਸਰੀਰ ਉਪਰ ਬਚਪਨ ਆਵੇ ਕਿਉਂਕਿ ਕਈਆਂ ਦੀ ਮੌਤ ਜਨਮ ਸਮੇਂ ਹੀ ਹੋ ਜਾਂਦੀ ਹੈ। ਇਹ ਵੀ ਕੋਈ ਜ਼ਰੂਰੀ ਨਹੀਂ ਹੈ ਕਿ ਸਰੀਰ ਉਪਰ ਜਵਾਨੀ ਆਵੇ, ਇਹ ਵੀ ਕੋਈ ਜ਼ਰੂਰੀ ਨਹੀਂ ਹੈ ਕਿ ਸਰੀਰ ਉਪਰ ਬੁਢਾਪਾ ਆਵੇ। ਸਾਧਕ ਨੂੰ ਸਰੀਰ ਦੇ ਬਿਨਸਣ ਦਾ ਪਤਾ ਹੁੰਦਾ ਹੈ। ਕਬੀਰ ਜੀ ਦਾ ਫ਼ੁਰਮਾਨ ਹੈ ਕਿ ਜਦ ਤੱਕ ਤੇਰੇ ਸਰੀਰ ਉਪਰ ਬੁਢਾਪਾ ਨਹੀਂ ਆਇਆ, ਤੈਨੂੰ ਮੌਤ ਨਹੀਂ ਆਈ, ਤੇਰੀ ਜ਼ਬਾਨ ਨਹੀਂ ਰੁਕੀ। ਓਨੀ ਦੇਰ ਤੱਕ ਤੂੰ ਬੰਦਗੀ ਕਰ। ਜੇਕਰ ਤੂੰ ਹੁਣ ਬੰਦਗੀ ਨਹੀਂ ਕਰੇਗਾ ਤਾਂ ਅੰਤ ਆਉਣ ਤੇ ਤੂੰ ਬੰਦਗੀ ਨਹੀਂ ਕਰ ਸਕੇਗਾ।[450] ਮਨੁੱਖਾ ਸਰੀਰ ਦਾ ਮੰਤਵ ਹੀ ਬੰਦਗੀ ਕਰਨਾ ਹੈ। ਸਾਰੇ ਪਸ਼ੂ-ਪੰਛੀਆਂ ਵਿਚ ਮਨੁੱਖ ਹੀ ਹੈ ਜਿਸਦੇ ਸਰੀਰ ਦੇ ਕੇਸਾਂ ਦਾ ਰੰਗ ਬਦਲਦਾ ਹੈ। ਇਸ ਬਦਲਾਅ ਪਿੱਛੇ ਸੁਨੇਹਾ ਹੈ ਕਿ ਮਨੁੱਖ ਦੇ ਜੀਵਨ ਦਾ ਖਾਸ ਮਨੋਰਥ ਹੈ ਅਤੇ ਉਹ ਪਲ-ਪਲ ਕਰਕੇ ਮੌਤ ਦੇ ਨੇੜ੍ਹੇ ਜਾ ਰਿਹਾ ਹੈ। ਕਾਲਿਆਂ ਕੇਸਾਂ ਨੂੰ ਚਿੱਟੇ ਹੁੰਦੇ ਤੱਕ ਕੇ ਬਾਬਾ ਫ਼ਰੀਦ ਜੀ ਨੇ ਆਖਿਆ ਕਿ ਤੇਰੀ ਮੌਤ ਨੇੜ੍ਹੇ ਹੈ।[451] ਗੁਰਬਾਣੀ ਵਿਚ ਧ੍ਰੂ ਅਤੇ ਪ੍ਰਹਿਲਾਦ ਦੋ ਅਜਿਹੇ ਭਗਤਾਂ ਦਾ ਜ਼ਿਕਰ ਹੈ ਜਿੰਨ੍ਹਾਂ ਤੋਂ ਭਗਤੀ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ।[452] ਧ੍ਰੂ ਅਤੇ ਪ੍ਰਹਿਲਾਦ ਦੀ ਬਾਲ ਉਮਰ ਸੀ।[453] ਬਾਬਾ ਫ਼ਰੀਦ ਜੀ ਨੇ ਇਕ ਥਾਂ ਤੇ ਕਿਹਾ ਹੈ ਕਿ ਬੰਦਗੀ ਲਈ ਯੋਗ ਉਮਰ ਜਵਾਨੀ ਹੀ ਹੈ।[454] ਬੁਢਾਪੇ ਵਿਚ ਬੰਦਗੀ ਨਹੀਂ ਹੋਣੀ। ਅਜਿਹਾ ਕਹਿਣ ਪਿੱਛੇ ਇੱਕੋ-ਇੱਕ ਕਾਰਨ ਇਹ ਹੈ ਕਿ ਜਵਾਨੀ ਵਿਚ ਸਾਡੀ ਦੇਖਣ ਸ਼ਕਤੀ, ਬੋਲਣ ਸ਼ਕਤੀ, ਸੁਣਨ ਸ਼ਕਤੀ, ਯਾਦ ਸ਼ਕਤੀ ਅਤੇ ਜਿਸਮਾਨੀ ਸ਼ਕਤੀ ਵਧੇਰੇ ਹੁੰਦੀ ਹੈ। ਬੁਢਾਪੇ ਵਿਚ ਨਾ ਸ਼ੁੱਧ ਸੁਣਿਆ ਜਾਂਦਾ ਹੈ ਅਤੇ ਨਾ ਸ਼ੁੱਧ ਬੋਲਿਆ ਜਾਂਦਾ ਹੈ। ਇਸਦਾ ਹਵਾਲਾ ਵੀ ਆਪ ਜੀ ਦੇ ਸਲੋਕਾਂ ਵਿਚ ਮਿਲਦਾ ਹੈ ਕਿ ਮੈਂ ਹੁਣ ਬਜ਼ੁਰਗ ਹੋ ਗਿਆ ਹਾਂ ਅਤੇ ਮੇਰਾ ਸਰੀਰ ਕੰਬਣ ਲੱਗ ਪਿਆ ਹੈ।[455] ਦੂਜਾ ਹਵਾਲਾ ਹੈ ਕਿ ਬਿਰਧ ਅਵਸਥਾ ਆ ਗਈ ਹੈ ਅਤੇ ਮੇਰਾ ਪਾਣੀ ਦਾ ਕੁੱਜਾ ਨੇੜ੍ਹੇ ਹੋਣ ਦੇ ਬਾਵਜੂਦ ਵੀ ਕੋਹਾਂ ਤੇ ਪਿਆ ਲੱਗਦਾ ਹੈ। ਕਦੇ ਜਵਾਨੀ ਵਿਚ ਇਨ੍ਹਾਂ ਲੱਤਾਂ ਸਹਾਰੇ ਮੈਂ ਦੂਰ-ਦੂਰ ਤੱਕ ਗਿਆ ਸੀ।[456] ਭਗਤ ਕਬੀਰ ਜੀ ਆਖਦੇ ਹਨ ਕਿ ਤੇਰੇ ਪੈਰ, ਸਿਰ ਕੰਬਦੇ ਪਏ ਹਨ, ਅੱਖਾਂ ਚੋਂ ਪਾਣੀ ਵਗ ਰਿਹਾ ਹੈ ਭਾਵ ਅੱਖਾਂ ਕਮਜ਼ੋਰ ਹੋ ਰਹੀਆਂ ਹਨ। ਗਲੇ ਚੋਂ ਸ਼ਬਦ

---

[449] *ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥ ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ॥* ਸਲੋਕ, ਮ: ੯, 1428.

[450] *ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥ ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ॥ ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥* ਰਾਗ ਭੈਰਉ, ਕਬੀਰ, 1159.

[451] *ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥ ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥* ਸਲੋਕ, ਸੇਖ ਫਰੀਦ, 1378.

[452] *ਰਾਮ ਜਪਹੁ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥* ਰਾਗ ਗਉੜੀ, ਕਬੀਰ, 337.

[453] *ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥* ਰਾਗ ਮਾਰੂ, ਮ: ੫, 999.

[454] *ਫਰੀਦਾ ਕਾਲੀ ਜਿਨੀ ਨਾ ਰਾਵਿਆ ਧਉਲੀ ਰਾਵੈ ਕੋਇ॥ ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥* ਸਲੋਕ, ਸੇਖ ਫਰੀਦ, 1378.

[455] *ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥ ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥ ਉਹੀ,* 1380

[456] *ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ ਉਹੀ,* 1378.

ਵੀ ਨਹੀਂ ਨਿਕਲਦੇ ਪਏ ਤੇ ਹੁਣ ਤੂੰ ਧਰਮ ਦੀ ਆਸ ਕਰਦਾ ਹੈ?[457] ਭਗਤ ਭੀਖਨ ਜੀ ਵੀ ਦੱਸਦੇ ਹਨ ਕਿ ਹੇ ਸਾਧਕ ਹੁਣ ਤੂੰ ਕਿਵੇਂ ਬੰਦਗੀ ਕਰੇਗਾ। ਤੇਰੀਆਂ ਅੱਖੀਆਂ ਕਮਜ਼ੋਰ ਹੋ ਗਈਆਂ ਹਨ ਤੇ ਇਨ੍ਹਾਂ ਚੋਂ ਨੀਰ ਵਗਦਾ ਪਿਆ ਹੈ। ਤੇਰੇ ਕੇਸ ਚਿੱਟੇ ਹੋ ਗਏ ਹਨ ਤੇ ਤੇਰਾ ਗਲਾ ਰੁਕਦਾ ਪਿਆ ਹੈ।[458] ਜੋ ਸਾਧਕ ਜਵਾਨੀ ਵਿਚ ਅਭਿਆਸੀ ਬਣ ਜਾਂਦੇ ਹਨ। ਉਨ੍ਹਾਂ ਨੂੰ ਬੁਢਾਪੇ ਵਿਚ ਮੁਸ਼ਕਿਲਾਂ ਨਹੀਂ ਆਉਂਦੀਆਂ। ਉਨ੍ਹਾਂ ਨੂੰ ਬਾਣੀ ਕੰਠ ਹੋ ਜਾਂਦੀ ਹੈ। ਨਿੱਤ ਦਾ ਕਰਮ ਜੀਵਨ ਵਿਚ ਆ ਚੁੱਕਾ ਹੁੰਦਾ ਹੈ। ਧਰਮ ਗ੍ਰੰਥ ਦੀਆਂ ਸਿੱਖਿਆਵਾਂ ਪੜ੍ਹ ਲਈਆਂ ਹੁੰਦੀਆਂ ਹਨ। ਹੱਥੀ ਸੇਵਾ, ਕਿਰਤ ਕਰ ਲਈ ਹੁੰਦੀ ਹੈ। ਹੁਣ ਜੇਕਰ ਕੋਈ ਸਾਧਕ ਕਿਸੇ ਵੀ ਕਾਰਨ ਕਰਕੇ ਜਵਾਨੀ ਵਿਚ ਬੰਦਗੀ ਵਾਲੇ ਪਾਸੇ ਨਹੀਂ ਆਇਆ ਤਾਂ ਜੇ ਉਹ ਇਹ ਸਮਝ ਲਵੇ ਕਿ ਹੁਣ ਤਾਂ ਮੈਂ ਬਜ਼ੁਰਗ ਹੋ ਗਿਆ ਹਾਂ ਅਤੇ ਮੇਰੇ ਤੋਂ ਬੰਦਗੀ ਨਹੀਂ ਹੋਣੀ। ਅਜਿਹੇ ਨਿਆਸਰੇ ਹੋਏ ਸਾਧਕ ਨੂੰ ਗੁਰੂ ਅਮਰਦਾਸ ਜੀ ਹੌਸਲਾ ਦਿੰਦੇ ਆਖਦੇ ਹਨ ਕਿ ਤੂੰ ਘਬਰਾ ਨਹੀਂ ਤੂੰ ਬੁਢਾਪੇ ਵਿਚ ਵੀ ਬੰਦਗੀ ਕਰ ਸਕਦਾ ਹੈ।[459] ਕਈ ਸਾਧਕ ਬਿਰਧ ਅਵਸਥਾ ਦੇ ਬਾਵਜੂਦ ਵੀ ਸਰੀਰਕ ਰਸਾਂ ਵਿਚ ਗਲਤਾਨ ਰਹਿੰਦੇ ਹਨ। ਅਜਿਹੇ ਸਾਧਕਾਂ ਨੂੰ ਗੁਰੂ ਤੇਗ ਬਹਾਦਰ ਜੀ ਪ੍ਰੇਰਦੇ ਹਨ ਕਿ ਦੇਖੋ ਤੁਹਾਡਾ ਸਿਰ ਕੰਬਦਾ ਹੈ, ਪੈਰ ਉੱਖੜਦੇ ਹਨ, ਨੈਣਾਂ ਦੀ ਜੋਤ ਵੀ ਜਵਾਬ ਦੇ ਰਹੀ ਹੈ। ਅਜਿਹੀ ਹਾਲਤ ਹੋ ਗਈ ਹੈ ਪਰ ਤੁਸੀਂ ਅਜੇ ਵੀ ਬੰਦਗੀ ਵੱਲ ਰੁਚਿਤ ਨਹੀਂ ਹੋਏ।[460] ਸਰੀਰ ਦੇ ਤੰਦਰੁਸਤ ਰਹਿੰਦਿਆਂ ਹੀ ਬੰਦਗੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਬੰਦਗੀ ਤੋਂ ਬਿਨਾਂ ਖਾਂਦਿਆਂ-ਖਾਂਦਿਆਂ ਮੂੰਹ, ਪਾਉਂਦਿਆਂ-ਪਾਉਂਦਿਆਂ ਸਰੀਰ ਜਵਾਬ ਦੇ ਜਾਂਦਾ ਹੈ। ਅਜਿਹੇ ਲੋਕਾਂ ਦਾ ਜੀਵਮ ਧ੍ਰਿਕਾਰਯੋਗ ਹੈ।**[461]** ਬੰਦਗੀ ਲਈ ਤੁਰਨ ਵਾਲੇ ਪੈਰ, ਰੱਬ ਅੱਗੇ ਝੁਕਣ ਵਾਲਾ ਸੀਸ, ਰੱਬ ਦਾ ਜਸ ਕਰਨ ਵਾਲਾ ਮੂੰਹ ਸੋਭਨੀਕ ਹੈ।**[462]** ਮਨ ਅਪਵਿੱਤਰ ਹੁੰਦਾ ਹੈ ਲੋਭ ਨਾਲ, ਜ਼ਬਾਨ ਅਪਵਿੱਤਰ ਹੁੰਦੀ ਹੈ ਝੂਠ ਬੋਲਣ ਨਾਲ, ਅੱਖਾਂ ਅਪਵਿੱਤਰ ਹੁੰਦੀਆਂ ਹਨ ਪਰਾਇਆ ਤਨ ਅਤੇ ਧਨ ਤੱਕਣ ਨਾਲ, ਕੰਨ ਅਪਵਿੱਤਰ ਹੁੰਦੇ ਹਨ ਚੁਗਲੀਆਂ ਸੁਣਨ ਨਾਲ।[463] ਅੰਤਰ ਮਨ ਤੋਂ ਪ੍ਰਭੂ ਦੀ ਅਰਾਧਨਾ ਕਰਨੀ ਚਾਹੀਦੀ ਹੈ, ਜ਼ਬਾਨ ਨਾਲ ਗੁਰੂ ਨੂੰ ਜਪਣਾ ਚਾਹੀਦਾ ਹੈ, ਅੱਖਾਂ ਨਾਲ ਗੁਰੂ ਦੇ ਦੀਦਾਰ ਕਰਨੇ ਚਾਹੀਦੇ ਹਨ, ਕੰਨਾਂ ਨਾਲ ਪ੍ਰਭੂ ਦੀ ਕੀਰਤੀ ਸੁਣਨੀ ਚਾਹੀਦੀ ਹੈ। ਪ੍ਰੰਤੂ ਇਹ

---

[457] *ਚਰਨ ਸੀਸ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ॥ ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੇ॥* ਰਾਗ ਆਸਾ, ਕਬੀਰ 479.

[458] *ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥ ਰੂਧਾ ਕੰਠੁ ਸਬਦ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥* ਰਾਗ ਸੋਰਠ, ਭੀਖਨ ਜੀ, 659.

[459] *ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥* ਸਲੋਕ, ਮ: ੩-1378.

[460] *ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥ ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥* ਸਲੋਕ, ਮ: ੯, 1428.

[461] *ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ॥ ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥*ਰਾਗ ਗੂਜਰੀ, ਮ: ੫ 523.

[462] *ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ॥ ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ॥* ਰਾਗ ਰਾਮਕਲੀ, ਮ: ੫, 964.

[463] *ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥* ਰਾਗ ਆਸਾ, ਮ: ੧ 472.

ਵਸਤੂਆਂ ਕਿਰਪਾ ਦੀਆਂ ਹਨ।[464] ਬਾਬਾ ਫ਼ਰੀਦ ਜੀ ਆਖਦੇ ਹਨ ਕਿ ਸਿਰ ਦਾ ਮਕਸਦ ਰੱਬ ਦੀ ਇਬਾਦਤ ਵਿਚ ਝੁਕਣਾ ਹੈ।ਉਹ ਸਿਰ ਵੱਢ ਦੇਣਾ ਚਾਹੀਦਾ ਹੈ ਜੋ ਸਿਰ ਰੱਬ ਦੀ ਇਬਾਦਤ ਵਿਚ ਨਹੀਂ ਝੁਕਦਾ।[465] ਅਤੇ ਚੁੱਲੇ ਵਿਚ ਸਾੜ ਦੇਣਾ ਚਾਹੀਦਾ ਹੈ।[466] ਸੋ ਉਪਰੋਕਤ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਿਰ ਰੱਬ ਨੂੰ ਨਮਸਕਾਰ ਲਈ ਹੈ, ਕੰਨ ਰੱਬ ਦੀਆਂ ਗੱਲਾਂ ਸੁਣਨ ਲਈ ਹਨ, ਜ਼ਬਾਨ ਰੱਬ ਦੀਆਂ ਗੱਲਾਂ ਕਰਨ ਲਈ ਹੈ, ਹੱਥ ਪੈਰ ਸੇਵਾ ਲਈ ਹਨ। ਹੌਲੀ-ਹੌਲੀ ਅਭਿਆਸ ਅਜਿਹਾ ਰੂਪ ਧਾਰਨ ਕਰ ਜਾਂਦਾ ਹੈ ਕਿ ਸਾਧਕ ਦੀਆਂ ਸਮੂਹ ਇੰਦਰੀਆਂ ਅਤੇ ਉਸ ਦੇ ਰੋਮ ਵੀ ਪ੍ਰਭੂ ਵੱਲ ਰੁਚਿਤ ਹੋ ਜਾਂਦੇ ਹਨ। ਜੋ ਵਿਅਕਤੀ ਗਰੀਬਾਂ ਉਪਰ ਦਾਹੜੀਆਂ ਖਿੱਚਦੇ ਹਨ। ਉਨ੍ਹਾਂ ਦੀਆਂ ਦਾਹੜੀਆਂ ਅੱਗ ਵਿਚ ਸਾੜੀਆਂ ਜਾਣਗੀਆਂ।[467] ਉਹ ਦਾਹੜੀਆਂ ਸੁੱਚੀਆਂ ਹਨ ਜੋ ਗੁਰੂ ਦੇ ਚਰਨਾਂ ਤੇ ਲੱਗਦੀਆਂ ਹਨ।[468] ਸਾਧਕ ਚਾਹੁੰਦਾ ਹੈ ਕਿ ਉਹ ਆਪਣੇ ਕੇਸਾਂ ਨਾਲ ਗੁਰੂ ਨੂੰ ਚੌਰ ਕਰੇ। ਇਹ ਆਪਾ ਸਮਰਪਣ ਦੀ ਭਾਵਨਾ ਹੈ।[469] ਸਿਰ ਧ੍ਰਿਕਾਰਯੋਗ ਹੈ ਜੇਕਰ ਗੁਰਾਂ ਦੇ ਚਰਨਾਂ ਵਿਚ ਨਹੀਂ ਝੁਕਦਾ, ਅੱਖਾਂ ਧ੍ਰਿਕਾਰਯੋਗ ਹਨ ਜੇਕਰ ਪਰਾਈ ਇਸਤਰੀ ਨੂੰ ਤੱਕਦੀਆਂ ਹਨ, ਕੰਨ ਧ੍ਰਿਕਾਰਯੋਗ ਹਨ ਜੇਕਰ ਗੁਰ ਉਪਦੇਸ਼ ਧਿਆਨ ਨਾਲ ਨਹੀਂ ਸੁਣਦੇ, ਜ਼ਬਾਨ ਧ੍ਰਿਕਾਰਯੋਗ ਹੈ ਜੋ ਰੱਬ ਦੇ ਨਾਮ ਤੋਂ ਇਲਾਵਾ ਕੁਝ ਸਿਮਰਦੀ ਹੈ, ਹੱਥਾਂ ਅਤੇ ਪੈਰਾਂ ਨੂੰ ਧ੍ਰਿਕਾਰਯੋਗ ਕਿਹਾ ਹੈ ਜੋ ਸੇਵਾ ਬਿਨਾਂ ਕੋਈ ਹੋਰ ਕੰਮ ਕਰਦੇ ਹਨ।[470]

### ਨਿੱਤ ਦਾ ਅਮਲ ਅਤੇ ਸਵੈ ਮੰਥਨ

ਸਾਧਕ ਨੂੰ ਗੁਰੂ ਸ਼ਰਣ ਅਤੇ ਸੰਗਤ ਦੀ ਪ੍ਰਾਪਤੀ ਹੋ ਗਈ ਹੈ, ਉਹ ਨਾਮ ਸਿਮਰਨ, ਸੇਵਾ ਅਤੇ ਕਥਾ ਕੀਰਤਨ ਰਾਹੀਂ ਵੀ ਬੰਦਗੀ ਕਰਨ ਲੱਗ ਪਿਆ ਹੈ। ਅਜਿਹੀ ਅਵਸਥਾ ਆ ਬਣੀ ਹੈ ਜਿਥੇ ਉਸਦਾ ਇੱਕ ਵੀ ਮਿੰਟ ਰੱਬ ਦੀ ਯਾਦ ਤੋਂ ਬਿਨਾਂ ਨਹੀਂ ਬੀਤਦਾ। ਉਸਦਾ ਸੌਣਾ, ਜਾਗਣਾ, ਉਠਣਾ, ਬੈਠਣਾ ਸਭ ਬੰਦਗੀ ਲਈ ਹੈ। ਅਜਿਹੀ ਜੀਵਨ ਜਾਚ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਵੀ ਮਿਲਦੀ ਹੈ:

> ਸਤਿਗੁਰੂ ਪਹਿਰ ਰਾਤ ਰਹਿੰਦੇ ਜਾਗਦੇ ਸਨ। ਭਾਈ ਲਹਿਣਾ ਜੀ ਉਸ ਸਮੇਂ ਆਪਣੇ ਸੁਆਮੀ ਦੀ ਸੇਵਾ ਲਈ ਤਿਆਰ-ਬਰ-ਤਿਆਰ ਹੁੰਦੇ। ਸਤਿਗੁਰ ਸਨਾਨ ਲਈ ਰਾਵੀ ਤੇ ਜਾਂਦੇ ਤਾਂ ਆਪ ਵਸਤ੍ਰ ਲਈ ਮੂੰਹ ਝਾਖਰਾ ਹੋਣ ਤੱਕ ਅਡੋਲ ਖੜੇ ਰਹਿੰਦੇ। ਸਤਿਗੁਰੂ ਰਾਵੀ ਤੋਂ ਬਾਹਰ ਆ ਕੇ ਵਸਤ੍ਰ ਧਾਰਨ ਕਰਦੇ ਅਤੇ ਭਾਈ ਲਹਿਣਾ ਜੀ ਗੁਰੂ ਜੀ ਦੇ ਨਾਲ ਘਰ ਪਰਤਦੇ। ਸਵੇਰ ਸਾਰ ਬਲਵੰਡ ਕੀਰਤਨ ਦੀ ਚੌਂਕੀ ਆਰੰਭ ਦਿੰਦਾ ਅਤੇ ਸੰਗਤਾਂ ਗੁਰੂ ਜੀ ਦੇ ਨਾਲ ਹੀ ਦੀਵਾਨ ਵਿਚ ਆ ਸਜਦੀਆਂ। ਭਾਈ ਲਹਿਣਾ ਜੀ ਸੰਗਤਾਂ ਦੀ ਸਹੂਲਤ ਦੀ ਦੇਖਭਾਲ ਅਤੇ ਸੇਵਾ ਵਿਚ ਰੁਝ ਜਾਂਦੇ। ਅਗਲਾ ਪਹਿਰ ਲੰਗਰ ਦਾ ਸਾਮਾਨ ਇਕੱਤਰ ਕਰਨ

---

464 *ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰ ਪੇਖਣਾ ਸ੍ਰਵਣੀ ਸੁਨਣਾ ਗੁਰਿ ਨਾਉ॥* ਰਾਗ ਗੂਜਰੀ, ਮ: ੫, 517.

465 *ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥* ਸਲੋਕ, ਸੇਖ ਫਰੀਦ, 1381.

466 *ਜੋ ਸਿਰੁ ਸਾਂਈ ਨ ਨਿਵੈ ਸੋ ਸਿਰੁ ਕੀਜੈ ਕਾਂਇ॥ ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ ਉਹੀ,* 1381.

467 *ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥* ਰਾਗ ਗਉੜੀ, ਮ: ੫, 199.

468 *ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ॥ ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ॥* ਸਲੋਕ ਵਾਰਾਂ ਤੇ ਵਧੀਕ, ਮ: ੩, 1419.

469 *ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥ ਰਹਾਉ॥* ਰਾਗ ਸੂਹੀ, ਮ: ੫, 749.

470 ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ। ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ। ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ। ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ। ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ। ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ। *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ- 27/10.

> ਅਤੇ ਤਿਆਰ ਕਰਨ ਵਿਚ ਬੀਤਦਾ। ਦਿਨ ਦੇ ਦੂਜੇ ਪਹਿਰ ਵਿਚ ਲੰਗਰ ਵਰਤਦਾ ਅਤੇ ਸਤਿਗੁਰੂ ਪ੍ਰਸ਼ਾਦ ਛਕਣ ਉਪਰੰਤ ਬਕਾਇਣ ਦੇ ਬਾਗ ਵਿਚ ਆ ਬਿਰਾਜਦੇ। ਤੀਜਾ ਪਹਿਰ ਭਜਨ ਅਤੇ ਸ਼ਬਦ ਦੀ ਵਿਚਾਰ ਦਾ ਹੁੰਦਾ। ਚੌਥਾ ਪਹਿਰ ਸੰਧਿਆ ਦੇ ਕੀਰਤਨ ਦਾ ਅਤੇ ਰਾਤ ਦੇ ਪਹਿਲੇ ਪਹਿਰ ਵਿਚ ਪ੍ਰਸ਼ਾਦ ਪਿੱਛੋਂ ਕੀਰਤਨ ਸੋਹਿਲੇ ਦਾ ਪਾਠ ਹੁੰਦਾ।[471]

ਬੰਦਗੀ ਦਾ ਕੋਈ ਵੇਲਾ ਨਹੀਂ ਹੈ। ਪਰੰਤੂ ਸਾਧਕ ਨੂੰ ਅਨੁਸ਼ਾਸ਼ਨ ਵਿਚ ਢਾਲਣ ਲਈ ਮਰਿਯਾਦਾ ਦੀ ਬਹੁਤ ਜ਼ਰੂਰਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਇਹ ਮਰਿਯਾਦਾ ਬਣ ਗਈ ਸੀ। ਕਰਤਾਰਪੁਰ ਰਹਿੰਦਿਆਂ ਗੁਰੂ ਜੀ ਨੇ ਸਵੇਰੇ ਜਪੁਜੀ ਅਤੇ ਸ਼ਾਮ ਨੂੰ ਸੋਦਰ ਅਤੇ ਆਰਤੀ ਦਾ ਪਾਠ ਕਰਨਾ ਲਾਜ਼ਮੀ ਕਰ ਦਿੱਤਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਦੀ ਨਿੱਤ ਦੀ ਕਿਰਿਆ ਬਾਰੇ ਦੱਸਿਆ ਹੈ ਕਿ ਗੁਰੂ ਦਾ ਸਿੱਖ ਅੰਮ੍ਰਿਤ ਵੇਲੇ ਉੱਠੇ ਅਤੇ ਨਾਮ ਜਪਣਾ ਸ਼ੁਰੂ ਕਰ ਦੇਵੇ। ਇਸ਼ਨਾਨ ਕਰੇ ਅਤੇ ਗੁਰੂ ਦੇ ਉਪਦੇਸ਼ ਨੂੰ ਯਾਦ ਰੱਖੇ। ਇਸ ਨਾਲ ਪਾਪ ਉਤਰ ਜਾਣਗੇ। ਸਾਧਕ ਦਿਨ ਚੜਦਿਆਂ ਗੁਰਬਾਣੀ ਪੜੇ ਅਤੇ ਬਹਿੰਦਿਆਂ ਅਤੇ ਉਠਦਿਆਂ ਹਰੀ ਦਾ ਨਾਮ ਧਿਆਵੇ। ਅਜਿਹਾ ਸਿੱਖ ਗੁਰੂ ਨੂੰ ਭਾਉਂਦਾ ਹੈ। ਅਜਿਹੇ ਗੁਰਸਿੱਖ ਦੇ ਚਰਨਾਂ ਦੀ ਧੂੜ ਦੀ ਲੋਚਾ ਕਰਨੀ ਚਾਹੀਦੀ ਹੈ ਜੋ ਆਪ ਤਾਂ ਜੁੜਦਾ ਹੈ ਅਤੇ ਹੋਰਨਾਂ ਨੂੰ ਵੀ ਇਸ ਪਾਸੇ ਲਾਉਂਦਾ ਹੈ।[472] ਸਾਧਕ ਨੂੰ ਅੰਮ੍ਰਿਤ ਵੇਲੇ ਉਠਣ ਵਿਚ ਆਲਸ ਅਤੇ ਸੁਸਤੀ ਬਾਧਾ ਬਣਦੇ ਹਨ,"ਆਤਮਕ ਮਾਰਗ ਦੇ ਪਾਂਧੀ ਨੂੰ ਉਪਰ ਲਿਖੇ ਦੋਹਾਂ ਦੁਸ਼ਮਣਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਇਹ ਦੋਵੇਂ ਆਤਮ ਮਾਰਗ ਤੇ ਚੱਲਣ ਵਾਲੇ ਅਨੇਕਾਂ ਪਾਂਧੀਆਂ ਦੇ ਰਸਤੇ ਵਿਚ ਐਸੇ ਰੋੜੇ ਅਟਕਾਦੇ ਹਨ ਕਿ ਉਨ੍ਹਾਂ ਲਈ ਆਤਮਕ ਸਫ਼ਰ ਕਰਨਾ ਅਸੰਭਵ ਹੋ ਜਾਂਦਾ ਹੈ।"[473] ਬਾਬਾ ਫ਼ਰੀਦ ਜੀ ਦੱਸਦੇ ਹਨ ਮੁਸਲਮਾਨ ਨੂੰ ਪੰਜ ਵੇਲੇ ਦੀ ਨਮਾਜ਼ ਜ਼ਰੂਰ ਪੜਨੀ ਚਾਹੀਦੀ ਹੈ।[474] ਜੋ ਮੁਸਲਮਾਨ ਸਵੇਰ ਦੀ ਨਮਾਜ਼ ਰਾਹੀਂ ਰੱਬ ਅੱਗੇ ਸਿਜਦਾ ਨਹੀਂ ਕਰਦਾ। ਉਸ ਸਾਧਕ ਦਾ ਸਿਰ ਵੱਢ ਦੇਣਾ ਚਾਹੀਦਾ ਹੈ। ਆਪ ਅਨੁਸਾਰ ਜੋ ਸਾਧਕ ਸੁਵੱਖਤੇ ਨਹੀਂ ਉੱਠਦੇ ਉਹ ਮਰਿਆ ਸਮਾਨ ਹਨ।[475] ਬੰਦਗੀ ਵਿਚ ਇਸ ਉਦਮ ਦਾ ਵਿਸ਼ੇਸ ਸਥਾਨ ਹੈ:

> ਇਸ ਲਈ ਪੁਰਸਾਰਥ ਬੜਾ ਜ਼ਰੂਰੀ ਹੈ। ਪ੍ਰਭੂ ਨੇ ਸਾਡੀ ਹਸਤੀ ਵਿਚ ਆਤਮਾ, ਮਨ ਅਤੇ ਸਰੀਰ ਦਾ ਸਬੰਧ ਕਾਇਮ ਕੀਤਾ ਹੈ। ਇਨ੍ਹਾਂ ਤਿੰਨਾਂ ਨੂੰ ਆਪੋ ਆਪਣੇ ਫ਼ਰਜ਼ ਪੂਰਾ ਕਰਨਾ ਚਾਹੀਏ, ਇਨ੍ਹਾਂ ਤਿੰਨਾਂ ਨੂੰ ਕੰਮ ਲਾਉਣਾ ਜ਼ਰੂਰੀ ਹੈ। ਇਹ ਫ਼ਰਜ਼ ਪੂਰਾ ਕਰਨਾ ਭਾਵ ਕੰਮ ਲਾਉਣਾ ਉਦਮ ਦਾ ਹੀ ਸਿੱਟਾ ਹਨ। ਜਿੰਨ੍ਹਾ ਚਿਰ ਆਦਮੀ ਉਦਮ ਨਾ ਕਰੇ ਰੱਬ ਵੀ ਉਹਦੀ ਸਹਾਇਤਾ ਨਹੀਂ ਕਰਦਾ। ਗੁਰੂ ਸਾਹਿਬ ਜੀ ਨੇ ਗੁਰਬਾਣੀ ਵਿਚ ਥਾਂ-ਥਾਂ ਕਿਰਸਾਨਾਂ, ਵਣਜਾਰਿਆਂ, ਵਿਉਪਾਰੀਆਂ ਤੇ ਹੋਰ ਕਰਿੰਦਿਆਂ ਦੇ ਪ੍ਰਮਾਣ ਦੇ ਕੇ ਕਿਹਾ ਹੈ ਕਿ ਇਨ੍ਹਾਂ ਵਾਂਗ ਉਦਮ ਕਰੋ। ਇਉਂ ਆਪਣਾ ਜੀਵਨ ਉੱਚਾ ਕਰੋ ਤੇ ਆਪਣਾ ਲੋਕ ਪਰਲੋਕ ਸੁਆਰੋ। ਇਸ

---

[471] ਦਵਿੰਦਰ ਸਿੰਘ ਵਿਦਿਆਰਥੀ (ਡਾ.), "ਜਗਿਆਸੂ ਤੋਂ ਅਨੰਤ ਪਦ ਦੀ ਯਾਤਰਾ", ਬਲਕਾਰ ਸਿੰਘ (ਡਾ.), (ਸੰਪਾ.), *ਉਹੀ ਰਚਨਾ,* ਪੰਨਾ 101.

[472] *ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖੁ ਗੁਰੂ ਮਨਿ ਭਾਵੈ॥* ਰਾਗੁ ਗਉੜੀ, ਮ: ੪, 305.

[473] ਰਘਬੀਰ ਸਿੰਘ ਬੀਰ, *ਬੰਦਗੀਨਾਮਾ,* ਪੰਨਾ-321.

[474] *ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥* ਸਲੋਕ, ਸੇਖ ਫਰੀਦ, 1381.

[475] *ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥ ਜੇ ਤੈ ਰਬ ਵਿਸਾਰਿਆ ਤ ਰਬਿ ਨ ਵਿਸਰਿਓਹਿ॥ ਉਹੀ*, 1383.

ਲਈ ਖੋਜ, ਤਲਾਸ਼ ਤੇ ਉਦਮ ਬੰਦੇ ਲਈ ਜ਼ਰੂਰੀ ਹਨ। ਉਸਨੂੰ ਜਿਹੜਾ ਭੀ ਦਿਲੋਂ ਖੋਜੇਗਾ, ਈਮਾਨਦਾਰੀ ਨਾਲ ਤੇ ਸਚਾਈ ਸਫ਼ਾਈ ਨਾਲ ਜੋ ਉਦਮ ਕਰੇਗਾ, ਉਹ ਜ਼ਰੂਰ ਫਲ ਪ੍ਰਾਪਤ ਕਰੇਗਾ।[476]

ਸੂਰਜ ਚੜਨ ਤੋਂ ਪਹਿਲਾ ਦਾ ਸਮਾਂ ਬਖਸ਼ਿਸ਼ਾਂ ਦਾ ਸਮਾਂ ਹੈ ਪਰੰਤੂ ਇਸ ਵਕਤ ਜਿੰਨ੍ਹਾਂ ਸਾਧਕਾਂ ਦੀਆਂ ਅੱਖਾਂ ਵਿਚ ਨੀਂਦ ਛਾਈ ਹੈ, ਉਨ੍ਹਾਂ ਨੂੰ ਪਿਆਰੇ ਦੇ ਪਿਆਰ ਦੀ ਬਖਸ਼ਿਸ਼ ਨਹੀਂ ਮਿਲ ਸਕਦੀ।[477] ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਇਸ ਵਕਤ ਕਈ ਲੋਕ ਜਾਗਦੇ ਹਨ ਪਰ ਉਨ੍ਹਾਂ ਨੂੰ ਬੰਦਗੀ ਨਹੀਂ ਮਿਲਦੀ। ਅਭਿਆਸੀ ਸਾਧਕਾਂ ਨੂੰ ਮਾਲਕ ਆਪ ਜਗਾਕੇ ਇਹ ਦਾਤ ਦਿੰਦਾ ਹੈ।[478] ਇਹ ਵਕਤ ਮਨ ਨਾਲ ਘੋਲ ਕਰਨ ਦਾ ਹੁੰਦਾ ਹੈ।[479] ਨੀਦ ਆਖਦੀ ਹੈ ਕਿ ਮੈਂ ਉੱਠਣ ਨਹੀਂ ਦੇਣਾ ਅਤੇ ਬੰਦਗੀ ਕਰਨ ਵਾਲਾ ਨੀਦ ਅਤੇ ਆਲਸ ਦਾ ਤਿਆਗ ਕਰਕੇ ਉੱਠਦਾ ਹੈ। ਇਸ ਵਕਤ ਜਾਂ ਆਕਾਸ਼ ਵਿਚ ਤਾਰੇ ਜਾਗਦੇ ਹਨ ਜਾਂ ਰੱਬ ਦੇ ਪਿਆਰੇ ਜਾਗਦੇ ਹਨ।[480] ਅੰਮ੍ਰਿਤ ਵੇਲੇ ਨੂੰ ਵੱਤਰ ਦਾ ਵੇਲਾ ਕਿਹਾ ਜਾਂਦਾ ਹੈ।[481] ਧਨੀ ਰਾਮ ਚਾਤ੍ਰਿਕ ਨੇ ਵੀ ਲਿਖਿਆ ਹੈ- *ਇਸ ਵੇਲੇ ਜਾਂ ਜਾਗਦੇ ਤਾਰੇ ਵਿਚ ਅਸਮਾਨ ਜਾਂ ਕੋਈ ਬੈਠਾ ਭਗਤ ਜਨ ਕਰਦਾ ਖੂਹੇ ਤੇ ਇਸ਼ਨਾਨ।* ਇਹ ਸੁਭਾਵਿਕ ਹੀ ਹੈ ਸਵੇਰ ਦੇ ਕੀਤੇ ਕੰਮ ਦਾ ਅਸਰ ਸਾਡੇ ਜੀਵਨ ਤੇ ਸਾਰਾ ਦਿਨ ਰਹਿੰਦਾ ਹੈ। ਜਿਸ ਤਰ੍ਹਾਂ ਸਵੇਰ ਦੀ ਨੀਂਦ ਦਾ ਵੱਖਰਾ ਮਜ਼ਾ ਹੈ ਇਸ ਤਰ੍ਹਾਂ ਸਵੇਰ ਦੀ ਬੰਦਗੀ ਦਾ ਵੱਖਰਾ ਆਨੰਦ ਹੈ। ਅੰਮ੍ਰਿਤ ਵੇਲਾ ਸਵੇਰੇ ਸ਼ੁਰੂ ਨਹੀਂ ਹੁੰਦਾ। ਜਿਸਨੇ ਅੰਮ੍ਰਿਤ ਵੇਲੇ ਸਾਧਨਾ ਕਰਨੀ ਹੁੰਦੀ ਹੈ। ਉਹ ਰਾਤ ਨੂੰ ਹੀ ਤਿਆਰੀ ਕਰਦੇ ਹਨ।[482] ਉਹ ਘੱਟ ਖਾਂਦੇ ਹਨ ਅਤੇ ਘੱਟ ਸੌਂਦੇ ਹਨ। ਉਹ ਪਸ਼ੂਆਂ ਵਾਂਗ ਢਿੱਡ ਨਹੀਂ ਭਰਦੇ। ਅੰਮ੍ਰਿਤ ਵੇਲੇ ਸਾਧਕ ਉੱਠਕੇ ਇਸ਼ਨਾਨ ਕਰਦਾ ਹੈ ਅਤੇ ਫੇਰ ਨਿਤਨੇਮ ਜਾਂ ਨਾਮ ਸਿਮਰਨ ਕਰਦਾ ਹੈ। ਇਹ ਵੀ ਹਰ ਵਿਅਕਤੀ ਦਾ ਆਪਣਾ ਨਿਰਣਾ ਹੈ ਪਰ ਗੁਰਮਤਿ ਨੇ ਅੰਮ੍ਰਿਤ ਵੇਲੇ ਪੰਜ ਬਾਣੀਆਂ ਨੂੰ, ਸ਼ਾਮ ਵੇਲੇ ਸੋਦਰ ਰਹਿਰਾਸ ਅਤੇ ਆਰਤੀ ਨੂੰ ਅਤੇ ਸੌਣ ਵੇਲੇ ਕੀਰਤਨ ਸੋਹਿਲਾ ਦੀ ਬਾਣੀ ਪੜਣ ਨੂੰ ਲਾਜ਼ਮੀ ਕਰਾਰ ਦਿੱਤਾ ਹੈ। ਸੂਰਜ ਚੜਨ ਤੋਂ ਪਹਿਲਾ ਦਾ ਇਸ਼ਨਾਨ ਤਨ ਨੂੰ ਅਤੇ ਨਾਮ ਸਿਮਰਨ ਮਨ ਨੂੰ ਅਰੋਗ ਕਰਦਾ ਹੈ।[483] ਸਾਧਕ ਮਾਲਕ ਅੱਗੇ ਵਾਰ-ਵਾਰ ਅਰਦਾਸਾਂ ਕਰਦਾ ਰਹਿੰਦਾ ਹੈ। ਉਹ ਸਾਰੀਆਂ ਰੀਤਾਂ ਦਾ ਤਿਆਗ ਕਰਦਾ ਹੈ ਜਿੰਨਾਂ ਰਾਹੀਂ ਮਾਲਕ ਵਿਸਰਦਾ ਹੈ।[484] ਸਾਧਕ ਸਵੈ ਮੰਥਨ ਕਰਦਾ ਹੈ। ਉਸਦਾ ਤਨ ਅਤੇ ਮਨ ਦੋਵੇਂ ਇਸ ਵਿਚ ਸ਼ਾਮਿਲ ਹੁੰਦੇ ਹਨ। ਦੂਜਿਆਂ ਨੂੰ ਬੁਰਾ ਕਹਿਣ ਤੋਂ ਪਹਿਲਾ ਆਪਣੇ

---

476 ਸ਼ੇਰ ਸਿੰਘ, *ਉਹੀ ਰਚਨਾ,* ਪੰਨਾ- 438.

477 *ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨਾ ਭਾਉ॥* ਸਲੋਕ, ਸੇਖ ਫਰੀਦ, 1382.

478 *ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥ ਇਕਿ ਜਾਗੰਦੇ ਨ ਲਹਨਿ ਇਕਨਾ ਸੁਤਿਆ ਦੇਇ ਉਠਾਲਿ॥* ਸਲੋਕ, ਸੇਖ ਫਰੀਦ, 1384.

479 *ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥* ਰਾਗ ਸਿਰੀਰਾਗ, ਮ: ੫, 74.

480 *ਭਿੰਨੀ ਰੈਨੜੀਏ ਚਾਮਕਨਿ ਤਾਰੇ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥ ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰ ਨਾਹੀ ਇਕ ਖਿਨੋ॥* ਰਾਗ ਆਸਾ ਮ: ੫, 459.

481 *ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਕਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥ ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥* ਰਾਗ ਸੂਹੀ ਮ: ੪, 734.

482 *ਪਹਿਲੈ ਪਹਿਰੇ ਫੁਲੜਾ ਫਲੁ ਭੀ ਪਛਾ ਰਾਤਿ॥ ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥* ਸਲੋਕ , ਸੇਖ ਫਰੀਦ, 1384.

483 *ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥* ਰਾਗ ਸੋਰਠ ਮ ੫, 611.

484 *ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥ ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੇ॥* ਰਾਗ ਵਡਹੰਸ ਮ: ੨, 590.

ਅੰਦਰ ਝਾਤੀ ਮਾਰਦਾ ਹੈ।[485] ਮਹਿਸੂਸ ਕਰਦਾ ਹੈ ਕਿ ਸਾਰਿਆਂ ਵਿਚ ਰੱਬ ਹੈ। ਉਹ ਕਿਸੇ ਦਾ ਦਿਲ ਨਹੀਂ ਦੁਖਾਉਂਦਾ।[486] ਸਾਧਕ ਹੱਕ ਦੀ ਕਮਾਈ ਕਰਦਾ ਹੈ। ਉਸ ਕਮਾਈ ਨਾਲ ਆਪਣਾ ਅਤੇ ਪਰਿਵਾਰ ਦਾ ਜੀਵਨ ਨਿਰਬਾਹ ਕਰਦਾ ਹੈ।[487] ਉਹ ਆਪਣੀ ਕਮਾਈ ਵਿਚੋਂ ਲੋੜਵੰਦਾਂ ਦੀ ਮਦਦ ਵੀ ਕਰਦਾ ਹੈ:

> ਗੁਰੂ ਨਾਨਕ ਦੇਵ ਜੀ ਦੀ ਭਗਤੀ ਕੇਵਲ ਭਗਤੀ ਨਹੀਂ, ਭਗਤੀ ਅਤੇ ਕਿਰਤ ਦਾ ਇਕ ਸੁਚੱਜਾ ਸੁਮੇਲ ਹੈ। ਇਸ ਵਿਚ ਕਾਮਹੀਣਤਾ ਨਹੀਂ, ਕਰਮਸ਼ੀਲਤਾ ਹੈ। ਇਸਦਾ ਕਾਰਣ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵੈਰਾਗ ਅਤੇ ਤਿਆਗ ਦੇ ਟਾਕਰੇ ਤੇ ਗ੍ਰਹਿਸਤ ਉਪਰ ਵਿਸ਼ੇਸ ਜ਼ੋਰ ਦਿੱਤਾ।[488]

ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਉਸਦੇ ਜੀਵਨ ਵਿਚ ਆ ਚੁੱਕਾ ਹੁੰਦਾ ਹੈ। ਉਸਦਾ ਹੱਥ ਕਾਰ ਵੱਲ ਹੁੰਦਾ ਹੈ ਅਤੇ ਚਿੱਤ ਯਾਰ ਵੱਲ ਹੁੰਦਾ ਹੈ। ਦੁਨਿਆਵੀਂ ਧੰਦੇ-ਧੰਦਾਰ ਕਰਦਿਆਂ ਵੀ ਉਸਦਾ ਧਿਆਨ ਮਾਲਕ ਵੱਲ ਹੁੰਦਾ ਹੈ। ਜੇਕਰ ਉਹ ਦੁਨੀਆਂਦਾਰਾਂ ਦੀਆਂ ਗੱਲਾਂ ਕਰਦਾ ਵੀ ਹੈ ਤਾਂ ਉਸ ਵਿਚ ਵੀ ਪਰਮਾਰਥ ਹੀ ਹੁੰਦਾ ਹੈ। ਭਗਤ ਕਬੀਰ ਜੀ ਦੱਸਦੇ ਹਨ ਕਿ ਮੈਨੂੰ ਉਦੋਂ ਮੁਸ਼ਕਿਲ ਆਉਂਦੀ ਹੈ ਜਦੋਂ ਮੈਂ ਸੂਈ ਵਿਚ ਧਾਂਗਾ ਪਾਉਂਦਾ ਹਾਂ।[489] ਨਾਮਦੇਵ ਜੀ ਦੱਸਦੇ ਹਨ ਕਿ ਮੈਂ ਮਨ ਨੂੰ ਗਜ ਅਤੇ ਜ਼ਬਾਨ ਨੂੰ ਕੈਂਚੀ ਬਣਾ ਲਿਆ ਹੈ। ਹੁਣ ਮੈਂ ਨਾਪ-ਨਾਪ ਕੇ ਜਮਾਂ ਦੀ ਫਾਹੀ ਨੂੰ ਵੱਢ ਰਿਹਾਂ ਹਾਂ[490]

ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਰਵਿਦਾਸ ਚਮੜੇ ਦੀਆਂ ਜੁੱਤੀਆਂ ਨਹੀਂ ਜੋੜਦਾ ਉਹ ਤਾਂ ਟੁੱਟੇ ਮਨਾਂ ਨੂੰ ਜੋੜਦਾ ਹੈ।[491] ਨਾਮਦੇਵ ਜੀ ਦੱਸਦੇ ਹਨ ਕਿ ਇਹ ਅਵਸਥਾ ਅਜਿਹੀ ਹੋ ਜਾਂਦੀ ਹੈ ਜਿਵੇਂ ਬੱਚੇ ਪਤੰਗ ਉਡਾਉਂਦੇ ਹਨ ਅਤੇ ਸਾਥੀਆਂ ਨਾਲ ਗੱਲਾਂ ਵੀ ਕਰਦੇ ਹਨ ਪਰ ਧਿਆਨ ਏਨਾ ਪ੍ਰਪੱਕ ਹੋ ਗਿਆ ਹੁੰਦਾ ਹੈ ਕਿ ਪਤੰਗ ਵਿਚੋਂ ਧਿਆਨ ਲਾਂਭੇ ਨਹੀਂ ਹੁੰਦਾ। ਮੁਟਿਆਰਾਂ ਗਾਗਰਾਂ ਉਪਰ ਗਾਗਰਾਂ ਰੱਖ ਕੇ ਖੂਹ ਤੋਂ ਪਾਣੀ ਲਿਆਉਂਦੀਆਂ ਹਨ ਪਰ ਗਾਗਰ ਨਹੀਂ ਗਿਰਨ ਦਿੰਦੀਆਂ। ਗਊ ਘਰ ਵਿਚ ਵੱਛੇ ਨੂੰ ਛੱਡਕੇ ਜੰਗਲ ਵਿਚ ਘਾਹ ਚਰਨ ਜਾਂਦੀ ਹੈ ਪਰ ਧਿਆਨ ਵੱਛੇ ਵਿਚ ਹੁੰਦਾ ਹੈ। ਮਾਂ ਘਰ ਵਿਚ ਕੰਮ ਕਾਰ ਕਰਦੀ ਹੈ ਪਰ ਧਿਆਨ ਪੰਘੂੜੇ ਵਿਚ ਸੁੱਤੇ ਬੱਚੇ ਵਿਚ ਹੁੰਦਾ ਹੈ ਕਿ ਕਿਤੇ ਬੱਚਾ ਰੋਂਦਾ ਤਾਂ ਨਹੀਂ। ਇਸ ਤਰਾਂ ਸਾਧਕ ਦਾ ਧਿਆਨ ਰੱਬ ਵੱਲ ਰਹਿੰਦਾ ਹੈ।[492] ਨਾਮਦੇਵ ਅਤੇ ਤ੍ਰਿਲੋਚਨ ਜੀ ਸਮਕਾਲੀ ਹੋਏ ਹਨ। ਇੱਕ ਦਿਨ ਨਾਮਦੇਵ ਨੂੰ ਕੱਪੜੇ ਧੋਂਦੇ ਵੇਖਕੇ ਤ੍ਰਿਲੋਚਨ ਨੇ ਸੁਆਲ ਕਰ ਦਿੱਤਾ ਕਿ ਨਾਮਦੇਵ ਤੂੰ ਤਾਂ ਲੋਕਾਂ ਦੇ ਕੱਪੜੇ ਹੀ ਧੋਈ ਜਾਂਦਾ ਹੈ। ਤੂੰ ਬੰਦਗੀ ਕਦੋਂ ਕਰਦਾ ਹੋਵੇਗਾ? ਨਾਮਦੇਵ ਨੇ ਜੁਆਬ ਦਿੱਤਾ, ਤ੍ਰਿਲੋਚਨ ਮੈਂ ਹੱਥਾਂ ਨਾਲ

---

[485] *ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥*ਸਲੋਕ, ਸੇਖ ਫਰੀਦ, 1378.

[486] *ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ ਉਹੀ*, 1384.

[487] *ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥* ਰਾਗ ਸਾਰੰਗ ਮ: ੨, 1245.

[488] ਮਨਮੋਹਨ ਸਿੰਘ, *ਉਹੀ*, ਪੰਨਾ-123.

[489] *ਜਬ ਲਗ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮ ਸਨੇਹੀ॥* ਰਾਗ ਗੂਜਰੀ, ਕਬੀਰ 524.

[490] *ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ॥* ਰਾਗ ਆਸਾ, ਨਾਮਦੇਵ, 485.

[491] *ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥ ਰਹਾਉ॥ ਆਰ ਨਹੀ ਜਿਹ ਤੋਪਉ॥ ਨਹੀ ਰਾਂਬੀ ਠਾਉ ਰੋਪਉ॥ ਲੋਗੁ ਗੰਠਿ ਗੰਠਿ ਖਰਾ ਬਿਗੂਚਾ॥ ਹਉ ਬਿਨੁ ਗਾਂਠੇ ਜਾਇ ਪਹੂਚਾ॥ ਰਵਿਦਾਸੁ ਜਪੈ ਰਾਮ ਨਾਮਾ॥ ਮੋਹਿ ਜਮ ਸਿਉ ਨਾਹੀ ਕਾਮਾ॥* ਰਾਗ ਸੋਰਠ, ਰਵਿਦਾਸ, 659.

[492] *ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥ ਪੰਚ ਜਨਾ ਸਿਉ ਬਾਤ ਬਤਊਆ ਚੀਤ ਸੁ ਡੋਰੀ ਰਾਖੀਅਲੇ॥ ਮਨ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥ ਰਹਾਉ॥* ਰਾਗ ਰਾਮਕਲੀ, ਨਾਮਦੇਵ, 972.

ਕੱਪੜੇ ਧੋਂਦਾਂ ਹਾਂ ਅਤੇ ਮੇਰਾ ਚਿੱਤ ਮਾਲਕ ਨਾਲ ਜੁੜਿਆ ਹਾਂ।[493] ਗੁਰੂ ਅਰਜਨ ਦੇਵ ਜੀ ਨੇ ਇਸ ਅਵਸਥਾ ਨੂੰ ਠਾਠਾ ਬਾਗਾ ਕਿਹਾ ਹੈ। ਸਾਧਕ ਮੁਖ ਨਾਲ ਦੁਨੀਆਦਾਰੀ ਦੀਆਂ ਗੱਲਾਂ ਵੀ ਕਰਦਾ ਹੈ ਪਰ ਉਸਦਾ ਮਨ ਰੱਬ ਦੀ ਯਾਦ ਵਿਚ ਭਿੱਜਿਆ ਰਹਿੰਦਾ ਹੈ।[494] ਗੁਰਮਤਿ ਨੇ ਸਾਧਕ ਨੂੰ ਬੰਦ ਅੱਖਾਂ ਦੀ ਸਮਾਧੀ ਨਹੀਂ ਸਿਖਾਈ। ਉਹ ਅੱਖਾਂ ਖੋਲ੍ਹ ਕੇ ਕੰਮ ਕਾਰ ਕਰਦਾ ਹੈ। ਇਸ ਨੂੰ ਹੀ ਸਹਿਜ ਅਵਸਥਾ ਕਿਹਾ ਹੈ। ਇਹ ਅਵਸਥਾ ਜਦੋਂ ਅੰਦਰ ਆ ਜਾਂਦੀ ਹੈ ਤਾਂ ਇਹ ਛੱਡੀ ਨਹੀਂ ਜਾਂਦੀ।[495]

**ਵਿਆਕੁਲ ਹਿਰਦੇ ਦੀ ਹਾਲਤ**

ਪਿਆਰ ਸਾਧਕ ਦੇ ਮਨ ਵਿਚ ਬਿਰਹੁ ਨੂੰ ਬੀਜਦਾ ਹੈ। ਬਾਬਾ ਫ਼ਰੀਦ ਜੀ ਨੇ ਬਿਰਹੁ ਨੂੰ ਸਿਰਮੌਰ ਕਿਹਾ ਹੈ। ਇਸ ਬਿਨਾਂ ਤਨ ਮਰਿਆ ਬਰਾਬਰ ਹੈ।[496] ਉਹ ਮਾਲਕ ਦੇ ਦਰਸ਼ਨਾਂ ਨੂੰ ਉਤਾਵਲਾ ਹੋ ਉੱਠਦਾ ਹੈ। ਇਹ ਅਵਸਥਾ ਵਿਯੋਗ ਦੀ ਹੈ। ਇਸ ਅਵਸਥਾ ਨੂੰ ਅਭਿਆਸੀਆਂ ਨੇ ਵੱਖੋਂ ਵੱਖ ਤਰੀਕਿਆਂ ਨਾਲ ਬਿਆਨ ਕੀਤਾ ਹੈ। ਸਾਧਕ ਹਟਕੋਰੇ ਲੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਬਿਆਨ ਕੀਤਾ ਹੈ ਕਿ ਇਕ ਚੀਸ ਜਿਹੀ ਉਠਦੀ ਹੈ। ਇਸ ਦਰਦ ਦਾ ਇਲਾਜ਼ ਦੁਨਿਆਵੀ ਵੈਦ ਕੋਲ ਨਹੀਂ ਹੈ। ਵੈਦ ਆਉਂਦਾ ਹੈ ਅਤੇ ਨਵਜ਼ ਫੜਕੇ ਦੇਖਦਾ ਹੈ ਪਰ ਦਰਦ ਤਾਂ ਕਿਤੇ ਹੋਰ ਹੈ।[497] ਭਗਤ ਭੀਖਨ ਜੀ ਦੱਸਦੇ ਹਨ ਕਿ ਐਸੀ ਪੀੜ ਉਠੀ ਕਿ ਜਿਸਦਾ ਕੋਈ ਇਲਾਜ਼ ਹੀ ਨਹੀਂ ਹੈ।[498] ਬਾਬਾ ਫ਼ਰੀਦ ਜੀ ਦੱਸਦੇ ਹਨ ਕਿ ਇਹ ਦਰਦ ਤਾਂ ਪਿਆਰੇ ਨੂੰ ਹੀ ਦੱਸਿਆ ਜਾ ਸਕਦਾ ਹੈ।[499] ਨਾਮਦੇਵ ਜੀ ਦੱਸਦੇ ਹਨ ਕਿ ਇਹ ਅਵਸਥਾ ਭਟਕਣ ਵਾਲੀ ਹੁੰਦੀ ਹੈ ਜਿਵੇਂ ਗਾਂ ਵੱਛੇ ਤੋਂ ਬਿਨਾਂ ਉਤਾਵਲੀ ਹੁੰਦੀ ਹੈ। ਚਾਹੇ ਜਿੰਨੇ ਮਰਜ਼ੀ ਚੰਗੇ ਪੱਠੇ, ਦਾਣਾ ਗਾਂ ਨੂੰ ਦਿਓ। ਉਹ ਵਿਆਕੁਲ ਹੋ ਉਠਦੀ ਹੈ ਅਤੇ ਉਸਨੂੰ ਸ਼ਾਂਤੀ ਉਦੋਂ ਮਿਲਦੀ ਹੈ ਜਦੋਂ ਵੱਛੇ ਨਾਲ ਮੇਲ ਹੋ ਜਾਂਦਾ ਹੈ। ਇਹ ਹਾਲਤ ਇਵੇਂ ਦੀ ਹੈ ਜਿਵੇਂ ਪਾਣੀ ਬਿਨਾਂ ਮੱਛੀ ਦੀ ਹੁੰਦੀ ਹੈ।[500] ਇੱਕ ਫ਼ਾਰਸੀ ਦੇ ਸ਼ਾਇਰ ਨੇ ਆਪਣੇ ਪੁੱਤਰ ਨੂੰ ਅਜਿਹੀ ਅਵਸਥਾ ਨੂੰ ਪੁੱਜੇ ਸਾਧਕਾਂ ਦੀਆਂ ਨੌ ਨਿਸ਼ਾਨੀਆਂ ਦੱਸੀਆਂ ਹਨ:

> ਆਸ਼ਕਾਰਾ ਨਵੇ ਨਿਸ਼ਾਨੀ ਐ ਪਿਸਰ, ਆਹਾਂ ਸਰਦੋ, ਰੰਗ ਜ਼ਰਦੋ, ਚਸ਼ਮ ਤਰ,
> ਕਮ ਖੁਰਦਨੋ, ਕਮ ਗੁਫਤਨੋ, ਖ਼ੁਆਬਕਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤ ਸਰ।[501]

ਰੱਬ ਦੇ ਆਸ਼ਕ ਹਉਕੇ ਲੈਂਦੇ ਹਨ, ਰੰਗ ਪੀਲਾ ਪੈ ਜਾਂਦਾ ਹੈ, ਅੱਖਾਂ ਚੋਂ ਨੀਰ ਵਗਦਾ ਹੈ, ਖ਼ੁਰਾਕ ਘੱਟ ਜਾਂਦੀ ਹੈ, ਬੋਲਚਾਲ ਘੱਟ ਜਾਂਦੀ ਹੈ, ਪਿਆਰੇ ਦਾ ਇੰਤਜ਼ਾਰ ਰਹਿੰਦਾ ਹੈ, ਪਿਆਰੇ ਬਿਨਾਂ ਦਿਲ

---

493 *ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥* ਸਲੋਕ, ਕਬੀਰ, 1376.

494 *ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥* ਰਾਗ ਆਸਾ ਮ: ੫, 384.

495 *ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥ ਰਹਾਉ॥* ਰਾਗ ਬਿਲਾਵਲ ਮ: ੫, 808.

496 *ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥ ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ॥* ਸਲੋਕ, ਸੇਖ ਫਰੀਦ, 1379.

497 *ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥* ਰਾਗ ਮਲਾਰ ਮ: ੨, 1279.

498 *ਰਾਮ ਰਾਇ ਹੋਹਿ ਬੈਦ ਬਨਵਾਰੀ॥ ਅਪਨੇ ਸੰਤਹ ਲੇਹੁ ਉਬਾਰੀ॥ ਰਹਾਉ॥ ਮਾਥੈ ਪੀਰ ਸੀਰਰਿ ਜਲਨਿ ਹੈ ਕਰਕ ਕਰੇਜੇ ਮਾਹੀ॥ ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ॥* ਰਾਗ ਸੋਰਠ, ਭੀਖਨ, 659.

499 *ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥ ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥* ਸਲੋਕ, ਸੇਖ ਫਰੀਦ, 1378.

500 *ਮੋਹਿ ਲਾਗਤੀ ਤਾਲਾਬੇਲੀ॥ ਬਛਰੇ ਬਿਨੁ ਗਾਇ ਅਕੇਲੀ॥ ਪਾਨੀਆ ਬਿਨੁ ਮੀਨੁ ਤਲਫੈ॥ ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ॥ ਰਹਾਉ॥* ਰਾਗ ਗੋਂਢ, ਨਾਮਦੇਵ, 874.

501 ਸੰਤ ਈਸ਼ਰ ਸਿੰਘ, *ਉਹੀ*, ਪੰਨਾ- 109.

ਬੇਕਰਾਰ ਰਹਿੰਦਾ ਹੈ, ਨੀਂਦ ਨਹੀਂ ਆਉਂਦੀ ਅਤੇ ਹਰਦਮ ਹੱਥ ਸਿਰ ਤੇ ਰੱਖ ਕੇ ਉਡੀਕ ਕਰਦੇ ਰਹਿੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਪਿਆਰੇ ਬਿਨਾਂ ਰਾਤ ਨਹੀਂ ਗੁਜ਼ਰਦੀ, ਨੀਂਦ ਨਹੀਂ ਆਉਂਦੀ।[502] ਮਨ ਦਰਸ਼ਨਾਂ ਨੂੰ ਇਉਂ ਵਿਆਕੁਲ ਹੁੰਦਾ ਹੈ ਜਿਵੇਂ ਪਿਆਸਾ ਪਾਣੀ ਬਿਨਾਂ ਵਿਆਕੁਲ ਹੁੰਦਾ ਹੈ।[503] ਅੱਖਾਂ ਚੋਂ ਪਿਆਰ ਦੇ ਹੰਝੂ ਵਗ ਤੁਰਦੇ ਹਨ।[504] ਇੱਕ ਪਿਰਤ ਸਾਡੇ ਸੱਭਿਆਚਾਰ ਦਾ ਹਿੱਸਾ ਰਹੀ ਹੈ ਕਿ ਪਰਦੇਸ ਗਏ ਭਰਾ ਲਈ ਭੈਣ, ਪਰਦੇਸ ਗਏ ਪਤੀ ਲਈ ਪਤਨੀ, ਪਰਦੇਸ ਗਏ ਪੁੱਤਰ ਲਈ ਮਾਂ ਕਾਂਵਾਂ ਹੱਥ ਸੁਨੇਹਾ ਭੇਜਦੀ ਸੀ ਕਿ ਕਾਵੇਂ ਉਡੋ ਅਤੇ ਕਿਤੋਂ ਪਤਾ ਲੈ ਕੇ ਆਓ। ਭਗਤ ਕਬੀਰ ਜੀ ਦੱਸਦੇ ਹਨ ਕਿ ਮੈਂ ਵੀ ਮਾਲਕ ਦੀ ਉਡੀਕ ਪਤੀਵਰਤਾ ਔਰਤ ਵਾਂਗ ਅੱਖਾਂ ਵਿਚ ਜਲ ਭਰਕੇ ਕਰਦਾ ਹਾਂ ਅਤੇ ਕਾਂਵਾਂ ਨੂੰ ਉਡਾਉਂਦਾ ਹਾਂ ਕਿ ਮੇਰੇ ਪਿਆਰੇ ਦਾ ਸੁਨੇਹਾ ਲੈ ਕੇ ਆਵੇ।[505] ਸਾਧਕ ਵਿਚ ਦੀਨਤਾ ਆ ਜਾਂਦੀ ਹੈ। ਉਹ ਤੜਫ ਉੱਠਦਾ ਹੈ ਕਿ ਮੈਂ ਬਹੁਤ ਜਨਮਾਂ ਦਾ ਵਿਛੜਿਆ ਹਾਂ ਅਤੇ ਇਹ ਜਨਮ ਤੇਰੇ ਲੇਖੇ ਹੈ।[506] ਤੂੰ ਦਾਤਾ ਹੈ ਮੈਂ ਤੇਰੇ ਦਰ ਦਾ ਮੰਗਤਾ ਹਾਂ।[507] ਅਸੀਂ ਮੈਲੇ ਹਾਂ ਤੁਸੀਂ ਉਜਲ ਕਰਨ ਵਾਲੇ ਹੋ, ਅਸੀਂ ਨਿਰਗੁਨ ਹਾਂ ਤੁਸੀਂ ਦਾਤੇ ਹੋ, ਅਸੀਂ ਮੂਰਖ ਹਾਂ ਤੁਸੀਂ ਸਿਆਣੇ ਹੋ। ਸਾਨੂੰ ਆਪਣਾ ਬੱਚਾ ਸਮਝਕੇ ਰੱਖ ਲਵੋ।[508] ਕਬੀਰ ਜੀ ਆਪਣੇ ਆਪ ਨੂੰ ਰਾਮ ਦਾ ਕੁੱਤਾ ਆਖਦੇ ਹਨ। ਉਸ ਕੁੱਤੇ ਦਾ ਨਾਮ ਮੋਤੀ ਹੈ।[509] ਮਾਲਕ ਜਿਸ ਪਾਸੇ ਉਸਨੂੰ ਖਿੱਚਦਾ ਹੈ ਉਸ ਪਾਸੇ ਜਾਂਦਾ ਹੈ। ਗੁਰੂ ਅਮਰਦਾਸ ਜੀ ਦੱਸਦੇ ਹਨ ਕਿ ਮੇਰੀ ਨੱਥ ਖਸਮ ਦੇ ਹੱਥ ਹੈ।[510] ਬਾਬਾ ਫ਼ਰੀਦ ਜੀ ਦੱਸਦੇ ਹਨ ਕਿ ਤਨ ਸੁੱਕ ਕੇ ਪਿੰਜਰ ਹੋ ਗਿਆ ਹੈ, ਅਜੇ ਰੱਬ ਨਹੀਂ ਆਇਆ।[511] ਮੈਨੂੰ ਮਾਲਕ ਦੇ ਆਉਣ ਦੀ ਆਸ ਹੈ।

ਇਹ ਪਿਆਰ ਦੀਆ ਚੋਬਾਂ ਜਿੰਨ੍ਹਾਂ ਨੂੰ ਲੱਗਦੀਆਂ ਹਨ, ਉਹ ਹੀ ਜਾਣ ਸਕਦੇ ਹਨ।[512] ਕਬੀਰ ਜੀ ਦੱਸਦੇ ਹਨ ਕਿ ਸੱਪ ਦੇ ਡੰਗੇ ਦਾ ਇਲਾਜ਼ ਹੈ ਪਰ ਬਿਰਹੁ ਰੂਪੀ ਸੱਪ ਜਿੰਨਾਂ ਨੂੰ ਲੜ ਗਿਆ ਉਹ ਜਿਊਂਦੇ

---

[502] *ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥* ਰਾਗ ਮਾਝ ਮ: ੫, 97.

[503] *ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥* ਰਾਗ ਮਾਝ ਮ: ੫, 96.

[504] *ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥* ਰਾਗ ਮਾਝ ਮ: ੪, 94.

[505] *ਪੰਥੁ ਨਿਹਾਰੇ ਕਾਮਨੀ ਲੋਚਨ ਭਰੀ ਲੇ ਉਸਾਸਾ॥ ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥ ਉਡਹੁ ਨ ਕਾਗਾ ਕਾਰੇ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥ ਰਹਾਉ॥ ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥ ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥* ਰਾਗ ਗਉੜੀ, ਕਬੀਰ, 338.

[506] *ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥* ਰਾਗ ਧਨਾਸਰੀ, ਰਵਿਦਾਸ, 694.

[507] *ਹਮ ਭੀਖਕ ਭੇਖਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥ ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ॥* ਰਾਗ ਧਨਾਸਰੀ, ਮ: ੩, 666.

[508] *ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ। ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥* ਰਾਗ ਸੋਰਠ ਮ: ੫, 613.

[509] *ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥* ਸਲੋਕ ਕਬੀਰ, 1368.

[510] *ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥* ਰਾਗ ਸੋਰਠ, ੨, 653.

[511] *ਫਰੀਦਾ ਤਨੁ ਸੁਕਾ ਪਿੰਜਰ ਥੀਆ ਤਲੀਆਂ ਖੂੰਡਹਿ ਕਾਗ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥* ਸਲੋਕ, ਸੇਖ ਫਰੀਦ, 1382.

[512] *ਲਾਗੀ ਹੋਇ ਸੁ ਜਾਨੈ ਪੀਰ॥ ਰਾਮ ਭਗਤਿ ਅਨੀਆਲੇ ਤੀਰ॥ ਰਹਾਉ॥* ਰਾਗ ਗਉੜੀ, ਕਬੀਰ, 327.

ਨਹੀਂ, ਜੇਕਰ ਉਹ ਜਿਊਂਦੇ ਹਨ ਤਾਂ ਪਾਗਲਾਂ ਵਾਂਗ ਜਿਊਂਦੇ ਹਨ।[513] ਸਾਧਕ ਸੁਪਨਿਆਂ ਰਾਹੀਂ ਮਾਲਕ ਦੇ ਦਰਸ਼ਨਾਂ ਦਾ ਅਨੁਭਵ ਕਰਦੇ ਹਨ। ਅੱਖਾਂ ਭਰ ਆਉਂਦੀਆਂ ਹਨ। ਪਰ ਕੀ ਕਰੀਏ ਮੈਂ ਉਸ ਕੋਲ ਆਪ ਜਾ ਨਹੀਂ ਸਕਦਾ ਅਤੇ ਕਿਸੇ ਨੂੰ ਭੇਜ ਨਹੀਂ ਸਕਦਾ।[514] ਇਸ ਅਵਸਥਾ ਨਾਲੋਂ ਮਰਨਾ ਚੰਗਾ ਹੈ।[515]

**ਗੁਣਾਤਮਿਕ ਅਮਲ**

ਅਸੀਂ ਪਿੱਛੇ ਅਮਲ ਦੇ ਅੰਗਾਂ ਨੂੰ ਵਾਚਿਆ ਹੈ। ਇਸ ਪੰਧ 'ਤੇ ਚੱਲਦਿਆਂ-ਚੱਲਦਿਆਂ ਸਾਧਕ ਵਿਚ ਗੁਣ ਆ ਜਾਂਦੇ ਹਨ। ਗੁਰਬਾਣੀ ਵਿਚ ਇਸਦੇ ਹਵਾਲੇ ਵੀ ਮਿਲਦੇ ਹਨ। ਇਸ ਅਮਲ ਵਿਚ ਗੁਣਾਂ ਨੂੰ ਆਧਾਰ ਬਣਾਇਆ ਜਾਂਦਾ ਹੈ।[516] ਅਮਲ ਦਾ ਬਾਹਰੀ ਸਬੰਧ ਧਰਮ ਨਾਲ ਸਬੰਧਿਤ ਬਾਣੇ ਅਤੇ ਰਸਮਾਂ ਨਾਲ ਹੁੰਦਾ ਹੈ। ਹਰ ਧਰਮ ਦੇ ਵਿਅਕਤੀ ਦੀ ਪਛਾਣ ਉਸਦੇ ਬਾਹਰੀ ਪਹਿਰਾਵੇ ਤੋਂ ਹੋ ਜਾਂਦੀ ਹੈ। ਸਿੱਖਾਂ ਦੀ ਪੰਜ ਕਕਾਰੀ ਰਹਿਤ, ਹਿੰਦੂ ਦਾ ਜਨੇਊ, ਮੁਸਲਮਾਨ ਦੀ ਟੋਪੀ ਆਦਿ ਬਾਹਰੀ ਪ੍ਰਗਟਾਵਿਆਂ ਨਾਲ ਉਸ ਸਾਧਕ ਦੇ ਵਿਸ਼ਵਾਸ ਦਾ ਪਤਾ ਲੱਗਦਾ ਹੈ। ਬਾਹਰੀ ਪ੍ਰਗਟਾਵਿਆਂ ਨੂੰ ਹੀ ਰਸਮ ਕਹਿੰਦੇ ਹਨ। ਰਸਮ ਸਾਧਕ ਦੀ ਰੂਹਾਨੀ ਉੱਨਤੀ ਵੱਲ ਵਧਣ ਦਾ ਪਹਿਲਾ ਕਦਮ ਹੈ। ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਦਾਹੜਾ ਗੋਦੀ ਵਿਚ ਪੈਂਦਾ ਸੀ। ਇੱਕ ਵਾਰ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਸ ਜੀ ਨੂੰ ਅੰਮ੍ਰਿਤਸਰ ਮਿਲਣ ਗਏ। ਆਪ ਜੀ ਨੇ ਗੁਰੂ ਜੀ ਤੋਂ ਪੁੱਛਿਆ:

> ਸੁਣਾਓ, ਦਾਹੜਾ ਕਿਉਂ ਐਤਨਾ ਲੰਮਾ ਹੈ। ਸਾਹਿਬ ਨੇ ਨਿਮਰਤਾ ਭਾਵ ਵਿਚ ਫਰਮਾਇਆ: ਆਪ ਜੈਸੇ ਸਤਿਪੁਰਖਾਂ ਦੇ ਚਰਨ ਝਾੜਣ ਲਈ। ਤਾਂ ਸ੍ਰੀ ਚੰਦ ਜੀ ਨੇ 'ਧੰਨ ਧੰਨ' ਆਖਿਆ ਤੇ ਗੱਦੀ ਯੋਗ ਤੁਸੀਂ ਹੀ ਹੋ ਆਖ ਕੇ ਕਿਹਾ:ਤੁਮਰੀ ਮਹਿਮਾ ਅਧਿਕ ਹੈ, ਕਹੀਏ ਕਾਹਿ ਬਣਾਇ, ਤੁਮਰੇ ਸਰ ਮਹਿ ਜੋ ਮਜਹਿ, ਪਾਪੀ ਵੀ ਗਤਿ ਪਾਇ॥[517]

ਅੰਦਰੂਨੀ ਅਤੇ ਬਾਹਰੂਨੀ ਸਾਧਨਾ ਦਾ ਚੌਲ ਅਤੇ ਛਿਲਕੇ ਵਾਲਾ ਰਿਸ਼ਤਾ ਹੈ। ਛਿਲਕੇ ਬਿਨਾਂ ਉਹ ਖਾਧਾ ਤਾਂ ਜਾ ਸਕਦਾ ਹੈ ਪਰ ਉਸ ਵਿਚ ਜੰਮਣ ਸ਼ਕਤੀ ਨਹੀਂ ਰਹਿੰਦੀ। ਜਿਸ ਤਰ੍ਹਾਂ ਪਾਣੀ ਨੂੰ ਨੰਗੇ ਹੱਥੀ ਪਕੜਿਆ ਨਹੀਂ ਜਾ ਸਕਦਾ। ਉਸ ਨੂੰ ਪਕੜਣ ਲਈ ਗਿਲਾਸ ਜਾਂ ਕਿਸੇ ਹੋਰ ਬਰਤਨ ਦਾ ਸਹਾਰਾ ਲੈਣਾ ਪੈਂਦਾ ਹੈ। ਰਸਮ ਵਿਸ਼ਵਾਸ ਪੈਦਾ ਕਰਦੀ ਹੈ ਅਤੇ ਉਸ ਵਿਸ਼ਵਾਸ ਰਾਹੀਂ ਗੁਣ ਇਕੱਤਰ ਕੀਤੇ ਜਾਂਦੇ ਹਨ। ਇਸ ਰਸਮ ਚੋਂ ਪੈਦਾ ਹੋਏ ਅਨੁਭਵ ਅੰਤਰ ਆਤਮੇ ਤੱਕ ਪਹੁੰਚ ਕਰਦੇ ਹਨ। ਪਰ ਜੇਕਰ ਇਹ ਰਸਮ ਕੇਵਲ ਤਨ ਤੱਕ ਰਹਿ ਜਾਵੇ ਤਾਂ ਇਹ ਪਾਖੰਡ ਹੋ ਨਿਬੜਦੀ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਧਾਰਮਿਕ ਆਗੂਆਂ ਨਾਲ ਇਸ ਗੱਲ ਉਪਰ ਹੀ ਸੰਵਾਦ ਰਚਾਇਆ ਕਿ ਸਾਡੀ ਪੂਜਾ, ਸੇਵਾ, ਧਾਰਮਿਕ ਕਰਮ ਕੇਵਲ ਤਨ ਤੱਕ ਹੀ ਰਹਿ ਚੁੱਕੇ ਹਨ। ਇਸ ਵਿਚੋਂ ਗੁਣ ਅਲੋਪ ਹੁੰਦੇ ਜਾ ਰਹੇ ਹਨ। ਪਤਿ ਤੋਂ ਬਿਨ੍ਹਾਂ ਪੂਜਾ, ਸਤ ਤੋਂ ਬਿਨ੍ਹਾਂ ਸੰਜਮ ਅਤੇ ਜਤ ਤੋਂ ਬਿਨ੍ਹਾਂ ਜਨੇਊ ਦੀ ਕੋਈ ਕੀਮਤ ਨਹੀਂ। ਨਹਾ ਧੋ ਕੇ ਤਿਲਕ ਲਾ

---

[513] *ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥ ਰਾਮ ਬਿਓਗੀ ਨ ਜੀਐ ਜੀਐ ਤ ਬਉਰਾ ਹੋਇ॥* ਸਲੋਕ, ਕਬੀਰ, 1368.

[514] *ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥* ਰਾਗ ਵਡਹੰਸ ਮ: ੧,558.

[515] *ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥ ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥* ਰਾਗ ਮਾਰੂ ਮ: ੫, 1100.

[516] *ਵਿਣੁ ਗੁਣ ਕੀਤੇ ਭਗਤਿ ਨ ਹੋਇ॥* ਜਪੁ, ਸ੍ਰੀ ਗੁਰੂ ਨਾਨਕ ਦੇਵ ਜੀ, 5.

[517] ਸਤਿਬੀਰ ਸਿੰਘ, *ਸਾਡਾ ਇਤਿਹਾਸ*, ਪੰਨਾ-178.

ਕੇ ਤੁਸੀਂ ਸਾਫ ਨਹੀਂ ਹੋ ਸਕਦੇ ਜਦ ਤੱਕ ਆਪ ਸੱਚ ਧਾਰਨ ਨਹੀਂ ਕਰਦੇ।[518] ਕਾਜ਼ੀ ਖੁਦਾ ਦੇ ਨਾਮ ਦੀ ਤਸਬੀ ਫੇਰਦਾ ਹੈ। ਉਹ ਰਿਸ਼ਵਤ ਲੈ ਕੇ ਅਨਿਆਂ ਕਰ ਦਿੰਦਾ ਹੈ ਅਤੇ ਧਰਮ ਗ੍ਰੰਥ ਦੀ ਕਿਸੇ ਤੁਕ ਦਾ ਹਵਾਲਾ ਵੀ ਦੇ ਦਿੰਦਾ ਹੈ ਤਾਂ ਅਜਿਹਾ ਸਭ ਕੁਝ ਸਮਾਜ ਦਾ ਭਲਾ ਕਿਵੇਂ ਕਰ ਰਿਹਾ ਹੈ।[519]

ਅਜਿਹੇ ਲੋਕਾਂ ਨੇ ਧਰਮ ਨੂੰ ਕੇਵਲ ਬਾਹਰੀ ਰਸਮਾਂ ਤੱਕ ਸੀਮਤ ਕਰ ਦਿੱਤਾ ਸੀ। ਉਨ੍ਹਾਂ ਨੂੰ ਆਲਸੀ ਅਤੇ ਨਿਕੰਮੇ ਬਣਾਇਆ। ਸਮਾਜ ਪ੍ਰਤੀ ਉਨ੍ਹਾਂ ਦੇ ਮਨ ਵਿਚੋਂ ਜ਼ਿੰਮੇਵਾਰੀ ਖਤਮ ਹੋ ਗਈ। ਸਿਧ ਪਰਬਤਾਂ ਵਿੱਚ ਜਾ ਲੁਕੇ ਸਨ।[520] ਉਨ੍ਹਾਂ ਦੇ ਪਿੱਛੇ ਲੱਗਕੇ ਲੋਕ ਸਮਾਜ ਨੂੰ ਬੁਰਾ ਕਹਿਣ ਲੱਗ ਪਏ ਸਨ। ਗੁਰਮਤਿ ਨੇ ਅਜਿਹੀ ਸਾਧਨਾ ਦੀ ਪ੍ਰੋੜਤਾ ਕੀਤੀ ਜਿਸ ਰਾਹੀਂ ਗੁਣ ਪੈਦਾ ਹੋਣ ਅਤੇ ਔਗੁਣਾਂ ਦਾ ਨਾਸ ਹੋਵੇ। ਗੁਰਮਤਿ ਨੇ ਜਨੇਊ ਦਾ ਖੰਡਨ ਨਹੀਂ ਕੀਤਾ ਸਗੋਂ ਦੱਸਿਆ ਕਿ ਹੋਰ ਤਾਂ ਭਾਵੇਂ ਕਿਸੇ ਵਿੱਚ ਦਇਆ, ਸੰਤੋਖ, ਜਤ, ਸਤ ਵਰਗੇ ਗੁਣ ਨਾ ਹੋਣ ਪਰ ਜਨੇਊਧਾਰੀ ਵਿੱਚ ਅਜਿਹੇ ਗੁਣ ਹੋਣੇ ਜ਼ਰੂਰੀ ਹਨ।[521] ਇਸ ਤਰ੍ਹਾਂ ਜੇਕਰ ਬਾਹਰੀ ਰਸਮ ਸਾਧਕ ਦੇ ਵਿਸ਼ਵਾਸ ਵਿਚ ਦ੍ਰਿੜਤਾ ਲਿਆਉਂਦੀ ਹੈ ਅਤੇ ਸਮਾਜ ਲਈ ਸੁਖਦਾਈ ਹੈ ਤਾਂ ਉਹ ਰਸਮ ਪ੍ਰਵਾਨ ਹੈ। ਗੁਣਾਤਮਿਕ ਸਾਧਨਾ ਸਭ ਲਈ ਬਰਾਬਰ ਹੁੰਦੀ ਹੈ। ਇਸ ਵਿਚ ਹਰ ਉਸ ਸਾਧਕ ਦਾ ਜ਼ਿਕਰ ਹੁੰਦਾ ਹੈ ਜੋ ਆਪਣੇ ਮਜ਼ਹਬ ਮੁਤਾਬਕ ਅਮਲ ਕਰਦਾ ਹੈ। ਵਿਅਕਤੀ ਅਨੇਕ ਭੇਖ ਧਾਰਨ ਕਰਦੇ ਹਨ ਪਰ ਮਨ ਵਿਚੋਂ ਕਪਟ ਨਹੀਂ ਜਾਂਦਾ। ਅਜਿਹੀ ਕਾਰ ਕੀਤੀ ਜਾਵੇ ਤਾਂ ਜੋ ਹਿਰਦੇ ਚੋਂ ਸੱਚ ਪ੍ਰਗਟ ਹੋ ਜਾਵੇ। ਗੁਰਮਤਿ ਸਾਧਨਾ ਸਤ, ਸੰਤੋਖ ਅਤੇ ਦਇਆ ਦੀ ਕਮਾਈ ਕਰਨ ਦੀ ਪ੍ਰੋੜਤਾ ਕਰਦੀ ਹੈ। ਇਸ ਸਾਧਨਾ ਨਾਲ ਮਨੁੱਖ ਵਿੱਚ ਆਪਾ ਭਾਵ ਖਤਮ ਹੋ ਜਾਂਦਾ ਹੈ। ਅਨੇਕ ਜਪ, ਤਪ, ਤੀਰਥ ਰਟਨ ਤਾਂ ਕੀ ਜੇਕਰ ਤੀਰਥ ਉਪਰ ਵਾਸ ਵੀ ਕਰ ਲਈਏ, ਪੁੰਨ, ਦਾਨ ਵੀ ਕਰੀਏ ਪਰ ਸੱਚ ਤੋਂ ਬਿਨ੍ਹਾਂ ਇਨ੍ਹਾਂ ਦੀ ਕੋਈ ਕੀਮਤ ਨਹੀਂ।[522] ਬੇਅੰਤ ਰਿਸ਼ੀ, ਮੁਨੀ, ਤਪੱਸਵੀ ਪ੍ਰਭੂ ਪ੍ਰਾਪਤੀ ਵਿੱਚ ਜੁੱਟੇ ਹੋਏ ਹਨ। ਸ੍ਰੇਸ਼ਟ ਗੁਣ ਕਿਤੇ ਬਾਹਰ ਨਹੀਂ ਹਨ ਇਹ ਦੇਹੀ ਅੰਦਰ ਹੀ ਹਨ। ਇਨ੍ਹਾਂ ਨੂੰ ਨਿਖਾਰਕੇ, ਸਵਾਰਕੇ ਅਤੇ ਪ੍ਰਗਟਾਉਣ ਦਾ ਨਾਮ ਹੀ ਤਾਂ ਸਾਧਨਾ ਹੈ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਕਾਮ ਅਤੇ ਕ੍ਰੋਧ ਨੂੰ ਖੁਰਪੇ ਬਣਾ ਲਵੋ। ਫੇਰ ਤਨ ਰੂਪੀ ਧਰਤੀ ਨੂੰ ਖੋਜੋ। ਇਹ ਖੋਜ ਗੁਰਮੁਖ ਕਰਦੇ ਹਨ।[523] ਹਠ ਨਾਲ ਸਾਧਨਾ ਪ੍ਰਵਾਨ ਨਹੀਂ ਚੜਦੀ। ਮਨਮੁਖ ਮਨਹਠਿ ਕਰਕੇ ਥਕ ਜਾਂਦੇ ਹਨ।[524] ਮਨਹਠਿ ਦੀ ਥਾਂ ਮਨਢਠਿ ਕਰਨਾ ਪੈਂਦਾ ਹੈ ਭਾਵ ਪ੍ਰਭੂ ਸ਼ਰਣ ਵਿਚ ਨਿਮਾਣਾ ਬਣਕੇ ਢਹਿਣਾ ਪੈਂਦਾ ਹੈ।[525] ਗੁਰੂ ਸਾਹਿਬ ਅਨੇਕ ਪਰੰਪਰਾਗਤ

---

[518] *ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥* ਰਾਗ ਰਾਮਕਲੀ ਮ: ੧ ਅਸ਼ਟਪਦੀਆ, 903.

[519] *ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥* ਸਲੋਕ ਮ: ੧,951.

[520] ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ। *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ– 1/29.

[521] *ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥* ਸਲੋਕ ਮ: ੧, 471.

[522] *ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥* ਰਾਗ ਸਿਰੀਰਾਗ ਮ: ੨, 56.

[523] *ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥ ਜਿਉ ਗੋਡਹੁ ਤਿਉ ਤੁਮ ਸੁਖ ਪਾਵਉ ਕਿਰਤੁ ਨ ਮੇਟਿਆ ਜਾਈ॥* ਰਾਗ ਬਸੰਤ ਹਿੰਢੋਲ ਮ: ੧, 1171.

[524] *ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥* ਸਲੋਕ ਮ: ੩, 593.

[525] *ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥* ਰਾਗ ਜੈਤਸਰੀ ਮ: ੫, 709.

ਮਾਰਗਾਂ ਦਾ ਜ਼ਿਕਰ ਵਿਸਥਾਰ ਨਾਲ ਕਰਦੇ ਹਨ। ਹਰ ਸਾਧਕ ਪ੍ਰਮਾਤਮਾ ਨੂੰ ਖੋਜ ਰਿਹਾ ਹੈ। ਉਸਦੇ ਦਰਸ਼ਨਾਂ ਦਾ ਚਾਹਵਾਨ ਹੈ। ਜੰਗਲਾਂ ਨੂੰ ਕੱਛਦਾ ਫਿਰਦਾ ਹੈ। ਉਹ ਪ੍ਰਮਾਤਮਾ ਸਰਗੁਨ ਵੀ ਹੈ ਅਤੇ ਨਿਰਗੁਨ ਵੀ ਹੈ। ਛੇ ਸ਼ਾਸ਼ਤਰਾਂ ਦਾ ਗਿਆਨ ਮੂੰਹ ਜ਼ਬਾਨੀ ਯਾਦ ਹੈ ਪਰ ਉਸਦੇ ਮਨ ਦੀ ਹਾਲਤ ਭਟਕਣ ਵਾਲੀ ਹੈ। ਗੁਰਬਾਣੀ ਨੇ ਸਾਧਕ ਨੂੰ ਸੱਚ ਉਪਰ ਖੜਣ ਦੀ ਪ੍ਰੇਰਨਾ ਦਿੱਤੀ ਹੈ। ਸੱਚ ਦੇ ਬੇਸ਼ੱਕ ਬੜੇ ਵਿਰਾਟ, ਡੂੰਘੇ ਅਤੇ ਰਹੱਸਮਈ ਅਰਥ ਹਨ ਪਰ ਆਮ ਲੋਕਾਂ ਦੀ ਸਮਝ ਵਿੱਚ ਆਉਣ ਵਾਲਾ ਅਰਥ ਇਹ ਹੈ ਕਿ ਜ਼ਿੰਦਗੀ ਵਿੱਚ ਪਾਰਦਰਸ਼ਤਾ ਰੱਖਣੀ ਬੁਰੇ ਕਰਮਾਂ ਨੂੰ ਤਿਆਗਣਾ ਅਤੇ ਸੱਚ ਧਰਮ ਤੇ ਕੇਂਦਰਿਤ ਹੋਣਾ ਹੈ। ਸੱਚ ਬੋਲਣਾ ਅਜਿਹੀ ਸਾਧਨਾ ਹੈ ਜਿਸ ਨਾਲ ਸਾਰੀਆਂ ਮੁਸ਼ਕਿਲਾਂ ਹੀ ਹੱਲ ਹੋ ਜਾਂਦੀਆਂ ਹਨ।[526] ਗੁਰਮਤਿ ਨੇ ਨਾਮ ਨਾਲ ਮਨ ਦੇ ਇਸ਼ਨਾਨ ਨੂੰ ਉੱਤਮ ਮੰਨਿਆ ਹੈ। ਰੱਬ ਦਾ ਨਾਮ ਹੀ ਮੇਰਾ ਜਪ, ਤਪ, ਵਰਤ ਅਤੇ ਨਿਤ ਦਾ ਕੰਮ ਹੈ। ਜੋਗੀ ਜੋਗ ਵਿੱਚ, ਭੋਗੀ ਭੋਗ ਵਿੱਚ, ਤਪੀਆ ਤਪ ਵਿੱਚ ਮਸਤ ਹੈ ਤੇ ਤੀਰਥਾਂ ਉਪਰ ਜਾ ਕੇ ਮਲ-ਮਲ ਕੇ ਨਹਾਉਂਦਾ ਹੈ ਪਰ ਭਗਤ ਨੂੰ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ। ਉਹ ਤਾਂ ਤਰਸਦਾ ਹੈ ਕਿ ਕੋਈ ਉਸ ਨੂੰ ਰੱਬ ਦਾ ਸੁਨੇਹਾ ਸੁਣਾ ਦੇਵੇ।[527] ਅਨੇਕ ਭਗਤ ਅਜਿਹੇ ਹਨ ਜੋ ਆਪ ਜੁੜ ਚੁੱਕੇ ਹਨ ਅਤੇ ਹੋਰਾਂ ਨੂੰ ਜੋੜਦੇ ਹਨ। ਉਹ ਜਨਮ-ਮਰਨ ਵਿੱਚ ਨਹੀਂ ਹਨ। ਉਹ ਹੋਰ ਜੀਵਾਂ ਨੂੰ ਵੀ ਭਗਤੀ ਦਾ ਦਾਨ ਦਿੰਦੇ ਹਨ।[528] ਸ੍ਰੀ ਗੁਰੂ ਨਾਨਕ ਦੇਵ ਜੀ ਮਛਿੰਦ੍ਰ ਨੂੰ ਸੰਬੋਧਨ ਹੁੰਦਿਆ ਕਹਿੰਦੇ ਹਨ ਕਿ ਜੋ ਸਾਧਕ ਪੰਜੇ ਵਿਕਾਰਾਂ ਨੂੰ ਆਪਣੇ ਵਸ ਵਿੱਚ ਕਰ ਲੈਂਦਾ ਹੈ ਅਤੇ ਡੋਲਦਾ ਨਹੀਂ ਉਹ ਅਜਿਹੀ ਜੀਵਨ ਜੁਗਤ ਅਤੇ ਜੋਗ ਸਾਧਨ ਨਾਲ ਆਪ ਵੀ ਤਰ ਜਾਂਦਾ ਹੈ ਅਤੇ ਆਪਣੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ।[529] ਕੋਈ ਅੰਨ ਤਿਆਗੀ ਫਿਰਦਾ ਹੈ, ਕੋਈ ਧਰਤੀ ਉਪਰ ਭ੍ਰਮਣ ਕਰਦਾ ਫਿਰਦਾ ਹੈ। ਪਰ ਮੈਂ ਪ੍ਰਭੂ ਦੀ ਸ਼ਰਨ ਹੀ ਤੱਕੀ ਹੈ। ਜੇਕਰ ਮਨ ਝੂਠਾ ਹੈ ਤਾਂ ਉਸ ਰਾਹੀਂ ਕੀਤੀ ਸਾਧਨਾ ਵੀ ਝੂਠੀ ਹੀ ਹੁੰਦੀ ਹੈ। ਉਹ ਤਪਾ ਵੀ ਕਹਾਉਂਦਾ ਹੈ, ਤੀਰਥਾਂ ਉਪਰ ਜਾ-ਜਾ ਕੇ ਭਰਮਾਂ ਵਿਚ ਗੁਆਚਿਆ ਪਿਆ ਹੈ।[530] ਜੋਗੀਆਂ ਦੇ ਕਰਮਚਾਰ ਜਿੱਥੇ ਔਖੇ ਹਨ ਉਥੇ ਰੁੱਖੇ ਵੀ। ਗੁਰੂ ਸਾਹਿਬ ਨੇ ਇਸ ਰੁੱਖੇਪਣ ਵਿੱਚ ਗੁਣਾਂ ਦੀ ਅਜਿਹੀ ਮਿਠਾਸ ਮਿਲਾਈ ਕਿ ਇਹ ਸੌਖੇ ਵੀ ਲੱਗ ਲੱਗ ਪਏ ਅਤੇ ਮਿੱਠੇ ਵੀ। ਕਬੀਰ ਜੀ ਕਹਿੰਦੇ ਹਨ ਮੋਨ ਨੂੰ ਮੁੰਦਰਾ, ਵਿਚਾਰ ਨੂੰ ਖੱਪਰ ਬਣਾ, ਸਰੀਰ ਨੂੰ ਝੋਲੀ ਅਤੇ ਨਾਮ ਨੂੰ ਅਧਾਰ ਬਣਾ, ਅਜਿਹਾ ਜੋਗ ਕਮਾ ਕਿ ਗ੍ਰਹਿਸਤ ਵਿੱਚ ਰਹਿੰਦਿਆਂ ਗੁਰੂ ਵੱਲ ਮੁਖ ਰਹੇ। ਬੁੱਧੀ ਰੂਪੀ ਬਿਭੂਤ, ਸੁਰਤ ਰੂਪੀ ਸਿੰਗੀ ਵਜਾ। ਵੈਰਾਗ ਧਾਰਨ ਕਰਕੇ ਤਨ ਰੂਪੀ ਨਗਰ ਵਿੱਚ ਫਿਰ ਅਤੇ ਮਨ ਰੂਪੀ ਕਿੰਗਰੀ ਵਜਾ। ਪੰਜਾਂ ਤੱਤਾਂ ਨੂੰ ਪਕੜ ਅਤੇ ਅਜਿਹੀ ਸਮਾਧੀ ਧਾਰਨ

---

[526] *ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥* ਰਾਗ ਆਸਾ, ਸੇਖ ਫਰੀਦ, 488.

[527] *ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ॥ ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥ ਰਹਾਉ॥* ਰਾਗ ਸੂਹੀ ਮ :੧, 730.

[528] *ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥ ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥* ਰਾਗ ਸੂਹੀ, ਮ: ੫, 749.

[529] *ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ ਵਸਗਤਿ ਪੰਚ ਕਰੇ ਨਹ ਡੋਲੈ॥ ਐਸੀ ਜੁਗਤਿ ਜੋਗ ਕਉ ਪਾਲੇ॥ ਆਪਿ ਤਰੈ ਸਗਲੇ ਕੁਲ ਤਾਰੇ॥* ਰਾਗ ਰਾਮਕਲੀ ਮ: ੧, 877.

[530] *ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥* ਰਾਗ ਗਉੜੀ ਮ: ੪, 315.

ਕਰ। ਧਰਮ ਅਤੇ ਦਇਆ ਦੀ ਮਨ ਵਿੱਚ ਵਾੜੀ ਬਣਾ ਲੈ।[531] ਮੁਸਲਮਾਨ ਦੀ ਸਾਧਨਾ ਵਿਚ ਉਹ ਸਰੀਰ ਨੂੰ ਮਸੀਤ ਬਣਾ ਮਨ ਨੂੰ ਮੁੱਲਾ ਅਤੇ ਖੁਦਾ ਪਾਕ ਨੂੰ ਕਲਮਾ ਫੇਰ ਆਪਣੀ ਸ਼ਰੀਅਤ ਅਨੁਸਾਰ ਜ਼ਿੰਦਗੀ ਜਿਉਣੀ ਸ਼ੁਰੂ ਕਰ। ਕੁਰਆਨ ਅਤੇ ਕਤੇਬ ਦੀ ਸਿੱਖਿਆ ਨੂੰ ਦਿਲੋਂ ਧਾਰਨ ਕਰ। ਦਸ ਇੰਦਰੀਆਂ ਨੂੰ ਵਸ ਵਿਚ ਕਰ। ਪੰਜਾਂ ਨੂੰ ਬੰਨੋ, ਇਉਂ ਪ੍ਰਵਾਨ ਹੋਈਦਾ ਹੈ। ਮਿਹਰ ਨੂੰ ਮਸੀਤ ਬਣਾ, ਸਿਦਕ ਨੂੰ ਮੁਸੱਲਾ, ਹੱਕ ਹਲਾਲ ਨੂੰ ਕੁਰਾਨ ਬਣਾ, ਚੰਗੇ ਕੰਮਾਂ ਨੂੰ ਸੁੰਨਤ ਬਣਾ, ਸੀਲ ਨੂੰ ਰੋਜ਼ਾ ਬਣਾ ਤਾਂ ਤੂੰ ਮੁਸਲਮਾਨ ਕਹਾਉਣ ਦਾ ਹੱਕਦਾਰ ਹੈ। ਚੰਗੇ ਕੰਮਾਂ ਨੂੰ ਕਾਅਬਾ ਬਣਾ, ਸੱਚ ਨੂੰ ਮੁਰਸ਼ਦ ਬਣਾ ਅਤੇ ਚੰਗੇ ਕਰਮਾਂ ਨੂੰ ਕਲਮਾ ਅਤੇ ਨਮਾਜ਼ ਬਣਾ। ਉਸਦੇ ਭਾਣੇ ਵਿਚ ਰਹਿਣਾ ਤਸਬੀ ਹੈ। ਅਜਿਹਾ ਕਰਨ ਨਾਲ ਤੇਰੀ ਲਾਜ ਰੱਖੀ ਜਾਵੇਗੀ।[532] ਪੰਜ ਨਮਾਜ਼ਾਂ ਵੀ ਗੁਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਪਹਿਲੀ ਨਮਾਜ਼ ਸੱਚ ਦੀ, ਦੂਜੀ ਨਮਾਜ਼ ਇਮਾਨਦਾਰੀ ਦੀ, ਤੀਜੀ ਨਮਾਜ਼ ਬੰਦਗੀ ਦੀ ਖੈਰ ਮੰਗਣ ਦੀ, ਚੌਥੀ ਨਮਾਜ਼ ਨੀਅਤ ਰਾਸ ਕਰਨ ਦੀ ਅਤੇ ਪੰਜਵੀ ਨਮਾਜ਼ ਸਿਫਤ ਸਲਾਹ ਕਰਨ ਦੀ ਹੋਣੀ ਚਾਹੀਦੀ ਹੈ। ਚੰਗੇ ਕਰਮਾਂ ਦਾ ਕਲਮਾ ਪੜਣ ਵਾਲਾ ਹੀ ਸੱਚਾ ਮੁਸਲਮਾਨ ਹੈ।[533] ਕਬੀਰ ਜੀ ਦੱਸਦੇ ਹਨ ਕਿ ਜੇਕਰ ਸਾਧਕ ਦੇ ਮਨ ਵਿਚ ਕਪਟ ਹੈ ਤਾਂ ਉਸ ਵੱਲੋਂ ਕੀਤਾ ਵੁਜ਼ੂ, ਧੋਤਾ ਮੂੰਹ, ਕੀਤਾ ਸਿਜਦਾ ਅਤੇ ਕੀਤਾ ਹੱਜ ਕਿਸੇ ਕੰਮ ਨਹੀਂ ਹੈ।[534] ਸੱਚ ਦੀ ਨਮਾਜ਼ ਅਤੇ ਯਕੀਨ ਦਾ ਮੁਸੱਲਾ ਹੋਵੇ।[535] ਗੁਰੂ ਸਾਹਿਬ ਨੇ ਸੂਫ਼ੀ ਸਾਧਕਾਂ ਦੀਆਂ ਚਾਰ ਰੂਹਾਨੀ ਮੰਜ਼ਿਲਾਂ ਦੀ ਗੱਲ ਵੀ ਕੀਤੀ ਹੈ। ਸਾਧਕ ਪਹਿਲਾਂ ਸ਼ਰੀਅਤ ਧਾਰਨ ਕਰੇ। ਰੱਬ ਨੂੰ ਅੰਦਰ ਖੋਜਣਾ ਤਰੀਕਤ ਹੈ। ਮਨ ਨੂੰ ਮਾਰਨਾ ਮਾਰਫਤ ਹੈ ਅਤੇ ਸੱਚਾਈ ਦੀ ਪ੍ਰਾਪਤੀ ਹਕੀਕਤ ਹੈ ਜਿਸ ਪਿੱਛੋ ਦੁਬਾਰਾ ਮੌਤ ਨਹੀਂ ਆਉਂਦੀ।[536] ਸੱਚ ਨੂੰ ਕਮਾਉਣ ਵਾਲਾ ਕਾਜ਼ੀ ਹੈ, ਦਿਲ ਨੂੰ ਸੁੱਧ ਕਰਨ ਵਾਲਾ ਹਾਜੀ ਹੈ।[537] ਬ੍ਰਾਹਮਣ ਉਹ ਹੈ ਜੋ ਬ੍ਰਹਮ ਨੂੰ ਪਛਾਣੇ, ਜਪ, ਤਪ, ਸੰਜਮ ਵਿਚ ਧਰਮ ਕਮਾਵੇ, ਸੀਲ ਅਤੇ ਸੰਤੋਖ ਧਾਰਨ ਕਰੇ, ਸਾਰੇ ਬੰਧਨ ਤੋੜ ਕੇ ਮੁਕਤ ਹੋ ਜਾਵੇ। ਗੁਰਮਤਿ ਨੇ ਹਰ ਮੱਤ ਦੀ ਸਾਧਨਾ ਨੂੰ ਸਹੀ ਦਿਸ਼ਾ ਦੇ ਕੇ ਉਸ ਵਿਚੋਂ ਮਾਨਵ ਮੁਕਤੀ ਦਾ ਰਾਹ ਲੱਭਿਆ ਹੈ। ਮਨ ਨੂੰ ਹਾਲੀ ਬਣਾ, ਚੰਗੇ ਕੰਮਾਂ ਦੀ ਖੇਤੀ ਕਰ, ਸ਼ਰਮ ਦਾ ਪਾਣੀ ਦੇ, ਸਰੀਰ ਨੂੰ ਖੇਤ ਬਣਾ, ਨਾਮ ਨੂੰ ਬੀਜ ਬਣਾ, ਸੰਤੋਖ ਦਾ ਸੁਹਾਗਾ ਫੇਰ ਅਤੇ ਸਿੱਧਾ ਸਾਦਾ ਪਹਿਰਾਵਾ ਧਾਰਨ ਕਰ।[538]

---

[531] *ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ॥ ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ॥ ਐਸਾ ਜੋਗੁ ਕਮਾਵਹੁ ਜੋਗੀ॥ ਜਪ ਤਪ ਸੰਜਮੁ ਗੁਰਮੁਖ ਭੋਗੀ॥ ਰਹਾਉ॥ ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ॥ ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ॥ ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ॥* ਰਾਗ ਰਾਮਕਲੀ, ਕਬੀਰ, 970.

[532] *ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥* ਰਾਗ ਮਾਝ ਮ: ੧, 140.

[533] *ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥ ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣ ਸਦਾਇ॥* ਰਾਗ ਮਾਝ ਮ:੧, 141.

[534] *ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਮਸੀਤਿ ਸਿਰੁ ਲਾਇਆ॥ ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ॥*ਰਾਗ ਪ੍ਰਭਾਤੀ, ਕਬੀਰ, 1350.

[535] *ਸਚੁ ਨਿਵਾਜ ਯਕੀਨ ਮੁਸਲਾ॥* ਰਾਗ ਮਾਰੂ ਮ:੫, 1083.

[536] *ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥ ਸਰਾ ਸਰੀਅਤਿ ਲੇ ਕੰਮਾਵਹੁ॥ ਤਰੀਕਤਿ ਤਰਕ ਖੋਜਿ ਟੋਲਾਵਹੁ॥ ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥ ਰਾਗ ਮਾਰੂ ਮ: ੫, 1083.*

[537] ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ॥ ਰਾਗ ਮਾਰੂ ਮ: ੫, 1084.

[538] *ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥* ਰਾਗ ਸੋਰਠ ਮ: ੧, 595.

ਪਿਆਰ ਦੇ ਕਰਮ ਕਰ, ਇਹ ਬੀਜ ਉੱਗੇਗਾ ਅਤੇ ਤੇਰਾ ਘਰ ਭਰ ਜਾਵੇਗਾ। ਗੁਰੂ ਅਰਜਨ ਦੇਵ ਜੀ ਨੇ ਗਰੀਬੀ ਨੂੰ ਗਦਾ ਕਿਹਾ ਹੈ।[539] ਕਿਸੇ ਘੁਮਿਆਰ ਨੂੰ ਹੀਰਾ ਲੱਭਾ ਅਤੇ ਉਸ ਨੇ ਹੀਰੇ ਨੂੰ ਮਣਕਾ ਸਮਝ ਕੇ ਖੋਤੇ ਦੇ ਗਲ ਵਿਚ ਪਾ ਦਿੱਤਾ। ਇੱਕ ਦਿਨ ਇਕ ਜ਼ੋਹਰੀ ਨੇ ਉਸ ਖੋਤੇ ਦੇ ਗਲ ਹੀਰਾ ਦੇਖਕੇ ਖੋਤੇ ਨੂੰ ਚੌਖੇ ਮੁੱਲ ਤੇ ਖਰੀਦ ਲਿਆ। ਖੋਤੇ ਦੇ ਗਲੋਂ ਹੀਰਾ ਲਾਹਕੇ ਹੀਰੇ ਦੇ ਕਦਰਦਾਨਾਂ ਵਿੱਚ ਪਹੁੰਚਾ ਕੇ ਹੀਰੇ ਦੀ ਕੀਮਤ ਪਵਾ ਦਿੱਤੀ। ਇਉਂ ਗੁਰੂ ਸਾਹਿਬ ਜ਼ੋਹਰੀ ਹਨ। ਪਾਖੰਡੀ ਲੋਕ ਘੁਮਿਆਰ ਹਨ, ਕਠਿਨ ਸਾਧਨਾਵਾਂ ਖੋਤਾ ਹਨ ਅਤੇ ਹੀਰਾ ਸਾਡਾ ਜਨਮ ਹੈ। ਗੁਰੂ ਸਾਹਿਬ ਨੇ ਸਾਧਕਾਂ ਨੂੰ ਹਠ ਜੋਗੀਆਂ ਦੇ ਪੰਜੇ ਚੋਂ ਛੁਡਾ ਕੇ, ਆਪਣੇ ਆਪ ਦਾ ਅਹਿਸਾਸ ਕਰਵਾ ਕੇ ਪ੍ਰਭੂ ਨਾਲ ਜੋੜਿਆ ਹੈ। ਇਸ ਜਨਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀਰਾ ਕਿਹਾ ਹੈ। ਪਰ ਇਹ ਜੀਵਨ ਝੂਠੇ ਅਮਲਾਂ ਨੂੰ ਅਖਤਿਆਰ ਕਰਕੇ ਕਉਡੀ ਬਣ ਗਿਆ ਹੈ। ਕਬੀਰ ਜੀ ਤਾਂ ਕਹਿੰਦੇ ਹਨ ਕਿ ਮੈਂ ਅਨਮੋਲਕ ਹੀਰਾ ਆਮ ਹੱਟੀਆਂ ਤੇ ਵਿਕਦਾ ਤੱਕਿਆ। ਉਹ ਹੱਟੀਆਂ ਵਾਲੇ ਇਸ ਦੇ ਗਾਹਕ ਨਹੀਂ। ਖਰੀਦਦਾਰ ਅਤੇ ਕਦਰਦਾਨ ਤੋਂ ਬਿਨ੍ਹਾਂ ਇਹ ਹੀਰਾ ਕਉਡੀਆਂ ਭਾਅ ਵਿਕਿਆ।[540] ਗੁਰਮਤਿ ਸਾਧਨਾ ਵਿਚ ਗੁਣਾਂ ਦੀ ਉਚੇਚੀ ਥਾਂ ਹੈ ਇਨ੍ਹਾਂ ਬਗੈਰ ਚੋਟਾਂ ਹੀ ਮਿਲਦੀਆਂ ਹਨ। ਗੁਰਮਤਿ ਸਾਧਨਾ ਗੁਣਾਂ ਨੂੰ ਇਕੱਠਾ ਕਰਦੀ ਹੈ ਅਤੇ ਔਗੁਣਾਂ ਨੂੰ ਪਛਾੜਦੀ ਹੈ। ਇਹ ਸਾਧਕ ਦੇ ਹਿਰਦੇ ਅਤੇ ਮੁਖ ਵਿਚਲੇ ਅੰਤਰ ਨੂੰ ਮੇਟ ਦਿੰਦੀ ਹੈ। ਜੇਕਰ ਹਿਰਦੇ ਵਿੱਚ ਕਪਟ ਹੋਵੇ ਤਾਂ ਉਹ ਸਾਧਨਾ ਝੂਠੀ ਹੈ।ਅਜਿਹੀ ਸਾਧਨਾ ਹੀ ਪ੍ਰਵਾਨ ਹੁੰਦੀ ਹੈ।

**ਅਮਲ ਦਾ ਸਿਖਰ**

ਅਮਲ ਦਾ ਸਿਖਰ ਮਨ ਨੂੰ ਜਿੱਤ ਲੈਣਾ ਅਤੇ ਰੱਬ ਨਾਲ ਮਿਲਾਪ ਹੈ। ਸਾਧਨਾ ਮਨ ਦੀ ਖੋਜ ਲਈ ਹੁੰਦੀ ਹੈ। ਸਿਖਰ'ਤੇ ਪਹੁੰਚ ਕੇ ਇਹ ਖੋਜ ਸੰਪੂਰਨ ਹੁੰਦੀ ਹੈ। ਕੂੜ ਦੀ ਕੰਧ ਢਹਿ ਜਾਂਦੀ ਹੈ ਅਤੇ ਬਨਵਾਰੀ ਮਿਲ ਜਾਂਦਾ ਹੈ। ਸ਼ੁਰੂ ਵਿਚ ਮਨ ਨੂੰ ਅਨੇਕ ਔਗੁਣ ਚਿੰਬੜੇ ਹੋਏ ਸਨ। ਇਹ ਮੈਲਾ ਸੀ ਪਰ ਵਾਰ-ਵਾਰ ਦੇ ਅਭਿਆਸ ਨੇ ਮਨ ਨੂੰ ਨਿਰਮਲ ਕਰ ਦਿੱਤਾ ਹੈ। ਪਹਿਲਾ ਸਾਧਕ ਰੱਬ ਵੱਲ ਜਾ ਰਿਹਾ ਸੀ ਪਰ ਨਿਰਮਲਤਾ ਤੋਂ ਬਾਅਦ ਰੱਬ ਸਾਧਕ ਵੱਲ ਆਉਂਦਾ ਹੈ।[541] ਔਗੁਣ ਗੁਣ ਬਣ ਜਾਂਦੇ ਹਨ। ਸ਼ਾਂਤੀ ਅਤੇ ਧੀਰਜ ਦੀ ਪ੍ਰਾਪਤ ਹੁੰਦੀ ਹੈ। ਮਨ ਦੀ ਜਿੱਤ ਜਗ ਦੀ ਜਿੱਤ ਬਣ ਜਾਂਦੀ ਹੈ।[542] ਸੁਖਮਨੀ ਸਾਹਿਬ ਵਿਚ ਸਿਖਰ 'ਤੇ ਪਹੁੰਚੇ ਸਾਧਕ ਦਾ ਵਰਣਨ ਹੈ। ਭਗਤ ਉਹ ਹੈ ਜਿਸਦੇ ਹਿਰਦੇ ਵਿਚ ਸੱਚ ਹੈ, ਉਸਦੀ ਕਰਨੀ ਸੱਚ ਹੁੰਦੀ ਹੈ, ਉਹ ਸੱਚ ਬੋਲਦਾ ਹੈ, ਸੱਚ ਦੇਖਦਾ ਹੈ, ਸੱਚ ਵਿਚ ਵਰਤਦਾ ਹੈ ਅਤੇ ਸੱਚ ਵਿਚ ਹੀ ਸਮਾ ਜਾਂਦਾ ਹੈ।[543] ਸਾਧਕ ਵਿਚ ਵਿਕਾਰਾਂ ਦੇ ਹੁਲਾਰੇ ਨਹੀਂ ਵੱਜਦੇ। ਕਦੇ ਨਾ ਨਾਸ ਹੋਣ ਵਾਲੀ ਅਵਸਥਾ ਪ੍ਰਾਪਤ

---

539 *ਗਰੀਬੀ ਸਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥ ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥* ਰਾਗ ਸੋਰਠ ਮ: ੫, 628.

540 *ਕਬੀਰ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥ ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥* ਸਲੋਕ ਕਬੀਰ ਜੀ, 1372.

541 *ਕਬੀਰ ਮਨ ਨਿਰਮਲ ਭਇਆ ਜੈਸਾ ਗੰਗਾ ਨੀਰ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥* ਸਲੋਕ ਕਬੀਰ, 1367.

542 *ਆਈ ਪੰਥੀ ਸਗਲ ਜਮਾਤੀ ਮਨ ਜੀਤੈ ਜਗੁ ਜੀਤੁ॥* ਜਪੁ, ਸ੍ਰੀ ਗੁਰੂ ਨਾਨਕ ਦੇਵ ਜੀ, 6.

543 *ਭਗਤੁ ਭਗਤੁ ਸੁਣੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥ ਸਚੁ ਕਰਣੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥ ਸਾਚੀ ਦ੍ਰਿਸਟਿ ਸਾਚਾ ਆਕਾਰੁ॥ ਸਚੁ ਵਰਤੈ ਸਾਚਾ ਪਾਸਾਰੁ॥ਪਾਰਬ੍ਰਹਮ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨ ਸਚਿ ਸਮਾਤਾ॥* ਰਾਗ ਗਉੜੀ ਸੁਖਮਨੀ ਮ:੫, 283.

ਹੁੰਦੀ ਹੈ।[544] ਭਾਈ ਨੰਦ ਲਾਲ ਜੀ ਇਸ ਹਾਲਤ ਬਾਰੇ ਦੱਸਦੇ ਹਨ ਕਿ ਰੱਬ ਦੇ ਪਰਛਾਂਵੇਂ ਨਾਲ ਦਿਲ ਦੇ ਪੈਰ ਵਿਚੋਂ ਵਿਛੋੜੇ ਦਾ ਕੰਡਾ ਨਿਕਲ ਜਾਂਦਾ ਹੈ, ਇਸ ਕੰਡੇ ਦੇ ਨਿਕਲਣ ਨਾਲ ਰੱਬ ਦਿਲ ਵਿਚ ਵਾਸਾ ਕਰਦਾ ਹੈ। ਸਾਧਕ ਕਤਰੇ ਵਾਂਗ ਰੱਬ ਰੂਪੀ ਸਾਗਰ ਵਿਚ ਸਮਾ ਜਾਂਦਾ ਹੈ।[545] ਦੁਬਾਰਾ ਵਿਛੋੜਾ ਨਹੀਂ ਹੁੰਦਾ। ਹਰ ਤਰ੍ਹਾਂ ਦੇ ਡਰ, ਸੋਗ, ਖੁਸ਼ੀਆਂ ਕੱਲ੍ਹ ਦੀਆਂ ਗੱਲਾਂ ਲੱਗਦੀਆਂ ਹਨ। ਜੀਵਨਮੁਕਤ ਅਵਸਥਾ ਦੀ ਪਰਾਪਤੀ ਹੁੰਦੀ ਹੈ। ਇਸ ਮਿਲਾਪ ਨੂੰ ਹੀ ਗੁਰਮੁਖ, ਜਨ, ਪਰਉਪਕਾਰੀ, ਬ੍ਰਹਮਗਿਆਨੀ, ਸੰਤ, ਸਾਧ ਸ਼ਬਦਾਂ ਨਾਲ ਵਡਿਆਇਆ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੱਸਦੇ ਹਨ ਕਿ ਮਿਲਾਪ ਵਾਲੇ ਸਾਧਕ ਦੀ ਨਿਸ਼ਾਨੀ ਹੈ ਕਿ ਉਸ ਲਈ ਮਿੱਟੀ ਅਤੇ ਸੋਨਾ ਬਰਾਬਰ ਹੋ ਜਾਂਦੇ ਹਨ, ਦੁਖ, ਸੁਖ, ਸਨੇਹ ਬਰਾਬਰ ਹੋ ਜਾਂਦੇ ਹਨ। ਉਸਨੂੰ ਨਿੰਦਾ ਅਤੇ ਉਸਤਤ ਦਾ ਫਿਕਰ ਨਹੀਂ ਰਹਿੰਦਾ, ਲੋਭ, ਮੋਹ ਅਤੇ ਅਭਿਮਾਨ ਨਹੀਂ ਰਹਿੰਦਾ, ਉਹ ਖੁਸ਼ੀ ਅਤੇ ਗਮੀ, ਮਾਨ ਅਤੇ ਅਪਮਾਨ ਵਿਚ ਇਕਰਸ ਰਹਿੰਦਾ ਹੈ। ਇਹ ਮਿਲਾਪ ਦੀ ਜੁਗਤੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ। ਇਹ ਲੀਨਤਾ ਪਾਣੀ ਵਿਚ ਪਾਣੀ ਦੇ ਸਮਾਉਣ ਵਾਂਗ ਹੈ।[546] ਉਸ ਵਿਚ ਬੇਸ਼ੱਕ ਅਨੇਕ ਗੁਣ ਆਏ ਹਨ। ਇਸਦੇ ਬਾਵਜੂਦ ਉਹ ਸੰਸਾਰੀ ਰਹਿੰਦਾ ਹੈ। ਕਮਲ ਅਤੇ ਮੁਰਗਾਬੀ ਵਾਂਗ ਆਪਣੇ ਧਰਾਤਲ ਤੋਂ ਦੂਰ ਨਹੀਂ ਜਾਂਦਾ, "ਭਗਤ ਆਪਣੇ ਮਨ ਉੱਤੇ ਪੂਰਾ ਕਾਬੂ ਰੱਖਕੇ ਸੰਸਾਰ ਦੇ ਕਾਰ ਵਿਹਾਰ ਕਰਦਾ ਹੈ। ਉਹ ਹਰ ਗੱਲ ਉੱਤੇ ਸੰਤੋਖੀ ਰਹਿੰਦਾ ਹੈ। ਮਾਨ, ਅਪਮਾਨ, ਗਰਮੀ ਸਰਦੀ, ਨਿੰਦਾ ਉਸਤਤਿ ਉਸ ਲਈ ਇਕ ਸਮਾਨ ਹੈ। ਉਹ ਥਿਰ ਬੁਧੀਮਨ ਹੁੰਦਾ ਹੈ।"[547] ਇਹ ਮਿਲਾਪ ਜੋਤ ਦਾ ਜੋਤ ਵਿਚ, ਪਾਣੀ ਦਾ ਪਾਣੀ ਵਿਚ, ਸੂਰਜ ਦਾ ਕਿਰਨ ਵਿਚ ਵਰਗਾ ਹੁੰਦਾ ਹੈ।[548] ਨਿਰਲੇਪ ਅਵਸਥਾ ਪ੍ਰਾਪਤ ਹੁੰਦੀ ਹੈ। ਸਵਰਗ ਦੀ ਖੁਸ਼ੀ ਅਤੇ ਨਰਕ ਦਾ ਡਰ ਖਤਮ ਹੋ ਜਾਂਦਾ ਹੈ।[549] ਅਜਿਹੇ ਜੁੜਿਆ ਹੋਇਆ ਦੇ ਛੇ ਲੱਛਣ ਹਨ।1. ਨਾਮ ਦਾ ਜਾਪ 2. ਨਿਰਮਲ ਅਤੇ ਨਿਰਵੈਰ 3. ਪੰਚ ਦੋਖਾਂ ਤੋਂ ਰਹਿਤ 4. ਘੱਟ ਭੋਜਨ ਅਤੇ ਕਮਲ ਰੂਪੀ 5. ਮਿਤ੍ਰ ਸ਼ਤਰੂਆਂ ਨੂੰ ਬਰਾਬਰ ਉਪਦੇਸ਼ ਦੇਣ ਵਾਲੇ 6. ਪਰਾਈ ਨਿੰਦਾ ਨਾ ਸੁਣਨ ਵਾਲੇ।[550]

ਮਨਮੋਹਨ ਸਿੰਘ ਅਨੁਸਾਰ, "ਗੁਰੂ ਸਾਹਿਬ ਨੇ ਇਹਨਾਂ ਦੀ ਸਾਸ਼ਤ੍ਰੀ ਢੰਗ ਦੀ ਸ਼੍ਰੇਣੀ ਵੰਡ ਨਹੀਂ ਕੀਤੀ। ਇਸੇ ਲਈ ਉਹ ਆਪਣੇ ਆਪ ਨੂੰ ਨਾ ਉਤਮ ਨਾ ਮੱਧਮ ਅਤੇ ਨਾ ਹੀ ਨੀਚ ਭਗਤਾਂ ਵਿਚ ਗਿਣਦੇ ਹਨ, ਉਹ ਤਾਂ ਹਰੀ ਦੇ ਸ਼ਰਣਾਗਤ ਭਗਤ ਹਨ, ਨਾਮ ਵਿਚ ਰੱਤੇ, ਮਾਇਆ ਤੋਂ ਬੇਲਾਗ ਸਮਸਤ ਗ਼ਮਾਂ ਅਤੇ

---

[544] ਦਾਸੁ ਕਮੀਰੁ ਚੜਿਓ ਗੜ ਊਪਰਿ ਰਾਜੁ ਲੀਓ ਅਬਿਨਾਸੀ॥ ਰਾਗ ਭੈਰਉ ਮ: ੫, 1162.

[545] *ਬਰ ਦਿਲਤ ਗਰ ਪਰਤਵੇ ਹੱਕ ਬਰਫ਼ਗੰਦ ਖ਼ਾਰਿ ਹਿਜਰਤ ਰਾ ਜ਼ ਪਾਇ ਦਿਲ ਕੁਨੰਦ॥286॥*
*ਖ਼ਾਰਿ ਹਿਜਰ ਅਜ਼ ਪਾਇ ਦਿਲ ਚੂੰ ਦੂਰ ਸ਼ੁਦ ਖ਼ਾਨਾਇ ਦਿਲ ਅਜ਼ ਖ਼ੁਦਾ ਮਾਮੂਰ ਸ਼ੁਦ॥287॥*
*ਹਮਚੂ ਕਤਰਾ ਕੂ ਬਦਰਿਆ ਦਰ ਫ਼ਤਾਦ ਐਨ ਦਰਿਆ ਗਅਤੋ ਵਸਲਸ਼ ਦਸਤਦਾਦ॥288॥ ਭਾਈ ਨੰਦ ਲਾਲ ਗ੍ਰੰਥਾਵਲੀ,* ਪੰਨੇ-110-1.

[546] ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ਰਾਗ ਸੋਰਟ ਮ: ੯, 633.

[547] ਪੰਨੂ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਰਹਿਤ ਮਰਿਆਦਾ*, ਅਮਰਜੀਤ ਗਰੇਵਾਲ (ਸੰਪਾ.), *ਉਹੀ ਰਚਨਾ*, ਪੰਨਾ-351.

[548] *ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥* ਰਾਗ ਬਿਲਾਵਲ ਮ: ੫, 846.

[549] *ਕਵਨੁ ਨਰਕ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੈ॥* ਰਾਗ ਰਾਮਕਲੀ, ਕਬੀਰ, 969.

[550] *ਮੰਤ੍ਰੰ ਰਾਮ ਰਾਮ ਨਾਮੰ ਦਾਨੰ ਸਰਬਤ੍ਰ ਪੂਰਨਹ॥ ਗਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥*
*ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥*
*ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤਿਆਗਿ ਸਗਲ ਰੇਣੁਕਹ॥*
*ਖਟ ਲਖਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸਵਜਨਹ॥* ਸਲੋਕ ਸਹਸਕ੍ਰਿਤੀ ਮ: ੫, 1357.

ਰੋਗਾਂ ਤੋਂ ਨਿਵਿਰਤ"[551] ਸ੍ਰੀ ਗੁਰੂ ਨਾਨਕ ਦੇਵ ਜੀ ਵੀ ਅਜਿਹਾ ਹੀ ਦੱਸਦੇ ਹਨ।[552] ਗੁਰੂ ਤੇਗ ਬਹਾਦਰ ਜੀ ਅਨੁਸਾਰ ਅਜਿਹਾ ਸੇਵਕ ਕਰੋੜਾਂ ਵਿੱਚ ਕੋਈ ਇੱਕ ਕਿਹਾ ਹੈ।[553] ਗੁਰਮੁਖ ਚੌਥੀ ਪੌੜੀ ਤੇ ਪਹੁੰਚਦੇ ਹਨ। ਪਹਿਲੀ ਪੌੜੀ ਰੱਬ ਹੈ, ਦੂਜੀ ਪੌੜੀ ਦੁਬਿਧਾ ਹੈ, ਤੀਜੀ ਪੌੜੀ ਤਿੰਨ ਗੁਣਾਂ ਵਾਲੀ ਮਾਇਆ ਹੈ ਅਤੇ ਚੌਥੀ ਪੌੜੀ ਗੁਰਮੁਖਾਂ ਦੀ ਹੈ।[554] ਇਸ ਨੂੰ ਚੌਥਾ ਪਦ ਵੀ ਕਿਹਾ ਹੈ। ਗੱਲਾਂ ਨਾਲ ਬਹਿਸ਼ਤ ਨਹੀਂ ਮਿਲਦੀ। ਇਸ ਲਈ ਅਮਲ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਜਿਹੜੇ ਸਾਧਕਾਂ ਦੇ ਮਨ ਹਰੀ ਵਿੱਚ ਰੱਤ ਚੁੱਕੇ ਹਨ। ਉਨ੍ਹਾਂ ਦਾ ਖਾਧਾ, ਪਹਿਨਿਆ, ਪੈਸਾ, ਉਨ੍ਹਾਂ ਦੇ ਘਰ, ਮੰਦਰ, ਮਹਲ, ਸਰਾਵਾਂ ਪਵਿੱਤਰ ਹਨ ਕਿਉਂ ਕਿ ਇਹ ਲੋਕਾਂ ਦੇ ਭਲੇ ਲਈ ਹਨ। ਉਥੇ ਥੱਕੇ ਹਾਰਿਆਂ ਨੂੰ ਆਰਾਮ ਮਿਲਦਾ ਹੈ। ਉਨ੍ਹਾਂ ਦੇ ਘੋੜੇ, ਘੋੜਿਆਂ ਦੀਆਂ ਰਕਾਬਾਂ, ਘੋੜਿਆਂ ਦੇ ਕੰਬਲ ਵੀ ਪਵਿੱਤਰ ਹਨ ਕਿਉਂ ਕਿ ਇਨ੍ਹਾਂ ਉਪਰ ਗੁਰਮੁਖ ਸਵਾਰੀ ਕਰਦੇ ਹਨ। ਨਾਮ ਜਪਣ ਵਾਲਿਆਂ ਦੇ ਕਰਮ, ਧਰਮ ਕਾਰਜ ਸਭ ਪਵਿੱਤਰ ਹਨ, ਇਹ ਸਭ ਪਵਿੱਤਰ ਇਸ ਕਰਕੇ ਹੋ ਗਏ ਕਿਉਂ ਕਿ ਗੁਰਮੁਖਾਂ ਦਾ ਇੱਕ ਵੀ ਸਵਾਸ, ਇੱਕ ਵੀ ਪਲ ਅਜਾਈ ਨਹੀਂ ਜਾਂਦਾ।[555] ਡਾ. ਸ਼ਮਸੇਰ ਸਿੰਘ ਨੇ ਅਜਿਹੇ ਆਮਲ ਨੂੰ ਆਦਰਸ਼ ਮਨੁੱਖ ਕਿਹਾ ਹੈ:

> ਆਦਰਸ਼ ਮਨੁੱਖ ਪੰਜ ਗੁਣਾਂ (ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ) ਦਾ ਧਾਰਨੀ ਹੁੰਦਾ ਹੈ ਤੇ ਪੰਜ ਅਵਗੁਣਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ) ਦਾ ਤਿਆਗੀ ਹੁੰਦਾ ਹੈ। ਆਦਰਸ਼ ਮਨੁੱਖ ਪ੍ਰਭੂ ਹੁਕਮ ਮੰਨਣਾ, ਜਸ ਗਾਉਣਾ, ਜਸ ਸੁਣਨਾ, ਜਸ ਨੂੰ ਮੰਨਣਾ ਅਤੇ ਮਨ ਵਿਚ ਵਸਾਉਣਾ ਆਦਿ ਅਧਿਆਤਮਿਕ ਕੀਮਤਾਂ ਨੂੰ ਅਪਨਾਉਂਦਾ ਹੈ। ਉਹ ਕੇਵਲ ਇਨ੍ਹਾਂ ਨੂੰ ਕਹਿਣ ਮਾਤਰ ਨਹੀਂ ਕਰਦਾ ਸਗੋਂ ਵੀਚਾਰ ਕਰਕੇ ਜੀਵਨ ਦੇ ਅਮਲ ਵਿਚ ਲਿਆਉਂਦਾ ਹੈ।[556]

ਉਨ੍ਹਾਂ ਨੇ ਧਰਮ ਦੇ ਉਪਦੇਸ਼ ਨੂੰ ਜੀਵਨ ਵਿੱਚ ਧਾਰਨ ਕਰ ਲਿਆ ਹੈ। ਪਵਿੱਤਰ ਨਾਲ ਜੁੜਕੇ ਉਹ ਆਪ ਪਵਿੱਤਰ ਬਣ ਗਏ ਹਨ। ਫੁੱਲ ਫਲ ਦਾ ਰੂਪ ਧਾਰਨ ਕਰ ਜਾਂਦਾ ਹੈ। ਗਿਆਨ ਦੀ ਪ੍ਰਾਪਤੀ ਲਈ ਕਰਮ ਅਭਿਆਸ ਕੀਤਾ ਜਾਂਦਾ ਹੈ ਪਰ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਸਾਰੇ ਯਤਨ ਮੁੱਕ ਜਾਂਦੇ ਹਨ।[557] ਘਿਉ ਦੀ ਪ੍ਰਾਪਤੀ ਲਈ ਹੀ ਦੁੱਧ ਨੂੰ ਰਿੜਕਣਾ ਹੈ। ਘਿਉ ਪ੍ਰਾਪਤ ਹੁੰਦਿਆਂ ਹੀ ਦੁੱਧ ਵਿੱਚ ਮਧਾਣੀਆਂ ਚੱਲਣੀਆਂ ਬੰਦ ਹੋ ਜਾਂਦੀਆਂ ਹਨ। ਪ੍ਰਿੰ. ਹਰਭਜਨ ਸਿੰਘ ਅਜਿਹੇ ਮਿਲਾਪ ਦੀ ਸਰਬਤ ਮਾਨਵਤਾ ਲਈ ਉਮੀਦ ਕਰਦਿਆਂ ਲਿਖਦੇ ਹਨ:

> ਸਚਿਆਰ ਬਣਨ ਲਈ ਮਨੁੱਖ ਨੂੰ ਪਉੜੀ ਚੜ੍ਹਨ ਸਮਾਨ ਸਾਰੇ ਡੰਡਿਆਂ ਦੀ ਆਵਸ਼ੱਕਤਾ ਹੈ। ਗੁਰਬਾਣੀ ਗਿਆਨ ਹੈ, ਪ੍ਰਕਾਸ਼ ਹੈ, ਜਿਸ ਬਿਨਾਂ ਅੰਧਕਾਰ ਵਿਚ ਠੋਹਕਰਾਂ ਹੀ ਠੋਹਕਰਾਂ ਹਨ। ਕਾਸ਼! ਉਹ ਦਿਨ ਕਦ

---

[551] ਮਨਮੋਹਨ ਸਿੰਘ, *ਉਹੀ ਰਚਨਾ*, ਪੰਨਾ 177.

[552] *ਐਜੀ ਨਾ ਹਮ ਉਤਮ ਨੀਚ ਨਾ ਮਧਿਮ ਹਰਿ ਸਰਣਾਗਤਿ ਹਰਿਕੇ ਲੋਗ॥ ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥* ਰਾਗ ਗੂਜਰੀ ਮ:੧,

[553] *ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥* ਸਲੋਕ ਮ: ੯, 1497.

[554] *ਚਉਥੈ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥* ਰਾਗ ਰਾਮਕਲੀ ਮ: ੧, 943.

[555] *ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ॥ ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥ ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥ ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥ ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥* ਰਾਗ ਸੋਰਠਿ ਮ: ੧, 648.

[556] ਸ਼ਮਸੇਰ ਸਿੰਘ ਡਾ., *ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ*, ਪੰਨਾ-120.

[557] *ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥* ਰਾਗ ਭੈਰਉ, ਰਵਿਦਾਸ, 1167.

> ਚੜੇਗਾ ਜਦ ਸਮਸਤ ਸੰਸਾਰ ੴ ਦਾ ਪੁਜਾਰੀ ਤੇ ਸਹਿਵਾਸ ਤੇ ਭਾਵਕ ਏਕਤਾ ਦੇ ਇਸ ਅਦੁੱਤੀ ਧਰਮ ਗ੍ਰੰਥ ਵਿਚ ਹੋਏ ਸਫਲ ਤਜਰਬੇ ਤੋਂ ਲਾਭ ਉਠਾਉਣ ਲਈ ਕਮਰ ਬਸਤਾ ਹੋ ਕੇ 'ਬੇਗਮਪੁਰੇ' ਦਾ ਵਾਸੀ ਹੋਵੇਗਾ ਜਾਂ ਵਾਸੀ ਹੋਣ ਦਾ ਯਤਨ ਕਰੇਗਾ।[558]

ਇਸ ਅਵਸਥਾ ਨੂੰ ਹੀ ਨਿਰਲੇਪ ਅਵਸਥਾ ਕਿਹਾ ਜਾਂਦਾ ਹੈ। ਬ੍ਰਹਮਗਿਆਨੀ, ਨਿਰਬਾਨ, ਜੀਵਨਮੁਕਤ, ਗੁਰਮੁਖ, ਸੰਤ, ਜਨ, ਸਾਧੂ, ਆਦਿਕ ਸ਼ਬਦਾਂ ਨਾਲ ਬਿਆਨ ਕੀਤਾ ਹੈ।[559] ਤਾਰਨ ਸਿੰਘ ਨੇ ਇਸ ਅਵਸਥਾ ਨੂੰ ਚੜਦੀਕਲਾ ਕਿਹਾ ਹੈ:

> ਅਸਲ ਵਿਚ ਜੇ ਮਨੁੱਖ ਵਿਚ ਇਕ ਗੁਣ ਆਉਂਦਾ ਹੈ ਤਾਂ ਨਾਲ ਅਨੇਕਾਂ ਹੋਰ ਵੀ ਆ ਜਾਂਦੇ ਹਨ ਤੇ ਜੇ ਇਕ ਔਗੁਣ ਆਉਂਦਾ ਹੈ ਤਾਂ ਨਾਲ ਅਨੇਕਾਂ ਹੋਰ ਵੀ ਆ ਜਾਂਦੇ ਹਨ। ਇਹ ਸਾਰੀਆਂ ਚੀਜ਼ਾਂ ਰਲ-ਮਿਲਕੇ ਹੀ ਸ਼ਖਸੀਅਥ ਬਣਾਂਦੀਆਂ ਹਨ ਤੇ ਸਿਖ ਸ਼ਖਸੀਅਤ ਇਸ ਹਿਸਾਬ ਚੜਦੀਕਲਾ ਵਾਲੀ ਸ਼ਖਸੀਅਤ ਕਹੀ ਜਾ ਸਕਦੀ ਹੈ।[560]

ਬੰਦਗੀ ਦੇ ਅਮਲ ਵਿੱਚ ਵਿਚਾਰਨ ਵਾਲਾ ਪੱਖ ਇਹ ਹੈ ਕਿ ਕਈ ਥਾਂ ਗੁਰੂ ਸਾਹਿਬ ਕਈ ਹੁਕਮ ਦਿੰਦੇ ਹਨ ਪਰ ਕਈ ਥਾਂ ਤੇ ਇੱਕ, ਦੋ ਜਾਂ ਤਿੰਨ ਹੁਕਮ ਦਿੰਦੇ ਹਨ। ਭਗਤ ਕਬੀਰ ਜੀ ਨੇ ਸਾਧਕ ਨੂੰ ਭੋਲਾ ਸੁਭਾਉ ਧਾਰਨ ਕਰਨ ਲਈ ਕਿਹਾ ਹੈ, ਬਾਬਾ ਫ਼ਰੀਦ ਜੀ ਨੇ ਸੱਚ ਬੋਲਣ ਅਤੇ ਝੂਠ ਨਾ ਬੋਲਣ ਦੇ ਦੋ ਹੁਕਮ ਦਿੱਤੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਮਰਤਾ, ਮਾਫ਼ ਕਰਨਾ ਅਤੇ ਮਿੱਠਾ ਬੋਲਣ ਦੇ ਤਿੰਨ ਗੁਣ ਧਾਰਨ ਕਰਨ ਦਾ ਹੁਕਮ ਦਿੱਤਾ ਹੈ। ਅਜਿਹਾ ਇਸ ਕਰਕੇ ਹੈ ਕਿ ਸਾਧਕ ਘਬਰਾ ਨਾ ਜਾਵੇ ਕਿ ਇਸ ਮਾਰਗ ਤੇ ਤੁਰਨ ਲਈ ਤਾਂ ਬਹੁਤ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਛੋਟੇ ਰੂਪ ਵਿਚ ਉਪਦੇਸ਼ ਦੇ ਕੇ ਵੀ ਸਾਧਕਾਂ ਨੂੰ ਅਮਲ ਕਰਨ ਵੱਲ ਪ੍ਰੇਰਿਤ ਕੀਤਾ ਹੈ। ਗੁਰਬਾਣੀ ਵਿਚ ਬੇਸ਼ੁਮਾਰ ਅਮਲਾਂ ਦਾ ਜ਼ਿਕਰ ਕਰਕੇ ਇਸਦੇ ਪ੍ਰਵਾਨਿਤ ਅਤੇ ਅਪ੍ਰਵਾਨਿਤ ਪੱਖ 'ਤੇ ਵਿਚਾਰ ਕੀਤੀ ਗਈ ਹੈ।

---

558 ਹਰਿਭਜਨ ਸਿੰਘ (ਪ੍ਰਿੰ.), *ਆਦਿ ਬੀੜ ਦਾ ਸੰਕਲਨ ਤੇ ਸੰਪਾਦਨ,* ਬਲਕਾਰ ਸਿੰਘ (ਸੰਪਾ.), *ਉਹੀ ਰਚਨਾ,* ਪੰਨਾ-207.

559 *ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥ ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ॥ ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥ ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥* ਰਾਗ ਗਉੜੀ ਸੁਖਮਨੀ ਮ: ੫, 275.

560 ਤਾਰਨ ਸਿੰਘ, *ਭਗਤੀ ਤੇ ਸ਼ਕਤੀ,* ਪੰਨਾ- 167.

# ਅਧਿਆਇ ਛੇਵਾਂ – ਤੁਲਨਾਤਮਿਕ ਅਧਿਐਨ ਅਤੇ ਵਿਸ਼ਲੇਸ਼ਣ

ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਦੋਹਾਂ ਧਰਮਾਂ ਦੇ ਮੁੱਢ, ਸਮਾਜਿਕ ਹਾਲਾਤ ਬਾਰੇ ਜਾਣਕਾਰੀ ਦਿੱਤੀ ਗਈ ਸੀ। ਇਸ ਅਧਿਆਇ ਵਿਚ ਵਿਚਾਰ ਕੀਤੀ ਜਾਵੇਗੀ ਕਿ ਦੋਹੇ ਧਰਮ ਗ੍ਰੰਥ ਕੀ ਕਹਿ ਰਹੇ ਹਨ। ਇੱਕ ਧਰਮ ਵਿੱਚ ਜਨਮ ਲੈ ਕੇ ਉਸ ਧਰਮ ਨੂੰ ਸਹੀ ਰੂਪ ਵਿਚ ਸਮਝਣਾ ਕਠਿਨ ਹੈ ਅਤੇ ਉਸ ਤੋਂ ਵੀ ਵਧੀਕ ਕਠਿਨ ਹੈ ਦੂਜੇ ਧਰਮ ਗ੍ਰੰਥ ਨੂੰ ਸਮਝਣਾ। ਧਰਮ ਦਾ ਵਿਦਿਆਰਥੀ ਹੋਣ ਨਾਤੇ ਮੇਰੇ ਸਾਹਮਣੇ ਬੜੇ ਸੁਆਲ ਹਨ ਜੋ ਤਰਕਸੰਗਤ ਵੀ ਹਨ ਅਤੇ ਤਰਕਹੀਣ ਵੀ। ਧਰਮ ਨੂੰ ਜਾਣਨ ਲਈ ਅਕਾਦਮਿਕ ਖੇਤਰ ਵਿੱਚ ਵੱਡੇ-ਵੱਡੇ ਅਦਾਰੇ, ਅਕਾਸ਼ ਨੂੰ ਛੂੰਹਦੀਆਂ ਇਮਾਰਤਾਂ ਵਿੱਚ ਚੱਲ ਰਹੇ ਹਨ। ਹਰ ਵਿਅਕਤੀ ਧਰਮ ਨੂੰ ਜਾਣਨਾ ਚਾਹੁੰਦਾ ਹੈ। ਮਨੁੱਖ ਦਿਸਦੇ ਪਸਾਰੇ ਪਿਛੇ ਵਰਤਦੀ ਅਦਿੱਖ ਸ਼ਕਤੀ ਨੂੰ ਸਮਝਣ ਲਈ ਵਿਦਿਆ ਦਾ ਸਹਾਰਾ ਲੈਂਦਾ ਹੈ। ਅਨੇਕ ਦਾਰਸ਼ਨਿਕਾਂ ਨੇ ਧਰਮ ਨੂੰ ਸਮਝਣ ਲਈ ਅਨੇਕ ਵਿਧੀਆਂ ਦੀ ਸਥਾਪਨਾ ਕੀਤੀ ਹੈ ਤਾਂ ਜੋ ਧਰਮ ਨੂੰ ਸਮਝਿਆ ਜਾ ਸਕੇ। ਸਮਾਜ ਵਿਗਿਆਨ, ਇਤਿਹਾਸ, ਸਾਹਿਤ, ਭੂਗੋਲ ਸਮੇਤ ਸਾਰੀਆਂ ਵਿੱਦਿਆਵਾਂ ਦਾ ਕੇਂਦਰ ਧਰਮ ਹੈ। ਮਨੁੱਖ ਨੂੰ ਜਦੋਂ ਕਿਸੇ ਚੀਜ਼ ਦੇ ਜੁਆਬ ਨਹੀਂ ਮਿਲਦੇ ਤਾਂ ਉਹ ਧਰਮ ਗ੍ਰੰਥ ਵੱਲ ਆਉਂਦਾ ਹੈ। ਇਥੇ ਆ ਕੇ ਉਹ ਆਪੋ ਆਪਣੀ ਸਮਰੱਥਾ ਮੁਤਾਬਕ ਧਰਮ ਗ੍ਰੰਥ ਨੂੰ ਸਮਝਣ ਦਾ ਯਤਨ ਕਰਦੇ ਹਨ। ਕੁਝ ਸਮਝ ਪੈਂਦੀ ਹੈ ਅਤੇ ਬਾਕੀ ਸਮਝ ਤੋਂ ਪਰ੍ਹੇ ਦਿਸਦਾ ਹੈ। ਜੋ ਸਮਝ ਆਇਆ ਉਹ ਤਾਂ ਠੀਕ ਪਰ ਜੋ ਸਮਝ ਨਹੀਂ ਆਇਆ ਉਸ ਬਾਰੇ ਆਪਣੀ ਰਾਇ ਦੱਸਦੇ ਹਨ। ਸਿੱਟੇ ਵਜੋਂ ਧਰਮ ਗ੍ਰੰਥ ਦੀਆਂ ਗੱਲਾਂ ਨੂੰ ਬੇਜਾਨ ਕਥਨ ਕੀਤਾ ਜਾਂਦਾ ਹੈ। ਸਮਝ ਉਨ੍ਹਾਂ ਨੂੰ ਆਪ ਨਹੀਂ ਆਈ ਅਤੇ ਜ਼ਿੰਮੇਵਾਰ ਧਰਮ ਗ੍ਰੰਥ ਨੂੰ ਕਰ ਦਿੱਤਾ ਜਾਂਦਾ ਹੈ। ਇਸ ਸੌੜੀ ਸੋਚ ਦਾ ਸ਼ਿਕਾਰ ਕੁਰਆਨ ਮਜੀਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਹੋਏ ਹਨ ਅਤੇ ਹੋ ਰਹੇ ਹਨ। ਅਣਗਿਣਤ ਗਲਤਫਹਿਮੀਆਂ, ਅੰਧ ਵਿਸ਼ਵਾਸ ਸਥਾਪਿਤ ਹੋ ਚੁੱਕੇ ਹਨ ਜਦਕਿ ਅਜਿਹਾ ਕੋਈ ਵੀ ਚਿੱਤਰ ਦੋਹਾਂ ਧਰਮ ਗ੍ਰੰਥਾਂ ਵਿੱਚ ਨਹੀਂ ਹੈ। ਧਰਮ ਗ੍ਰੰਥ ਵਿਧੀਆਂ ਨੂੰ ਧਿਆਨ ਵਿਚ ਰੱਖਦਿਆਂ ਨਹੀਂ ਰਚੇ ਗਏ। ਬਲਕਿ ਵਿਧੀਆਂ ਧਰਮ ਗ੍ਰੰਥਾਂ ਨੂੰ ਵੇਖਕੇ ਹੋਂਦ ਵਿੱਚ ਆਈਆਂ ਹਨ। ਗੱਲ ਨਿਬੇੜਾਂ ਤਾਂ ਧਰਮ ਗ੍ਰੰਥ ਨੂੰ ਸਮਝਣ ਦਾ ਇਕੋ-ਇੱਕ ਤਰੀਕਾ ਹੈ ਅਤੇ ਉਹ ਹੈ ਅਨੁਭਵ। ਇਸ ਅਨੁਭਵ ਦੀ ਪ੍ਰਾਪਤੀ ਭਰੋਸੇ ਬਗੈਰ ਨਹੀਂ ਹੁੰਦੀ ਅਤੇ ਭਰੋਸਾ ਪ੍ਰਾਪਤ ਕਰਨ ਲਈ ਉਸ ਧਰਮ ਅਨੁਸਾਰ ਸੋਚਣਾ ਪੈਂਦਾ ਹੈ। ਸਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਧਰਮ ਨੂੰ ਸਮਝਣ ਦਾ ਪੈਮਾਨਾ ਕੀ ਹੈ।

**ਧਾਰਮਿਕ ਸਹਿਣਸ਼ੀਲਤਾ**

ਦੋਹੇ ਧਰਮ ਗ੍ਰੰਥ ਧਾਰਮਿਕ ਸਹਿਣਸ਼ੀਲਤਾ ਦੀ ਗੱਲ ਆਪਣੇ-ਆਪਣੇ ਅੰਦਾਜ਼ ਵਿਚ ਕਰਦੇ ਹਨ। ਇਸਲਾਮ ਅਤੇ ਸਿੱਖ ਧਰਮ ਦੀਆਂ ਕੁਝ ਜ਼ਰੂਰੀ ਰਸਮਾਂ ਹਨ। ਇਨ੍ਹਾਂ ਬਾਹਰੀ ਰਸਮਾਂ ਦੇ ਵਿਚਾਲੇ ਵਿਸ਼ਵਾਸ ਪਲਦਾ ਹੈ। ਹਰ ਧਰਮ ਵਿਚ ਰਸਮ ਅਤੇ ਵਿਸ਼ਵਾਸ ਦਾ ਖਾਸ ਸਥਾਨ ਹੈ। ਜੇਕਰ ਅਸੀਂ ਰਸਮ ਨੂੰ ਆਧਾਰ ਬਣਾਕੇ ਗੱਲ ਕਰਾਂਗੇ ਤਾਂ ਕਦੇ ਵੀ ਸਦਭਾਵ ਵਾਲੀ ਭਾਵਨਾ ਜੀਵਤ ਨਹੀਂ ਰਹੇਗੀ ਕਿਉਂਕਿ ਇਸ ਵਿਚ

ਵੱਖਰੇਵੇਂ ਹਨ। ਹਾਂ, ਜੇ ਵਿਸ਼ਵਾਸ ਨੂੰ ਆਧਾਰ ਬਣਾਵਾਂਗੇ ਤਾਂ ਉਸ ਧਰਮ ਦੀ ਸਿੱਖਿਆ ਵੀ ਸਹੀ ਰੂਪ ਵਿਚ ਪਹੁੰਚੇਗੀ ਅਤੇ ਸਮਾਜ ਵਿਚ ਵੀ ਸ਼ਾਂਤੀ ਕਾਇਮ ਰਹੇਗੀ। ਦੱਖਣ ਦੀ ਧਰਤੀ 'ਤੇ ਬਹਾਦਰ ਸ਼ਾਹ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੁੱਛਿਆ ਸੀ ਕਿ ਤੁਹਾਡਾ ਧਰਮ ਚੰਗਾ ਹੈ ਕਿ ਸਾਡਾ ਧਰਮ ਚੰਗਾ ਹੈ। ਗੁਰੂ ਜੀ ਨੇ ਕਿਹਾ ਸੀ:

*ਤੁਮ ਕੋ ਤੁਮ੍ਹਾਰਾ ਖ਼ੂਬ, ਹਮ ਕੋ ਹਮਾਰਾ ਖ਼ੂਬ।*

ਜਿਸ ਧਰਮ ਵਿਚ ਕੋਈ ਪੈਦਾ ਹੋਇਆ ਹੁੰਦਾ ਹੈ ਉਸ ਧਰਮ ਪ੍ਰਤੀ ਉਸਦਾ ਵਿਸ਼ਵਾਸ ਹੋਣਾ ਸੁਭਾਵਿਕ ਹੈ। ਇਸ ਕਰਕੇ ਹੀ ਜਦੋਂ ਵੀ ਕਿਸੇ ਧਰਮ ਦੇ ਬਾਹਰੀ ਰੂਪ ਦੇਖਕੇ ਗ਼ਲਤ ਧਾਰਨਾ ਬਣਾਈ ਜਾਂਦੀ ਹੈ ਤਾਂ ਲੋਕਾਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਦੀ ਹੈ। ਕੁਰਆਨ ਆਖਦਾ ਹੈ ਕਿ ਧਰਮ ਦੇ ਮਾਮਲੇ ਵਿਚ ਕਿਸੇ ਨਾਲ ਜ਼ੋਰ-ਜ਼ਬਰਦਸਤੀ ਨਹੀਂ ਹੈ। ਧਰਮ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ। ਧਰਮ ਉਹਦਾ ਹੈ ਜੋ ਧਰਮ ਦਾ ਹੈ:

ਧਰਮ ਦੇ ਮਾਮਲੇ ਵਿਚ ਕੋਈ ਜ਼ੋਰ-ਜ਼ਬਰਦਸਤੀ ਨਹੀਂ ਹੈ।[1]

ਪਿਛਲੇ ਅਧਿਆਵਾਂ ਵਿਚ ਦੱਸਿਆ ਗਿਆ ਸੀ ਕਿ ਪੈਗ਼ੰਬਰਾਂ ਦੇ ਘਰਾਂ ਵਿਚ ਉਨ੍ਹਾਂ ਦੀ ਮੁਖ਼ਾਲਫ਼ਤ ਹੁੰਦੀ ਰਹੀ। ਨੂਹ (ਅ.) ਦੀ ਪਤਨੀ, ਲੂਤ (ਅ.) ਦੀ ਪਤਨੀ, ਮੁਹੰਮਦ (ਸ.) ਦਾ ਚਾਚਾ ਜੋ ਤਾਉਮਰ ਆਪ ਦਾ ਵਿਰੋਧ ਕਰਦਾ ਰਿਹਾ ਸੀ। ਦੂਜੇ ਪਾਸੇ ਫ਼ਿਰਔਨ ਬੁਰਾ ਹੈ ਪਰ ਉਸਦੀ ਪਤਨੀ ਅੱਲਾਹ ਅੱਗੇ ਫ਼ਰਿਆਦ ਕਰਦੀ ਹੈ ਕਿ ਰੱਬਾ, ਮੈਨੂੰ ਨਰਕ ਦੇ ਆਜ਼ਾਬ ਤੋਂ ਬਚਾਈ। ਉਸਦੇ ਦਰਬਾਰ ਵਿਚ ਖੜਾ ਇਕ ਸੱਚਾ ਵਿਅਕਤੀ ਆਖਦਾ ਹੈ ਕਿ ਕੀ ਤੁਸੀਂ ਮੂਸਾ ਨੂੰ ਇਸ ਕਰਕੇ ਮਾਰਨਾ ਚਾਹੁੰਦੇ ਹੋ ਕਿਉਂਕਿ ਇਸਨੇ ਰੱਬ ਨੂੰ ਇਕ ਕਿਹਾ ਹੈ। ਜਦੋਂ ਨੂਹ (ਅ.) ਨੇ ਰੱਬ ਅੱਗੇ ਅਰਦਾਸ ਕੀਤੀ ਸੀ ਕਿ ਕੀ ਤੇਰਾ ਇਹ ਹੁਕਮ ਮੇਰੀ ਔਲਾਦ ਨਾਲ ਵੀ ਰਹੇਗਾ ਤਾਂ ਰੱਬ ਨਾ ਕਿਹਾ ਸੀ, ਨਹੀਂ। ਇਸਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਧਰਮ ਕੇਵਲ ਇਕ ਵਿਅਕਤੀ ਦੀ ਮਲਕੀਅਤ ਨਹੀਂ ਹੈ। ਗੁਰੂ ਘਰ ਵਿਚ ਗੁਰਿਆਈ ਦਾ ਖਾਸ ਸਥਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਆਪਣੇ ਸੇਵਕ ਬਾਬਾ ਲਹਿਣਾ ਜੀ ਨੂੰ ਦਿੱਤੀ ਸੀ ਜੋ ਸਾਬਿਤ ਕਰਦਾ ਹੈ ਕਿ ਸੱਚ ਦੇ ਰਾਹ 'ਤੇ ਕਿਸੇ ਨਾਲ ਲਿਹਾਜ਼ ਨਹੀਂ ਹੈ। ਬਾਹਰੀ ਜੀਵਨ ਦੇ ਨਾਲ ਤੁਹਾਡਾ ਅੰਤਰ ਆਤਮਾ ਵੀ ਇਕਮਿਕ ਹੋਣਾ ਚਾਹੀਦਾ ਹੈ। ਬਾਹਰੀ ਤੌਰ 'ਤੇ ਰਸਮ ਦੇ ਨਾਲ-ਨਾਲ ਅਮਲ ਵੀ ਜ਼ਰੂਰੀ ਹਨ। ਬੰਦਾ ਕੇਵਲ ਇਸ ਗੁਮਾਨ ਵਿਚ ਨਾ ਰਹੇ ਕਿ ਸ਼ਾਇਦ ਕਿਸੇ ਧਰਮ ਵਿਚ ਜਨਮ ਲੈਣ ਨਾਲ ਹੀ ਮੈਂ ਰੱਬ ਨੂੰ ਪ੍ਰਵਾਨ ਹੋ ਜਾਵਾਂਗਾ। ਰੱਬ ਨੂੰ ਪ੍ਰਵਾਨ ਹੋਣ ਲਈ ਹੁਕਮ ਮੰਨਣਾ ਪੈਂਦਾ ਹੈ। ਕੁਰਆਨ ਦੀਆਂ ਆਇਤਾਂ ਵਾਰ-ਵਾਰ ਇਹ ਗੱਲ ਨੂੰ ਦ੍ਰਿੜ ਕਰਾਉਂਦੀਆਂ ਹਨ ਕਿ ਇਬਰਾਹੀਮ (ਅ.) ਨਾ ਯਹੂਦੀ ਸੀ ਅਤੇ ਨਾ ਹੀ ਈਸਾਈ ਸੀ। ਉਹ ਤਾਂ ਮੁਸਲਿਮ ਸੀ:

ਹੇ ਕਿਤਾਬ ਵਾਲਿਓ! ਤੁਸੀਂ ਇਬਰਾਹੀਮ ਦੇ (ਧਰਮ) ਬਾਰੇ ਕਿਉਂ ਝਗੜਾ ਕਰਦੇ ਹੋ? ਤੌਰੈਤ ਅਤੇ ਅੰਜੀਲ ਤਾਂ ਇਬਰਾਹੀਮ ਦੇ ਪਿਛੋਂ ਹੀ ਉਤਰੀਆਂ ਹਨ। ਫੇਰ ਕੀ ਤੁਸੀਂ ਇੰਨੀ ਗੱਲ ਵੀ ਨਹੀਂ ਸਮਝਦੇ-ਤੁਸੀਂ ਲੋਕ

1 2:256.

ਜਿੰਨਹਾਂ ਚੀਜ਼ਾਂ ਤੋਂ ਜਾਣੂ ਹੋ, ਉਨ੍ਹਾਂ ਬਾਰੇ ਤਾਂ ਬਹੁਤ ਵਾਦ-ਵਿਵਾਦ ਕਰ ਚੁੱਕੇ ਹੋ, ਹੁਣ ਉਨ੍ਹਾਂ ਮਾਮਲਿਆਂ ਉਤੇ ਕਿਉਂ ਵਾਦ-ਵਿਵਾਦ ਕਰਨ ਤੁਰ ਪਏ ਹੋ ਜਿੰਨ੍ਹਾ ਬਾਰੇ ਤੁਹਾਨੂੰ ਕੁਝ ਵੀ ਗਿਆਨ ਨਹੀਂ ਹੈ। ਅੱਲਾਹ ਜਾਣਦਾ ਹੈ, ਤੁਸੀਂ ਨਹੀਂ ਜਾਣਦੇ। ਇਬਰਾਹੀਮ ਨਾ ਯਹੂਦੀ ਸੀ ਤੇ ਨਾ ਈਸਾਈ, ਸਗੋਂ ਉਹ ਤਾਂ ਇਕਾਗਰ ਚਿੱਤ ਮੁਸਲਿਮ ਸੀ ਅਤੇ ਉਹ ਬਿਲਕੁਲ ਸ਼ਿਰਕ ਕਰਨ ਵਾਲਿਆਂ ਵਿੱਚੋਂ ਨਹੀਂ ਸੀ।[2]

ਮੁਸਲਿਮ ਕੋਈ ਜਾਤ ਨਹੀਂ। ਇਹ ਤਾਂ ਉਹ ਗੁਣ ਹੈ ਜੋ ਇਕ ਰੱਬ ਦੀ ਬੰਦਗੀ ਕਰਨ ਵਾਲੇ ਵਿਚ ਆ ਜਾਂਦਾ ਹੈ। ਕੁਰਆਨ ਧਰਮ ਦੇ ਮਾਮਲੇ ਵਿਚ ਸਹਿਣਸ਼ੀਲ ਹੈ। ਕਈ ਵਾਰ ਧਰਮ ਦੀ ਗੱਲ ਕਰਦਿਆਂ ਇਹ ਸੁਆਲ ਵੀ ਆ ਜਾਂਦਾ ਹੈ ਕਿ ਜੇਕਰ ਰੱਬ ਇਕ ਹੈ ਤਾਂ ਲੋਕ ਕਿਉਂ ਭਿੰਨ ਹਨ? ਇਹ ਭਿੰਨਤਾ ਵਖਰੇਵਾ ਸਿੱਧ ਕਰਨ ਲਈ ਨਹੀਂ ਹੈ। ਇਸ ਭਿੰਨਤਾ ਨੂੰ ਮਾਣਨਾ ਹੈ। ਮੁਹੰਮਦ (ਸ.) ਨੇ ਆਪਣੇ ਆਖਰੀ ਭਾਸ਼ਣ ਵਿਚ ਕਿਹਾ ਸੀ ਕਿ ਕਾਲੇ ਨੂੰ ਗੋਰੇ ਉਤੇ, ਗੋਰੇ ਨੂੰ ਕਾਲੇ ਉਤੇ ਕੋਈ ਗਿਲ੍ਹਾ ਨਹੀਂ ਹੈ। ਅਰਬੀ ਅਤੇ ਗੈਰ ਅਰਬੀ ਇਕ ਸਮਾਨ ਹਨ। ਤੁਸੀਂ ਸਾਰੇ ਹੀ ਆਦਮ ਦੀ ਸੰਤਾਨ ਹੋ ਅਤੇ ਆਦਮ ਮਿੱਟੀ ਦੇ ਬਣੇ ਹੋਏ ਸਨ। ਇਸ ਭਿੰਨਤਾ ਵਿਚ ਸਭ ਨਾਲ ਪਿਆਰ ਰੱਖਣਾ ਬੰਦਗੀ ਹੈ। ਪਵਿੱਤਰ ਕੁਰਆਨ ਦਾ ਕਥਨ ਹੈ:

ਫੇਰ ਹੇ ਨਬੀ! ਅਸਾਂ ਤੁਹਾਡੇ ਵੱਲ ਇਹ ਕਿਤਾਬ ਘੱਲੀ ਜਿਹੜੀ ਸਚਾਈ ਲੈ ਕੇ ਆਈ ਹੈ ਅਤੇ ਮੂਲ ਕਿਤਾਬ ਵਿਚੋਂ ਜੋ ਕੁਝ ਉਸਦੇ ਅੱਗੇ ਮੌਜੂਦ ਹੈ ਉਸਦੀ ਪੁਸ਼ਟੀ ਕਰਨ ਵਾਲੀ ਹੈ ਤੇ ਉਹਦੀ ਨਿਗਰਾਨ ਹੈ। ਇਸ ਲਈ ਤੁਸੀਂ ਅੱਲਾਹ ਦੇ ਉਤਾਰੇ ਹੋਏ ਕਾਨੂੰਨ ਅਨੁਸਾਰ ਲੋਕਾਂ ਦੇ ਮਾਮਲਿਆਂ ਦਾ ਫੈਸਲਾ ਕਰੋ ਅਤੇ ਜੋ ਸਚਾਈ ਤੁਹਾਡੇ ਕੋਲ ਆਈ ਹੈ ਉਹਤੋਂ ਮੂੰਹ ਮੋੜ ਕੇ ਉਹਨਾਂ ਦੀਆਂ ਇੱਛਾਵਾਂ ਦੀ ਪੈਰਵੀ ਨਾ ਕਰੋ- ਅਸਾਂ ਤੁਹਾਡੇ (ਮਨੁੱਖਾਂ) ਵਿਚੋਂ ਹਰੇਕ ਲਈ ਇਕ ਧਰਮ ਵਿਧਾਨ ਅਤੇ ਇਕ ਕਾਰਜ ਪ੍ਰਣਾਲੀ ਨਿਯਤ ਕੀਤੀ। ਜੇਕਰ ਤੁਹਾਡਾ ਰੱਬ ਚਾਹੁੰਦਾ ਤਾਂ ਤੁਹਾਨੂੰ ਸਾਰਿਆਂ ਨੂੰ ਇਕ ਉਮਤ ਵੀ ਬਣਾ ਸਕਦਾ ਸੀ, ਪਰ ਉਹਨੇ ਇਹ ਇਸ ਲਈ ਕੀਤਾ ਕਿ ਜੋ ਕੁਝ ਉਸਨੇ ਤੁਹਾਨੂੰ ਲੋਕਾਂ ਨੂੰ ਦਿੱਤਾ ਹੈ ਉਸ ਵਿਚ ਤੁਹਾਡੀ ਪਰਖ ਕਰੇ। ਸੋ ਭਲਾਈਆਂ ਵਿਚ ਇਕ ਦੂਜੇ ਤੋਂ ਅੱਗੇ ਵਧਣ ਦਾ ਯਤਨ ਕਰੋ। ਅੰਤ ਤੁਸੀ ਸਾਰਿਆਂ ਨੇ ਰੱਬ ਵੱਲ ਪਰਤ ਕੇ ਜਾਣਾ ਹੈ, ਫੇਰ ਉਹ ਤੁਹਾਨੂੰ ਅਸਲ ਹਕੀਕਤ ਦੱਸ ਦੇਵੇਗਾ ਜਿਸ ਵਿਚ ਤੁਸੀਂ ਮਤਭੇਦ ਕਰਦੇ ਰਹੇ ਹੋ।[3]

ਉਪਰੋਕਤ ਕਥਨ ਤੋਂ ਪਤਾ ਲੱਗਦਾ ਹੈ ਕਿ ਜਦ ਰੱਬ ਹੀ ਨਹੀਂ ਚਾਹੁੰਦਾ ਤਾਂ ਮਨੁੱਖ ਕਿਉਂ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋ ਰਿਹਾ ਹੈ। ਕੁਰਆਨ ਦਾ ਇਹ ਵਿਸ਼ਵਾਸ ਬਿਲਕੁੱਲ ਨਹੀ ਕਿ ਕਿਸੇ ਨੂੰ ਧੱਕੇ ਨਾਲ ਇਸਲਾਮ ਵਿਚ ਲਿਆਇਆ ਜਾਵੇ। ਪੈਗ਼ੰਬਰ ਸੱਦਾ ਦਿੰਦੇ ਸਨ ਜੇ ਕਿਸੇ ਨੇ ਮੰਨ ਲਿਆ ਤਾਂ ਵੀ ਠੀਕ ਜੇ ਨਾ ਮੰਨਿਆਂ ਤਾਂ ਉਹ ਆਪ ਜਵਾਬਦੇਹ ਹੈ। ਪਵਿੱਤਰ ਕੁਰਆਨ ਦਾ ਕਥਨ ਹੈ:

ਆਖ ਦਿਓ ਕਿ ਹੇ ਇਨਕਾਰੀਓ! ਮੈਂ ਉਹਨਾਂ ਦੀ ਬੰਦਗੀ ਨਹੀਂ ਕਰਦਾ ਜਿਹਨਾਂ ਦੀ ਬੰਦਗੀ ਤੁਸੀਂ ਕਰਦੇ ਹੋ ਤੇ ਨਾ ਹੀ ਤੁਸੀਂ ਉਸ ਦੀ ਬੰਦਗੀ ਕਰਨ ਵਾਲੇ ਹੋ ਜਿਸਦੀ ਬੰਦਗੀ ਮੈਂ ਕਰਦਾ ਹਾਂ। ਨਾ ਮੈਂ ਉਹਨਾਂ ਦੀ ਬੰਦਗੀ ਕਰਨ ਵਾਲਾ ਹਾਂ ਜਿਹਨਾਂ ਦੀ ਬੰਦਗੀ ਤੁਸਾਂ ਕੀਤੀ ਹੈ ਅਤੇ ਨਾ ਤੁਸੀਂ ਉਸਦੀ ਬੰਦਗੀ ਕਰਨ ਵਾਲੇ ਹੋ ਜਿਸਦੀ ਬੰਦਗੀ ਮੈਂ ਕਰਦਾ ਹਾਂ। ਤੁਹਾਡਾ ਲਈ ਤੁਹਾਡਾ ਦੀਨ-ਧਰਮ ਹੈ ਤੇ ਮੇਰੇ ਲਈ ਮੇਰਾ ਦੀਨ-ਧਰਮ।[4]

ਜੇਕਰ ਤੇਰੇ ਰੱਬ ਦਾ ਭਾਣਾ ਇਹ ਹੁੰਦਾ (ਕਿ ਧਰਤੀ ਤੇ ਸਾਰੇ ਈਮਾਨ ਵਾਲੇ ਤੇ ਆਗਿਆਕਾਰ ਹੀ ਹੋਣ) ਤਾਂ ਸਮੂਹ ਧਰਤ ਵਾਸੀ ਈਮਾਨ ਲੈ ਆਏ ਹੁੰਦੇ। ਫੇਰ ਕੀ ਤੂੰ ਲੋਕਾਂ ਨੂੰ ਮਜਬੂਰ ਕਰੇਗਾ ਕਿ ਉਹ ਈਮਾਨ ਵਾਲੇ ਬਣ ਜਾਣ?[5]

---

2 3: 65 ਤੋਂ 67.

3 5: 48.

4 109: 1-6.

5 10:99.

**ਅੰਤਰ ਧਰਮ ਸੰਵਾਦ**

ਦੋਹਾਂ ਧਰਮਾਂ ਦੇ ਬਾਹਰੀ ਕਰਮ ਅਲਹਿਦਾ ਹਨ ਇਸਲਾਮ ਵਿਚ ਨਮਾਜ਼, ਰੋਜ਼ੇ, ਜ਼ਕਾਤ ਹੱਜ ਅਤੇ ਕੁਰਬਾਨੀ ਸਮੇਤ ਹੋਰ ਅਕੀਦਿਆਂ ਦਾ ਵਰਣਨ ਹੈ। ਇਸ ਤਰ੍ਹਾਂ ਹੀ ਸਿੱਖ ਧਰਮ ਵਿਚ ਪੰਜ ਕਕਾਰੀ ਰਹਿਤ, ਲੰਗਰ, ਸੰਗਤ, ਦਸਵੰਧ ਦਾ ਸਥਾਨ ਹੈ। ਪਰ ਅੰਦਰੂਨੀ ਤੌਰ ’ਤੇ ਇਹ ਸਾਰੇ ਕਰਮ ਮੁਕੰਮਲ ਬੰਦਾ ਬਣਾਉਣ ਲਈ ਹਨ। ਦੋਹਾਂ ਧਰਮਾਂ ਦਾ ਉਦੇਸ਼ ਮਨੁੱਖ ਵਿਚੋਂ ਸਾਰੀਆਂ ਬੁਰਾਈਆਂ ਨੂੰ ਕੱਢਣਾ ਹੈ। ਇਸਨੂੰ ਪਾਕ ਕਰਕੇ ਇਸਦੇ ਅਸਲ ਆਪੇ ਨਾਲ ਜੋੜਣਾ ਹੈ। ਗੁਰਮਤਿ ਅਮਲ ਦੇ ਸਿਖਰ ਨੂੰ ਰੱਬ ਵਿਚ ਇਕਰੂਪ ਹੋ ਜਾਣਾ ਮੰਨਦੀ ਹੈ ਪਰ ਇਸਲਾਮ ਅਨੁਸਾਰ ਬੰਦਾ ਬੰਦਾ ਹੀ ਰਹੇਗਾ ਅਤੇ ਰੱਬ, ਰੱਬ। ਦੋਹਾਂ ਧਰਮਾਂ ਵਿਚ ਅਤੇ ਧਰਮ ਗ੍ਰੰਥਾਂ ਵਿਚ ਲਗਭਗ ਇਕ ਹਜ਼ਾਰ ਸਾਲ ਦਾ ਅੰਤਰ ਹੈ। ਗਹੁ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਹਜ਼ਰਤ ਮੁਹੰਮਦ (ਸ.) ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਉਥਲ-ਪੁਥਲ ਦੇ ਸਨਮੁਖ ਹੋਣਾ ਪਿਆ ਸੀ। ਜੇ ਮੁਹੰਮਦ (ਸ.) ਨੂੰ ਵਿਰੋਧੀਆਂ ਨੇ ਉਨ੍ਹਾਂ ਦੀ ਜਨਮ ਭੂਮੀ ਚੋਂ ਨਿਕਲਣ ਲਈ ਮਜਬੂਰ ਕੀਤਾ ਸੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਵੀ ਕਿਹਾ ਸੀ। ਸਿੱਖ ਗੁਰੂਆਂ ਨੂੰ ਹਕੂਮਤ ਦੇ ਤਸ਼ੱਦਦ ਦਾ ਸ਼ਿਕਾਰ ਹੋਣ ਪਿਆ ਸੀ। ਜੇ ਮੁਹੰਮਦ (ਸ.) ਨੂੰ ਅੱਲਾਹ ਨੇ ਤਲਵਾਰ ਚੁੱਕਣ ਦਾ ਹੁਕਮ ਦਿੱਤਾ ਸੀ ਤਾਂ ਸਿੱਖ ਧਰਮ ਵਿਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਵਿਚ ਸ਼ਸ਼ਤਰਾਂ ਦੀ ਵਰਤੋਂ ਜ਼ਰੂਰੀ ਕਰਾਰ ਦਿੱਤੀ ਗਈ ਸੀ।

ਜੇ ਮੁਹੰਮਦ (ਸ.) ਵੇਲੇ ਦੇ ਹਾਲਾਤਾਂ ’ਤੇ ਨਜ਼ਰਸਾਨੀ ਕਰੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮੱਕਾ ਬੁੱਤਾਂ ਦਾ ਘਰ ਬਣ ਗਿਆ ਸੀ, ਅਰਬ ਦੇ ਹਾਲਾਤ ਜੰਗਲੀ ਸਨ। ਤਹਿਜ਼ੀਬ, ਲਿਆਕਤ, ਆਪਸੀ ਸਾਂਝ ਖਤਮ ਹੋ ਚੁੱਕੀ ਸੀ। ਔਰਤਾਂ ਨੂੰ ਘ੍ਰਿਣਾ ਨਾਲ ਵੇਖਿਆ ਜਾਂਦਾ ਸੀ। ਕੁਰਆਨ ਨੇ ਔਰਤ ਜਾਤੀ ਦੇ ਮਾਨ-ਸਨਮਾਨ ਨੂੰ ਬੀਬੀ ਮਰੀਅਮ ਰਾਹੀਂ ਵਡਿਆਇਆ। ਵਿਰਾਸਤ ਵਰਗੇ ਕਾਨੂੰਨ ਦਿੱਤੇ ਤਾਂ ਜੋ ਔਰਤ ਦੀ ਬਿਹਤਰੀ ਹੋਵੇ। ਇਸ ਤਰ੍ਹਾਂ ਹੀ ਗੁਰੂ ਘਰ ਨੇ ਸਤੀ ਪ੍ਰਥਾ ਦਾ ਵਿਰੋਧ ਕੀਤਾ, ਵਿਧਵਾ ਵਿਆਹ ਨੂੰ ਮਾਨਤਾ ਦਿੱਤੀ। ਦੋਹੇ ਧਰਮ ਇੱਕ ਸਿੱਖਿਆ ਦੀ ਗੱਲ ਕਰਦੇ ਹਨ। ਸਮੇਂ ਤੇ ਸਥਾਨ ਦੀ ਬਹਿਸ ਕਾਰਨ ਆਈ ਦਰਾਰ ਨੂੰ ਖਤਮ ਕਰਨ ਦਾ ਕੰਮ ਕਰਦੇ ਹਨ। ਧਰਮ ਨੂੰ ਪੂਰੀ ਇਮਾਨਦਾਰੀ, ਹਮਦਰਦੀ ਅਤੇ ਉਸ ਧਰਮ ਦੇ ਨਜ਼ਰੀਏ ਨਾਲ ਸਮਝਣਾ ਚਾਹੀਦਾ ਹੈ ਤਾਂ ਜੋ ਆਪਸੀ ਭਾਈਚਾਰਾ ਵਧੇ। ਅੱਜ ਮਨੁੱਖ ਕੇਵਲ ਆਪਣੇ ਧਰਮ ਤੱਕ ਰਹਿਕੇ ਜੀਵਨ ਨਹੀਂ ਗੁਜ਼ਾਰ ਸਕਦਾ। ਉਸਨੂੰ ਹੋਰ ਧਰਮਾਂ ਨਾਲ ਸੰਵਾਦ ਰਚਾਉਣਾ ਹੀ ਪਵੇਗਾ। ਮਿਸਾਲ ਦੇ ਤੌਰ ’ਤੇ ਗੁਰਬਾਣੀ ਵਿਚ ਬਾਬਾ ਫਰੀਦ ਜੀ ਦੱਸਦੇ ਹਨ ਕਿ ਇਕ ਮੁਸਲਮਾਨ ਲਈ ਪੰਜ ਵਕਤ ਦੀ ਨਮਾਜ਼ ਬੇਹੱਦ ਜ਼ਰੂਰੀ ਹੈ। ਹੁਣ ਜੇਕਰ ਇਕ ਸਿੱਖ ਪ੍ਰਚਾਰਕ ਨੂੰ ਇਹ ਹੀ ਨਹੀਂ ਪਤਾ ਕਿ ਨਮਾਜ਼ਾਂ ਦੇ ਸਮੇਂ ਕੀ ਹਨ, ਨਾਮ ਕੀ ਹਨ ਤਾਂ ਉਹ ਕਦੇ ਵੀ ਬਾਬਾ ਫਰੀਦ ਜੀ ਦੇ ਇਸ ਵਾਕ ਦਾ ਖੁਲਾਸਾ ਨਹੀਂ ਕਰ ਸਕੇਗਾ। ਇਸ ਤਰ੍ਹਾਂ ਹੀ ਵੁਜ਼ੂ ਕਿਵੇਂ ਹੁੰਦਾ ਹੈ, ਹੱਜ ’ਤੇ ਕੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਹੀ ਇਕ ਮੁਸਲਮਾਨ ਲਈ ਵੀ ਸਿੱਖ ਧਰਮ ਨੂੰ ਸਮਝਣਾ ਮੁਸਕਿਲ ਹੋਵੇਗਾ ਜੇ ਉਹ ਉਸ ਧਰਮ ਦੀ ਮੁਕੰਮਲ

ਸਿੱਖਿਆ ਨੂੰ ਗ੍ਰਹਿਣ ਨਹੀਂ ਕਰਦਾ। ਆਪਣੇ ਧਰਮ ਦੇ ਨਾਲ-ਨਾਲ ਦੂਜੇ ਧਰਮਾਂ ਦੀ ਸਿੱਖਿਆ, ਚਾਰੇ ਦਿਸ਼ਾਵਾਂ ਵਿੱਚ ਫੈਲੇ ਮਨੁੱਖਾਂ ਨੂੰ ਇੱਕ ਜਗ੍ਹਾਂ ਇਕੱਠਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਵਿੱਚ ਨੁਕਤਾਚੀਨੀ ਜਾਂ ਕਿਸੇ ਹੋਰ ਧਰਮ ਦੀ ਨਿੰਦਾ ਨਹੀਂ ਹੁੰਦੀ ਸਗੋਂ ਉਸਦਾ ਸਤਿਕਾਰ ਹਮਦਰਦੀ ਨਾਲ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਾ ਤਾਂ ਜਨੇਊ ਤੋਂ ਨਫ਼ਰਤ ਸੀ ਤੇ ਨਾ ਹੀ ਮੁਸਲਮਾਨ ਦੀ ਨਮਾਜ਼ ਉਪਰ ਇਤਰਾਜ਼ ਸੀ। ਉਨ੍ਹਾਂ ਦਾ ਮਨੋਰਥ ਸੀ ਕਿ ਧਰਮ ਦੀ ਅੰਦਰੂਨੀ ਭਾਵਨਾ ਨੂੰ ਸਮਝਿਆ ਜਾਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬਾਣੀ *ਅਕਾਲ ਉਸਤਤਿ* ਅੰਤਰ ਧਰਮ ਸੰਵਾਦ ਦੀ ਮਿਸਾਲ ਪੇਸ਼ ਕਰਦੀ ਹੈ :

> *ਕੋਊ ਭਇਓ ਮੁੰਡੀਆ* ***ਸੰਨਿਆਸੀ*** *ਕੋਊ* ***ਜੋਗੀ*** *ਭਇਓ, ਕੋਊ* ***ਬ੍ਰਹਮਚਾਰੀ*** *ਕੋਊ* ***ਜਤੀ*** *ਅਨੁਮਾਨਬੋ।* ***ਹਿੰਦੂ ਤੁਰਕ*** *ਕੋਊ* ***ਰਾਫ਼ਿਜ਼ੀ ਇਮਾਮ ਸਾਫ਼ੀ,*** *ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।* ***ਦੇਹੁਰਾ ਮਸੀਤ*** *ਸੋਈ* ***ਪੂਜਾ*** *ਔ* ***ਨਿਵਾਜ਼*** *ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।ਦੇਵਤਾ ਅਦੇਵ ਜੱਛ ਗੰਧ੍ਰਬ* ***ਤੁਰਕ ਹਿੰਦੂ,*** *ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।*
> *ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,* ***ਖਾਕ ਬਾਦ ਆਤਿਸ ਔ ਆਬ*** *ਕੋ ਰਲਾਉ ਹੈ।*
> *ਅੱਲਹ ਅਭੇਖ ਸੋਈ* ***ਪੁਰਾਨ*** *ਅਉ* ***ਕੁਰਾਨ*** *ਓਈ, ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।*[6]

ਜੇ ਇਹ ਸਮਝ ਲਿਆ ਜਾਵੇ ਕਿ ਅੱਲਾਹ, ਰਾਮ, ਖੁਦਾ, ਵਾਹਿਗੁਰੂ, ਯਹੋਵਾਹ ਇੱਕ ਰੱਬ ਦੇ ਨਾਮ ਹਨ ਤਾਂ ਝਗੜੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਾਰੇ ਇੱਕ ਪਿਤਾ ਦੀ ਸੰਤਾਨ ਹਨ। ਉਸਨੂੰ ਯਾਦ ਕਰਨ ਦੇ ਤਰੀਕੇ ਵੱਖਰੇ ਹਨ। ਅਜਿਹੀ ਸਮਝ ਦੀ ਘਾਟ ਕਰਕੇ ਸਮਾਜ ਵਿੱਚ ਝਗੜੇ ਪੈਦਾ ਹੁੰਦੇ ਹਨ। ਅੰਤਰ ਧਰਮ ਸੰਵਾਦ ਅਜੋਕੇ ਸਮੇਂ ਦੀ ਜ਼ਰੂਰਤ ਹੈ। ਇਕ ਧਰਮ ਤੱਕ ਸੀਮਤ ਵਿਅਕਤੀ ਦੂਜੇ ਧਰਮ ਦੇ ਰਸਮ ਰਿਵਾਜ ਨੂੰ ਪਾਖੰਡ ਅਤੇ ਝੂਠ ਹੀ ਦੱਸਦਾ ਹੈ। ਦੂਜੇ ਧਰਮ ਦਾ ਅਧਿਐਨ ਕਰਨ ਵਾਲਾ ਵਿਅਕਤੀ ਆਪਣੇ ਧਰਮ ਦੇ ਨਾਲ-ਨਾਲ, ਦੂਜੇ ਧਰਮ ਦੀ ਵੀ ਇੱਜ਼ਤ ਕਰਦਾ ਹੈ। ਕਈ ਚਿੰਤਕ ਇਹ ਕਹਿ ਦਿੰਦੇ ਹਨ ਕਿ ਸਮਾਜ ਵਿੱਚ ਸਭ ਤੋਂ ਜ਼ਿਆਦਾ ਖੂਨ ਧਰਮ ਦੇ ਨਾਂ 'ਤੇ ਹੀ ਡੁੱਲ੍ਹਿਆ ਹੈ। ਮੈਂ ਇਸ ਵਿਚਾਰ ਦੇ ਉਲਟ ਹਾਂ। ਅਸਲ ਵਿੱਚ ਧਰਮ ਦੇ ਨਾਂ 'ਤੇ ਲੜਾਈਆਂ ਨਹੀਂ ਹੋਈਆਂ ਸਗੋਂ ਗਲਤਫ਼ਹਿਮੀ ਕਰਕੇ ਲੜਾਈਆਂ ਹੋਈਆਂ ਹਨ ਜਿਸਦਾ ਖਮਿਆਜ਼ਾ ਲੋਕਾਂ ਨੂੰ ਜਜ਼ਬਾਤੀ ਜ਼ਖਮ ਖਾ ਕੇ ਭੁਗਤਨਾ ਪਿਆ ਹੈ। ਜਦ ਇੱਕ ਧਰਮ ਦੀ ਗੱਲ ਕੀਤੀ ਜਾਂਦੀ ਹੈ ਤਾਂ ਸਮਾਜ ਵਿਚੋਂ ਆਪਸੀ ਸਾਂਝ ਖਤਮ ਹੁੰਦੀ ਹੈ। ਇਹ ਅਸੀਂ ਇਤਿਹਾਸ ਦੇ ਪੰਨਿਆਂ 'ਤੇ ਦੇਖ ਚੁੱਕੇ ਹਾਂ ਜਿਵੇਂ ਸੰਨ 1947 ਈ. ਦੀ ਵੰਡ ਧਰਮ ਆਧਾਰਿਤ ਸੀ। ਧਰਮ ਗ੍ਰੰਥ ਜਿਸ ਧਰਤੀ ਨੂੰ ਸਾਂਝੀ ਧਰਤੀ ਬਿਆਨ ਕਰਦੇ ਰਹੇ, ਮਨਮੁੱਖਾਂ ਨੇ ਉਸ ਧਰਤੀ ਨੂੰ ਧਰਮ ਦੇ ਨਾਂ 'ਤੇ ਵੰਡ ਦਿੱਤਾ। ਇਸ ਸਭ ਦੇ ਪਿੱਛੇ ਗਲਤ ਫਹਿਮੀਆਂ ਹੀ ਹਨ। ਮਸਜਿਦਾਂ ਅਤੇ ਮੰਦਿਰ ਰੱਬ ਦੇ ਘਰ ਹਨ। ਇਹੋ ਜਿਹੀਆਂ ਅਣਗਿਣਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿੱਥੇ ਧਰਮ ਨੂੰ ਮੁੱਦਾ ਬਣਾਕੇ ਧਰਮ ਦੀਆਂ ਅਸਲ ਕਦਰਾਂ-ਕੀਮਤਾਂ ਨੂੰ ਠੇਸ ਪਹੁੰਚਾਈ ਗਈ। ਅੰਤਰ ਧਰਮ ਸੰਵਾਦ ਦੱਸਦਾ ਹੈ ਕਿ ਰਾਮ ਤੇ ਰਹੀਮ ਵਿੱਚ

6 ਡਾ. ਰਤਨ ਸਿੰਘ ਜੱਗੀ, *ਦਸਮ ਗ੍ਰੰਥ ਪਾਠ ਸੰਪਾਦਨ ਅਤੇ ਵਿਆਖਿਆ,* ਭਾਗ-ਪਹਿਲਾ, ਪੰਨਾ- 52.

ਕੋਈ ਫਰਕ ਨਹੀਂ, ਹਿੰਦੂਆਂ ਲਈ ਜਿਵੇਂ ਕਾਂਸ਼ੀ ਦੀ ਯਾਤਰਾ ਹੈ। ਉਸ ਤਰ੍ਹਾਂ ਹੀ ਮੁਸਲਮਾਨਾਂ ਲਈ ਕਾਅਬੇ ਦੀ ਯਾਤਰਾ ਹੈ। ਇਹ ਨੀਤੀ ਧਰਮ ਨੂੰ ਸਹੀ ਰੂਪ ਵਿੱਚ ਪਰੀਭਾਸ਼ਿਤ ਕਰਨ ਵਿੱਚ ਕਾਰਗਰ ਸਿੱਧ ਹੋ ਸਕਦੀ ਹੈ। ਇਹ ਅਧਿਐਨ ਹਰ ਮਨੁੱਖ ਅਤੇ ਹਰ ਧਰਮ ਵਿੱਚ ਸਾਂਝ ਪਾਉਣ ਦਾ ਕੰਮ ਕਰਦਾ ਹੈ। ਇਸ ਅਧਿਐਨ ਦਾ ਮਨੋਰਥ ਆਪਸੀ ਵਿੱਥ ਨੂੰ ਖਤਮ ਕਰਨਾ ਹੈ ਅਤੇ ਇਹ ਸੁਨੇਹਾ ਦੇਣਾ ਹੈ:

*ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*[7]

ਧਰਮ ਮਾਨਵਤਾ ਨੂੰ ਇੱਕ ਧਾਗੇ ਵਿੱਚ ਪਰੋਂਦਾ ਹੈ। ਧਰਮ ਦੇ ਅਰਥ ਹੀ ਜੋੜਨਾ ਜਾਂ ਬੰਨ੍ਹਣਾ ਹਨ ਪਰ ਜਦੋਂ ਧਰਮ ਹੀ ਮਨੁੱਖ ਤੇ ਮਨੁੱਖ ਵਿੱਚ ਦੀਵਾਰ ਬਣ ਗਿਆ ਜਾਂ ਧਰਮ ਦੇ ਪਰਦੇ ਪਿੱਛੇ ਗਲਤ ਕੰਮ ਹੋਣ ਲੱਗ ਪਏ ਤਾਂ ਕਾਰਲ ਮਾਰਕਸ ਨੇ ਵੀ ਕਹਿ ਦਿੱਤਾ 'ਧਰਮ ਲੋਕਾਂ ਦੀ ਅਫੀਮ ਹੈ।' ਧਰਮ ਸਦੀਵੀਂ ਸੁੱਖ ਦੇਣ ਵਾਲਾ, ਪਿਆਰ ਅਤੇ ਭਾਈਚਾਰੇ ਨੂੰ ਵਧਾਉਣ ਵਾਲਾ ਹੈ। ਇਹ ਤਾਂ ਹੀ ਹੋਵੇਗਾ ਜਦੋਂ ਇੱਕ ਧਰਮ ਨੂੰ ਮੰਨਣ ਵਾਲਾ ਦੂਜੇ ਧਰਮ ਦੀ ਪੂਰੀ ਜਾਣਕਾਰੀ ਰੱਖੇਗਾ ਅਤੇ ਉਸਦੀ ਅੰਤਰੀਵ ਭਾਵਨਾ ਨੂੰ ਸਮਝੇਗਾ।ਗੁਰਬਾਣੀ ਵਿਚ ਜ਼ਿਕਰ ਹੈ ਕਿ ਅਨੇਕ ਸਾਧਕ ਅਨੇਕ ਨਾਵਾਂ ਨਾਲ ਅਤੇ ਅਨੇਕ ਬਾਹਰੀ ਤਰੀਕਆਂ ਨਾਲ ਰੱਬ ਨੂੰ ਯਾਦ ਕਰਦੇ ਹਨ :

*ਕੋਈ ਬੋਲੈ **ਰਾਮ ਰਾਮ** ਕੋਈ **ਖੁਦਾਇ**॥ ਕੋਈ ਸੇਵੈ **ਗੁਸਈਆ** ਕੋਈ **ਅਲਾਹਿ**॥੧॥*
*ਕਾਰਣ ਕਰਣ **ਕਰੀਮ**॥ ਕਿਰਪਾ ਧਾਰਿ **ਰਹੀਮ**॥੧॥ ਰਹਾਉ॥*
*ਕੋਈ ਨਾਵੈ **ਤੀਰਥਿ** ਕੋਈ **ਹਜ** ਜਾਇ॥ ਕੋਈ ਕਰੈ **ਪੂਜਾ** ਕੋਈ ਸਿਰੁ **ਨਿਵਾਇ**॥੨॥*
*ਕੋਈ ਪੜੈ **ਬੇਦ** ਕੋਈ **ਕਤੇਬ**॥ ਕੋਈ ਓਢੈ **ਨੀਲ** ਕੋਈ **ਸੁਪੇਦ**॥੪॥*
*ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥੫॥੬॥*[8]

ਇਸ ਸ਼ਬਦ ਵਿੱਚ ਰਾਮ, ਖੁਦਾ, ਗੁਸਈਆ, ਅੱਲਾਹ, ਕਰੀਮ, ਰਹੀਮ ਇੱਕ ਸ਼ਕਤੀ ਦੇ ਨਾਮ ਹਨ ਜੋ ਅੰਦਰੂਨੀ ਤੌਰ 'ਤੇ ਮਨੁੱਖ ਨੂੰ ਸ਼ਾਤੀ ਦਿੰਦੇ ਹਨ। ਤੀਰਥ ਅਤੇ ਹੱਜ, ਪੂਜਾ ਅਤੇ ਨਮਾਜ਼, ਬੇਦ ਅਤੇ ਕਤੇਬ, ਪਹਿਰਾਵਾ ਨੀਲਾ ਅਤੇ ਚਿੱਟਾ ਬਾਹਰੀ ਪ੍ਰਗਟਾਵਾ ਹਨ। ਪਾਣੀ ਨੂੰ ਆਬ, Water, जल ਕਿਹਾ ਜਾਂਦਾ ਹੈ। ਗੰਨੇ ਨੂੰ ਕਮਾਦ, ਈਖ, Sugarcane ਕਿਹਾ ਜਾਂਦਾ ਹੈ। ਪਿਉ ਨੂੰ ਪਿਤਾ, ਬਾਪ, Father ਕਿਹਾ ਜਾਂਦਾ ਹੈ ਪਰ ਅੰਤਰੀਵੀ ਤਾਕਤ ਜਾਂ ਗੁਣਾਂ ਵਿੱਚ ਅੱਖਰਾਂ ਦੇ ਬਦਲਣ ਨਾਲ ਫਰਕ ਨਹੀਂ ਪੈਂਦਾ। ਤੁਲਨਾਤਮਿਕ ਅਧਿਐਨ ਇਹ ਦੱਸਦਾ ਹੈ ਕਿ ਬਾਹਰੀ ਭੇਸਾਂ ਨਾਲੋਂ ਅੰਤਰੀਵੀ ਭਾਵਨਾ ਨੂੰ ਸਮਝਣ ਦੀ ਜ਼ਰੂਰਤ ਹੈ। ਸੱਚੇ ਯਹੂਦੀ, ਸੱਚੇ ਈਸਾਈ, ਸੱਚੇ ਮੁਸਲਮਾਨ, ਸੱਚੇ ਹਿੰਦੂ, ਸੱਚੇ ਬੋਧੀ, ਸੱਚੇ ਜੈਨੀ, ਸੱਚੇ ਪਾਰਸੀ ਜਾਂ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਦੀ ਸਹੀ ਪਛਾਣ ਕਿਤਾਬਾਂ, ਰਸਾਲਿਆਂ, ਭਾਸ਼ਣਾਂ ਵਿੱਚੋਂ ਨਹੀਂ ਮਿਲਦੀ ਸਗੋਂ ਉਸਦੇ ਧਰਮ ਗ੍ਰੰਥ ਵਿੱਚੋਂ ਮਿਲਦੀ ਹੈ। ਸਿੱਖ ਉਹ ਨਹੀਂ ਜੋ ਅਸੀਂ ਕਹਿੰਦੇ ਹਾਂ। ਸਗੋਂ ਸਿੱਖ ਉਹ ਹੈ ਜੋ ਗੁਰਬਾਣੀ ਕਹਿੰਦੀ ਹੈ। ਬਿਲਕੁੱਲ ਇਸੇ ਤਰ੍ਹਾਂ ਮੁਸਲਮਾਨ ਦਾ ਰੂਪ ਉਹ ਜੋ ਕੁਰਆਨ ਵਿੱਚ

---

7 ਭਗਤ ਕਬੀਰ, 1349.
8 ਰਾਮਕਲੀ ਮ: ੫, 885.

ਦਰਸਾਇਆ ਗਿਆ ਹੈ, ਈਸਾਈ ਉਹ ਜੋ ਬਾਈਬਲ ਅਨੁਸਾਰ ਹੈ। ਪ੍ਰਗਟਾਵੇ ਧਰਮ ਦਾ ਬਾਹਰੀ ਰੂਪ ਹਨ ਤੇ ਅੰਤਰਸੂਝ ਅੰਤਰੀਵੀ ਰੂਪ।

ਇਸ ਅਧਿਆਇ ਵਿੱਚ ਵਿਸ਼ਵਾਸ 'ਤੇ ਕੇਂਦਰਿਤ ਹੋ ਕੇ ਦੋਹਾਂ ਧਰਮ ਗ੍ਰੰਥਾਂ ਦੀ ਗੱਲ ਕੀਤੀ ਜਾ ਰਿਹਾ ਹੈ। ਕੁਰਆਨ ਮਜੀਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਕਾਰ ਇੱਕ ਹਜ਼ਾਰ ਸਾਲ ਦੇ ਅੰਤਰ ਦੇ ਨਾਲ-ਨਾਲ ਬੋਲੀ, ਸ਼ੈਲੀ, ਦ੍ਰਿਸ਼ਟਾਂਤ ਅਤੇ ਸਥਾਨ ਦਾ ਵੀ ਅੰਤਰ ਹੈ। ਧਰਮ ਗ੍ਰੰਥ ਵਿਚ ਉਥੇ ਦੇ ਭੂਗੋਲਿਕ ਮਾਹੌਲ ਦਾ ਵੀ ਜ਼ਿਕਰ ਹੁੰਦਾ ਹੈ। ਅਰਬ ਦੇ ਇਲਾਕੇ ਵਿੱਚ ਖਜੂਰਾਂ ਆਮ ਹਨ ਇਸ ਲਈ ਬੀਬੀ ਮਰੀਅਮ ਨੂੰ ਰੱਬ ਖਜੂਰਾਂ ਖਾਣ ਲਈ ਕਹਿੰਦਾ ਹੈ। ਪੰਜਾਬ ਦੇ ਇਲਾਕੇ ਵਿੱਚ ਖਜੂਰਾਂ ਦਾ ਜ਼ਿਕਰ ਨਹੀਂ ਆਉਂਦਾ। ਦੋਨੋਂ ਧਰਮ ਗ੍ਰੰਥਾਂ ਵਿਚ ਅਨੇਕਤਾ ਦੇ ਨਾਲ ਏਕਤਾ ਹੈ। ਦੋਨੋਂ ਧਰਮ ਗ੍ਰੰਥਾਂ ਦੀ ਮੂਲ ਸਿੱਖਿਆ ਰੱਬ, ਮਨੁੱਖ ਅਤੇ ਸਮਾਜ ’ਤੇ ਕੇਂਦਰਿਤ ਹੈ। ਇਸ ਆਧਾਰ ’ਤੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ।

**ਰੱਬ**

ਰੱਬ ਨੂੰ ਸਮਝਣ ਲਈ ਕਿਸੇ ਤਾਕਤ ਦੀ ਜ਼ਰੂਰਤ ਨਹੀਂ ਹੈ। ਉਸ ਦੀ ਰਹਿਮੀਅਤ ਦੀਆਂ ਨਿਸ਼ਾਨੀਆਂ ਥਾਂ-ਥਾਂ ’ਤੇ ਹਨ। ਦੋਹੇ ਧਰਮ ਗ੍ਰੰਥਾਂ ਵਿੱਚ ਸੱਚੇ ਰੱਬ ਦੀ ਵਡਿਆਈ ਕੀਤੀ ਗਈ ਹੈ ਅਤੇ ਝੂਠੀਆਂ ਸ਼ਕਤੀਆਂ ਨੂੰ ਮੰਨਣ ਤੋਂ ਰੋਕਿਆ ਗਿਆ ਹੈ। ਲੋਕਾਂ ਦੇ ਖਿਆਲਾਂ ਨੂੰ ਇਕ ਕਰਨ ਲਈ ਜ਼ਰੂਰਤ ਸੀ ਕਿ ਉਹਨਾਂ ਦੇ ਮਨ ਵਿਚ ਵਸੇ ਰੱਬ ਦੇ ਅੱਡ=ਅੱਡ ਸਰੂਪਾਂ ਨੂੰ ਖਤਮ ਕਰਕੇ ਇਕ ਰੂਪ ਦ੍ਰਿੜ ਕਰਵਾਇਆ ਜਾਵੇ। ਮੁਹੰਮਦ (ਸ.) ਦੇ ਇਕ ਰੱਬ ਦੇ ਐਲਾਨ ਨੇ ਸਾਰੇ ਅਰਬ ਨੂੰ ਹਲੂਣ ਕੇ ਰੱਖ ਦਿੱਤਾ ਸੀ। ਆਪ (ਸ.) ਦਾ ਵਿਰੋਧ ਹੋਇਆ ਅਤੇ ਜੰਗ ਵੀ ਲੜਨੇ ਪਏ ਸਨ। ਕੁਰਆਨ ਅਤੇ ਗੁਰਬਾਣੀ ਵਾਰ-ਵਾਰ ਆਖਦੀ ਹੈ ਤੇਰਾ ਰੱਬ ਇੱਕ ਹੈ। ਉਹ ਮੂਰਤ ਨਹੀਂ, ਅਕਾਲ ਮੂਰਤ ਹੈ। ਇਬਰਾਹੀਮ (ਅ.) ਦਾ ਪਿਤਾ ਆਜਰ ਮੂਰਤੀ ਪੂਜਕ ਸੀ। ਘਰ ਵਿੱਚ ਅਨੇਕ ਮੂਰਤੀਆਂ ਸਨ ਜਿੰਨ੍ਹਾਂ ਚੋਂ ਇੱਕ ਮੂਰਤੀ ਵੱਡੀ ਸੀ। ਇਕ ਦਿਨ ਇਬਰਾਹੀਮ (ਅ.) ਨੇ ਪਿਤਾ ਦੀ ਗੈਰਹਾਜ਼ਰੀ ਵਿੱਚ ਵੱਡੀ ਮੂਰਤੀ ਨੂੰ ਛੱਡਕੇ, ਛੋਟੀਆਂ ਮੂਰਤੀਆਂ ਨੂੰ ਤੋੜ ਦਿੱਤਾ। ਪਿਤਾ ਨੇ ਆ ਕੇ ਪੁੱਛਿਆ ਕਿ ਇਹ ਕਾਰਾ ਕਿਸਨੇ ਕੀਤਾ ਹੈ, ਇਬਰਾਹੀਮ (ਅ.) ਨੇ ਕਿਹਾ ਕਿ ਇਸ ਵੱਡੀ ਮੂਰਤੀ ਨੇ ਛੋਟੀਆਂ ਮੂਰਤੀਆਂ ਨੂੰ ਤੋੜ ਦਿੱਤਾ ਹੈ। ਪਿਤਾ ਨੇ ਕਿਹਾ ਇਹ ਕਿਵੇਂ ਹੋ ਸਕਦਾ ਹੈ? ਇਹ ਮੂਰਤੀ ਤਾਂ ਬੇਜਾਨ ਹੈ। ਇਬਰਾਹੀਮ (ਅ.) ਨੇ ਕਿਹਾ ਮੈਂ ਇਹ ਹੀ ਦੱਸਣਾ ਚਾਹੁੰਦਾ ਹਾਂ ਕਿ ਇਹ ਮੂਰਤੀ ਬੇਜਾਨ ਹੈ। ਮੈਂ ਅਜਿਹੀ ਤਾਕਤ ਦੀ ਬੰਦਗੀ ਕਰਦਾ ਹਾਂ ਜੋ ਜਾਨਦਾਰ ਹੈ। ਇਸ ਲਈ ਮੇਰਾ ਰੱਬ ਸੁਣਦਾ ਹੈ, ਵੇਖਦਾ ਹੈ ਅਤੇ ਜੁਆਬ ਦਿੰਦਾ ਹੈ। ਇਸ ਤਰ੍ਹਾਂ ਦੀ ਹੋਰ ਘਟਨਾ ਇਬਰਾਹੀਮ (ਅ.) ਦੇ ਜੀਵਨ ਚੋਂ ਮਿਲਦੀ ਹੈ ਕਿ ਇਕ ਵਿਅਕਤੀ ਆਪਣੇ ਆਪ ਨੂੰ ਰੱਬ ਸਦਾਉਂਦਾ ਸੀ। ਇਬਰਾਹੀਮ (ਅ.) ਨੇ ਉਸਨੂੰ ਕਿਹਾ ਕਿ ਜੇਕਰ ਤੂੰ ਰੱਬ ਹੈ ਤਾਂ ਸੂਰਜ ਨੂੰ ਪੱਛਮ ਵੱਲੋਂ ਚੜਦਾ ਕਰ। ਇਹ ਸੁਣ ਕੇ ਉਹ ਵਿਅਕਤੀ ਸੁੰਨ ਹੋ ਗਿਆ ਕਿਉਂਕਿ ਅਜਿਹਾ ਕਰਨਾ ਉਸਦੇ ਵੱਸ ਵਿਚ ਨਹੀਂ ਸੀ।

ਗੁਰਮਤਿ ਬੁੱਤਪ੍ਰਸਤੀ ਦੇ ਵਿਰੁੱਧ ਹੈ। ਬੁੱਤ ਪੂਜਕਾਂ ਦੀ ਪੂਜਾ ਕਰਨ ਵਾਲੇ ਆਪ ਬੁੱਤ ਬਣ ਜਾਂਦੇ ਹਨ। ਭਗਤ ਨਾਮਦੇਵ ਜੀ ਦੱਸਦੇ ਹਨ ਕਿ ਤੂੰ ਇੱਕ ਪੱਥਰ ਉਪਰ ਪੈਰ ਰੱਖਕੇ ਤੁਰਦਾ ਹੈ ਅਤੇ ਇੱਕ ਪੱਥਰ ਦੀ ਪੂਜਾ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਲੋਕਾਂ ਦਾ ਜੀਵਨ ਪੱਧਰ ਏਨਾ ਥੱਲੇ ਜਾ ਚੁੱਕਾ ਸੀ ਕਿ ਉਹ ਕੇਵਲ ਧਾਰਮਿਕ ਪੁਜਾਰੀਆਂ 'ਤੇ ਨਿਰਭਰ ਹੋਣ ਲੱਗ ਪਏ ਸਨ। ਭਾਰਤ ਦਾ ਲੰਮਾ ਸਮਾਂ ਗ਼ੁਲਾਮ ਰਹਿਣ ਦਾ ਕਾਰਨ ਵੀ ਇਹ ਹੀ ਸੀ ਕਿ ਲੋਕ ਇਕ ਰੱਬ ਦੀ ਬੰਦਗੀ ਭੁੱਲਕੇ ਹੋਰ-ਹੋਰ ਸ਼ਕਤੀਆਂ ਦੇ ਗ਼ੁਲਾਮ ਬਣ ਚੁੱਕੇ ਸਨ। ਬਾਬਰ ਦੇ ਭਾਰਤ ਉਪਰ ਹਮਲੇ ਵੇਲੇ ਚਾਹੀਦਾ ਤਾਂ ਇਹ ਸੀ ਕਿ ਲੋਕ ਉਸਦਾ ਮੁਕਾਬਲਾ ਕਰਦੇ ਪਰ ਉਹ ਸਾਰੇ ਝੂਠੀਆਂ ਸ਼ਕਤੀਆਂ ਦੀ ਪੂਜਾ ਵਿਚ ਰੁੱਝੇ ਰਹੇ। ਆਪਣੇ ਆਪ ਨੂੰ ਰੱਬ ਕਹਾਉਣ ਵਾਲੇ ਦਾਅਵਾ ਕਰ ਰਹੇ ਸਨ ਕਿ ਉਹ ਬਾਬਰ ਦੀਆਂ ਫ਼ੌਜਾਂ ਨੂੰ ਅੰਨ੍ਹਾ ਕਰ ਦੇਣਗੇ ਪਰ ਅਜਿਹਾ ਕੋਈ ਵੀ ਕਥਨ ਸਹੀ ਸਾਬਤ ਨਾ ਹੋਇਆ। ਜਦੋਂ ਗੁਰੂ ਜੀ ਜਗਨਾਥਪੁਰੀ ਗਏ ਤਾਂ ਦੇਖਿਆ ਕਿ ਪੰਡਿਤ ਰੱਬ ਦੀ ਆਰਤੀ ਉਤਾਰ ਰਹੇ ਹਨ। ਗੁਰੂ ਸਾਹਿਬ ਨੇ ਕਿਹਾ ਕਿ ਰੱਬ ਦੀ ਆਰਤੀ ਤਾਂ ਸਮੁੱਚਾ ਬ੍ਰਹਿਮੰਡ ਉਤਾਰ ਰਿਹਾ ਹੈ। ਦੋਹਾਂ ਧਰਮ ਗ੍ਰੰਥਾਂ ਵਿੱਚ ਬੁੱਤਪ੍ਰਸਤੀ ਦਾ ਖੰਡਨ ਕੀਤਾ ਗਿਆ ਹੈ।

ਕਾਅਬਾ ਰੱਬ ਦਾ ਘਰ ਨਾ ਰਹਿਕੇ ਬੁੱਤਖਾਨਾ ਬਣ ਗਿਆ ਸੀ। ਮੁਹੰਮਦ (ਸ.) ਦੇ ਜਨਮ ਤੋਂ ਪਹਿਲਾਂ 700 ਦੇ ਨੇੜ੍ਹੇ-ਤੇੜ੍ਹੇ ਬੁੱਤ ਉਥੇ ਰੱਖੇ ਹੋਏ ਸਨ। ਮਨੁੱਖ ਅਨੇਕ ਸ਼ਕਤੀਆਂ ਦਾ ਖਿਦਮਤਦਾਰ ਬਣ ਗਿਆ ਸੀ। ਲੋਕ ਬੁੱਤਾਂ ਜਾਂ ਮੂਰਤੀਆਂ ਦੀ ਪੂਜਾ ਵਿੱਚ ਏਨੇ ਖਚਿਤ ਹੋ ਚੁੱਕੇ ਸਨ ਕਿ ਉਹਨਾਂ ਦੇ ਦਿਲ ਅਤੇ ਦਿਮਾਗ ਵੀ ਪੱਥਰ ਬਣ ਚੁੱਕੇ ਸਨ। ਅਖਲਾਕੀ ਕੀਮਤਾਂ ਗਿਰਾਵਟ ਵੱਲ ਜਾ ਰਹੀਆਂ ਸਨ। ਕੁਰਆਨ ਦੀਆਂ ਆਇਤਾਂ ਨਾਜ਼ਲ ਹੋਈਆਂ ਕਿ ਤੇਰਾ ਰੱਬ ਇੱਕ ਹੈ। ਉਨਾਂ ਲੋਕਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਰੱਬ ਇੱਕ ਹੈ। ਕੁਰਆਨ ਨੇ ਈਸਾਈ ਧਰਮ ਦੇ ਇਸ ਵਿਸ਼ਵਾਸ ਦਾ ਵੀ ਖੰਡਨ ਕੀਤਾ ਹੈ ਕਿ ਈਸਾ (ਅ.) ਰੱਬ ਦਾ ਪੁੱਤਰ ਹੈ। ਰੱਬ ਇਕ ਹੈ ਪਰ ਲੋਕਾਂ ਨੇ ਉਸਦੇ ਟੁਕੜੇ ਕਰਕੇ ਉਸਨੂੰ ਤਿੰਨ ਬਣਾ ਦਿੱਤਾ ਸੀ। ਕੁਰਆਨ ਦੱਸਦਾ ਹੈ ਕਿ ਈਸਾ (ਅ.) ਆਮ ਇਨਸਾਨ ਹੈ। ਰੱਬ ਜੋ ਚਾਹੇ ਕਰ ਸਕਦਾ ਹੈ। ਉਸਨੇ ਬੁਢਾਪੇ ਵਿਚ ਇਬਰਾਹੀਮ ਨੂੰ ਪੁੱਤਰ ਦੇ ਜਨਮ ਦੀ ਖੁਸ਼ਖਬਰੀ ਦੇ ਕੇ ਨਿਵਾਜਿਆ ਸੀ। ਜੇਕਰ ਕਿਸੇ ਮਨੁੱਖ ਦਾ ਬਿਨਾਂ ਬਾਪ ਤੋਂ ਕੇਵਲ ਮਾਂ ਰਾਹੀਂ ਜਨਮ ਲੈਣਾ, ਉਸਨੂੰ ਰੱਬ ਦਾ ਪੁੱਤਰ ਬਣਾਉਂਦਾ ਹੈ ਤਾਂ ਫੇਰ ਆਦਮ ਤਾਂ ਬਿਨਾਂ ਮਾਂ-ਪਿਓ ਤੋਂ ਪੈਦਾ ਕੀਤਾ ਗਿਆ ਸੀ। ਕੀ ਉਸਨੂੰ ਵੀ ਰੱਬ ਮੰਨ ਲਵਾਂਗੇ?

ਗੁਰਮਤਿ ਤੋਂ ਪਹਿਲਾਂ ਤਿੰਨ ਸ਼ਕਤੀਆਂ ਦੀ ਪੂਜਾ ਦਾ ਰਿਵਾਜ਼ ਸੀ। ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼। ਬ੍ਰਹਮਾ ਨੂੰ ਉਤਪਤੀ ਦਾ, ਵਿਸ਼ਨੂੰ ਨੂੰ ਰੋਜ਼ੀ ਦਾ ਅਤੇ ਮਹੇਸ਼ ਨੂੰ ਸੰਘਾਰ ਦਾ ਦੇਵਤਾ ਮੰਨਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਵਿਸ਼ਵਾਸ ਨੂੰ ਤੋੜਿਆ ਅਤੇ ਗਣਿਤ ਦੇ ਆਂਕੜੇ ਨਾਲ ਇਸਨੂੰ ਪਰਿਭਾਸ਼ਿਤ ਵੀ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ '੧' ਤੋਂ ਹੁੰਦੀ ਹੈ। ਸ਼ਬਦਾਂ ਦੇ ਅਰਥ ਸਮਾਂ ਪਾ ਕੇ ਬਦਲ ਜਾਂਦੇ ਹਨ ਪਰ ਗਣਿਤ ਦੇ ਅੱਖਰ ਨਹੀਂ ਬਦਲਦੇ। ਦੋਹਾਂ ਧਰਮ ਗ੍ਰੰਥਾਂ ਨੇ ਤੌਹੀਦ ਉਪਰ ਬਹੁਤ ਜ਼ੋਰ ਦਿੱਤਾ ਹੈ। ਆਪਣੇ ਪੂਰਵਜ਼ਾਂ ਦੀਆਂ ਗੱਲਾਂ ਛੱਡੋ ਅਤੇ ਇਕ ਰੱਬ ਨੂੰ ਮੰਨੋ। ਸਾਨੂੰ ਬਣਾਉਣ ਵਾਲਾ ਅਤੇ ਸਮਾਜ ਨੂੰ ਚਲਾਉਣ ਵਾਲਾ ਇੱਕ ਰੱਬ ਹੈ। ਕੁਰਆਨ ਵਿੱਚ ਰੱਬ ਨੂੰ ਬਾਦਸ਼ਾਹ ਵਾਂਗ ਚਿਤਰਿਆ ਹੈ। ਜਿਸਦਾ ਵੱਡਾ ਸਿੰਘਾਸਨ ਹੈ, ਫ਼ਰਿਸ਼ਤੇ ਪ੍ਰਕਰਮਾ ਕਰਦੇ ਪਏ ਹਨ। ਉਸਦੀ ਕੋਈ ਸੰਤਾਨ ਨਹੀਂ ਅਤੇ ਨਾ ਹੀ ਉਹ ਕਿਸੇ

ਦੀ ਸੰਤਾਨ ਹੈ। ਅਖਤਰੁਲ ਵਾਸੇ ਲਿਖਦੇ ਹਨ,"ਰੱਬ ਦੇ ਉਹ ਸਾਰੇ ਗੁਣ ਜੋ ਮੂਲਮੰਤ੍ਰ ਵਿਚ ਦੱਸੇ ਗਏ ਹਨ। ਉਹ ਕੁਰਆਨ ਵਿਚ ਵੀ ਦਰਜ਼ ਹਨ। ਇਕ ਲਈ ਅਹਦ, ਸਤਿਨਾਮ ਲਈ ਅਲ-ਹਕ, ਕਰਤਾ ਲਈ ਖਾਲਿਕ, ਪੁਰਖ ਲਈ ਨਫਸ, ਅਕਾਲਮੂਰਤ ਲਈ ਹਈ ਊ ਲਾ ਯਾਮੂਤ, ਅਜੂਨੀ ਲਈ ਲਾਮ ਯਲਿਦ ਵਾ ਲਾਮ ਯੂਲਾਦ, ਨਿਰਭਉ ਲਈ ਲਾਯਾਖੌਫ਼, ਨਿਰਵੈਰ ਲਈ ਲਾਯਾਯਲੀਨ, ਗੁਰੂ ਲਈ ਹਾਦੀ ਹੈ।"[9] ਕੁਰਆਨ ਵਿਚ ਰੱਬ ਦੇ ਨੜਿੰਨਵੇਂ ਨਾਮ ਹਨ, ਗੁਰਬਾਣੀ ਵਿਚ ਅਨੇਕ ਨਾਮ ਹਨ। ਗੁਰਬਾਣੀ ਨੇ ਕੁਰਆਨ ਵਿਚ ਆਏ ਨਾਵਾਂ ਵਿਚੋਂ ਕੁਝ ਨਾਵਾਂ ਨੂੰ ਵਰਤਿਆ ਵੀ ਹੈ ਜਿਵੇਂ ਅੱਲਾਹ, ਰਹੀਮ, ਖ਼ਾਲਿਕ, ਕਬੀਰ, ਕਰੀਮ, ਹੱਕ, ਕਾਦਿਰ, ਅਵਲ, ਅਤੇ ਨੂਰ।

ਕੁਰਆਨ ਵਿੱਚ ਸੂਰਾ ਇਖਲਾਸ ਅਤੇ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਮੂਲਮੰਤ੍ਰ ਇਕ ਰੱਬ ਦੇ ਸਰੂਪ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਕਰਦੇ ਹਨ:

> ਆਖੋ ਕਿ ਉਹ ਅੱਲਾਹ ਹੈ, ਇਕੋ-ਇਕ। ਅੱਲਾਹ ਸਭ ਤੋਂ ਬੇਪਰਵਾਹ ਹੈ ਤੇ ਸਾਰੇ ਉਸਦੇ ਮੁਥਾਜ ਹਨ। ਨਾ ਉਸਦੀ ਕੋਈ ਸੰਤਾਨ ਹੈ ਤੇ ਨਾ ਹੀ ਉਹ ਕਿਸੇ ਦੀ ਸੰਤਾਨ ਅਤੇ ਕੋਈ ਉਸਦੇ ਜੋੜ ਦਾ ਨਹੀਂ ਹੈ।[10]

ਮੂਲਮੰਤ੍ਰ ਵਿਚ ਨੇ ਰੱਬ ਦਾ ਸਰੂਪ ਇੰਝ ਦੱਸਿਆ ਹੈ:

> ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥[11]

ਜੋ ਵਿਅਕਤੀ ਇੱਕ ਰੱਬ ਦੀ ਬੰਦਗੀ ਨਹੀਂ ਕਰਦੇ ਉਹ ਥਾਂ-ਥਾਂ ਠੋਕਰਾਂ ਖਾਂਦੇ ਹਨ। ਅਜਿਹੇ ਲੋਕਾਂ ਨੂੰ ਦੋਹਾਂ ਧਰਮ ਗ੍ਰੰਥਾਂ ਨੇ ਕਰੜਾਈ ਨਾਲ ਵਰਜਿਆ ਹੈ। ਗੁਰਬਾਣੀ ਅਨੁਸਾਰ ਉਹ ਕਾਗਜ਼ ਸੜੇ, ਸਿਆਹੀ ਅਤੇ ਲਿਖਾਰੀ ਸੜੇ ਜੋ ਇੱਕ ਰੱਬ ਤੋਂ ਬਿਨਾਂ ਹੋਰ ਸ਼ਕਤੀਆਂ ਦੀ ਵਡਿਆਈ ਕਰਦਾ ਹੈ। ਇੱਕ ਰੱਬ ਨੂੰ ਨਾ ਮੰਨਣ ਵਾਲਾ ਕਾਫ਼ਰ ਹੈ। ਕੁਰਆਨ ਦਾ ਕਾਫ਼ਰ ਅਤੇ ਗੁਰਮਤਿ ਦਾ ਮਨੁਮੁਖ, ਕੁਰਆਨ ਦਾ ਮੁਸਲਿਮ ਅਤੇ ਗੁਰਮਤਿ ਦਾ ਗੁਰਮੁਖ ਇਕ ਅਰਥ ਰੱਖਦੇ ਹਨ। ਦੋਹਾਂ ਧਰਮ ਗ੍ਰੰਥਾਂ ਵਿਚ ਰੱਬ ਦਾ ਗੁੱਸੇ ਵਾਲਾ ਅਤੇ ਪਿਆਰ ਵਾਲਾ ਸਰੂਪ ਬਿਆਨ ਕੀਤਾ ਗਿਆ ਹੈ। ਅਕਸਰ ਇਸਲਾਮ ਦੇ ਰੱਬ ਬਾਰੇ ਕਿਹਾ ਜਾਂਦਾ ਹੈ ਕਿ ਉਹ ਗੁੱਸੇ ਵਾਲਾ ਹੈ। ਕੁਰਆਨ ਦੀ ਹਰ ਸੂਰਤ ਤੋਂ ਪਹਿਲਾਂ ਰੱਬ ਨੂੰ ਰਹਿਮਾਨ ਦੱਸਿਆ ਗਿਆ ਹੈ। ਵਾਰ-ਵਾਰ ਅੱਲਾਹ ਦੀਆਂ ਨਿਸ਼ਾਨੀਆਂ ਦੀਆਂ ਕਸਮਾਂ ਖਾਧੀਆਂ ਗਈਆਂ ਹਨ। ਅੱਲਾਹ ਮਨੱਖਾਂ ਨਾਲ ਪਿਆਰ ਕਰਦਾ ਹੈ। ਸਾਡੇ ਆਲੇ-ਦੁਆਲੇ ਦੀ ਹਰ ਸ਼ੈ ਉਸਦੇ ਹੁਕਮ ਵਿਚ ਹੈ। ਉਸਨੇ ਅਜਿਹੇ ਜੀਵਾਂ ਦੀ ਸਿਰਜਣਾ ਵੀ ਕੀਤੀ ਜਿੰਨ੍ਹਾਂ ਨੂੰ ਨੰਗੀਆਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਰੱਬ ਮਨੁੱਖ ਕੋਲੋਂ ਬਸ ਏਨਾ ਹੀ ਚਾਹੁੰਦਾ ਹੈ ਕਿ ਮਨੁੱਖ ਧਰਤੀ ਉਪਰ ਵਿਗਾੜ ਨਾ ਫੈਲਾਏ। ਰੱਬ ਦੀਆਂ ਦਾਤਾਂ ਦਾ ਸ਼ੁਕਰ ਕਰੋ ਅਤੇ ਮੁਸ਼ਕਿਲ ਵਿਚ ਸਬਰ ਤੋਂ ਕੰਮ ਲਵੋ। ਦੋਹਾਂ ਧਰਮ ਗ੍ਰੰਥਾਂ ਵਿਚ ਰੱਬ ਦੇ ਅਨੇਕ ਪੱਖ ਦੱਸੇ ਗਏ ਹਨ। ਕਈ ਵਾਰ ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਇਸਲਾਮ ਦਾ ਰੱਬ ਸੱਤਵੇਂ ਆਕਾਸ਼ 'ਤੇ ਰਹਿੰਦਾ ਹੈ। ਇਹ

9 All the attributes of God mentioned in the Moolmantra are also there in the Qura'n , Ek is ahad, Satnam is al-Haq, Karta is Khaliq, Purakh is Nafs, Akal murat is Hayy-o-la Yamoot, Ajuni is Lam Yalid wa lam Yullad, Nirbhay is Laya Khoof, Nirwair is Layalin, Gur is Hadi. Darshan singh, *Guru Granth Sahib among the Scriptures of the World,* p-233.

10 112:1-4.

11 ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਪੰਨਾ-1

ਗੱਲ ਸਿਰਫ ਰੱਬ ਦੇ ਇਕ ਪੱਖ ਨੂੰ ਆਧਾਰ ਬਣਾਕੇ ਕਹੀ ਗਈ ਹੈ। ਕੁਰਆਨ ਵਿਚ ਰੱਬ ਨੂੰ ਬਾਦਸ਼ਾਹ ਵਾਂਗ ਪੇਸ਼ ਕੀਤਾ ਹੈ। ਸਾਰੀ ਧਰਤੀ 'ਤੇ ਉਸਦਾ ਹੁਕਮ ਚੱਲਦਾ ਹੈ। ਸੱਤਵੇਂ ਆਕਾਸ਼ 'ਤੇ ਬੈਠਣ ਦਾ ਭਾਵ ਰੱਬ ਨੂੰ ਸਤਿਕਾਰ ਦੇਣਾ ਹੈ ਅਤੇ ਲੋਕਾਂ ਨੂੰ ਦੱਸਣਾ ਹੈ ਕਿ ਰੱਬ ਵੱਡਾ ਹੈ। ਧਰਮ ਗ੍ਰੰਥ ਦੀ ਬੋਲੀ ਆਮ ਬੋਲੀ ਨਹੀਂ ਹੁੰਦੀ ਇਹ ਚਿੰਨ੍ਹਾਂ ਤੇ ਪ੍ਰਤੀਕਾਂ ਦੀ ਬੋਲੀ ਹੁੰਦੀ ਹੈ ਜਿਸ ਵਿਚ ਵੱਡੇ ਅਰਥ ਹੁੰਦੇ ਹਨ। ਦੋਹੇ ਧਰਮ ਇੱਕ ਰੱਬ ਦੀ ਹੋਂਦ ਨੂੰ ਮੰਨਦੇ ਹਨ ਅਤੇ ਇੱਕ ਰੱਬ ਦੀ ਬੰਦਗੀ ਕਰਨ ਲਈ ਪ੍ਰੇਰਦੇ ਹਨ।

**ਮਨੁੱਖ**

ਧਰਮ ਦੀ ਹੋਂਦ ਮਨੁੱਖ ਨਾਲ ਸੰਬੰਧਿਤ ਹੈ। ਜਦੋਂ ਸਮਾਜ ਵਿੱਚ ਕਿਸੇ ਕਿਸਮ ਦੇ ਸਰਕਾਰੀ ਕਾਨੂੰਨ ਨਹੀਂ ਸਨ ਬਣੇ ਤਾਂ ਉਦੋਂ ਧਰਮ ਹੀ ਮਨੁੱਖ ਜਾਤੀ ਦਾ ਮਾਰਗ ਦਰਸ਼ਨ ਕਰਦਾ ਸੀ। ਧਰਮ ਪ੍ਰਤੀ ਮਨੁੱਖ ਦੀ ਰੁਚੀ ਘਟੀ ਨਹੀਂ ਸਗੋਂ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਅਜੋਕੇ ਯੁੱਗ ਵਿੱਚ ਧਰਮ ਦੀ ਜਾਣਕਾਰੀ ਤੇ ਫੈਲਾਅ ਵਿਗਿਆਨਿਕ ਤਰੀਕਿਆਂ ਨਾਲ ਹੋ ਰਿਹਾ ਹੈ। ਇੱਕ ਤੋਂ ਬਾਅਦ ਇੱਕ ਨਵੀਆਂ ਕਾਢਾਂ, ਪੁਰਾਣੀਆਂ ਕਾਢਾਂ ਨੂੰ ਪਿੱਛੇ ਕਰ ਰਹੀਆਂ ਹਨ। ਇਸਦੇ ਬਾਵਜੂਦ ਵੀ ਧਰਮ ਪ੍ਰਤੀ ਮਨੁੱਖ ਦੀ ਖਿੱਚ ਅਤੇ ਜਾਨਣ ਭੁੱਖ ਘਟੀ ਨਹੀਂ। ਧਰਮ ਕੀ ਹੈ? ਇਸਦਾ ਰੂਪ ਕੀ ਹੈ? ਇਸ ਸਵਾਲ ਉਪਰ ਹਰ ਧਰਮ ਗ੍ਰੰਥ ਨੇ ਸਮੇਂ-ਸਮੇਂ ਸਿਰ ਰੌਸ਼ਨੀ ਪਾਈ ਹੈ ਪਾਪ ਅਤੇ ਪੁੰਨ ਦਾ ਸੰਕਲਪ, ਭਵਿੱਖ ਦੇ ਸੁੱਖ ਲਈ ਆਪਣਾ ਵਰਤਮਾਨ ਸੁਆਰਨਾ, ਇਹ ਸਭ ਧਰਮ ਦੇ ਖੇਤਰ ਦੀਆਂ ਗੱਲਾਂ ਹਨ। ਧਰਮ ਦਾ ਘੇਰਾ ਬਹੁਤ ਵਿਸ਼ਾਲ ਹੈ। ਸਵੇਰ ਤੋਂ ਲੈ ਕੇ ਸੌਣ ਤੱਕ ਅਤੇ ਰਾਤ ਤੋਂ ਲੈ ਕੇ ਸਵੇਰ ਤੱਕ ਧਰਮ ਦੇ ਦੁਆਲੇ ਧਰਮੀ ਮਨੁੱਖ ਪ੍ਰਕਰਮਾ ਕਰਦਾ ਹੈ। ਸਾਰੇ ਧਰਮ ਗ੍ਰੰਥ, ਪੈਗੰਬਰ, ਅਵਤਾਰ ਤੇ ਗੁਰੂ ਵੱਖੋ-ਵੱਖ ਸਮੇਂ ਅਤੇ ਸਥਾਨਾਂ ਵਿੱਚ ਜੰਮੇ ਅਤੇ ਪ੍ਰਫੁੱਲਿਤ ਹੋਏ ਪਰ ਸਮੇਂ ਤੇ ਸਥਾਨ ਦੇ ਅੰਤਰ ਦੇ ਬਾਵਜੂਦ ਵੀ ਕੁਝ ਕੁ ਐਸੀਆਂ ਕੜੀਆਂ ਜਾਂ ਨੈਤਿਕ ਮੁੱਲ ਹਨ ਜੋ ਹਰ ਧਰਮ ਵਿੱਚ ਪ੍ਰਧਾਨ ਅਤੇ ਸਾਂਝੇ ਹਨ।

ਮਨੁੱਖ ਇਸ ਸੰਸਾਰ ਦਾ ਸਭ ਤੋਂ ਚੇਤੰਨ ਪ੍ਰਾਣੀ ਹੈ। ਇਸ ਨੇ ਆਪਣੀ ਤਾਕਤ ਨਾਲ ਵੱਡੀਆਂ ਖੋਜਾਂ ਕੀਤੀਆਂ ਹਨ। ਪਿਆਰ ਨਾਲ ਸਮਾਜ ਵਿਚ ਸ਼ਾਂਤੀ ਵੀ ਬਣਾਈ ਹੈ ਅਤੇ ਅਹੰਕਾਰ ਵੱਸ ਪਸ਼ੂਆਂ-ਪੰਛੀਆਂ ਸਮੇਤ ਕੁਦਰਤੀ ਸੋਮਿਆਂ ਉਪਰ ਕਬਜ਼ਾ ਵੀ ਕੀਤਾ ਹੈ। ਧਰਮ-ਗ੍ਰੰਥ ਅਤੇ ਪੈਗ਼ੰਬਰ ਜਾਂ ਗੁਰੂ 'ਤੇ ਧਰਤੀ ਦਾ ਆਗਮਨ ਮਨੁੱਖ ਨੂੰ ਮਾੜੇ ਪਾਸੇ ਤੋਂ ਰੋਕ ਕੇ ਚੰਗੇ ਪਾਸੇ ਲਾਉਣਾ ਹੁੰਦਾ ਹੈ। ਮਨੁੱਖ ਕੇਵਲ ਹੱਡ, ਮਾਸ ਦਾ ਨਾਮ ਨਹੀਂ ਹੈ। ਇਸ ਵਿੱਚ ਰੂਹ ਹੈ ਜਿਸਦੀ ਬਦੌਲਤ ਇਹ ਤੁਰਦਾ-ਫਿਰਦਾ ਹੈ। ਇਸ ਕੋਲ ਮਨ ਹੈ ਜੋ ਮਨੁੱਖ ਨੂੰ ਭਜਾਈ ਫਿਰਦਾ ਹੈ। ਕੁਰਆਨ ਮਨੁੱਖ ਨੂੰ ਆਦਮ ਦੀ ਸੰਤਾਨ ਅਤੇ ਗੁਰਬਾਣੀ 'ਰਾਮ ਕੀ ਅੰਸ' ਆਖਦੀ ਹੈ। ਮਨੁੱਖ ਲਈ ਰੱਬ ਨੇ ਕਿੰਨੀਆਂ ਨਿਆਮਤਾਂ ਬਖਸ਼ੀਆਂ ਹਨ। ਇਹ ਬੋਲ ਸਕਦਾ ਹੈ, ਆਪਣੇ ਖਿਆਲਾਂ ਨੂੰ ਪ੍ਰਗਟ ਕਰਨ ਦੇ ਇਸ ਕੋਲ ਬਹੁਤ ਸਾਧਨ ਹਨ। ਇਸਦੇ ਜੀਵਨ ਦਾ ਪਰਮ ਉਦੇਸ਼ ਰੱਬ ਦਾ ਆਗਿਆਕਾਰ ਬਣਨਾ ਹੈ। ਮਨੁੱਖ ਨੇ ਇੱਕ ਰੱਬ ਦੀ ਬੰਦਗੀ ਨੂੰ ਛੱਡਕੇ ਧਰਤੀ ਉਪਰ ਵਿਗਾੜ ਪੈਦਾ ਕੀਤੇ ਹਨ। ਜੇਕਰ ਅਸੀਂ ਅੱਜ ਦੇ ਪ੍ਰਸੰਗ ਵਿਚ ਦੇਖੀਏ ਤਾਂ ਸਾਡੀ ਧਰਤੀ ਉਪਰ ਮਨੁੱਖਾਂ ਦੀ ਗਿਣਤੀ ਹੋਰ

ਜਾਤੀਆਂ ਨਾਲੋਂ ਵਧੇਰੇ ਹੈ। ਮਨੁੱਖ ਮਨੁੱਖ ਨੂੰ ਖਤਮ ਕਰਨ ਲਈ ਅਜਿਹੇ ਸਾਧਨ ਤਿਆਰ ਕਰੀ ਬੈਠਾ ਹੈ ਜੋ ਪਲਾਂ ਵਿੱਚ ਰੱਬ ਦੀ ਬਣਾਈ ਸ੍ਰਿਸ਼ਟੀ ਨੂੰ ਬਰਬਾਦ ਕਰ ਸਕਦੇ ਹਨ।

ਦੋਹੇ ਧਰਮ ਗ੍ਰੰਥ ਦੱਸਦੇ ਹਨ ਕਿ ਤੇਰਾ ਮਕਸਦ ਧਰਤੀ 'ਤੇ ਵਿਗਾੜ ਪੈਦਾ ਕਰਨਾ ਨਹੀਂ ਹੈ, ਸਗੋਂ ਸ਼ਾਂਤੀ ਪੈਦਾ ਕਰਨਾ ਹੈ। ਦੋਹੇ ਧਰਮ ਗ੍ਰੰਥ ਕਿਸੇ ਪਸ਼ੂ-ਪੰਛੀ, ਦਰਖਤ, ਪਹਾੜ, ਪਾਣੀ, ਹਵਾ ਰੁੱਤਾਂ ਨੂੰ ਉਪਦੇਸ਼ ਨਹੀਂ ਕਰਦੇ ਕਿਉਂਕਿ ਇਹ ਸਾਰੇ ਤਾਂ ਪਹਿਲਾਂ ਹੀ ਰੱਬੀ ਹੁਕਮ ਵਿੱਚ ਹਨ। ਸੂਰਜ ਕਦੋਂ ਤੋਂ ਨਿਰਵਿਘਨ ਰੱਬੀ ਹੁਕਮ ਵਿੱਚ ਚੜ੍ਹਦਾ ਹੈ ਅਤੇ ਢਲਦਾ ਹੈ। ਸਾਰੇ ਜੀਵ-ਜੰਤੂ ਰੱਬ ਦੇ ਹੁਕਮ ਵਿਚ ਕਾਰ-ਵਿਹਾਰ ਕਰ ਰਹੇ ਹਨ। ਸ੍ਰਿਸ਼ਟੀ ਦੀ ਸਾਜਨਾ ਵੇਲੇ ਤੋਂ ਇਹ ਪ੍ਰਵਾਹ ਨਿਰੰਤਰ ਚੱਲ ਰਿਹਾ ਹੈ। ਇਸ ਸਾਰੇ ਵਰਤਦੇ ਵਰਤਾਰੇ ਵਿਚਕਾਰ ਮਨੁੱਖ ਹੈ ਜੋ ਰੱਬ ਦੇ ਹੁਕਮ ਤੋਂ ਆਕੀ ਹੋਇਆ ਪਿਆ ਹੈ। ਇਸ ਨੂੰ ਅੰਨ੍ਹਾ, ਗੁੰਗਾ ਅਤੇ ਪੱਥਰ ਦਿਲ ਕਿਹਾ ਹੈ। ਇਹ ਬੁਰੀ ਗੱਲ ਨੂੰ ਧਿਆਨ ਨਾਲ ਅਤੇ ਚੰਗੀ ਗੱਲ ਨੂੰ ਕਾਹਲਪੁਣੇ ਨਾਲ ਸੁਣਦਾ ਹੈ। ਇਹ ਆਪਣੇ ਅਸਲ ਉਦੇਸ਼ ਤੋਂ ਖੁੰਝ ਚੁੱਕਾ ਹੈ। ਇਸਦੀਆਂ ਮਨੋਕਾਮਨਾਵਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਸੰਸਾਰ, ਪਰਿਵਾਰ, ਜਾਇਦਾਦ ਸਦੀਵੀਂ ਹਨ। ਇੱਕ ਦਿਨ ਇਸਦੀਆਂ ਮਨੋਕਾਮਨਾਵਾਂ ਇਸਨੂੰ ਲੈ ਡੁੱਬਣਗੀਆਂ। ਫਰੇਬ, ਧੋਖਾ, ਪੱਖਪਾਤ, ਨਫ਼ਰਤ ਇਸ ਕਦਰ ਇਸ ਮਨੁੱਖ 'ਤੇ ਹਾਵੀ ਹੋਈਆਂ ਪਈਆਂ ਹਨ ਕਿ ਇਹ ਆਪ ਹੀ ਰੱਬ ਬਣਿਆ ਬੈਠਾ ਹੈ। ਮਨੁੱਖ ਦੇ ਹੰਕਾਰ ਨੂੰ ਫਿਰਔਨ, ਹਾਮਾਨ, ਹਰਣਾਖਸ਼, ਰਾਵਣ ਦੇ ਚਿੰਨ੍ਹਾਤਮਕ ਨਾਵਾਂ ਤਹਿਤ ਬਿਆਨ ਕੀਤਾ ਹੈ।

ਦੋਹੇ ਧਰਮ ਗ੍ਰੰਥ ਮਨੁੱਖ ਦੇ ਅਹੰ ਨੂੰ ਇਹ ਕਹਿਕੇ ਖਤਮ ਕਰਦੇ ਹਨ ਕਿ ਤੂੰ ਤਾਂ ਮਿੱਟੀ ਦਾ ਪੁਤਲਾ ਹੈ। ਮਨੁੱਖ ਦਾ ਜੀਵਨ ਐਵੇਂ ਵਾਪਰੀ ਘਟਨਾ ਨਹੀਂ ਹੈ। ਰੱਬ ਵੱਲੋਂ ਪੈਗ਼ੰਬਰ ਜਾਂ ਗੁਰੂ ਲੋਕਾਈ ਦੇ ਭਲੇ ਲਈ ਭੇਜੇ ਗਏ ਸਨ। ਮਨੁੱਖ ਨੇ ਉਨ੍ਹਾਂ ਦੀ ਨਾਫ਼ਰਮਾਨੀ ਕੀਤੀ, ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਕਤਲ ਵੀ ਕੀਤਾ। ਮਨੁੱਖ ਨਾਸ਼ੁਕਰਾ ਹੈ। ਇਹ ਅਨੇਕ ਦਾਤਾਂ ਦਾ ਆਨੰਦ ਮਾਣਦਾ ਹੈ। ਇਸਦੇ ਬਾਵਜੂਦ ਇਹ ਰੱਬ ਦਾ ਸ਼ੁਕਰ ਨਹੀਂ ਕਰਦਾ। ਜਦੋਂ ਅੱਲਾਹ ਨੇ ਆਦਮੀ ਦੀ ਸਿਰਜਣਾ ਕਰਨੀ ਸੀ ਤਾਂ ਫ਼ਰਿਸ਼ਤਿਆਂ ਨੇ ਕਿਹਾ ਸੀ ਕਿ ਅਸੀਂ ਤੇਰੀ ਗੱਲ ਮੰਨਦੇ ਹਾਂ। ਮਨੁੱਖ ਧਰਤੀ 'ਤੇ ਵਿਗਾੜ ਪੈਦਾ ਕਰੇਗਾ ਪਰ ਰੱਬ ਨੇ ਫੇਰ ਵੀ ਆਦਮ ਦੀ ਸਿਰਜਣਾ ਕੀਤੀ। ਇਹ ਵਾਕਿਆਤ ਪੁਸ਼ਟੀ ਕਰਦਾ ਹੈ ਕਿ ਜਿਨ੍ਹਾਂ ਉਮੀਦਾਂ ਨੂੰ ਮੱਦੇਨਜ਼ਰ ਰੱਖਕੇ ਮਨੁੱਖ ਦੀ ਸਿਰਜਣਾ ਕੀਤੀ ਗਈ ਸੀ। ਮਨੁੱਖ ਉਨ੍ਹਾਂ ਨੂੰ ਪੂਰੀਆਂ ਕਰੇ। ਗੁਰਮਤਿ ਨੇ ਚੁਰਾਸੀ ਲੱਖ ਜੂਨਾਂ ਚੋਂ ਉੱਤਮ ਜੂਨ ਮਨੁੱਖ ਦੀ ਦੱਸੀ ਹੈ। ਮਨੁੱਖ ਨੇ ਰੱਬ ਨਾਲ ਵਾਅਦਾ ਕੀਤਾ ਸੀ ਕਿ ਮੈਂ ਤੇਰੀ ਬੰਦਗੀ ਕਰਾਂਗਾ। ਤੇਰਾ ਆਗਿਆਕਾਰ ਬਣਕੇ ਰਹਾਂਗਾ। ਇਹ ਆਪਣੀ ਵਾਅਦੇ ਨੂੰ ਭੁੱਲ ਚੁੱਕਾ ਹੈ। ਮਨੁੱਖ ਉੱਤਮ ਤਾਂ ਹੈ ਜੇਕਰ ਰੱਬ ਦੀ ਬੰਦਗੀ ਕਰਦਾ ਹੈ ਨਹੀਂ ਤਾਂ ਪਸ਼ੂ ਇਸਤੋਂ ਉੱਤਮ ਹਨ। ਇਹ ਸਮਝੀ ਬੈਠਾ ਹੈ ਕਿ ਰੱਬ ਨੂੰ ਇਸਦੀ ਖਬਰ ਨਹੀਂ। ਮਨੁੱਖ ਦੇ ਹੱਥ ਵਿਚ ਨਾ ਜੰਮਣਾ ਹੈ ਅਤੇ ਨਾ ਮਰਨਾ। ਇਹ ਕਮਜ਼ੋਰ ਹੈ। ਦੋਹਾਂ ਧਰਮਾਂ ਨੇ ਮਨੁੱਖਾਂ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਹਨ। ਉਨ੍ਹਾਂ ਨੂੰ ਗੁਰਮੁਖ-ਮਨਮੁਖ ਕਹੋ, ਈਮਾਨ ਵਾਲੇ ਜਾਂ ਇਨਕਾਰੀ ਕਹੋ, ਗੱਲ ਇਕ ਹੈ। ਮਨੁੱਖ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ:

ਰਹਿਮਾਨ ਦੇ ਬੰਦੇ (ਅਸਲੀ) ਬੰਦੇ ਉਹ ਹਨ ਜਿਹੜੇ ਧਰਤੀ ਉੱਤੇ ਨਰਮਾਈ ਨਾਲ ਤੁਰਦੇ ਹਨ ਅਤੇ ਜਦੋਂ ਅਗਿਆਨੀ ਉਨ੍ਹਾਂ ਨਾਲ ਆਢਾ ਲਾਉਣ ਤਾਂ ਉਹ ਆਖ ਦਿੰਦੇ ਹਨ ਕਿ ਤੁਹਾਨੂੰ ਸਲਾਮ। ਜਿਹੜੇ ਆਪਣੇ ਰੱਬ ਦੀ ਹਜ਼ੂਰੀ ਵਿਚ ਸਿਜਦੇ ਕਰਦਿਆਂ ਅਤੇ ਖੜੋਤਿਆਂ ਰਾਤਾਂ ਬਿਤਾਉਂਦੇ ਹਨ। ਜਿਹੜੇ ਅਰਦਾਸਾਂ ਕਰਦੇ ਹਨ ਕਿ "ਸਾਡਿਆਂ ਰੱਬਾ! ਨਰਕ ਦੇ ਅਜ਼ਾਬ ਤੋਂ ਸਾਨੂੰ ਬਚਾ ਲੈ। ਉਸਦਾ ਅਜ਼ਾਬ ਤਾਂ ਜਾਨ ਦਾ ਗਾਲਾ ਹੈ। ਉਹ ਤਾਂ ਵੱਡਾ ਹੀ ਭੈੜਾ ਠਹਿਰਨ ਦਾ ਥਾਂ ਅਤੇ ਟਿਕਾਣਾ ਹੈ।" ਜਿਹੜੇ ਖਰਚ ਕਰਨ ਲੱਗਿਆਂ ਨਾ ਤਾਂ ਫ਼ਜ਼ੂਲਖਰਚੀ ਤੋਂ ਕੰਮ ਲੈਂਦੇ ਹਨ ਤੇ ਨਾ ਹੀ ਸੂਮਪੁਣਾ ਦਿਖਾਉਂਦੇ ਹਨ, ਸੋ ਉਨ੍ਹਾਂ ਦਾ ਖਰਚ ਦੋਹਾਂ ਆਖ਼ਰੀ ਹੱਦਾਂ ਦੇ ਵਿਚਾਲੇ ਸੰਤੁਲਿਨ 'ਤੇ ਟਿਕਿਆ ਰਹਿੰਦਾ ਹੈ। ਜਿਹੜੇ ਅੱਲਾਹ ਤੋਂ ਛੁੱਟ ਕਿਸੇ ਹੋਰ ਇਸ਼ਟ ਨੂੰ ਨਹੀਂ ਪੁਕਾਰਦੇ, ਅੱਲਾਹ ਦੀ ਹਰਾਮ ਕੀਤੀ ਹੋਈ ਕਿਸੇ ਜਿੰਦ ਨੂੰ ਅਣਹੱਕਾ ਕਤਲ ਨਹੀਂ ਕਰਦੇ ਅਤੇ ਨਾ ਵਿਭਚਾਰ ਕਰਦੇ ਹਨ-ਇਹ ਕੰਮ ਜਿਹੜਾ ਵੀ ਕਰੇਗਾ, ਉਹ ਆਪਣੇ ਪਾਪ ਦਾ ਫਲ ਭੋਗੇਗਾ, ਕਿਆਮਤ ਦੇ ਦਿਹਾੜੇ ਉਸਨੂੰ ਦੂਹਰਾ ਆਜ਼ਾਬ ਦਿੱਤਾ ਜਾਵੇਗਾ ਅਤੇ ਉਸੇ ਵਿਚ ਹੀ ਉਹ ਹਮੇਸ਼ਾ ਹੀਣਾ ਹੋ ਕੇ ਪਿਆ ਰਹੇਗਾ। ਛੁੱਟ ਇਸਤੋਂ ਕੀ ਕੋਈ (ਇਨ੍ਹਾਂ ਗੁਨਾਹਾਂ ਤੋਂ ਮਗਰੋਂ) ਤੌਬਾ ਕਰ ਚੁੱਕਾ ਹੋਵੇ ਅਤੇ ਈਮਾਨ ਲਿਆਕੇ ਭਲੇ ਕਰਮ ਕਮਾਉਣ ਲੱਗਾ ਹੋਵੇ। ਅਜਿਹੇ ਲੋਕਾਂ ਦੀਆਂ ਬੁਰਾਈਆਂ ਨੂੰ ਅੱਲਾਹ ਭਲਾਈਆਂ ਵਿਚ ਬਦਲ ਦੇਵੇਗਾ ਅਤੇ ਉਹ ਵੱਡਾ ਬਖਸ਼ਣਹਾਰ ਤੇ ਮਿਹਰਬਾਨ ਹੈ। ਜੋ ਵਿਅਕਤੀ ਤੌਬਾ ਕਰਕੇ ਭਲੇ ਕੰਮ ਕਰਨ ਲੱਗਦਾ ਹੈ ਉਹ ਤਾਂ ਅੱਲਾਹ ਵੱਲ ਮੁੜ ਆਉਂਦਾ ਹੈ ਜਿਹਾ ਕਿ ਮੁੜਨਾ ਚਾਹੀਦਾ ਹੈ-(ਅਤੇ ਰਹਿਮਾਨ ਦੇ ਬੰਦੇ ਉਹ ਹਨ) ਜਿਹੜੇ ਝੂਠੇ ਗਵਾਹ ਨਹੀਂ ਬਣਦੇ ਅਤੇ ਕਿਸੇ ਨਿਕੰਮੀ ਚੀਜ਼ ਕੋਲੋਂ ਲੰਘਣ ਤਾਂ ਭਲੇ ਪੁਰਖਾਂ ਵਾਂਗ ਲੰਘ ਜਾਂਦੇ ਹਨ। ਜਿੰਨ੍ਹਾਂ ਨੂੰ ਜੇ ਉਨ੍ਹਾਂ ਦੇ ਰੱਬ ਦੀਆਂ ਆਇਤਾਂ ਸੁਣਾਕੇ ਨਸੀਹਤ ਕੀਤੀ ਜਾਂਦੀ ਹੈ ਤਾਂ ਉਹ ਉਸ ਉਤੇ ਅੰਨ੍ਹੇ ਤੇ ਬੋਲੇ ਬਣਕੇ ਨਹੀਂ ਰਹਿ ਜਾਂਦੇ। ਜਿਹੜੇ ਅਰਦਾਸਾਂ ਕਰਿਆ ਕਰਦੇ ਹਨ "ਹੇ ਸਾਡਿਆਂ ਰੱਬਾ ! ਸਾਨੂੰ ਸਾਡੀਆਂ ਪਤਨੀਆਂ ਅਤੇ ਸੰਤਾਨਾਂ ਵੱਲੋਂ ਅੱਖਾਂ ਦੀ ਠੰਡਕ ਬਖਸ਼ਦੇ ਅਤੇ ਸਾਨੂੰ ਪ੍ਰਹੇਜ਼ਗਾਰਾਂ ਦਾ ਆਗੂ ਬਣਾ ਦੇ" -ਇਹ ਹਨ ਉਹ ਲੋਕ ਜਿੰਨ੍ਹਾਂ ਨੂੰ ਉਨ੍ਹਾਂ ਦੇ ਸਬਰ ਦਾ ਫਲ ਉੱਚੇ ਮਹਿਲਾਂ-ਮਾੜੀਆਂ ਦੇ ਰੂਪ ਵਿਚ ਦਿੱਤਾ ਜਾਵੇਗਾ। ਆਦਰ-ਸੂਚਕ ਸ਼ਬਦਾਂ ਤੇ ਸਲਾਮਾਂ ਨਾਲ ਉਨ੍ਹਾਂ ਦਾ ਸਵਾਗਤ ਹੋਵੇਗਾ ਅਤੇ ਉਹ ਸਦਾ ਉਥੇ ਰਹਿਣਗੇ। ਕਿੰਨਾ ਚੰਗਾ ਹੈ ਉਹ ਠਹਿਰਨ ਦਾ ਸਥਾਨ ਤੇ ਟਿਕਾਣਾ। [12]

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਨੁੱਖ ਰੱਬੀ ਹੁਕਮ ਨੂੰ ਮੰਨਦਾ ਹੈ। ਜੀਵਨ ਮੁਕਤ ਹੈ। ਖੁਸ਼ੀ ਤੇ ਗ਼ਮੀ ਨੂੰ ਇਕਸਾਰ ਮੰਨਦਾ ਹੈ। ਸੋਨੇ ਤੇ ਮਿੱਟੀ ਨੂੰ ਇਕ ਬਰਾਬਰ ਸਮਝਦਾ ਹੈ। ਉਸ ਲਈ ਜ਼ਹਿਰ ਤੇ ਅੰਮ੍ਰਿਤ ਇਕ ਸਮਾਨ ਹਨ। ਵਡਿਆਈ ਅਤੇ ਨਿਰਾਸ਼ਾ ਕੁਝ ਨਹੀਂ। ਰਾਜਾ ਤੇ ਭਿਖਾਰੀ ਇਕ ਬਰਾਬਰ ਹਨ। ਅਜਿਹਾ ਮਨੁੱਖ ਹੀ ਜੀਵਨਮੁਕਤ ਹੈ।[13] ਗੁਰਬਾਣੀ ਵਿਚ ਅਜਿਹੇ ਮਨੁੱਖਾਂ ਲਈ ਬ੍ਰਹਮਗਿਆਨੀ, ਨਿਰਬਾਨ, ਜੀਵਨਮੁਕਤ, ਗੁਰਮੁਖ, ਸੰਤ, ਜਨ, ਸਾਧੂ ਸ਼ਬਦ ਆਉਂਦੇ ਹਨ। ਭਲੇ ਮਨੁੱਖਾਂ ਨੂੰ ਜੰਨਤ ਵਿੱਚ ਖੁਸ਼ੀਆਂ ਮਿਲਣਗੀਆਂ ਅਤੇ ਬੁਰਿਆਂ ਨੂੰ ਸਜ਼ਾਵਾਂ ਮਿਲਣਗੀਆਂ। ਦੋਹੇ ਧਰਮ ਗ੍ਰੰਥ ਆਪੋ ਆਪਣੇ ਤਰੀਕੇ ਨਾਲ ਮਨੁੱਖ ਨੂੰ ਇਸਦੇ ਉਦੇਸ਼ ਪ੍ਰਤੀ ਜਾਗਰੂਕ ਕਰਦੇ ਹਨ ਤਾਂ ਕਿ ਇਸ ਵਿਚ ਦੈਵੀ ਗੁਣ ਆ ਸਕਣ। ਇਕ ਸ਼ਾਇਰ ਲਿਖਦਾ ਹੈ:

ਦਰਦ-ਏ-ਦਿਲ ਬਾਂਟਨੇ ਕੇ ਲੀਏ ਪੈਦਾ ਕੀਯਾ ਇਨਸਾਨ ਕੋ।
ਵਰਨਾ ਫ਼ਰਿਸ਼ਤੋ ਕੀ ਨਹੀਂ ਥੀ ਕਮੀ ਭਗਵਾਨ ਕੋ।

---

12 25: 63 ਤੋਂ 76.

13 ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥ ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥ ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ ਰਾਗ ਗਉੜੀ ਸੁਖਮਨੀ ਮ: ੫, 275.

**ਸਮਾਜ**

ਸ੍ਰੀ ਗੁਰੁ ਗ੍ਰੰਥ ਸਾਹਿਬ ਸਨਮੁਖ ਇਹ ਸਮੱਸਿਆ ਸੀ ਕਿ ਧਰਮ ਅਤੇ ਸਮਾਜ ਵਿਚਕਾਰ ਸਾਂਝ ਨਹੀਂ ਸੀ। ਆਪਸੀ ਸਾਂਝ ਦੀ ਘਾਟ ਕਾਰਨ ਦੋਹਾਂ ਦੇ ਰਿਸ਼ਤੇ ਅਤੇ ਰਸਤਿਆਂ ਵਿੱਚ ਤਰੇੜ ਆ ਗਈ ਸੀ। ਧਰਮ ਸਾਧਨਾ ਦੇ ਖੇਤਰ ਵਿਚ ਸੰਨਿਆਸ ਇਕ ਪ੍ਰਮੁੱਖ ਅੰਗ ਵਾਂਗ ਉਭਰ ਕੇ ਸਾਹਮਣੇ ਆਇਆ। ਇਸ ਮਾਰਗ ਨੂੰ ਧਾਰਨ ਕਰਨ ਵਾਲਿਆਂ ਨੇ ਸਮਾਜ ਨੂੰ ਭਰਮ ਜਾਲ, ਭੈੜਾ ਅਤੇ ਦੁੱਖਾਂ ਦਾ ਘਰ ਘੋਸ਼ਿਤ ਕਰ ਦਿੱਤਾ ਸੀ।ਹਿੰਦੂ ਧਰਮ ਦੀ ਆਸ਼ਰਮ ਵਿਵਸਥਾ ਮੁਤਾਬਕ ਇਕ ਤੋਂ ਪੱਚੀ ਸਾਲ ਤੱਕ ਬ੍ਰਹਮਚਰਯ, ਪੱਚੀ ਤੋਂ ਪੰਜਾਹ ਸਾਲ ਤੱਕ ਗ੍ਰਹਿਸਤ, ਪੰਜਾਹ ਤੋਂ ਪਝੱਤਰ ਸਾਲ ਤੱਕ ਵਾਣਪ੍ਰਸਥ ਅਤੇ ਪਝੱਤਰ ਤੋਂ ਸੌ ਸਾਲ ਤੱਕ ਸੰਨਿਆਸ ਧਾਰਨ ਕਰਨ ਨਾਲ ਮਨੁੱਖਾ ਜਨਮ ਸਫਲ ਮੰਨਿਆ ਜਾਂਦਾ ਸੀ। ਕਾਲ ਵੰਡ ਕਾਰਨ ਗ੍ਰਹਿਸਤ ਵੱਖਰਾ ਸੀ ਅਤੇ ਸੰਨਿਆਸ ਵੱਖਰਾ।ਸੰਨਿਆਸ ਦੇ ਧਾਰਨੀ ਬਹੁਤੇ ਸਾਧਕ ਜੰਗਲਾਂ ਅਤੇ ਪਹਾੜਾਂ ਵਿਚ ਜਾ ਬੈਠੇ ਸਨ। ਸਮਾਜ ਦੀ ਨੁਮਾਇੰਦਗੀ ਕਰਨ ਲਈ ਕੋਈ ਯੋਗ ਆਗੂ ਨਹੀਂ ਰਿਹਾ ਸੀ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਧਰਮ ਦੀ ਸਿੱਖਿਆ ਦੇਣ ਵਾਲਾ ਕੋਈ ਸਾਧੂ ਨਹੀਂ ਰਿਹਾ ਸੀ। ਧਰਮ ਨੇ ਸਮਾਜ ਰਾਹੀਂ ਪ੍ਰਗਟ ਹੋਣਾ ਹੈ। ਧਰਮ ਦੀ ਥਿਊਰੀ ਸਮਾਜ ਰਾਹੀਂ ਹੀ ਯਥਾਰਥ ਦਾ ਰੂਪ ਧਾਰਨ ਕਰਦੀ ਹੈ। ਸਮਾਜ ਬਿਨ੍ਹਾਂ ਧਰਮ ਅਤੇ ਧਰਮ ਬਿਨ੍ਹਾਂ ਸਮਾਜ ਦੋਹੇਂ ਅਧੂਰੇ ਹਨ। ਧਰਮ ਦਵਾਈ ਹੈ ਅਤੇ ਸਮਾਜ ਪ੍ਰਹੇਜ਼, ਧਰਮ ਖ਼ੁਰਾਕ ਹੈ ਅਤੇ ਸਮਾਜ ਕਸਰਤ। ਜਿਸ ਤਰ੍ਹਾਂ ਦਵਾਈ ਅਤੇ ਪ੍ਰਹੇਜ਼, ਖ਼ੁਰਾਕ ਅਤੇ ਕਸਰਤ ਇੱਕ ਦੂਜੇ ਦੇ ਪੂਰਕ ਹਨ। ਇਵੇਂ ਹੀ ਧਰਮ ਅਤੇ ਸਮਾਜ ਇੱਕ ਅਟੁੱਟ ਅੰਗ ਵਾਂਗ ਹਨ। ਦੋਹਾਂ ਨੂੰ ਅਲਹਿਦਾ ਕੀਤਿਆਂ ਨਾ ਤਾਂ ਧਰਮ ਕਾਇਮ ਰਹੇਗਾ ਅਤੇ ਨਾਹੀ ਸਮਾਜ। ਧਰਮ ਦਾ ਬੀਜ ਸਮਾਜ ਰੂਪੀ ਜ਼ਮੀਨ ਵਿੱਚ ਹੀ ਪ੍ਰਫੁੱਲਿਤ ਹੁੰਦਾ ਹੈ।ਧਰਮ ਨੂੰ ਸਮਾਜ ਵਿੱਚ ਪ੍ਰਸਾਰਿਤ ਕਰਨ ਵਾਲੀਆਂ ਦੋ ਮੁੱਖ ਸ਼ਾਖਾਵਾਂ ਹਨ-ਰਾਜਾ ਤੇ ਪੁਜਾਰੀ ਸ਼੍ਰੇਣੀ। ਰਾਜਾ ਸਮਾਜਿਕ ਹੈ ਅਤੇ ਪੁਜਾਰੀ ਧਾਰਮਿਕ। ਰਾਜਾ ਰਾਜ ਦਾ ਅਧਿਕਾਰੀ ਹੈ। ਲੋਕਾਂ ਉਪਰ ਟੈਕਸ ਲਾਉਣੇ, ਹਟਾਉਣੇ, ਸਹੂਲਤਾਂ ਦੇਣੀਆਂ ਅਤੇ ਲੈਣੀਆਂ ਰਾਜੇ ਦੀ ਜ਼ਿੰਮੇਵਾਰੀ ਅਧੀਨ ਆਉਂਦਾ ਹੈ। ਇਸ ਲਈ ਧਰਮ ਨੂੰ ਸਮਾਜ ਵਿੱਚ ਵਧਣ ਫੁੱਲਣ ਲਈ ਰਾਜੇ ਦੀ ਅਹਿਮ ਭੂਮਿਕਾ ਹੈ। ਗੁਰਮਤਿ ਨੇ ਰਾਜਿਆਂ ਨੂੰ ਸ਼ੀਹ ਅਤੇ ਮੁਕੱਦਮਾਂ ਨੂੰ ਕੁੱਤੇ ਕਿਹਾ ਹੈ। ਅੱਜ ਰਾਜਿਆਂ ਦੀ ਥਾਂ ਮੰਤਰੀਆਂ ਨੇ ਲੈ ਲਈ ਹੈ। ਸਿਆਣਿਆਂ ਦਾ ਕਥਨ ਹੈ- ਯਥਾ ਰਾਜਾ ਤਥਾ ਪਰਜਾ ਭਾਵ ਜਿਵੇਂ ਦਾ ਰਾਜਾ ਹੋਵੇਗਾ ਉਹੋ ਜਿਹੀ ਪਰਜਾ ਹੋਵੇਗੀ। ਜੇਕਰ ਰਾਜਾ ਧਰਮੀ ਹੋਵੇਗਾ ਤਾਂ ਆਮ ਲੋਕ ਰਾਜੇ ਨੂੰ ਦੇਖ ਕੇ ਧਰਮੀ ਬਣ ਸਕਦੇ ਹਨ। ਰਾਜੇ ਦਾ ਪਰਜਾ ਉੱਪਰ ਅਸਰ ਪੈਣਾ ਸੁਭਾਵਿਕ ਹੈ। ਰਾਜੇ ਹੀ ਪਰਜਾ ਦਾ ਘਾਣ ਕਰ ਰਹੇ ਸਨ।ਰਾਜੇ ਜ਼ੁਲਮ ਕਰਕੇ ਪਰਜਾ ਨੂੰ ਸਮਾਜਿਕ ਤੌਰ 'ਤੇ ਦੁਖੀ ਕਰ ਰਹੇ ਸਨ। ਦੂਜੀ ਸ਼ਾਖ ਪੁਜਾਰੀ ਸ਼੍ਰੇਣੀ ਹੈ ਜਿਸ ਵਿੱਚ ਜੋਗੀ, ਕਾਜੀ ਅਤੇ ਬ੍ਰਾਹਮਣ ਆਉਂਦੇ ਹਨ। ਇਹਸਮਾਜ ਦਾ ਧਾਰਮਿਕ ਸ਼ੋਸ਼ਣ ਕਰ ਰਹੇ ਸਨ। ਪੁਜਾਰੀਆਂ ਨੇ ਵੀ ਧਰਮ ਦੇ ਸਰੂਪ ਨੂੰ ਵਿਗਾੜਿਆ ਸੀ।ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਮੂਹ ਗੁਰੂ ਸਾਹਿਬਾਨ ਨੇ ਉਪਰੋਕਤ ਦੋਹਾਂ ਸ਼ਾਖਾਵਾਂ ਨਾਲ ਸੰਵਾਦ ਰਚਾਇਆ ਤੇ ਅਤੇ ਦੋਹਾਂ ਦੇ ਆਪਸੀ ਸੰਤੁਲਿਨ 'ਤੇ ਬਲ ਦਿੱਤਾ ਕਿਉਂਕਿ ਦੋਹਾਂ ਦੇ ਆਪਸੀ ਤਾਲਮੇਲ ਦੀ ਘਾਟ ਕਾਰਨ ਧਰਮ ਅਤੇ ਸਮਾਜ ਦੇ ਹੇਠਲੇ ਪੱਧਰ ਦਾ ਰੂਪ ਸਾਹਮਣੇ ਆ ਰਿਹਾ ਸੀ। ਇਹੋ

ਜਿਹੀ ਦੁਚਿੱਤੀਵਿੱਚ ਆਮ ਲੋਕਾਈ ਨੂੰ ਰਾਹ ਨਹੀਂ ਸੀ ਮਿਲ ਰਿਹਾ ਕਿ ਕਿਧਰ ਜਾਵੇ? ਰਾਜਿਆਂ ਨੇ ਰਾਜ ਚਲਾਉਣ ਲਈ ਜੋ ਹੱਥਕੰਡੇ ਵਰਤੇ ਉਹ ਭਿਆਨਕ ਸਨ। ਧਰਮ ਦਾ ਜੋ ਸਰੂਪ ਪੁਜਾਰੀਆਂ ਨੇ ਦਿੱਤਾ ਉਹ ਕਰੂਪ ਸੀ। ਉਸ ਵਿੱਚ ਨਿੱਜਵਾਦ ਅਤੇ ਪੱਖਪਾਤ ਭਾਰੂ ਸੀ।ਧਰਮ ਕੇਵਲ ਇੱਕ ਫਿਰਕੇ ਤੱਕ ਸੀਮਤ ਰਹਿ ਗਿਆ ਸੀ। ਧਰਮ ਅਤੇ ਸਮਾਜ ਵਿਚਕਾਰ ਇੱਕ ਦਵੰਦ ਕਾਇਮ ਹੋ ਗਿਆ।ਸਿੱਟੇ ਵਜੋਂ ਧਰਮ ਖੰਭ ਲਾਕੇ ਉੱਡ ਗਿਆ ਸੀ।

ਅਜਿਹੀ ਹੀ ਹਾਲਤ ਮੁਹੰਮਦ (ਸ.) ਦੇ ਸਨਮੁਖ ਸੀ। ਸਮਾਜ ਜਾਂਗਲੀ ਬਣਦਾ ਜਾ ਰਿਹਾ ਸੀ। ਸਮਾਜਿਕ ਕਦਰਾਂ ਕੀਮਤਾਂ ਅਲੋਪ ਹੋ ਚੁੱਕੀਆਂ ਸਨ। ਉਨ੍ਹਾਂ ਨੇ ਅਮਲ ਨੂੰ ਸਿੱਧਾ ਸਮਾਜ ਨਾਲ ਜੋੜਿਆ। ਅਤੇ ਦੱਸਿਆ ਕਿ ਸਮਾਜ ਸਾਡਾ ਹੈ। ਇਸਨੂੰ ਸੁਹਣਾ ਵੀ ਅਸੀਂ ਬਣਾਉਣਾ ਹੈ ਅਤੇ ਵਿਗਾੜਨਾ ਵੀ ਅਸੀਂ ਹੀ ਹੈ। ਜੇਕਰ ਸਮਾਜ ਵਿਚ ਅਮੀਰ ਗ਼ਰੀਬ ਦੇ ਫਰਕ ਸਮੇਤ ਸਮਾਜਿਕ ਢਾਂਚਾ ਵਿਗੜ ਰਿਹਾ ਹੈ ਤਾਂ ਇਸ ਢਾਂਚੇ ਨੂੰ ਸਹੀ ਕਰਨਾ ਬੰਦਿਆਂ ਦੇ ਫ਼ਰਜ਼ ਹਨ। ਕਈ ਵਾਰੀ ਮਨ ਵਿਚ ਇਹ ਸਵਾਲ ਉੱਠਦਾ ਹੈ ਕਿ ਕੁਰਆਨ ਵਿੱਚ ਸਮਾਜਿਕ ਨੇਮਾਵਲੀ ਏਨੀ ਬਾਰੀਕੀ ਨਾਲ ਕਿਉਂ ਦਿੱਤੀ ਗਈ ਹੈ। ਇਸ ਦਾ ਜਵਾਬ ਇਹ ਹੈ ਕਿ ਜੇਕਰ ਧਰਮ ਵਿਅਕਤੀ ਦੇ ਅਮਲ ਦਾ ਹਿੱਸਾ ਨਹੀਂ ਬਣੇਗਾ ਤਾਂ ਓਪਰਾ ਪ੍ਰਤੀਤ ਹੋਵੇਗਾ। ਕੁਰਆਨ ਨੇ ਸਮਾਜਿਕ ਸਿੱਖਿਆਵਾਂ ਰਾਹੀ ਸਮਾਜ ਨੂੰ ਵਧੀਆ ਬਣਾਉਣ ਦਾ ਯਤਨ ਕੀਤਾ ਜਿਵੇਂ ਧੱਕੇ ਨਾਲ ਔਰਤਾਂ ਦੇ ਮਾਲ ਦੇ ਵਾਰਸ ਨਾ ਬਣੋ, ਬਿਨਾਂ ਸਹਿਮਤੀ ਦੇ ਉਨ੍ਹਾਂ ਦੀ ਮਹਿਰ ਨੂੰ ਨਾ ਖਾਓ। ਇਹ ਵਰਜਿਤ ਹੈ। ਜੇਕਰ ਉਹ ਕੋਈ ਅਜਿਹੀ ਗ਼ਲਤੀ ਕਰਨ ਜੋ ਕਿਰਦਾਰ ਨੂੰ ਧੱਬਾ ਲਾਵੇ ਤਾਂ ਸਖਤੀ ਕਰੋ। ਜੇਕਰ ਪਹਿਲੀ ਪਤਨੀ ਪਸੰਦ ਨਾ ਹੋਵੇ ਅਤੇ ਤੁਸੀਂ ਦੂਜੀ ਪਤਨੀ ਨਾਲ ਨਿਕਾਹ ਕਰਵਾਉਣਾ ਚਾਹੁੰਦੇ ਹੋਵੋ ਤਾਂ ਪਹਿਲੀ ਪਤਨੀ ਨੂੰ ਦਿੱਤੀਆਂ ਸੌਗਾਤਾਂ ਵਾਪਸ ਨਾ ਲਓ। ਈਮਾਨ ਵਾਲੇ ਮਰਦ, ਈਮਾਨ ਵਾਲੀਆਂ ਔਰਤਾਂ ਨਾਲ ਨਿਕਾਹ ਕਰਾਉਣ। ਸ਼ਾਦੀਸ਼ੁਦਾ ਔਰਤਾਂ ਸ਼ਾਦੀ ਦੀ ਹੱਦ ਵਿਚ ਰਹਿਣ। ਕਾਮ-ਤ੍ਰਿਪਤੀ ਲਈ ਚੋਰੀ ਛੁਪੇ ਰਿਸ਼ਤੇ ਨਾ ਬਣਾਉਣ। ਆਪਸੀ ਵਸਤੂਆਂ ਦੇ ਲੈਣ-ਦੇਣ ਵਿਚ ਰਜ਼ਾਮੰਦੀ ਜ਼ਰੂਰੀ ਹੈ। ਇਕ ਦੂਜੇ ਦੇ ਧਨ-ਪਦਾਰਥ ਅਣਹੱਕੇ ਢੰਗਾਂ ਨਾਲ ਨਾ ਖਾਓ। ਪਤੀ-ਪਤਨੀ ਦੇ ਰਿਸ਼ਤੇ ਵਿਚੋਂ ਸ਼ੱਕ ਸ਼ੁਬ੍ਹਾ ਕੱਢਣ ਲਈ ਯੋਗ ਬੰਦਿਆਂ ਨੂੰ ਸ਼ਾਮਿਲ ਕਰੋ ਜਿਹੜੇ ਤੁਹਾਡੇ ਰਿਸ਼ਤੇ ਨੂੰ ਸੁਆਰਨ। ਮਾਪਿਆਂ ਸਮੇਤ ਸਾਕ-ਸੰਬੰਧੀਆਂ, ਯਤੀਮਾਂ, ਮੁਥਾਜਾਂ, ਰਿਸ਼ਤੇਦਾਰਾਂ, ਗੁਆਂਢੀ, ਓਪਰੇ ਗੁਆਂਢੀ, ਮੁਸਾਫ਼ਿਰ, ਗ਼ੁਲਾਮ ਔਰਤਾਂ ਨਾਲ ਚੰਗਾ ਵਿਹਾਰ ਕਰੋ। ਜਿਊਂਦੇ ਜੀਅ ਆਪਣੀ ਵਿਰਾਸਤ ਤਿਆਰ ਕਰਵਾਓ ਤਾਂ ਜੋ ਮਰਨ ਉਪਰੰਤ ਝਗੜੇ ਨਾ ਪੈਦਾ ਹੋਣ। ਜ਼ਕਾਤ ਵਰਗੇ ਨਿਯਮ ਸਮਾਜ ਦੀ ਬਿਹਤਰੀ ਲਈ ਹੀ ਸਨ। ਇਹ ਹੁਕਮ ਉਸ ਵੇਲੇ ਨਾਜ਼ਲ ਹੋਏ ਜਦੋਂ ਸਾਡੇ ਸਮਾਜ ਵਿਚ ਅਜਿਹੇ ਨਿਯਮਾਂ ਦਾ ਕੋਈ ਵਜੂਦ ਨਹੀਂ ਸੀ।

ਧਰਮ ਅਤੇ ਸਮਾਜ ਵਿਚਕਾਰ ਸੰਤੁਲਿਨ ਨੂੰ ਕਾਇਮ ਰੱਖਣ ਲਈ ਦੋਹਾਂ ਧਰਮ ਗ੍ਰੰਥਾਂ ਨੇ ਗ੍ਰਹਿਸਤ ਮਾਰਗ ਨੂੰ ਆਧਾਰ ਬਣਾਇਆ। ਇਸ ਵਿੱਚ ਦੋਹਾਂ ਦੀ ਹੋਂਦ ਅਤੇ ਬਚਾਅ ਦੇ ਹੱਲ ਛੁਪੇ ਹੋਏ ਸਨ। ਗ੍ਰਹਿਸਤ ਮਨੁੱਖ ਦੀ ਰੂਹਾਨੀਅਤ ਅਤੇ ਸਰੀਰਕ ਤ੍ਰਿਪਤੀ ਕਰਦਾ ਹੈ। ਦੋਹੇ ਧਰਮਾਂ ਦੇ ਪੈਗ਼ੰਬਰ ਅਤੇ ਗੁਰੂ ਗ੍ਰਹਿਸਤੀ ਸਨ। ਉਹ ਹੱਥੀਂ ਕਿਰਤ ਕਰਨ ਵਾਲੇ ਸਨ। ਮੁਹੰਮਦ (ਸ.) ਸਾਹਿਬ ਵਪਾਰ ਕਰਨ ਜਾਂਦੇ ਸਨ

ਅਤੇ ਗੁਰੂ ਨਾਨਕ ਦੇਵ ਜੀ ਖੇਤੀ ਕਰਦੇ ਸਨ। ਉਨ੍ਹਾਂ ਨੇ ਸਮਾਜ ਵਿਚ ਰਹਿ ਕੇ ਦੱਸਿਆ ਹੈ ਕਿ ਅਨਾਥਾਂ ਅਤੇ ਲੋੜਵੰਦਾਂ ਦੀ ਮਦਦ ਕਿਵੇਂ ਕਰਨੀ ਹੈ।

ਬੰਦਗੀ ਦਾ ਸਮਾਜ ਨਾਲ ਅਟੁੱਟ ਰਿਸ਼ਤਾ ਹੈ। ਦੋਹਾਂ ਧਰਮ ਗ੍ਰੰਥਾਂ ਤੋਂ ਪਹਿਲਾਂ ਸਮਾਜ ਵਿਚ ਅਰਾਜਕਤਾ ਵਾਲਾ ਮਾਹੌਲ ਸੀ। ਜਿਸ ਤਰ੍ਹਾਂ ਦੀਆਂ ਕੁਰੀਤੀਆਂ ਦੋਹਾਂ ਧਰਮ ਗ੍ਰੰਥਾਂ ਵਿਚ ਵਰਣਨ ਕੀਤੀਆਂ ਗਈਆਂ ਹਨ। ਉਨ੍ਹਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਮਨੁੱਖ ਕਿਸ ਤਰ੍ਹਾਂ ਦੇ ਹੋ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਸਾਫ ਕਹਿ ਦਿੱਤਾ ਕਿ ਧਰਮ ਖੰਭ ਲਾ ਕੇ ਉੱਡ ਗਿਆ ਸੀ। ਸਤੀ ਪ੍ਰਥਾ ਦੇ ਨਾਲ-ਨਾਲ, ਜਾਤ-ਪਾਤ ਗੰਭੀਰ ਸਮੱਸਿਆ ਸੀ। ਦੋਹਾਂ ਧਰਮ ਗ੍ਰੰਥਾਂ ਨੇ ਸਮਾਜਿਕ ਨੇਮਾਵਲੀ ਦਿੱਤੀ ਤਾਂ ਕਿ ਸਮਾਜ ਨੂੰ ਸੁਧਾਰਿਆ ਜਾ ਸਕੇ। ਗੁਰਮਤਿ ਨੇ ਇਸਨੂੰ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਨਾਲ ਜੋੜਿਆ। ਇਨ੍ਹਾਂ ਤਿੰਨਾਂ ਦੇ ਪਿੱਛੇ ਗੰਭੀਰ ਅਰਥ ਸਨ। ਜੋ ਵਿਅਕਤੀ ਕਿਰਤ ਕਰੇਗਾ ਉਹ ਬੁਰਾਈਆਂ ਤੋਂ ਬਚੇਗਾ। ਉਸ ਵਿਚ ਚੋਰੀ, ਹੱਡ ਹਰਾਮੀ, ਆਲਸਪੁਣਾ ਨਹੀਂ ਆਵੇਗਾ। ਸਮਾਜ ਨੂੰ ਅੱਗੇ ਲਿਆਉਣ ਵਿਚ ਕਿਰਤ ਦੀ ਅਹਿਮ ਭੂਮਿਕਾ ਹੈ। ਗੁਰੂ ਸਾਹਿਬ ਵੱਲੋਂ ਜੋ ਪਹਿਲਾਂ ਲੰਗਰ ਲਾਇਆ ਗਿਆ। ਉਹ ਕਿਰਤ ਕਮਾਈ ਦਾ ਹੀ ਸੀ। ਵਿਹਲਾ ਵਿਅਕਤੀ ਸਮਾਜ ’ਤੇ ਬੋਝ ਹੈ। ਇਸਤੋਂ ਅੱਗੇ ਵੰਡ ਛਕਣਾ ਵੀ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਅਤੇ ਰਿਸ਼ਤੇ ਨੂੰ ਉਜਾਗਰ ਕਰਦਾ ਹੈ। ਦੋਹੇ ਧਰਮ ਗ੍ਰੰਥ ਗ੍ਰਹਿਸਤ ਜੀਵਨ ਨੂੰ ਮਾਨਤਾ ਦਿੰਦੇ ਹਨ। ਰੂਹਾਨੀਅਤ ਦੀ ਪ੍ਰਾਪਤੀ ਸਮਾਜ ਵਿਚ ਰਹਿੰਦਿਆਂ ਹੋ ਸਕਦੀ ਹੈ। ਗੁਰਬਾਣੀ ਅਨੁਸਾਰ ਸਾਧਕ ਮਨ ਨੂੰ ਮਾਰਨ ਲਈ ਜੰਗਲਾਂ ਵਿੱਚ ਜਾਂਦਾ ਹੈ ਪਰ ਉਥੇ ਵੀ ਇਸਨੂੰ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ। ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ, ਇਹ ਤਿੰਨੇ ਅਸੂਲ ਸਮਾਜ ਦੇ ਧਰਾਤਲ ’ਤੇ ਪ੍ਰਫੁੱਲਿਤ ਹੁੰਦੇ ਹਨ। ਸਾਡੇ ਆਲਾ-ਦੁਆਲੇ ਵਿੱਚ ਗੁਆਢੀਂ, ਰਿਸ਼ਤੇਦਾਰ ਸਮੇਤ ਵਾਤਾਵਰਣ ਅਤੇ ਪਸ਼ੂ ਪੰਛੀ ਸ਼ਾਮਿਲ ਹੈ। ਧਰਮ ਗ੍ਰੰਥ ਮਨੁੱਖ ਨੂੰ ਤਾਲੀਮ ਦਿੰਦੇ ਹਨ ਕਿ ਉਸਨੇ ਸਮਾਜ ਵਿਚ ਕਿਵੇਂ ਰਹਿਣਾ ਹੈ? ਸਮਾਜ ਕੁਝ ਚਿਰ ਦਾ ਟਿਕਾਣਾ ਹੈ। ਅਸੀਂ ਪ੍ਰਾਹੁਣੇ ਹਾਂ। ਜਿਸ ਤਰ੍ਹਾਂ ਪ੍ਰਾਹੁਣਾ ਕਿਸੇ ਦੇ ਘਰ ਜਾਂਦਾ ਹੈ। ਹਰ ਚੀਜ਼ ਦੀ ਵਰਤੋਂ ਤਰੀਕੇ ਨਾਲ ਕਰਦਾ ਹੈ। ਪਰ ਉਹ ਘਰ ਦਾ ਮਾਲਕ ਨਹੀਂ ਬਣਦਾ। ਇਸ ਤਰ੍ਹਾਂ ਹੀ ਮਨੁੱਖ ਨੇ ਸਮਾਜ ਵਿਚ ਰਹਿਣਾ ਹੈ। ਲੋਕਾਂ ਨਾਲ ਆਪਣੇ ਫ਼ਰਜ਼ ਵੀ ਨਿਭਾਉਂਣੇ ਹਨ ਅਤੇ ਅੱਲਾਹ ਦਾ ਸ਼ੁਕਰ ਕਰਨਾ ਹੈ। ਆਪਣੇ ਗੁਆਂਢੀ ਦੀ ਮੁਸ਼ਕਿਲ ਵਿਚ ਸ਼ਰੀਕ ਹੋਣਾ ਹੈ। ਜਦੋਂ ਅਸੀਂ ਇਨ੍ਹਾਂ ਤਿੰਨਾਂ ਅੰਗਾਂ ’ਤੇ ਅੱਜ ਦੇ ਪ੍ਰਸੰਗ ਵਿਚ ਝਾਤ ਮਾਰਦੇ ਹਾਂ ਤਾਂ ਸਾਨੂੰ ਨਜ਼ਰ ਪੈਂਦਾ ਹੈ ਕਿ ਸਮਾਜ ਕੁਰਾਹੇ ਪਿਆ ਹੈ। ਰੱਬ ਦੇ ਨਾਂ ’ਤੇ ਦੁਕਾਨਾਂ ਚੱਲ ਰਹੀਆਂ ਹਨ। ਸੱਚੇ ਰੱਬ ਦੀ ਬੰਦਗੀ ਨਾ ਕਰਨ ਕਰਕੇ ਲੋਕਾਂ ਦੇ ਮਨਾਂ ਵਿੱਚ ਨਫ਼ਰਤ, ਦੁਬਿਧਾ ਪੈਦਾ ਹੋ ਰਹੀ ਹੈ। ਉਹ ਬਾਹਰੋ ਧਰਮੀ ਤਾਂ ਹਨ ਪਰ ਅੰਦਰੂਨੀ ਤੌਰ 'ਤੇ ਖਾਲੀ ਹਨ। ਸਿੱਟੇ ਵਜੋਂ ਸਾਡਾ ਸਮਾਜ ਵਿਗੜਦਾ ਜਾ ਰਿਹਾ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਅਸੀਂ ਇਸ ਸਿੱਟੇ ’ਤੇ ਪੁੱਜਦੇ ਹਾਂ ਕਿ ਦੋਹਾਂ ਧਰਮ ਗ੍ਰੰਥਾਂ ਵਿੱਚ ਬਾਹਰੀ ਰੂਪ ਵਿਚ ਵਖਰੇਵੇਂ ਹਨ ਪਰ ਅੰਦਰੂਨੀ ਰੂਪ ਵਿਚ ਸਮਾਨਤਾਵਾਂ ਹਨ। ਵਖਰੇਵਿਆਂ ਪਿੱਛੇ ਉਸ ਧਰਮ ਦਾ ਪਿਛੋਕੜ, ਸਮਾਜਿਕ ਅਤੇ ਭੂਗੋਲਿਕ ਹਾਲਾਤ ਅਹਿਮ ਭੂਮਿਕਾ ਨਿਭਾਉਂਦੇ ਹਨ। ਬਾਹਰੀ ਤੌਰ ’ਤੇ ਜੋ ਕਰਮ ਗੁਰਮਤਿ ਦਾ ਧਾਰਨੀ ਕਰਦਾ ਹੈ ਉਸਨੂੰ ਮੁਸਲਮਾਨ ਨਹੀਂ ਕਰਦੇ ਅਤੇ ਜੋ ਕੰਮ ਬਾਹਰੀ ਤੌਰ

'ਤੇ ਮੁਸਲਮਾਨ ਕਰਦਾ ਹੈ ਉਸਨੂੰ ਸਿੱਖ ਨਹੀਂ ਕਰਦੇ। ਪਿਛੇ ਅਸੀਂ ਜ਼ਿਕਰ ਕੀਤਾ ਸੀ ਕਿ ਕਿਸੇ ਵੀ ਧਰਮ ਨੂੰ ਸਮਝਣ ਵਿਚ ਉਸ ਧਰਮ ਪ੍ਰਤੀ ਭਰੋਸਾ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਇਸ ਲਈ ਹਰ ਧਰਮ ਦਾ ਬਾਹਰੀ ਕਰਮ ਉਸ ਧਰਮ ਪ੍ਰਤੀ ਸੱਚੀ ਲਗਨ ਨੂੰ ਉਜਾਗਰ ਕਰਦਾ ਹੈ। ਜ਼ਕਾਤ, ਰੋਜ਼ਾ, ਹੱਜ ਅਤੇ ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ ਰਸਮਾਂ ਬਾਹਰੀ ਤੌਰ 'ਤੇ ਭਿੰਨ ਹਨ ਪਰ ਅੰਦਰੂਨੀ ਤੌਰ 'ਤੇ ਸ਼ੁਭ ਅਮਲ ਕਰਨ ਲਈ ਪ੍ਰੇਰਦੀਆਂ ਹਨ। ਅਖੀਰ ਵਿਚ ਅਸੀਂ ਕਹਿ ਸਕਦੇ ਹਾਂ ਕਿ ਦੋਹੇ ਧਰਮ ਗ੍ਰੰਥਾਂ ਵਿਚ ਬੰਦਗੀ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਬਿਆਨ ਕੀਤਾ ਹੈ। ਪਰੰਤੂ ਇਹਨਾਂ ਸਾਰੇ ਤਰੀਕਿਆਂ ਦਾ ਇੱਕ ਹੀ ਉਦੇਸ਼ ਹੈ ਅਤੇ ਉਹ ਹੈ ਬੰਦੇ ਦੀ ਘਾੜਤ। ਅਜਿਹਾ ਬੰਦਾ ਜੋ ਸੱਚ 'ਤੇ ਖੜ੍ਹੇ, ਨਿਆਂ, ਹਮਦਰਦੀ, ਭਾਈਚਾਰੇ ਨੂੰ ਪ੍ਰਫੁੱਲਤ ਕਰੇ। ਆਪ ਵੀ ਜੀਵੇ ਅਤੇ ਹੋਰਾਂ ਨੂੰ ਵੀ ਜਿਊਣ ਦੇਵੇ। ਗੁਰਬਾਣੀ ਵਿੱਚ ਗੁਰੂ ਨੂੰ ਪਰਮੇਸ਼ਵਰ ਕਿਹਾ ਹੈ। ਇਸਲਾਮ ਅਨੁਸਾਰ ਨਬੀ (ਸ.) ਆਮ ਇਨਸਾਨ ਹੈ। ਇਸਦਾ ਭਾਵ ਇਹ ਨਹੀਂ ਕਿ ਇਸ ਨਾਲ ਦੋਹਾਂ ਦੀ ਤਾਕਤ ਵਿੱਚ ਜਾਂ ਹਸਤੀ ਵਿੱਚ ਕੋਈ ਫ਼ਰਕ ਪੈਂਦਾ ਹੈ ਪੈਗ਼ੰਬਰ ਅਤੇ ਗੁਰੂ ਰੱਬ ਵੱਲੋਂ ਹਨ, ਦੋਹਾਂ ਦੇ ਉਪਦੇਸ਼ ਪ੍ਰਮਾਣਿਕ ਹਨ। ਦੋਹੇਂ ਹੀ ਇੱਕ ਮਹਾਨ ਹਸਤੀ ਦੀ ਗੱਲ ਵੀ ਕਰਦੇ ਹਨ ਅਤੇ ਲੋਕਾਂ ਵਿਚ ਪ੍ਰਚਾਰ ਵੀ ਕਰਦੇ ਹਨ। ਗੁਰਬਾਣੀ ਵਿਚ ਦੱਸਿਆ ਹੈ ਕਿ ਗੁਰੂ ਬਿਨ੍ਹਾਂ ਬੰਦਗੀ ਨਹੀਂ ਹੁੰਦੀ। ਕੁਰਆਨ ਦਾ ਈਮਾਨ ਹੈ ਕਿ ਪੈਗੰਬਰ 'ਤੇ ਯਕੀਨ ਬਿਨ੍ਹਾਂ ਬੰਦਗੀ ਨਹੀਂ ਹੁੰਦੀ। ਪੈਗੰਬਰ ਅਤੇ ਗੁਰੂ ਆਦਰਸ਼ ਹਨ। ਬੰਦਾ ਉਨ੍ਹਾਂ ਵਰਗਾ ਬਣੇ। ਗੁਰਬਾਣੀ ਵਿੱਚ ਗੁਰੂ, ਸੰਗਤ, ਕੀਰਤਨ, ਸੇਵਾ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ ਅਤੇ ਇਸਨੂੰ ਦ੍ਰਿੜਤਾ ਨਾਲ ਲਾਗੂ ਕਰਨ ਦੀ ਗੱਲ ਵੀ ਕਹੀ ਗਈ ਹੈ। ਕੁਰਆਨ ਵਿਚ ਨਮਾਜ਼, ਜ਼ਕਾਤ, ਰੋਜ਼ਾ, ਹੱਜ ਅਤੇ ਜ਼ਿਕਰ ਦੀ ਗੱਲ ਵਾਰ-ਵਾਰ ਦੁਹਰਾਈ ਗਈ ਹੈ। ਦੁਹਰਾਈ ਉਹ ਗੱਲ ਜਾਂਦੀ ਹੈ ਜੋ ਅਤਿ ਜ਼ਰੂਰੀ ਹੁੰਦੀ ਹੋਵੇ। ਮਸਜਿਦਾਂ ਅਤੇ ਗੁਰੂ ਘਰਾਂ ਚੋਂ ਵਾਰ-ਵਾਰ ਇਹ ਆਵਾਜ਼ ਹੀ ਆਉਂਦੀ ਹੈ ਕਿ ਬੰਦਗੀ ਕਰੋ। ਦੋਹਾਂ ਧਰਮ ਗ੍ਰੰਥਾਂ ਵਿੱਚ ਅਨੇਕ ਦ੍ਰਿਸ਼ਟਾਂਤਾਂ ਨਾਲ ਬੰਦਗੀ ਵੱਲ ਪ੍ਰੇਰਿਤ ਕੀਤਾ ਗਿਆ ਹੈ।

**ਗੁਰਮਤਿ ਦਾ ਇਸਲਾਮਿਕ ਨਜ਼ਰੀਆ**

ਗੁਰਮਤਿ ਨੇ ਇਸਲਾਮਿਕ ਵਿਚਾਰਧਾਰਾ ਦਾ ਬਹੁਤ ਸਤਿਕਾਰ ਕੀਤਾ ਹੈ। ਇਹ ਸਤਿਕਾਰ ਗੁਰਬਾਣੀ ਅਤੇ ਇਤਿਹਾਸ ਦਾ ਅਹਿਮ ਅੰਗ ਬਣਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਭਾਈ ਮਰਦਾਨਾ ਵੀ ਰੋਹੀਆਂ, ਬੀਆਂਬਾਨਾਂ ਵਿਚ ਰੱਬ ਦੇ ਗੁਣਗਾਨ ਕਰਦਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਜੀ ਸਿੱਖ ਗੁਰੂ ਸਾਹਿਬਾਨ ਨਾਲ ਗੱਲਾਂ ਕਰਦੇ ਪਏ ਹਨ। ਬਾਣੀਕਾਰਾਂ ਵਿਚ ਨਮਾਜ਼ ਦੇ ਪਾਬੰਦ ਮੁਸਲਮਾਨਾਂ ਦੀ ਬਾਣੀ ਦਰਜ਼ ਹੈ। ਹਰਿਮੰਦਿਰ ਸਾਹਿਬ ਦੀ ਨੀਹ ਦੀ ਪਹਿਲੀ ਇੱਟ ਰੱਖਣ ਵਾਲੇ ਸਾਈਂ ਮੀਆਂ ਮੀਰ ਜੀ ਉਚੇ ਮੁਕਾਮ ਦੇ ਮਾਲਕ ਸਨ। ਗੁਰੂ ਹਰਿਗੋਬਿੰਦ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਬਾਬਾ ਬੁੱਢਾ ਜੀ ਦੀ ਸੇਵਾ ਲਾਈ ਕਿ ਇਥੇ ਮੁਸਲਮਾਨਾਂ ਨੂੰ ਇਬਾਦਤ ਲਈ ਮਸਜਿਦ ਬਣਾ ਕੇ ਦਿਓ। ਨਵਾਬ ਸੈਫ਼ੂਦੀਨ ਗੁਰੂ ਤੇਗ ਬਹਾਦਰ ਜੀ ਦਾ ਪਰਮ ਮਿੱਤਰ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ *ਉੱਚ ਦੇ ਪੀਰ* ਬਣਾ ਕੇ ਹਕੂਮਤ ਦੇ ਪੰਜੇ ਚੋਂ ਕੱਢਣ ਵਾਲੇ ਗ਼ਨੀ ਖਾਂ ਤੇ ਨਬੀ ਖਾਂ ਸਤਿਕਾਰ ਦੇ ਯੋਗ ਹਨ। ਅਸੀਂ ਸਿੱਖਾਂ ਦੀਆਂ ਸ਼ਹਾਦਤਾਂ ਦੀ ਗੱਲ ਕਰਦੇ ਹਾਂ। ਪਉਟੇ ਭੰਗਾਣੀ ਦੇ ਜੰਗ ਵਿਚ ਆਪਣੇ ਦੋ ਪੁੱਤਰਾਂ ਨੂੰ

ਅਤੇ ਸੱਤ ਸੌ ਮੁਰੀਦਾਂ ਨੂੰ ਸ਼ਹੀਦ ਕਰਾਉਣ ਵਾਲੇ ਬੁਧੂ ਸ਼ਾਹ ਸਾਨੂੰ ਕਦੇ ਭੁੱਲਣੇ ਨਹੀਂ ਚਾਹੀਦੇ। ਗੁਰਮਤਿ ਜਿਥੇ ਸਿੱਖੀ ਦੇ ਮਾਰਗ ਨੂੰ ਔਖਾ ਆਖਦੀ ਹੈ, ਉਥੇ ਦੱਸਦੀ ਹੈ ਕਿ ਮੁਸਲਮਾਨ ਕਹਾਉਣਾ ਵੀ ਆਸਾਨ ਨਹੀਂ ਹੈ। ਕੁਰਆਨ ਆਖਦਾ ਹੈ ਕਿ ਤੁਹਾਡੇ ਦਿਲ ਪੱਥਰ ਹੋ ਚੁੱਕੇ ਹਨ। ਇਹ ਕਦੋਂ ਨਰਮ ਹੋਣਗੇ। ਗੁਰਮਤਿ ਆਖਦੀ ਹੈ ਕਿ ਮੁਸਲਮਾਨ ਮੋਮ ਵਰਗਾ ਨਰਮ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨ ਨੂੰ ਮੋਮ ਦੇ ਪਿਘਲਣ ਵਾਲੇ ਗੁਣ ਨਾਲ ਪਰਿਭਾਸ਼ਿਤ ਕੀਤਾ ਹੈ।[14] ਉਸਨੇ ਆਪਣੀ ਮੈਲ ਦੂਰ ਕਰ ਲਈ ਹੈ। ਮੁਸਲਮਾਨ ਦੀਆਂ ਨਮਾਜ਼ਾਂ ਵਿੱਚ ਸੱਚ, ਹਲਾਲ, ਖੈਰ, ਨੀਅਤ ਅਤੇ ਸਿਫ਼ਤ ਵਰਗੇ ਗੁਣ ਹੋਣੇ ਚਾਹੀਦੇ ਹਨ।[15] ਭਾਈ ਨੰਦ ਲਾਲ ਜੀ ਦੱਸਦੇ ਹਨ ਕਿ ਜਿਵੇਂ ਮੁਸਲਮਾਨ ਸ਼ੁੱਕਰਵਾਰ ਵਾਲੇ ਦਿਨ ਇਕੱਠੇ ਹੋ ਕੇ ਨਮਾਜ਼ ਪੜ੍ਹਦੇ ਹਨ ਇਸ ਤਰ੍ਹਾਂ ਸਿੱਖ ਧਰਮ ਵਿੱਚ ਸੰਗਤ ਵਿੱਚ ਜੁੜਕੇ ਰੱਬੀ ਰੰਗਾਂ ਨੂੰ ਮਾਣਿਆ ਜਾਂਦਾ ਹੈ।[16] ਸੱਚ ਨੂੰ ਕਮਾਉਣ ਵਾਲਾ ਕਾਜ਼ੀ ਹੈ ਅਤੇ ਦਿਲ ਨੂੰ ਸੋਧਣ ਵਾਲਾ ਹਾਜੀ ਹੈ।[17] ਅਸੀਂ ਕਹਿ ਸਕਦੇ ਹਾਂ ਕਿ ਮੁਸਲਮਾਨਾਂ ਦੇ ਸਹਿਯੋਗ ਨਾਲ ਹੀ ਗੁਰਬਾਣੀ ਅਤੇ ਸਿਖ ਇਤਿਹਾਸ ਦੀ ਸੰਪੂਰਨਤਾ ਹੁੰਦੀ ਹੈ।

ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਆਨ ਮਜੀਦ ਦੀਆਂ ਤੁਕਾਂ ਦਿੱਤੀਆਂ ਜਾ ਰਹੀਆਂ ਹਨ ਜੋ ਆਪਸ ਵਿਚ ਸਮਾਨ ਅਰਥ ਰੱਖਦੀਆਂ ਹਨ:

**1. ਸਿੱਧਾ ਰਾਹ**

ਸਾਨੂੰ ਸਿੱਧਾ ਰਾਹ ਵਿਖਾ, ਉਹਨ੍ਹਾਂ ਲੋਕਾਂ ਦਾ ਰਾਹ ਜਿਹਨਾਂ ਨੂੰ ਤੂੰ ਇਨਾਮ ਬਖ਼ਸ਼ਿਆ, ਜਿਹੜੇ ਕਰੋਪੀ ਦੇ ਭਾਗੀ ਨਹੀਂ ਅਤੇ ਜਿਹੜੇ ਭਟਕੇ ਹੋਏ ਨਹੀਂ ਹਨ।[18]

ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ॥[19]

**2. ਇਨਕਾਰੀ**

ਅੱਲਾਹ ਨੇ ਉਨ੍ਹਾਂ ਦੇ ਦਿਲਾਂ ਤੇ ਉਨ੍ਹਾਂ ਦੇ ਕੰਨਾਂ ਉੱਤੇ ਮੋਹਰ ਲਾ ਦਿੱਤੀ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਉੱਤੇ ਪੜਦਾ ਪੈ ਗਿਆ ਹੈ। ਉਹ ਕਰੜੀ ਸਜ਼ਾ ਦੇ ਭਾਗੀ ਹਨ।[20]

ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ॥[21]

ਇਹ ਬੋਲੇ ਹਨ, ਗੂੰਗੇ ਹਨ, ਅੰਨ੍ਹੇ ਹਨ ਤੇ ਇਹ ਹੁਣ ਵਾਪਸ ਨਹੀਂ ਪਰਤਣਗੇ।[22]

---

14 ਮੁਸਲਮਾਣੁ ਮੋਮ ਦਿਲ ਹੋਵੈ॥ ਮਾਰੂ ਮ: ੫, 1084.

15 ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥ ਰਾਗ ਮਾਝ, ਮ: ੧, 141.

16 ਰੂਜ਼ਿ ਜੁਮਆ ਮੋਮਨਾਨਿ ਪਾਕਬਾਜ਼ ਗਿਰਦ ਮੀ ਆਇੰਦ ਅਜ਼ ਬਹਿਰਿ ਨਿਮਾਜ਼॥ ਹਮਚੁਨਾਂ ਦਰ ਮਜ਼ਹਬਿ ਮਾ ਸਾਧ ਸੰਗ ਕਜ਼ ਮੁਹੱਬਤ ਬਾ-ਖੁਦਾ ਦਾਰੰਦ ਰੰਗ॥ ਗੰਡਾ ਸਿੰਘ (ਡਾ.), *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨਾ-79.

17 ਸਚੁ ਕਮਾਵੈ ਸੋਈ ਕਾਜੀ॥ ਜੋ ਦਿਲ ਸੋਧੇ ਸੋਈ ਹਾਜੀ॥ ਰਾਗ ਮਾਰੂ ਮ:੪, 1084.

18 1:5-7.

19 ਧਨਾਸਰੀ ਮ: ੫, 672.

20 2:7

21 ਰਾਗ ਭੈਰਉ ਮ: ੧,126.

22 2:18

ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ [23]

ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ॥ [24]

**3.ਵਿਦਿਆ ਵੇਚਣਾ**

ਥੋੜ੍ਹੇ ਮੁੱਲ ਉੱਤੇ ਮੇਰੀਆਂ ਆਇਤਾਂ ਨੂੰ ਨਾ ਵੇਚ ਸੁਟੋ।[25]

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥[26]

**4 ਰਾਹ ਤੇ ਕੁਰਾਹ**

ਇਸ ਤਰ੍ਹਾਂ ਅੱਲਾਹ ਇੱਕੋ ਗੱਲ ਨਾਲ ਬਹੁਤਿਆਂ ਨੂੰ ਕੁਰਾਹੇ ਪਾ ਦਿੰਦਾ ਹੈ ਅਤੇ ਬਹੁਤਿਆਂ ਨੂੰ ਸਿੱਧਾ ਰਾਹ ਵਿਖਾ ਦਿੰਦਾ ਹੈ।[27]

ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ।[28]

**5 ਅੱਲਾਹ**

ਪੂਰਬ ਤੇ ਪੱਛਮ ਸਭ ਅੱਲਾਹ ਦੇ ਹਨ। ਜਿਸ ਪਾਸੇ ਵੀ ਤੁਸੀਂ ਮੂੰਹ ਕਰੋਗੇ ਉਸ ਪਾਸੇ ਅੱਲਾਹ ਦਾ ਸਾਹਮਣਾ ਹੈ। ਅੱਲਾਹ ਸਰਵ ਵਿਆਪੀ ਅਤੇ ਸਭ ਕੁਝ ਜਾਣਨ ਵਾਲਾ ਹੈ।[29]

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰ ਜੀਉ॥ [30]

**6 ਸੋਹਣਾ ਰੰਗ**

ਆਖੋ, "ਅੱਲਾਹ ਦੇ ਰੰਗ ਵਿੱਚ ਰੰਗੇ ਜਾਓ। ਉਸ ਦੇ ਰੰਗ ਤੋਂ ਸੋਹਣਾ ਹੋਰ ਕਿਸ ਦਾ ਰੰਗ ਹੋਵੇਗਾ=;ਵਸ ਅਤੇ ਅਸੀਂ ਉਸੇ ਦੀ ਬੰਦਗੀ ਕਰਨ ਵਾਲੇ ਹਾਂ।"[31]

ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙ ਮਜੀਠੈ ਰੰਙ॥[32]

**7. ਸਬਰ**

ਹੇ ਈਮਾਨ ਲਿਆਉਣ ਵਾਲਿਓ! ਸਬਰ ਅਤੇ ਨਮਾਜ਼ ਤੋਂ ਸਹਾਇਤਾ ਲਓ। ਅੱਲਾਹ ਸਬਰ ਕਰਨ ਵਾਲਿਆਂ ਦੇ ਅੰਗ ਸੰਗ ਹੈ।[33]

ਸਿਦਕ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾ॥ [34]

---

23 ਰਾਗ ਗਉੜੀ ਮ: ੩, 313
24 ਰਾਗ ਮ: ੩,111.
25 2: 41
26 ਰਾਗ ਮਾਰੂ, ਕਬੀਰ 1103.
27 2:26
28 ਰਾਗ ਆਸਾ ਮ:੧, 417.
29 2:115.
30 ਰਾਗ ਆਸਾ ਮ: ੧,438.
31 2:138.
32 ਰਾਗ ਸੂਹੀ ਮ: ੪,731.
33 2:153.
34 ਰਾਗ ਸਿਰੀਰਾਗ ਮ: ੧, 83.

**8. ਇੱਕ ਰੱਬ**

ਤੁਹਾਡਾ ਇਸ਼ਟ ਇੱਕੋ-ਇੱਕ ਇਸ਼ਟ ਹੈ। [35]

ਏਕੋ ਏਕੁ ਏਕੁ ਹਰਿ ਆਪਿ॥ [36]

**9. ਇਨਕਾਰੀ**

ਕਿਹਾ ਅਨੋਖਾ ਹੈ ਇਨ੍ਹਾਂ ਦਾ ਹੌਸਲਾ! ਕਿ ਨਰਕ ਦੀ ਸਜ਼ਾ ਸਹਿਣ ਲਈ ਤਿਆਰ ਹਨ।[37]

ਅੰਮ੍ਰਿਤ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥ [38]

**10. ਰੱਬ ਨੇੜ੍ਹੇ ਹੈ**

ਹੇ ਨਬੀ ! ਮੇਰੇ ਬੰਦੇ ਜੇ ਤੁਹਾਥੋਂ ਮੇਰੇ ਬਾਰੇ ਪੁੱਛਣ, ਤਾਂ ਉਨ੍ਹਾਂ ਨੂੰ ਦੱਸ ਦਿਓ ਕਿ ਮੈਂ ਉਨ੍ਹਾਂ ਦੇ ਨੇੜ੍ਹੇ ਹੀ ਹਾਂ। ਪੁਕਾਰਨ ਵਾਲਾ ਜਦੋਂ ਮੈਨੂੰ ਪੁਕਾਰਦਾ ਹੈ, ਮੈਂ ਉਸ ਦੀ ਪੁਕਾਰ ਸੁਣਦਾ ਅਤੇ ਜਵਾਬ ਦੇਂਦਾ ਹਾਂ।[39]

ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥ [40]

**11. ਕਰਨੀਆਂ ਦਾ ਨਤੀਜਾ**

ਹੇ ਮਨੁੱਖ ! ਤੈਨੂੰ ਜਿਹੜੀ ਭਲਾਈ ਵੀ ਪ੍ਰਾਪਤ ਹੁੰਦੀ ਹੈ ਅੱਲਾਹ ਦੀ ਕਿਰਪਾ ਨਾਲ ਹੁੰਦੀ ਹੈ ਅਤੇ ਜਿਹੜੀ ਔਂਕੜ ਤੇਰੇ ਉੱਤੇ ਆਉਂਦੀ ਹੈ, ਉਹ ਤੇਰੀਆਂ ਆਪਣੀਆਂ ਕਰਨੀਆਂ ਸਦਕਾ ਹੈ।[41]

ਦਦੈ ਦੋਸ ਨ ਦੇਊ ਕਿਸੈ ਦੋਸ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸ ਨ ਦੀਜੈ ਅਵਰ ਜਨਾ॥ [42]

**12. ਅੱਲਾਹ ਦੀ ਬਾਣੀ ਚਾਨਣ ਹੈ**

ਹੇ ਲੋਕੋ! ਤੁਹਾਡੇ ਰੱਬ ਵੱਲੋਂ ਤੁਹਾਡੇ ਕੋਲ ਸਪੱਸ਼ਟ ਦਲੀਲ ਆ ਗਈ ਹੈ ਅਤੇ ਅਸਾਂ ਤੁਹਾਡੇ ਵੱਲ ਅਜਿਹਾ ਚਾਨਣ ਭੇਜ ਦਿੱਤਾ ਹੈ ਜੋ ਤੁਹਾਨੂੰ ਸਾਫ਼-ਸਾਫ਼ ਰਾਹ ਵਿਖਾਉਣ ਵਾਲਾ ਹੈ।[43]

ਗੁਰਬਾਣੀ ਇਸ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ [44]

**13. ਭਲੇ ਬੰਦੇ ਘੱਟ ਹਨ**

ਭਾਵੇਂ ਇਹਨਾਂ ਵਿੱਚ ਕੁਝ ਲੋਕੀ ਸਿੱਧੇ ਰਾਹ ਤੁਰਨ ਵਾਲੇ ਵੀ ਹਨ ਪਰ ਇਹਨਾਂ ਦੀ ਬਹੁਗਿਣਤੀ ਡਾਢੀ ਕੁਕਰਮੀ ਹੈ।[45]

---

35 2:163.
36 ਰਾਗ ਗਉੜੀ ਸੁਖਮਨੀ ਮ: ੫, 289.
37 2:175
38 ਰਾਗ ਰਾਮਕਲੀ ਮ: ੫, 892.
39 2:186.
40 ਰਾਗ ਸੂਹੀ ਮ: ੪, 733.
41 4:78.
42 ਰਾਗ ਆਸਾ ਮ: ੧,433.
43 4:174.
44 ਰਾਗ ਸਿਰੀਰਾਗ ਮ:੩,67.
45 5:66.

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰ॥ [46]

**14. ਸੱਚਾ ਸੁੱਚਾ ਆਚਾਰ**

ਅੱਲਾਹ ਸੱਚੇ-ਸੁੱਚੇ ਆਚਰਣ ਵਾਲਿਆਂ ਨੂੰ ਪਸੰਦ ਕਰਦਾ ਹੈ।[47]

ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥ [48]

**15. ਧਰਮ ਖਿਡੌਣਾ ਨਹੀਂ ਹੈ**

ਖਹਿੜਾ ਛੱਡੋ ਉਹਨਾਂ ਲੋਕਾਂ ਦਾ ਜਿਹਨਾਂ ਨੇ ਆਪਣੇ ਧਰਮ ਨੂੰ ਖੇਡ ਤਮਾਸ਼ਾ ਬਣਾ ਰੱਖਿਆ ਹੈ ਅਤੇ ਜਿਹਨਾਂ ਨੂੰ ਸੰਸਾਰਕ ਜੀਵਨ ਨੇ ਧੋਖੇ ਵਿਚ ਪਾ ਦਿੱਤਾ ਹੈ।[49]

ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ ਲੋਗਨ ਰਾਮੁ ਖਿਲਉਨਾ ਜਾਨਾਂ॥[50]

**16. ਮਨੁੱਖ ਲਈ ਨਿਆਮਤਾਂ**

ਅਸੀਂ ਤੁਹਾਨੂੰ ਧਰਤੀ 'ਤੇ ਅਧਿਕਾਰਾਂ ਨਾਲ ਵਸਾਇਆ ਅਤੇ ਤੁਹਾਡੇ ਲਈ ਇਥੇ ਜੀਵਨ ਸਮੱਗਰੀ ਉਪਲਬਧ ਕੀਤੀ, ਪਰ ਤੁਸੀਂ ਲੋਕ ਘੱਟ ਹੀ ਸ਼ੁਕਰ ਕਰਦੇ ਹੋ।[51]

ਅਵਰ ਜੋਨਿ ਤੇਰੀ ਪਨਿਹਾਰੀ॥ ਇਸ ਧਰਤੀ ਮਹਿ ਤੇਰੀ ਸਿਕਦਾਰੀ॥[52]

**17. ਜ਼ਿਕਰ ਕਿਵੇਂ ਕਰਨਾ ਹੈ**

ਹੇ ਨਬੀ! ਆਪਣੇ ਰੱਬ ਦਾ ਸਵੇਰ-ਸ਼ਾਮ ਸਿਮਰਨ ਕਰਦੇ ਰਹੋ, ਮਨ ਹੀ ਮਨ ਵਿੱਚ ਗਿੜਗੜਾਉਂਦਿਆ ਤੇ ਡਰਦਿਆਂ ਹੋਇਆ ਅਤੇ ਮੂੰਹੋ ਵੀ ਧੀਮੀ ਆਵਾਜ਼ ਨਾਲ। [53]

ਨਿਤ ਜਪੀਐ ਸਾਸਿ ਗਿਰਸਿ ਨਾਉ ਪਰਵਦਿਗਾਰ ਦਾ॥[54]

**18. ਧਨ ਜੋੜਣਾ**

ਦੁਖਦਾਈ ਸਜ਼ਾ ਦੀ ਖ਼ੁਸਖਬਰੀ ਦਿਓ ਉਹਨਾਂ ਨੂੰ ਜਿਹੜੇ ਚਾਂਦੀ ਜੋੜਕੇ ਰੱਖਦੇ ਹਨ ਅਤੇ ਉਸਨੂੰ ਅੱਲਾਹ ਦੇ ਰਾਹ ਵਿੱਚ ਖਰਚ ਨਹੀਂ ਕਰਦੇ। [55]

ਕਉਡੀ ਕਉਡੀ ਜੋਰਤ ਕਪਟੇ ਅਨਿਕ ਜੁਗਤਿ ਕਰਿ ਧਾਇਓ॥

ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ ਮਹਾ ਮੋਹਨੀ ਖਾਇਓ॥ [56]

---

46 ਸਲੋਕ ਵਾਰਾਂ ਤੇ ਵਧੀਕ ਮ: ੧, 1411.
47 5:93
48 ਰਾਗ ਸਿਰੀਰਾਗ ਮ: ੧, 62.
49 6:70
50 ਰਾਗ ਭੈਰਉ, ਕਬੀਰ, 1158.
51 7:10.
52 ਰਾਗ ਆਸਾ ਮ: ੫, 374.
53 7:205.
54 ਰਾਗ ਗੂਜਰੀ ਮ: ੫, 518.
55 9:35.
56 ਰਾਗ ਗੂਜਰੀ ਮ: ੫, 501.

**19. ਧਰਮ ਯੁੱਧ**

ਤੁਸੀਂ ਅੱਲਾਹ ਦੇ ਰਾਹ ਵਿੱਚ ਉਨ੍ਹਾਂ ਲੋਕਾਂ ਨਾਲ ਲੜੋ ਜਿਹੜੇ ਤੁਹਾਡੇ ਨਾਲ ਲੜਦੇ ਹਨ, ਪਰ ਵਧੀਕੀ ਨਾ ਕਰੋ ਕਿਉਂ ਜੋ ਅੱਲਾਹ ਵਧੀਕੀ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ। [57]

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[58]

**20. ਸੁਹਣੇ ਅਮਲ**

ਸੁਹਣੇ ਤੋਂ ਸੁਹਣਾ ਵਤੀਰਾ ਅਪਣਾਓ ਕਿਉਂ ਜੋ ਅੱਲਾਹ ਸੁਹਣੇ ਅਮਲਾਂ ਵਾਲਿਆਂ ਨੂੰ ਪਸੰਦ ਕਰਦਾ ਹੈ।[59]

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥ [60]

**21. ਲੋਕ ਪ੍ਰਲੋਕ**

ਅਤੇ ਕੋਈ ਆਖਦਾ ਹੈ ਕਿ ਕਿ ਹੇ ਸਾਡਿਆਂ ਰੱਬਾ! ਸਾਨੂੰ ਦੁਨੀਆ ਵਿੱਚ ਵੀ ਭਲਾਈ ਬਖ਼ਸ਼ਿਸ ਕਰ ਤੇ ਆਖ਼ਰਤ ਵਿੱਚ ਵੀ ਅਤੇ ਅੱਗ ਦੇ ਅਜ਼ਾਬ ਤੋਂ ਸਾਨੂੰ ਬਚਾ ਲੈ।[61]

ਦੋਵੈ ਥਾਵ ਰਖੇ ਗੁਰ ਸੂਰੇ॥ ਹਲਤ ਪਲਤ ਪਾਰਬ੍ਰਹਮ ਸਵਾਰੇ ਕਾਰਜ ਹੋਏ ਸਗਲੇ ਪੂਰੇ॥ ਰਹਾਉ॥[62]

**22. ਪੀਡੀ ਗੰਢ**

ਸਭੇ ਰਲ-ਮਿਲ ਕੇ ਅੱਲਾਹ ਦੀ ਰੱਸੀ ਨੂੰ ਦ੍ਰਿੜਤਾ ਪੂਰਬਕ ਫੜ੍ਹ ਲਓ ਅਤੇ (ਆਪੋ ਵਿਚਾਲੇ) ਫੁੱਟ ਨਾ ਪਾਓ।[63]

ਜੇ ਜਾਣਾ ਲੜ ਛਿਜਣਾ ਪੀਡੀ ਪਾਈਂ ਗੰਢਿ॥ ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥ [64]

**23. ਇਨਕਾਰੀਆਂ ਦਾ ਸੁਭਾਅ**

ਤੁਹਾਡਾ ਭਲਾ ਹੁੰਦਾ ਹੈ ਤਾਂ ਇਹਨਾਂ ਨੂੰ ਭੈੜਾ ਲੱਗਦਾ ਹੈ ਅਤੇ ਤੁਹਾਡੇ ਉਤੇ ਕੋਈ ਬਿੱਜ ਆ ਪੈਂਦੀ ਹੈ ਤਾਂ ਇਹ ਖਿੜ ਜਾਂਦੇ ਹਨ।[65]

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥ ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥[66]

**24. ਭਲੇ ਲੋਕ**

ਜਿਹੜੇ ਗੁੱਸੇ ਨੂੰ ਪੀ ਜਾਂਦੇ ਹਨ ਅਤੇ ਦੂਜਿਆਂ ਦੀਆਂ ਭੁੱਲਾਂ ਮਾਫ਼ ਕਰ ਦਿੰਦੇ ਹਨ-ਅਜਿਹੇ ਭਲੇ ਲੋਕ ਅੱਲਾਹ ਨੂੰ ਡਾਢੇ ਪਿਆਰੇ ਲਗਦੇ ਹਨ।[67]

---

57 2:190
58 ਰਾਗ ਮਾਰੂ, ਕਬੀਰ, 1105.
59 2:195
60 ਸਲੋਕ, ਸੇਖ ਫਰੀਦ, 1383.
61 2:201
62 ਰਾਗ ਬਿਲਾਵਲ ਮ: ੫, 825.
63 3:103.
64 ਸਲੋਕ, ਸੇਖ ਫਰੀਦ, 1378.
65 3:120.
66 ਰਾਗ ਸੋਰਠ ਮ: ੩, 649.
67 3:134

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ [68]

## 25. ਮਰਨ ਦਾ ਚਾਅ

ਜੇ ਤੁਸੀਂ ਅੱਲਾਹ ਦੇ ਰਾਹ ਵਿੱਚ ਮਾਰੇ ਜਾਓ ਜਾਂ ਮਰ ਜਾਓ ਤਾਂ ਅੱਲਾਹ ਦੀ ਜੋ ਮਿਹਰ ਅਤੇ ਬਖਸ਼ਿਸ਼ ਤੁਹਾਡੇ ਹਿੱਸੇ ਵਿੱਚ ਆਵੇਗੀ ਉਹ ਉਹਨਾਂ ਸਮੂਹ ਵਸਤਾਂ ਨਾਲੋਂ ਵਧੇਰੇ ਚੰਗੀ ਹੈ ਜਿਹੜੀਆਂ ਇਹ ਲੋਕ ਜੋੜਦੇ ਹਨ ਭਾਵੇਂ ਤੁਸੀਂ ਮਰੋ ਜਾਂ ਮਾਰੇ ਜਾਓ, ਹਰ ਹਾਲ ਵਿੱਚ ਤੁਸਾਂ ਸਭਨਾਂ ਨੇ ਸਿਮਟ ਕੇ ਜਾਣਾ ਅੱਲਾਹ ਵੱਲ ਹੀ ਹੈ। [69]

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥ ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥ [70]

## 26. ਇਕ ਜਾਨ

ਹੇ ਲੋਕੋ ! ਆਪਣੇ ਰੱਬ ਤੋਂ ਡਰੋਂ ਜਿਸਨੇ ਤੁਹਾਨੂੰ ਇਕ ਜਾਨ ਤੋਂ ਪੈਦਾ ਕੀਤਾ ਤੇ ਉਸੇ ਜਾਨ ਤੋਂ ਉਹਦਾ ਜੋੜਾ ਸਾਜਿਆ ਅਤੇ ਉਹਨਾਂ ਦੋਵਾਂ ਤੋਂ ਬਹੁਤ ਸਾਰੇ ਪੁਰਸ਼ ਤੇ ਇਸਤ੍ਰੀਆਂ ਦੁਨੀਆ ਵਿਚ ਖਿਲਾਰ ਦਿੱਤੇ।[71]

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ॥ [72]

## 27. ਮੌਤ

ਰਹਿ ਗਈ ਮੌਤ ਤਾਂ ਜਿੱਥੇ ਕਿਤੇ ਵੀ ਤੁਸੀਂ ਹੋਵੋਗੇ, ਉਹ ਹਰ ਹਾਲ ਵਿੱਚ ਤੁਹਾਨੂੰ ਆ ਨੱਪੇਗੀ ਭਾਵੇਂ ਤੁਸੀਂ ਕਿੱਡੇ ਵੀ ਪੱਕਿਆਂ ਬੁਰਜਾਂ ਵਿੱਚ ਹੋਵੋ।[73]

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥[74]

## 28. ਮੌਤ ਦਾ ਵੇਲਾ

ਮੌਤ ਦਾ ਵੇਲਾ ਲਿਖਿਆ ਹੋਇਆ ਹੈ।[75]

ਮਰਣੁ ਲਿਖਾਇ ਆਏ ਨਹੀ ਬੂਝੈ।[76]

---

68 ਸਲੋਕ, ਸੇਖ ਫਰੀਦ,1381.
69 3:157-158.
70 ਸਲੋਕ, ਕਬੀਰ, 1367.
71 4:1
72 ਰਾਗ ਗਉੜਾ, ਨਾਮਦੇਵ, 988.
73 4:77.
74 ਸਲੋਕ, ਫਰੀਦ, 1383.
75 3:145.
76 ਰਾਗ ਮਾਝ ਮ:੩, 114.

# ਸ਼ਾਰ-ਅੰਸ਼

ਮੈਂ ਆਪਣੇ ਖੋਜ ਕਾਰਜ ਦੌਰਾਨ ਦੋਹਾਂ ਧਰਮ ਗ੍ਰੰਥਾਂ ਦੀ ਮੂਲ ਭਾਵਨਾ ਨੂੰ ਮਾਣਿਆ ਹੈ। ਜਿਨ੍ਹਾਂ ਜ਼ਿਆਦਾ ਸਮਾਜ ਵਿਚ ਧਰਮ ਗ੍ਰੰਥਾਂ ਬਾਰੇ ਗ਼ਲਤਫਹਿਮੀਆਂ ਹਨ। ਉਨ੍ਹਾਂ ਹੀ ਧਰਮ ਗ੍ਰੰਥਾਂ ਵਿਚ ਪਿਆਰ ਅਤੇ ਸਦਭਾਵ ਹੈ। ਜਦੋਂ ਧਰਮ ਗ੍ਰੰਥ ਗੁਰੂ ਜਾਂ ਪੈਗੰਬਰ ਰਾਹੀਂ ਧਰਤੀ ਤੇ ਆਉਂਦੇ ਹਨ ਤਾਂ ਓਨ੍ਹਾਂ ਦਾ ਮੁਹਾਂਦਰਾ ਉਹੋ ਜਿਹਾ ਨਹੀਂ ਹੁੰਦਾ। ਪੈਗੰਬਰ ਜਾਂ ਗੁਰੂ ਲੋਕਾਂ ਨੂੰ ਆਮ ਨਾਗਰਿਕਾਂ ਵਾਂਗ ਹੀ ਮਿਲਦੇ ਹਨ। ਸਮਾਂ ਪਾ ਕੇ ਅਜਿਹਾ ਕੀ ਵਾਪਰ ਜਾਂਦਾ ਹੈ ਕਿ ਹਰ ਧਰਮ ਆਪਣੇ ਉਦੇਸ਼ ਤੋਂ ਥਿੜਕ ਜਾਂਦਾ ਹੈ। ਉਸਦੇ ਅਨੁਯਾਈ ਹੀ ਉਹ ਸਾਰੇ ਕੰਮ ਕਰਨ ਲੱਗ ਜਾਂਦੇ ਹਨ। ਜਿਨ੍ਹਾਂ ਤੋਂ ਬਚਣ ਲਈ ਉਹ ਧਰਮ ਹੋਂਦ ਵਿਚ ਆਇਆ ਹੁੰਦਾ ਹੈ।ਇਸ ਕਰਕੇ ਧਰਮ ਦੇ ਖੇਤਰ ਵਿਚ ਇਹ ਸੁਆਲ ਅਕਸਰ ਪੁੱਛਿਆ ਜਾਂਦਾ ਹੈ ਕਿ ਧਰਮ ਨੇ ਨਵਾਂ ਕੀ ਕੀਤਾ? ਨਵਾਂ ਉਦੋਂ ਹੁੰਦਾ ਹੈ ਜਦੋਂ ਲੋਕ ਧਰਮ ਗ੍ਰੰਥ ਦੀ ਗੱਲ ਮੰਨਦੇ ਹਨ। ਜਦੋਂ ਗੱਲ ਨਹੀ ਮੰਨਦੇ ਤਾਂ ਧਰਮ ਗ੍ਰੰਥ ਦੀਆਂ ਗੱਲਾਂ ਅਕਾਊ ਲੱਗਦੀਆਂ ਹਨ। ਅਸਲ ਵਿਚ ਸਾਰੇ ਧਰਮ ਨਵੇਂ ਹਨ। ਧਰਮ ਗ੍ਰੰਥ ਨੇ ਜਿਸ ਪ੍ਰਸੰਗ ਵਿਚ ਰਹਿਕੇ ਕੋਈ ਗੱਲ ਕਰੀ ਹੁੰਦੀ ਹੈ ਸਾਡੀ ਪਹੁੰਚ ਵਿਧੀ ਉਥੋਂ ਤੱਕ ਨਹੀਂ ਪਹੁੰਚ ਸਕਦੀ। ਦੋਹਾਂ ਧਰਮ ਗ੍ਰੰਥਾਂ ਨੂੰ ਵਿਚਾਰਿਆ ਪਤਾ ਲੱਗਦਾ ਹੈ ਕਿ ਮਨੁੱਖਤਾ ਅਜੇ ਵੀ ਉਥੇ ਹੀ ਖੜ੍ਹੀ ਹੈ। ਕੁਰੀਤੀਆਂ ਵੀ ਬਰਕਰਾਰ ਹਨ। ਬਸ ਉਨ੍ਹਾਂ ਦੇ ਮੁਹਾਂਦਰੇ ਬਦਲੇ ਹਨ। ਸਤੀ ਪ੍ਰਥਾ ਖਤਮ ਹੋਈ ਤਾਂ ਭਰੂਣ ਹੱਤਿਆ ਸ਼ੁਰੂ ਹੋ ਗਈ। ਪਹਿਲਾਂ ਜਨਮ ਤੋਂ ਬਾਅਦ ਮਾਰਿਆ ਜਾਂਦਾ ਸੀ ਅੱਜ ਜਨਮ ਤੋਂ ਪਹਿਲਾਂ ਮਾਰ ਦਿੱਤਾ ਜਾਂਦਾ ਹੈ।

ਧਰਮ ਦਾ ਬਾਹਰੀ ਰੂਪ ਤਾਂ ਕਾਇਮ ਹੈ। ਜੇ ਸੱਚਮੁਚ ਅਸੀਂ ਉਸ ਫਾਰਮੂਲੇ ਨੂੰ ਆਧਾਰ ਬਣਾਈਏ ਜੋ ਪੈਗੰਬਰ (ਸ.) ਨੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਰਤਿਆ ਸੀ ਤਾਂ ਅਸੀਂ ਵੀ ਬੇਮੁੱਖ ਦੀ ਸ਼੍ਰੇਣੀ ਵਿਚ ਆਵਾਂਗੇ। ਧਰਮ ਦਾ ਸਿਆਸੀਕਰਨ ਹੋ ਰਿਹਾ ਹੈ। ਧਰਮ ਘਰ-ਘਰ ਜਾਣਾ ਚਾਹੁੰਦਾ ਹੈ। ਇਸ ਨੂੰ ਮੰਤਰੀਆਂ ਅਤੇ ਪੁਜਾਰੀਆਂ ਨੇ ਆਪਣੀ ਮਲਕੀਅਤ ਬਣਾ ਲਿਆ ਹੈ। ਦੋਹੇ ਧਰਮ ਗ੍ਰੰਥ ਆਖਦੇ ਹਨ ਕਿ ਰੱਬ ਦੇ ਆਗਿਆਕਾਰ ਬਣੋ। ਅਸੀਂ ਉਥੇ ਖੜ੍ਹੇ ਮਹਿਸੂਸ ਕਰਦੇ ਹਾਂ ਜਿਥੋਂ ਧਰਮ ਗ੍ਰੰਥ ਨੇ ਸਾਨੂੰ ਕੱਢਿਆ ਸੀ। ਧਾਰਮਿਕ ਆਗੂਆਂ ਦੇ ਰੌਲੇ ਵਿਚ ਧਰਮ ਦੀ ਆਵਾਜ਼ ਗੁੰਮ ਹੁੰਦੀ ਪ੍ਰਤੀਤ ਹੋ ਰਹੀ ਹੈ। ਧਰਮ ਦੂਸ਼ਣਵਾਣੀ ਜਾਂ ਭਾਸ਼ਣਬਾਜ਼ੀ ਦੀ ਥਾਂ 'ਤੇ ਸੰਵਾਦ ਦਾ ਵਿਸ਼ਾ ਬਣੇ। ਜਿਸ ਵਿਚ ਸੁਣਨਾ ਤੇ ਬੋਲਣਾ ਦੋਵੇਂ ਹੋਣ।

ਦੋਨੋਂ ਧਰਮ ਗ੍ਰੰਥਾਂ ਦਾ ਮੁੱਖ ਮੰਤਵ ਬੰਦੇ ਦੀ ਘਾੜਤ ਘੜਨਾ ਹੈ। ਮਨੁੱਖ ਦਾ ਧਰਤੀ 'ਤੇ ਆਗਮਨ ਆਪਣੇ ਆਪ ਵਾਪਰੀ ਮਾਮੂਲੀ ਘਟਨਾ ਨਹੀਂ ਹੈ। ਮਨੁੱਖ ਦੇ ਜੀਵਨ ਦਾ ਮਨੋਰਥ ਰੱਬ ਦਾ ਆਗਿਆਕਾਰ ਬਣਨਾ ਹੈ। ਦੋਹਾਂ ਧਰਮ ਗ੍ਰੰਥਾਂ ਵਿੱਚ ਬੰਦਗੀ ਦਾ ਖਾਕਾ ਮਿਲਦਾ ਹੈ ਜਿਸ ਵਿਚ ਪਹਿਲਾਂ ਇਹ ਦੱਸਿਆ ਗਿਆ ਹੈ ਕਿ ਤੂੰ ਕੀ ਕਰਨ ਆਇਆ ਹੈ, ਕੀ ਕਰ ਰਿਹਾ ਹੈ ਅਤੇ ਤੈਨੂੰ ਕੀ ਕਰਨਾ ਚਾਹੀਦਾ ਹੈ। ਤੈਨੂੰ ਕਿਹੜੀਆਂ ਚੀਜ਼ਾਂ ਧਾਰਨ ਕਰਨੀਆਂ ਚਾਹੀਦੀਆਂ ਹਨ। ਜੇਕਰ ਤੂੰ ਉਨ੍ਹਾਂ ਨੂੰ ਧਾਰਨ ਕਰਦਾ ਹੈ ਤਾਂ ਤੈਨੂੰ ਕੀ

ਫ਼ਾਇਦੇ ਹਨ ਅਤੇ ਜੇ ਨਹੀਂ ਧਾਰਨ ਕਰਦਾ ਤਾਂ ਕੀ ਨੁਕਸਾਨ ਹਨ। ਬੰਦਗੀ ਆਗਾਜ਼ ਤੋਂ ਲੈ ਕੇ ਅੰਜਾਮ ਨਾਲ ਜੁੜੀ ਹੋਈ ਹੈ। ਇਸ ਜੀਵਨ ਨੂੰ ਮੌਤ ਉਪਰੰਤ ਦੇ ਜੀਵਨ ਨਾਲ ਜੋੜਿਆ ਹੋਇਆ ਹੈ। ਅੰਤਰ ਇਹ ਹੈ ਕਿ ਕੁਰਆਨ ਅਨੁਸਾਰ ਬੰਦਾ-ਬੰਦਾ ਹੀ ਰਹੇਗਾ। ਗੁਰਬਾਣੀ ਅਨੁਸਾਰ ਬੰਦਾ ਰੱਬ ਵਿੱਚ ਅਭੇਦ ਹੋਵੇਗਾ।

ਦੋਹਾਂ ਧਰਮ ਗ੍ਰੰਥਾਂ ਵਿਚ ਲੋਕ-ਪ੍ਰਲੋਕ ਦੇ ਚਿਤਰਣ ਨਾਲ ਬੰਦਗੀ ਦੇ ਰੂਪ ਨੂੰ ਨਿਖਾਰਿਆ ਗਿਆ ਹੈ। ਬੰਦਗੀ ਦੇ ਸਰੂਪ ਨੂੰ ਸਮਝਾਉਣ ਲਈ ਸਾਦਾ ਤੋਂ ਸਦਾ ਢੰਗ ਵਰਤਿਆ ਗਿਆ ਹੈ। ਕੁਰਆਨ ਮਨੁੱਖ ਦੇ ਮੁੱਢ ਨੂੰ ਹਜ਼ਰਤ ਬਾਬਾ ਆਦਮ (ਅ.) ਨਾਲ ਅਤੇ ਗੁਰਬਾਣੀ ਰੱਬ ਨਾਲ ਜੋੜਦੀ ਹੈ। ਇਹ ਰਾਮ ਦੀ ਅੰਸ਼ ਹੈ। ਗੁਰਬਾਣੀ ਵਾਰ-ਵਾਰ ਇਸ ਅੱਗੇ ਰੱਬ ਦੇ ਗੁਣਾਂ ਨੂੰ ਪਰੀਭਾਸ਼ਿਤ ਕਰਦੀ ਹੈ। ਸੱਚ, ਨਿਰਵੈਰਤਾ, ਨਿਰਭਉਤਾ, ਏਕਤਾ, ਪਿਆਰ, ਭਲਾ ਦੈਵੀ ਗੁਣ ਹਨ। ਕੁਰਆਨ ਮਨੁੱਖ ਅੱਗੇ ਆਦਮ (ਅ.) ਸਮੇਤ ਇਬਰਾਹੀਮ (ਅ.), ਯੂਸਫ਼ (ਅ.), ਮੂਸਾ (ਅ.) ਅਤੇ ਮੁਹੰਮਦ (ਸ.) ਦੇ ਜੀਵਨ ਆਦਰਸ਼ ਨੂੰ ਰੱਖਦਾ ਹੈ। ਗੁਰਬਾਣੀ ਵਾਰ-ਵਾਰ ਰੱਬ ਵਰਗਾ ਬਣਨ ਲਈ ਅਤੇ ਕੁਰਆਨ ਆਦਮ (ਅ.) ਤੋਂ ਹਜ਼ਰਤ ਮੁਹੰਮਦ ਤੱਕ, ਸਾਰੇ ਪੈਗ਼ੰਬਰਾਂ ਵਰਗੇ ਬਣਨ ਲਈ ਉਪਦੇਸ਼ ਕਰਦੀ ਹੈ। ਦੋਹੇ ਧਰਮ ਗ੍ਰੰਥ ਪਿਛਲੇਰੇ ਧਰਮ ਗ੍ਰੰਥਾਂ ਨੂੰ ਤਿਆਗਦੇ ਨਹੀਂ ਹਨ। ਚਾਰਾਂ ਵੇਦਾਂ, ਅਠਾਰਾਂ ਪੁਰਾਣਾਂ, ਸਤਾਈ ਸਿਮ੍ਰਤੀਆਂ, ਛੇ ਸ਼ਸ਼ਤਰਾਂ ਦੀ ਸਿੱਖਿਆ ਇੱਕ ਹੈ। ਗੁਰਬਾਣੀ ਵਿਚ 'ਬੇਦ ਕਤੇਬ', 'ਭਗਤਿ ਬੰਦਗੀ', 'ਪੁਰਾਨ ਕੁਰਾਨ' ਸ਼ਬਦ ਇਕੱਠੇ ਰੂਪ ਵਿਚ ਵਰਤੇ ਹੋਏ ਮਿਲਦੇ ਹਨ। ਇਸਦਾ ਭਾਵ ਅੰਤਿਮ ਸੱਚ ਦੀ ਪਛਾਣ ਕਰਨਾ ਹੈ। ਕੁਰਆਨ ਤੌਰੇਤ ਅਤੇ ਇੰਜੀਲ ਨੂੰ ਮੰਨਣ ਦਾ ਹੁਕਮ ਦਿੰਦੀ ਹੈ।

ਮਨੁੱਖਤਾ ਢੀਠ ਹੈ। ਹਜ਼ਰਤ ਬਾਬਾ ਆਦਮ (ਅ.) ਤੋਂ ਲੈ ਕੇ ਹਜ਼ਰਤ ਮੁਹੰਮਦ (ਸ.) ਤੱਕ, ਕਲਯੁੱਗ ਤੋਂ ਲੈ ਕੇ ਸਤਯੁਗ ਤੱਕ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਰਹਿਬਰਾਂ ਨੂੰ ਸਮਾਜਿਕ ਹਾਲਾਤਾਂ ਦਾ ਟਾਕਰਾ ਕਰਨਾ ਪਿਆ ਸੀ। ਬਾਬਾ ਆਦਮ (ਅ.) ਦੇ ਦੋ ਪੁੱਤਰ ਹਾਬਿਲ ਅਤੇ ਕਾਬਿਲ ਸਨ। ਰੱਬ ਨੇ ਹਾਬਿਲ ਦੀ ਭੇਟ ਸਵੀਕਾਰ ਕਰ ਲਈ, ਗੁੱਸੇ ਵਿਚ ਆ ਕੇ ਕਾਬਿਲ ਨੇ ਆਪਣੇ ਭਰਾ ਦਾ ਕਤਲ ਕਰ ਦਿੱਤਾ। ਸਾਮੀ ਪਰੰਪਰਾ ਦੇ ਇਤਿਹਾਸ ਵਿਚ ਇਹ ਪਹਿਲਾਂ ਕਤਲ ਸੀ। ਅਜੇ ਤਾਂ ਸ੍ਰਿਸ਼ਟੀ ਦੀ ਸ਼ੁਰੂਆਤ ਹੀ ਹੋਈ ਸੀ ਅਤੇ ਮਨੁੱਖ ਨੇ ਬੁਰਾਈ ਧਾਰਨ ਕਰ ਲਈ ਸੀ। ਕੁਰਆਨ ਦੱਸਦਾ ਹੈ ਜਿਸ ਕਿਸੇ ਨੇ ਬੇਗੁਨਾਹ ਦਾ ਕਤਲ ਕੀਤਾ। ਉਸਨੇ ਜਿਵੇਂ ਸਾਰੀ ਮਨੁੱਖਤਾ ਦਾ ਕਤਲ ਕਰ ਦਿੱਤਾ। ਕੁਰਆਨ ਅਤੇ ਗੁਰਬਾਣੀ ਇਕ ਮਤ ਹਨ ਕਿ ਇਸ ਸੰਸਾਰ ਵਿਚ ਦੋ ਤਰ੍ਹਾਂ ਦੇ ਲੋਕ ਹਨ। ਹਰਣਾਖਸ ਦੇ ਘਰ ਪ੍ਰਹਿਲਾਦ ਦਾ ਜਨਮ ਇਸ ਤਰ੍ਹਾਂ ਹੈ ਜਿਵੇਂ ਕੱਲਰ ਧਰਤੀ ਵਿੱਚ ਕਮਲ ਦਾ ਫੁੱਲ ਖਿਲਿਆ ਹੋਵੇ। ਕੁਰਆਨ ਦਾ ਮੁਸਲਿਮ ਅਤੇ ਕਾਫਰ, ਗੁਰਬਾਣੀ ਦਾ ਗੁਰਮੁਖ ਅਤੇ ਮਨਮੁਖ ਹੈ। ਮਨਮੁਖ ਉਲਟੇ ਕੰਮ ਕਰਦਾ ਹੈ। ਸਦਾ ਕਾਹਲ ਕਰਦਾ ਹੈ, ਲਾਲਚ, ਫਰੇਬ ਸਮੇਤ ਸਾਰੀਆਂ ਕਮੀਆਂ ਉਸ ਵਿਚ ਹਨ। ਗੁਰਮੁਖ ਸਹਿਣਸ਼ੀਲ, ਸਮਦ੍ਰਿਸ਼ਟੀ ਵਾਲਾ ਹੈ। ਸੰਖੇਪ ਵਿਚ ਜੇ ਕਹਿ ਦੇਈਏ ਤਾਂ ਬੰਦਗੀ ਦੇ ਪ੍ਰਸੰਗ ਵਿਚ ਨੇਕੀ ਅਤੇ ਬਦੀ, ਭਗਵਾਨ ਅਤੇ ਸ਼ੈਤਾਨ ਦੀ ਲੜਾਈ ਹੋ ਰਹੀ ਹੈ। ਦੋਨੋਂ ਧਰਮ ਗ੍ਰੰਥ ਨੇਕ ਬਣਨ, ਨੇਕ ਅਮਲ ਕਰਨ ਲਈ ਵੱਖ-ਵੱਖ ਢੰਗ ਤਰੀਕਿਆਂ ਨਾਲ ਪੁਕਾਰਦੇ ਹਨ। ਇਸ ਵਿਚੋਂ ਹੀ ਦੇਵ ਤੇ ਦਾਨਵ, ਸੁਰ ਤੇ ਅਸੁਰ, ਪੁੰਨ ਤੇ ਪਾਪ ਵਰਗੇ ਇਕ ਦੂਜੇ ਦੀ ਵਿਰੋਧੀ ਸੁਭਾਅ ਵਾਲੇ ਸਿਧਾਂਤ ਪੇਸ਼ ਹੁੰਦੇ ਹਨ। ਸਾਡੇ

ਸਰੀਰ ਅੰਦਰ ਵੀ ਨੇਕੀ ਅਤੇ ਬਦੀ ਦੀ ਕਸ਼ਮਕਸ਼ ਚੱਲ ਰਹੀ ਹੈ। ਦੋਨੋਂ ਧਰਮ ਗ੍ਰੰਥ ਆਪਾ ਸੁਆਰਨ 'ਤੇ ਜ਼ੋਰ ਦਿੰਦੇ ਹਨ।

ਦੋਹੇਂ ਧਰਮ ਗ੍ਰੰਥ ਰੂਹਾਨੀਅਤ ਦੀ ਗੱਲ ਸਮਾਜ ਰਾਹੀਂ ਕਰਦੇ ਹਨ। ਉਹ ਰੂਹਾਨੀਅਤ ਹੀ ਕੀ ਹੈ ਜੋ ਸਮਾਜ ਦਾ ਸੁਧਾਰ ਨਾ ਕਰ ਸਕੇ। ਜਦੋਂ ਅਸੀਂ ਕੁਰਆਨ ਨੂੰ ਧਿਆਨ ਨਾਲ ਸਮਝਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਇੱਕ ਹੁਕਮ ਆਉਂਦਾ ਹੈ। ਜਦੋਂ ਲੋਕ ਉਸ ਹੁਕਮ ਅਨੁਸਾਰ ਜੀਵਨ ਗੁਜ਼ਾਰਨ ਲੱਗਦੇ ਹਨ ਤਾਂ ਦੂਜਾ ਹੁਕਮ ਨਾਜ਼ਿਲ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਕੁਰਆਨ ਵਿਚ ਸ਼ਰਾਬ ਦਾ ਜ਼ਿਕਰ ਤਿੰਨ ਵਾਰ ਆਇਆ ਹੈ। ਆਖ਼ਰੀ ਹੁਕਮ ਆਇਆ ਕਿ ਬਿਲਕੁਲ ਸ਼ਰਾਬ ਨਾ ਪੀਓ। ਇਹ ਸਾਰਾ ਘਟਨਾਕ੍ਰਮ ਇਸ ਤਰ੍ਹਾਂ ਸੀ ਜਿਵੇਂ ਕਿਸੇ ਮਹਿਲ ਦੀ ਪਹਿਲਾਂ ਬੁਨਿਆਦ ਰੱਖੋ, ਫੇਰ ਕੰਧਾਂ ਸ਼ੁਰੂ ਕਰੋ, ਫੇਰ ਛੱਤ ਪਾਓ ਅਤੇ ਫੇਰ ਉਸਦੀ ਬਾਕੀ ਤਿਆਰੀ ਕਰੋ। ਧਰਮ ਦੇ ਅਸੂਲਾਂ ਨੂੰ ਸਮਾਜ ਵਿਚ ਪਾਏਦਾਰ ਬਣਾਉਣ ਲਈ ਹੀ ਕੁਰਆਨ ਤੇਈਂ ਸਾਲਾਂ ਵਿੱਚ ਨਾਜ਼ਿਲ ਹੋਇਆ। ਇਨਕਾਰੀਆਂ ਲਈ ਇਹ ਘਟਨਾ ਵੀ ਸਮਝ ਤੋਂ ਪਰ੍ਹੇ ਸੀ। ਗੁਰਮਤਿ ਦਾ ਸਹਿਜ ਮਾਰਗ ਵੀ ਹੌਲੀ-ਹੌਲੀ ਆਪਣੀਆਂ ਇੱਛਾਵਾਂ ਨੂੰ ਵਸ ਵਿਚ ਕਰਨ ਦਾ ਮਾਰਗ ਹੈ। ਇਨਕਾਰੀ ਪੈਗ਼ਬਰ ਨੂੰ ਸ਼ਾਇਰ, ਮਜਨੂੰ, ਅਤੇ ਕਵੀ ਕਹਿੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਅਜਿਹੇ ਕਰੜੇ ਬੋਲਾਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਨੂੰ ਕੋਈ ਭੂਤਨਾ ਕੋਈ ਬੇਤਾਲਾ ਆਖਦਾ ਸੀ ਅਤੇ ਕੋਈ ਆਦਮੀ ਵੀ ਆਖ ਦਿੰਦਾ ਸੀ।

ਪੈਗੰਬਰ (ਸ.) ਅਤੇ ਗੁਰੂ ਸਾਹਿਬ ਆਪ ਬੰਦਗੀ ਕਰਦੇ ਸਨ। ਪੈਗੰਬਰ (ਸ.) ਸਾਹਿਬ ਹਿਰਾ ਗੁਫਾ ਵਿੱਚ ਚਲੇ ਜਾਂਦੇ ਸਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸਮਾਧੀ ਅਵਸਥਾ ਵਿਚ। ਪੈਗੰਬਰ (ਸ.) ਨੇ ਆਪਣੇ ਮਿਸ਼ਨ ਦੀ ਸ਼ੁਰੂਆਤ ਹਿਰਾ ਗੁਫਾ ਦੀ ਘਟਨਾ ਤੋਂ ਬਾਅਦ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਈ ਪ੍ਰਵੇਸ਼ ਤੋਂ ਬਾਅਦ ਸ਼ੁਰੂ ਕੀਤੀ। ਦੋਨੋਂ ਮਹਾਨ ਹਸਤੀਆਂ ਕੇਵਲ ਧਾਰਮਿਕ ਅਨੁਭਵ ਤੋਂ ਬਾਅਦ ਹੀ ਮਕਬੂਲ ਨਹੀਂ ਹੋਈਆਂ ਸਨ ਬਲਕਿ ਉਹ ਆਪਣੇ ਉੱਚ ਅਖਲਾਕੀ ਜੀਵਨ ਕਰਕੇ ਪਹਿਲਾਂ ਤੋਂ ਪ੍ਰਸਿੱਧ ਸਨ। ਪੈਗੰਬਰ (ਸ.) ਨੂੰ ਸਾਦਿਕ ਅਤੇ ਅਮੀਨ ਕਿਹਾ ਜਾਂਦਾ ਸੀ। ਲੋਕ ਆਮ ਪਾਸ ਆਪਣੀਆਂ ਅਮਾਨਤਾਂ ਰੱਖ ਜਾਇਆ ਕਰਦੇ ਸਨ। ਇੱਥੇ ਤੱਕ ਕਿ ਜਦੋਂ ਆਪ ਨੇ ਮੱਕੇ ਨੂੰ ਛੱਡਿਆ ਤਾਂ ਉਸ ਵੇਲੇ ਤੱਕ ਵੀ ਆਪ ਪਾਸ ਅਮਾਨਤਾਂ ਪਈਆਂ ਸਨ। ਆਪ (ਸ.) ਨੇ ਮੱਕਾ ਛੱਡਣ ਵੇਲੇ ਹਜ਼ਰਤ ਅਲੀ ਨੂੰ ਜ਼ਿੰਮੇਵਾਰੀ ਸੌਂਪੀ ਕਿ ਤੁਸੀਂ ਲੋਕਾਂ ਦੀਆਂ ਅਮਾਨਤਾਂ ਵਾਪਸ ਕਰਕੇ ਫੇਰ ਮਦੀਨੇ ਆਉਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸ਼ੁਰੂ ਤੋਂ ਆਪਣੇ ਫਕੀਰਾਨਾ ਸੁਭਾਅ ਕਰਕੇ ਪ੍ਰਸਿੱਧ ਸਨ। ਵੀਹ ਰੁਪਏ ਦਾ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ, ਸੱਪ ਨੇ ਸਿਰ 'ਤੇ ਛਾਂ ਕਰਨੀ, ਹਾਲੀ ਅਤੇ ਪਾਲੀ ਬਣਨਾ, ਕਿਤੇ ਮੋਦੀਖਾਨੇ ਨੂੰ ਗਰੀਬਾਂ ਅਤੇ ਲੋੜਵੰਦਾਂ ਲਈ ਖੋਲ੍ਹ ਦੇਣਾ। ਇਹ ਸਭ ਵੇਈ ਪ੍ਰਵੇਸ਼ ਤੋਂ ਪਹਿਲਾਂ ਦੀਆਂ ਗੱਲਾਂ ਹਨ। ਸੋ ਪੈਗੰਬਰ (ਸ.) ਅਤੇ ਗੁਰੂ ਨੇ ਪਹਿਲਾਂ ਆਪਣੇ ਆਪ ਉਪਰ ਬੰਦਗੀ ਦਾ ਅਮਲ ਕੀਤਾ। ਇਸ ਦੌਰਾਨ ਜੋ ਰਹੱਸ ਅਨੁਭੂਤੀ ਹੋਈ ਉਸਨੂੰ ਉਹ ਆਪ ਜਾਣਦੇ ਸਨ ਪਰ ਜੋ ਉਸਦਾ ਪ੍ਰਗਟਾਵਾ ਕੀਤਾ, ਉਸ ਬਾਰੇ ਸਾਰਾ ਸੰਸਾਰ ਵਾਕਫ਼ ਹੈ। ਦੋਹਾਂ ਮਹਾਨ ਹਸਤੀਆਂ ਨੇ ਘਰ-ਘਰ ਜਾ ਕੇ ਇੱਕ ਰੱਬ ਦੀ ਬੰਦਗੀ, ਇੱਕ ਰੱਬ ਦੀ ਸੰਤਾਨ ਅਤੇ ਭਾਈਚਾਰਾ ਵਧਾਉਣ 'ਤੇ ਜ਼ੋਰ ਦਿੱਤਾ। ਪੈਗੰਬਰ (ਸ.) ਨੇ ਆਪਣੇ ਆਖਰੀ ਭਾਸ਼ਣ ਵਿੱਚ ਕਿਹਾ ਸੀ ਤੁਸੀਂ ਸਾਰੇ ਆਦਮ

ਦੀ ਸੰਤਾਨ ਹੋ ਅਤੇ ਆਦਮ ਮਿੱਟੀ ਤੋਂ ਬਣੇ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਚਾਰ ਫੇਰੀਆਂ ਲੋਕਾਂ ਨੂੰ ਧਰਮ ਦੇ ਸਹੀ ਅਰਥਾਂ ਦਾ ਸੁਨੇਹਾ ਦੇਣ ਲਈ ਸਨ। ਕੋਈ ਕਿਸੇ ਤਰ੍ਹਾਂ ਇਬਾਦਤ ਕਰਦਾ ਹੈ ਕਰੇ ਪਰ ਉਸਦੀ ਇਬਾਦਤ ਵਿੱਚ ਸੱਚ ਹੋਣਾ ਚਾਹੀਦਾ। ਪੈਦਲ ਰਾਜਿਆਂ ਕੋਲ, ਗਰੀਬਾਂ ਕੋਲ, ਅਮੀਰਾਂ ਕੋਲ, ਚੋਰਾਂ ਕੋਲ ਜਾ ਨੂੰ ਇੱਕ ਰੱਬ ਦੀ ਬੰਦਗੀ ਦਾ ਸੁਨੇਹਾ ਦਿੱਤਾ। ਆਪ ਜੀ ਨੇ ਸੰਗਤ ਸੰਸਥਾ ਦੇ ਨਾਲ ਲੰਗਰ ਸੰਸਥਾ ਦੀ ਸ਼ੁਰੂਆਤ ਕੀਤੀ ਜੋ ਹੁਣ ਤੱਕ ਸਫਲਤਾ ਪੂਰਵਕ ਕੰਮ ਕਰ ਰਹੀ। ਹਰ ਵਿਚਾਰਧਾਰਾ ਦਾ ਬੰਦਾ ਆ ਸਕਦਾ ਹੈ। ਪੈਗ਼ੰਬਰ (ਸ.) ਨੇ ਅਲੱਗ-ਅਲੱਗ ਖੇਤਰਾਂ ਵਿੱਚ ਸੁਨੇਹੇ ਭੇਜਕੇ ਲੋਕਾਂ ਨੂੰ ਦੀਨ-ਏ-ਇਲਾਹੀ ਦੀ ਦਾਅਵਤ ਦਿੱਤੀ ਅਤੇ ਸਿੱਧੇ ਰਾਹ 'ਤੇ ਤੋਰਿਆ।

ਦੋਨੋ੍ਹ ਧਰਮ ਗ੍ਰੰਥਾਂ ਵਿੱਚ ਸਮਾਕਾਲੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਜੀਵਨ ਦੀ ਪੇਸ਼ਕਾਰੀ ਮਿਲਦੀ ਹੈ ਜੋ ਅਨੇਕ ਕਮੀਆਂ ਦੀ ਸ਼ਿਕਾਰ ਹੋ ਚੁੱਕੀ ਸੀ। ਚਾਰੇ ਪਾਸੇ ਬੇਇਨਸਾਫ਼ੀ, ਲੁੱਟ ਮਾਰ ਸੀ। ਇਸ ਲਈ ਦੋਨਾਂ ਧਰਮ ਗ੍ਰੰਥਾਂ ਵਿਚ ਕਿਤੇ ਡਰਾ ਕੇ ਕਿਤੇ ਪਿਆਰ ਨਾਲ, ਕਿਤੇ ਦੀਆਂ ਸਾਖੀਆਂ ਰਾਹੀਂ ਪ੍ਰਚਾਰ ਕੀਤਾ ਕਿ ਰੱਬ ਤੋਂ ਡਰੋ, ਰੱਬ ਨੂੰ ਪਿਆਰ ਕਰਨ, ਆਗਿਆਪਾਲਣ ਅਤੇ ਸਬਰ ਕਰਨ ਨੂੰ ਪੇਸ਼ ਕਰਦੀਆਂ ਹਨ। ਪੈਗੰਬਰ ਅਤੇ ਗੁਰੂ ਸਾਡੇ ਆਦਰਸ਼ ਹਨ। ਪੁਰਾਤਨ ਸਾਖੀਆਂ ਵਿੱਚ ਸਾਡੇ ਜੀਵਨ ਦਾ ਤਤਸਾਰ ਹੈ। ਇਹ ਸਾਨੂੰ ਚਿੰਨ੍ਹਾਤਮਕ ਰੂਪ ਵਿਚ ਬੰਦਗੀ ਵੱਲ ਪ੍ਰੇਰਦੀਆਂ ਹਨ। ਇਨ੍ਹਾਂ ਰਾਹੀਂ ਸਾਨੂੰ ਨਾਲ-ਨਾਲ ਪਤਾ ਲੱਗਦਾ ਹੈ ਕਿ ਅਸੀਂ ਕਿਹੜੇ ਰਸਤੇ 'ਤੇ ਹਾਂ। ਸ੍ਵੈ ਮੰਥਨ ਦੀ ਸਿੱਖਿਆ ਮਿਲਦੀ। ਕੁਰਆਨ ਵਿੱਚ ਬੁਰੇ ਵਿਅਕਤੀਆਂ ਦੇ ਨਾਮ ਹਨ ਜਿਵੇਂ ਫਿਰਔਨ, ਹਾਮਾਨ, ਇਬਲੀਸ, ਅਬੂ ਲਾਹਬ। ਇਸ ਤਰ੍ਹਾਂ ਹੀ ਚੰਗੇ ਵਿਅਕਤੀਆਂ ਦੇ ਨਾਮ ਵੀ ਦਿੱਤੇ ਹਨ ਨੂਹ, ਯੂਸਫ, ਯਾਕੂਬ। ਅਸੀਂ ਚੰਗੇ ਵਿਅਕਤੀਆਂ ਦੇ ਰਾਹ ਉਪਰ ਤੁਰਨਾ ਹੈ। ਫਿਰਔਨ ਅੱਜ ਵੀ ਬੁਰਾਈਆਂ ਦੇ ਰੂਪ ਵਿਚ ਜਿਉਂਦਾ ਹੈ। ਹੱਜ ਮੌਕੇ ਕੀਤੀ ਜਾਂਦੀ (ਰਮੀ ਜਿਮਾਰ) ਸ਼ੈਤਾਨ ਨੂੰ ਪੱਥਰ ਮਾਰਨ ਵਾਲੀ ਰਸਮ ਦੱਸਦੀ ਹੈ ਕਿ ਤੁਸੀਂ ਆਪਣੀਆਂ ਉਨ੍ਹਾਂ ਮਨੋਕਾਮਨਾਵਾਂ ਦੇ ਪਿੱਛੇ ਨਹੀਂ ਲੱਗਣਾ ਜੋ ਅੱਲਾਹ ਦੇ ਰਾਹ ਤੋਂ ਰੋਕਦੀਆਂ ਹਨ। ਇਸ ਤਰ੍ਹਾਂ ਜੋ ਲੋਕ ਨੇਕ, ਹੁਕਮਪ੍ਰਸਤ ਹਨ। ਉਨ੍ਹਾਂ ਰਾਹੀਂ ਪੈਗੰਬਰ ਅਤੇ ਗੁਰੂ ਦੇ ਗੁਣ ਜਿਉਂਦੇ ਪਏ ਹਨ। ਗੁਰਬਾਣੀ ਵਿੱਚ ਕੰਸ, ਹਰਣਾਖਸ, ਰਾਵਣ ਬੁਰੇ ਲੋਕ ਹਨ। ਅਸੀਂ ਜੇਕਰ ਬੁਰਾਈਆਂ ਕਰਦੇ ਹਾਂ ਤਾਂ ਬੁਰੇ ਵਿਅਕਤੀ ਅੱਜ ਵੀ ਜੀਵਤ ਹਨ। ਜੇਕਰ ਅਸੀਂ ਚੰਗੇ ਕੰਮ ਕਰਦੇ ਹਾਂ ਤਾਂ ਚੰਗਿਆਈ ਅੱਜ ਵੀ ਜਿਉਂਦੀ ਹੈ। ਦੋਨੋਂ ਧਰਮਾਂ ਦਾ ਇੱਕ ਆਦਰਸ਼ ਨੇਕ ਅਮਲ ਕਰਨਾ ਹੈ। ਇਸਨੂੰ ਧਿਆਨ ਵਿੱਚ ਰੱਖ ਕੇ ਬੰਦਗੀ ਕੀਤੀ ਜਾਂਦੀ ਹੈ। ਦੋਹਾਂ ਧਰਮ ਗ੍ਰੰਥਾਂ ਨੇ ਬੁਰੀ ਤਾਕਤ ਨੂੰ ਦਾਨਵ, ਰਾਖਸ਼, ਅਕ੍ਰਿਤਘਣ, ਮਨਮੁਖ, ਕਾਫ਼ਰ, ਸ਼ੈਤਾਨ, ਰਾਵਣ, ਕੰਸ, ਹਰਣਾਖਸ਼ ਆਦਿ ਚਿੰਨ੍ਹਾਤਮਕ ਨਾਵਾਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਅਸੀਂ ਵੇਖਦੇ ਹਾਂ ਕਿ ਬੁਰਾਈ ਅੱਜ ਵੀ ਜੀਵਤ ਹੈ। ਫ਼ਿਰਔਨ ਮਰ ਚੁੱਕਾ ਹੈ ਪਰ ਉਹ ਬੁਰਾਈ ਦੇ ਰੂਪ ਵਿਚ ਜਿਉਂਦਾ ਹੈ। ਬੰਦਗੀ ਰੱਬ ਦੇ ਆਗਿਆਕਾਰ ਬਣਨ ਦਾ ਨਾਮ ਹੈ ਜਿਸ ਵਿਚ ਪਿਆਰ, ਹਮਦਰਦੀ, ਨਿਆਂ ਵਰਗੇ ਗੁਣ ਹੋਣ। ਇਸ ਵਿਚ ਇਕ ਰੱਬ ਦੀ ਬੰਦਗੀ, ਮਨੁੱਖਾਂ ਨਾਲ ਭਾਈਚਾਰਾ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਸ਼ਾਮਿਲ ਹੈ।

# ਪੁਸਤਕ ਸੂਚੀ

**ਮੁੱਢਲੇ ਸ੍ਰੋਤ**


ਸ੍ਰੀ ਗੁਰੂ ਗ੍ਰੰਥ ਸਾਹਿਬ

ਕੁਰਆਨ ਮਜੀਦ

ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਪਹਿਲੀ, ਰਾਜ ਪਬਲਿਸ਼ਰਜ਼, ਜਲੰਧਰ, 1972; ਪੋਥੀ ਦੂਜੀ, 1972; ਪੋਥੀ ਤੀਜੀ, 1972; ਪੋਥੀ ਚੌਥੀ, 1963; ਪੰਜਵੀ, 1963; ਪੋਥੀ ਛੇਵੀਂ, 1963; ਪੋਥੀ ਸੱਤਵੀਂ, 1970; ਪੋਥੀ ਅੱਠਵੀਂ, 1964; ਪੋਥੀ ਨੌਵੀਂ, 1964; ਪੋਥੀ ਦਸਵੀਂ, 1964.

_________, *ਜਪੁਜੀ ਸਟੀਕ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 1999.

ਗਿਆਨੀ ਬਦਨ ਸਿੰਘ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਫ਼ਰੀਦਕੋਟ ਵਾਲਾ ਟੀਕਾ,* ਭਾਸ਼ਾ ਵਿਭਾਗ ਪੰਜਾਬ, 2004. ਜਿਲਦ (1 ਤੋਂ 4).

*ਗੁਰ ਬਿਲਾਸ ਪਾ. ਛੇਵੀਂ,* ਜੋਗਿੰਦਰ ਸਿੰਘ ਵੇਦਾਂਤੀ ਤੇ ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ 1998.

ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009,

ਜੱਗੀ, ਰਤਨ ਸਿੰਘ (ਡਾ.), *ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2013. (ਭਾਗ 1 ਤੋਂ 8)

________, *ਸ੍ਰੀ ਦਸਮ ਗ੍ਰੰਥ ਸਾਹਿਬ ਪਾਠ ਸੰਪਾਦਨ ਅਤੇ ਵਿਆਖਿਆ,* (ਭਾਗ 1-5.), ਗੋਬਿੰਦ ਸਦਨ ਇਨਸਟੀਚਿਊਟ ਫਾਰ ਐਡਵਾਂਸਡ ਸਟੱਡੀਜ਼ ਇਨ ਕੰਪੈਰੇਟਿਵ ਰਿਲੀਜ਼ਨ, ਨਵੀਂ ਦਿੱਲੀ, ਦੂਜੀ ਵਾਰ, 2007.

ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੋਥੀ ਦੂਜੀ, ਭਾਸ਼ਾ ਵਿਭਾਗ ਪੰਜਾਬ, 2002; ਪੋਥੀ ਤੀਜੀ, 2001; ਪੋਥੀ ਚੌਥੀ, 2003; ਪੋਥੀ ਪੰਜਵੀਂ, 1997; ਪੋਥੀ ਛੇਵੀਂ, 1997; ਪੋਥੀ ਸੱਤਵੀਂ,1997.

__________, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2003.

__________, *ਵਾਰਾਂ ਭਾਈ ਗੁਰਦਾਸ ਸਟੀਕ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007.

__________, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਬਾਹਰਵੀਂ, ਭਾਸ਼ਾ ਵਿਭਾਗ ਪੰਜਾਬ, 2011.

_________,*ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ, 2.10.68.

**ਹਵਾਲਾ ਗ੍ਰੰਥ**


ਅਮਰਵੰਤ ਸਿੰਘ (ਡਾ.), *ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2003.

ਸੀਤਲ, ਜੀਤ ਸਿੰਘ *ਫ਼ਾਰਸੀ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1996.

ਹਰੀ ਜੀ ਭਗਵੰਤ ਸਿੰਘ, (ਸੰਪਾ.), *ਦਸਮ ਗ੍ਰੰਥ ਤੁਕ ਤਤਕਰਾ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1969.

ਕੇਸਰੀ, ਗੁਰਬਖਸ਼ ਸਿੰਘ *ਸੰਖਿਆ ਕੋਸ਼,* ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, 2007.

ਗਿੱਲ ਰਛਪਾਲ ਸਿੰਘ (ਸੰਪਾ.), *ਪੰਜਾਬ ਕੋਸ਼ ਜਿਲਦ-1*, ਭਾਸ਼ਾ ਵਿਭਾਗ, ਪੰਜਾਬ, 2004.

ਗੁਲਵੰਤ ਸਿੰਘ, *ਪੰਜਾਬੀ ਫ਼ਾਰਸੀ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1998.

ਗੁਰਚਰਨ ਸਿੰਘ (ਡਾ.),*ਸ੍ਰੀ ਗੁਰੁ ਗ੍ਰੰਥ ਸਾਹਿਬ ਅਨੁਕ੍ਰਮਣਿਕਾ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1994.

________, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* (ਭਾਗ ਪਹਿਲਾ ਤੇ ਦੂਜਾ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2002.

ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ ਤੇ ਦੂਜਾ), ਗੁਰ ਰਤਨ ਪਬਲਿਸ਼ਰਜ਼ ਪਟਿਆਲਾ, 2005.

_________, *ਗੁਰੂ ਗ੍ਰੰਥ ਵਿਸ਼ਵਕੋਸ਼*, (ਭਾਗ ਪਹਿਲਾ ਤੇ ਦੂਜਾ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2002.

________, *ਪੰਜਾਬੀ ਸਾਹਿਤ ਸੰਦਰਭ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2004.

ਜੱਗੀ ਗੁਰਸ਼ਰਨ ਕੌਰ (ਡਾ.), *ਵਾਰਾਂ ਭਾਈ ਗੁਰਦਾਸ (ਸੰਪਾਦਨ ਅਤੇ ਪਾਠ ਨਿਰਧਾਰਣ),* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1999.

ਜੋਨ ਡੋਸਨ, (ਅਨੁ.) ਰਾਜਿੰਦਰ ਸਿੰਘ ਸ਼ਾਸ਼ਤਰੀ *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1992.

ਨਾਭਾ, ਭਾਈ ਕਾਨ੍ਹ ਸਿੰਘ,*ਮਹਾਨ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, ਅੱਠਵੀ ਵਾਰ-2011.

______, *ਗੁਰਮਤਿ ਮਾਰਤੰਡ,* ਭਾਗ-ਪਹਿਲਾ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 2013.

______, *ਗੁਰਮਤਿ ਮਾਰਤੰਡ,* ਭਾਗ-ਦੂਜਾ, 2008.

ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2009.

_____, ਪਿਆਰਾ ਸਿੰਘ, *ਗੁਰੂ ਗ੍ਰੰਥ ਵਿਚਾਰ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ 1993.

ਰਿਆਲ, ਜੀ. ਐਸ.,*ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2006.

ਰਾਜਿੰਦਰ ਸਿੰਘ ਲਾਂਬਾ (ਡਾ.), (ਮੁ.ਸੰ.), *ਫ਼ਾਰਸੀ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1996.

ਰੰਧਾਵਾ ਮਹਿੰਦਰ ਸਿੰਘ (ਸੰਪਾ.), *ਪੰਜਾਬ,* ਭਾਸ਼ਾ ਵਿਭਾਗ ਪੰਜਾਬ 2012

**ਪੁਸਤਕਾਂ**

ਓਸ਼ੋ, ਰਜਨੀਸ਼, *ਮਨ ਹੀ ਪੂਜਾ ਮਨ ਹੀ ਧੂਪ,* ਜ਼ੋਰਬਾ ਪਬਲੀਕੇਸ਼ਨਜ਼, ਲੁਧਿਆਣਾ, 1998,

______,*ਸਾਧਨਾ ਪਥ*, ਸੰਗਮ ਪਬਲਿਸ਼ਰਜ਼, 2011,

ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1993.

ਔਲਖ, ਅਜੀਤ ਸਿੰਘ (ਡਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ,* ਭਾਗ ਛੇਵਾਂ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005.

ਐਫ. ਮੈਕਸਮੂਲਰ, (ਅਨੁ.) ਤਾਰਨ ਸਿੰਘ, *ਧਰਮ ਦੀ ਉਤਪਤੀ ਅਤੇ ਵਿਕਾਸ: ਭਾਰਤੀ ਧਰਮਾਂ ਦੇ ਪ੍ਰਮਾਣ ਸਹਿਤ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1989.

ਅਨਵਰ ਚਿਰਾਗ਼ (ਡਾ.), *ਨੂਰ-ਏ-ਹਦੀਸ,* ਗ੍ਰੇਸ਼ੀਅਸ ਬੁੱਕਸ ਪਟਿਆਲਾ,2015.

ਐਲ.ਐਮ. ਜੋਸ਼ੀ ਅਤੇ ਜੋਧ ਸਿੰਘ, *ਵਿਸ਼ਵ ਧਰਮ ਸੰਗ੍ਰਹਿ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1990.

ਸੇਵਾ ਸਿੰਘ (ਭਾਈ), *ਹਜ਼ਰਤ ਮੁਹੰਮਦ ਸਾਹਿਬ*, ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, ਦਸੰਬਰ 2005.

ਸਲੂਜਾ, ਜਗਜੀਤ ਸਿੰਘ (ਡਾ.) *ਮੂਲਮੰਤਰ ਸੰਕਲਪ ਅਤੇ ਵਿਵੇਚਨ*, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ, ਸਤੰਬਰ 1982.

ਸਤਿਬੀਰ ਸਿੰਘ, *ਸਾਡਾ ਇਤਿਹਾਸ,* ਨਿਊ ਬੁੱਕ ਕੰਪਨੀ ਜਲੰਧਰ, 1979.

__________, *ਗੁਰੂ ਤੇਗ ਬਹਾਦਰ ਸਿਮ੍ਰਤੀ ਗ੍ਰੰਥ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 1975.

ਸੁਖਦਿਆਲ ਸਿੰਘ (ਡਾ.), *ਸਿਰੀ ਅਕਾਲ ਤਖ਼ਤ ਸਾਹਿਬ* (1606-1982), ਗੁਰਮੀਤ ਪ੍ਰਕਾਸ਼ਨ, ਨਵੀਨ ਸ਼ਾਹਦਰਾ ਦਿੱਲੀ, 2002.

___________, *ਗੁਰੂ ਗ੍ਰੰਥ ਸਾਹਿਬ ਵਿੱਚ ਸਮਕਾਲੀ ਰਾਜਸੀ ਚਿੱਤਰਣ ਅਤੇ ਵਿਚਾਰਧਾਰਾ*, ਸੰਗਮ ਪਬਲੀਕੇਸ਼ਨਜ਼ ਸਮਾਣਾ, 2011.

ਸ਼ਾਨ ਹਰਨਾਮ ਸਿੰਘ (ਡਾ.), *ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ*, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਚੰਡੀਗੜ੍ਹ, 1990.

ਸ਼ਮਸ਼ੇਰ ਸਿੰਘ (ਡਾ.), *ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1995.

ਸ਼ੇਰ ਸਿੰਘ (ਡਾ.), *ਜਪੁਜੀ ਦਰਸ਼ਨ,* ਲੁਧਿਆਣਾ, 15 ਜੂਨ 1969.

ਕਿਰਪਾਲ ਸਿੰਘ (ਡਾ.), *ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ,* ਭਾਗ-ਦੂਜਾ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2012.

__________, *ਸ੍ਰੀ ਗੁਰੂ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2006.

ਕਵੀਸ਼ਰ, ਸਰਦੂਲ ਸਿੰਘ, *ਸਿੱਖ ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2004.

ਖਾਲਸਾ ਅਵਤਾਰ ਸਿੰਘ, *ਨਿਤਨੇਮ ਸਟੀਕ,* ਦਮਦਮੀ ਟਕਸਾਲ, ਭਿੰਡਰਾਂ ਮਹਿਤਾ ਅੰਮ੍ਰਿਤਸਰ, ਜੁਲਾਈ 1998.

ਗੰਡਾ ਸਿੰਘ (ਸੰਪਾ.) *ਹੁਕਮਨਾਮੇ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1967.

ਗੁਲਵੰਤ ਸਿੰਘ, *ਇਸਲਾਮ ਅਤੇ ਸੂਫੀਵਾਦ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2004.

ਗੁਰਮੁਖ ਸਿੰਘ (ਸੰਪਾ.), *ਸੂਫ਼ੀਵਾਦ*, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 1997.

ਗੰਡਾ ਸਿੰਘ (ਡਾ.), *ਬਾਬਾ ਬੰਦਾ ਸਿੰਘ ਬਹਾਦੁਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1999.

___________, *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1999.

ਗਰੇਵਾਲ, ਅਮਰਜੀਤ (ਸੰਪਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ,* ਵਿਸਮਾਦ ਨਾਦ, ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994.

ਗੁਰਭਗਤ ਸਿੰਘ, *ਵਿਸਮਾਦੀ ਪੂੰਜੀ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2010.

ਜੋਧ ਸਿੰਘ ਡਾ. (ਸੰਪਾ. ਤੇ ਹੋਰ), *ਧਰਮ ਦਾ ਅਕਾਦਮਿਕ ਪਰਿਪੇਖ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1997.

__________, *ਸਿੱਖ ਭਗਤੀ ਸਰੂਪ ਅਤੇ ਆਧਾਰ,* ਵੀਜ਼ਨ ਐਂ ਵੈਂਚਰ ਪਟਿਆਲਾ, 1998.

ਜਸਪਾਲ ਸਿੰਘ (ਡਾ.), *ਸਿੱਖ ਧਰਮ ਤੇ ਰਾਜਨੀਤੀ*, ਨਵਯੁਗ ਪਬਲੀਕੇਸ਼ਨ ਨਵੀਂ ਦਿੱਲੀ, 2009.

ਜਗਬੀਰ ਸਿੰਘ (ਡਾ.),*ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀ ਪ੍ਰਾਸੰਗਿਕਤਾ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012.

________________, *ਗੁਰੂ ਗ੍ਰੰਥ ਸਾਹਿਬ: ਮਾਨਵ ਅਤੇ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2006.

ਜੱਗੀ, ਗੁਰਸ਼ਰਨ ਕੌਰ,*ਗੁਰੂ ਨਾਨਕ ਬਾਣੀ: ਪਰੇਮ ਭਗਤੀ ਦਾ ਸਰੂਪ,* ਆਰਸੀ ਪਬਲਿਸ਼ਰਜ਼, ਦਿੱਲੀ, 2010.

____, *ਪ੍ਰੇਮਾ ਭਗਤੀ ਸਰੂਪ ਅਤੇ ਵਿਕਾਸ,* ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ, ਪਟਿਆਲਾ, 1981.

ਜੱਗੀ ਰਤਨ ਸਿੰਘ, *ਗੁਰੂ ਮਾਨਿਓ ਗ੍ਰੰਥ,* ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਨਾਂਦੇੜ ਮਹਾਂਰਾਸ਼ਟਰ, 2008.

__________, *ਸ੍ਰੀ ਗੁਰੂ ਗ੍ਰੰਥ ਸਾਹਿਬ: ਸਾਧਨਾ ਦਾ ਸਰੂਪ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2012.

ਜੋਧ ਸਿੰਘ, ਭਾਈ, (ਸੰਪਾ.) *ਸਿੱਖੀ ਕੀ ਹੈ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

ਤਲਵਾੜਾ ਗੁਰਚਰਨ ਸਿੰਘ (ਪ੍ਰੋ.), *ਇਸਲਾਮ ਅਤੇ ਸੂਫ਼ੀਮੱਤ,* ਵਾਰਿਸ਼ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 2012.

ਤਾਰਨ ਸਿੰਘ, *ਭਗਤੀ ਤੇ ਸ਼ਕਤੀ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2005.

________ , *ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ*, ਪੰਜਾਬੀ ਯੂਨੀਵਰਸਿਟੀ ਪਟਿਆਲਾ,1976.

____________*ਸਿੱਖ, ਸਿੱਖੀ ਅਤੇ ਸਿੱਧਾਂਤ*, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ, 1991.

____________ *ਅਨੰਦ ਜੋਤਿ ਤੇ ਜੁਗਤਿ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999.

ਦਰਸ਼ਨ ਸਿੰਘ (ਡਾ.), *ਧਰਮ ਅਧਿਐਨ ਤੇ ਸਿੱਖ ਅਧਿਐਨ*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2000.

ਦੀਵਾਨ ਸਿੰਘ,*ਸਿੱਧ ਗੋਸਟਿ ਅਤੇ ਹੋਰ ਲੇਖ*, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2001.

__________, *ਗੁਰਮਤਿ ਅਨੁਭਵ,* ਵਾਰਿਸ ਸ਼ਾਹ ਫ਼ਾਊਂਡੇਸ਼ਨ ਅੰਮ੍ਰਿਤਸਰ, 2007.

_____________, *ਗੁਰਮਤਿ ਗਿਆਨ,* ਰੂਹੀ ਪ੍ਰਕਾਸ਼ਨ ਅੰਮ੍ਰਿਤਸਰ, 2008.

ਨੇਕੀ, ਜਸਵੰਤ ਸਿੰਘ, *ਗੁਰਮਤਿ ਮਨੋਵਿਗਿਆਨ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2012.

_____, *ਵਿਸ਼ਵ ਅਰਦਾਸ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਦੂਜੀ ਵਾਰ, 2010.

ਪੂਰਨ ਸਿੰਘ (ਪ੍ਰੋ.), (ਅਨੁ.) ਕਰਮ ਸਿੰਘ ਕਪੂਰ *ਜਿਨਕੇ ਚੋਲੇ ਰੱਤੜੇ*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2006.

ਪਦਮ, *ਗੁਰੂ ਘਰ*, *ਸਿੰਘ ਬ੍ਰਦਰਜ਼* ਅੰਮ੍ਰਿਤਸਰ, 1997.

______, *ਦਸਮ ਗ੍ਰੰਥ ਦਰਸ਼ਨ*, ਕਲਮ ਮੰਦਿਰ ਪਟਿਆਲਾ, 1982.

______, *ਰਹਿਤਨਾਮੇ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2010.

ਪੰਨੂ, ਹਰਪਾਲ ਸਿੰਘ (ਡਾ.), *ਗੌਤਮ ਤੋਂ ਤਾਸਕੀ ਤੱਕ*, ਲਾਹੌਰ ਬੁਕ ਸ਼ਾਪ, ਪਹਿਲੀ ਵਾਰ, 2014.

______, *ਭਾਰਤ ਦੇ ਪੁਰਾਤਨ ਧਰਮ: ਇੱਕ ਸੰਖੇਪ ਸਰਵੇਖਣ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2000.

_________, *ਗੁਰੂ ਨਾਨਕ ਦਾ ਕੁਦਰਤ ਸਿਧਾਂਤ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2002.

ਪ੍ਰੀਤਮ ਸਿੰਘ (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ੇਖ ਫ਼ਰੀਦ ਦੀ ਭਾਲ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਦੂਜੀ ਵਾਰ, 2010.

ਪੂਰਨ ਸਿੰਘ, *ਮਨੋ ਵਿਕਾਸ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 1990.

ਪਰਮਿੰਦਰ ਸਿੰਘ,*ਗੁਰੂ ਗ੍ਰੰਥ ਸਾਹਿਬ ਸਿਧਾਂਤ ਅਤੇ ਸੰਦੇਸ਼*, ਗ੍ਰੇਸ਼ੀਅਸ ਬੁੱਕਸ ਪਟਿਆਲਾ 2008.

ਪਰਮਵੀਰ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2010.

ਬੇਦੀ, ਤਰਲੋਚਨ ਸਿੰਘ, *ਸਿੱਖਾਂ ਦੀ ਭਗਤਮਾਲਾ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1994.

ਬੀਰ, ਰਘਬੀਰ ਸਿੰਘ, *ਅਰਦਾਸ ਸ਼ਕਤੀ,* ਆਤਮ ਸਾਇੰਸ ਟਰੱਸਟ, ਨਵੀਂ ਦਿੱਲੀ, ਅੱਠਵੀਂ ਵਾਰ-2004.

_____, *ਬੰਦਗੀਨਾਮਾ,* ਨੈਸ਼ਨਲ ਪ੍ਰੈਸ ਆਫ਼ ਇੰਡੀਆ ਚਾਂਦਨੀ ਚੌਕ ਦਿੱਲੀ, 1997.

ਬਲਕਾਰ ਸਿੰਘ (ਡਾ.), (ਸੰਪਾ.), *ਸਿੱਖ ਧਰਮ ਚਿੰਤਨ ਵਿੱਚ ਭਗਤੀ,*ਪੰਜਾਬੀ ਯੂਨੀਵਰਸਿਟੀ ਪਟਿਆਲਾ, 1998.

_______,*ਗੁਰਮਤਿ ਵਿਵੇਚਨ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1995.

________,*ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999.

________, *ਗੁਰੂ ਨਾਨਕ ਧਰਮ ਚਿੰਤਨ ਦੀ ਭੂਮਿਕਾ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1985.

ਮਾਸਟਰ ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2010.

ਮੌਲਾਨਾ ਖ਼ਲੀਲ-ਉਰ-ਰਹਿਮਾਨ ਆਜ਼ਮੀ, *ਨਮਾਜ਼,* ਨੰਦਨ ਪਬਲੀਕੇਸ਼ਨਜ਼ ਮਾਲੇਰਕੋਟਲਾ, 1998.

ਮੁਹੰਮਦ ਇਰਸ਼ਾਦ (ਡਾ.), *ਹਜ਼ਰਤ ਮੁਹੰਮਦ ਜੀਵਨ ਅਤੇ ਸਿੱਖਿਆਵਾਂ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,2011.

ਮੁਹੰਮਦ ਹਬੀਬ (ਡਾ.), *ਗੁਰੂ ਨਾਨਕ ਦੇਵ ਜੀ ਅਤੇ ਮੁਸਲਮਾਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012.

ਮੁਹਮੰਦ ਹਬੀਬ ( ਡਾ.), ਅਤੇ ਸਤਿੰਦਰ ਸਿੰਘ ਰੰਧਾਵਾ, *ਇਸਲਾਮ ਸੰਖੇਪ ਸਰਵੇਖਣ* , ਗ੍ਰੇਸ਼ੀਅਸ ਬੁੱਕਸ ਪਟਿਆਲਾ, 2011.

ਮੌਲਾਨਾ ਮੁਹੰਮਦ ਜ਼ਕਰੀਯਾ ਕਾਂਧਲਵੀ, *.ਫ਼ਜ਼ਾਇਲ-ਏ-ਨਮਾਜ਼* ਨੰਦਨ ਪਬਲੀਕੇਸ਼ਨਜ਼ ਮਾਲੇਰਕੋਟਲਾ, 2006.

ਮੱਲ੍ਹਣ, ਗੁਰਦਿੱਤ ਸਿੰਘ (ਡਾ.), (ਸੰਪਾ.), *ਗੁਰਮੁਖ ਸਿਖਿਆ,* ਖਾਲਸਾ ਸਮਾਚਾਰ ਅੰਮ੍ਰਿਤਸਰ, 1984.

ਮਸਕੀਨ, ਸੰਤ ਸਿੰਘ, *ਪੰਜ ਵਿਕਾਰ ਤੇ ਚਾਰ ਯੁੱਗ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

______, *ਗੁਰੂ-ਚਿੰਤਨ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2000.

ਮਨਮੋਹਨ ਸਿੰਘ (ਡਾ.), *ਗੁਰੂ ਨਾਨਕ ਅਤੇ ਭਗਤੀ ਅੰਦੋਲਨ*, ਮਨਦੀਪ ਪ੍ਰਕਾਸ਼ਨ ਨਵੀਂ ਦਿੱਲੀ, 1970.

_____________ *ਭਗਤੀ ਸਿਧਾਂਤ ਦੇ ਆਧਾਰ ਸ੍ਰੋਤ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1991.

ਮੌਲਾਨਾ ਜਲੀਲ ਅਹਿਸਨ ਨਦਵੀ, (ਅਨੁ.) ਜਨਕ ਸਿੰਘ ਤੇ ਹੋਰ, *ਰਾਹੇ ਅਮਲ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1987.

ਰਾਧਾ ਕਿਸ਼ਨਨ, *ਧਰਮ ਇਕ ਤੁਲਨਾਤਮਕ ਅਧਿਐਨ*, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਮਾਰਚ 1965.

ਰੋਹੀ, ਰਾਜਿੰਦਰ ਕੌਰ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ: ਅਧਿਆਤਮ ਤੇ ਵਿਵਹਾਰ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2012.

ਰੂਪ ਸਿੰਘ (ਸੰਪਾ.),*ਸੇ ਭਗਤ ਸਤਿਗੁਰ ਮਨਿ ਭਾਏ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 1997.

ਰੈਣਾ, ਅੰਮ੍ਰਿਤ ਕੌਰ ( ਡਾ.), *ਸਿੱਖ ਧਰਮ ਅਤੇ ਇਸਲਾਮ*, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2010.

ਵੇਦੀ, ਭਗਤ ਸਿੰਘ,*ਮੱਧਕਾਲੀਨ ਭਗਤੀ ਕਾਵਿ ਦਾ ਇਤਿਹਾਸ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1990.

**ਪੱਤ੍ਰਿਕਾਵਾਂ**

*ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 2005; ਜੂਨ-ਦਸੰਬਰ 1973; ਜੂਨ ਦਸੰਬਰ 1980; ਦਸੰਬਰ 1976; ਜੂਨ ਦਸੰਬਰ 1978;ਜੂਨ-ਦਸੰਬਰ 1972; ਦਸੰਬਰ 1976; ਮਾਰਚ 1969.

*ਪੰਜਾਬੀ ਦੁਨੀਆ*, 1965.

**ENGLISH BOOKS**

Mawlana Abul Kalam Azad, (Edited tendered into English by Dr. Syed Abdul Latif)*The Tarujaman-al-Qur'an,*Vol-I,II, III,Dr. Syed Abdul Latif

Trust for Quran other culture studies Hyderabad, 1967.

**ENCYCLOPAEDIA AND DICTIONARIES**

B Lewis (et al.) *The Encyclopedia of Islam*, Vol. II. Leiden E. J. Brill, 1991.

Harbans Singh, (ed.), *Encyclopedia of Sikhism, Vol. II. (E-L),* Punjabi University Patiala, 1996.

John. L. Espositio, *The Oxford Dictionary of Islam*, Oxford University Press New York, 2003.

Mircea Eliade, *Encyclopedia of Religion, Vol. III, XIV,* Collier Mac Millan Publishers London, 1987.

Yusuf Ali Abdullah, *The Holy Quran*, Kitab Bhawan, New Delhi, 2004.

Qureshi, Muhammad Abdul Rehman (Director), *Qur'anic Prism,* Trilingual Subject index in Holy Qura'n, Aamir Publications, Pakistan, 2005. (Forth edition.)

**BOOKS**

A.S. Trintton, *Islam belief and Practices*, Hutchinson University Library, London, 3rd edition 1957.

Abdul Rahman, *The Belief and the life in the holy Quran (vol.1, II)* Abdul Rahman Publisher Amritsar,2005.

Andrew Rippin, *Muslims: Their Religious Beliefs & Practices (Vol. 1 Formative Period),* Routhedge London & New York 1990.

Ansari, Abdul Haq, (et. al)*ISLAM*,Punjabi University Patiala, 2001.

Attab Shahyar, *The pillars of Islam,* Iman Islamic Book Services New Delhi, 2004.

Balbir Singh Sandhu, (ed.), *English Punjabi Dictionary,* Punjab State University Text Board Chandigarh, 2012.

Darshan Singh, (ed.), *Guru Granth Sahib among the Scriptures of the World*, Punjabi University Patiala, 2004.

Edwin Arnold (Sir), *Pearls of the Faith,* Ashraf Publication (Lahore) Pakistan, 1982.

Faruqi, I. H. ,*Sufism & Bhakti,* Abhinav Publication New Delhi 1984.

Hafiz M. Adil, *Introduction to Quran*, Adam Publishers and distributors New Delhi, 1983.

Harbans Singh (Ed.), *Approaches to the Study of Religion*, Punjabi University Patiala, 1970.

________, *Perspectives of Guru Nanak,* Publication Bureau Punjabi University, Patiala, 1st. Edition, 1975

Hughes, Thomas Patrick, B.D. MR.A.S, *A Dictionary of Islam,* Premier Book House, Lahore, 1964.

Kirpal Singh (Dr.),*Shri Guru Granth Sahib: Historical-Socio Economic Perspective,* Punjabi University Patiala, 2012.

M. Siddiqi, *The 99 Beautiful Names of Allah,* Markazul Maarif New Delhi, 1995.

M. Ziaullah, *Islamic concept of God,* Kegan Paul International London, Boston and Melbourne, 1983.

Manmohan singh, *Sri guru granth sahib English and Punjabi Translation,* vol-2, S.G.P.C. Amritsar.

Rahman, Fazlur, *Major themes of the Qura'n,* Alfa Publishers and Distributers Srinagar, 2004.

Rajinder Singh (Dr.), *Concept of Mind: Gurmat Point of view,* Madan Book House Patiala, 2013.

Syed Abdul Lalif (Dr.), *Approach to the study of Qura'n,* Dr. Syed Abdul Lalif's trust Hyderabad,1980.

Syed Abul Hasan Alli Nadwi, *The Four Pillars of Islam*, Academy of Islamic Research publication (Lukhnow) Hyderabad,1978.

Talib Gurbachan Singh(ed.),*An Advanced Book of Religious Studies*,Punjabi University Patiala, 1974.

Ziaul Haque, *Revelation and Revolution in Islam,* Atlantic Publishers and Distributors, New Delhi, 1989.

# Relevance of the Teachings of Sain Mian Mir and Other Sufi Saints of Punjab to Contemporary Society

*Editor*

**Dr. Mohd. Habib**

PUBLICATION BUREAU
PUNJABI UNIVERSITY, PATIALA

| | | | |
|---|---|---|---|
| 10. | ਸੂਫ਼ੀ ਸ਼ਾਇਰੀ ਅਤੇ ਗੁਰਬਾਣੀ ਵਿਚ ਸਾਂਝ | ਸਰਦਾਰ ਪੰਛੀ, ਮੁਹੰਮਦ ਅਸ਼ਰਫ਼ | 78 |
| 11. | ਵਹਦਤ-ਏ-ਇਨਸਾਨੀ ਦੀ ਸ਼ਾਨਦਾਰ ਮਿਸਾਲ- ਹਜ਼ਰਤ ਸਾਂਈ ਮੀਆ ਮੀਰ | ਪ੍ਰੋ. ਅਮਤੁਲ ਵਾਸੇ, ਮੁਹੰਮਦ ਯੂਸਫ਼ | 86 |
| 12. | ਤਸੱਵੁਫ਼ ਦੀਆਂ ਇਸਲਾਮੀ ਨੀਹਾਂ ਅਤੇ ਉਸ ਦੀ ਤਤਕਾਲੀ ਪ੍ਰਸੰਗਿਕਤਾ | ਡਾ. ਤਾਰਿਕ ਕਿਫ਼ਾਇਤ, ਮੁਹੰਮਦ ਯੂਸਫ਼ | 95 |
| 13. | ਹਜ਼ਰਤ ਮੀਆਂ ਮੀਰ ਕਾਦਰੀ (ਰ.) ਕਾਦਰੀ ਸਿਲਸਿਲੇ ਦੇ ਰੌਸ਼ਨ ਚਿਰਾਗ | ਪ੍ਰੋ. ਸੱਯਦ ਮੁਹੰਮਦ ਅਮੀਨ, ਮੁਹੰਮਦ ਅਸ਼ਰਫ਼ | 108 |
| 14. | ਹਜ਼ਰਤ ਮੀਆਂ ਮੀਰ ਕਾਦਰੀ ਦੀਆਂ ਸਿੱਖਿਆਵਾਂ ਅਤੇ ਮੌਜੂਦਾ ਸਮੇਂ ਵਿਚ ਉਨ੍ਹਾਂ ਦੀ ਮਹੱਤਤਾ | ਅਲੀਮ ਅਸ਼ਰਫ਼, ਮੁਹੰਮਦ ਯੂਸਫ਼ | 127 |
| 15. | ਨਾਸਿਰ ਅਲੀ ਸਰਹਿੰਦੀ ਅਤੇ ਉਹਨਾਂ ਦਾ ਵਹਦਤ-ਉਲ-ਵਜੂਦ ਅਤੇ ਵਹਦਤ-ਉਲ-ਸ਼ਹੂਦ | ਅੱਯੂਬ ਆਲਮ, ਮੁਹੰਮਦ ਸ਼ਫ਼ੀਕ ਖਿੰਦ | 142 |
| 16. | ਸ਼ੇਖ਼ ਨਿਜ਼ਾਮੁੱਦੀਨ ਔਲੀਆ ਦੀਆਂ ਸਿਖਿਆਵਾਂ ਦੀ ਵਰਤਮਾਨ ਪ੍ਰਸੰਗਤਾ | ਇੰਦਰਜੀਤ ਕੌਰ | 150 |
| 17. | ਸਾਧ ਸਾਧ ਬੁੱਧੂ ਸੁਭਟ | ਹਰਦੇਵ ਸਿੰਘ | 159 |
| 18. | ਜੀਵਨ : ਭਾਈ ਮਰਦਾਨਾ ਜੀ (1459-1534 ) | ਜਸਪਾਲ ਕੌਰ, ਡਾ. ਮੁਹੰਮਦ ਹਬੀਬ | 167 |
| 19. | ਸੂਫ਼ੀਆਂ ਦਾ ਅਖ਼ਲਾਕੀ ਜੀਵਨ | ਸਤਿੰਦਰ ਸਿੰਘ ਰੰਧਾਵਾ | 174 |
| 20. | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ੇਖ਼ ਫ਼ਰੀਦ-ਬਾਣੀ ਇਕ ਧਰਮ-ਸ਼ਾਸਤਰੀ ਅਧਿਐਨ | ਜਸਵੰਤ ਸਿੰਘ ਬੁੱਗਰਾਂ | 179 |
| 21. | ਆਦਿ ਗੁਰੂ ਦੇ ਬ੍ਰਹਿਮੰਡੀ ਪਿਆਰ ਦਾ ਇਕ ਵਿਸਾ | ਜਸਵਿੰਦਰ ਸਿੰਘ | 194 |
| 22. | ਬੁੱਲ੍ਹੇ ਸ਼ਾਹ ਦੀ ਅਧਿਆਤਮਿਕ ਦ੍ਰਿਸ਼ਟੀ | ਬੱਲਮ ਲੀਂਬਾ | 207 |
| 23. | ਪੰਜਾਬੀ ਸੂਫ਼ੀ ਕਾਵਿ ਪਰੰਪਰਾ : ਨਵ ਪਰਿਪੇਖ (ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਬੁੱਲ੍ਹੇ ਸ਼ਾਹ ਦੇ ਵਿਸ਼ੇਸ਼ ਸੰਦਰਭ ਵਿਚ) | ਧਰਮਿੰਦਰ ਸਿੰਘ | 212 |

# ਸੂਫ਼ੀਆਂ ਦਾ ਅਖ਼ਲਾਕੀ ਜੀਵਨ

ਸਤਿੰਦਰ ਸਿੰਘ ਰੰਧਾਵਾ*

ਅੰਗਰੇਜ਼ੀ ਦਾ ਕਵੀ ਟੈਨੀਸਨ ਲਿਖਦਾ ਹੈ, ਜੇ ਧਨ ਗਿਆ ਤਾਂ ਕੁਝ ਨਹੀਂ ਗਿਆ, ਜੇ ਸਿਹਤ ਗਈ ਤਾਂ ਕੁਝ ਨਾ ਕੁਝ ਗਿਆ, ਜੇ ਇੱਜ਼ਤ ਗਈ ਤਾਂ ਸਭ ਕੁਝ ਗਿਆ। ਗੁਰਬਾਣੀ ਅਨੁਸਾਰ ਸੱਚ ਤੋਂ ਉੱਪਰ ਸੱਚਾ ਆਚਰਣ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥[1]

ਗੱਲਾਂ ਕਰਨ ਦਾ ਫਾਇਦਾ ਕੀ ਜੇ ਸਾਡਾ ਵਿਹਾਰ ਹੀ ਬੁਰਾ ਹੈ। ਧਰਮ ਗ੍ਰੰਥ ਵਿਚ ਕਰਮ ਕਰਨ ਦਾ ਹੁਕਮ ਹੈ। ਇਹੋ ਗੱਲ ਸੂਫ਼ੀ ਸਾਧਕਾਂ ਦੇ ਜੀਵਨ ਉੱਪਰ ਢੁੱਕਦੀ ਹੈ। ਸੂਫ਼ੀਆਂ ਨੇ ਉੱਚੇ ਆਚਰਣ ਤੇ ਜ਼ੋਰ ਦਿੱਤਾ ਅਤੇ ਧਰਮ ਗ੍ਰੰਥ ਦੀਆਂ ਤੁਕਾਂ ਤੋਤੇ ਵਾਂਗ ਰਟਨ ਨਾਲੋਂ ਵਰਤੋਂ ਵਿਹਾਰ ਵਿਚ ਵਰਤੀਆਂ। ਸਮਾਜ ਦਾ ਕਲਿਆਣਕਾਰੀ ਜੀਵਨ ਤਾਂ ਹੀ ਸੰਭਵ ਹੈ ਜੇ ਧਰਮ ਗ੍ਰੰਥ ਦੀ ਸਿੱਖਿਆ 'ਤੇ ਅਮਲ ਕੀਤਾ ਜਾਵੇ। ਧਰਮ ਗ੍ਰੰਥ ਵਿਚ ਦੋ ਚੀਜ਼ਾਂ ਦਾ ਜ਼ਿਕਰ ਪਰਸਪਰ ਹੁੰਦਾ ਹੈ। ਇਕ ਰਸਮ ਦੂਜਾ ਵਿਸ਼ਵਾਸ। ਰਸਮ ਅਤੇ ਵਿਸ਼ਵਾਸ ਬਾਹਰ ਅਤੇ ਅੰਦਰ ਦੇ ਮਾਰਗ ਹਨ। ਰਸਮ ਬਾਹਰੀ ਪ੍ਰਗਟਾਵਾ ਹੈ ਅਤੇ ਵਿਸ਼ਵਾਸ ਅੰਦਰੂਨੀ। ਜੇ ਵਿਸ਼ਵਾਸ ਪੱਕਾ ਹੈ ਤਾਂ ਰਸਮ ਮਨਫ਼ੀ ਹੋ ਜਾਂਦੀ ਹੈ। ਪਰ ਜੇ ਵਿਸ਼ਵਾਸ ਕੱਚਾ ਅਤੇ ਡਾਂਵਾ ਡੋਲ ਹੈ ਤਾਂ ਰਸਮ ਪਾਖੰਡ ਦਾ ਰੂਪ ਧਾਰਨ ਕਰ ਜਾਂਦੀ ਹੈ। ਸੂਫ਼ੀਆਂ ਨੇ ਇਸਲਾਮ ਦੀ ਮੂਲ ਸਿੱਖਿਆ ਤੋਂ ਚਿਣਗ ਲੈ ਕੇ ਘਰ ਘਰ ਪੈਗ਼ਾਮ-ਏ-ਮੁਹੱਬਤ ਦੇ ਚਿਰਾਗ ਜਲਾਏ ਅਤੇ ਬਾਹਰੀ ਨਜ਼ਰੀਏ ਤੋਂ ਪਾਸਾ ਵੱਟ ਕੇ ਇਸਲਾਮ ਦੇ ਅੰਦਰੂਨੀ ਗਿਆਨ ਦੀ ਸਮਝ ਪ੍ਰਾਪਤ ਕੀਤੀ। ਜਿਸ ਤਰੀਕੇ ਨਾਲ ਇਸਲਾਮ ਦਾ ਪ੍ਰਚਾਰ ਅਤੇ ਪ੍ਰਸਾਰ ਸੂਫ਼ੀਆਂ ਦੁਆਰਾ ਹੋਇਆ, ਉਹ ਹੁਕਮਰਾਨ ਕਰਨ ਵਿਚ ਅਸਫ਼ਲ ਰਹੇ। ਹੁਕਮਰਾਨਾਂ ਨੇ ਇਸਲਾਮ ਨੂੰ ਜ਼ੁਲਮੀ, ਕੱਟੜ ਅਤੇ ਘ੍ਰਿਣਾ ਯੋਗ ਧਰਮ ਵਜੋਂ ਪ੍ਰਦਰਸ਼ਿਤ ਕੀਤਾ। ਜਦਕਿ ਸੂਫ਼ੀਆਂ ਨੇ ਆਪਣੀ ਨੇਕ ਕਾਰਗੁਜ਼ਾਰੀ ਕਰਕੇ ਲੋਕਾਂ ਸਾਹਮਣੇ ਇਸਲਾਮ ਨੂੰ ਨੇਕ ਰਸਤਾ ਵਿਖਾਉਣ ਵਾਲਾ, ਸਰਬ ਸਾਂਝਾ ਧਰਮ, ਵਜੋਂ ਪੇਸ਼ ਕੀਤਾ। ਇਹੀ ਕਾਰਨ ਹੈ ਕਿ ਜਦੋਂ ਸੂਫ਼ੀ ਇਸਲਾਮ ਦੀ ਗੱਲ ਕਰਦੇ ਤਾਂ ਲੋਕਾਂ ਨੂੰ ਚੰਗਾ ਲੱਗਦਾ, ਲੋਕ ਇਸਲਾਮ ਦੇ ਧਾਰਨੀ ਬਣਦੇ। ਪਰ ਜਦੋਂ ਕੋਈ ਹੁਕਮਰਾਨ ਇਸਲਾਮ ਦੀ ਗੱਲ ਕਰਦਾ ਤਾਂ ਲੋਕ ਡਰਦੇ ਅਤੇ ਦੂਰ ਭੱਜਦੇ। ਇਸ

---

*. ਰਿਸਰਚ ਸਕਾਲਰ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-62

## ...ਕੀ ਜੀਵਨ

ਸਤਿੰਦਰ ਸਿੰਘ ਰੰਧਾਵਾ'

...ਗਿਆ ਤਾਂ ਕੁਝ ਨਹੀਂ ਗਿਆ,
...ਗਈ ਤਾਂ ਸਭ ਕੁਝ ਗਿਆ।
...। ਸ੍ਰੀ ਗੁਰੂ ਨਾਨਕ ਦੇਵ ਜੀ ਦਾ

...ਰ॥[1]

...ਹੀ ਬੁਰਾ ਹੈ। ਧਰਮ ਗ੍ਰੰਥ ਵਿਚ ...ਦੇ ਜੀਵਨ ਉੱਪਰ ਢੁੱਕਦੀ ਹੈ। ...ਦੀਆਂ ਤੁਕਾਂ ਤੋਤੇ ਵਾਂਗ ਰਟਨ ...ਟਕਾਰੀ ਜੀਵਨ ਤਾਂ ਹੀ ਸੰਭਵ ...ਧਰਮ ਗ੍ਰੰਥ ਵਿਚ ਦੋ ਚੀਜ਼ਾਂ ਦਾ ...ਰਸਮ ਅਤੇ ਵਿਸ਼ਵਾਸ ਬਾਹਰ ...ਅਤੇ ਵਿਸ਼ਵਾਸ ਅੰਦਰੂਨੀ। ...ਜੇ ਵਿਸ਼ਵਾਸ ਕੱਚਾ ਅਤੇ ਡਾਂਵਾ ... ਸੂਫ਼ੀਆਂ ਨੇ ਇਸਲਾਮ ਦੀ ...ਤ ਦੇ ਚਿਰਾਗ ਜਲਾਏ ਅਤੇ ...ਗਿਆਨ ਦੀ ਸਮਝ ਪ੍ਰਾਪਤ ...ਪ੍ਰਸਾਰ ਸੂਫ਼ੀਆਂ ਦੁਆਰਾ ...ਮਰਾਨਾਂ ਨੇ ਇਸਲਾਮ ਨੂੰ ...ਤਾ। ਜਦਕਿ ਸੂਫ਼ੀਆਂ ਨੇ ...ਨੂੰ ਨੇਕ ਰਸਤਾ ਵਿਖਾਉਣ ...ਕਿ ਜਦੋਂ ਸੂਫ਼ੀ ਇਸਲਾਮ ...ਗਰਨੀ ਬਣਦੇ। ਪਰ ਜਦੋਂ ...ਅਤੇ ਦੂਰ ਭੱਜਦੇ। ਇਸ

...ਟੀ, ਪਟਿਆਲਾ।



ਪਿੱਛੇ ਸੂਫ਼ੀਆਂ ਦਾ ਉੱਚ ਅਖ਼ਲਾਕੀ ਜੀਵਨ ਸੀ।

ਭਾਰਤ ਦਾ ਅਤੇ ਖ਼ਾਸ ਕਰਕੇ ਪੰਜਾਬ ਦਾ ਇਤਿਹਾਸ, ਸੱਭਿਆਚਾਰ, ਸਾਹਿਤ ਅਤੇ ਗਾਇਕੀ ਸੂਫ਼ੀਆਂ ਦਾ ਹੀ ਸੱਭਿਆਚਾਰ, ਸਾਹਿਤ ਅਤੇ ਗਾਇਕੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਾਨ ਸੂਫ਼ੀ ਬਾਬਾ ਫ਼ਰੀਦ ਜੀ ਦੀ ਰਚਨਾ ਦਾ ਸ਼ਾਮਲ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਸੂਫ਼ੀਆਂ ਦੇ ਜੀਵਨ ਤੋਂ ਗੁਰੂ ਸਾਹਿਬ ਵੀ ਪ੍ਰਭਾਵਿਤ ਸਨ। ਤਮਾਮ ਗੁਰਸਿੱਖਾਂ ਦੇ ਬਾਵਜੂਦ ਸ੍ਰੀ ਹਰਿਮੰਦਿਰ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਰੱਖਣ ਵਾਲੇ ਸਾਈਂ ਮੀਆਂ ਮੀਰ ਸੂਫ਼ੀ ਸਨ। ਜਦੋਂ ਬਾਬਾ ਫ਼ਰੀਦ ਜੀ ਦੀ ਰਚਨਾ ਵਿਚ ਨਮਾਜ਼ ਪੜ੍ਹਨ ਦੀ ਗੱਲ ਆਉਂਦੀ ਹੈ ਤਾਂ ਗੁਰੂ ਸਾਹਿਬ ਬਿਨ੍ਹਾਂ ਵਿਤਰਕੇ ਉਨ੍ਹਾਂ ਦੀ ਬਾਣੀ ਨੂੰ ਸ਼ਾਮਲ ਕਰਦੇ ਹਨ। ਗੁਰੂ ਸਾਹਿਬ ਆਪ ਵੀ ਨਮਾਜ਼ ਦੀ ਹਾਮੀ ਭਰਦੇ ਹਨ। ਪਰ ਜਦੋਂ ਹੁਕਮਰਾਨਾਂ ਦੀ ਗੱਲ ਆਉਂਦੀ ਹੈ ਤਾਂ ਉਸ ਵਿਚੋਂ ਵਿਰੋਧ ਉਪਜਦਾ ਹੈ। ਕਾਰਨ ਸਾਫ਼ ਹੈ ਕਿ ਹੁਕਮਰਾਨ ਕਹਿਣੀ ਵਿਚ ਵਿਸ਼ਵਾਸ ਕਰਦੇ ਸਨ ਅਤੇ ਸੂਫ਼ੀ ਕਰਨੀ ਦੇ ਧਾਰਨੀ ਸਨ।

ਸੂਫ਼ੀ ਧਰਮ ਦੀ ਗੱਲ ਕਰਦਿਆਂ ਉੱਚੇ ਆਚਰਣ 'ਤੇ ਜ਼ੋਰ ਦਿੰਦੇ ਸਨ। ਸਾਈਂ ਮੀਆਂ ਮੀਰ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾ ਦਾ ਜ਼ਿਕਰ ਜ਼ਰੂਰੀ ਹੈ। ਬਲਖ ਦਾ ਸ਼ਾਹ ਜਦ ਆਪਣੀ ਪੂਰੀ ਸ਼ਾਨ ਨਾਲ ਮੀਰ ਜੀ ਦੀ ਸੇਵਾ ਵਿਚ ਹਾਜ਼ਰ ਹੋਇਆਂ ਤਾਂ ਮੀਆਂ ਮੀਰ ਜੀ ਨੇ ਉਸਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਕੁਝ ਚਿਰ ਮਗਰੋਂ ਸ਼ਾਹੇ ਬਲਖ ਇਕ ਆਮ ਆਦਮੀ ਦਾ ਭੇਸ ਬਣਾਕੇ ਮੁੜ ਸਾਈਂ ਜੀ ਦੀ ਸੇਵਾ ਵਿਚ ਆਇਆ। ਸਾਈਂ ਜੀ ਨੇ ਮਿਲਣ ਤੋਂ ਇਨਕਾਰ ਕੀਤਾ। ਤੀਜੀ ਵਾਰ ਮਿਲਣ ਦੀ ਆਗਿਆ ਦਿੱਤੀ। ਸੇਵਾ ਲਾਈ ਕਿ ਜਾਓ ਭਿਖਿਆ ਮੰਗਕੇ ਲਿਆਓ। ਦੋ ਝੋਲੀਆਂ ਦੇ ਦਿੱਤੀਆਂ। ਕਿਹਾ ਕਿ ਇਕ ਵਿਚ ਹਿੰਦੂਆਂ ਦੀ, ਇਕ ਵਿਚ ਮੁਸਲਮਾਨਾਂ ਦੀ ਭਿਖਿਆ ਪਵਾਇਓ। ਮੀਰ ਜੀ ਵਾਰ-ਵਾਰ ਭਿਖਿਆ ਮੰਗਵਾਉਂਦੇ ਰਹੇ। ਅਖੀਰ ਕਈ ਦਿਨਾਂ ਬਾਅਦ ਸ਼ਾਹੇ ਬਲਖ ਸਿਰਫ਼ ਇਕੋ ਹੀ ਝੋਲੀ ਲੈ ਕੇ ਆਏ। ਉਨ੍ਹਾਂ ਸਾਈਂ ਜੀ ਨੂੰ ਕਿਹਾ ਕਿ ਹੁਣ ਮੈਨੂੰ ਪਤਾ ਨਹੀਂ ਚੱਲਦਾ ਕਿ ਹਿੰਦੂ ਕੌਣ ਹੈ ਅਤੇ ਮੁਸਲਮਾਨ ਕੌਣ ਹੈ?[2]

ਸੂਫ਼ੀਆਂ ਨੇ ਆਪਣੇ ਜੀਵਨ ਤਜਰਬਿਆਂ ਰਾਹੀਂ ਸਮਾਜ ਵਿਚ ਫੈਲੀ ਹਰ ਤਰ੍ਹਾਂ ਦੀ ਕੁਤੱਤਣ ਨੂੰ ਦੂਰ ਕਰਕੇ ਇਲਾਹੀ ਪੈਗ਼ਾਮ ਨੂੰ ਨਸ਼ਰ ਕੀਤਾ ਜੋ ਜੁਗਾਂ ਜੁਗਾਂਤਰਾਂ ਤੱਕ ਹੱਕ-ਸੱਚ ਦੀ ਗਵਾਹੀ ਭਰਦਾ ਰਹੇਗਾ। ਬੇਸ਼ੱਕ ਸੂਫ਼ੀਆਂ ਦੇ ਅਨੇਕ ਸਿਧਾਂਤ ਹਨ ਜਿਵੇਂ:1. ਸਬਰ, 2. ਸੰਤੋਖ, 3. ਇਕਾਂਤਵਾਸ, 4. ਤੋਬਾ, 5. ਰੱਬੀ ਉਪਾਸਨਾ ਅਤੇ ਵਾਸਨਾਵਾਂ ਤੇ ਕਾਬੂ 6. ਰੱਬ ਤੇ ਭਰੋਸਾ। ਵਿਆਖਿਆਕਾਰ ਇਨ੍ਹਾਂ ਸਿਧਾਂਤਾਂ ਨੂੰ ਵੱਖਰੇ-ਵੱਖਰੇ ਤਰੀਕਿਆਂ ਨਾਲ ਪਰਿਭਾਸ਼ਿਤ ਕਰਦੇ ਹੋਣ ਪਰ ਮੂਲ ਰੂਪ ਵਿਚ ਸੂਫ਼ੀਆਂ ਦੇ ਹਰ ਸਿਧਾਂਤ ਦਾ ਮਨੋਰਥ ਪੂਰਨ ਤੌਰ 'ਤੇ ਅਮਲੀ ਜੀਵਨ ਹੈ।

ਪ੍ਰੋ. ਗੁਲਵੰਤ ਸਿੰਘ ਅਨੇਕ ਵਿਚਾਰਾਂ ਤੋਂ ਬਾਅਦ ਲਿਖਦੇ ਹਨ, "ਉਕਤ ਚਰਚਾ ਤੋਂ ਇਹ ਨਿਸਕਰਸ਼ ਕੱਢਣਾ ਉਚਿਤ ਹੋਵੇਗਾ ਕਿ ਮਾਨਸਿਕ ਨਿਰਮਲਤਾ ਸੂਫ਼ੀਆਂ ਦੀ ਇਕ ਵਿਸ਼ੇਸ਼ਤਾ ਮੰਨੀ ਗਈ ਹੈ। ਮਾਨਸਿਕ ਸਚਾਈ ਸੂਫ਼ੀ ਦਾ ਆਤਮਿਕ ਗੁਣ ਹੈ ਅਤੇ ਉੱਨ ਦਾ ਲਿਬਾਸ ਉਨ੍ਹਾਂ ਦੀ ਜ਼ਾਹਿਰੀ ਸਫ਼ਾਈ ਦਾ ਪ੍ਰਮਾਣ ਹੈ। ਅਬੂ ਹਾਸ਼ਮ ਕੂਫ਼ੀ ਉਹ ਪਹਿਲੇ

---

2. ਡਾ. ਮੁਹੰਮਦ ਹਬੀਬ, *ਸਾਈਂ ਮੀਆਂ ਮੀਰ ਜੀਵਨ ਸਾਧਨਾ ਅਤੇ ਸਿੱਖਿਆਵਾਂ*, ਪੰਨਾ 120

ਦਰਵੇਸ਼ ਸਨ ਜਿਨ੍ਹਾਂ ਬਾਰੇ ਸੂਫ਼ੀ ਲਫ਼ਜ਼ ਪਹਿਲੀ ਵਾਰ ਵਰਤਿਆ ਗਿਆ"।[3]

ਸੂਫ਼ੀਆਂ ਦੀ ਜੀਵਨ ਧਾਰਾ ਵਿਚ ਸਾਰੇ ਜਹਾਨ ਨਾਲ ਮੁਹੱਬਤ, ਅੱਲਾਹ ਦੀ ਯਾਦ, ਵੈਰਾਗ, ਸ਼ਾਮਲ ਹੈ। "ਮੂਲ ਰੂਪ ਵਿਚ ਸੂਫ਼ੀਵਾਦ ਕੋਈ ਧਰਮ ਨਹੀਂ ਸਗੋਂ ਆਤਮ ਗਿਆਨ ਦੀ ਇਕ ਪੱਧਤੀ ਹੈ ਜੋ ਇਸਲਾਮ ਦੇ ਘੇਰੇ ਵਿਚ ਰਹਿੰਦੇ ਹੋਏ, ਇਸਦੀ ਰੂਹਾਨੀਅਤ ਦੇ ਰਹੱਸ ਆਪਣੀ ਉੱਚੀ ਸੁਰਤਿ ਵਿਚ ਹੰਢਾਉਂਦੇ ਹੋਏ ਇਕ ਵਿਲੱਖਣ ਪਹਿਚਾਣ ਕਾਇਮ ਕਰ ਲੈਂਦੀ ਹੈ।"[4]

ਸੂਫ਼ੀ ਸਿਧਾਂਤਾਂ ਵਾਂਗ ਸੂਫ਼ੀ ਸਾਧਕ ਵੀ ਅਨੇਕ ਹਨ। ਸੂਫ਼ੀ ਸਾਧਕਾਂ ਵਿਚ ਔਰਤਾਂ ਵੀ ਸ਼ਾਮਲ ਸਨ। ਮਹਾਨ ਸੂਫ਼ੀ ਰਾਬੀਆ ਔਰਤ ਸੀ, "ਇੱਕ ਵਾਰੀ ਕਿਸੇ ਸੂਫ਼ੀ ਨੇ ਆਪ ਨੂੰ ਕਿਹਾ ਕਿ ਪੁਰਖ ਤਾਂ ਮਹਾਨ ਹੁੰਦੇ ਹਨ, ਨਾਰੀ ਨਹੀਂ ਕਿਉਂਕਿ ਜਿੰਨੇ ਵੀ ਸ਼ੇਖ਼ ਔਲੀਏ, ਨਬੀ ਪੈਗੰਬਰ ਹੋਏ ਹਨ, ਉਹ ਸਭ ਪੁਰਖ ਹੀ ਹੋਏ ਹਨ। ਇਬਾਦਤ ਵਿਚ ਲੀਨ ਹੋਈ ਰਾਬੀਆ ਨੇ ਉੱਤਰ ਦਿੱਤਾ ਕਿ ਅੱਲਾਹ ਦੀ ਰਜ਼ਾ ਦੀ ਪ੍ਰਾਪਤੀ ਦਾ ਦਾਅਵਾ ਨਹੀਂ ਕਰਨਾ ਚਾਹੀਦਾ। ਅੱਲਾਹ ਦੀ ਦਰਗਾਹ ਵਿਚ ਇਬਾਦਤ ਕਰਨ ਵਾਲੇ ਮਰਦ ਜਾਂ ਇਸਤਰੀ ਵਿਚ ਕੋਈ ਭੇਦ ਨਹੀਂ ਹੈ।"[5]

ਹਰ ਧਰਮ ਵਿਚ ਚੰਗੇ ਕਰਮ ਕਰਨ ਦਾ ਹੁਕਮ ਹੈ ਅਤੇ ਬੁਰੇ ਕਰਮਾਂ ਤੋਂ ਵਰਜਿਆ ਹੈ। ਮਰਨ ਤੋਂ ਬਾਅਦ ਸਾਨੂੰ ਸਾਡੇ ਕੀਤੇ ਕੰਮਾਂ ਦਾ ਫਲ ਮਿਲੇਗਾ, "ਕੁਝ ਲੋਕ ਇਬਾਦਤ ਇਸ ਲਈ ਕਰਦੇ ਹਨ ਕਿ ਉਨ੍ਹਾਂ ਨੂੰ ਬਹਿਸ਼ਤ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਕੁਝ ਦੋਜ਼ਖ ਜਾਣ ਦੇ ਭੈ ਕਰਕੇ ਇਬਾਦਤ ਕਰਦੇ ਹਨ। ਰਾਬੀਆ ਨੂੰ ਇਸ ਗੱਲ ਤੇ ਨਿਰਾਸ਼ਾ ਹੁੰਦੀ ਹੈ। ਉਸਦਾ ਕਹਿਣਾ ਹੈ ਕਿ ਕੋਈ ਵੀ ਬੰਦਾ ਇਬਾਦਤ ਅੱਲਾਹ ਲਈ ਨਹੀਂ ਕਰਦਾ। ਇਬਾਦਤ ਤਾਂ ਹਿਰਦੇ ਵਿਚ ਬਿਨ੍ਹਾਂ ਕਿਸੇ ਪ੍ਰਯੋਜਨ ਦੇ ਕਰਨੀ ਚਾਹੀਦੀ ਹੈ ਜਿਵੇ:

ਪਰਭ ਜੋ ਐਸੇ ਲਾਇਕ ਮੀਤਿ॥
ਬਿਨਾ ਪਰੋਜਨ ਭਜੀਐ ਚੀਤਿ॥
ਸਰਗੁ ਨ ਚਹੀਐ ਨ ਨਰਕੁ ਭੈ ਕਰੀਐ॥
ਪ੍ਰਭੂ ਜੀ ਸਿਮਰਨ ਰਿਦਿ ਮਹਿ ਧਰੀਐ॥"[6]

ਸੂਫ਼ੀਆਂ ਨੇ ਚਾਰਦੀਵਾਰੀ ਵਿਚ ਕੈਦ ਧਰਮ ਨੂੰ ਲੋਕਾਂ ਦੇ ਜੀਵਨ ਦਾ ਹਿੱਸਾ ਨਹੀਂ ਸਗੋਂ ਜੀਵਨ ਬਣਾਉਣ ਦਾ ਯਤਨ ਕੀਤਾ। ਨੇਕ ਕਰਮ ਕਰੋ, ਗਰੀਬ ਦੀ ਮਦਦ ਕਰੋ, ਅੱਲਾਹ ਦੀ ਬੰਦਗੀ ਕਰੋ, ਕਿਤੇ ਵੀ ਕਦੇ ਵੀ। ਬੱਸ ਇਹ ਹੀ ਸੂਫ਼ੀਆਂ ਦਾ ਮੰਤਵ ਹੈ ਅਤੇ ਸਿੱਖਿਆ ਵੀ। ਅੱਲਾਹ ਪਾਕ ਹੈ ਅਤੇ ਗੁਨਾਹਾਂ ਨੂੰ ਬਖ਼ਸਣ ਵਾਲਾ ਹੈ, "ਸਹੀਹ ਅਲਬੁਖਾਰੀ ਨਾਂ ਦੀ ਹਦੀਸ ਵਿਚ ਹਜ਼ਰਤ ਮੁਹੰਮਦ ਦੁਆਰਾ ਸੁਣਾਈ ਗਈ ਇਕ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਆਇਆ ਹੈ: ਇਕ ਆਦਮੀ ਜਾ ਰਿਹਾ ਸੀ। ਗਰਮੀ ਬਹੁਤ ਸੀ

---

3. ਪ੍ਰੋ. ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਨਾ 58
4. ਡਾ. ਗੁਲਜ਼ਾਰ ਸਿੰਘ ਕੰਗ, *ਸੂਫ਼ੀ ਸਾਧਕ ਅਤੇ ਸਿਲਸਿਲੇ*, ਪੰਨਾ 27
5. ਡਾ. ਦੇਵਿੰਦਰ ਸਿੰਘ ਉਸਾਹਣ, *ਪਰਚੀਆਂ ਸੂਫ਼ੀ ਫ਼ਕੀਰਾਂ ਦੀਆਂ*, ਪੰਨਾ 9
6. *ਪੂਰਵਅੰਕਿਤ*, ਪੰਨਾ 26

ਤੇ ਉਸਨੂੰ ਤ੍ਰੇਹ ਨੇ ਬਹੁਤ ਸਤਾਇਆ। ਨੇੜ੍ਹੇ ਹੀ ਉਸਨੇ ਦੇਖਿਆ ਕਿ ਇਕ ਖੂਹ ਹੈ। ਉਹ ਖੂਹ ਵਿਚ ਉੱਤਰ ਗਿਆ ਤੇ ਰੱਜਕੇ ਪਾਣੀ ਪੀ ਲੈਣ ਮਗਰੋਂ ਬਾਹਰ ਨਿਕਲ ਆਇਆ। ਬਾਹਰ ਆ ਕੇ ਕੀ ਦੇਖਦਾ ਹੈ ਕਿ ਇਕ ਕੁੱਤਾ ਪਿਆਸ ਨਾਲ ਬੁਰੇ ਹਾਲ ਖਲੋਤਾ ਗਾਰੇ ਵਾਲੇ ਪਾਣੀ ਨੂੰ ਪੀ ਰਿਹਾ ਹੈ। ਉਸ ਆਦਮੀ ਨੂੰ ਝੱਟ ਆਪਣੀ ਤ੍ਰੇਹ ਯਾਦ ਆ ਗਈ ਤੇ ਉਹ ਉਸੇ ਵੇਲੇ ਖੂਹ ਵਿਚ ਉਤਰਿਆ ਤੇ ਖੂਹ ਵਿਚੋਂ ਆਪਣੀ ਇਕ ਜੁੱਤੀ ਪਾਣੀ ਨਾਲ ਭਰਕੇ ਲੈ ਆਇਆ ਤੇ ਕੁੱਤੇ ਮੂਹਰੇ ਰੱਖ ਦਿੱਤੀ। ਕੁੱਤੇ ਨੇ ਖੁਸ਼ ਹੋ ਕੇ ਪਾਣੀ ਪੀ ਲਿਆ। ਇਸ ਆਦਮੀ ਨੂੰ ਇਸ ਨੇਕੀ ਦਾ ਇਵਜ਼ਾਨਾ ਇਹ ਮਿਲਿਆ ਕਿ ਅੱਲਾਹ ਤਆਲਾ ਨੇ ਉਸਦੇ ਸਾਰੇ ਪਹਿਲਾਂ ਕੀਤੇ ਗੁਨਾਹਾਂ ਨੂੰ ਮੁਆਫ਼ ਕਰ ਦਿੱਤਾ। ਇਨਸਾਨਾਂ ਨਾਲ ਨੇਕੀ ਨਾਲ ਪੇਸ਼ ਆਉਣਾ ਹੀ ਆਉਣਾ ਹੈ, ਬਲਕਿ ਬੇਜ਼ੁਬਾਨ ਪਸ਼ੂ ਪੰਛੀ ਤੇ ਹੋਰ ਜੀਵੰਤ ਜਗਤ ਨਾਲ ਨੇਕੀ ਕਮਾਉਣਾ ਇਕ ਪੁੰਨ ਭਰਿਆ ਕੰਮ ਹੈ। ਇਹ ਹਜ਼ਰਤ ਮੁਹੰਮਦ ਦੀ ਸਿੱਖਿਆ ਹੈ।"[7]

ਅਜੋਕੇ ਨਫ਼ਰਤ ਭਰੇ ਵਾਤਾਵਰਣ ਵਿਚ ਸੂਫ਼ੀਆਂ ਦੀ ਸੋਚ ਉਸਾਰੂ ਭੂਮਿਕਾ ਨਿਭਾ ਰਹੀ ਹੈ। ਲੋਕ ਮਰਨ ਤੋਂ ਬਾਅਦ ਬਹਿਸ਼ਤ ਭਾਲਦੇ ਹਨ ਪਰ ਸੂਫ਼ੀ ਦਾ ਵਿਸ਼ਵਾਸ ਜਿਉਂਦੇ ਹੋਏ ਬਹਿਸ਼ਤ ਪ੍ਰਾਪਤੀ ਦੀ ਗੱਲ ਕਰਦਾ ਹੈ। ਸੂਫ਼ੀ ਰਹੱਸਵਾਦੀ ਹਨ। ਸੂਫ਼ੀਆਂ ਦੇ ਉੱਚੇ ਅਖ਼ਲਾਕ ਦੇ ਅਸਰ ਕਰਕੇ ਹੀ ਅੱਜ ਹਰ ਜਾਤ ਕਬੀਲੇ ਦਾ ਵਿਅਕਤੀ ਸੂਫ਼ੀ ਦਰਵੇਸ਼ਾਂ ਨੂੰ ਸਤਿਕਾਰ ਨਾਲ ਵੇਖਦਾ ਹੈ ਅਤੇ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ।

ਅੱਜ ਸੂਫ਼ੀ ਕਿਸੇ ਪਛਾਣ ਦੇ ਮੁਹਤਾਜ ਨਹੀਂ। ਆਪਣੀ ਨੇਕ ਕਾਰਗੁਜ਼ਾਰੀ ਕਰਕੇ ਸੂਫ਼ੀਆਂ ਨੇ ਉਹ ਮੁਕਾਮ ਪ੍ਰਾਪਤ ਕੀਤਾ ਜੋ ਹਰ ਵਰਗ ਲਈ ਖਿੱਚ ਦਾ ਕੇਂਦਰ ਬਣ ਗਿਆ ਹੈ। ਸਦੀਆਂ ਬਾਅਦ ਵੀ ਸੂਫ਼ੀ ਪਹਿਰਾਵਾ, ਸੂਫ਼ੀ ਗਾਇਕੀ ਨਵੀਂ ਨਰੋਈ ਹੈ। ਪੀਰ ਦੀ ਮਜ਼ਾਰ ਤੋਂ ਲੈ ਕੇ ਅੰਤਰ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚ ਸੂਫ਼ੀ ਗਾਇਕੀ ਵਿਸ਼ੇਸ਼ ਸਥਾਨ ਰੱਖਦੀ ਹੈ। ਸੂਫ਼ੀ ਕਵੀਆਂ ਨੇ ਆਪਣੀਆ ਰਚਨਾਵਾਂ ਵਿਚ ਰੱਬ ਨੂੰ ਮਹਿਬੂਬ ਦਾ ਦਰਜਾ ਦੇ ਕੇ ਇਸ਼ਕ ਹਕੀਕੀ ਦੀ ਗੱਲ ਆਖੀ, ਜੋ ਕਿ ਪੰਜਾਬੀ ਸਾਹਿਤ ਦਾ ਅਨਿੱਖੜਵਾ ਅੰਗ ਹੈ। ਸੋਹਣੀ-ਮਹੀਵਾਲ, ਲੈਲਾ ਮਜਨੂੰ, ਹੀਰ ਰਾਂਝਾ, ਸੱਸੀ ਪੁੰਨੂੰ, ਉਹ ਚਿੰਨ ਹਨ ਜੋ ਸੂਫ਼ੀ ਰਚਨਾਵਾਂ ਦੇ ਵਿਚ ਆਮ ਵੇਖੇ ਜਾਂਦੇ ਹਨ। ਪਰਦੇਸ ਗਏ ਪਤੀ ਦੇ ਵਿਛੋੜੇ ਵਿਚ ਪਤਨੀ ਜਿਵੇਂ ਵਿਆਕੁਲ ਹੋ ਜਾਂਦੀ ਹੈ, ਉਵੇਂ ਹੀ ਸੂਫ਼ੀ ਆਪਣੇ ਪ੍ਰੀਤਮ ਦੀ ਉਡੀਕ ਵਿਚ ਬਿਹਬਲ ਹੋ ਉੱਠਦੇ ਹਨ। ਮਹਾਨ ਸੂਫ਼ੀ ਬਾਬਾ ਫ਼ਰੀਦ ਜੀ ਦਾ ਕਥਨ ਹੈ:

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ॥[8]

ਮੂੰਹ ਚੁੱਕ ਚੁੱਕ ਕੇ ਆਪਣੇ ਪ੍ਰੀਤਮ ਦੀ ਤਰਫ ਜਦੋਂ ਬੁੱਲਾਂ ਤੇ ਆਈ ਤਾਂ ਇਹ ਤਰਾਨੇ ਲੋਕਾਂ ਦੀ ਜ਼ੁਬਾਨ ਅਤੇ ਜ਼ਿਹਨ ਉਪਰ ਅਮਿੱਟ ਛਾਪ ਛੱਡ ਗਏ, "ਜਿਉਂਦੀ ਰਹੀ ਤੇ ਰਹੇਗੀ

---

7. ਡਾ. ਗੁਰਦੇਵ ਸਿੰਘ, *ਜੀਵਨੀਆਂ ਸੂਫ਼ੀ ਦਰਵੇਸਾਂ ਦੀਆਂ*, ਪੰਨਾ।।
8. ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ-1379

ਕਲਮ ਲਿਖਦੀ, ਲਿਖਦੀ ਰਹੇਗੀ ਦਰਦ ਕਹਾਣੀਆਂ ਨੂੰ।"[9]

ਜ਼ਿੰਦਗੀ ਵਿਚ ਦੁੱਖ ਸੁੱਖ ਆਉਂਦੇ ਹਨ ਪਰ ਉੱਚੀ ਆਤਮਾ ਦੇ ਮਾਲਿਕ ਦੋਹਾਂ ਨੂੰ ਇਕ ਸਮ ਜਾਣਦੇ ਹੋਏ ਦੋਹਾਂ ਤੋਂ ਬੇਨਿਆਜ਼ ਹੋ ਇਨ੍ਹਾਂ ਨੂੰ ਰੱਬ ਦੀਆਂ ਦਾਤਾ ਮੰਨਦੇ ਹਨ। ਇਹ ਸਭ ਸੂਫ਼ੀਆਂ ਦੇ ਅਖ਼ਲਾਕੀ ਜੀਵਨ ਦਾ ਅਟੁੱਟ ਅੰਗ ਹੈ।

---

9. ਪ੍ਰੋ. ਸੇਵਾ ਸਿੰਘ, *ਬਾਬਾ ਸਾਹਿਬ ਮੀਆਂ ਨਜ਼ਾਮ-ਉਦ-ਦੀਨ ਲਾਰਵੀ ਨਕਸ਼ਬੰਦੀ ਜੀਵਨ ਅਤੇ ਰਚਨਾ*, ਪੰਨਾ 8

# NATIONAL SEMINAR
ON
# SOCIO-SPIRITUAL CONCERNS OF RELIGION

MARCH 09-10, 2015

PUNJABI UNIVERSITY PATIALA

PUBLICATION BUREAU
PUNJABI UNIVERSITY, PATIALA

| | | | |
|---|---|---|---|
| 16. | ਸਮਾਜਿਕ ਸਦਭਾਵਨਾ ਲਈ ਸਿੱਖ ਮਾਡਲ | *ਡਾ. ਹਰਜੀਤ ਸਿੰਘ* | 11 |
| 17. | ਖ਼ਾਲਸਾ: ਅਧਿਆਤਮਿਕਤਾ 'ਤੇ ਸਮਾਜਿਕਤਾ ਦਾ ਸੁਮੇਲ (ਸ੍ਰੀ ਸਰਬਲੋਹ ਗ੍ਰੰਥ ਦੇ ਹਵਾਲੇ ਸਹਿਤ) | *ਜਸਵੰਤ ਸਿੰਘ* | 11 |
| 18. | ਸਿੱਖ ਧਰਮ ਵਿਚ ਗੁਰੂ (ਅਧਿਆਤਮਿਕ ਅਤੇ ਸਮਾਜਿਕ ਸੰਦਰਭ) | *ਡਾ. ਤੇਜਿੰਦਰ ਪਾਲ ਸਿੰਘ* | 12 |
| 19. | ਗੁਰਮਤਿ ਸਾਧਨਾ ਵਿਚ ਗ੍ਰਹਿਸਤ ਦੀ ਰੂਹਾਨੀ ਅਤੇ ਸਮਾਜਿਕ ਪ੍ਰਸੰਗਿਕਤਾ | *ਸਤਿੰਦਰ ਸਿੰਘ ਰੰਧਾਵਾ* | 15 |
| 20. | ਜ਼ਫ਼ਰਨਾਮਾ: ਅਧਿਆਤਮਿਕ ਤੇ ਸਮਾਜਿਕ ਸੰਦਰਭ | *ਭੁਪਿੰਦਰ ਪਾਲ ਸਿੰਘ* | 16 |
| 21. | ਗੁਰਮਤਿ ਦਾ ਸਮਾਜਿਕ ਸੰਦਰਭ: 'ਜਾਤ' ਦੇ ਹਵਾਲੇ ਨਾਲ | *ਪਲਵਿੰਦਰ ਕੌਰ* | 17 |
| 22. | ਸਿੱਖ ਅਧਿਆਪਨ: ਅਧਿਆਤਮਿਕ ਅਤੇ ਸਮਾਜਿਕ ਸਰੋਕਾਰ | *ਲਖਵਿੰਦਰ ਸਿੰਘ* | 17 |
| 23. | ਧਰਮ ਦੇ ਅਧਿਆਤਮਿਕ ਅਤੇ ਸਮਾਜਿਕ ਸਰੋਕਾਰ (ਭਗਤ ਰਵਿਦਾਸ ਜੀ ਦੇ ਵਿਸ਼ੇਸ਼ ਸੰਦਰਭ ਵਿਚ) | *ਹਰਕੰਵਲਦੀਪ ਸਿੰਘ* | 17 |
| 24. | ਗੁਰਮਤਿ ਦਾ ਸਮਾਜਿਕ ਅਤੇ ਅਧਿਆਤਮਿਕ ਦ੍ਰਿਸ਼ਟੀਕੋਣ | *ਡਾ. ਪਰਮਵੀਰ ਸਿੰਘ* | 18 |

# ਗੁਰਮਤਿ ਸਾਧਨਾ ਵਿਚ ਗ੍ਰਹਿਸਤ ਦੀ ਰੂਹਾਨੀ ਅਤੇ ਸਮਾਜਿਕ ਪ੍ਰਸੰਗਿਕਤਾ

*ਸਤਿੰਦਰ ਸਿੰਘ ਰੰਧਾਵਾ**

**ਜਾਣ ਪਛਾਣ:** ਮਾਨਵ ਜਨਮ ਦਾ ਉਦੇਸ਼ ਪ੍ਰਭੂ ਪ੍ਰਾਪਤੀ ਹੈ। ਇਸ ਉਦੇਸ਼ ਦੇ ਤਿੰਨ ਅਹਿਮ ਅੰਗ ਹਨ- ਰੱਬ, ਮਨੁੱਖ ਅਤੇ ਸਮਾਜ। ਪ੍ਰਭੂ ਪ੍ਰਾਪਤੀ ਲਈ ਸਾਧਕਾਂ ਨੇ ਅਨੇਕ ਸਾਧਨਾ ਮਾਰਗ ਚੁਣੇ ਜਿੰਨ੍ਹਾਂ ਨੇ ਸਮਾਜ ਨੂੰ ਇਕ ਪਾਸੇ ਕਰਕੇ ਕਠਿਨ ਸਾਧਨਾਵਾਂ ਦੀ ਪਿਰਤ ਤੋਰੀ। ਸਮਾਜ ਨੂੰ ਇਕ ਪਾਸੇ ਕਰਨ ਨਾਲ ਕੋਰੇ ਧਾਰਮਿਕ ਜੀਵਨ ਵਿਚ ਪਾਖੰਡ ਭਾਰੂ ਅਤੇ ਉਦੇਸ਼ ਮਨਫੀ ਹੋ ਗਿਆ। ਮਾਨਵੀ ਕਦਰਾਂ ਕੀਮਤਾਂ ਅਲੋਪ ਹੋ ਜਾਣ ਕਾਰਨ ਧਰਮ ਭੇਖ ਬਣ ਗਿਆ ਸੀ। ਸਮਾਜ ਭਰਮ ਦੇ ਮੱਕੜ ਜਾਲ ਵਿਚ ਗ੍ਰਸਤ ਹੋ ਗਿਆ ਸੀ। ਹਥਲੇ ਪਰਚੇ ਵਿਚ ਗੁਰਮਤਿ ਸਾਧਨਾ ਵਿਚ ਗ੍ਰਹਿਸਤ ਨੂੰ ਆਧਾਰ ਬਣਾ ਕੇ ਰੂਹਾਨੀਅਤ ਅਤੇ ਸਮਾਜਿਕ ਕਦਰਾਂ ਕੀਮਤਾਂ 'ਤੇ ਵਿਚਾਰ ਕੀਤੀ ਜਾ ਰਹੀ ਹੈ।

**ਧਰਮ ਅਤੇ ਸਮਾਜ:** ਧਰਮ ਅਤੇ ਸਮਾਜ ਵਿਚਕਾਰ ਆਪਸੀ ਸਾਂਝ ਦੀ ਘਾਟ ਕਾਰਨ ਦੋਹਾਂ ਦੇ ਰਿਸ਼ਤੇ ਅਤੇ ਰਸਤਿਆਂ ਵਿਚ ਤਰੇੜ ਆ ਗਈ ਸੀ। ਧਰਮ ਸਾਧਨਾ ਦੇ ਖੇਤਰ ਵਿਚ ਸੰਨਿਆਸ ਇਕ ਪ੍ਰਮੁਖ ਅੰਗ ਵਾਂਗ ਉੱਭਰ ਕੇ ਸਾਹਮਣੇ ਆਇਆ। ਇਸ ਮਾਰਗ ਨੂੰ ਧਾਰਨ ਕਰਨ ਵਾਲਿਆਂ ਨੇ ਸਮਾਜ ਨੂੰ ਭਰਮ ਜਾਲ, ਭੈੜਾ ਅਤੇ ਦੁੱਖਾਂ ਦਾ ਘਰ ਘੋਸ਼ਿਤ ਕਰ ਦਿੱਤਾ ਸੀ। ਹਿੰਦੂ ਧਰਮ ਦੀ ਆਸ਼ਰਮ ਵਿਵਸਥਾ ਮੁਤਾਬਕ ਇਕ ਤੋਂ ਪੱਚੀ ਸਾਲ ਤੱਕ ਬ੍ਰਹਮਚਰਜ, ਪੱਚੀ ਤੋਂ ਪੰਜਾਹ ਸਾਲ ਤੱਕ ਗ੍ਰਹਿਸਤ, ਪੰਜਾਹ ਤੋਂ ਪਛੱਤਰ ਸਾਲ ਤੱਕ ਵਾਣਪ੍ਰਸਥ ਅਤੇ ਪਛੱਤਰ ਤੋਂ ਸੌ ਸਾਲ ਤੱਕ ਸੰਨਿਆਸ ਧਾਰਨ ਕਰਨ ਨਾਲ ਮਨੁੱਖਾ ਜਨਮ ਸਫਲ ਮੰਨਿਆ ਜਾਂਦਾ ਸੀ। ਕਾਲ ਵੰਡ ਕਾਰਨ ਗ੍ਰਹਿਸਤ ਵੱਖਰਾ ਸੀ ਅਤੇ ਸੰਨਿਆਸ ਵੱਖਰਾ। ਸੰਨਿਆਸ ਦੇ ਧਾਰਨੀ ਬਹੁਤੇ ਸਾਧਕ ਜੰਗਲਾਂ ਅਤੇ ਪਹਾੜਾਂ ਵਿਚ ਜਾ ਬੈਠੇ ਸਨ। ਸਮਾਜ ਦੀ ਨੁਮਾਇੰਦਗੀ ਕਰਨ ਲਈ ਕੋਈ ਯੋਗ ਆਗੂ ਨਹੀਂ ਰਿਹਾ ਸੀ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਧਰਮ ਦੀ ਸਿੱਖਿਆ ਦੇਣ ਵਾਲਾ ਕੋਈ ਸਾਧੂ ਨਹੀਂ ਰਿਹਾ ਸੀ।[1] ਧਰਮ ਨੇ ਸਮਾਜ ਰਾਹੀਂ ਪ੍ਰਗਟ ਹੋਣਾ ਹੈ। ਧਰਮ ਦੀ ਥਿਊਰੀ ਸਮਾਜ ਰਾਹੀਂ ਹੀ ਯਥਾਰਥ ਦਾ ਰੂਪ ਧਾਰਨ ਕਰਦੀ ਹੈ। ਸਮਾਜ ਬਿਨਾਂ ਧਰਮ ਅਤੇ ਧਰਮ ਬਿਨਾਂ ਸਮਾਜ ਦੋਵੇਂ ਅਧੂਰੇ ਹਨ। ਧਰਮ ਦਵਾਈ ਹੈ ਅਤੇ ਸਮਾਜ ਪ੍ਰਹੇਜ਼, ਧਰਮ ਖ਼ੁਰਾਕ ਹੈ ਅਤੇ ਸਮਾਜ ਕਸਰਤ। ਜਿਸ ਤਰ੍ਹਾਂ ਦਵਾਈ ਅਤੇ ਪ੍ਰਹੇਜ਼, ਖ਼ੁਰਾਕ ਅਤੇ ਕਸਰਤ ਇਕ ਦੂਜੇ ਦੇ ਪੂਰਕ ਹਨ। ਇਵੇਂ ਹੀ ਧਰਮ ਅਤੇ ਸਮਾਜ ਇਕ ਅਟੁੱਟ ਅੰਗ ਵਾਂਗ ਹਨ। ਦੋਹਾਂ ਨੂੰ ਅਲਹਿਦਾ ਕੀਤਿਆਂ ਨਾ ਤਾਂ ਧਰਮ ਕਾਇਮ ਰਹੇਗਾ ਅਤੇ ਨਾ ਹੀ ਸਮਾਜ। ਧਰਮ ਦਾ ਬੀਜ ਸਮਾਜ ਰੂਪੀ ਜ਼ਮੀਨ ਵਿਚ ਹੀ ਪ੍ਰਫੁਲਿਤ ਹੁੰਦਾ ਹੈ। ਧਰਮ ਨੂੰ ਸਮਾਜ ਵਿਚ ਪ੍ਰਸਾਰਿਤ ਕਰਨ ਵਾਲੀਆਂ ਦੋ ਮੁੱਖ ਸ਼ਾਖਾਵਾਂ ਹਨ - ਰਾਜਾ ਤੇ ਪੁਜਾਰੀ ਸ਼੍ਰੇਣੀ। ਰਾਜਾ ਸਮਾਜਿਕ ਹੈ ਅਤੇ ਪੁਜਾਰੀ ਧਾਰਮਿਕ। ਰਾਜਾ ਰਾਜ ਦਾ ਅਧਿਕਾਰੀ ਹੈ। ਲੋਕਾਂ ਉੱਪਰ ਟੈਕਸ ਲਾਉਣੇ, ਹਟਾਉਣੇ, ਸਹੂਲਤਾਂ ਦੇਣੀਆਂ ਅਤੇ ਵਾਪਸ ਲੈਣੀਆਂ ਰਾਜੇ ਦੀ ਜ਼ਿੰਮੇਵਾਰੀ ਅਧੀਨ ਆਉਂਦਾ ਹੈ। ਇਸ ਲਈ ਧਰਮ ਨੂੰ ਸਮਾਜ ਵਿਚ ਵਧਣ ਫੁੱਲਣ ਲਈ ਰਾਜੇ ਦੀ ਅਹਿਮ ਭੂਮਿਕਾ ਹੈ। ਗੁਰਮਤਿ ਨੇ ਅਨਿਆਈ ਰਾਜਿਆਂ ਨੂੰ ਸ਼ੀਹ ਅਤੇ ਮੁਕੱਦਮਾਂ ਨੂੰ ਕੁੱਤੇ ਕਿਹਾ ਹੈ। ਅੱਜ ਰਾਜਿਆਂ ਦੀ ਥਾਂ ਮੰਤਰੀਆਂ ਨੇ ਲੈ ਲਈ ਹੈ। ਸਿਆਣਿਆਂ ਦਾ ਕਥਨ ਹੈ - ਯਥਾ ਰਾਜਾ ਤਥਾ ਪਰਜਾ, ਭਾਵ ਜਿਵੇਂ ਦਾ ਰਾਜਾ ਹੋਵੇਗਾ ਉਹੋ ਜਿਹੀ ਪਰਜਾ ਹੋਵੇਗੀ। ਜੇਕਰ ਰਾਜਾ ਧਰਮੀ ਹੋਵੇਗਾ ਤਾਂ ਆਮ ਲੋਕ ਰਾਜੇ ਨੂੰ ਦੇਖ ਕੇ ਧਰਮੀ ਬਣ ਸਕਦੇ ਹਨ। ਰਾਜੇ ਦਾ ਪਰਜਾ ਉੱਪਰ ਅਸਰ ਪੈਣਾ ਸੁਭਾਵਿਕ ਹੈ। ਰਾਜੇ ਹੀ ਪਰਜਾ ਦਾ ਘਾਣ ਕਰ ਰਹੇ ਸਨ। ਰਾਜੇ ਜ਼ੁਲਮ ਕਰ ਕੇ ਪਰਜਾ ਨੂੰ ਸਮਾਜਿਕ ਤੌਰ 'ਤੇ ਦੁਖੀ ਕਰ ਰਹੇ ਸਨ। ਦੂਜੀ ਸ਼ਾਖ ਪੁਜਾਰੀ ਸ਼੍ਰੇਣੀ ਹੈ

---

* ਟੌਹੜਾ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ)।

1. ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ। ਵਾਰ ਪਹਿਲੀ, ਪਉੜੀ 22.

ਤੇ ਸਮਾਜਿਕ ਪ੍ਰਸੰਗਿਕਤਾ

*ਸਤਿੰਦਰ ਸਿੰਘ ਰੰਧਾਵਾ*

ਇਸ ਉਦੇਸ਼ ਦੇ ਤਿੰਨ ਅਹਿਮ ਅੰਗ
ਅਨੇਕ ਸਾਧਨਾ ਮਾਰਗ ਚੁਣੇ ਜਿੰਨ੍ਹਾਂ ਨੇ
। ਸਮਾਜ ਨੂੰ ਇਕ ਪਾਸੇ ਕਰਨ ਨਾਲ
। ਮਾਨਵੀ ਕਦਰਾਂ ਕੀਮਤਾਂ ਅਲੋਪ
ਜਾਲ ਵਿਚ ਗ੍ਰਸਤ ਹੋ ਗਿਆ ਸੀ।
ਬਣਾ ਕੇ ਰੂਹਾਨੀਅਤ ਅਤੇ ਸਮਾਜਿਕ

ਸਾਂਝ ਦੀ ਘਾਟ ਕਾਰਨ ਦੋਹਾਂ ਦੇ
ਦੇ ਖੇਤਰ ਵਿਚ ਸੰਨਿਆਸ ਇਕ ਪ੍ਰਮੁਖ
ਕਰਨ ਵਾਲਿਆਂ ਨੇ ਸਮਾਜ ਨੂੰ ਭਰਮ
ਧਰਮ ਦੀ ਆਸ਼ਰਮ ਵਿਵਸਥਾ ਮੁਤਾਬਕ
ਗ੍ਰਹਿਸਤ, ਪੰਜਾਹ ਤੋਂ ਪਚੱਤਰ ਸਾਲ
ਕਰਨ ਨਾਲ ਮਨੁੱਖਾ ਜਨਮ ਸਫਲ
ਅਤੇ ਸੰਨਿਆਸ ਵੱਖਰਾ। ਸੰਨਿਆਸ ਦੇ
ਸਮਾਜ ਦੀ ਨੁਮਾਇੰਦਗੀ ਕਰਨ ਲਈ
ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਰਿਹਾ ਸੀ।[1] ਧਰਮ ਨੇ ਸਮਾਜ ਰਾਹੀਂ
ਦਾ ਰੂਪ ਧਾਰਨ ਕਰਦੀ ਹੈ। ਸਮਾਜ ਬਿਨਾਂ
ਹੈ ਅਤੇ ਸਮਾਜ ਪ੍ਰਹੇਜ਼, ਧਰਮ ਖ਼ੁਰਾਕ
ਅਤੇ ਕਸਰਤ ਇਕ ਦੂਜੇ ਦੇ ਪੂਰਕ
ਹਨ। ਦੋਹਾਂ ਨੂੰ ਅਲਹਿਦਾ ਕੀਤਿਆਂ ਨਾ
ਸਮਾਜ ਰੂਪੀ ਜ਼ਮੀਨ ਵਿਚ ਹੀ ਪ੍ਰਫੁਲਿਤ
ਦੋ ਮੁੱਖ ਸ਼ਾਖਾਵਾਂ ਹਨ - ਰਾਜਾ ਤੇ ਪੁਜਾਰੀ
ਦਾ ਅਧਿਕਾਰੀ ਹੈ। ਲੋਕਾਂ ਉੱਪਰ ਟੈਕਸ
ਰਾਜੇ ਦੀ ਜ਼ਿੰਮੇਵਾਰੀ ਅਧੀਨ ਆਉਂਦਾ ਹੈ।
ਦੀ ਅਹਿਮ ਭੂਮਿਕਾ ਹੈ। ਗੁਰਮਤਿ ਨੇ
ਹੈ। ਅੱਜ ਰਾਜਿਆਂ ਦੀ ਥਾਂ ਮੰਤਰੀਆਂ ਨੇ
ਪਰਜਾ, ਭਾਵ ਜਿਵੇਂ ਦਾ ਰਾਜਾ ਹੋਵੇਗਾ ਉਹੋ
ਲੋਕ ਰਾਜੇ ਨੂੰ ਦੇਖ ਕੇ ਧਰਮੀ ਬਣ ਸਕਦੇ
ਰਾਜੇ ਹੀ ਪਰਜਾ ਦਾ ਘਾਣ ਕਰ ਰਹੇ ਸਨ।
ਰਹੇ ਸਨ। ਦੂਜੀ ਸ਼ਾਖ ਪੁਜਾਰੀ ਸ਼੍ਰੇਣੀ ਹੈ

ਗੜ੍ਹ (ਪਟਿਆਲਾ)।
ਪੰਗਤੀ 22.



ਜਿਸ ਵਿਚ ਜੋਗੀ, ਕਾਜ਼ੀ ਅਤੇ ਬ੍ਰਾਹਮਣ ਆਉਂਦੇ ਹਨ। ਇਹ ਸਮਾਜ ਦਾ ਧਾਰਮਿਕ ਸ਼ੋਸ਼ਣ ਕਰ ਰਹੇ ਸਨ। ਪੁਜਾਰੀਆਂ ਨੇ ਵੀ ਧਰਮ ਦੇ ਸਰੂਪ ਨੂੰ ਵਿਗਾੜਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਮੂਹ ਗੁਰੂ ਸਾਹਿਬਾਨ ਨੇ ਉਪਰੋਕਤ ਦੋਹਾਂ ਸ਼ਾਖਾਵਾਂ ਨਾਲ ਸੰਵਾਦ ਰਚਾਇਆ ਤੇ ਅਤੇ ਦੋਹਾਂ ਦੇ ਆਪਸੀ ਸੰਤੁਲਨ 'ਤੇ ਬਲ ਦਿੱਤਾ ਕਿਉਂਕਿ ਦੋਹਾਂ ਦੇ ਆਪਸੀ ਤਾਲਮੇਲ ਦੀ ਘਾਟ ਕਾਰਨ ਧਰਮ ਅਤੇ ਸਮਾਜ ਦੇ ਹੇਠਲੇ ਪੱਧਰ ਦਾ ਰੂਪ ਸਾਹਮਣੇ ਆ ਰਿਹਾ ਸੀ। ਇਹੋ ਜਿਹੀ ਦੁਚਿੱਤੀ ਵਿਚ ਲੋਕਾਈ ਨੂੰ ਸਹੀ ਮਾਰਗ ਨਹੀਂ ਸੀ ਮਿਲ ਰਿਹਾ ਕਿ ਕਿੱਧਰ ਜਾਵੇ? ਰਾਜਿਆਂ ਨੇ ਰਾਜ ਚਲਾਉਣ ਲਈ ਜੋ ਹੱਥਕੰਡੇ ਵਰਤੇ ਉਹ ਭਿਆਨਕ ਸਨ। ਧਰਮ ਦਾ ਜੋ ਸਰੂਪ ਪੁਜਾਰੀਆਂ ਨੇ ਦਿੱਤਾ ਉਹ ਕਰੂਪ ਸੀ। ਉਸ ਵਿਚ ਨਿੱਜਵਾਦ ਅਤੇ ਪੱਖਪਾਤ ਭਾਰੂ ਸੀ। ਧਰਮ ਕੇਵਲ ਇਕ ਫਿਰਕੇ ਤੱਕ ਸੀਮਤ ਹੋ ਕੇ ਰਹਿ ਗਿਆ ਸੀ। ਧਰਮ ਅਤੇ ਸਮਾਜ ਵਿਚਕਾਰ ਇਕ ਦਵੰਦ ਕਾਇਮ ਹੋ ਗਿਆ, ਸਿੱਟੇ ਵਜੋਂ ਧਰਮ ਖੰਭ ਲਾ ਕੇ ਉੱਡ ਗਿਆ ਸੀ। ਸਮਾਜਿਕ ਕਦਰਾਂ ਕੀਮਤਾਂ ਅਲੋਪ ਹੋ ਚੁੱਕੀਆਂ ਸਨ। ਧਰਮ ਅਤੇ ਸਮਾਜ ਵਿਚਕਾਰ ਸੰਤੁਲਨ ਨੂੰ ਕਾਇਮ ਰੱਖਣ ਲਈ ਗੁਰਮਤਿ ਨੇ ਗ੍ਰਹਿਸਤ ਮਾਰਗ ਨੂੰ ਆਧਾਰ ਬਣਾਇਆ ਸੀ। ਇਸ ਵਿਚ ਦੋਹਾਂ ਦੀ ਹੋਂਦ ਅਤੇ ਬਚਾਅ ਦੇ ਹੱਲ ਛੁਪੇ ਹੋਏ ਸਨ। ਗ੍ਰਹਿਸਤ ਮਨੁੱਖ ਦੀ ਰੂਹਾਨੀਅਤ ਅਤੇ ਸਰੀਰਿਕ ਤ੍ਰਿਪਤੀ ਕਰਦਾ ਹੈ।

**ਗ੍ਰਹਿਸਤ ਅਤੇ ਸੰਨਿਆਸ:** ਗੁਰਮਤਿ ਨੇ ਗ੍ਰਹਿਸਤ ਅਤੇ ਸੰਨਿਆਸ ਨੂੰ ਸਰੀਰਿਕ ਕਾਲ ਵੰਡ ਤੋਂ ਮੁਕਤ ਕੀਤਾ ਹੈ ਅਤੇ ਗ੍ਰਹਿਸਤ ਨੂੰ ਵਧੇਰੇ ਵਿਸਥਾਰ ਵਾਲੇ ਅਰਥ ਪ੍ਰਦਾਨ ਕੀਤੇ ਹਨ। ਗ੍ਰਹਿਸਤ ਦੇ ਅੰਤਰਗਤ ਸੰਨਿਆਸ ਨੂੰ ਲਿਆਂਦਾ ਗਿਆ ਜਿਸ ਨਾਲ ਮਾਨਵ ਜਨਮ ਦਾ ਸਮਾਜਿਕ ਅਤੇ ਰੂਹਾਨੀ ਮਿਸ਼ਨ ਵੀ ਪੂਰਾ ਹੁੰਦਾ ਹੈ। ਗੁਰੂ ਜੀ ਦਾ ਮਕਸਦ ਸੀ ਕਿ ਰੂਹਾਨੀਅਤ ਪੱਥਰਾਂ, ਜੰਗਲਾਂ, ਗੁਫਾਵਾਂ ਦਾ ਸ਼ਿੰਗਾਰ ਨਾ ਰਹਿ ਕੇ ਸਮਾਜ ਲਈ ਉਸਾਰੂ ਭੂਮਿਕਾ ਨਿਭਾਵੇ। ਗੁਰੂ ਸਾਹਿਬ ਨੇ ਸੰਨਿਆਸ ਦੇ ਸਨਮੁਖ ਗ੍ਰਹਿਸਤ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਿਸ ਵਿੱਚ ਸੰਨਿਆਸ ਦੀ ਵੀ ਸ਼ਮੂਲੀਅਤ ਸੀ। ਧਰਮ ਸਮਾਜਿਕ ਵਰਤਾਰਾ ਹੈ। ਗੁਰਮਤਿ ਨੇ ਦੋਹਾਂ ਦੀ ਪ੍ਰੋੜਤਾ ਕੀਤੀ ਅਤੇ ਗ੍ਰਹਿਸਤ ਛੱਡ ਕੇ ਸੰਨਿਆਸੀ ਹੋਣ ਨਾਲੋਂ ਗ੍ਰਹਿਸਤ ਵਿਚ ਰਹਿ ਕੇ ਸੰਨਿਆਸੀ ਹੋਣ 'ਤੇ ਬਲ ਦਿੱਤਾ। ਮਨੁੱਖ ਨੇ ਸਮਾਜ ਵਿਚ ਰਹਿਣਾ ਹੈ ਪਰ ਨਾਲ-ਨਾਲ ਜੀਵਨ ਦੀ ਆਰਜ਼ੀ ਹੋਂਦ ਨੂੰ ਵੀ ਸਵੀਕਾਰ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਧਨਾ ਸ਼ਬਦ ਕੇਵਲ ਇਕ ਵਾਰ ਆਇਆ ਹੈ।[2] ਪ੍ਰੰਤੂ ਇਸ ਦੇ ਬਾਵਜੂਦ ਇਸ ਦਾ ਖੁਲਾਸਾ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਵਿਸਥਾਰ ਸਹਿਤ ਸਾਹਮਣੇ ਆਉਂਦਾ ਹੈ। ਗੁਰਬਾਣੀ ਵਿਚ ਸਾਧਨਾ ਦਾ ਖੰਡਨ ਪੱਖ ਵੀ ਹੈ ਅਤੇ ਮੰਡਨ ਪੱਖ ਵੀ। ਗੁਰਮਤਿ ਉਸ ਸਾਧਨਾ ਨੂੰ ਪ੍ਰਵਾਨ ਕਰਦੀ ਹੈ ਜੋ ਸਮਾਜ ਨਾਲ ਜੋੜਦੀ ਹੈ। ਉਸ ਸਾਧਨਾ ਦਾ ਖੰਡਨ ਕਰਦੀ ਹੈ ਜੋ ਸਮਾਜ ਨਾਲੋਂ ਤੋੜਦੀ ਹੈ ਅਤੇ ਜਿਸ ਵਿਚੋਂ ਦੈਵੀ ਗੁਣ ਅਲੋਪ ਹਨ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇਸਦੇ ਹਰ ਕਾਰ-ਵਿਹਾਰ ਦਾ ਅਸਰ ਸਮਾਜ ਉੱਪਰ ਪੈਂਦਾ ਹੈ। ਗੁਰਮਤਿ ਦਾ ਗ੍ਰਹਿਸਤ ਮਾਰਗ ਸਮਾਜ ਨੂੰ ਸਮਾਜ ਵੱਲ ਮੋੜ ਕੇ ਅਤੇ ਇਸ ਵਿਚ ਰਹਿ ਕੇ ਜੀਵਨ ਜਿਊਣ ਦੀ ਪ੍ਰੇਰਣਾ ਦਿੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਸੰਨਿਆਸ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ ਜਿਸ ਵਿਚ ਸਮਾਜ ਨੂੰ ਛੱਡਣਾ ਕੋਈ ਜ਼ਰੂਰੀ ਨਹੀਂ ਹੈ। ਗੁਰੂ ਜੀ ਨੇ ਕਿਹਾ- ਤੂੰ ਜਤ ਦੀ ਜਟਾ, ਜੋਗ ਦਾ ਇਸ਼ਨਾਨ ਅਤੇ ਨਿੱਤ ਅਭਿਆਸ ਕਰਨ ਦੇ ਨਹੁੰ ਵਧਾ। ਅੰਤਰ ਆਤਮੇ ਤੋਂ ਉਪਦੇਸ਼ ਸੁਣ ਅਤੇ ਨਾਮ ਦੀ ਬਿਭੂਤੀ ਲਾ, ਥੋੜ੍ਹਾ ਖਾ, ਥੋੜ੍ਹਾ ਸੌਂ ਅਤੇ ਖਿਮਾ ਵਰਗੇ ਗੁਣ ਧਾਰਨ ਕਰ। ਕਾਮ, ਕ੍ਰੋਧ, ਲੋਭ, ਹੰਕਾਰ, ਹੱਠ ਅਤੇ ਮੋਹ ਨੂੰ ਮਨ ਵਿਚ ਨਾ ਲਿਆ। ਜੇਕਰ ਅਜਿਹਾ ਸੰਨਿਆਸ ਧਾਰਨ ਕਰ ਲਵੇਂ ਤਾਂ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।[3]

---

2. ਇਸ ਦੇਹੀ ਕਉ ਬਹੁ ਸਾਧਨਾ ਕਰੈ ॥ ਰਾਗ ਗਉੜੀ ਸੁਖਮਨੀ ਮ:੫, 265.
3. ਰੇ ਮਨ ਐਸੋ ਕਰ ਸੰਨਿਆਸਾ ॥
   ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥ ਰਹਾਉ ॥
   ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ ॥
   ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥
   ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
   ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤੁ ॥
   ਕਾਮ ਕ੍ਰੋਧ ਹੰਕਾਰ ਲੋਭ ਹਟ ਮੋਹ ਨ ਮਨ ਸਿਉ ਲਯਾਵੈ ॥
   ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ ॥ 3 ॥ ਦਸਮ ਗ੍ਰੰਥ, 709.

ਅਜਿਹਾ ਸੰਨਿਆਸ ਸਮਾਜ ਵਿਚ ਰਹਿ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਘਰ ਵਿਚ ਬਾਬਾ ਬੁੱਢਾ ਜੀ ਤੋਂ ਬਾਅਦ ਭਾਈ ਗੁਰਦਾਸ ਜੀ ਅਜਿਹੇ ਸਿੱਖ ਹਨ ਜਿੰਨ੍ਹਾਂ ਨੇ ਗੁਰੂ ਘਰ ਦੇ ਵਰਤੋਂ ਵਿਹਾਰ ਨੂੰ ਲੰਮਾ ਸਮਾਂ ਅੱਖੀਂ ਵੇਖਿਆ ਹੈ। ਭਾਈ ਗੁਰਦਾਸ ਜੀ ਗ੍ਰਹਿਸਤ ਨੂੰ ਛਿਲਕੇ ਵਾਂਗ ਦੱਸਦੇ ਹਨ। ਛਿਲਕਾ ਸ਼ਰਮ ਦਾ ਲਖਾਇਕ ਵੀ ਹੈ। ਚੌਲ ਉੱਪਰ ਚੜ੍ਹਿਆ ਛਿਲਕਾ ਚੌਲ ਨੂੰ ਜੰਮਣ ਵਿਚ ਮਦਦ ਕਰਦਾ ਹੈ। ਛਿਲਕੇ ਕਰ ਕੇ ਚੌਲ ਨੂੰ ਘੁਣ ਵੀ ਨਹੀਂ ਲੱਗਦਾ ਪਰ ਜੇਕਰ ਛਿਲਕਾ ਉਤਰ ਜਾਏ ਤਾਂ ਚੌਲ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਉਹ ਸਾਡੇ ਭੋਜਨ ਦਾ ਹਿੱਸਾ ਬਣ ਜਾਂਦਾ ਹੈ। ਇਸ ਤਰ੍ਹਾਂ ਗ੍ਰਹਿਸਤ ਛਿਲਕੇ ਵਾਂਗ ਗੁਰਮਤਿ ਦੇ ਪਾਂਧੀ ਦਾ ਮਾਰਗ ਦਰਸ਼ਨ ਕਰਦਾ ਹੈ।[4] ਗ੍ਰਹਿਸਤ ਬੁਰਾਈਆਂ ਤੋਂ ਵਰਜਦਾ ਹੈ। ਪਰਿਵਾਰ ਵਿਚ ਜੇਕਰ ਇਕ ਵਿਅਕਤੀ ਗੁੱਸੇ ਹੋ ਜਾਵੇ ਤਾਂ ਉਸਨੂੰ ਮਨਾਇਆ ਜਾਂਦਾ ਹੈ ਪਰ ਸਮਾਜ ਤੋਂ ਨਿਰਾਸ਼ ਹੋ ਕੇ ਘਰ ਛਡ ਕੇ ਗਏ ਸੰਨਿਆਸੀਆਂ ਨੂੰ ਕੋਈ ਮਨਾਉਣ ਨਹੀਂ ਜਾਂਦਾ। ਮਨ ਨੂੰ ਵੱਸ ਵਿਚ ਕਰਨ ਲਈ ਜਿਹੜੇ ਸਾਧਕ ਸਾਲਾਂ ਬੱਧੀ ਸੰਨਿਆਸੀ ਹੋ ਕੇ ਤਪੱਸਿਆ ਕਰਦੇ ਹਨ। ਉਨ੍ਹਾਂ ਨਾਲੋਂ ਗ੍ਰਹਿਸਤ ਵਿਚ ਰਹਿਣ ਵਾਲੇ ਸਾਧਕ ਗੁਰੂ ਉਪਦੇਸ਼ ਰਾਹੀਂ ਸਹਿਜੇ ਹੀ ਮਨ ਨੂੰ ਵੱਸ ਵਿਚ ਕਰ ਲੈਂਦੇ ਹਨ। ਗੁਰੂ ਜੀ ਨੇ ਸਮਾਜ ਤੋਂ ਨਿਰਾਸ਼ ਹੋ ਚੁੱਕੇ ਸਾਧਕਾਂ ਨੂੰ ਸਮਾਜ ਵੱਲ ਮੋੜਨ ਦਾ ਕਾਮਯਾਬ ਯਤਨ ਕੀਤਾ:

> ਗ੍ਰਹਿਸਤ ਆਸ਼ਰਮ ਪ੍ਰਯੋਗਸ਼ਾਲਾ ਤੇ ਕਸਵੱਟੀ ਹੈ। ਧਰਮ ਦੀਆਂ ਨੈਤਿਕ ਤੇ ਸਦਾਚਾਰਿਕ ਕੀਮਤਾਂ ਨੂੰ ਪਰਖਣ ਦੀ। ਕਿਸੇ ਮਨੁੱਖ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਕਿਸ ਸੀਮਾ ਤੱਕ ਸੰਜਮ ਵਿਚ ਹਨ, ਮਨੁੱਖ ਇਨ੍ਹਾਂ ਦਾ ਸਾਮ੍ਹਾਂ ਪੈਣ ਤੇ ਕਿੰਨਾ ਕੁ ਸਾਹਮਣਾ ਕਰ ਸਕਦਾ ਹੈ, ਉਸਦੀ ਕਿਤਨੀ ਕੁ ਜਿੱਤ ਤੇ ਹਾਰ ਹੁੰਦੀ ਹੈ, ਇਹ ਗੁਸਾਈ ਦਾ ਪਹਿਲਵਾਨੜਾ ਬਣ, ਪਿੜ ਵਿੱਚ ਉਤਰਦਿਆਂ ਹੀ ਪਤਾ ਲੱਗੇਗਾ ਨਾ ਕਿ ਕਿਨਾਰੇ ਤੇ ਬਹਿ ਕੇ ਕੇਵਲ ਨਿਹਾਰਦੇ ਰਹਿਣ ਨਾਲ। ਸਤਿ, ਸੰਤੋਖ, ਦਇਆ, ਖਿਮਾ, ਪਰਉਪਕਾਰ ਆਦਿ ਸਦਗੁਣਾਂ ਦੀ ਪਰਪੱਕਤਾ ਸਮਾਜ ਵਿਚ ਰਹਿੰਦਿਆਂ ਹੀ ਹੋ ਸਕਦੀ ਹੈ।[5]

ਮਹਾਨ ਕੋਸ਼ ਵਿਚ ਗ੍ਰਹਿਸਤ ਦੇ ਅਰਥ ਹਨ,"ਘਰ ਵਿਚ ਰਹਿਣ ਵਾਲਾ ਪੁਰਸ਼ , ਭਾਗਯਾ (ਜੋਰੂ) ਸਾਥ ਸੰਬੰਧ ਜੋੜ ਕੇ ਘਰ ਵਿਚ ਰਹਿਣ ਵਾਲਾ ਆਦਮੀ। 2. ਗ੍ਰਿਹਸਥ ਆਸ਼੍ਰਮ "ਵਿਚੇ ਗ੍ਰਿਸਤ ਉਦਾਸ ਰਹਾਈ" (ਗੂਜ.ਮ:੪) 3. ਸ਼ਸ਼ਤ੍ਰ ਨਾਮਮਾਲਾ ਵਿਚ ਲਿਖਾਰੀਆਂ ਨੇ ਗ੍ਰਿਸਥ ਦੀ ਥਾਂ ਗ੍ਰਿਸਤ ਸ਼ਬਦ ਅਨੇਕ ਥਾਂ ਲਿਖਿਆ ਹੈ।"[6] ਸੰਨਿਆਸੀ ਅਤੇ ਗ੍ਰਹਿਸਤੀ ਚਿਰਾਂ ਤੋਂ ਪ੍ਰਭੂ ਪ੍ਰਾਪਤੀ ਦੇ ਦੋ ਵੱਖ-ਵੱਖ ਰਸਤਿਆਂ ਵਾਂਗ ਪ੍ਰਚਲਿਤ ਰਹੇ ਹਨ। ਜਿਹੜੇ ਸਾਧਕ ਸਮਾਜ ਨੂੰ ਝੂਠ, ਬੁਰਾ, ਔਗੁਣਾਂ ਦੀ ਜੜ੍ਹ ਮੰਨ ਕੇ ਇਸ ਤੋਂ ਉਪਰਾਮ ਹੋ ਗਏ, ਉਹ ਸੰਨਿਆਸੀ ਅਖਵਾਏ। ਭਗਤ ਕਬੀਰ ਜੀ ਨੇ ਕਿਹਾ ਹੈ ਕਿ ਤੂੰ ਕੋਈ ਇਕ ਰਸਤਾ ਅਖਤਿਆਰ ਕਰ ਲੈ। ਕਦੇ ਏਧਰ ਕਦੇ ਓਧਰ ਦੀ ਭਟਕਣ ਚੋਂ ਕੁਝ ਪ੍ਰਾਪਤ ਨਹੀਂ ਹੋਵੇਗਾ। ਜੇ ਤੂੰ ਗ੍ਰਹਿਸਤੀ ਹੈ ਤਾਂ ਉਸ ਮੁਤਾਬਕ ਆਪਣਾ ਧਰਮ ਕਮਾ ਨਹੀਂ ਤਾਂ ਬੈਰਾਗੀ ਬਣ। ਪਰ ਜੇ ਬੈਰਾਗੀ ਬਣ ਕੇ ਵੀ ਤੈਨੂੰ ਸਰੀਰਿਕ ਬੰਧਨਾਂ ਨੇ ਜਕੜਿਆ ਹੋਇਆ ਹੈ ਤਾਂ ਤੇਰੇ ਮਾੜੇ ਭਾਗ ਹਨ। ਜਦੋਂ ਅਸੀਂ ਗੁਰਮਤਿ ਵੱਲੋਂ ਗ੍ਰਹਿਸਤ ਦੀ ਪ੍ਰੋੜਤਾ ਕਰਦੇ ਵੇਖਦੇ ਹਾਂ ਤਾਂ ਸਾਨੂੰ ਇਸ ਵਿਚ ਇਕ ਦਵੰਦ ਦੇ ਖਾਤਮੇ ਦੀ ਤਸਵੀਰ ਨਜ਼ਰ ਪੈਂਦੀ ਹੈ। ਇਹ ਦਵੰਦ ਗ੍ਰਹਿਸਤ ਅਤੇ ਸੰਨਿਆਸ ਵਿਚਾਲੇ ਸੀ। ਡਾ. ਦਰਸ਼ਨ ਸਿੰਘ ਅਨੁਸਾਰ, "ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਾਧਨਾ ਦਾ ਇਹ ਅੰਤਰੀਵੀ ਤੇ ਬਾਹਰੀ ਸਮਤੋਲ ਬਿਲਕੁਲ ਵਿਗੜ ਚੁੱਕਿਆ ਸੀ। ਕਿਤੇ ਮਜ਼ਹਬਾਂ ਤੇ ਵਰਨਾਂ ਦੇ ਝਗੜੇ ਸਨ ਅਤੇ ਕਿਤੇ ਵਰਨਾਂ ਅਤੇ ਵਰਨਾਂ ਦੇ, ਕਿਤੇ ਧਰਮ ਅਤੇ ਕਰਮ ਇਕ ਦੂਜੇ ਤੋਂ ਦੂਰ ਜਾਂ ਚੁੱਕੇ ਸਨ ਅਤੇ ਕਿਧਰੇ ਸੰਨਿਆਸ ਅਤੇ ਗ੍ਰਹਿਸਤ ਦਾ ਅਜੋੜ

---

4. ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੇ,ਦੇਹ ਧਾਰ ਕਰਤ ਹੈ ਪਰਉਪਕਾਰ ਜੀ।
ਤੁਸ ਮੈ ਤੰਦੁਲ ਨਿਰਬਿਘਨ ਲਾਗੈ ਨ ਘੁਨ,ਰਾਖੇ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ।
ਤੁਸ ਮੈ ਨਿਕਸਿ ਹੋਇ ਭਗਨ ਮਲੀਨ ਰੂਪ, ਸਵਾਦ ਕਰਵਾਇ ਰਾਖੇ ਰਹੈ ਨ ਸੰਸਾਰ ਜੀ।
ਗੁਰ ਉਪਦੇਸ਼ ਗੁਰਸਿਖ ਗ੍ਰਿਹ ਮੈ ਬੈਰਾਗੀ, ਗ੍ਰਿਹ ਤਜਿ ਬਨ ਖੰਡ ਹੋਤ ਨ ਉਧਾਰ ਜੀ॥ 121॥
ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1993, ਪੰਨਾ 33.
5. ਉਪਰੋਕਤ, ਪੰਨਾ - 33
6. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, 2006, ਪੰਨਾ - 436.

ਹੋ ਚੁੱਕਿਆ ਸੀ।"[7]
ਗੁਰੂ ਸਾਹਿਬ ਨੇ ਧ
ਨੂੰ ਦ੍ਰਿੜ ਕੀਤਾ ਹੈ। ਇਹ
ਕਰਨ ਲਈ ਕਿਹਾ। ਇਸ
ਕੀਤਾ ਗਿਆ। ਭਾਈ ਗੁ
ਪਹਿਲੇ ਕਬਿੱਤ ਵਿਚ ਆ
ਹੈ ਕਿ ਜੱਗ ਜਾਣਦਾ ਹੈ ਕਿ
'ਚੋਂ ਚੰਦਨ ਅਤੇ ਧਾਤਾਂ 'ਚੋਂ
ਰਾਗਾਂ 'ਚੋਂ ਸਿਰੀਰਾਗ ਅਤੇ
ਸਾਰੇ ਧਰਮਾਂ 'ਚੋਂ ਗ੍ਰਹਿਸਤ
ਬਿਆਨ ਕਰਦਿਆਂ ਉਦਾਹ
ਚਲੇ ਜਾਂਦੇ ਹਨ ਪਰ ਦਿਨ
ਬਾਹਰ ਨਿਕਲਦੀਆਂ ਹਨ
ਰੁੱਸ ਜਾਂਦੇ ਹਨ ਪਰ ਜਦੋਂ
ਉਦਾਸ ਹੋ ਕੇ ਗ੍ਰਹਿਸਤ ਦਾ
ਤੱਕਦੇ ਹਨ।[9] ਸਰਦੂਲ ਸਿੰ

> ਗੁਰੂ ਨਾਨਕ ਸਾਹਿ
> ਸਹਜਯੋਗ ਬਾਰੇ ਅ
> ਗ੍ਰਹਿਸਥ ਨੂੰ ਇਕ
> ਤੇ ਸਰੀਰਿਕ ਯੋਗਿ
> ਗ੍ਰਹਿਸਥ ਦੇ ਸਦਾਚ
> ਉੱਚਤਾ ਹੁੰਦੀ ਹੈ।[10]

ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਿਚ ਆਇਆ ਅਤੇ ਬੇਨਤੀ
ਪੀਂਦਾ ਨਹੀਂ। ਚੁੱਪ ਰਹਿੰਦਾ ਹੈ
ਕੁੱਝ ਗੁਰਬਾਣੀ ਦੀਆਂ ਵੈਰਾਗਮ
ਰਿਹਾ ਸੀ। ਗੁਰੂ ਜੀ ਨੇ ਕਿਹਾ,
ਦਾ। ਤੈਨੂੰ ਦੋਹਾਂ ਬਾਰੇ ਦੱਸਾਂਗੇ।
ਬੈਰਾਗੀ ਦੇ ਮਾਰਗ ਬਾਰੇ ਸੁਣ।
ਨਹੀਂ ਸੀ। ਜੇ ਕੋਈ ਕੁਝ ਦੇ ਜਾ

---

7. ਡਾ. ਦਰਸ਼ਨ ਸਿੰਘ, ਭਾਈ ਗੁਰਦਾਸ
8. ਜੈਸੇ ਸਰਸਰਿਤਾ ਸਕਲ ਮੈ ਸਮੁੰਦ੍ਰ
ਤਰਵਰ ਬਿਖੈ ਜੈਸੇ ਚੰਦਨ ਬਿਰਖ
ਪੰਛੀਅਨ ਮੈ ਹੰਸੁ ਮ੍ਰਿਗ ਰਾਜਨ ਮੈ
ਗਿਆਨਨ ਮੈ ਗਿਆਨ ਅਰੁ ਧਿਆਨ
9. ਜੈਸੇ ਪ੍ਰਾਤ ਸਮੈ ਖਗ ਜਾਤ ਉਠਿ
ਚੀਟੀ ਚੀਟਾ ਬਿਲ ਮੈ ਨਿਕਸਿ ਧਰ
ਲਰਕੈ ਲਰਿਕਾ ਰੂਠਿ ਜਾਤ ਤਾਤ ਮਾਤ
ਤੈਸੇ ਗ੍ਰਿਹ ਤਿਆਗਿ ਭਾਗਿ ਜਾਤ ਉਦਾ
10. ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ*

ਹੋ ਚੁੱਕਿਆ ਸੀ।"[7]

ਗੁਰੂ ਸਾਹਿਬ ਨੇ ਧਰਮ ਅਤੇ ਸਮਾਜ ਨੂੰ ਇਕ ਦੂਜੇ ਨਾਲ ਜੋੜਨ ਲਈ ਗ੍ਰਹਿਸਤ ਧਰਮ ਦੀ ਪਾਲਣਾ ਨੂੰ ਦ੍ਰਿੜ ਕੀਤਾ ਹੈ। ਇਹ ਦ੍ਰਿੜਤਾ ਗੁਰੂ ਜੀ ਨੇ ਆਪ ਵੀ ਧਾਰਨ ਕੀਤੀ ਅਤੇ ਆਪਣੇ ਸਿੱਖਾਂ ਨੂੰ ਵੀ ਧਾਰਨ ਕਰਨ ਲਈ ਕਿਹਾ। ਇਸ ਮਾਰਗ ਰਾਹੀਂ ਸਮਾਜ ਤੋਂ ਦੂਰ ਜਾ ਰਹੇ ਲੋਕਾਂ ਨੂੰ ਸਮਾਜ ਵੱਲ ਮੋੜਨ ਦਾ ਉੱਦਮ ਕੀਤਾ ਗਿਆ। ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤਾਂ ਵਿਚ ਗ੍ਰਹਿਸਤ ਜੀਵਨ ਦੇ ਦੋ ਨਕਸ਼ੇ ਖਿੱਚੇ ਹਨ। ਪਹਿਲੇ ਕਬਿੱਤ ਵਿਚ ਆਪ ਜੀ ਨੇ ਗ੍ਰਹਿਸਤ ਦੀ ਉੱਤਮਤਾ ਦੱਸਦਿਆਂ ਉਦਾਹਰਣ ਦਿੰਦਿਆਂ ਸਮਝਾਇਆ ਹੈ ਕਿ ਜੱਗ ਜਾਣਦਾ ਹੈ ਕਿ ਜਿਵੇਂ ਨਦੀਆਂ ਵਿਚੋਂ ਸੁਮੰਦਰ ਵੱਡਾ ਹੈ, ਪਰਬਤਾਂ 'ਚੋਂ ਸੁਮੇਰ ਵੱਡਾ ਹੈ, ਦਰੱਖੱਤਾਂ 'ਚੋਂ ਚੰਦਨ ਅਤੇ ਧਾਤਾਂ ਚੋਂ ਸੋਨਾ ਉੱਤਮ ਹੈ। ਪੰਛੀਆਂ 'ਚੋਂ ਹੰਸ ਅਤੇ ਸ਼ੇਰਾਂ 'ਚੋਂ ਬੱਬਰ ਸ਼ੇਰ ਉੱਤਮ ਹੈ। ਰਾਗਾਂ 'ਚੋਂ ਸਿਰੀਰਾਗ ਅਤੇ ਪੱਥਰਾਂ 'ਚੋਂ ਪਾਰਸ ਉੱਤਮ ਹੈ। ਗਿਆਨ ਧਿਆਨ ਗੁਰੂ ਦਾ ਉੱਤਮ ਹੈ। ਇਉਂ ਸਾਰੇ ਧਰਮਾਂ 'ਚੋਂ ਗ੍ਰਹਿਸਤ ਉੱਤਮ ਹੈ।[8] ਇਸ ਦੇ ਨਾਲ ਹੀ ਦੂਜੇ ਕਬਿੱਤ ਵਿਚ ਗ੍ਰਹਿਸਤ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਉਦਾਹਰਣ ਦਿੱਤੀ ਕਿ ਜਿਵੇਂ ਦਿਨ ਚੜੇ ਪੰਛੀ ਆਲਣਾ ਛੱਡ ਕੇ ਚੋਗੇ ਦੀ ਭਾਲ ਵਿਚ ਚਲੇ ਜਾਂਦੇ ਹਨ ਪਰ ਦਿਨ ਢਲਦੇ ਹੀ ਵਾਪਸ ਪਰਤ ਆਉਂਦੇ ਹਨ। ਕੀੜੀਆਂ ਆਪਣੀਆਂ ਖੁੱਡਾਂ ਛੱਡ ਕੇ ਬਾਹਰ ਨਿਕਲਦੀਆਂ ਹਨ ਪਰ ਵਾਪਸ ਖੁੱਡਾਂ ਵੱਲ ਹੀ ਮੁੜਦੀਆਂ ਹਨ। ਕਈ ਵਾਰ ਬੱਚੇ ਮਾਪਿਆਂ ਨਾਲ ਰੁੱਸ ਜਾਂਦੇ ਹਨ ਪਰ ਜਦੋਂ ਭੁੱਖ ਲੱਗਦੀ ਹੈ ਤਾਂ ਵਾਪਸ ਮਾਂ ਪਿਉ ਕੋਲ ਆਉਂਦੇ ਹਨ। ਇਉਂ ਕਈ ਸਾਧਕ ਉਦਾਸ ਹੋ ਕੇ ਗ੍ਰਹਿਸਤ ਦਾ ਤਿਆਗ ਕਰ ਜਾਂਦੇ ਹਨ ਪਰ ਫੇਰ ਮੁੜ ਕੇ ਉਹ ਆਸਰਾ ਗ੍ਰਹਿਸਤ ਦਾ ਹੀ ਤੱਕਦੇ ਹਨ।[9] ਸਰਦੂਲ ਸਿੰਘ ਕਵੀਸ਼ਰ ਅਨੁਸਾਰ:

> ਗੁਰੂ ਨਾਨਕ ਸਾਹਿਬ ਨੇ ਯੋਗਿਕ ਆਸਨਾਂ ਦਾ ਪੁਜ ਕੇ ਵਿਰੋਧ ਕੀਤਾ। ਉਨ੍ਹਾਂ ਯੋਗੀਆਂ ਨੂੰ ਸਹਜਯੋਗ ਬਾਰੇ ਆਪਣੀ ਵਿਚਾਰ ਪ੍ਰਗਟ ਕੀਤੀ ਤੇ ਦੱਸਿਆ ਕਿ ਪਰਮਾਤਮਾ ਦੀ ਪ੍ਰਾਪਤੀ ਲਈ ਗ੍ਰਹਿਸਥ ਨੂੰ ਇਕ ਪੌੜੀ, ਇੱਕ ਵਸੀਲਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਮਾਨਸਿਕ ਤੇ ਸਰੀਰਿਕ ਯੋਗਿਕ ਆਸਨਾਂ ਨਾਲ ਆਤਮਾ ਉੱਚੀ ਨਹੀਂ ਹੁੰਦੀ ਸਗੋਂ ਘਰੋਗੀ ਅਰਥਾਤ ਗ੍ਰਹਿਸਥ ਦੇ ਸਦਾਚਾਰ ਨੂੰ ਗ੍ਰਹਿਣ ਕਰਨ ਨਾਲ ਤੇ ਦੁਰਾਚਾਰ ਤਿਆਗਣ ਨਾਲ ਆਤਮਾ ਦੀ ਉੱਚਤਾ ਹੁੰਦੀ ਹੈ।[10]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿੱਖ ਸੀ। ਉਹ ਆਪਣੇ ਪੁੱਤਰ ਨੰਦ ਸਿੰਘ ਸਮੇਤ ਗੁਰੂ ਦਰਬਾਰ ਵਿਚ ਆਇਆ ਅਤੇ ਬੇਨਤੀ ਕੀਤੀ ਕਿ ਮਹਾਰਾਜ ਮੇਰੇ ਪੁੱਤਰ ਨੇ ਵੈਰਾਗ ਧਾਰਨ ਕੀਤਾ ਹੈ। ਕੁਝ ਖਾਂਦਾ ਪੀਂਦਾ ਨਹੀਂ। ਚੁੱਪ ਰਹਿੰਦਾ ਹੈ। ਗੁਰੂ ਜੀ ਨੇ ਨੰਦ ਸਿੰਘ ਤੋਂ ਵੈਰਾਗ ਦਾ ਕਾਰਨ ਪੁੱਛਿਆ? ਨੰਦ ਸਿੰਘ ਨੇ ਕੁਝ ਗੁਰਬਾਣੀ ਦੀਆਂ ਵੈਰਾਗਮਈ ਤੁਕਾਂ ਸੁਣਾਈਆਂ ਜਿੰਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਨੰਦ ਸਿੰਘ ਵੈਰਾਗੀ ਬਣ ਰਿਹਾ ਸੀ। ਗੁਰੂ ਜੀ ਨੇ ਕਿਹਾ, ਨੰਦ ਸਿੰਘ ਦੋ ਹੀ ਰਸਤੇ ਨੇ ਇਕ ਗ੍ਰਹਿਸਤੀਆਂ ਦਾ ਦੂਜਾ ਤਿਆਗੀਆਂ ਦਾ। ਤੈਨੂੰ ਦੋਹਾਂ ਬਾਰੇ ਦੱਸਾਂਗੇ। ਫੇਰ ਤੂੰ ਆਪੇ ਵਿਚਾਰ ਕਰ ਲਈ ਕਿ ਕਿਹੜਾ ਰਸਤਾ ਚੁਣਨਾ ਹੈ। ਪਹਿਲਾ ਬੈਰਾਗੀ ਦੇ ਮਾਰਗ ਬਾਰੇ ਸੁਣ। ਇਕ ਬੈਰਾਗੀ ਸਾਧੂ ਨਗਰ ਤੋਂ ਬਾਹਰ ਰਿਹਾ ਕਰਦਾ ਸੀ। ਉਹ ਕੁਝ ਮੰਗਦਾ ਨਹੀਂ ਸੀ। ਜੇ ਕੋਈ ਕੁਝ ਦੇ ਜਾਂਦਾ ਛਕ ਲੈਂਦਾ ਸੀ। ਇੰਝ ਹਫ਼ਤਾ ਬੀਤ ਗਿਆ। ਕੋਈ ਪਦਾਰਥ ਛਕਣ

---

7. ਡਾ. ਦਰਸ਼ਨ ਸਿੰਘ, ਭਾਈ ਗੁਰਦਾਸ: *ਸਿੱਖੀ ਦੇ ਪਹਿਲੇ ਵਿਆਖਿਆਕਾਰ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1997, ਪੰਨਾ 226.
8. ਜੈਸੇ ਸਰਸਰਿਤਾ ਸਕਲ ਮੈ ਸਮੁੰਦ੍ਰ ਬਡੋ, ਮੇਰ ਮੈ ਸੁਮੇਰ ਬਡੋ ਜਗਤ ਬਖਾਨ ਹੈ।
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ, ਧਾਤ ਮੈ ਕਨਕ ਅਤਿ ਉਤਮ ਕੈ ਮਾਨਿ ਹੈ।
ਪੰਛੀਅਨ ਮੈ ਹੰਸੁ ਮ੍ਰਿਗ ਰਾਜਨ ਮੈ ਸਾਰਦੂਲ, ਰਾਗਨ ਮੈ ਸਿਰੀਰਾਗ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ, ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ।376।
ਓਅੰਕਾਰ ਸਿੰਘ, ਉਹੀ, ਪੰਨਾ - 96.
9. ਜੈਸੇ ਪ੍ਰਾਤ ਸਮੈ ਖਗ ਜਾਤ ਉਠਿ ਬਿਰਖ ਸੈ, ਬਹੁਰਿ ਆਇ ਬੈਠਤ ਬਿਰਖ ਹੀ ਮੈ ਆਇਕੈ।
ਚੀਟੀ ਚੀਟਾ ਬਿਲ ਮੈ ਨਿਕਸਿ ਧਰ ਗਵਨ ਕੈ, ਬਹੁਰਿਓ ਪੈਸਤ ਜੈਸੇ ਬਿਲ ਹੀ ਮੈ ਜਾਇਕੈ।
ਲਰਕੈ ਲਰਿਕਾ ਰੂਠਿ ਜਾਤ ਤਾਤ ਮਾਤ ਸਨ, ਭੂਖ ਲਾਗੇ ਤਿਆਗੇ ਹਠ ਆਵੈ ਪਛਤਾਇ ਕੈ।
ਤੈਸੇ ਗ੍ਰਿਹ ਤਿਆਗਿ ਭਾਗਿ ਜਾਤ ਉਦਾਸ ਬਾਸ, ਆਸਰੋ ਤਕਤ ਪੁਨਿ ਗ੍ਰਿਹਸਤ ਕੋ ਧਾਇਕੈ॥548॥ ਉਹੀ, ਪੰਨਾ - 139.
10. ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2004, ਪੰਨਾ - 330.

ਨੂੰ ਨਹੀਂ ਮਿਲਿਆ ਸੀ। ਸਾਧੂ ਦਾ ਸਰੀਰ ਕਮਜ਼ੋਰ ਹੋ ਗਿਆ। ਉਹ ਵਿਸ਼ਨੂੰ ਭਗਤ ਸੀ ਅਤੇ ਪ੍ਰਭੂ ਦਾ ਧਿਆਨ ਧਰਿਆ ਹੋਇਆ ਸੀ। ਉਸ ਨੇ ਹਫ਼ਤੇ ਬਾਅਦ ਰਾਤ ਨੂੰ ਕੁਝ ਮਸ਼ਾਲਾਂ ਵਾਲੇ ਉਸ ਨਗਰ ਵੱਲ ਵੱਧਦੇ ਦੇਖੇ ਅਤੇ ਪੁੱਛਿਆ ਤੁਸੀਂ ਕੌਣ ਹੋ ਅਤੇ ਕਿਧਰ ਚੱਲੇ ਹੋ? ਉਨਾਂ ਦੱਸਿਆ ਕਿ ਅਸੀਂ ਰੱਬੀ ਦੂਤ ਵਿਸ਼ਨੂੰ ਦੇ ਹੁਕਮ ਨਾਲ ਤੇਰੇ ਨਾਲ ਹੋ ਰਹੀ ਵਧੀਕੀ ਦਾ ਬਦਲਾ ਲੈਣ ਆਏ ਹਾਂ। ਅਸੀਂ ਨਗਰ ਨੂੰ ਸਾੜਨ ਜਾ ਰਹੇ ਹਾਂ ਜਿਸ ਨਗਰ ਮੂਹਰੇ ਰੱਬ ਦੇ ਭਗਤ ਦੀ ਇਹ ਹਾਲਤ ਹੋਵੇ, ਆਪ ਲੋਕ ਤਿੰਨ-ਤਿੰਨ ਵਾਰ ਖਾਣਾ ਖਾਣ ਅਤੇ ਰੱਬ ਦੇ ਭਗਤ ਨੂੰ ਸੱਤਾਂ ਦਿਨਾਂ 'ਚ ਵੀ ਕਿਸੇ ਨੇ ਨਾ ਪੁੱਛਿਆ ਹੋਵੇ। ਅਜਿਹੇ ਨਗਰ ਅਤੇ ਨਗਰ ਦੇ ਲੋਕਾਂ ਨੂੰ ਜਿਊਂਣ ਦਾ ਕੋਈ ਹੱਕ ਨਹੀਂ। ਸਾਧੂ ਨੇ ਉਨਾਂ ਨੂੰ ਬੇਨਤੀ ਕੀਤੀ ਕਿ ਜਿਸ ਵਿਸ਼ਨੂੰ ਦੇ ਹੁਕਮ ਨਾਲ ਤੁਸੀਂ ਨਗਰ ਨੂੰ ਸਾੜਨ ਆਏ ਹੋ। ਉਸ ਭਗਵਾਨ ਨੂੰ ਮੇਰੇ ਵੱਲੋਂ ਬੇਨਤੀ ਕਰਨੀ ਕਿ ਉਹ ਆਪਣੀ ਤਾਕਤ ਇਨ੍ਹਾਂ ਲੋਕਾਂ ਦੀ ਬੁੱਧੀ ਬਦਲਣ ਉੱਤੇ ਲਾਵੇ। ਜਿਸ ਨਾਲ ਇਹ ਲੋਕ ਆਪਣੇ ਹੱਥਾਂ ਨਾਲ ਸਾਧੂਆਂ ਦੀ ਸੇਵਾ ਕਰਨ ਲੱਗ ਜਾਣ। ਗੁਰੂ ਜੀ ਵਿਚੋਂ ਰੁਕ ਕੇ ਬੋਲੇ, ਨੰਦ ਸਿੰਘ ਇਸ ਤਰ੍ਹਾਂ ਦਾ ਬੈਰਾਗੀ ਬਣੀ। ਰੱਬ ਦੀ ਭਗਤੀ ਕਰ ਕੇ ਤੇਰੇ ਕੋਲ ਬੇਅੰਤ ਤਾਕਤਾਂ ਆਉਣਗੀਆਂ ਪਰ ਤੂੰ ਕਦੇ ਉਨ੍ਹਾਂ ਤਾਕਤਾਂ ਦੀ ਵਰਤੋਂ ਕਿਸੇ ਦੇ ਨੁਕਸਾਨ ਲਈ ਨਾ ਕਰੀਂ। ਤੇਰੇ ਉੱਤੇ ਕਰੜੇ ਤੋਂ ਕਰੜਾ ਸਮਾਂ ਵੀ ਆਵੇ ਤਾਂ ਵੀ ਤੂੰ ਕਿਸੇ ਨੂੰ ਸਰਾਪ ਨਾ ਦੇਵੀਂ। ਹਮੇਸ਼ਾਂ ਭਲੇ ਦੀ ਅਰਦਾਸ ਕਰੀਂ। ਗੁਰੂ ਸਾਹਿਬ ਨੇ ਦੁਬਾਰਾ ਫੇਰ ਕਿਹਾ, ਜੇ ਵੈਰਾਗੀ ਬਣਨਾ ਹੈ ਤਾਂ ਅਜਿਹਾ ਬਣੀ। ਹੁਣ ਸੁਣ ਗ੍ਰਹਿਸਤੀ ਦੀ ਸਾਖੀ। ਇਕ ਰਾਹਗੀਰ ਨੂੰ ਜੰਗਲ 'ਚੋਂ ਗੁਜ਼ਰਦਿਆਂ ਰਾਤ ਪੈ ਗਈ। ਉਹ ਇਕ ਬਹੁਤ ਵੱਡੇ ਦਰੱਖਤ ਥੱਲੇ ਆਣ ਬੈਠਾ। ਦਰੱਖਤ ਉੱਪਰ ਕਬੂਤਰ ਅਤੇ ਕਬੂਤਰੀ ਆਪਣੇ ਚੂਚਿਆਂ ਸਮੇਤ ਰਹਿੰਦੇ ਸਨ। ਉਨ੍ਹਾਂ ਤੱਕਿਆ ਕਿ ਇਕ ਅਜਨਬੀ ਸਾਡੇ ਘਰ ਆਇਆ ਹੈ। ਸਰਦੀ ਦੀ ਰੁੱਤ ਸੀ। ਰਾਹਗੀਰ ਨੂੰ ਠੰਡ ਲੱਗ ਰਹੀ ਸੀ। ਕਬੂਤਰ ਕਬੂਤਰੀ ਸੋਚ ਰਹੇ ਸਨ ਕਿ ਇਸ ਨੂੰ ਸਰਦੀ ਤੋਂ ਕਿਵੇਂ ਬਚਾਈਏ? ਕਬੂਤਰ ਰਾਤ ਨੂੰ ਉੱਡ ਕੇ ਨਾਲ ਦੇ ਨਗਰ ਵਿਚ ਗਿਆ ਅਤੇ ਇਕ ਅੱਗ ਨਾਲ ਧੁਖਦੀ ਮੋਂਗਣ ਚੁੱਕ ਲਿਆਇਆ ਅਤੇ ਰਾਹਗੀਰ ਅੱਗੇ ਸੁੱਟ ਦਿੱਤੀ। ਰਾਹਗੀਰ ਨੇ ਧੁਖਦੀ ਮੋਂਗਣ ਨੂੰ ਦੇਖਿਆ। ਆਲੇ ਦੁਆਲੇ ਤੋਂ ਘਾਹ ਫੂਸ ਇੱਕਠਾ ਕਰਕੇ ਅੱਗ ਬਾਲ ਲਈ ਅਤੇ ਸੇਕਣ ਲੱਗਾ। ਕੁਝ ਸਮੇਂ ਬਾਅਦ ਕਬੂਤਰ ਕਬੂਤਰੀ ਨੂੰ ਕਹਿੰਦਾ ਹੈ ਕਿ ਅੱਗ ਦੇ ਇੰਤਜ਼ਾਮ ਕਰ ਕੇ ਇਹ ਸਰਦੀ ਤੋਂ ਤਾਂ ਬਚ ਗਿਆ ਹੈ ਪਰ ਇਹ ਭੁੱਖਾ ਵੀ ਹੋਵੇਗਾ। ਕਿਸੇ ਤਰੀਕੇ ਇਸ ਦੀ ਭੁੱਖ ਦਾ ਇੰਤਜ਼ਾਮ ਵੀ ਕਰੀਏ। ਕਬੂਤਰ ਨੇ ਕਿਹਾ ਕਿ ਮੈਂ ਅੱਗ ਵਿਚ ਛਾਲ ਮਾਰਦਾ ਹਾਂ। ਮੇਰੇ ਪਿੱਛੋਂ ਤੂੰ ਬੱਚਿਆਂ ਦੀ ਪਰਵਰਿਸ਼ ਕਰ ਸਕੇਂਗੀ। ਪਰ ਕਬੂਤਰੀ ਆਪ ਮਰਨ ਲਈ ਤਿਆਰ ਸੀ। ਆਖ਼ਰਕਾਰ ਕਬੂਤਰੀ ਨੇ ਅੱਗ ਵਿਚ ਛਾਲ ਮਾਰ ਦਿੱਤੀ। ਰਾਹਗੀਰ ਨੇ ਭੁੰਨ ਕੇ ਕਬੂਤਰੀ ਨੂੰ ਖਾ ਲਿਆ। ਕਬੂਤਰ ਨੇ ਸੋਚਿਆ ਕਿ ਛੋਟੀ ਜਿਹੀ ਕਬੂਤਰੀ ਨਾਲ ਏਦੇ ਵੱਡੇ ਆਦਮੀ ਦਾ ਕੀ ਬਣਿਆ ਹੋਊ। ਉਸਨੇ ਵੀ ਅੱਗ ਵਿਚ ਛਾਲ ਮਾਰ ਦਿੱਤੀ। ਗੁਰੂ ਸਾਹਿਬ ਨੇ ਕਿਹਾ ਨੰਦ ਸਿੰਘ ਜੇ ਗ੍ਰਹਿਸਤੀ ਬਣਨਾ ਹੈ ਤਾਂ ਇਵੇਂ ਦਾ ਬਣੀ। ਜੇ ਕਿਤੇ ਲੋੜ ਪੈ ਜਾਵੇ ਤਾਂ ਤੇਰਾ ਪਰਿਵਾਰ ਸਮਾਜਿਕ ਭਲੇ ਲਈ ਬਾਧਾ ਨਾ ਬਣੇ। ਆਪਣੇ ਪਰਿਵਾਰ ਨਾਲੋਂ ਤੇਰੇ ਦਿਲ ਵਿਚ ਹੋਰਾਂ ਪ੍ਰਤਿ ਪਿਆਰ ਅਤੇ ਸਮਰਪਣ ਦੀ ਭਾਵਨਾ ਜ਼ਿਆਦਾ ਹੋਣੀ ਚਾਹੀਦੀ ਹੈ। ਤੇਰੇ ਘਰੋਂ ਕੋਈ ਭੁੱਖਾ ਪਿਆਸਾ ਨਹੀਂ ਜਾਣਾ ਚਾਹੀਦਾ। ਹਰ ਲੋੜਵੰਦ ਦੀ ਮਦਦ ਕਰਨੀ ਪਏਗੀ। ਇਸ ਲਈ ਤੈਨੂੰ ਦੋਵੇਂ ਕਹਾਣੀਆਂ ਸੁਣਾਈਆਂ ਹਨ ਤਾਂ ਕਿ ਤੂੰ ਭਟਕ ਨਾ ਜਾਵੇਂ ਅਤੇ ਕੋਈ ਇਕ ਮਾਰਗ ਚੁਣ ਲਵੇ। ਨੰਦ ਸਿੰਘ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਗੁਰੂ ਜੀ ਮੈਂ ਗ੍ਰਹਿਸਤੀ ਬਣਾਂਗਾ। ਗੁਰ ਰਤਨਮਾਲ ਸੌ ਸਾਖੀ ਵਿਚ ਇਹ ਬੋਲ ਇਸ ਤਰ੍ਹਾਂ ਅੰਕਿਤ ਹਨ :

> ਭਾਈ ਲੜਕੇ ਦੇਹ ਦੋਇ ਰਸਤੇ ਹੈਨ। ਤੁਝ ਨੂੰ ਪੁਛਦੇ ਹੈਂਗੇ। ਕੇੜਾ ਪਸੰਦ ਆਇਆ। ਨਾਹੀ ਤਾਂ ਖਵਾਰ ਹੋਣੇ ਕੇ ਭੇਖ ਏਹੁ ਤੇਰੇ ਸਾਧੁ ਭੀ, ਗ੍ਰਿਹਸਥੀ ਭੀ। ਭਾਈ ਗੁਰ ਕੇ ਦਿਵਾਨ ਵਿਚ ਸਚੁ ਕਹੁ ਕਿਆ ਤੂੰ ਮੰਨੇਗਾ । ਕਬੀਰ ਕਾ ਬਚਨ ਹੈਗਾ। ਜੁਗਾਂ ਚਹੁ ਦਾ ਸ੍ਰਦਾਰ ਕਬੀਰ ਭਗਤ ਹੈਗਾ। ਪਰੁ ਗ੍ਰਿਹਸਥੀ ਭੀ ਸਿਧ ਕਰਿ ਦਿਖਾਇਆ। ਅਰੁ ਜੋਗ ਭੀ ਕਰ ਦਿਖਾਇਆ। ਸੁਣ ਕਰ ਸਿੱਖ ਬੋਲਿਆ ਗੁਰੂ ਜੀ ਬਚਨ ਮਾਨਿਆ ਆਪ ਕਾ। ਮੈਂ ਸਿਖ ਹਾਂ ਤੁਹਾਡਾ। ਗ੍ਰਿਹਸਥ ਹੀ ਮੇਰੇ ਪਾਸੋ ਬਣਿ ਆਵੇਗਾ। ਪਰੁ ਮੇਰਾ ਮਨੁ ਵਿਰਕਤਿ ਹੈਗਾ। ਸਿਥਲ ਹੈ ਅੰਗਾ ਕੁਛੁ ਬਣਿ ਆਵੇਗੀ ਸੋ ਸਿਖਾਂ ਦੀ ਟਹਲ ਕਰਾਂਗਾ।[11]

11. ਗੁਰਬਚਨ ਸਿੰਘ ਨਈਅਰ (ਸੰਪਾ.), *ਗੁਰ ਰਤਨ ਮਾਲ : ਸੌ ਸਾਖੀ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1995, ਪੰਨਾ - 112.

**ਗ੍ਰਹਿਸਤੀ ਦੇ ਗੁਣ :** ਜਦੋਂ ਅਸੀਂ ਉਪਰੋਕਤ ਸਾਖੀ ਦੀ ਲੋਅ ਵਿਚ ਗ੍ਰਹਿਸਤ ਨੂੰ ਦੇਖਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਗ੍ਰਹਿਸਤ ਨਿੱਜ ਤੋਂ ਉੱਪਰ ਉੱਠ ਕੇ ਸਰਬੱਤ ਦਾ ਭਲਾ ਕਰਨ ਦਾ ਨਾਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਿੱਜ ਸਵਾਰਥ ਨੂੰ ਤਿਆਗਿਆ ਅਤੇ ਸਾਰੇ ਸੰਸਾਰ ਦੀ ਪੀੜ ਨੂੰ ਮਹਿਸੂਸ ਕਰਦਿਆਂ ਸੰਸਾਰ ਭ੍ਰਮਣ ਕੀਤਾ:

> ਆਪਣੀ ਸਾਰੀ ਪੂੰਜੀ ਲਾ ਕੇ ਸਾਧਾਂ ਨੂੰ ਭੰਡਾਰਾ ਕਰਵਾ ਦਿੱਤਾ ਆਪ ਖਾਲੀ ਹੱਥੀਂ ਹੀ ਘਰ ਵੱਲ ਪਰਤ ਆਇਆ। ਪਿਤਾ ਦਾ ਸਖਤ ਵਰਤਾਉ ਪਤਾ ਨਹੀਂ ਕਿਹੜੀ ਭਾਵਨਾ ਅਚੇਤ ਮਨ ਵਿਚ ਲੈ ਗਿਆ ਕਿ ਇਹ ਅਧੂਰੀ ਯਾਤਰਾ ਜੀਵਨ ਭਰ ਅਮੁੱਕ ਸਫ਼ਰ ਦੀ ਭੁੱਖ ਅਤੇ ਮੁਨਾਫੇ ਦੀ ਕਾਮਨਾ ਬਣ ਕੇ ਸਦਾ ਲਈ ਆਤਮਾ ਦਾ ਅੰਗ ਹੋ ਗਈ..... ਬਾਦਸ਼ਾਹ ਦੇ ਭਰਾ ਅਤੇ ਸੂਬੇ ਦੇ ਹਾਕਿਮ ਦੌਲਤ ਖਾਂ ਲੋਧੀ ਦੀ ਮੋਦੀਗੀਰੀ ਹੀ ਨਹੀਂ ਤਿਲਾਂਜਲੀ ਦੇ ਕੇ ਛੱਡੀ ਸਗੋਂ ਘਰ ਬਾਰ, ਪਤਨੀ, ਦੋ ਪੁੱਤਰ, ਭੈਣ ਭਣਵਈਆਂ, ਮਾਤਾ, ਪਿਤਾ, ਪੂੰਜੀ, ਜਾਇਦਾਦ, ਅਸਾਸਾ ਜੋ ਵੀ ਸੰਬੰਧ ਨਿੱਜ ਨਾਲ ਜਕੜਨ ਵਾਲੇ ਸਨ ਸਭ ਤਿਆਗ ਦਿੱਤੇ। ਜੋ ਮਾਲ ਮਤਾਅ ਅੱਲੇ ਪੱਲੇ ਸੀ। ਗਰੀਬਾਂ, ਮੁਥਾਜਾਂ ਵਿਚ ਵੰਡ ਦਿੱਤਾ ਅਤੇ ਆਪ ਇਕੋ ਰੱਟ ਫੜ ਲਈ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ'।[12]

ਇਕ ਇਤਿਹਾਸਿਕ ਘਟਨਾ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਅਨੰਦਪੁਰ ਦੇ ਜੰਗ ਵੇਲੇ ਕਿਲ੍ਹੇ ਅੰਦਰ ਗੁਰੂ ਜੀ ਨਾਲ ਰਹਿ ਰਹੇ ਕੁਝ ਸਿੱਖਾਂ ਨੇ ਗ੍ਰਹਿਸਤ ਮੋਹ ਵਿਚ ਫਸ ਕੇ ਦਸ਼ਮੇਸ਼ ਜੀ ਨੂੰ ਬੇਨਤੀ ਕੀਤੀ ਸੀ ਕਿ ਸਾਨੂੰ ਵਾਪਸ ਘਰਾਂ ਨੂੰ ਜਾਣ ਦਿਓ ਕਿਉਂਕਿ ਏਥੇ ਰਹਿ ਕੇ ਅਸੀਂ ਅਤੇ ਸਾਡਾ ਪਰਿਵਾਰ ਦੋਹੇਂ ਖਤਰੇ ਵਿਚ ਹਨ। ਜੇ ਅਸੀਂ ਮਰ ਗਏ ਤਾਂ ਪਰਿਵਾਰ ਦਾ ਕੀ ਬਣੇਗਾ। ਸਿੱਖਾਂ ਨੇ ਇਕ ਬੇਦਾਵਾ ਲਿਖ ਕੇ ਦੇ ਦਿੱਤਾ ਕਿ ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਹਾਡੇ ਸਿੱਖ ਨਹੀਂ। ਸਮਾਂ ਪਾ ਕੇ ਜਦੋਂ ਉਨਾਂ ਨੂੰ ਨਿੱਜ ਨਾਲ ਜੁੜਿਆਂ ...ਹਿਸਤ ਜ਼ਹਿਰ ਵਾਂਗ ਲੱਗਾ ਤਾਂ ਉਨ੍ਹਾਂ ਨੇ ਇਸ ਦੇ ਮੋਹ ਤੋਂ ਨਿਰਲੇਪ ਹੋ ਕੇ ਸਮੁੱਚੀ ਮਾਨਵਤਾ ਦੇ ਭਲੇ ਖਾਤਰ ...ਰਾਣੇ ਦੀ ਢਾਬ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅੱਜ ...ਾਂ ਨੂੰ 'ਮੁਕਤੇ' ਕਹਿ ਕੇ ਯਾਦ ਕੀਤਾ ਜਾਂਦਾ ਹੈ ਜਿਸਦਾ ਭਾਵ ਹੈ ਉਹ ਵਿਅਕਤੀ ਜੋ ਪਰਿਵਾਰਿਕ ਬੰਧਨਾਂ ਅਤੇ ਨਿੱਜੀ ਖਾਹਸ਼ਾਂ ਤੋਂ ਮੁਕਤ ਹੋ ਚੁੱਕੇ ਹਨ।

ਗ੍ਰਹਿਸਤ ਸ਼ਬਦ ਦੇ ਅਰਥ ਬਹੁਤ ਵਿਆਪਕ ਹਨ। ਸਿੱਖ ਗੁਰੂ ਸਾਹਿਬਾਨ ਨੇ ਜਿਸ ਗ੍ਰਹਿਸਤ ਦੀ ...ਲਣਾ ਕੀਤੀ ਉਸ ਵਿਚ ਮਨੁੱਖ ਉੱਪਰ ਆਪਣੇ ਪਰਿਵਾਰ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਵੀ ...। ਇਨ੍ਹਾਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣ ਲਈ ਗੁਰੂ ਜੀ ਆਪ ਸਮਾਜ ਵਿਚ ਵਿਚਰੇ ਸਨ ... ਕਿ ਲੋਕਾਈ ਨੂੰ ਬੋਧ ਹੋਵੇ ਕਿ ਇਕ ਗ੍ਰਹਿਸਤੀ ਦੇ ਕੀ ਫਰਜ਼ ਹਨ। ਗੁਰੂ ਜੀ ਨੇ ਆਪ ਸਮਾਜ ਵਿਚੱ ...ਰ ਕੇ ਦੱਸਿਆ ਕਿ ਗ੍ਰਹਿਸਤੀ ਕਿਵੇਂ ਦਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਕੋਈ ਵਡੇਰਾ ਘਰੋਂ ਰੁੱਸ ਕੇ ...ਪੁੱਤਰ ਨੂੰ ਮਨਾਉਂਦਾ ਹੈ ਅਤੇ ਮੋੜ ਕੇ ਘਰ ਲਿਆਉਂਦਾ ਹੈ ਇਉਂ ਗੁਰੂ ਜੀ ਨੇ ਜੰਗਲਾਂ, ਪਰਬਤਾਂ ਦੀਆਂ ...ਰਾਂ ਵਿਚ ਬੈਠੇ ਸਾਧਕਾਂ ਨੂੰ ਸਮਾਜ ਨਾਲ ਜੋੜਿਆ। ਉਨ੍ਹਾਂ ਦੱਸਿਆ ਕਿ ਗ੍ਰਹਿਸਤ ਨਿੱਜ ਤੱਕ ਸੀਮਤ ...ਹੋਣਾ ਚਾਹੀਦਾ। ਇਸ ਸੋਚ ਵਿਚੋਂ ਹੀ 'ਨਾ ਕੋ ਬੈਰੀ ਨਹੀ ਬੇਗਾਨਾ' ਦਾ ਭਰਾਤਰੀ ਭਾਵ ਪ੍ਰਗਟ ਹੁੰਦਾ ... ਇਹ ਭਾਵ ਨਿੱਜ ਇੱਛਾਵਾਂ ਦੀ ਪੂਰਤੀ ਅਤੇ ਨਿੱਜ ਮੁਕਤੀ ਦੀ ਗੱਲ ਨਹੀਂ ਕਰਦਾ। ਭਾਈ ਗੁਰਦਾਸ ...ਸਦੇ ਹਨ ਕਿ ਸਮਾਜ ਦੇ ਸ੍ਰੇਸ਼ਟ ਪੁਰਸ਼ ਕਹੇ ਜਾਂਦੇ ਸਿੱਧ ਸਮਾਜ ਨਾਲੋਂ ਨਾਤਾ ਤੋੜ ਕੇ ਪਰਬਤਾਂ ਵਿਚ ...ਗਏ ਸਨ ਅਤੇ ਜਗਤ ਦੇ ਪਾਰ ਉਤਾਰੇ ਲਈ ਕੋਈ ਨਜ਼ਰ ਨਹੀਂ ਸੀ ਆ ਰਿਹਾ।[13] ਸੰਨਿਆਸੀ ਲੋਕ ...ਤੀਆਂ ਦੇ ਘਰੋਂ ਮੰਗ ਕੇ ਖਾਂਦੇ ਸਨ ਅਤੇ ਉਨ੍ਹਾਂ ਨੂੰ ਹੀ ਬੁਰਾ ਕਹਿੰਦੇ ਸਨ। ਸੋ ਦੋਹਾਂ ਵਿਚਾਲੇ ਇਕ ...ਪੈ ਚੁੱਕਾ ਸੀ। ਸੰਨਿਆਸੀ ਸੰਨਿਆਸ ਨੂੰ ਕੇਵਲ ਗ੍ਰਹਿ ਤਿਆਗ ਮੰਨ ਕੇ ਗ੍ਰਹਿਸਤ ਨੂੰ ਬੁਰਾ ਕਹਿ ...ਸਨ ਅਤੇ ਗ੍ਰਹਿਸਤੀ ਗ੍ਰਹਿਸਤ ਨੂੰ ਨਿੱਜ ਨਾਲ ਜੋੜ ਕੇ ਜੀਵਨ ਗੁਜ਼ਾਰ ਰਹੇ ਸਨ। ਗੁਰਮਤਿ ਨੇ

---

...ਰ ਸਿੰਘ ਵਿਦਿਆਰਥੀ, ਅਨੰਤ ਪਦ ਦੀ ਯਾਤਰਾ, ਪ੍ਰੋ. ਬਲਕਾਰ ਸਿੰਘ (ਸੰਪਾ.), *ਗੁਰੂ ਨਾਨਕ ਚਿੰਤਨ ਦੀ ਭੂਮਿਕਾ*, ਪੰਜਾਬੀ ...ਵਰਸਿਟੀ ਪਟਿਆਲਾ, 1998, ਪੰਨਾ - 70.

...ਧਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ। ਜੋਗੀ ਗਿਆਨ ਵਿਹੂਣਿਆ ਨਿਸ ਦਿਨਿ ਅੰਗ ਲਗਾਏ ਛਾਰਾ। ਬਾਝ ...ਬੁਡਾ ਜਗੁ ਸਾਰਾ॥ ਵਾਰ 1 ਪਉੜੀ 29.

ਗ੍ਰਹਿਸਤੀਆਂ ਨੂੰ ਇਹ ਪੈਗਾਮ ਦਿੱਤਾ ਕਿ ਜਦੋਂ ਤੱਕ ਗ੍ਰਹਿਸਤੀ ਨਿੱਜ ਤੱਕ ਸੀਮਤ ਹੈ। ਉਹ ਗ੍ਰਹਿਸਤ ਵਿਚ ਨਹੀਂ ਸਗੋਂ ਮੰਦ ਭਾਵਨਾਵਾਂ ਦੀ 'ਗ੍ਰਿਫ਼ਤ' ਵਿਚ ਹੈ। ਨਿੱਜਵਾਦ ਦੀ ਕੈਦ ਵਿਚ ਕੈਦ ਹੋਇਆ ਵਿਅਕਤੀ ਆਪਣੇ ਪਰਿਵਾਰ ਨੂੰ ਪਾਲਣ ਲਈ ਹਰ ਤਰ੍ਹਾਂ ਦੇ ਅਪਰਾਧਾਂ ਨੂੰ ਸਹੀ ਸਮਝ ਕੇ ਕਰੀ ਜਾਂਦਾ ਹੈ । ਅਜਿਹੇ ਅਪਰਾਧਾਂ ਤੋਂ ਕਮਾਏ ਧਨ ਨਾਲ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਤੋਂ ਕਬੀਰ ਜੀ ਨੇ ਵਰਜਿਆ ਹੈ ਅਤੇ ਕਿਹਾ ਕਿ ਇਸ ਦਾ ਨਤੀਜਾ ਤੈਨੂੰ ਭੁਗਤਣਾ ਪਵੇਗਾ।[14] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਾਇਆ ਹੱਕ ਖਾਣ ਨੂੰ ਹਿੰਦੂ ਲਈ ਗਊ ਦਾ ਮਾਸ ਖਾਣ ਬਰਾਬਰ ਅਤੇ ਮੁਸਲਮਾਨ ਲਈ ਸੂਰ ਦਾ ਮਾਸ ਖਾਣ ਬਰਾਬਰ ਕਿਹਾ ਹੈ।[15] ਦੂਜੇ ਪਾਸੇ ਸੰਨਿਆਸੀ ਕੇਵਲ ਗ੍ਰਹਿ ਤਿਆਗ ਨੂੰ ਸੰਨਿਆਸ ਮੰਨੀ ਬੈਠੇ ਸਨ। ਸੱਚਮੁੱਚ ਗ੍ਰਹਿ ਤਿਆਗ ਤੋਂ ਇਲਾਵਾ ਉਨ੍ਹਾਂ ਨੇ ਕੋਈ ਹੋਰ ਤਿਆਗ ਨਹੀਂ ਸੀ ਕੀਤਾ। ਉਨ੍ਹਾਂ ਦੇ ਮਨਾਂ ਵਿਚ ਹਰ ਤਰ੍ਹਾਂ ਦੇ ਵਿਕਾਰ ਘਰ ਕਰੀ ਬੈਠੇ ਸਨ। ਉਨ੍ਹਾਂ ਨੇ ਜਿਹੜੀਆਂ ਅਲਾਮਤਾਂ ਤੋਂ ਬਚਣ ਲਈ ਗ੍ਰਹਿ ਤਿਆਗ ਕੀਤਾ ਸੀ। ਉਹ ਸਾਰੀਆਂ ਅੰਤਰ ਮਨ ਵਿਚ ਉਨ੍ਹਾਂ ਨੂੰ ਘੇਰਾ ਪਾਈ ਬੈਠੀਆਂ ਸਨ। ਗੁਰਬਾਣੀ ਦਾ ਇਕ ਹਵਾਲਾ ਹੈ ਕਿ ਮਨ ਨੂੰ ਮਾਰਨ ਲਈ ਸਾਧਕ ਜੰਗਲ ਵਿਚ ਚਲਾ ਜਾਵੇ, ਘਾਹ ਫੂਸ ਦਾ ਆਹਾਰ ਕਰੇ ਤਾਂ ਵੀ ਉਸਦਾ ਮਨ ਵਿਕਾਰਾਂ ਤੋਂ ਮੁਕਤ ਨਹੀਂ ਹੋ ਸਕਦਾ।[16] ਮਨ ਦੇ ਵਸੀਕਰਣ ਲਈ ਗ੍ਰਹਿ ਤਿਆਗ ਦੀ ਕੋਈ ਲੋੜ ਨਹੀਂ ਹੈ।

ਗੁਰਮਤਿ ਨੇ ਦੱਸਿਆ ਹੈ ਕਿ ਗ੍ਰਹਿਸਤੀ ਆਪਣੇ ਪਰਿਵਾਰ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਸਮਾਜ ਉੱਤੇ ਭੀੜ ਆ ਬਣੇ ਤਾਂ ਉਹ ਕਾਹਦਾ ਗ੍ਰਹਿਸਤੀ ਜੋ ਡਰ ਕੇ ਅਤੇ ਪਰਿਵਾਰ ਦੇ ਮੋਹ ਵਿਚ ਗ੍ਰਸਿਆ ਹੋਇਆ ਇਕ ਪਾਸੇ ਬੈਠਾ ਰਹੇ। ਏਥੇ ਤਾਂ ਗ੍ਰਹਿਸਤੀ ਨੂੰ ਜੇਕਰ ਸਮਾਜਿਕ ਹਿੱਤਾਂ ਦੀ ਰਾਖੀ ਲਈ ਆਪਣਾ ਬਲੀਦਾਨ ਵੀ ਦੇਣਾ ਪਵੇ ਤਾਂ ਵੀ ਪਿੱਛੇ ਨਹੀਂ ਹਟਣਾ ਚਾਹੀਦਾ। ਇਸ ਭਾਵ ਦੀ ਮਿਸਾਲ ਨੌਂਵੇਂ ਗੁਰੂ ਜੀ ਦੀ ਸ਼ਹਾਦਤ ਤੋਂ ਮਿਲਦੀ ਹੈ। ਉਸ ਸਮੇਂ ਬਾਲ ਗੁਰੂ ਗੋਬਿੰਦ ਰਾਏ ਜੀ ਦੀ ਉਮਰ ਕੇਵਲ ਨੌਂ ਸਾਲ ਦੀ ਸੀ। ਗ੍ਰਹਿਸਤੀ ਨੂੰ ਪਤਨੀ, ਬੱਚਿਆਂ ਤੱਕ ਸਮਝਣਾ ਗ੍ਰਹਿਸਤ ਦੇ ਸੰਕੀਰਨ ਅਰਥ ਕਰਨ ਬਰਾਬਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਗ੍ਰਹਿਸਤੀ ਨੂੰ ਗੰਗਾ ਜਲ ਵਾਂਗ ਨਿਰਮਲ ਕਿਹਾ ਹੈ ਜੋ ਧਰਮ ਦੀ ਕਿਰਤ ਕਰਕੇ ਲੋੜਵੰਦਾਂ ਦੀ ਮਦਦ ਕਰਦਾ ਹੈ।[17] ਧਰਮ ਦੀ ਕਿਰਤ ਕਰਨ ਵਾਲਾ ਨੇਕ ਨੀਅਤ ਨਾਲ ਕਮਾਈ ਕਰਦਾ ਹੈ। ਉਹ ਆਪਣੀ ਕਮਾਈ ਵਿਚੋਂ ਲੋੜਵੰਦਾਂ ਦੀ ਮਦਦ ਕਰਦਾ ਹੈ। ਕਿਰਤ ਅਤੇ ਲੋੜਵੰਦਾਂ ਦੀ ਮਦਦ ਕਰਨੀ ਮਨੁੱਖ ਨੂੰ ਸਮਾਜ ਨਾਲ ਜੋੜਦੀ ਹੈ। ਗ੍ਰਹਿਸਤੀ ਫਾਹੀ ਵੀ ਹੈ ਅਤੇ ਵਡਿਆਈ ਵੀ ਹੈ।[18] ਫਾਹੀ ਉਨ੍ਹਾਂ ਲਈ ਹੈ ਜੋ ਕੇਵਲ ਆਪਣੇ ਪਰਿਵਾਰ ਨੂੰ ਵੇਖ ਕੇ ਜਿਊਂਦੇ ਹਨ। ਅਜਿਹੇ ਸਵਾਰਥੀਆਂ ਲਈ ਗ੍ਰਹਿਸਤ ਫਾਹੀ ਹੈ।[19] ਜਦੋਂ ਸਾਧਕ ਗੁਰੂ ਰਾਹੀਂ ਗ੍ਰਹਿਸਤ ਨੂੰ ਸਮਝ ਕੇ ਜੀਵਨ ਜਿਊਂਦਾ ਹੈ ਤਾਂ ਇਹ ਗ੍ਰਹਿਸਤ ਉਸ ਸਾਧਕ ਲਈ ਹੀ ਨਹੀਂ ਸਗੋਂ ਸੰਪੂਰਨ ਜਨ ਸਮੂਹ ਲਈ ਮੁਕਤੀ ਦਾ ਕਾਰਨ ਬਣਦਾ ਹੈ। ਅਜਿਹਾ ਗ੍ਰਹਿਸਤੀ ਹੀ ਅਸਲ ਵਿਚ ਪੂਰਨ ਸੰਨਿਆਸੀ ਹੁੰਦਾ ਹੈ ਪਰ ਇਹ ਅਜਿਹਾ ਸੰਨਿਆਸ ਹੈ ਜੋ ਸਮਾਜ ਵਿਚ ਰਹਿ ਕੇ ਸਮਾਜ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਦਾ ਹੈ। ਆਪਣੀ ਤਾਕਤ ਨੂੰ ਸਮਾਜ ਦੇ ਭਲੇ ਵਿਚ ਲਾਉਂਦਾ ਹੈ। ਗੁਰੂ ਜੀ ਦੱਸਦੇ ਹਨ ਜੋਗੀ, ਭੋਗੀ ਅਤੇ ਕਾਪੜੀ ਦੇਸ ਦੇਸਾਂਤਰਾਂ ਵਿਚ ਫਿਰਦੇ ਹਨ। ਪੰਡਿਤ ਪਾਂਧੇ ਨਿੱਤ ਪੁਰਾਣਾਂ ਦਾ ਪਾਠ ਕਰਦੇ ਹਨ ਪਰ ਅੰਦਰਲੀ ਵਸਤੂ ਨੂੰ ਜਾਣ ਨਹੀਂ ਰਹੇ। ਇਕ ਤਪਸੀ ਤਪ ਕਰ ਰਹੇ ਹਨ। ਇਕ ਤੀਰਥਾਂ ਦੀ ਯਾਤਰਾ ਕਰ ਰਹੇ ਹਨ। ਅਜਿਹੇ ਉਦਾਸੀਆਂ ਦਾ ਕੀ ਫਾਇਦਾ ਹੈ। ਇਕ ਬ੍ਰਹਮਚਰਜ ਦਾ ਪਾਲਣ ਕਰਦੇ ਹਨ ਅਤੇ ਜਤੀ ਕਹਾਉਂਦੇ ਹਨ। ਇਕ ਗ੍ਰਹਿਸਤੀ ਘਰ ਵਿਚ ਹੀ ਗੁਰਮਤਿ ਰਾਹੀਂ ਨਾਮ,

---

14. ਬਹੁ ਪਰਪੰਚ ਕਰਿ ਪਰ ਧਨ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਰਾਗ ਸੋਰਠ,ਕਬੀਰ,556.
15. ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥
ਗੁਰੁ ਪੀਰੁ ਭੀ ਹਾਮਾ ਤਾ ਭਰੇ ਜੇ ਮੁਰਦਾਰੁ ਨ ਖਾਇ॥ ਰਾਗ ਮਾਝ, ਮ:੧ , 141.
16. ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥ ਰਾਗ ਬਿਲਾਵਲ, ਕਬੀਰ,855.
17. ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥ ਰਾਗ ਰਾਮਕਲੀ ਮ:੧, 952.
18. ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥ ਰਾਗ ਧਨਾਸਰੀ ਮ:੧, 661.
19. ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥ ਹੋਨੁ ਨ ਪਾਈਐ ਰਾਮ ਕੇ ਦਾਸਾ॥ ਰਾਗ ਗਉੜੀ ਗੁਆਰੇਰੀ, ਮ:੫, 180.

ਦਾਨ ਅਤੇ ਇਸ਼ਨਾਨ ਦ੍ਰਿੜ ਕਰਕੇ ਭਗਤੀ ਵੱਲ ਲੱਗੇ ਹੋਏ ਹਨ।[20]

ਉਪਰੋਕਤ ਕਥਨ ਤੋਂ ਸਾਨੂੰ ਗ੍ਰਹਿਸਤੀ ਲਈ ਨਾਮ, ਦਾਨ ਅਤੇ ਇਸ਼ਨਾਨ ਦੀ ਪ੍ਰਪੱਕਤਾ ਦਾ ਪਤਾ ਲੱਗਦਾ ਹੈ। ਨਾਮ ਜਪਣਾ ਗ੍ਰਹਿਸਤੀ ਦਾ ਪਹਿਲਾ ਗੁਣ ਹੈ। ਗ੍ਰਹਿਸਤੀ ਆਪਣੇ ਘਰ ਵਿਚ ਆਪ ਵੀ ਪ੍ਰਭੂ ਭਗਤੀ ਕਰੇ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਪਾਸੇ ਲਾਵੇ। ਕਬੀਰ ਜੀ ਫ਼ੁਰਮਾਨ ਕਰਦੇ ਹਨ ਕਿ ਜੇਕਰ ਗ੍ਰਹਿਸਤੀਆਂ ਦੇ ਘਰਾਂ ਵਿਚ ਪ੍ਰਭੂ ਦਾ ਨਾਮ ਨਹੀਂ ਜਪਿਆ ਜਾਂਦਾ ਅਤੇ ਸੇਵਾ ਨਹੀਂ ਕੀਤੀ ਜਾਂਦੀ ਤਾਂ ਅਜਿਹਾ ਘਰ ਮੁਰਦਘਾਟ ਦੇ ਬਰਾਬਰ ਹੈ। ਅਜਿਹੇ ਪਰਿਵਾਰ ਦੇ ਮੈਂਬਰ ਭੂਤ ਬਰਾਬਰ ਹਨ।[21] ਗੁਰੂ ਜੀ ਦੱਸਦੇ ਹਨ ਕਿ ਕਲਯੁੱਗ ਵਿਚ ਜਿੰਨਾਂ ਨੇ ਜਨਮ ਲਿਆ ਹੈ। ਦੇਖਣ ਨੂੰ ਮਨੁੱਖ ਲੱਗਦੇ ਹਨ। ਪੁੱਤਰ ਅਤੇ ਧੀਆਂ ਜਿੰਨ ਸਮਾਨ ਹਨ। ਘਰਵਾਲੀ ਜਿੰਨਾਂ ਦੀ ਸਰਦਾਰ ਹੈ।[22] ਇਸ ਬਾਰੇ ਭਾਈ ਵੀਰ ਸਿੰਘ ਲਿਖਦੇ ਹਨ:

> ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਕਲਿਯੁਗ ਦੇ ਲੋਕ ਆਮ ਤੌਰ ਤੇ ਇਨਸਾਨ ਨਹੀਂ ਮਾਨੋ ਜਿੰਨ ਹਨ। ਜਿੰਨ ਮਨੁੱਖ ਬਣੇ ਹਨ। ਸ੍ਰੀ ਗੁਰੂ ਜੀ ਲੋਕਾਂ ਦੇ ਗਿਰੇ ਹੋਏ ਆਚਰਣ ਨੂੰ ਦੇਖ ਕੇ ਉਨ੍ਹਾਂ ਦੇ ਵਿਕਾਰੀ ਜੀਵਨਾਂ ਤੇ ਬਦੀਆਂ ਨੂੰ ਤੱਕ ਕੇ ਇਹ ਵਾਕ ਕਹਿ ਰਹੇ ਹਨ ਕਿ ਏਹ ਇਨਸਾਨ ਨਹੀਂ ਰਹੇ। ਹਿੰਦੀ ਲੋਕਾਂ ਦਾ ਆਚਰਣ ਤਦੋਂ ਬੀ ਬਹੁਤ ਨੀਵਾਂ ਸੀ। ਜਿੰਨ ਅਰਬੀ ਪਦ ਹੈ, ਅਰਥ ਹੈ ਭੂਤਾਂ ਪ੍ਰੇਤਾਂ ਤੋਂ ਇਕ ਹੋਰ ਦੁਰਸਾਧਯ ਭੂਤ ਸ੍ਰੇਣੀ।[23]

ਗ੍ਰਹਿਸਤੀਆਂ ਉੱਪਰ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹਨ ਕਿਉਂਕਿ ਉਨ੍ਹਾਂ ਰਾਹੀਂ ਪੈਦਾ ਹੋਏ ਬੱਚੇ ਕੱਲ੍ਹ ਦਾ ਭਵਿੱਖ ਹਨ। ਬੱਚੇ ਦੇ ਬਚਪਨ ਦਾ ਬਹੁਤਾ ਸਮਾਂ ਮਾਂ ਕੋਲ ਬੀਤਦਾ ਹੈ। ਇਸ ਕਰਕੇ ਭਗਤ ਕਬੀਰ ਜੀ ਨੇ ਮਾਪਿਆਂ ਵਿਚੋਂ ਮਾਤਾ ਨੂੰ ਖਾਸ ਤੌਰ ਤੇ ਤਾੜਨਾ ਕੀਤੀ ਹੈ ਕਿ ਤੂੰ ਆਪਣੇ ਬੱਚੇ ਨੂੰ ਰੱਬ ਵੱਲ ਲਾ ਜੇਕਰ ਤੇਰੀ ਕੁੱਖ ਤੋਂ ਜਨਮ ਲੈ ਕੇ ਬਾਲਕ ਰੱਬੀ ਗਿਆਨ ਦੀ ਵਿਚਾਰ ਨਹੀਂ ਕਰਦਾ ਤਾਂ ਤੇਰਾ ਵਿਧਵਾ ਹੋਣਾ ਹੀ ਠੀਕ ਸੀ।[24] ਗ੍ਰਹਿਸਤੀ ਨੇ ਪ੍ਰਭੂ ਦਾ ਨਾਮ ਲੈਣਾ ਹੈ ਅਤੇ ਧਰਮ ਦੀ ਕਿਰਤ ਕਰਕੇ ਵੰਡ ਕੇ ਵੀ ਛਕਣਾ ਹੈ:

> ਨਾਮ ਜਪਣ ਨਾਲ ਆਤਮਾ ਸ਼ੁੱਧ ਹੁੰਦੀ ਹੈ, ਕਿਰਤ ਨਾਲ ਸਰੀਰ ਅਤੇ ਵੰਡ ਕੇ ਛਕਣ ਦੀ ਰੀਤਿ ਨਾਲ ਮਨ ਸ਼ੁੱਧ ਹੁੰਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਨਾਮ ਸਿਮਰਨ ਆਤਮਕ ਰਹਿਤ ਹੈ, ਕਿਰਤ ਕਰਨਾ ਸਰੀਰਿਕ ਰਹਿਤ ਅਤੇ ਵੰਡ ਛਕਣਾ ਮਾਨਸਿਕ ਰਹਿਤ ਹੈ। ਦੂਜੇ ਦਾ ਭਲਾ ਚਾਹੁਣ ਵਾਲਾ ਨਿਸ਼ਕਾਮ ਪਰਉਪਕਾਰੀ ਸੁਭਾਅ ਹੀ ਬਾਕੀਆਂ ਨਾਲ ਵੰਡ ਕੇ ਖਾ ਸਕਦਾ ਹੈ, ਜੋ ਸ੍ਰੇਸ਼ਟਾਚਾਰ ਦਾ ਇਕ ਪ੍ਰਮੁਖ ਲੱਛਣ ਹੈ। ਇਹ ਦਾਨ ਤੋਂ ਉਚੇਰੀ ਅਵਸਥਾ ਹੈ, ਦਾਨ ਵਿਚ ਇਕ ਭਿਖਾਰੀ ਹੁੰਦਾ ਹੈ, ਦੂਜਾ ਦਾਤਾ, ਇਕ ਪਰਾਧੀਨ ਬਣ ਜਾਂਦਾ ਹੈ, ਦੂਜਾ ਮਾਲਕ ਪਰੰਤੂ ਵੰਡ ਛਕਣ ਦਾ ਗੁਣ ਸਮਾਨਤਾ ਤੇ ਬਰਾਬਰੀ ਦੇ ਭਾਵ ਪਰਿਪੱਕ ਕਰਦਾ ਹੈ।[25]

**ਗ੍ਰਹਿਸਤੀ ਦਾ ਘਰ ਹਰ ਲੋੜਵੰਦ ਲਈ ਹੈ। ਰਹਿਤਨਾਮਾ ਪਰਮ ਸੁਮਾਰਗ ਦਾ ਕਥਨ ਹੈ**

ਅਰੁ ਜੋ ਕੋਈ ਭੁੱਖਾ, ਨੰਗਾ ਅਰਥੀ ਹੋਇ ਤਾਂ ਉਸ ਨਾਲਿ ਨਾਲਿ ਆਪਣੀ ਵੰਡ ਵਿਚੋਂ ਜੋ ਕਿਛੁ

---

20. ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥ ਗੁਰ ਕਾ ਸਬਦੁ ਨ ਚੀਨਹਿ ਤਤੁ ਸਾਰੁ ਨਿਰੰਤਰੁ॥
ਪੰਡਿਤ ਪਾਧੇ ਜੋਇਸੀ ਨਿਤ ਪੜਹਿ ਪੁਰਾਣਾ॥ ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ॥
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ॥ ਆਪੁ ਨ ਚੀਨਹਿ ਤਾਮਸੀ ਕਾਹੇ ਭਇਆ ਉਦਾਸਾ॥
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥
ਇਕ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ॥ ਰਾਗ ਆਸਾ ਮ:੧, 419.
21. ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥ ਸਲੋਕ, ਕਬੀਰ, 1374.
22. ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥ ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥ ਰਾਗ ਬਿਹਾਗੜਾ ਮ:੧, 556.
23. ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੋਥੀ ਸੱਤਵੀਂ, ਭਾਸ਼ਾ ਵਿਭਾਗ ਪੰਜਾਬ, 1997, ਪੰਨਾ - 3437.
24. ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥ ਰਾਗ ਗਉੜੀ, ਕਬੀਰ, 328.
25. ਪਿਆਰਾ ਸਿੰਘ ਪਦਮ, *ਰਹਿਤਨਾਮੇ*, ਸਿੰਘ ਬ੍ਰਦਰਜ਼, 2010, ਅੰਮ੍ਰਿਤਸਰ, ਪੰਨਾ - 14.

ਸਾਹਿਬ ਦਿਤਾ ਹੋਇ ਸੋ ਵੰਡਿ ਖਾਇ, ਵੰਡਿ ਪਹਰੇ। ਅਰੁ ਕੰਮ ਕਿਸੈ ਕਾ ਜਾਨੈ ਜੋ ਮੁਝ ਤੇ ਹੋਤਾ ਹੈ ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ ਤਾਂ ਢਿੱਲ ਨਾ ਕਰੈ। ਆਪਣਾ ਕੰਮ ਛੋਡਿ ਕਰਿ ਉਸ ਪ੍ਰਾਨੀ ਕੇ ਕੰਮਿ ਕਉ ਉਠਿ ਖੜਾ ਹੋਇ ਜਾਣਿ ਨ ਦੇਇ। ਗੁਰੂ ਕਾ ਰੀਝਾਵਣਾ ਇਸੀ ਬਾਤ ਮੋ ਹੈ।[26]

**ਗ੍ਰਹਿਸਤ, ਪਰਿਵਾਰ ਅਤੇ ਰੂਹਾਨੀਅਤ:** ਸੰਸਾਰ 'ਤੇ ਜਨਮ ਲੈ ਕੇ ਕੋਈ ਗ੍ਰਹਿਸਤੀ ਸਾਧਨਾ ਦੇ ਬਲ ਨਾਲ ਸੰਨਿਆਸੀ ਬਣ ਜਾਵੇ, ਮੰਨਿਆ ਜਾ ਸਕਦਾ ਹੈ। ਪਰੰਤੂ ਹਰ ਸੰਨਿਆਸੀ ਜਨਮ ਤੋਂ ਹੀ ਗ੍ਰਹਿਸਤੀ ਹੁੰਦਾ ਹੈ ਕਿਉਂਕਿ ਮਾਤਾ ਪਿਤਾ ਤੋਂ ਬਿਨਾਂ ਕਿਸੇ ਸੰਨਿਆਸੀ ਦਾ ਜਨਮ ਸੰਭਵ ਨਹੀਂ ਹੈ। ਹਰ ਸੰਨਿਆਸੀ ਪਰਿਵਾਰ ਨਾਲ ਹੀ ਸੰਬੰਧਿਤ ਹੁੰਦਾ ਹੈ। ਸੰਨਿਆਸੀ ਨੂੰ ਸੰਨਿਆਸ ਤੋਂ ਬਾਅਦ ਵੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਗ੍ਰਹਿਸਤੀਆਂ ਉੱਪਰ ਹੀ ਨਿਰਭਰ ਹੋਣਾ ਪੈਂਦਾ ਹੈ। ਜੇਕਰ ਗ੍ਰਹਿਸਤ ਜੀਵਨ ਨੂੰ ਵਿਆਹ ਨਾਲ ਜੋੜਿਆ ਜਾਵੇ ਤਾਂ ਇਹ ਗ੍ਰਹਿਸਤ ਦੇ ਅਧੂਰੇ ਅਰਥ ਹੋਣਗੇ। ਗ੍ਰਹਿਸਤ ਸਾਡੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਵਿਆਹ ਤਾਂ ਇਸ ਮਾਰਗ ਦਾ ਇਕ ਪੜਾਅ ਹੈ। ਗ੍ਰਹਿਸਤੀਆਂ ਵਿਚ ਵਿਆਹੇ ਅਤੇ ਅਣਵਿਆਹੇ ਦੋਨੋਂ ਹੀ ਆਉਂਦੇ ਹਨ। ਗ੍ਰਹਿਸਤੀ ਉੱਪਰ ਮਾਂ-ਬਾਪ ਦੀ ਆਗਿਆ ਦਾ ਪਾਲਨ ਕਰਨਾ ਪਹਿਲਾ ਫਰਜ਼ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਪੁੱਤਰ ਨੂੰ ਗ੍ਰਹਿਸਤ ਦਾ ਪਾਠ ਪੜਾਉਂਦਿਆਂ ਕਿਹਾ ਕਿ ਹੇ ਪੁੱਤਰ ਤੂੰ ਆਪਣੇ ਪਿਤਾ ਨਾਲ ਨਾ ਲੜ। ਉਸ ਨੇ ਤੈਨੂੰ ਪਾਲ ਕੇ ਵੱਡਾ ਕੀਤਾ ਹੈ। ਇਸ ਲਈ ਉਸ ਨਾਲ ਝਗੜਨਾ ਪਾਪ ਹੈ।[27] ਇਸੇ ਤਰ੍ਹਾਂ ਮਾਤਾ ਪ੍ਰਥਾਇ ਇਹ ਬਚਨ ਕਿਹਾ ਕਿ ਮਾਤਾ ਆਪਣੇ ਪੁੱਤਰ ਨੂੰ ਇਹ ਅਸੀਸ ਦੇਵੇਂ, ਪੁੱਤਰ ਤੈਨੂੰ ਰੱਬ ਨਾ ਵਿਸਰੇ। ਤੂੰ ਸਦਾ ਪ੍ਰਭੂ ਦਾ ਗੁਨਗਾਨ ਕਰਦਾ ਰਹੇ।[28] ਅਜੋਕੀਆਂ ਮਾਵਾਂ ਪੁੱਤਰਾਂ ਨੂੰ ਨੌਕਰੀਆਂ, ਲੰਮੀ ਉਮਰ ਅਤੇ ਹਰ ਦੁਨਿਆਵੀਂ ਕਾਮਯਾਬੀ ਦੀ ਅਸੀਸ ਤਾਂ ਦਿੰਦੀਆਂ ਹਨ। ਪਰ ਕਿੰਨੀਆਂ ਕੁ ਮਾਵਾਂ ਹਨ ਜੋ ਆਪਣੇ ਬੱਚਿਆਂ ਨੂੰ ਸਰਬੱਤ ਦਾ ਭਲਾ ਮੰਗਣ ਅਤੇ ਕਰਨ ਦਾ ਉਪਦੇਸ਼ ਦਿੰਦੀਆਂ ਹਨ। ਇਸ ਅਸੀਸ ਦੀ ਘਾਟ ਕਰਕੇ ਹੀ ਅਜੋਕਾ ਸਮਾਜ ਕੇਵਲ ਨਿੱਜ ਤੱਕ ਸੀਮਤ ਹੁੰਦਾ ਜਾ ਰਿਹਾ ਹੈ। ਬਾਬਾ ਫ਼ਰੀਦ ਜੀ ਨੇ ਅਜਿਹੇ ਦਰਵੇਸ਼ਾਂ ਦੀਆਂ ਮਾਵਾਂ ਨੂੰ ਧੰਨ ਕਿਹਾ ਹੈ ਜੋ ਪ੍ਰਭੂ ਭਗਤੀ ਕਰਦੇ ਹਨ। ਪ੍ਰਭੂ ਭਗਤੀ ਕੇਵਲ ਮੌਖਿਕ ਨਹੀਂ ਹੁੰਦੀ। ਇਹ ਸਾਧਕ ਦੇ ਕਰਮਾਂ 'ਚੋਂ ਪ੍ਰਗਟ ਹੁੰਦੀ ਹੈ। ਗੁਰਮਤਿ ਨੇ ਗ੍ਰਹਿਸਤੀਆਂ ਵਿਚ ਕਿਸੇ ਰਾਜੇ ਦੀ ਮਾਂ ਨੂੰ ਧੰਨ ਨਹੀਂ ਕਿਹਾ, ਕਿਸੇ ਸ਼ਾਹੂਕਾਰ ਦੀ ਮਾਂ ਨੂੰ ਧੰਨ ਨਹੀਂ ਕਿਹਾ ਜੇਕਰ ਧੰਨ ਕਿਹਾ ਹੈ ਤਾਂ ਉਨ੍ਹਾਂ ਮਾਵਾਂ ਨੂੰ ਧੰਨ ਕਿਹਾ ਹੈ ਜਿੰਨ੍ਹਾਂ ਦੀ ਕੁੱਖ ਤੋਂ ਜਨਮ ਲੈ ਕੇ ਬੱਚੇ ਪ੍ਰਭੂ ਦੀ ਭਗਤੀ ਕਰਦੇ ਹਨ।[29] ਗ੍ਰਹਿਸਤ ਵਿਚ ਪ੍ਰਭੂ ਦੀ ਪ੍ਰਾਪਤੀ ਇਸ ਕਰਕੇ ਸਹਿਜ ਹੈ ਕਿ ਮਨੁੱਖ ਹਰ ਦਾਤ ਨੂੰ ਵੇਖ ਕੇ ਰੱਬ ਦਾ ਸ਼ੁਕਰਗੁਜ਼ਾਰ ਹੁੰਦਾ ਹੈ। ਸੰਨਿਆਸੀ ਕੋਲ ਆਪਣੇ ਤੋਂ ਇਲਾਵਾ ਕਿਹੜੀ ਸਮਾਜਿਕ ਦਾਤ ਹੈ ਜਿਸਨੂੰ ਅੱਗੇ ਰੱਖ ਕੇ ਉਹ ਰੱਬ ਦਾ ਸ਼ੁਕਰਾਨਾ ਕਰੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਰਚੇਤਾ ਗ੍ਰਹਿਸਤੀ ਹਨ। ਇਹ ਗ੍ਰਹਿਸਤੀਆਂ ਦਾ ਮਾਰਗ ਦਰਸ਼ਨ ਕਰਦੀ ਹੈ। ਇਸ ਪਵਿੱਤਰ ਬਾਣੀ ਦਾ ਅੱਖਰ-ਅੱਖਰ ਸਮਾਜ ਦੇ ਭਲੇ ਲਈ ਹੈ। ਗੁਰਬਾਣੀ ਵਿਚ ਰੂਹਾਨੀਅਤ ਦੀ ਪੇਸ਼ਕਾਰੀ ਸਮਾਜਿਕ ਰਿਸ਼ਤਿਆਂ ਰਾਹੀਂ ਕੀਤੀ ਗਈ ਹੈ ਜਿਵੇਂ ਇਸ ਸੰਸਾਰ ਨੂੰ ਪੇਕਾ ਘਰ ਅਤੇ ਮਰਨ ਤੋਂ ਬਾਅਦ ਨੂੰ ਸਹੁਰਾ ਘਰ ਕਹਿ ਕੇ ਜ਼ਿਕਰ ਕਰਨਾ, ਸੁਚੱਜੀ ਅਤੇ ਕੁਚੱਜੀ ਸਿਰਲੇਖਾਂ ਅਧੀਨ ਬਾਣੀ ਰਚਣੀ, ਸੁਹਾਗਣ ਅਤੇ ਦੁਹਾਗਣ ਨਾਵਾਂ ਰਾਹੀਂ ਗੁਰਮੁਖ ਅਤੇ ਮਨਮੁਖ ਦੀ ਹਾਲਤ ਬਿਆਨ ਕਰਨੀ, ਪ੍ਰਭੂ ਨੂੰ ਪਤੀ ਦਾ ਦਰਜਾ ਦੇਣਾ, ਰੱਬ ਲਈ ਮਾਤਾ, ਪਿਤਾ, ਭਰਾ, ਮਿੱਤਰ ਸ਼ਬਦ ਵਰਤਣੇ, ਸੰਸਾਰ 'ਤੇ ਮਨੁੱਖਾਂ ਦੇ ਰਹਿਣ ਨੂੰ ਪ੍ਰਾਹੁਣੇ ਵਾਂਗ ਦੱਸਣਾ ਆਦਿਕ ਸਮਾਜਿਕ ਪ੍ਰਸੰਗਾਂ ਰਾਹੀਂ ਸਾਨੂੰ ਰੂਹਾਨੀਅਤ ਨਾਲ ਜੋੜਿਆ ਹੈ। ਸਮਾਜਿਕ ਉਦਾਹਰਣਾਂ ਦੇਣ ਦੇ ਦੋ ਕਾਰਨ ਹਨ। ਪਹਿਲਾ ਕਾਰਨ ਹੈ ਕਿ ਸਮਾਜਿਕ ਪ੍ਰਾਣੀ ਹੋਣ ਕਰਕੇ ਸਾਨੂੰ ਉਪਰੋਕਤ ਉਦਾਹਰਣਾਂ ਛੇਤੀ ਸਮਝ ਵਿਚ ਆ ਜਾਂਦੀਆਂ ਹਨ। ਦੂਜਾ ਕਾਰਨ ਇਹ ਹੈ ਕਿ ਸਾਨੂੰ ਸਮਾਜ ਅਤੇ ਜੀਵਨ ਦੀ ਅਨਿਸ਼ਚਤਾ ਦਾ ਵੀ ਬੋਧ ਕਰਵਾਇਆ ਹੈ। ਅੱਜ ਸਾਡਾ ਸਮਾਜ ਗਿਰਾਵਟ ਵੱਲ ਜਾ ਰਿਹਾ ਹੈ। ਸਾਂਝੇ

---

26. ਉਹੀ, ਪੰਨਾ - 121.
27. ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ ਰਹਾਉ॥ ਸਾਰੰਗ ਮ:੪, 1200.
28. ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥ ਰਹਾਉ॥ ਗੁਜਰੀ ਮ:੫, 496
29. ਆਪਿ ਲੀਏ ਲੜਿ ਲਾਇ ਦਰ ਦਰਵੇਸ ਸੇ॥ ਤਿਨ ਧੰਨੁ ਜਣੇਦੀ ਮਾਉ ਆਇ ਸਫਲੁ ਸੇ॥ ਰਾਗ ਆਸਾ, ਫ਼ਰੀਦ, 488.

ਪਰਿਵਾਰਾਂ ਦੀ ਅਣਹੋਂਦ ਕਾਰਨ ਬਹੁਤੇ ਪਰਿਵਾਰ ਬਜ਼ੁਰਗਾਂ ਨੂੰ ਨਾਲ ਰੱਖਣਾ ਚੰਗਾ ਨਹੀਂ ਸਮਝਦੇ। ਸਿੱਟੇ ਵਜੋਂ ਬਜ਼ੁਰਗ ਆਸ਼ਰਮ ਹੋਂਦ ਵਿਚ ਆ ਰਹੇ ਹਨ। ਬਿਰਧ ਆਸ਼ਰਮ ਸਾਡੇ ਸੱਭਿਅਕ ਸਮਾਜ ਉੱਪਰ ਕਲੰਕ ਹਨ। ਬਜ਼ੁਰਗਾਂ ਨੂੰ ਘਰੋਂ ਕੱਢਣ ਦੀ ਆਗਿਆ ਕੋਈ ਵੀ ਧਰਮ ਨਹੀਂ ਦਿੰਦਾ। ਭਾਈ ਗੁਰਦਾਸ ਜੀ ਨੇ ਮਾਂ-ਬਾਪ ਦੀ ਸੇਵਾ ਨਾ ਕਰਨ ਵਾਲਿਆਂ ਨੂੰ ਅਤੇ ਮਾਂ ਪਿਓ ਨੂੰ ਛੱਡ ਕੇ ਵੇਦ ਸੁਣਨ ਵਾਲਿਆਂ ਨੂੰ, ਜੰਗਲਾਂ ਵਿਚ ਤਪ ਕਰਨ ਵਾਲਿਆਂ ਨੂੰ, ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲਿਆਂ ਨੂੰ, ਅਠਸਠਿ ਤੀਰਥਾਂ ਤੇ ਇਸ਼ਨਾਨ ਕਰਨ ਵਾਲਿਆਂ ਨੂੰ, ਦਾਨ ਕਰਨ ਵਾਲਿਆਂ ਨੂੰ ਅਤੇ ਵਰਤ ਰੱਖਣ ਵਾਲਿਆਂ ਨੂੰ, ਮਾਂ ਬਾਪ ਦਾ ਤ੍ਰਿਸਕਾਰ ਕਰਨ ਤੋਂ ਵਰਜਿਆ ਹੈ। ਅਜਿਹੇ ਵਿਅਕਤੀ ਗੁਰੂ ਦੀ ਸਿੱਖਿਆ ਤੋਂ ਸੱਖਣੇ ਹਨ।[30] ਪੁੱਤਰ ਦੇ ਜਨਮ 'ਤੇ ਮਾਂ ਬਾਪ ਖੁਸ਼ ਹੋਏ, ਦੁਬਾਰਾ ਉਦੋਂ ਖੁਸ਼ ਹੋਏ ਜਦੋਂ ਪੁੱਤਰ ਦਾ ਰਿਸ਼ਤਾ ਹੋਇਆ। ਦੁਬਾਰਾ ਫੇਰ ਖੁਸ਼ੀ ਦੀ ਹੱਦ ਨਾ ਰਹੀਂ ਜਦੋਂ ਘਰ ਵਿਚ ਨੂੰਹ ਆ ਗਈ। ਮਾਂ ਨੇ ਵਿਆਹ ਵਿਚ ਘੋੜੀਆਂ ਗਾਈਆਂ। ਪਰ ਪੁੱਤਰ ਵਿਆਹ ਤੋਂ ਬਾਅਦ ਅਲਹਿਦਾ ਹੋ ਗਿਆ ਅਤੇ ਮਾਂ ਬਾਪ ਦੇ ਪਰਉਪਕਾਰ ਵਿਸਾਰ ਦਿੱਤੇ। ਭਾਈ ਸਾਹਿਬ ਕਹਿੰਦੇ ਹਨ ਕਿ ਕੋਈ ਵਿਰਲਾ ਹੀ ਸਰਵਣ ਵਰਗਾ ਪੁੱਤਰ ਹੈ।[31] ਇਕ ਹੋਰ ਥਾਂ ਭਾਈ ਗੁਰਦਾਸ ਜੀ ਨੇ ਕਿਹਾ ਹੈ, ਹੇ ਜਾਦੂ ਵਾਲੀਏ ਇਸਤਰੀਏ, ਤੂੰ ਆਪਣੇ ਕੰਤ ਨੂੰ ਵਸ ਵਿਚ ਕਰ ਲਿਆ ਹੈ। ਜੰਮਦਿਆਂ ਇਸਨੇ ਰੱਬ ਨੂੰ ਵਿਸਾਰ ਦਿੱਤਾ ਅਤੇ ਵਿਆਹ ਬਾਅਦ ਮਾਂ ਪਿਓ ਵਿਸਾਰ ਦਿੱਤੇ ਹਨ। ਔਰਤ ਮਰਦ ਨੂੰ ਕਹਿੰਦੀ ਹੈ ਕਿ ਮਾਂ ਪਿਓ ਤੋਂ ਅਲਹਿਦਾ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਚਿਰਾਂ ਤੋਂ ਲੋਕ ਅਜਿਹਾ ਹੀ ਕਰਦੇ ਆਏ ਹਨ। ਭਾਈ ਸਾਹਿਬ ਦੱਸਦੇ ਹਨ ਕਿ ਕਿੰਨਾ ਵੱਡਾ ਅਨਰਥ ਹੋ ਰਿਹਾ ਹੈ।[32] ਭਗਤ ਕਬੀਰ ਜੀ ਨੇ ਦੱਸਿਆ ਹੈ ਕਿ ਜਿਹੜੇ ਲੋਕ ਜਿਊਂਦੇ ਜੀਅ ਮਾਂ ਬਾਪ ਦੀ ਸੇਵਾ ਨਹੀਂ ਕਰਦੇ ਅਤੇ ਉਨ੍ਹਾਂ ਦੇ ਮਰਨ ਉਪਰੰਤ ਸ਼ਰਾਧ ਰਾਹੀਂ ਉਨ੍ਹਾਂ ਨੂੰ ਭੋਜਨ ਅਰਪਣ ਕਰਦੇ ਹਨ। ਉਨ੍ਹਾਂ ਵੱਲੋਂ ਅਰਪਣ ਕੀਤਾ ਭੋਜਨ ਮਰ ਚੁੱਕੇ ਪਿੱਤਰਾਂ ਤੱਕ ਨਹੀਂ ਪਹੁੰਚਦਾ ਸਗੋਂ ਇਨ੍ਹਾਂ ਪਦਾਰਥਾਂ ਨੂੰ ਕਾਂ ਅਤੇ ਕੁੱਤੇ ਹੀ ਖਾਂਦੇ ਹਨ।[33] ਇਸ ਲਈ ਜਿਊਂਦਿਆਂ ਮਾਂ-ਬਾਪ ਦੀ ਕੀਤੀ ਸੇਵਾ ਲੇਖੇ ਵਿਚ ਆਉਂਦੀ ਹੈ।

**ਗ੍ਰਹਿਸਤ ਵਿਚ ਸਹਿਨਸ਼ੀਲਤਾ ਅਤੇ ਨਿਡਰਤਾ:** ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਰਬੰਸ ਵਾਰਨਾ ਸਹਿਨਸ਼ੀਲਤਾ ਅਤੇ ਨਿਡਰਤਾ ਦੀ ਅਨੋਖੀ ਮਿਸਾਲ ਹੈ। ਸਹਿਨਸ਼ੀਲਤਾ ਅਤੇ ਨਿਡਰਤਾ ਦਾ ਪੈਮਾਨਾ ਦੋ ਬਿੰਦੂਆਂ ਦੇ ਵਿਚਾਲੇ ਹੁੰਦਾ ਹੈ। ਜਿਸ ਦੇ ਇਕ ਪਾਸੇ ਨਾ ਕਿਸੇ ਤੋਂ ਡਰਨਾ ਅਤੇ ਦੂਜੇ ਪਾਸੇ ਨਾ ਕਿਸੇ ਨੂੰ ਡਰਾਉਣਾ ਹੁੰਦਾ ਹੈ। ਜ਼ੁਲਮ ਕਰਨ ਵਾਲਾ ਜ਼ਾਲਮ ਅਤੇ ਜ਼ੁਲਮ ਸਹਿਣ ਵਾਲਾ ਕਾਇਰ ਹੁੰਦਾ ਹੈ। ਹੱਦੋਂ ਵੱਧ ਸਹਿਨਸ਼ੀਲਤਾ ਮਨੁੱਖ ਨੂੰ ਕਾਇਰ ਬਣਾ ਦਿੰਦੀ ਹੈ। ਗ੍ਰਹਿਸਤੀ ਨਾ ਕਿਸੇ ਜ਼ਾਲਮ ਤੋਂ ਡਰਦਾ ਹੈ ਅਤੇ ਨਾ ਕਿਸੇ ਕਮਜ਼ੋਰ ਨੂੰ ਡਰਾਉਂਦਾ ਹੈ। ਉਸ ਵਿਚ ਏਨੀ ਸਹਿਨਸ਼ੀਲਤਾ ਹੁੰਦੀ ਹੈ ਕਿ ਦੋਹਾਂ ਬਿੰਦੂਆਂ ਵਿਚ ਸੰਤੁਲਿਨ ਬਣਾ ਕੇ ਰੱਖਦਾ ਹੈ। ਇਸ ਦੀ ਪੁਸ਼ਟੀ ਆਪ ਗੁਰੂ ਤੇਗ ਬਹਾਦਰ ਜੀ ਨੇ ਕੀਤੀ ਹੈ।[34] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚ ਵਾਧਾ ਕਰਕੇ ਸਵੈ ਰੱਖਿਆ ਦੀ ਚਿਣਗ ਮਨੁੱਖਤਾ ਵਿਚ ਜਗਾਈ। ਉਨ੍ਹਾਂ ਡਰ-ਡਰ ਕੇ ਮਰਦੀ ਲੋਕਾਈ ਨੂੰ ਨਵਾਂ ਜੀਵਨ ਜਿਊਣ ਦੀ ਜਾਚ

---

30. ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ। ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ। ਮਾਂ ਪਿਉ ਪਰਹਰਿ ਕਰੁ ਪੂਜ ਦੇਵੀ ਦੇਵ ਨ ਸੇਵ ਕਮਾਣੀ। ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ। ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ। ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ। ਗੁਰ ਪਰਮੇਸਰ ਸਾਰੁ ਨ ਜਾਣੀ। ਵਾਰ 37 ਪਉੜੀ 13.

31. ਨੂੰਹ ਨਿਤ ਕੰਤ ਕੁਮੰਤ ਦੇਇ ਵਿਹਰੇ ਹੋਵਨਿ ਸਸੁ ਵਿਗੋਈ। ਲਖ ਉਪਕਾਰ ਵਿਸਾਰਿਕੈ ਪੁਤ ਕੁਪੁਤ ਚਕੀ ਉਠਿ ਝੋਈ। ਹੋਵੈ ਸਰਵਣ ਵਿਰਲਾ ਕੋਈ। ਉਹੀ, ਪਉੜੀ 11.

32. ਕਾਮਣਿ ਕਾਮਣਿਹਾਰੀਐ ਕੀਤੇ ਕਾਮਣ ਕੰਤ ਪਿਆਰੇ। ਜੰਮੇ ਸਾਈਂ ਵਿਸਾਰਿਆ ਵੀਵਾਹਿਆਂ ਮਾ ਪਿਓ ਵਿਸਾਰੇ।
ਸੁਖਾ ਸੁਖ ਵਿਵਾਹਿਆ ਸਉਣ ਸੰਜੁਗ ਵਿਚਾਰ ਵਿਚਾਰੇ। ਪੁਤ ਨੂਹੈਂ ਦਾ ਮੇਲ ਵੇਖਿ ਅੰਗ ਨਾ ਮਾਵਨਿ ਮਾਂ ਪਿਉ ਵਾਰੇ। ਨੂੰਹੁ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ। ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਓ ਦੇ ਉਪਕਾਰ ਵਿਸਾਰੇ। ਲੋਕਾਚਾਰਿ ਹੁਇ ਵਡੇ ਕੁਚਾਰੇ। ਉਹੀ, ਪਉੜੀ 12.

33. ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥ ਰਾਗ ਗਉੜੀ ਬੈਰਾਗਣਿ, ਕਬੀਰ, 332.

34. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ। ਸਲੋਕ ਮ:੯, 1427.

ਸਿਖਾਈ। ਗ੍ਰਹਿਸਤੀ ਨਾਮ ਸਾਧਨਾ ਦੇ ਨਾਲ ਤਲਵਾਰ ਵੀ ਧਾਰਨ ਕਰੇ। ਇਸ ਸਮਤੋਲ ਕਰਕੇ ਹੀ ਖਾਲਸਾ ਸੰਤ ਵੀ ਹੈ ਅਤੇ ਸਿਪਾਹੀ ਵੀ। ਆਪਣੀ ਅਤੇ ਹੋਰਾਂ ਦੀ ਰੱਖਿਆ ਲਈ ਗ੍ਰਹਿਸਤੀ ਨੂੰ ਸ਼ਸ਼ਤਰ ਧਾਰਨ ਕਰਨ ਦਾ ਹੁਕਮ ਦਿੱਤਾ ਤਾਂ ਜੋ ਜ਼ਾਲਮਾਂ ਨੂੰ ਢੁੱਕਵਾ ਜਵਾਬ ਦਿੱਤਾ ਜਾਵੇ। ਅਜਿਹੀ ਨਿਡਰਤਾ ਧਾਰਨ ਕਰਵਾਈ ਜਿਸਦਾ ਮੰਤਵ ਸੀ ਕਿ ਜਦੋਂ ਗੱਲਬਾਤ ਰਾਹੀਂ ਕੋਈ ਮੁਸ਼ਕਿਲ ਹੱਲ ਨਾ ਹੋਵੇ ਤਾਂ ਤਲਵਾਰ ਚੁੱਕਣੀ ਕੋਈ ਗੁਨਾਹ ਨਹੀਂ ਹੈ।[35] ਛੇਵੇਂ ਪਾਤਸ਼ਾਹ ਨੇ ਜ਼ਾਲਮ ਨੂੰ ਸਬਕ ਸਿਖਾਉਣ ਲਈ ਸੰਗਤਾਂ ਨੂੰ ਦੁਨਿਆਵੀ ਪਦਾਰਥਾਂ ਦੇ ਨਾਲ-ਨਾਲ ਘੋੜੇ, ਸ਼ਸ਼ਤਰ ਅਤੇ ਜਵਾਨੀਆਂ ਭੇਟ ਕਰਨ ਨੂੰ ਕਿਹਾ ਸੀ। ਅਠਾਰਵੀਂ ਸਦੀ ਦਾ ਸਿੱਖਾਂ ਦਾ ਇਤਿਹਾਸ ਵੱਖਰੀ ਤਰ੍ਹਾਂ ਦੇ ਗ੍ਰਹਿਸਤ ਨੂੰ ਪੇਸ਼ ਕਰਦਾ ਹੈ। ਇਸ ਦੌਰ ਦੇ ਸਿੰਘਾਂ ਨੇ ਆਪਣਾ ਘਰ ਘੋੜਿਆਂ ਦੀਆਂ ਕਾਠੀਆਂ ਨੂੰ ਬਣਾਇਆ ਅਤੇ ਸਮਾਜ ਨੂੰ ਸਮਾਜ ਨਾਲ ਹੋ ਰਹੇ ਧੱਕੇ ਬਾਰੇ ਦੱਸਿਆ। ਉਨ੍ਹਾਂ ਜਾਗਰੂਕ ਕੀਤਾ ਕਿ ਜੇਕਰ ਇਕ ਡਾਕੂ ਹਜ਼ਾਰਾਂ ਮੀਲ ਤੋਂ ਮੁੱਠੀ ਭਰ ਸਾਥੀਆਂ ਸਮੇਤ ਸਾਡੇ ਘਰਾਂ ਵਿਚ ਆ ਕੇ ਸਾਡੀਆਂ ਧੀਆਂ ਭੈਣਾਂ ਦੀ ਪੱਤ ਲੁੱਟ ਸਕਦਾ ਹੈ ਤਾਂ ਅਸੀਂ ਆਪਣੇ ਘਰਾਂ ਵਿਚ ਰਹਿ ਕੇ ਆਪ ਆਪਣੀ ਰਾਖੀ ਕਿਉਂ ਨਹੀਂ ਕਰ ਸਕਦੇ। ਸਾਡੀ ਅਰਦਾਸ ਦੇ ਸ਼ਹੀਦ ਗ੍ਰਹਿਸਤੀ ਹਨ। ਅੱਜ ਅਸੀਂ ਉਨ੍ਹਾਂ ਗ੍ਰਹਿਸਤੀਆਂ ਨੂੰ ਰੋਜ਼ਾਨਾ ਅਰਦਾਸ ਰਾਹੀਂ ਯਾਦ ਕਰਦੇ ਹਾਂ ਜਿੰਨ੍ਹਾਂ ਸਰਬੱਤ ਦੇ ਭਲੇ ਲਈ ਸ਼ਹਾਦਤਾਂ ਦਿੱਤੀਆਂ। ਧੰਨ ਸਨ ਉਹ ਮਾਵਾਂ ਜਿੰਨ੍ਹਾਂ ਨੇ ਆਪਣੇ ਬੱਚਿਆਂ ਦੇ ਟੁਕੜੇ ਕਰਵਾਕੇ ਗਲਾਂ ਵਿਚ ਹਾਰ ਪਵਾ ਲਏ ਸਨ। ਜ਼ਾਲਮ ਹੁਕਮਰਾਨ ਵੱਲੋਂ ਸਿੱਖਾਂ ਨੂੰ ਸ਼ਹੀਦ ਕਰਨ ਤੋਂ ਪਹਿਲਾ ਹਰ ਤਰ੍ਹਾਂ ਦਾ ਦੁਨਿਆਵੀ ਲਾਲਚ ਦਿੱਤਾ ਗਿਆ ਸੀ ਪਰ ਗ੍ਰਹਿਸਤ ਦੇ ਧਾਰਨੀ ਸ਼ਹੀਦਾਂ ਨੇ ਮਰਨਾ ਪ੍ਰਵਾਨ ਕਰ ਲਿਆ ਸੀ। ਉਨ੍ਹਾਂ ਦੀ ਸ਼ਹੀਦੀ ਨੇ ਇਹ ਸੁਨੇਹਾ ਦਿੱਤਾ ਕਿ ਜਾਨ ਭਾਵੇਂ ਚਲੀ ਜਾਵੇ ਪਰ ਸਮਾਜਿਕ ਰਹਿਤਲ 'ਤੇ ਜ਼ੁਲਮ ਨਹੀਂ ਸਹਾਰਨਾ ਚਾਹੀਦਾ। ਜੇਕਰ ਗ੍ਰਹਿਸਤ ਦੇ ਅਰਥ ਨਿੱਜ ਨਾਲ ਸੰਬੰਧਿਤ ਹੁੰਦੇ ਤਾਂ ਅੱਜ ਇਤਿਹਾਸ ਦੇ ਪੱਤਰੇ ਹੋਰ ਹੁੰਦੇ।

**ਗ੍ਰਹਿਸਤ ਅਤੇ ਨਿਰਲੇਪਤਾ:** ਗ੍ਰਹਿਸਤੀ ਨੇ ਸੁੱਖ, ਭੁੱਖ ਅਤੇ ਦੁੱਖ ਤੋਂ ਨਿਰਲੇਪ ਹੋਣਾ ਹੈ। ਇਸ ਨਿਰਲੇਪਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਮਲ ਅਤੇ ਮੁਰਗਾਬੀ ਦੀ ਉਦਾਹਰਣ ਨਾਲ ਬਿਆਨ ਕੀਤਾ ਹੈ। ਚਿੱਕੜ ਦਾ ਕਮਲ ਉੱਪਰ ਅਸਰ ਨਹੀਂ। ਕੋਈ ਦੇਖੇ ਚਿੱਕੜ ਗੰਦਾ ਹੈ ਪਰ ਕਮਲ ਚਿੱਕੜ ਵਿਚ ਰਹਿ ਕੇ ਚਿੱਕੜ ਤੋਂ ਨਿਰਲੇਪ ਹੈ। ਮੁਰਗਾਬੀ ਇਕ ਪੰਛੀ ਹੈ। ਪਾਣੀ ਵਿਚ ਪ੍ਰਵੇਸ਼ ਕਰਦਿਆਂ ਹੀ ਬਾਕੀ ਪੰਛੀਆਂ ਦੇ ਖੰਭ ਗਿੱਲੇ ਹੋ ਜਾਂਦੇ ਹਨ। ਉਨ੍ਹਾਂ ਨੂੰ ਦੁਬਾਰਾ ਪਾਣੀ ਵਿਚ ਵੜਨ ਤੋਂ ਪਹਿਲਾ ਖੰਭ ਸੁਕਾਉਣੇ ਪੈਂਦੇ ਹਨ। ਪਰ ਮੁਰਗਾਬੀ ਅਜਿਹਾ ਪੰਛੀ ਹੈ ਜਿਸ ਦੇ ਖੰਭਾਂ ਨੂੰ ਪਾਣੀ ਨਹੀਂ ਛੂੰਹਦਾ। ਇਸ ਤਰ੍ਹਾਂ ਦੇ ਗ੍ਰਹਿਸਤੀ ਹੋਣੇ ਚਾਹੀਦੇ ਹਨ ਜਿੰਨ੍ਹਾਂ ਉੱਪਰ ਵਿਸ਼ੇ ਵਿਕਾਰਾਂ ਦਾ ਚਿੱਕੜ ਨਾ ਲੱਗੇ, ਜਿੰਨ੍ਹਾ ਉੱਪਰ ਮੋਹ ਮਮਤਾ ਰੂਪੀ ਪਾਣੀ ਕੋਈ ਅਸਰ ਨਾ ਕਰ ਸਕੇ।[36] ਅਜਿਹੀ ਨਿਰਲੇਪਤਾ ਗੁਰੂ ਸਾਹਿਬ ਦੇ ਜੀਵਨ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ:

> ਪਰਿਵਾਰਕ ਵਿਰੋਧੀ ਰਾਜਨੀਤਿਕ/ਸਮਾਜਿਕ ਪੱਧਰ ਤੇ ਦੁਸ਼ਮਣ ਦਾ ਆਸਰਾ ਲੈਣ ਤੋਂ ਵੀ ਨਾ ਟਲੇ। ਇਸ ਕਿਸਮ ਦੇ ਜ਼ਹਿਰੀਲੇ ਮਾਹੌਲ ਵਿਚ ਗੁਰੂ ਸਾਹਿਬ ਜਿਵੇਂ ਵਿਚਰੇ ਉਹ ਸਾਡੀਆਂ ਅੱਖਾਂ ਖੋਲਣ ਵਾਲਾ ਹੈ। ਆਪ ਨੇ ਕਦੀ ਪਰਤਵੇਂ ਵਿਰੋਧ ਤੇ ਸਾਜਿਸ਼ ਦਾ ਆਸਰਾ ਨਾ ਲਿਆ। ਕਦੇ ਬਦਲੇ ਦੀ ਭਾਵਨਾ, ਸਰਾਪ ਜਾਂ ਬਦ-ਜ਼ੁਬਾਨੀ ਤੋਂ ਕੰਮ ਨਹੀਂ ਲਿਆ। ਅਡੋਲ, ਸ਼ਾਂਤ ਬਖਸਿੰਦ। ਹਰ ਪੱਧਰ ਅਤੇ ਹਰ ਸਮੇਂ ਹਰ ਜ਼ਿਆਦਤੀ ਨੂੰ ਭੁੱਲਣਾ, ਨਜ਼ਰ ਅੰਦਾਜ਼ ਕਰਨਾ ਜਾਂ ਮੁਆਫ ਕਰਨਾ। ਗੁਰਮਤਿ ਦਾ ਮਾਰਗ ਇਹ ਹੀ ਹੈ ਜਿਸ ਵੱਲ ਗੁਰੂ ਸਾਹਿਬ ਦੇ ਜੀਵਨ ਵਿਵਹਾਰ ਦੇ ਭਿੰਨ-ਭਿੰਨ ਵੇਰਵੇ ਬਾਰ-ਬਾਰ ਸੰਕੇਤ ਕਰਦੇ ਹਨ।[37]

ਗ੍ਰਹਿਸਤ ਵਿਚ ਰਹਿ ਕੇ ਮੁਕਤੀ ਪ੍ਰਾਪਤ ਕਰਨੀ, ਦੁੱਖ, ਭੁੱਖ ਅਤੇ ਸੁੱਖ ਤੋਂ ਨਿਰਲੇਪ ਹੋਣਾ ਹੀ ਗ੍ਰਹਿਸਤੀ ਦਾ ਮੰਤਵ ਹੈ। ਭਾਈ ਗੁਰਦਾਸ ਜੀ ਨੇ ਅਜਿਹੇ ਗ੍ਰਹਿਸਤੀਆਂ ਨੂੰ ਕਛੂਕੁੰਮੀ ਵਾਂਗ ਕਿਹਾ ਹੈ।

35. ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ। ਪਿਆਰਾ ਸਿੰਘ ਪਦਮ, *ਜ਼ਫ਼ਰਨਾਮਾ*, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਸਤੰਬਰ 2010, ਪੰਨਾ - 33.
36. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥ ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੈ॥ ਰਾਗ ਰਾਮਕਲੀ, ਮ:੧, 938.
37. ਕੁਲਦੀਪ ਸਿੰਘ ਧੀਰ, *ਗੁਰੂ ਹਰਿਗੋਬਿੰਦ ਜੀਵਨ ਤੇ ਪ੍ਰਤਿਭਾ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1995, ਪੰਨਾ - 23.



ਕਛੂਕੁੰਮੀ ਨੇ ਸਾਗਰ ਤੱਟ ਤੇ ਆਂਡੇ ਦੇ ਕੇ
ਇਉਂ ਗੁਰਮੁਖ ਗ੍ਰਹਿਸਤ ਵਿਚ ਰਹਿ ਕੇ ਅ
ਆਪਣੀ ਸੁਰਤ ਨੂੰ ਸ਼ਬਦ ਵਿਚ ਟਿਕਾ
ਨੂੰ ਮਿਲ ਕੇ ਅਜਿਹੀ ਜੁਗਤੀ ਪ੍ਰਾਪਤ ਹੁ
ਖਾਂਦਿਆਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।
ਡਾ. ਦਰਸ਼ਨ ਸਿੰਘ ਲਿਖਦੇ ਹਨ, "ਜੇਕਰ
ਮੇਲ ਨੂੰ ਇਕ ਮੁਹਾਵਰੇ ਵਿਚ ਦੱਸਣਾ ਹੋਵੇ
ਦਾ ਉਪਰੋਕਤ ਮੁਹਾਵਰਾ ਇਸ ਨੂੰ ਪੂਰਨ
ਕਰ ਬਾਹਰੀ ਵਿਵਹਾਰ ਦੀ ਪ੍ਰਤਿਨਿਧਤਾ
ਕਰਦੀ ਹੈ। ਅਸਲ ਵਿਚ ਇਹ ਦੋਵੇਂ ਪੱਖ
ਉਦਾਸੀ ਹੋਣ ਦਾ ਭਾਵ ਹੀ ਨਿਰਲੇਪਤਾ ਧ
ਵਿਚ ਇਸ ਤਰ੍ਹਾਂ ਰਹੋ ਜਿਵੇਂ ਕਮਲ ਪਾਣੀ

**ਗ੍ਰਹਿਸਤ ਅਤੇ ਸੰਜਮ:** ਜੋ ਮਨੁੱਖ
ਮੁਕਤ ਹੋ ਸਕਦਾ ਹੈ। ਗ੍ਰਹਿਸਤ ਮਨੁੱਖ ਨੂੰ
ਰਾਜਾ ਸੀ। ਉਸਦੀ ਸੰਤਾਨ ਨਹੀਂ ਸੀ। ਬ
ਮੰਨਦੇ ਸਨ। ਰਾਜਾ ਆਪਣਾ ਰਾਜ ਤਿੰਨਾਂ
ਚਾਹੁੰਦਾ ਸੀ। ਉਸਨੇ ਇਕ ਸ਼ਰਤ ਤਿੰਨੇ
ਪਹਿਲਾ ਮੇਰੇ ਰਾਜ ਦਾ ਚੱਕਰ ਲਾ ਕੇ ਆ
ਨੇ ਘੋੜਾ ਮੰਗਵਾਇਆ ਅਤੇ ਨਾ ਦਿਨ ਵੇਖਿ
ਭੁੱਖ, ਪਿਆਸ ਅਤੇ ਥਕਾਵਟ ਤੋਂ ਬਹਿਬਲ
ਦੁਰੇਡੇ ਕੋਈ ਵਸੋਂ ਨਹੀਂ ਸੀ। ਇਹ ਵਜ਼ੀਰ
ਵਜ਼ੀਰ ਨੇ ਆਪਣਾ ਅਤੇ ਘੋੜੇ ਦਾ ਬਹੁਤ
ਅਤੇ ਘੋੜੇ ਨੂੰ ਹਰਾ, ਦਾਣਾ ਰਜਾ ਕੇ ਖਵਾਇ
ਸੀ ਕਿ ਘੋੜਾ ਆਫਰ ਗਿਆ ਅਤੇ ਉਸਦੀ
ਵਜ਼ੀਰ ਵੀ ਚੜਾਈ ਕਰ ਗਿਆ। ਤੀਜਾ
ਚਾਰਾ ਦਾਣਾ ਖੁਆਉਣਾ ਅਤੇ ਤੋਰ ਲੈਣਾ।
ਵੀ ਦੋ ਘੜੀਆਂ ਆਰਾਮ ਕਰਨਾ ਅਤੇ ਘੋੜੇ
ਵਿਚ ਉਹ ਪੂਰੇ ਰਾਜ ਦਾ ਚੱਕਰ ਲਗਾ ਅ
ਉੱਤਰਾਧਿਕਾਰੀ ਬਣਾਇਆ। ਇਸ ਤਰ੍ਹਾਂ
ਸੰਨਿਆਸ ਵੱਲ ਭੱਜਦੇ ਹਨ। ਕਾਹਲਪੁਣੇ ਅ
ਉਲਟਾ ਮੂੰਹ ਦੀ ਖਾਣੀ ਪੈਂਦੀ ਹੈ ਜਾਂ ਪੰਜ ਐ
ਕਈ ਗ੍ਰਹਿਸਤੀ ਸੰਸਾਰ ਨੂੰ ਕੇਵਲ ਖਾਣ, ਪੀ
ਤਰ੍ਹਾਂ ਗਲਤਾਨ ਹੋ ਜਾਂਦੇ ਹਨ। ਉਨ੍ਹਾਂ ਦਾ ਮਿਸ਼
ਸਭ ਤੋਂ ਗੁਰਮਤਿ ਨੇ ਵਰਜਿਆ ਹੈ। ਇਹ ਸੰ
ਵਜ਼ੀਰ ਵਰਗੇ ਹਨ। ਇਹ ਹੀ ਅਸਲ ਵਿਚ
ਸਮਝ ਹੈ। ਉਹ ਸੰਸਾਰਿਕ ਸੁੱਖ ਵੀ ਭੋਗਦੇ ਹ

38. ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰ
ਮ:੫, 522.
39. ਡਾ.ਦਰਸ਼ਨ ਸਿੰਘ, *ਉਹੀ*, ਪੰਨਾ - 226.
40. ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲ ਰਹੈ ਵਿ

ਕਛੂਕੁੰਮੀ ਨੇ ਸਾਗਰ ਤੱਟ ਤੇ ਆਂਡੇ ਦੇ ਕੇ ਰੇਤ ਨਾਲ ਢੱਕ ਦਿੱਤੇ ਅਤੇ ਮੁੜ ਕੇ ਕਦੇ ਫੇਰਾ ਵੀ ਨਹੀਂ ਮਾਰਿਆ। ਇਉਂ ਗੁਰਮੁਖ ਗ੍ਰਹਿਸਤ ਵਿਚ ਰਹਿ ਕੇ ਅਜਿਹੀ ਨਿਰਲੇਪਤਾ ਧਾਰਨ ਕਰਦੇ ਹਨ ਅਤੇ ਕੰਮ-ਧੰਦੇ ਕਰਦਿਆਂ ਆਪਣੀ ਸੁਰਤ ਨੂੰ ਸ਼ਬਦ ਵਿਚ ਟਿਕਾ ਕੇ ਰੱਖਦੇ ਹਨ। ਤੀਸਰੇ ਪਾਤਸ਼ਾਹ ਨੇ ਫ਼ੁਰਮਾਇਆ ਹੈ ਕਿ ਗੁਰੂ ਨੂੰ ਮਿਲ ਕੇ ਅਜਿਹੀ ਜੁਗਤੀ ਪ੍ਰਾਪਤ ਹੁੰਦੀ ਹੈ ਕਿ ਮਨੁੱਖ ਹੱਸਦਿਆਂ, ਖੇਡਦਿਆਂ, ਪਹਿਨਦਿਆਂ ਅਤੇ ਖਾਂਦਿਆਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[38] ਭਾਈ ਗੁਰਦਾਸ ਜੀ ਦੇ ਵਾਕ 'ਘਰਿ ਹੀ ਵਿਚ ਉਦਾਸ' ਬਾਰੇ ਡਾ. ਦਰਸ਼ਨ ਸਿੰਘ ਲਿਖਦੇ ਹਨ, "ਜੇਕਰ ਸਿੱਖ ਸਾਧਨਾ ਦੇ ਬਾਹਰੀ ਵਿਵਹਾਰ ਅਤੇ ਅੰਤਰੀਵੀਂ ਪੱਖ ਦੇ ਮੇਲ ਨੂੰ ਇਕ ਮੁਹਾਵਰੇ ਵਿਚ ਦੱਸਣਾ ਹੋਵੇ ਤਾਂ ਭਾਈ ਗੁਰਦਾਸ ਜੀ ਦੀ ਵੀਹਵੀਂ ਵਾਰ ਦੀ ਤੀਜੀ ਪਉੜੀ ਦਾ ਉਪਰੋਕਤ ਮੁਹਾਵਰਾ ਇਸ ਨੂੰ ਪੂਰਨ ਸਫਲਤਾ ਅਤੇ ਸ਼ਪਸ਼ਟਤਾ ਸਹਿਤ ਪ੍ਰਗਟ ਕਰਦਾ ਹੈ। ਘਰ ਜੇ ਕਰ ਬਾਹਰੀ ਵਿਵਹਾਰ ਦੀ ਪ੍ਰਤਿਨਿਧਤਾ ਕਰਦਾ ਹੈ ਤਾਂ ਉਦਾਸੀ ਅੰਤਰੀਵੀਂ ਸਾਧਨਾ ਦੀ ਪ੍ਰਤਿਨਿਧਤਾ ਕਰਦੀ ਹੈ। ਅਸਲ ਵਿਚ ਇਹ ਦੋਵੇਂ ਪੱਖ ਹੀ ਇਕ ਦੂਜੇ ਤੋਂ ਬਿਨ੍ਹਾਂ ਅਰਥਹੀਣ ਹਨ।"[39] ਮਾਇਆ ਵਿਚ ਉਦਾਸੀ ਹੋਣ ਦਾ ਭਾਵ ਹੀ ਨਿਰਲੇਪਤਾ ਧਾਰਨ ਕਰਨਾ ਹੈ। ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਗ੍ਰਹਿਸਤ ਵਿਚ ਇਸ ਤਰ੍ਹਾਂ ਰਹੋ ਜਿਵੇਂ ਕਮਲ ਪਾਣੀ ਵਿਚ ਰਹਿੰਦਾ ਹੈ।[40]

**ਗ੍ਰਹਿਸਤ ਅਤੇ ਸੰਜਮ:** ਜੇ ਮਨੁੱਖ ਗ੍ਰਹਿਸਤੀ ਜੀਵਨ ਵਿਚ ਗੁਰੂ ਉਪਦੇਸ਼ ਨੂੰ ਕਮਾਏ ਤਾਂ ਸਹਜੇ ਹੀ ਮੁਕਤ ਹੋ ਸਕਦਾ ਹੈ। ਗ੍ਰਹਿਸਤ ਮਨੁੱਖ ਨੂੰ ਸੰਜਮੀ ਬਣਾਉਂਦਾ ਹੈ। ਇਕ ਦ੍ਰਿਸ਼ਟਾਂਤ ਦੇਣਾ ਜ਼ਰੂਰੀ ਹੈ। ਇਕ ਰਾਜਾ ਸੀ। ਉਸਦੀ ਸੰਤਾਨ ਨਹੀਂ ਸੀ। ਬੜੇ ਕਾਬਲ ਤਿੰਨ ਵਜ਼ੀਰ ਸਨ। ਤਿੰਨੇ ਵਜ਼ੀਰ ਰਾਜੇ ਦੀ ਹਰ ਗੱਲ ਮੰਨਦੇ ਸਨ। ਰਾਜਾ ਆਪਣਾ ਰਾਜ ਤਿੰਨਾਂ ਵਜ਼ੀਰਾਂ 'ਚੋਂ ਕਿਸੇ ਇਕ ਯੋਗ ਵਜ਼ੀਰ ਨੂੰ ਦੇ ਕੇ ਸੰਸਾਰ ਤੋਂ ਜਾਣਾ ਚਾਹੁੰਦਾ ਸੀ। ਉਸਨੇ ਇਕ ਸ਼ਰਤ ਤਿੰਨੇ ਵਜ਼ੀਰਾਂ ਸਨਮੁਖ ਰੱਖੀ ਕਿ ਜੋ ਕੋਈ ਤੁਹਾਡੇ ਤਿੰਨਾਂ ਵਿਚੋਂ ਸਭ ਤੋਂ ਪਹਿਲਾ ਮੇਰੇ ਰਾਜ ਦਾ ਚੱਕਰ ਲਾ ਕੇ ਆ ਜਾਵੇਗਾ। ਮੈਂ ਉਸਨੂੰ ਰਾਜ ਭਾਗ ਦੇ ਦੇਵਾਂਗਾ। ਪਹਿਲੇ ਵਜ਼ੀਰ ਨੇ ਘੋੜਾ ਮੰਗਵਾਇਆ ਅਤੇ ਨਾ ਦਿਨ ਵੇਖਿਆ ਨਾ ਰਾਤ। ਘੋੜਾ ਭਜਾਈ ਗਿਆ। ਕੁਝ ਦਿਨਾਂ ਬਾਅਦ ਭੁੱਖ, ਪਿਆਸ ਅਤੇ ਥਕਾਵਟ ਤੋਂ ਬਹਿਬਲ ਹੋ ਕੇ ਘੋੜਾ ਮਰ ਗਿਆ। ਉਹ ਇਲਾਕਾ ਰੋਹੀ ਦਾ ਸੀ। ਦੂਰ ਨੇੜੇ ਕੋਈ ਵਸੋਂ ਨਹੀਂ ਸੀ। ਇਹ ਵਜ਼ੀਰ ਵੀ ਭੁੱਖ, ਪਿਆਸ ਅਤੇ ਥਕਾਵਟ ਨਾਲ ਮਰ ਗਿਆ। ਦੂਜੇ ਵਜ਼ੀਰ ਨੇ ਆਪਣਾ ਅਤੇ ਘੋੜੇ ਦਾ ਬਹੁਤ ਖਿਆਲ ਰੱਖਿਆ। ਆਪ ਵੀ ਰੱਜ ਕੇ ਅਨੇਕ ਪਕਵਾਨ ਖਾਧੇ ਤੇ ਘੋੜੇ ਨੂੰ ਹਰਾ, ਦਾਣਾ ਰਜਾ ਕੇ ਖਵਾਇਆ। ਘੋੜੇ ਤੇ ਸਵਾਰ ਹੋ ਕੇ ਅਜੇ ਕੁਝ ਕਿਲੋਮੀਟਰ ਹੀ ਗਿਆ ਸੀ ਕਿ ਘੋੜਾ ਆਫਰ ਗਿਆ ਅਤੇ ਉਸਦੀ ਮੌਤ ਹੋ ਗਈ। ਨੇੜੇ ਕੋਈ ਆਬਾਦੀ ਨਾ ਹੋਣ ਕਰਕੇ ਇਹ ਵਜ਼ੀਰ ਵੀ ਚੜਾਈ ਕਰ ਗਿਆ। ਤੀਜਾ ਵਜ਼ੀਰ ਸਿਆਣਾ ਸੀ। ਉਸਨੇ ਸਵੇਰੇ ਲੰਗਰ ਛਕਣਾ, ਘੋੜੇ ਨੂੰ ਹਰਾ ਦਾਣਾ ਖੁਆਉਣਾ ਅਤੇ ਤੋਰ ਲੈਣਾ। ਦੁਪਹਿਰ ਪੈਣ ਤੇ ਕਿਸੇ ਯੋਗ ਟਿਕਾਣੇ ਤੇ ਰੁੱਕ ਜਾਣਾ। ਆਪ ਦੋ ਘੜੀਆਂ ਆਰਾਮ ਕਰਨਾ ਅਤੇ ਘੋੜੇ ਨੂੰ ਵੀ ਆਰਾਮ ਕਰਵਾਉਣਾ। ਇਉਂ ਕਰਦੇ-ਕਰਦੇ ਕੁਝ ਦਿਨਾਂ ਵਿਚ ਉਹ ਪੂਰੇ ਰਾਜ ਦਾ ਚੱਕਰ ਲਗਾ ਆਇਆ। ਰਾਜੇ ਨੇ ਪ੍ਰਸੰਨ ਹੋ ਕੇ ਉਸ ਵਜ਼ੀਰ ਨੂੰ ਆਪਣਾ ਉੱਤਰਾਧਿਕਾਰੀ ਬਣਾਇਆ। ਇਸ ਤਰ੍ਹਾਂ ਕੁਝ ਸਾਧਕ ਪਹਿਲੇ ਵਜ਼ੀਰ ਵਾਂਗ ਕਾਹਲਪੁਣੇ ਵਿਚ ਆ ਕੇ ਸੰਨਿਆਸ ਵੱਲ ਭੱਜਦੇ ਹਨ। ਕਾਹਲਪੁਣੇ ਅਤੇ ਅਗਿਆਨਤਾ ਕਰਕੇ ਉਨ੍ਹਾਂ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ। ...ਾ ਮੂੰਹ ਦੀ ਖਾਣੀ ਪੈਂਦੀ ਹੈ ਜਾਂ ਪੰਜ ਐਬ ਉਨ੍ਹਾਂ ਨੂੰ ਬੁਰੀ ਤਰ੍ਹਾਂ ਗ੍ਰਸ ਲੈਂਦੇ ਹਨ। ਦੂਜੇ ਵਜ਼ੀਰ ਵਾਂਗ ...ਗ੍ਰਹਿਸਤੀ ਸੰਸਾਰ ਨੂੰ ਕੇਵਲ ਖਾਣ, ਪੀਣ ਅਤੇ ਹੰਢਾਉਣ ਤੱਕ ਸੀਮਤ ਸਮਝ ਕੇ ਇਸ ਵਿਚ ਬੁਰੀ ਤਰ੍ਹਾਂ ਗਲਤਾਨ ਹੋ ਜਾਂਦੇ ਹਨ। ਉਨ੍ਹਾਂ ਦਾ ਮਿਸ਼ਨ ਹੀ ਖਾਣਾ, ਪੀਣਾ ਅਤੇ ਹੰਢਾਉਣਾ ਰਹਿ ਜਾਂਦਾ ਹੈ। ਇਸ ...ਤੋਂ ਗੁਰਮਤਿ ਨੇ ਵਰਜਿਆ ਹੈ। ਇਹ ਸੰਸਾਰਿਕ ਸੁੱਖ ਛੇਤੀ ਹੀ ਖ਼ਤਮ ਹੋ ਜਾਣਗੇ। ਕੁਝ ਸਾਧਕ ਤੀਜੇ ...ਰ ਵਰਗੇ ਹਨ। ਇਹ ਹੀ ਅਸਲ ਵਿਚ ਪੂਰਨ ਗ੍ਰਹਿਸਤੀ ਹਨ। ਇਨ੍ਹਾਂ ਨੂੰ ਗ੍ਰਹਿਸਤ ਦੀ ਪ੍ਰੀਭਾਸ਼ਾ ਦੀ ...ਤੇ ਹੈ। ਉਹ ਸੰਸਾਰਿਕ ਸੁੱਖ ਵੀ ਭੋਗਦੇ ਹਨ ਅਤੇ ਆਪਣਾ ਰੂਹਾਨੀ ਮਿਸ਼ਨ ਵੀ ਪੂਰਾ ਕਰ ਲੈਂਦੇ ਹਨ।

---

...ਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ ਵਾਰ ਗੂਜਰੀ, ...ਪੰਨਾ, 522.

...ਦਰਸ਼ਨ ਸਿੰਘ, *ਉਹੀ*, ਪੰਨਾ - 226.

...ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲ ਰਹੈ ਵਿਚਿ ਪਾਣੀ ਹੇ॥ ਮਾਰੂ ਮ: ੪, 1070.

ਇਹ ਰੂਹਾਨੀਅਤ ਅਤੇ ਸਮਾਜੇ ਵਿਚ ਸੰਤੁਲਨ ਰੱਖਣ ਵਿਚ ਕਾਮਯਾਬ ਹੁੰਦੇ ਹਨ। ਨਾ ਤਾਂ ਕੋਰੇ ਰੂਹਾਨੀ ਬਣ ਕੇ ਸੰਸਾਰ ਨੂੰ ਛੱਡਦੇ ਹਨ ਅਤੇ ਨਾ ਹੀ ਕੋਰੇ ਸਮਾਜਿਕ ਬਣ ਕੇ ਸਮਾਜਿਕ ਸੁੱਖਾਂ ਨੂੰ ਪੱਕਾ ਸਮਝ ਕੇ ਇਸ ਵਿਚ ਗਲਤਾਨ ਹੁੰਦੇ ਹਨ। ਉਨ੍ਹਾਂ ਦਾ ਸਮਾਜ ਵਿਚ ਰਹਿਣਾ ਕਮਲ ਦੇ ਚਿੱਕੜ ਵਿਚ ਅਤੇ ਮੁਰਗਾਬੀ ਦੇ ਪਾਣੀ ਵਿਚ ਰਹਿਣ ਸਮਾਨ ਹੁੰਦਾ ਹੈ। ਉਹ ਸਮਾਜਿਕ ਦਾਤਾਂ ਵਿਚ ਗੁਆਚ ਕੇ ਦਾਤੇ ਨੂੰ ਨਹੀਂ ਵਿਸਾਰਦੇ। ਅਜਿਹੇ ਗ੍ਰਹਿਸਤੀ ਉਸ ਮੱਖੀ ਵਾਂਗ ਹਨ ਜੋ ਸ਼ਹਿਦ ਦਾ ਆਨੰਦ ਵੀ ਲੈਂਦੀ ਹੈ ਅਤੇ ਆਪਣੀ ਜਾਨ ਵੀ ਬਚਾ ਲੈਂਦੀ ਹੈ। ਦੂਜੇ ਪਾਸੇ ਇਕ ਮੱਖੀ ਉਹ ਹੈ ਜੋ ਸ਼ਹਿਦ ਦਾ ਆਨੰਦ ਲੈਣ ਲੱਗੀ ਆਪਣੀ ਜਾਨ ਵੀ ਗੁਆ ਲੈਂਦੀ ਹੈ। ਗੁਰੂ ਜੀ ਦੱਸਦੇ ਹਨ ਕਿ ਜਿੰਨ੍ਹਾਂ ਦੇ ਨਾਮ ਸੁਲਤਾਨ ਅਤੇ ਖ਼ਾਨ ਸਨ, ਉਹ ਖੇਹ ਹੋ ਗਏ ਹਨ।[41] ਗ੍ਰਹਿਸਤ ਤਿਆਗ ਅਤੇ ਲਗਾਓ ਦੇ ਵਿਚਕਾਰਲੀ ਅਵਸਥਾ ਹੈ। ਗ੍ਰਹਿਸਤ ਖਿਸਕਾਵੀਂ ਗੰਢ ਵਾਂਗ ਹੋਣਾ ਚਾਹੀਦਾ ਹੈ। ਇਕ ਅਜਿਹੀ ਗੰਢ ਹੁੰਦੀ ਹੈ ਜੋ ਹੱਥਾਂ ਨਾਲ ਦੇ ਕੇ ਮੂੰਹ ਨਾਲ ਵੀ ਨਹੀਂ ਖੁੱਲਦੀ। ਪਰ ਖਿਸਕਾਵੀਂ ਗੰਢ ਲੋੜ ਪੈਣ 'ਤੇ ਖੁੱਲ੍ਹ ਜਾਂਦੀ ਹੈ। ਗ੍ਰਹਿਸਤ ਦਾ ਐਨਾ ਕੁ ਲਗਾਓ ਹੋਣਾ ਚਾਹੀਦਾ ਹੈ ਕਿ ਲੋੜ ਪੈਣ ,ਤੇ ਇਹ ਲਗਾਓ ਸਰਬੱਤ ਦਾ ਭਲਾ ਕਰਨ ਵਿਚ ਬਾਧਾ ਨਾ ਬਣੇ।

**ਸਿੱਟਾ:** ਉਪਰੋਕਤ ਵਿਚਾਰਾਂ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਗ੍ਰਹਿਸਤ ਸ਼ਬਦ ਵਿਰਾਟ ਅਰਥਾਂ ਦਾ ਧਾਰਨੀ ਹੈ। ਇਹ ਨਿੱਜਵਾਦ ਦੀਆਂ ਖ਼ਾਹਸ਼ਾਂ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਦੀ ਹਾਮੀ ਭਰਦਾ ਹੈ। ਗ੍ਰਹਿਸਤ ਹੀ ਅਸਲ ਵਿਚ ਸੰਨਿਆਸ ਹੈ। ਇਸ ਸੰਨਿਆਸ ਵਿਚ ਅਜਿਹੀ ਨਿਰਲੇਪਤਾ ਹੈ. ਕਿ ਮਨੁੱਖ ਸਮਾਜ ਵਿਚ ਰਹਿ ਕੇ ਅਭਿੱਜ ਰਹਿੰਦਾ ਹੈ ਜਿਵੇਂ ਜਲ ਵਿਚ ਕਮਲ ਅਤੇ ਮੁਰਗਾਬੀ ਹੁੰਦੇ ਹਨ। ਗ੍ਰਹਿਸਤੀ ਨੇ ਕਦੇ ਵੀ ਸਮਾਜਿਕ ਬੁਰਾਈਆਂ ਤੋਂ ਨਿਰਾਸ਼ ਹੋ ਕੇ ਸਮਾਜ ਨੂੰ ਨਹੀਂ ਤਿਆਗਣਾ ਸਗੋਂ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਦੀ ਜੁਗਤ ਘੜਨੀ ਹੈ ਕਿਉਂਕਿ ਇਨ੍ਹਾਂ ਬੁਰਾਈਆਂ ਦੇ ਪਿੱਛੇ ਕਿਸੇ ਨਾ ਕਿਸੇ ਰੂਪ ਵਿਚ ਉਸਦਾ ਹੀ ਹੱਥ ਹੈ। ਕੋਈ ਵੀ ਬੁਰਾਈ ਸਮਾਜ ਦੇ ਸਹਿਯੋਗ ਤੋਂ ਬਿਨਾਂ ਪਸਰ ਨਹੀਂ ਸਕਦੀ। ਗ੍ਰਹਿਸਤੀ ਨੇ ਇਸ ਬੁਰਾਈ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਸਮਾਜ ਵਿਚ ਆਏ ਨਿਘਾਰਾਂ ਨੂੰ ਸਹੀ ਕਰਨਾ ਹੈ। ਗ੍ਰਹਿਸਤੀ ਸਮਾਜਿਕ ਹੋਣ ਕਰ ਕੇ ਸਮਾਜ ਦੀਆਂ ਵਧੇਰੇ ਲੋੜਾਂ ਤੋਂ ਜਾਣੂ ਹੁੰਦਾ ਹੈ। ਗ੍ਰਹਿਸਤੀਆਂ ਦਾ ਸਮੂਹ ਹੀ ਸਮਾਜ ਅਖਵਾਉਂਦਾ ਹੈ। ਸਾਡਾ ਪਰਿਵਾਰ ਇਕ ਸਮਾਜਿਕ ਇਕਾਈ ਹੈ। ਇਕ ਮਨੁੱਖ ਪਹਿਲਾ ਪਰਿਵਾਰ ਨਾਲ ਜੁੜਦਾ ਹੈ ਅਤੇ ਫੇਰ ਪਰਿਵਾਰ ਤੋਂ ਬਾਅਦ ਉਹ ਸਮਾਜ ਨਾਲ ਜੁੜਦਾ ਹੈ। ਸਮਾਜ ਦੀ ਹਰ ਪ੍ਰਾਪਤੀ ਅਤੇ ਹਰ ਘਾਟ ਵਿਚ ਗ੍ਰਹਿਸਤੀ ਦਾ ਹੀ ਯੋਗਦਾਨ ਹੈ। ਸਾਰੇ ਅਪਰਾਧੀ ਕਿਸੇ ਨਾ ਕਿਸੇ ਪਰਿਵਾਰ 'ਚੋਂ ਨਿਕਲੇ ਹਨ। ਚੋਰ, ਝਗੜਾਲੂ ਅਤੇ ਕਾਤਲ ਆਪਣੇ ਆਪ ਪੈਦਾ ਨਹੀਂ ਹੋਏ। ਇਨ੍ਹਾਂ ਪਿੱਛੇ ਗ੍ਰਹਿਸਤੀਆਂ ਦੀ ਦੇਣ ਹੈ। ਗਰੀਬ ਬੱਚਿਆਂ ਤੋਂ ਕੋਠੀਆਂ ਵਿਚ ਬਾਲ ਮਜ਼ਦੂਰੀ ਕਰਵਾਉਣ ਵਾਲੇ ਗ੍ਰਹਿਸਤੀ ਹੀ ਹਨ। ਗ੍ਰਹਿਸਤੀ ਵਾਤਾਵਰਨ ਪ੍ਰੇਮੀ ਹੋਣਾ ਚਾਹੀਦਾ ਹੈ। ਅੱਜ ਪ੍ਰਦੂਸ਼ਣ ਵੱਡੀ ਸਮੱਸਿਆ ਵਜੋਂ ਉੱਭਰ ਰਿਹਾ ਹੈ। ਸਾਫ਼ ਪਾਣੀ ਅਤੇ ਦਰਖੱਤਾਂ ਨਾਲ ਗ੍ਰਹਿਸਤੀ ਦਾ ਪਿਆਰ ਹੋਣਾ ਚਾਹੀਦਾ ਹੈ। ਅੱਜ ਮਨੁੱਖ ਨੇ ਕੁਦਰਤ ਦੀ ਬਣਤਰ ਨੂੰ ਹਾਨੀ ਪਹੁੰਚਾਈ ਹੈ। ਮੈਦਾਨ ਰਹਿਣ ਵਾਸਤੇ ਹਨ ਅਤੇ ਪਹਾੜ ਦੇਖਣ ਲਈ ਪਰ ਮਨੁੱਖਾਂ ਨੇ ਪਹਾੜਾਂ ਵਿਚ ਡੇਰੇ ਲਾ ਕੇ ਕੁਦਰਤੀ ਨਜ਼ਾਰਿਆਂ ਨੂੰ ਵੀ ਨਹੀਂ ਬਖ਼ਸ਼ਿਆ। ਭਾਵੇਂ ਕੁਦਰਤ ਨਾਲ ਛੇੜਛਾੜ ਦਾ ਖਮਿਆਜ਼ਾ ਸਾਨੂੰ ਸਮੇਂ-ਸਮੇਂ ਭੁਗਤਣਾ ਪੈਂਦਾ ਹੈ। ਗ੍ਰਹਿਸਤੀ ਨੂੰ ਸਵਾਰਥ ਤੋਂ ਦੂਰ ਹੋਣਾ ਚਾਹੀਦਾ ਹੈ। ਭਰੂਣ ਹੱਤਿਆ, ਨਸ਼ੇ ਅਤੇ ਹੋਰ ਸਮਾਜਿਕ ਬੁਰਾਈਆਂ ਦਾ ਵਾਧਾ ਸਵਾਰਥ ਕਰਕੇ ਹੋਇਆ ਹੈ। ਅੱਜ ਹਰ ਵਿਅਕਤੀ ਦੀ ਸਿਹਤ ਵਿਗੜਦੀ ਜਾ ਰਹੀ ਹੈ। ਅਨੇਕ ਭਿਆਨਕ ਬਿਮਾਰੀਆਂ ਨੇ ਸਾਨੂੰ ਘੇਰਿਆ ਹੋਇਆ ਹੈ। ਜਿਸ ਸਦਕਾ ਸ਼ਾਡਾ ਸਮਾਜ ਅਨੇਕ ਗੰਭੀਰ ਸੰਕਟਾਂ ਵਿਚ ਫਸਿਆ ਪਿਆ ਹੈ। ਗ੍ਰਹਿਸਤੀ ਹੀ ਇਨ੍ਹਾਂ ਸੰਕਟਾਂ ਤੋਂ ਨਿਜਾਤ ਦਿਵਾ ਸਕਦਾ ਹੈ। ਅੱਜ ਜ਼ਰੂਰਤ ਹੈ ਗ੍ਰਹਿਸਤ ਦੇ ਸੰਕੀਰਨ ਅਰਥਾਂ ਨੂੰ ਤਿਆਗ ਕੇ ਗੁਰਮਤਿ ਦੀ ਲੋਅ ਵਿਚ ਗ੍ਰਹਿਸਤ ਦੇ ਵਿਰਾਟ ਅਰਥਾਂ ਨੂੰ ਸਮਝੀਏ ਅਤੇ ਸਵਾਰਥ ਅਤੇ ਪਰਮਾਰਥ ਵਿਚਲਾ ਫਰਕ ਪਛਾਣੀਏ। ਪਰਮਾਰਥ ਦੀ ਗੱਲ ਕਰਨ ਵਾਲਾ ਗ੍ਰਹਿਸਤੀ ਹੀ ਗੁਰੂ ਨੂੰ ਪਿਆਰਾ ਲੱਗਦਾ ਹੈ। ਅੱਜ ਜ਼ਰੂਰਤ ਹੈ ਗੁਰੂ ਸਾਹਿਬ ਵੱਲੋਂ ਦ੍ਰਿੜ ਕਰਾਏ ਗ੍ਰਹਿਸਤ ਧਰਮ ਨੂੰ ਧਾਰਨ ਕਰਨ ਦੀ ਤਾਂ ਜੋ ਸਾਡਾ ਸਮਾਜ ਸਹੀ ਹੋ ਸਕੇ। ਗੁਰੂ ਸਾਹਿਬ ਨੇ ਲੋਕ ਪ੍ਰਲੋਕ ਦੀ ਗੱਲ ਕੀਤੀ ਹੈ। ਜੋ ਲੋਕ ਨੂੰ ਸੰਵਾਰੇਗਾ ਪ੍ਰਲੋਕ ਵੀ ਉਸਦਾ ਹੀ ਸੰਵਰੇਗਾ । ਜੋ ਲੋਕ ਨੂੰ ਵਿਗਾੜੇਗਾ ਉਸਦਾ ਪ੍ਰਲੋਕ ਕਿਵੇਂ ਸੰਵਰ ਸਕਦਾ ਹੈ।

---

41. ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥ ਸਿਰੀਰਾਗ, ਮ: ੧, 16.

ਸਮਾਜਿਕ ਜ਼ਿੰਮੇਵਾਰੀਆਂ ਸਾਡਾ ਵਰਤਮਾਨ ਹਨ ਜੋ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਗੇ ਉਨ੍ਹਾਂ ਦਾ ਭਵਿੱਖ ਉਜਲਾ ਹੋਵੇਗਾ। ਨਹੀਂ ਤਾਂ ਕਬੀਰ ਜੀ ਦਾ ਕਥਨ ਹੈ ਕਿ ਘਰ ਨੂੰ ਅੱਗ ਲਾ ਕੇ ਤੂੰ ਕਿਵੇਂ ਇਸ ਵਿਚ ਸੌਂ ਸਕਦਾ ਹੈ। ਸਮਾਜ ਸਾਡਾ ਘਰ ਹੈ। ਜੇਕਰ ਅਸੀਂ ਆਪ ਸੁੱਖੀ ਹੋਣਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਕਿ ਅਸੀਂ ਸਮਾਜ ਦਾ ਭਲਾ ਵੀ ਲੋੜੀਏ। ਗੁਆਂਢੀ ਘਰ ਆਈ ਬਿਪਤਾ ਤੋਂ ਚੇਤੰਨ ਹੋਈਏ ਕਿ ਇਹ ਬਿਪਤਾ ਕੱਲ੍ਹ ਨੂੰ ਮੇਰੇ ਘਰ ਵੀ ਆ ਸਕਦੀ ਹੈ। ਇਕ ਸ਼ਿਅਰ ਅਰਜ਼ ਹੈ:

*ਤਲਾਸ਼-ਏ-ਹੱਕ ਮੇਂ ਨਾ ਦੁਨੀਆ ਛੋੜ ਐ ਸ਼ਾਹਿਦ,*
*ਕਹੀ ਕਾ ਭੀ ਨਾ ਰਹੇਗਾ ਅਗਰ ਖ਼ੁਦਾ ਨਾ ਮਿਲਾ।*

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਆਨ ਮਜੀਦ ਵਿਚ ਬੰਦਗੀ: ਸਰੂਪ ਅਤੇ ਸਾਧਨਾ** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਨਿਗਰਾਨ

ਪ੍ਰੋ. ਹਰਪਾਲ ਸਿੰਘ ਪੰਨੂ

ਡਾ. ਮੁਹੰਮਦ ਹਬੀਬ

ਸਤਿੰਦਰ ਸਿੰਘ ਰੰਧਾਵਾ

(ਖੋਜਾਰਥੀ)

# ਧੰਨਵਾਦ

ਮੈਂ ਅਕਾਲਪੁਰਖ ਦਾ ਸ਼ੁਕਰਗੁਜ਼ਾਰ ਹਾਂ ਜਿੰਨ੍ਹਾਂ ਦੀ ਅਪਾਰ ਬਖਸ਼ਿਸ਼ ਸਦਕਾ ਮੈਂ ਮਨੁੱਖ ਦੇ ਜੀਵਨ ਦੇ ਮੁਖ ਵਿਸ਼ੇ ਨੂੰ ਛੂਹਿਆ ਅਤੇ ਮਾਣਿਆ ਹੈ। ਮੈਂ ਧੰਨਵਾਦ ਕਰਦਾ ਹਾਂ ਪ੍ਰੋ. ਹਰਪਾਲ ਸਿੰਘ ਜੀ ਪੰਨੂ ਦਾ ਜਿੰਨ੍ਹਾਂ ਹਮੇਸ਼ਾਂ ਮੈਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਅਤੇ ਖੋਜ ਕਾਰਜ ਦੌਰਾਨ ਮੇਰਾ ਮਾਰਗ ਦਰਸ਼ਨ ਕੀਤਾ। ਉਨ੍ਹਾਂ ਸਮੇਤ ਡਾ. ਮੁਹੰਮਦ ਹਬੀਬ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿੰਨ੍ਹਾਂ ਨੇ ਮੁੱਢ ਤੋਂ ਅਖੀਰ ਤੱਕ ਯੋਗ ਮਸ਼ਵਰੇ ਦਿੱਤੇ। ਵਿਭਾਗ ਦੇ ਮੁਖੀ ਡਾ. ਰਜਿੰਦਰ ਕੌਰ ਰੋਹੀ ਜੀ ਦਾ ਵੀ ਧੰਨਵਾਦ ਕਰਦਾ ਹਾਂ ਜੋ ਹਮੇਸ਼ਾ ਸਹਿਯੋਗ ਦਿੰਦੇ ਹਨ। ਵਿਭਾਗ ਦੇ ਅਧਿਆਪਕ, ਮੇਰੇ ਦੋਸਤ ਵੀ ਧੰਨਵਾਦ ਦੇ ਪਾਤਰ ਹਨ ਜਿੰਨ੍ਹਾਂ ਸਮੇਂ-ਸਮੇਂ ਆਪਣੇ ਵਿਚਾਰਾਂ ਰਾਹੀ ਮੈਨੂੰ ਹੌਸਲਾ ਦਿੱਤਾ। ਵਿਭਾਗ ਦੀ ਲਾਇਬ੍ਰੇਰੀ ਅਤੇ ਮੇਨ ਲਾਇਬ੍ਰੇਰੀ ਦੇ ਕਰਮਚਾਰੀਆਂ ਦਾ ਧੰਨਵਾਦ ਕਰਦਾ ਹਾਂ ਜਿੰਨ੍ਹਾਂ ਬਿਨਾਂ ਦੇਰੀ ਪੁਸਤਕਾਂ ਪ੍ਰਾਪਤ ਕਰਨ ਵਿਚ ਮਦਦ ਕੀਤੀ। ਮੈਂ ਆਪਣੇ ਪਰਿਵਾਰ ਦਾ ਬਹੁਤ ਧੰਨਵਾਦੀ ਹਾਂ। ਖਾਸ ਕਰਕੇ ਪਿਤਾ ਜੀ, ਵੱਡੇ ਵੀਰ ਸੁਰਿੰਦਰ ਸਿੰਘ ਅਤੇ ਛੋਟੇ ਵੀਰ ਰਾਜਬੀਰ ਸਿੰਘ ਦਾ ਧੰਨਵਾਦੀ ਹਾਂ ਕਿਉਂਕਿ ਉਨ੍ਹਾਂ ਮੈਨੂੰ ਵੱਧ ਤੋਂ ਵੱਧ ਸਹਿਯੋਗ ਦਿੱਤਾ ਹੈ। ਮੈਂ ਜੀਵਨ ਸਾਥਣ ਪਲਵਿੰਦਰ ਕੌਰ ਦਾ ਹਰਦਮ ਸ਼ੁਕਰਗੁਜ਼ਾਰ ਹਾਂ ਜਿੰਨ੍ਹਾਂ ਨੇ ਖੋਜ ਕਾਰਜ ਦੌਰਾਨ ਮੇਰੀ ਹਰ ਸੰਭਵ ਮਦਦ ਕੀਤੀ ਅਤੇ ਪੁੱਤਰ ਸਮਰੱਥ ਸਿੰਘ ਤੋਂ ਵੀ ਸਹਿਯੋਗ ਦਿਵਾਇਆ।

ਅਖੀਰ ਵਿਚ ਮੈਂ ਧੰਨਵਾਦ ਕਰਦਾ ਹਾਂ ਕੈਰੀਅਰ ਕੰਪਿਊਟਰਜ਼ ਸੈਂਟਰ ਵਾਲੇ ਅਮਰਦੀਪ ਸਿੰਘ ਬਰਾੜ ਦਾ ਜਿੰਨ੍ਹਾਂ ਛੁੱਟੀ ਵਾਲੇ ਦਿਨ ਵੀ ਉਚੇਚੇ ਤੌਰ 'ਤੇ ਖੋਜ-ਕਾਰਜ ਦੇ ਪ੍ਰਿੰਟ ਦਿੱਤੇ ਅਤੇ ਜਿਲਦ ਬੰਨਵਾਈ।

ਸਤਿੰਦਰ ਸਿੰਘ ਰੰਧਾਵਾ

ਸਤਿੰਦਰ ਸਿੰਘ ਰੰਧਾਵਾ

# ਤਤਕਰਾ


| ਅਧਿਆਇ | ਪੰਨਾ ਨੰ. |
|---|---|
| ਭੂਮਿਕਾ | i-iv |
| ਅਧਿਆਇ ਪਹਿਲਾ | 1-48 |
| ਪਰਿਭਾਸ਼ਾ ਅਤੇ ਪਿੱਠ-ਭੂਮੀ (ਕੁਰਆਨ ਮਜੀਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇਸ਼ ਹਵਾਲੇ ਸਹਿਤ) | |
| ਅਧਿਆਇ ਦੂਜਾ | 49-94 |
| ਕੁਰਆਨ ਮਜੀਦ ਵਿਚ ਬੰਦਗੀ ਦਾ ਸਰੂਪ | |
| ਅਧਿਆਇ ਤੀਜਾ | |
| ਕੁਰਆਨ ਮਜੀਦ ਵਿਚ ਬੰਦਗੀ ਦਾ ਅਮਲ | 95-165 |
| ਅਧਿਆਇ ਚੌਥਾ | 166-217 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦਗੀ ਦਾ ਸਰੂਪ | |
| ਅਧਿਆਇ ਪੰਜਵਾ - | 218-297 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੰਦਗੀ ਦਾ ਅਮਲ | |
| ਅਧਿਆਇ ਛੇਵਾਂ | 298-319 |
| ਤੁਲਨਾਤਮਿਕ ਅਧਿਐਨ ਅਤੇ ਵਿਸ਼ਲੇਸ਼ਣ | |
| ਸ਼ਾਰ-ਅੰਸ਼ | 320-323 |
| ਪੁਸਤਕ ਸੂਚੀ | 324-332 |

# ਭੂਮਿਕਾ

ਧਰਮ ਮਨੁੱਖੀ ਕਲਿਆਣ ਲਈ ਹੈ। ਦਿਸਦਾ ਅਨੰਤ ਪਸਾਰਾ ਧਰਮ ਦੇ ਅੰਤਰਗਤ ਆਉਂਦਾ ਹੈ। ਬ੍ਰਹਿਮੰਡ ਨੂੰ ਜਾਣਨ ਦੀ ਜਿਗਿਆਸਾ ਨੇ ਵਿਗਿਆਨੀਆਂ ਨੂੰ ਹੋਰ ਗ੍ਰਹਿਆਂ ਉਪਰ ਜਾ ਕੇ ਖੋਜ ਕਰਨ ਲਈ ਪ੍ਰੇਰਿਆ ਹੈ। ਇਸ ਤਰ੍ਹਾਂ ਹੀ ਧਰਮਾਂ ਦਾ ਇਤਿਹਾਸ ਜਾਣਨ ਲਈ ਦਾਰਸ਼ਨਿਕਾਂ ਜਾਂ ਧਾਰਮਿਕ ਚਿੰਤਕਾਂ ਨੇ ਅਨੇਕ ਵਿਸ਼ਿਆਂ ਨੂੰ ਛੂਹਿਆ। ਧਰਮ ਦਾ ਇਤਿਹਾਸ, ਧਰਮ ਦਾ ਵਿਗਿਆਨ, ਧਰਮ-ਸ਼ਾਸ਼ਤ੍ਰ ਦੇ ਤਹਿਤ ਅਨੇਕ ਪਹੁੰਚ ਵਿਧੀਆਂ ਦੀ ਸਥਾਪਨਾ ਹੋਈ। ਪੱਛਮ ਵਿਚ ਉਨੀਵੀਂ ਸਦੀ ਦੇ ਮੁੱਢ ਵਿਚ ਧਰਮ ਅਧਿਐਨ ਵਿਸ਼ੇ ਨੂੰ ਅਕਾਦਮਿਕ ਤੌਰ ’ਤੇ ਪੜਾਇਆ ਜਾਣ ਲੱਗਾ ਸੀ। ਇਸਦਾ ਅਸਰ ਭਾਰਤ ਵਿਚ ਆਉਣਾ ਸੁਭਾਵਿਕ ਸੀ। ਪਹਿਲਾਂ ਤਾਂ ਧਰਮ ਦੀ ਸਿੱਖਿਆ ਨੂੰ ਕੇਵਲ ਮੰਦਿਰਾਂ, ਗੁਰਦੁਆਰਿਆਂ, ਮਸੀਤਾਂ ਤੱਕ ਮਹਿਦੂਦ ਸਮਝਿਆ ਜਾਂਦਾ ਸੀ। ਇਹ ਵੀ ਸਮਝਿਆ ਜਾਣ ਲੱਗਾ ਸੀ ਕਿ ਧਰਮ ਦਾ ਸਮਾਜਿਕ ਯੋਗਦਾਨ ਕੁਝ ਵੀ ਨਹੀਂ। ਪਰੰਤੂ ਪੱਛਮ ਚੋਂ ਉੱਠੀ ਧਰਮ ਅਧਿਐਨ ਦੀ ਲਹਿਰ ਨੇ ਭਾਰਤ ਵਿੱਚ ਇਸ ਅਧਿਐਨ ਨੂੰ ਅਕਾਦਮਿਕ ਪ੍ਰਵਾਨਗੀ ਲਈ ਪ੍ਰੇਰਿਆ। ਹੋਰ ਵਿਸ਼ਿਆਂ ਵਾਂਗ ਧਰਮ ਨੂੰ ਵੀ ਸਮਝਣਾ ਚਾਹੀਦਾ ਹੈ। ਸਿੱਟੇ ਵਜੋਂ ਭਾਰਤ ਸਰਕਾਰ ਨੇ ਸਮੇਂ-ਸਮੇਂ ਕੋਠਾਰੀ ਕਮਿਸ਼ਨ, ਸ੍ਰੀ ਪ੍ਰਕਾਸ਼ ਕਮੇਟੀ ਅਤੇ ਰਾਧਾ ਕ੍ਰਿਸ਼ਨਨ ਕਮਿਸ਼ਨ ਸਥਾਪਿਤ ਕੀਤੇ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਤੁਲਨਾਤਮਿਕ ਧਰਮ ਅਧਿਐਨ ਨੂੰ ਅਕਾਦਮਿਕ ਖੇਤਰ ਵਿੱਚ ਪ੍ਰਵੇਸ਼ ਕਰਨ ਲਈ ਹਰੀ ਝੰਡੀ ਦਿੱਤੀ। ਸਿੱਟੇ ਵਜੋਂ 1967 ਈ. ਵਿਚ ਇਕ ਸੈਮੀਨਾਰ ਬੰਗਲੋਰ ਵਿੱਚ *Study of Religion in Indian Universities* ਵਿਸ਼ੇ ਤਹਿਤ ਹੋਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਤੁਲਨਾਤਮਿਕ ਧਰਮ ਅਧਿਐਨ ਦਾ ਸੁਤੰਤਰ ਵਿਭਾਗ ‘ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ’ ਨਾਂ ਤਹਿਤ ਗੁਰੂ ਗੋਬਿੰਦ ਸਿੰਘ ਭਵਨ ਵਿਚ ਖੋਲ੍ਹਿਆ। ਜੋ ਅੱਜ ਵੀ ਚੱਲ ਰਿਹਾ ਹੈ। ਉਪਰ ਦਿੱਤੀ ਵਿਚਾਰ ਦੇ ਮੱਦੇਨਜ਼ਰ ਦੂਜਾ ਸੈਮੀਨਾਰ 1970 ਈ. ਵਿੱਚ ਇਸ ਵਿਭਾਗ ਵੱਲੋਂ *Approaches to the study of Religion* ਵਿਸ਼ੇ ਤਹਿਤ ਕਰਵਾਇਆ ਗਿਆ ਅਤੇ ਤੁਲਨਾਤਮਿਕ ਧਰਮ ਅਧਿਐਨ ਦੀ ਸ਼ੁਰੂਆਤ ਹੋਈ।

ਧਰਮ ਦਾ ਵਿਦਿਆਰਥੀ ਹੋਣ ਕਰਕੇ ਮੇਰੇ ਮਨ ਵਿਚ ਇਹ ਜਿਗਿਆਸਾ ਸੀ ਕਿ ਮੈਂ ਹਰ ਧਰਮ ਨੂੰ ਜਾਣਾਂ। ਪੂਰਬ ਵਿਚ ਸਿੱਖ ਧਰਮ ਅਤੇ ਪੱਛਮ ਵਿੱਚ ਇਸਲਾਮ ਨਵੇਂ ਧਰਮ ਹਨ। ਕੁਰਆਨ ਨੂੰ ਪੜ੍ਹਦਿਆਂ ਯਹੂਦੀ, ਇਸਾਈ ਧਰਮਾਂ ਦੇ ਮੁੱਢ ਅਤੇ ਵਿਕਾਸ ਦਾ ਪਤਾ ਲੱਗਦਾ ਹੈ। ਬਾਬਾ ਆਦਮ (ਅ.) ਤੋਂ ਲੈ ਕੇ ਪੈਗ਼ੰਬਰ ਮੁਹੰਮਦ (ਸ.) ਤੱਕ ਵੱਡੀਆਂ ਘਟਨਾਵਾਂ ਘਟੀਆਂ ਜੋ ਮਨੁੱਖੀ ਇਤਿਹਾਸ ਦੀਆਂ ਅਹਿਮ ਕੜੀਆਂ ਹਨ। ਪੂਰਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜਿਆਂ ਵੇਦਾਂ, ਉਪਨਿਸ਼ਦਾਂ, ਪੁਰਾਤਨ ਪਾਤਰਾਂ ਸਮੇਤ ਸਾਮੀ ਪਰੰਪਰਾ ਦੇ ਦਰਸ਼ਨ ਹੁੰਦੇ ਹਨ। ਸੋ, ਇਹ ਨਿਰਣਾ ਸਹਿਜੇ ਹੀ ਬਣ ਗਿਆ ਕਿ ਕੁਰਆਨ ਨੂੰ ਪੜ੍ਹਨ ਨਾਲ ਸਾਮੀ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਨਾਲ ਪੂਰਬੀ ਧਰਮਾਂ ਬਾਰੇ ਜਾਣਕਾਰੀ ਮਿਲੇਗੀ।

ਮਨੁੱਖ ਇੱਕ ਰੱਬ ਦੀ ਸੰਤਾਨ ਹਨ। ਆਪਸ ਵਿੱਚ ਵੰਡੀਆਂ ਦਾ ਕਾਰਨ ਇਹ ਹੈ ਕਿ ਇੱਕ ਧਰਮ ਨੂੰ ਮੰਨਣ ਵਾਲਾ ਦੂਜੇ ਧਰਮ ਦਾ ਸਾਹਿਤ ਪੜ੍ਹਨਾ ਤਾਂ ਦਰਕਿਨਾਰ ਉਸਦਾ ਨਾਂ ਲੈਣਾ ਵੀ ਚੰਗਾ ਨਹੀਂ ਸਮਝਦਾ। ਸੁਣੀਆਂ-ਸੁਣਾਈਆਂ ਗੱਲਾਂ ਨੇ ਸਮਾਜ ਵਿਚ ਧਰਮ ਦੇ ਮਾਹੌਲ ਨੂੰ ਕਿਸ ਹੱਦ ਤੱਕ ਗੰਧਲਾ ਕੀਤਾ ਹੈ ਇਸਦਾ ਪਤਾ ਇੱਥੋਂ ਹੀ ਲੱਗ ਜਾਂਦਾ ਹੈ ਜਦੋਂ ਕਿਸੇ ਧਰਮ ਦੇ ਅਨੁਯਾਈਆਂ ਨੂੰ ਕੁਮਾਰਗੀ, ਅੱਤਵਾਦੀ, ਵੱਖਵਾਦੀ ਆਖ਼ ਦਿੱਤਾ ਜਾਂਦਾ ਹੈ। ਦੂਜੇ ਧਰਮਾਂ ਨੂੰ ਨਾ ਪੜ੍ਹਨ ਦੀ ਧਾਰਨਾ ਨੂੰ ਰੱਦ ਕਰਨਾ ਪਵੇਗਾ। ਖੋਜ ਕਾਰਜ ਨਾਲ ਸਬੰਧਤ ਵਿਸ਼ਾ ਅਜਿਹੇ ਹੀ ਕਾਰਨਾਂ ਨੂੰ ਪੇਸ਼ ਕਰਨ ਦਾ ਯਤਨ ਹੈ। ਦੋਹੇ ਧਰਮਾਂ ਵਿਚ ਸਮੇਂ ਤੇ ਸਥਾਨ ਦੇ ਅੰਤਰ ਦੇ ਬਾਵਜੂਦ ਅਨੇਕ ਅਜਿਹੇ ਮੁੱਲ ਹਨ ਜੋ ਸਾਂਝੇ ਹਨ। ਇਸ ਲਈ 'ਬੰਦਗੀ' ਦੇ ਤਹਿਤ ਦੋਹਾਂ ਧਰਮ ਗ੍ਰੰਥਾਂ ਦੇ ਪੈਗ਼ੰਬਰਾਂ, ਅਕੀਦਿਆਂ ਨੂੰ ਉਸ ਧਰਮ ਦੇ ਅੰਤਰਗਤ ਹੋ ਕੇ ਸਮਝਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਨਿਰਮੂਲ ਸਥਾਪਨਾਵਾਂ ਰੱਦ ਹੋ ਸਕਣ। ਮਨੁੱਖਤਾ ਅਨੰਦ ਨੂੰ ਮਾਣੇ ਜਿਸ ਲਈ ਧਰਮ ਗ੍ਰੰਥ ਸੰਸਾਰ 'ਤੇ ਆਏ ਸਨ।

ਖੋਜ ਕਾਰਜ ਦਾ ਮੁੱਖ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਆਨ ਮਜੀਦ ਹਨ। ਗੁਰਬਾਣੀ ਦੇ ਹਵਾਲਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੇ ੧੪੩੦ ਅੰਗਾਂ ਵਾਲੇ ਪ੍ਰਮਾਣਿਕ ਸਰੂਪ ਨੂੰ ਅਤੇ ਕੁਰਆਨ ਦੇ ਹਵਾਲਿਆਂ ਲਈ ਰਮਜਾਨ ਸਈਦ ਵੱਲੋਂ ਕੀਤਾ ਪੰਜਾਬੀ ਅਨੁਵਾਦ ਵਰਤਿਆ ਗਿਆ ਹੈ। ਜੋ ਉਨ੍ਹਾਂ ਨੇ ਅਬੁਲ ਆਲਾ ਮੌਦੂਦੀ ਵੱਲੋਂ ਕੀਤੇ ਉਰਦੂ ਅਨੁਵਾਦ ਤੋਂ ਕੀਤਾ ਹੈ। ਇਹ ਪੰਜਾਬੀ ਅਨੁਵਾਦ ਮਲੇਰਕੋਟਲੇ ਤੋਂ ਛਪਿਆ ਹੈ। ਮੌਲਾਨਾ ਅਬੁਲ ਕਲਾਮ ਆਜ਼ਾਦ ਵੱਲੋਂ ਕੀਤੇ ਉਰਦੂ ਤਰਜਮੇ ਦਾ ਅੰਗਰੇਜ਼ੀ ਵਿਚ ਅਨੁਵਾਦ *Tarjuman-al-Qura'n* (vol- I,II,III), ਅਬਦੁਲ ਲਤੀਫ ਨੇ ਕੀਤਾ ਹੈ ਜੋ 23 ਸੂਰਤਾਂ ਤਕ ਹੈ, ਵਰਤਿਆ ਗਿਆ ਹੈ। ਮੁਹੰਮਦ ਤੋਂ ਪਹਿਲਾਂ ਦੇ ਪੈਗ਼ੰਬਰਾਂ ਦੇ ਨਾਂ ਨਾਲ (ਅ.) ਅੱਖਰ ਲਾਇਆ ਹੈ। ਸਹਾਬੀਆਂ ਦੇ ਨਾਂ ਨਾਲ (ਰਜ਼ੀ) ਅਤੇ ਮੁਹੰਮਦ ਦੇ ਨਾਂ ਨਾਲ (ਸ.) ਅੱਖਰ ਸਨਮਾਨ ਵਜੋਂ ਲਾਇਆ ਹੈ। ਵਧੇਰੇ ਤੱਥ ਧਰਮ ਗ੍ਰੰਥਾਂ ਵਿਚੋਂ ਲਏ ਹਨ। ਜਿਥੇ ਕੋਈ ਸਪਸ਼ਟਤਾ ਨਹੀਂ ਲੱਗਦੀ ਤਾਂ ਵਿਦਵਾਨਾਂ ਦੇ ਵਿਚਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਖੋਜ ਕਾਰਜ ਨੂੰ ਸੁਵਿਧਾ ਅਨੁਸਾਰ ਛੇ ਅਧਿਆਵਾਂ ਵਿਚ ਵੰਡਿਆ ਹੈ।

ਪਹਿਲਾ ਅਧਿਆਇ *'ਪਰਿਭਾਸ਼ਾ ਅਤੇ ਪਿੱਠ-ਭੂਮੀ'* ਹੈ। ਇਹ ਅਧਿਆਇ ਦੋਹਾਂ ਧਰਮ ਗ੍ਰੰਥਾਂ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ। ਕੋਸ਼ਾਂ ਅਨੁਸਾਰ ਬੰਦਗੀ ਦੇ ਅਰਥ ਦਿੱਤੇ ਹਨ। ਬੰਦਗੀ, ਭਗਤੀ ਅਤੇ ਇਬਾਦਤ ਸਮਾਨ ਅਰਥ ਰੱਖਦੇ ਹਨ। ਦੋਹਾਂ ਧਰਮ ਗ੍ਰੰਥਾਂ ਵਿਚ ਬੰਦਗੀ ਦੇ ਪਿਛੋਕੜ ਵਿਚ ਅਨੇਕ ਪਾਤਰਾਂ ਦਾ ਜ਼ਿਕਰ ਹੈ। ਕੁਰਆਨ ਉਨ੍ਹਾਂ ਨੂੰ ਪੈਗ਼ੰਬਰ ਆਖਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤ। ਇਨ੍ਹਾਂ ਪਾਤਰਾਂ ਨੇ ਸਮੇਂ-ਸਮੇਂ ਲੋਕਾਈ ਨੂੰ ਬੰਦਗੀ ਵੱਲ ਪ੍ਰੇਰਿਆ ਹੈ। ਇਹ ਪਾਤਰ ਲੋਕਾਈ ਦੇ ਰੋਲ ਮਾਡਲ ਵੀ ਰਹੇ ਹਨ। ਕੁਰਆਨ ਵਿਚ 28 ਪੈਗ਼ੰਬਰਾਂ ਦਾ ਜ਼ਿਕਰ ਹੈ ਜਿਵੇਂ ਆਦਮ (ਅ.), ਨੂਹ (ਅ.), ਇਬਰਾਹੀਮ (ਅ.), ਮੂਸਾ (ਅ.), ਈਸਾ (ਅ.), ਮੁਹੰਮਦ (ਸ.) ਆਦਿ। ਇਨ੍ਹਾਂ ਚੋਂ ਕੁਝ ਪੈਗ਼ੰਬਰਾਂ ਦੇ ਸੰਖੇਪ ਨਾਮ ਵੀ ਦਿੱਤੇ ਹਨ। ਗੁਰਬਾਣੀ ਵਿਚ ਅਜਿਹੇ ਪਾਤਰਾਂ ਚੋਂ ਧ੍ਰੂ, ਪ੍ਰਹਿਲਾਦ, ਗਨਿਕਾ, ਸੁਦਾਮਾ,

ਜਨਕ, ਹਰੀਚੰਦ, ਬਿਦਰ, ਦਰੋਪਤੀ, ਕਬੀਰ, ਨਾਮਦੇਵ ਆਦਿ ਦਾ ਜ਼ਿਕਰ ਹੈ। ਇਨ੍ਹਾਂ ਪਾਤਰਾਂ ਦੀਆਂ ਸਾਖੀਆਂ ਸਮੁੱਚੀ ਮਾਨਵਤਾ ਨੂੰ ਸਦੈਵ ਆਨੰਦ ਦੇ ਸੋਹਿਲੇ ਗਾਉਣ ਲਈ ਪ੍ਰੇਰਦੀਆਂ ਹਨ। ਸਮਕਾਲੀ ਹਾਲਾਤਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਦੂਜਾ ਅਧਿਆਇ *'ਕੁਰਆਨ ਮਜੀਦ ਵਿੱਚ ਬੰਦਗੀ ਦਾ ਸਰੂਪ'* ਹੈ। ਕੁਰਆਨ ਅਨੁਸਾਰ ਬੰਦਗੀ ਦਾ ਸਰੂਪ ਈਮਾਨ ਧਾਰਨ ਕਰਨਾ ਹੈ। ਜਿਸ ਵਿੱਚ ਛੇ ਚੀਜ਼ਾਂ 'ਤੇ ਈਮਾਨ ਲਿਆਉਣਾ ਜ਼ਰੂਰੀ ਹੈ- ਅੱਲਾਹ 'ਤੇ ਈਮਾਨ, ਅੱਲਾਹ ਦੇ ਪੈਗ਼ੰਬਰ 'ਤੇ ਈਮਾਨ, ਫ਼ਰਿਸ਼ਤਿਆਂ 'ਤੇ ਈਮਾਨ, ਕਿਤਾਬਾਂ 'ਤੇ ਈਮਾਨ, ਆਖ਼ਰਤ 'ਤੇ ਈਮਾਨ ਅਤੇ ਤਕਦੀਰ 'ਤੇ ਈਮਾਨ। ਕੁਰਆਨ ਮਜੀਦ ਦੀਆਂ ਆਇਤਾਂ ਰਾਹੀਂ ਉਪਰੋਕਤ ਈਮਾਨ ਦੇ ਅੰਗਾਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਬੰਦਗੀ ਦੇ ਅਹਿਮ ਭਾਗ ਹਨ ਜੋ ਕੁਰਆਨ ਮਜੀਦ ਵਿਚ ਵਾਰ-ਵਾਰ ਵਿਚਾਰੇ ਗਏ ਹਨ।

ਤੀਜਾ ਅਧਿਆਇ *'ਕੁਰਆਨ ਮਜੀਦ ਵਿੱਚ ਬੰਦਗੀ ਦਾ ਅਮਲ'* ਹੈ। ਇਸ ਅਧਿਆਇ ਵਿੱਚ ਇਸਲਾਮ ਦੇ ਪੰਜ ਥੰਮਾਂ (ਕਲਮਾ, ਨਮਾਜ਼, ਜ਼ਕਾਤ, ਰੋਜ਼ਾ ਅਤੇ ਹੱਜ) ਸਮੇਤ ਜ਼ਿਕਰ, ਸਬਰ, ਸ਼ੁਕਰ, ਤਵੱਕੁਲ, ਤਕਵਾ, ਤੌਬਾ 'ਤੇ ਵਿਚਾਰ ਕੀਤੀ ਗਈ ਹੈ। ਕੁਰਆਨ ਵਿਚ ਮਨੁੱਖਾਂ ਲਈ ਸਮਾਜਿਕ ਨੇਮਾਵਲੀ ਹੈ ਜਿਸ ਵਿਚ ਤਲਾਕ, ਵਿਧਵਾ ਵਿਆਹ, ਬਹੁ ਵਿਆਹ, ਇਕਰਾਰਨਾਮਾ, ਵਸੀਅਤਨਾਮਾ, ਸਲੀਕਾ ਸਿਖਾਇਆ ਗਿਆ ਹੈ। ਇਹ ਸਾਰੇ ਇਸ ਅਧਿਆਇ ਦਾ ਹਿੱਸਾ ਹਨ।

ਚੌਥਾ ਅਧਿਆਇ *'ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦਗੀ ਦਾ ਸਰੂਪ'* ਹੈ। ਬੰਦਗੀ ਸ਼ਬਦ ਕੁੱਲ ਬਾਰਾਂ ਵਾਰ ਆਇਆ ਹੈ। ਦਸ ਵਾਰ 'ਬੰਦਗੀ' ਅਤੇ ਦੋ ਵਾਰ 'ਬੰਦਿਗੀ'। ਬੰਦਗੀ ਗੁਣਾਂ ਨੂੰ ਵਿਹਾਜਣ ਦਾ ਨਾਮ ਅਤੇ ਰੱਬੀ ਪਿਆਰ ਹੈ। ਇਸ ਅਧਿਆਇ ਵਿੱਚ ਵਿਚਾਰ ਕੀਤੀ ਗਈ ਹੈ ਕਿ ਗੁਣ ਕਿਵੇਂ ਇੱਕਤਰ ਹੋਣਗੇ। ਗੁਰਬਾਣੀ ਵਿੱਚ ਅਨੇਕ ਉਦਾਹਰਣਾਂ ਨਾਲ ਪਿਆਰ ਨੂੰ ਪਰਿਭਾਸ਼ਿਤ ਕੀਤਾ ਹੈ। ਗੁਰੂ ਅਤੇ ਸਿੱਖ ਦੇ ਪਿਆਰ ਨੂੰ ਦੋ ਤਰਫਾ ਦੱਸਿਆ ਹੈ। ਜੇਕਰ ਸਿੱਖ ਗੁਰੂ ਬਿਨ੍ਹਾਂ ਤੜਫਦਾ ਹੈ ਤਾਂ ਗੁਰੂ ਵੀ ਸਿੱਖ ਬਿਨ੍ਹਾਂ ਹੀ ਤੜਫਦਾ ਹੈ। ਬੰਦਗੀ ਦੇ ਸਰੂਪ ਨੂੰ ਗੁਰੂ, ਸੰਗਤ, ਸੇਵਾ, ਕੀਰਤਨ, ਗ੍ਰਹਿਸਤ, ਸ਼ਕਤੀ ਅਤੇ ਗੁਣਾਤਮਿਕ ਸਰੂਪ ਰਾਹੀਂ ਪਰਿਭਾਸ਼ਿਤ ਕੀਤਾ ਗਿਆ ਹੈ।

ਪੰਜਵਾ ਅਧਿਆਇ *'ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੰਦਗੀ ਦਾ ਅਮਲ'* ਹੈ। ਇਸ ਵਿੱਚ ਸਾਧਨਾ ਦਾ ਭਾਵ ਬਿਆਨ ਕੀਤਾ ਹੈ। ਸਾਧਨਾ ਦਾ ਸਫ਼ਰ ਤਨ ਤੋਂ ਮਨ ਅਤੇ ਮਨ ਤੋਂ ਆਤਮਾ ਵੱਲ ਹੁੰਦਾ ਹੈ। ਗੁਰਬਾਣੀ ਵਿੱਚ ਅਨੇਕ ਸਾਧਨਾਵਾਂ ਦਾ ਖੰਡਨ ਕੀਤਾ ਗਿਆ ਹੈ ਜਿਵੇਂ ਭੁੱਖੇ ਰਹਿਣਾ, ਹਿਮਾਚਲ ਵਿਚ ਤਪ ਕਰਨਾ, ਮਹਿੰਗੇ ਯੱਗ ਕਰਨਾ, ਮੋਨਧਾਰੀ ਹੋਣਾ, ਦੁਧਾਧਾਰੀ ਹੋਣਾ, ਸੰਨਿਆਸੀ ਹੋਣਾ ਆਦਿ। ਬੰਦਗੀ ਦੇ ਅਮਲ ਵਿਚਲੇ ਅਹਿਮ ਅੰਗਾਂ 'ਤੇ ਵਿਚਾਰ ਕੀਤੀ ਗਈ ਹੈ ਜਿਵੇਂ ਸੰਗਤ, ਕਥਾ-ਕੀਰਤਨ, ਸੇਵਾ, ਸਰੀਰਕ

ਅਮਲ, ਗੁਣਾਤਮਿਕ ਅਮਲ। ਗੁਰਬਾਣੀ ਦਾ ਅਮਲ ਮਨੁੱਖ ਅਤੇ ਰੱਬ ਵਿਚਾਲੇ ਅਭੇਦਤਾ ਨਾਲ ਸੰਪੂਰਨ ਹੁੰਦਾ ਹੈ।

ਛੇਵਾਂ ਅਧਿਆਇ *'ਤੁਲਨਾਤਮਿਕ ਅਧਿਐਨ ਅਤੇ ਵਿਸ਼ਲੇਸ਼ਣ'* ਹੈ। ਇਸ ਵਿਚ ਦੋਹਾਂ ਧਰਮ ਗ੍ਰੰਥਾਂ ਵਿਚ ਵਰਣਿਤ ਬੰਦਗੀ ਦੇ ਸਰੂਪ ਅਤੇ ਅਮਲ ਨੂੰ ਪੜਚੋਲਿਆਂ ਗਿਆ ਹੈ। ਧਰਮ ਦੇ ਦੋ ਰੂਪ ਹਨ- ਅੰਦਰੂਨੀ ਅਤੇ ਬਾਹਰੂਨੀ। ਦੋਹਾਂ ਧਰਮਾਂ ਦੇ ਬਾਹਰੀ ਕਰਮ ਅਲਹਿਦਾ ਹਨ ਪਰ ਅੰਦਰੂਨੀ ਤੌਰ 'ਤੇ ਇਹ ਸਾਰੇ ਕਰਮ ਮੁਕੰਮਲ ਬੰਦਾ ਬਣਾਉਣ ਲਈ ਹਨ। ਦੋਹਾਂ ਧਰਮਾਂ ਦਾ ਉਦੇਸ਼ ਮਨੁੱਖ ਨੂੰ ਪਾਕ ਕਰਕੇ ਅਸਲ ਮਕਸਦ ਨਾਲ ਜੋੜਣਾ ਹੈ। ਗਹੁ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਹਜ਼ਰਤ ਮੁਹੰਮਦ (ਸ.) ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਕੋ ਜਿਹੀਆਂ ਹੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਦੇ ਸਨਮੁਖ ਹੋਣਾ ਪਿਆ ਸੀ। ਜੇ ਮੁਹੰਮਦ (ਸ.) ਨੂੰ ਵਿਰੋਧੀਆਂ ਨੇ ਉਨ੍ਹਾਂ ਦੀ ਜਨਮ ਭੂਮੀ ਚੋਂ ਨਿਕਲਣ ਲਈ ਮਜਬੂਰ ਕੀਤਾ ਸੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਵੀ ਕਿਹਾ ਸੀ। ਇਸ ਅਧਿਆਇ ਵਿਚ ਦੋਹਾਂ ਧਰਮ ਗ੍ਰੰਥਾਂ ਦੀ ਮੂਲ ਭਾਵਨਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਅਖੀਰ ਵਿੱਚ ਸਾਰ ਰੂਪ ਵਿੱਚ ਖੋਜ ਕਾਰਜ ਦਾ ਨਿਚੋੜ ਦਿੱਤਾ ਗਿਆ ਹੈ। ਧਰਮ ਦਾ ਉਦੇਸ਼ ਇਹ ਹੈ ਕਿ ਆਪਸੀ ਭਾਈਚਾਰਾ ਪ੍ਰਫੁੱਲਿਤ ਹੋਵੇ। ਇੱਕ-ਦੂਜੇ ਦੇ ਧਾਰਮਿਕ ਵਿਸ਼ਵਾਸਾਂ ਅਤੇ ਭਾਵਨਾਵਾਂ ਨੂੰ ਸਮਝਣ ਵਿੱਚ ਇਹ ਕਾਰਜ ਅੰਸ਼ਿਕ ਪੂਰਤੀ ਸਾਬਿਤ ਹੋਵੇ, ਇਹ ਮੇਰੀ ਕਾਮਨਾ ਹੈ।